# PUNJABI KINNER SAMAJ DE SAHITAK ATE VIVHARIK JEEVAN DA ADHIAN

# ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ

A Thesis

Submitted in partial fulfillment of the requirements for the

Award of the degree of

**DOCTOR OF PHILOSOPHY**

**In**

**(Punjabi)**

**By**

**Baljeet Kaur**

**Registration Number 41400708**

**Supervised By**

**Dr. Yadwinder Kaur**

Transforming Education Transforming India

**LOVELY PROFESSIONAL UNIVERSITY**

**PUNJAB**

**2021**

# ਘੋਸ਼ਣਾ ਪੱਤਰ

ਮੈਂ ਬਿਆਨ ਕਰਦੀ ਹਾਂ ਕਿ ਮੇਰੇ ਵੱਲੋਂ **ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ** ਵਿਸ਼ੇ ਉੱਪਰ ਪੀਐੱਚਡੀ.(ਪੰਜਾਬੀ) ਦੀ ਡਿਗਰੀ ਲਈ ਪੇਸ਼ ਕੀਤਾ ਗਿਆ ਖੋਜ-ਪ੍ਰਬੰਧ ਮੇਰੇ ਦੁਆਰਾ ਕੀਤਾ ਹੋਇਆ ਮੌਲਿਕ ਕਾਰਜ ਹੈ ਅਤੇ ਇਸ ਖੋਜ-ਪ੍ਰਬੰਧ **ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ ਨੂੰ ਪਹਿਲਾ ਕਿਸੇ ਡਿਗਰੀ / ਡਿਪਲੋਮਾ ਲਈ ਕਿਸੇ ਹੋਰ ਯੂਨੀਵਰਸਿਟੀ / ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ**

**ਪ੍ਰਤੀ ਹਸਤਾਖ਼ਰ** **ਖੋਜਾਰਥਣ**

**ਡਾ.ਯਾਦਵਿੰਦਰ ਕੌਰ** **ਬਲਜੀਤ ਕੌਰ**

**ਨਿਗਰਾਨ** **ਰਜਿ:ਨੰ** 41400708

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਬਲਜੀਤ ਕੌਰ ਦੁਆਰਾ **ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ** ਵਿਸ਼ੇ ਉੱਤੇ ਪੀਐੱਚਡੀ. (ਪੰਜਾਬੀ) ਦੀ ਡਿਗਰੀ ਲਈ ਕੀਤਾ ਗਿਆ ਖੋਜ ਕਾਰਜ ਮੇਰੀ ਨਿਗਰਾਨੀ ਅਧੀਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਹੈ। ਇਸ ਖੋਜ-ਪ੍ਰਬੰਧ ਨੂੰ ਪਹਿਲਾਂ ਕਿਸੇ ਡਿਗਰੀ/ਡਿਪੋਲਮਾ ਲਈ ਪੇਸ਼ ਨਹੀਂ ਕੀਤਾ ਗਿਆ। ਮੈਂ ਖੋਜ-ਪ੍ਰਬੰਧ ਨੂੰ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਡਾ. ਯਾਦਵਿੰਦਰ ਕੌਰ

ਨਿਗਰਾਨ

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਸਕੂਲ ਆਫ਼ ਹਿਊਮੈਨਟੀਜ਼,

ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ

# ਤਤਕਰਾ


**ਭੂਮਿਕਾ** **i-**iv

**ਅਧਿਆਇ ਪਹਿਲਾ** **1-72**

**ਸਿਧਾਂਤਕ ਪਰਿਪੇਖ**

**ਅਧਿਆਇ ਦੂਜਾ** **73-221**

ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ

ਸਭਿਆਚਾਰਕ ਤੇ ਮਨੋਵਿਸ਼ਲੇਸ਼ਣਾਤਮਕ ਅਧਿਐਨ

**ਅਧਿਆਇ ਤੀਜਾ** **222-266**

ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਆਰਥਿਕ ਅਧਿਐਨ

**ਅਧਿਆਇ ਚੌਥਾ** **267-308**

ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਰਾਜਨੀਤਿਕ ਅਧਿਐਨ

**ਅਧਿਆਇ ਪੰਜਵਾਂ** **309-334**

ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਧਾਰਮਿਕ ਅਧਿਐਨ

**ਨਿਸ਼ਕਰਸ਼** **335-345**

**ਮੁਲਾਕਾਤ** **346-370**

**ਪੁਸਤਕ ਸੂਚੀ** **371-382**

**ਪ੍ਰਸ਼ਨਾਵਲੀ**

# ਭੂਮਿਕਾ

ਸ੍ਰਿਸ਼ਟੀ ਦੀ ਸਿਰਜਣਾ ਦੇ ਅੰਤਰਗਤ ਸਜੀਵ ਵਸਤਾਂ ਦਾ ਵਿਭਾਜਨ ਨਰ ਅਤੇ ਮਾਦਾ ਸ਼੍ਰੇਣੀਆਂ ਵਿਚ ਕੀਤਾ ਗਿਆ ਹੈ। ਇਸ ਦੇ ਬਾਵਜੂਦ ਮਾਨਵੀ ਸਮਾਜ ਵਿਚ ਇਨ੍ਹਾਂ ਦੋਨਾਂ ਤੋਂ ਅਲਹਿਦਾ ਇਕ ਹੋਰ ਤੀਸਰੀ ਸ਼੍ਰੇਣੀ ਵੀ ਪ੍ਰਾਪਤ ਹੁੰਦੀ ਹੈ। ਮਾਨਵੀ ਅਸਤਿਤਵ ਵਜੋਂ ਪ੍ਰਕਿਰਤੀ ਅਨੁਸਾਰ ਸਾਰੇ ਮਨੁੱਖੀ ਜੀਵ ਸਮਾਨ ਪੈਦਾ ਹੋਏ ਹਨ। ਮਨੁੱਖੀ ਸ੍ਰਿਸ਼ਟੀ ਵਿਚੋਂ ਪੈਦਾ ਹੋਣ ਵਾਲੇ ਮਰਦ ਅਤੇ ਇਸਤਰੀ ਦੋਵੇਂ ਹੀ ਸਮਾਨ ਹਨ। ਬੇਸ਼ੱਕ ਇਸਤਰੀ ਜਾਤੀ ਨੂੰ ਸ੍ਰਿਸ਼ਟੀ ਦੀ ਰਚਨਹਾਰ ਮੰਨਿਆ ਗਿਆ ਹੈ ਪਰ ਸਮਾਜ ਵਿਚ ਸਮਾਨਤਾ ਨਾਲ ਜੀਣ ਜਾਂ ਆਪਣੇ ਮਨੁੱਖੀ ਅਧਿਕਾਰਾਂ ਲਈ ਇਸ ਨੂੰ ਲੰਬਾ ਸੰਘਰਸ਼ ਕਰਨਾ ਪਿਆ। ਇਹ ਤੀਸਰਾ ਵਰਗ ਮਨੁੱਖੀ ਜੀਵ ਵਿਚ ਜਨਮ ਲੈ ਕੇ ਵੀ ਮਾਨਵੀ ਹੱਕਾਂ ਤੋਂ ਵਾਂਝਾ ਰਹਿ ਜਾਂਦਾ ਹੈ। ਮਨੁੱਖੀ ਵਰਗ ਵਿਚੋਂ ਹੀ ਇਹ ਤੀਸਰਾ ਵਰਗ ਹੋਂਦ ਵਿਚ ਆਉਂਦਾ ਹੈ। ਸਮਾਜਿਕ ਵਿਕਾਸ ਦੀ ਸੰਰਚਨਾ ਵਿਚ ਅੱਜ ਉੱਤਰ-ਆਧੁਨਿਕਤਾ ਦੇ ਦੋਰ ਦੌਰਾਨ ਇਹ ਵਰਗ ਮਨੁੱਖੀ ਜੀਵ ਵਿਚ ਜਨਮ ਲੈ ਕੇ ਵੀ ਸਮਾਜਿਕ ਵਿਕਾਸ ਦੇ ਪੱਖੋਂ ਪਛੜ ਜਾਂਦਾ ਹੈ। ਸਮਾਜ ਵਿਚ ਮਨੁੱਖ ਸ੍ਰਿਸ਼ਟੀ ਦੀ ਉੱਤਮ ਰਚਨਾ ਹੋਣ ਕਾਰਨ ਕੁਦਰਤ ਦੁਆਰਾ ਸਾਜੀਆਂ ਵਸਤਾਂ ਦਾ ਭੋਗਣਹਾਰ ਹੈ। ਸਮਾਜ ਤੇ ਸੱਭਿਆਚਾਰ ਦਾ ਸਿਰਜਕ ਵੀ ਹੈ। ਜਿਸ ਨੂੰ ਉਸ ਨੇ ਕਾਮ ਤੇ ਅਰਥ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਵਰਤਿਆ, ਪਰ ਅਜੋਕੇ ਸਮਾਜਿਕ ਪ੍ਰਬੰਧ ਵਿਚ ਬੁਨਿਆਦੀ ਲੋੜਾਂ ਦੀ ਪੂਰਤੀ ਵੀ ਬਹੁਤ ਘੱਟ ਲੋਕਾਂ ਦੇ ਹਿੱਸੇ ਆਈ ਹੈ। ਵਿਕਾਸ ਦੇ ਮੁੱਢਲੇ ਪੜਾਵਾਂ ਵਿਚ ਬਾਕੀ ਪ੍ਰਾਣੀਆਂ ਵਾਂਗ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਵਾਲਾ ਮਨੁੱਖ ਸ਼੍ਰੇਣੀ ਵੰਡ ਤੋਂ ਬਾਅਦ ਅਸਾਵੀਂ ਬਣਤਰ ਦਾ ਸ਼ਿਕਾਰ ਹੋ ਗਿਆ ਜੋ ਕਿ ਸਾਰੇ ਸੰਕਟਾਂ ਦਾ ਕਾਰਨ ਬਣਿਆ। ਅੱਜ ਦਾ ਅਖੌਤੀ ਵਿਕਾਸ ਮਾਡਲ ਉਨ੍ਹਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕਰ ਰਿਹਾ ਹੈ। ਇਸ ਦਾ ਮੁੱਖ ਮਕਸਦ ਵਧੇਰੇ ਮੁਨਾਫ਼ਾ ਕਮਾਉਣਾ ਹੈ। ਇਸ ਵੱਡੀ ਬੇਇਨਸਾਫ਼ੀ ਨੇ ਕੁਝ ਸ਼੍ਰੇਣੀਆਂ ਨੂੰ ਹਾਸ਼ੀਏ ਤੇ ਲਿਆ ਖੜ੍ਹਾ ਕੀਤਾ ਹੈ। ਸਮਾਜਿਕ ਵਿਕਾਸ ਤੋਂ ਪਛੜੇ ਅਜਿਹੇ ਵਰਗ ਸਮਾਜ ਦਾ ਹਿੱਸਾ ਹੋਣ ਦੇ ਬਾਵਜੂਦ ਸਮਾਜਿਕ ਤੇ ਆਰਥਿਕ ਵਿਕਾਸ ਵਿਚੋਂ ਆਪਣੀ ਹਿੱਸੇਦਾਰੀ ਨਹੀਂ ਵਸੂਲ ਸਕਦੇ। ਜਿਨ੍ਹਾਂ ਲੋਕਾਂ ਦੇ ਜੀਵਨ ਵਿਚ ਸਮਾਜਿਕ ਆਰਥਿਕ ਵਿਕਾਸ ਦੀ ਕੋਈ ਇਬਾਰਤ ਹੀ ਨਹੀਂ ਲਿਖੀ ਜਾਂਦੀ, ਉਹ ਹਾਸ਼ੀਆ ਗਤ ਹਨ। ਹਾਸ਼ੀਆ ਗਤ ਸ਼੍ਰੇਣੀ ਅਧੀਨ ਅਸੀਂ ਦਲਿਤ, ਵੇਸਵਾਵਾਂ, ਮੁੱਲ ਦੀਆਂ

ਔਰਤਾਂ, ਖੁਸਰੇ, ਨਿਮਨ-ਕਿਸਾਨੀ ਅਤੇ ਛੜੇ ਨੂੰ ਸ਼ਾਮਿਲ ਕਰਦੇ ਹਾਂ । ਸਮਾਜਿਕ ਵਿਕਾਸ ਦੀ ਸਭ ਤੋਂ ਹੇਠਲੀ ਪੌੜੀ ਤੇ ਬੈਠੇ ਹੋਏ ਕਿੰਨਰ ਜਾਂ ਖੁਸਰੇ ਹਨ, ਜਿਨ੍ਹਾਂ ਦੇ ਸਮਾਜਿਕ ਵਿਕਾਸ ਦੀ ਲੜੀ ਨੂੰ ਅੱਗੇ ਤੋਰਨ ਲਈ ਹਾਲੇ ਵੀ ਚੁੱਪ ਧਾਰੀ ਹੋਈ ਹੈ । ਮਾਣ ਯੋਗ ਸੁਪਰੀਮ ਕੋਰਟ ਨੇ ਇਸ ਵਰਗ ਨੂੰ 15 ਅਪ੍ਰੈਲ 2014 ਨੂੰ ਤੀਸਰੇ ਲਿੰਗ ਵਜੋਂ ਮਾਨਤਾ ਦੇ ਦਿੱਤੀ ਹੈ । ਕਾਨੂੰਨੀ ਮਾਨਤਾ ਤਾਂ ਇਸ ਵਰਗ ਨੂੰ ਮਿਲ ਗਈ ਪਰ ਸਮਾਜ ਵਿਚ ਸਮਾਜਿਕ ਮਾਨਤਾ ਲੈਣ ਦੀ ਖ਼ਾਤਰ ਇਹ ਸਮਾਜ ਸਿਰਤੋੜ ਯਤਨ ਕਰ ਰਿਹਾ ਹੈ । ਇਸ ਲਈ ਅਜਿਹੇ ਵਰਗ ਦੇ ਸਮਾਜਿਕ ਵਿਕਾਸ ਦੀ ਲੜੀ ਨੂੰ ਅੱਗੇ ਤੋਰਨ ਲਈ ਸਾਹਿਤ ਅਤੇ ਸਮਾਜ ਨੂੰ ਸਿਰਤੋੜ ਯਤਨ ਅਰੰਭਣੇ ਪੈਣਗੇ ਤਾਂ ਜੋ ਇਹ ਵਰਗ ਵੀ ਬਾਕੀ ਸ਼੍ਰੇਣੀਆਂ ਵਾਂਗ ਸਮਾਜ ਦੇ ਵਿਚ ਆਪਣਾ ਯੋਗਦਾਨ ਪਾ ਸਕੇ । ਸੋ ਇਨ੍ਹਾਂ ਦੀ ਵਿਥਿਆ ਨੂੰ ਸਮਝਣ ਲਈ ਮੈਂ ਆਪਣੇ ਖੋਜ-ਪ੍ਰਬੰਧ ਦਾ ਵਿਸ਼ਾ '**ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ**' ਚੁਣਿਆ ਹੈ । ਦੂਜਾ ਗਲਪ ਇਕ ਅਜਿਹਾ ਸਮਰੱਥ ਰੂਪਾਕਾਰ ਹੈ ਜੋ ਜੀਵਨ ਦੇ ਵੱਖੋ-ਵੱਖਰੇ ਪਹਿਲੂਆਂ ਨੂੰ ਇਕ ਕਿਰਤ ਵਿਚ ਸੰਜੋਅ ਕੇ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ ।

ਖੋਜ ਦੇ ਨੁਕਤੇ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਖੋਜ-ਪ੍ਰਬੰਧ ਨੂੰ ਪੰਜ ਅਧਿਆਇ ਵਿਚ ਵੰਡਿਆ ਗਿਆ ਹੈ । ਇਸ ਖੋਜ- ਪ੍ਰਬੰਧ ਦਾ ਅਧਿਆਇ ਪਹਿਲਾ **ਸਿਧਾਂਤਕ ਪਰਿਪੇਖ ਹੈ** । ਜਿਸ ਵਿਚ ਖੋਜ ਦਾ ਉਦੇਸ਼ / ਮੰਤਵ(objective/scope of the study), ਖੋਜ ਕਾਰਜ ਦੀ ਵਿਧੀ, ਪੂਰਵ ਖੋਜ ਕਾਰਜ ਦੇ ਨਾਲ-ਨਾਲ ਕਿੰਨਰ ਦਾ ਸ਼ਾਬਦਿਕ ਅਰਥ ਤੇ ਪਰਿਭਾਸ਼ਾ , ਵਿਗਿਆਨ ਅਨੁਸਾਰ ਕਿੰਨਰ ਦਾ ਜਨਮ, ਜੋਤਿਸ਼ ਸ਼ਾਸਤਰ ਦੇ ਅਨੁਸਾਰ ਕਿੰਨਰ ਦਾ ਜਨਮ, ਮਿਥਿਹਾਸਿਕ ਵੇਰਵੇ, ਪੁਰਾਤਨ ਕਾਲ ਵਿਚ ਕਿੰਨਰ ਸਮਾਜ, ਮੁਗ਼ਲ ਸ਼ਾਸਨ ਕਾਲ ਵਿਚ ਕਿੰਨਰ ਸਮਾਜ, ਆਧੁਨਿਕ ਸਮੇਂ ਵਿਚ ਕਿੰਨਰ ਸਮਾਜ, ਕਿੰਨਰ ਸਮਾਜ ਅਤੇ ਕਾਨੂੰਨ, ਪੰਜਾਬੀ ਗਲਪ ਵਿਚ ਕਿੰਨਰ ਸਮਾਜ ਦੀ ਪੇਸ਼ਕਾਰੀ, ਸਾਹਿਤਕਾਰ : ਜੀਵਨ ਤੇ ਰਚਨਾਵਾਂ ਆਦਿ ਨੂੰ ਰੱਖਿਆ ਗਿਆ ਹੈ ।

ਇਸ ਖੋਜ-ਪ੍ਰਬੰਧ ਦਾ ਅਧਿਆਇ ਦੂਜਾ '**ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਸਭਿਆਚਾਰਕ ਤੇ ਮਨੋਵਿਸ਼ਲੇਸ਼ਣਾਤਮਕ ਅਧਿਐਨ**' ਹੈ । ਇਸ ਵਿਚ ਕਿੰਨਰ ਸਮਾਜ ਦੇ

ਸਭਿਆਚਾਰਕ ਪੱਖ ਅਤੇ ਵਿਵਹਾਰਕ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਅਧਿਆਇ ਅਧੀਨ ਕਿੰਨਰ ਦਾ ਜਨਮ-ਮੌਤ, ਇਨ੍ਹਾਂ ਦੇ ਰੀਤੀ-ਰਿਵਾਜ, ਭਾਸ਼ਾ, ਰਿਸ਼ਤਿਆਂ ਦੀ ਤ੍ਰਾਸਦੀ ਵਿਚਲੇ ਪਹਿਲੂਆਂ ਨੂੰ ਵਿਚਾਰਿਆ ਜਾਵੇਗਾ। 'ਮੈਂ ਸ਼ਿਖੰਡੀ ਨਹੀਂ', ਰਾਮ ਸਰੂਪ ਰਿਖੀ(2010),'ਸੁੱਚੀ ਸਾਂਝ (ਦਹਿਸ਼ਤ ਦੇ ਪਰਛਾਵੇਂ)2010, ਕਹਾਣੀ ਜਗਤਾਰ ਭੁੱਲਰ, ਦੋ ਨਾਵਲ ਸੰਤਾਪ ਅਤੇ ਸੰਤਾਪ-ਦਰ-ਸੰਤਾਪ, ਬਲਜੀਤਪਪਨੇਜਾ(2012,2017), ਉੱਖੜੇਸੁਰ, ਧਰਮ ਕੰਮੇਆਣਾ(2012),'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ'(ਸੰਪਾਦਿਤ ਕਹਾਣੀ ਸੰਗ੍ਰਹਿ, ਜਸਵੀਰ ਰਾਣਾ)(2016),'ਚੁੱਪ-ਮਹਾਂਭਾਰਤ',ਪਰਮਜੀਤ ਢੀਂਗਰਾ(2018),ਆਦਮ-ਗ੍ਰਹਿਣ, ਹਰਕੀਰਤ ਕੌਰ ਚਹਿਲ(2019),'ਕੀ ਜਾਣਾ ਮੈਂ ਕੌਣ 'ਹਰਪਿੰਦਰ ਰਾਣਾ(2019)ਅਤੇ ਦਰਬਾਰਿ-ਖ਼ੁਸ਼ੀਆਂ ਬੇਪਨਾਹ (ਅਨੁ.)(2019) ਅਰੁੰਧਤੀ ਰਾਏ ਆਦਿ ਰਚਨਾਵਾਂ ਨੂੰ ਆਧਾਰ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਖੇਤਰੀ ਕਾਰਜ ਅਧੀਨ ਇਨ੍ਹਾਂ ਪੱਖਾਂ ਨੂੰ ਵਿਚਾਰਿਆ ਜਾਵੇਗਾ।

ਅਧਿਆਇ ਤੀਜਾ '**ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਆਰਥਿਕ ਅਧਿਐਨ**' ਵਿਚ ਕਿੰਨਰ ਸਮਾਜ ਦੇ ਆਰਥਿਕ ਪੱਖਾਂ ਨੂੰ ਵਿਚਾਰਿਆ ਜਾਵੇਗਾ। ਜਿਸ ਅਧੀਨ ਇਨ੍ਹਾਂ ਦੇ ਕੰਮ-ਧੰਦੇ, ਆਰਥਿਕ ਥੁੜਾਂ ਦੌਰਾਨ ਆਉਂਦੀਆਂ ਮੁਸ਼ਕਲਾਂ ਆਦਿ ਪੱਖਾਂ ਤੇ ਚਰਚਾ ਕੀਤੀ ਜਾਵੇਗੀ।

ਅਧਿਆਇ ਚੌਥਾ ਅਧੀਨ '**ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਰਾਜਨੀਤਿਕ ਅਧਿਐਨ' ਵਿਚ** ਕਿੰਨਰ ਸਮਾਜ ਦੀਆਂ ਰਾਜਨੀਤਿਕ ਸਮੱਸਿਆਵਾਂ ਨਾਲ਼ ਸੰਬੰਧਿਤ ਪੱਖਾਂ ਤੇ ਚਾਨਣਾ ਪਾਇਆ ਜਾਵੇਗਾ ਅਤੇ ਖੇਤਰੀ ਕਾਰਜ ਦੌਰਾਨ ਵੀ ਅਜਿਹੇ ਪੱਖਾਂ ਨੂੰ ਵਾਚ ਕੇ ਸਾਹਮਣੇ ਲਿਆਂਦਾ ਜਾਵੇਗਾ।

ਅਧਿਆਇ ਪੰਜਵੇਂ ਵਿਚ '**ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਧਾਰਮਿਕ ਅਧਿਐਨ**' ਅਧੀਨ ਸਾਹਿਤਕ ਅਤੇ ਵਿਵਹਾਰਕ ਜੀਵਨ ਵਿਚ ਧਾਰਮਿਕ ਪੱਖ ਤੋਂ ਇਨ੍ਹਾਂ ਦੇ ਪੂਜਾ ਸਥਾਨ, ਧਾਰਮਿਕ ਰਸਮਾਂ ਸੰਬੰਧੀ ਸਨਮੁੱਖ ਰੱਖਦੇ ਹੋਏ ਚਰਚਾ ਕੀਤੀ ਜਾਵੇਗੀ। ਇਸ ਤੋਂ ਅੱਗੇ ਸਾਰੇ ਅਧਿਐਨ ਤੋਂ ਪ੍ਰਾਪਤ ਨਿਸ਼ਕਰਸ਼ ਦਾ ਵਰਣਨ ਕਰਦੇ ਹੋਏ ਅਖੀਰ ਵਿਚ ਪੁਸਤਕ ਸੂਚੀ ਦਿੱਤੀ ਜਾਵੇਗੀ।

ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਮੈਂ ਆਪਣੇ ਨਿਗਰਾਨ ਡਾ.ਯਾਦਵਿੰਦਰ ਕੌਰ ਜੀ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਖੋਜ ਸੰਬੰਧੀ ਉਲਝਣਾਂ ਨੂੰ ਤਨਦੇਹੀ ਨਾਲ ਸੁਲਝਾ ਕੇ ਮੁਕੰਮਲ ਕਰਵਾਇਆ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ, ਡਾ. ਬਲਵਿੰਦਰ ਸਿੰਘ ਥਿੰਦ, ਡਾ. ਅਵਤਾਰ ਸਿੰਘ, ਅਤੇ ਬਹੁਤ ਹੀ ਸਤਿਕਾਰ ਯੋਗ ਮੇਰੇ ਗੁਰੂ ਡਾ. ਕਰਮਜੀਤ ਸਿੰਘ, ਸਾਡੇ ਇਲਾਕੇ ਦੇ ਬਹੁਤ ਹੀ ਸੁਲਝੇ ਆਲੋਚਕ ਨਿਰੰਜਣ ਬੋਹਾ, ਰਾਮ ਸਰੂਪ ਰਿਖੀ, ਪ੍ਰੋ. ਬਿੱਕਰਜੀਤ, ਖ਼ੋਜਾਰਥੀ ਮਲਕੀਅਤ ਸਿੰਘ ਦਾਨੇਵਾਲ, ਅਰੁਣ ਸਿੱਧੂ (ਬਾਲਮੀਕ ਖੋਜ ਕੇਂਦਰ ਲਾਇਬ੍ਰੇਰੀ ਲੁਧਿਆਣਾ) ਜਿਨ੍ਹਾਂ ਦੇ ਸਹਿਯੋਗ ਸਦਕਾ ਮੈਂ ਆਪਣੇ ਖੋਜ ਕਾਰਜ ਨੂੰ ਸੰਪੂਰਨ ਕਰ ਸਕੀ। ਤਕਨੀਕੀ ਬਾਰੀਕੀਆਂ ਨੂੰ ਸਮਝਣ ਲਈ ਡਾ. ਜੋਤੀ ਬਾਲਾ ਅਤੇ ਖੇਤਰੀ ਕਾਰਜ ਵਿਚ ਵਿਸ਼ੇਸ਼ ਸਹਿਯੋਗ ਦੇਣ ਵਾਲੇ ਮਹੰਤ ਮੋਹਨੀ ਲੁਧਿਆਣਾ ਅਤੇ ਧੰਨਜੇ ਚੌਹਾਨ ਚੰਡੀਗੜ੍ਹ ਦਾ ਧੰਨਵਾਦ ਕਰਦੀ ਹਾਂ। ਆਪਣੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਨਾ ਭਾਵੇਂ ਰਸਮੀ ਲੱਗਦਾ ਹੈ, ਕਿਉਂਕਿ ਇਹ ਖੋਜ ਕਾਰਜ ਉਨ੍ਹਾਂ ਦੇ ਯਤਨਾਂ ਦੁਆਰਾ ਹੀ ਸੰਭਵ ਹੋ ਸਕਿਆ। ਮੇਰੇ ਵੱਡੇ ਬੇਟੇ ਉਨਮਵੀਰ ਸਿੰਘ ਦੇ ਅਹਿਮ ਪਲਾਂ ਨੂੰ ਮੈਂ ਇਸ ਖੋਜ ਕਾਰਜ ਲਈ ਵਰਤਿਆਂ। ਮੇਰੇ ਛੋਟੇ ਬੇਟੇ ਗੁਣਅਰਪਣ ਸਿੰਘ ਲਈ ਧੰਨਵਾਦ ਸ਼ਬਦ ਉਸ ਦੇ ਬਚਪਨ ਦੇ ਕੀਮਤੀ ਪਲਾਂ ਅੱਗੇ ਫਿੱਕੇ ਹਨ , ਜਿਨ੍ਹਾਂ ਨੂੰ ਮੈਂ ਆਪਣੇ ਇਸ ਖੋਜ ਕਾਰਜ ਲਈ ਪ੍ਰਯੋਗ ਕੀਤਾ। ਧੰਨਵਾਦੀ ਹਾਂ ਆਪਣੇ ਜੀਵਨ ਸਾਥੀ ਸ੍ਰ.ਬਲਕਰਨ ਸਿੰਘ ਭੁੱਲਰ ਦੀ ਜਿਨ੍ਹਾਂ ਨੇ ਹਮੇਸ਼ਾਂ ਹੀ ਇਸ ਖੋਜ ਕਾਰਜ ਵਿਚ ਮੇਰਾ ਸਾਥ ਦਿੱਤਾ।

**ਬਲਜੀਤ ਕੌਰ**

## ਅਧਿਆਇ ਪਹਿਲਾ

## ਸਿਧਾਂਤਕ ਪਰਿਪੇਖ

ਸਾਹਿਤ ਨੂੰ ਮਨੁੱਖੀ ਕੋਮਲ ਭਾਵਾਂ ਦਾ ਸੁੰਦਰ ਪ੍ਰਗਟਾਵਾ ਕਿਹਾ ਜਾਂਦਾ ਹੈ। ਸਾਹਿਤ ਵਿਚ ਉਹ ਸਭ ਸਾਰਥਿਕ ਕਲਾ ਭਰਪੂਰ ਅਭਿਵਿਅਕਤੀਆਂ ਸ਼ਾਮਿਲ ਹਨ, ਜੋ ਮਨੁੱਖ ਨੂੰ ਸੁਹਜ ਸਵਾਦ ਦੇਣ ਦੇ ਨਾਲ ਜੀਵਨ ਦੀ ਅਗਵਾਈ ਵੀ ਕਰਦੀਆਂ ਹਨ । ਸਾਹਿਤ ਆਪਣੇ ਆਪ ਵਿਚ ਸਮਾਜਿਕ ਚੇਤਨਾ ਦਾ ਇਕ ਰੂਪ ਹੈ । ਸਾਹਿਤਕਾਰ ਸਮਾਜਿਕ ਅਤੇ ਆਰਥਿਕ ਨਿਆਂ ਲਈ ਸਿਰਤੋੜ ਯਤਨ ਕਰਦਾ ਹੈ। ਸੋ ਅਜੋਕੇ ਵਿਗਿਆਨਕ ਯੁੱਗ ਵਿਚ ਸਾਹਿਤਕਾਰ ਅਨਿਆਂ ਖ਼ਿਲਾਫ਼ ਬੋਲਦਾ ਨਹੀਂ ਤਾਂ ਉਹ ਇਕ ਦਰਸ਼ਕ ਹੀ ਹੈ। ਹਰ ਸਾਹਿਤਕਾਰ ਨੂੰ ਅਸਮਾਨਤਾ ਭਰੇ ਸਮਾਜਿਕ ਨਿਯਮਾਂ ਨੂੰ ਨਿਸ਼ਾਨਾ ਬਣਾ ਕੇ ਇਨਸਾਨੀ ਕਦਰਾਂ-ਕੀਮਤਾਂ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਹੈ। ਸਫਲ ਜੀਵਨ ਤੇ ਇਨਸਾਨੀ ਕਦਰਾਂ-ਕੀਮਤਾਂ ਪ੍ਰਤੀ ਕਲਮ ਦਾ ਰੋਲ ਬਹੁਤ ਵਿਆਪਕ ਹੈ, ਜਿਵੇਂ ਬੇਵਸੀ ਮਨੁੱਖ ਨੂੰ ਅਰਥਹੀਣ , ਭਾਵ ਹੀਣ ਤੇ ਵਿਚਾਰਹੀਣ ਬਣਾਉਂਦੀ ਹੈ , ਓਵੇਂ ਸਾਹਿਤ ਜ਼ਿੰਦਗੀ ਨੂੰ ਸੁਖਾਲੇ ਰਾਹ ਤੋਰਨ ਲਈ ਮਨੁੱਖ ਦੀ ਬਾਂਹ ਫੜਦਾ ਹੈ। ਪੰਜਾਬੀ ਸਾਹਿਤ ਮੁੱਢ ਤੋਂ ਹੀ ਲੋਕ ਪੱਖੀ ਰਿਹਾ ਹੈ। ਇਸ ਸੁਭਾਅ ਨੂੰ ਇਸ ਨੇ ਹੁਣ ਤੱਕ ਕਾਇਮ ਰੱਖਿਆ ਹੋਇਆ ਹੈ। ਮਹਾਨ ਸਾਹਿਤ ਹਮੇਸ਼ਾ ਹੀ ਮਨੁੱਖ ਲਈ ਚਾਨਣ-ਮੁਨਾਰੇ ਦਾ ਕਾਰਜ ਕਰਦਾ ਹੈ । ਜਿਨ੍ਹਾਂ ਕੌਮਾਂ ਕੋਲ ਮਹਾਨ ਸਾਹਿਤ ਦਾ ਖ਼ਜ਼ਾਨਾ ਹੈ, ਉਹ ਅਨੇਕਾਂ ਹਾਰਾਂ ਅਤੇ ਸੰਕਟਾਂ ਦੇ ਬਾਵਜੂਦ ਆਪਣੇ ਸਾਹਿਤ ਵਿਚੋਂ ਸ਼ਕਤੀ ਪ੍ਰਾਪਤ ਕਰਕੇ ਉੱਠ ਖਲੋਂਦੀਆਂ ਹਨ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਿਆਂ ਹੋਇਆਂ ਉਹ ਸਮਾਜ ਤੋਂ ਨਿਰਲੇਪ ਹੋ ਕੇ ਨਹੀਂ ਰਹਿ ਸਕਦਾ । ਉਹ ਆਪਣਾ ਆਚਾਰ-ਵਿਹਾਰ, ਰਹਿਣ-ਸਹਿਣ ਤੇ ਬੋਲ-ਬਾਣੀ ਸਮਾਜ ਤੋਂ ਸਿੱਖਦਾ ਹੈ । ਇਸ ਕਰਕੇ ਸਾਹਿਤਕਾਰ ਲੋਕ ਸਮਾਜ ਤੋਂ ਵੱਖ ਨਹੀਂ ਹੋ ਸਕਦੇ। ਹਰ ਸਾਹਿਤਕਾਰ ਦੇ ਨਿਰਮਾਣ ਵਿਚ ਉਸ ਸਮਾਜ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਉਹ ਆਪਣੇ ਵਿਸ਼ੇ-ਵਸਤੂ, ਸਮਗਰੀ , ਉਦੇਸ਼ ਅਤੇ ਸਰੋਕਾਰ ਸਮਾਜ ਤੋਂ ਪ੍ਰਾਪਤ ਕਰਦਾ ਹੈ। ਹਰ ਯੁੱਗ ਦੀਆਂ ਆਪਣੀਆਂ ਮਰਿਆਦਾਵਾਂ ਅਤੇ ਮਾਪਦੰਡ ਹੁੰਦੇ ਹਨ, ਜੋ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਸ ਕਾਰਨ ਹੀ ਮਨੁੱਖ ਦੁਆਰਾ ਨਿਰਮਿਤ ਕਲਾ ਤੇ ਸਾਹਿਤ ਸਮਾਜ ਦੀਆਂ ਅਨੁਭੂਤੀਆਂ, ਕਲਪਨਾਵਾਂ ਅਤੇ ਭਾਵਨਾਵਾਂ ਦਾ ਸਰੂਪ ਹੋ ਨਿੱਬੜਦਾ ਹਨ।

ਪ੍ਰਕ੍ਰਿਤਿਕ ਤੌਰ ‘ਤੇ ਸਮੂਹ ਜੀਵਾਂ ਦੀ ਵੰਡ ਨਰ ਤੇ ਮਾਦਾ ਵਿਚ ਹੋਈ ਹੈ ਪਰੰਤੂ ਮਾਨਵ ਪ੍ਰਜਾਤੀ ਵਿਚ ਇਨ੍ਹਾਂ ਦੋਨਾਂ ਤੋਂ ਭਿੰਨ ਇਕ ਤੀਸਰੀ ਕਿਸਮ ਵੀ ਆਪਣੀ ਹੋਂਦ ਰੱਖਦੀ ਹੈ। ਇਹ ਤੀਸਰੀ ਕਿਸਮ ਜੋ ਨਾ ਪੁਰਸ਼ ਹੈ ਨਾ ਇਸਤਰੀ। ਜਿਸ ਨੂੰ ਸਮਾਜ ਵਿਚ ਤੀਸਰੇ ਜੈਂਡਰ ਵਜੋਂ ਜਾਣਿਆ ਜਾਂਦਾ ਹੈ। ਪ੍ਰਕਿਰਤਿਕ ਤੌਰ ‘ਤੇ ਮਾਨਵ ਪ੍ਰਜਾਤੀ ਵਿਚ ਆਈ ਤੀਸਰੀ ਕਿਸਮ ਸਮੁੱਚੀ ਬ੍ਰਹਿਮੰਡ ਦੀ ਨਰ ਅਤੇ ਮਾਦਾ ਦੀ ਵੰਡ ਤੋਂ ਬਾਹਰੀ ਹੋਣ ਕਾਰਨ ਅਸਾਵੇਂਪਣ ਦੀ ਸ਼ਿਕਾਰ ਹੋ ਜਾਂਦੀ ਹੈ। ਸਮਾਜਿਕ ਪੱਧਰ ਤੇ ਕਈ ਤਰ੍ਹਾਂ ਦੀਆਂ ਭ੍ਰਾਂਤੀਆ ਇਸ ਸ਼੍ਰੇਣੀ ਬਾਰੇ ਸਮਾਜ ਵਿਚ ਪਨਪ ਰਹੀਆਂ ਹਨ। ਤੀਸਰੀ ਕਿਸਮ ਦੇ ਮਾਨਵ ਨੂੰ ਸਮਾਜਿਕ ਸੰਰਚਨਾ ਵਿਚ ਕਿੰਨਰ, ਖੁਸਰਾ, ਹੀਜੜਾ, ਜਨਖਾ ਅਤੇ ਥਰਡ-ਜੈਂਡਰ ਵਜੋਂ ਪਹਿਚਾਣਿਆ ਗਿਆ ਹੈ। ਸ੍ਰਿਸ਼ਟੀ ਦੀ ਰਚਨਾ ਵਿਚ ਨਰ ਅਤੇ ਮਾਦਾ ਨੂੰ ਹੀ ਉਚਿੱਤ ਮੰਨਿਆ ਗਿਆ। ਇਹ ਤੀਸਰਾ ਵਰਗ ਸ੍ਰਿਸ਼ਟੀ ਰਚਨਾ ਦਾ ਭਾਗੀਦਾਰ ਬਣਨ ਕਾਰਨ ਮਨੁੱਖੀ ਜੀਵ ਵਿਚ ਜਨਮ ਲੈ ਕੇ ਵੀ ਮਾਨਵੀ ਹੱਕਾਂ ਤੋਂ ਵਾਂਝਾ ਰਹਿ ਜਾਂਦਾ ਹੈ। ਪ੍ਰਕਿਰਤੀ ਦੀਆਂ ਬਾਕੀ ਸਜੀਵ ਸ਼੍ਰੇਣੀਆਂ ਨਾਲੋਂ ਮਨੁੱਖ ਭਿੰਨ ਹੈ, ਕਿਉਂਕਿ ਇਹ ਸਮਾਜ ਦੀ ਸਿਰਜਣਾ ਕਰਕੇ, ਉਸੇ ਨੇਮਾਂ ਅਨੁਸਾਰ ਰਹਿੰਦਾ ਹੈ। ਤੀਸਰੀ ਕਿਸਮ ਦੀ ਪਹਿਚਾਣ ਵੀ ਮਨੁੱਖ ਪ੍ਰਜਾਤੀ ਵਿਚ ਹੀ ਹੋਈ ਹੈ। ਇਹ ਤੀਸਰੀ ਪਹਿਚਾਣ ਪ੍ਰਕਿਰਤਿਕ ਤੌਰ ਤੇ ਭਿੰਨ ਹੋਣ ਕਾਰਨ ਸਮਾਜਿਕ ਭਿੰਨਤਾ ਦੀ ਵੀ ਸ਼ਿਕਾਰ ਹੈ।

ਸਮਾਜਿਕ ਵਿਕਾਸ ਦੀ ਸੰਰਚਨਾ ਵਿਚ ਅੱਜ ਉੱਤਰ-ਆਧੁਨਿਕਤਾ ਦੇ ਦੌਰ ਦੌਰਾਨ ਇਹ ਵਰਗ ਮਨੁੱਖੀ ਜੀਵ ਵਿਚ ਜਨਮ ਲੈ ਕੇ ਵੀ ਮਾਨਵੀ ਹੱਕਾਂ ਤੋਂ ਵਾਂਝਾ ਰਹਿ ਜਾਂਦਾ ਹੈ। ਸਮਾਜ ਵਿਚ ਮਨੁੱਖ ਸ੍ਰਿਸ਼ਟੀ ਦੀ ਉੱਤਮ ਰਚਨਾ ਹੋਣ ਕਾਰਨ ਕੁਦਰਤ ਦੁਆਰਾ ਸਾਜੀਆਂ ਵਸਤਾਂ ਦਾ ਭੋਗਣਹਾਰ ਹੈ। ਵਿਕਾਸ ਦੇ ਮੁੱਢਲੇ ਪੜਾਵਾਂ ਵਿਚ ਬਾਕੀ ਪ੍ਰਾਣੀਆਂ ਵਾਂਗ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਵਾਲਾ ਮਨੁੱਖ ਸ਼੍ਰੇਣੀ ਵੰਡ ਤੋਂ ਬਾਅਦ ਅਸਾਵੀਂ ਬਣਤਰ ਦਾ ਸ਼ਿਕਾਰ ਹੋ ਗਿਆ ਜੋ ਕਿ ਸਾਰੇ ਸੰਕਟਾਂ ਦਾ ਕਾਰਨ ਬਣਿਆ। ਅੱਜ ਦਾ ਅਖੌਤੀ ਵਿਕਾਸ ਮਾਡਲ ਉਨ੍ਹਾਂ ਦੀਆਂ ਸਮੱਸਿਆਵਾਂ ਵਿਚ ਵਾਧਾ ਕਰ ਰਿਹਾ ਹੈ। ਇਸ ਦਾ ਮੁੱਖ ਮਕਸਦ ਵਧੇਰੇ ਮੁਨਾਫ਼ਾ ਕਮਾਉਣਾ ਹੈ। ਇਸ ਵੱਡੀ ਬੇਇਨਸਾਫ਼ੀ ਨੇ ਕੁਝ ਸ਼੍ਰੇਣੀਆਂ ਨੂੰ ਹਾਸ਼ੀਏ ਤੇ ਲਿਆ ਖੜ੍ਹਾ ਕੀਤਾ ਹੈ। ਸਮਾਜਿਕ ਵਿਕਾਸ ਤੋਂ ਪਛੜੇ ਵਰਗ ਸਮਾਜ ਦਾ ਹਿੱਸਾ ਹੋਣ ਦੇ ਬਾਵਜੂਦ ਸਮਾਜਿਕ ਤੇ ਆਰਥਿਕ

ਵਿਕਾਸ ਵਿਚੋਂ ਆਪਣੀ ਹਿੱਸੇਦਾਰੀ ਨਹੀਂ ਵਸੂਲ ਸਕਦੇ। ਜਿਨ੍ਹਾਂ ਲੋਕਾਂ ਦੇ ਜੀਵਨ ਵਿਚ ਸਮਾਜਿਕ ਆਰਥਿਕ ਵਿਕਾਸ ਦੀ ਕੋਈ ਇਬਾਰਤ ਹੀ ਨਹੀਂ ਲਿਖੀ ਜਾਂਦੀ , ਉਹ ਹਾਸ਼ੀਆ ਗਤ ਹਨ। ਹਾਸ਼ੀਆ ਗਤ ਸ੍ਰੇਣੀ ਅਧੀਨ ਦਲਿਤ, ਵੇਸਵਾਵਾਂ, ਮੁੱਲ ਦੀਆਂ ਔਰਤਾਂ, ਖੁਸਰੇ, ਛੜੇ ਅਤੇ ਨਿਮਨ-ਕਿਸਾਨੀ ਨੂੰ ਸ਼ਾਮਿਲ ਕਰਦੇ ਹਾਂ। ਸਮਾਜਿਕ ਵਿਕਾਸ ਦੀ ਸਭ ਤੋਂ ਹੇਠਲੀ ਪੌੜੀ ਤੇ ਬੈਠੇ ਹੋਏ ਕਿੰਨਰ ਜਾਂ ਖੁਸਰੇ ਹਨ, ਜਿਨ੍ਹਾਂ ਦੇ ਸਮਾਜਿਕ ਵਿਕਾਸ ਦੀ ਲੜੀ ਨੂੰ ਅੱਗੇ ਤੋਰਨ ਲਈ ਸਮਾਜ ਨੇ ਹਾਲੇ ਵੀ ਚੁੱਪ ਧਾਰੀ ਹੋਈ ਹੈ। ਇਸ ਵਰਗ ਨੂੰ ਮਾਣ ਯੋਗ ਸੁਪਰੀਮ ਕੋਰਟ ਨੇ 15 ਅਪ੍ਰੈਲ 2014 ਨੂੰ ਤੀਸਰੇ ਲਿੰਗ ਵਜੋਂ ਮਾਨਤਾ ਦੇ ਦਿੱਤੀ ਹੈ। ਕਾਨੂੰਨੀ ਮਾਨਤਾ ਤਾਂ ਇਸ ਵਰਗ ਨੂੰ ਮਿਲ ਗਈ ਪਰ ਸਮਾਜ ਵਿਚ ਸਮਾਜਿਕ ਮਾਨਤਾ ਲੈਣ ਦੀ ਖ਼ਾਤਰ ਇਹ ਵਰਗ ਸਿਰਤੋੜ ਯਤਨ ਕਰ ਰਿਹਾ ਹੈ। ਇਸ ਲਈ ਅਜਿਹੇ ਵਰਗ ਦੇ ਸਮਾਜਿਕ ਵਿਕਾਸ ਦੀ ਲੜੀ ਨੂੰ ਅੱਗੇ ਤੋਰਨ ਲਈ ਸਾਹਿਤ ਅਤੇ ਸਮਾਜ ਸਭਿਆਚਾਰ ਨੂੰ ਸਿਰਤੋੜ ਯਤਨ ਆਰੰਭਣੇ ਪੈਣਗੇ ਤਾਂ ਜੋ ਇਹ ਵਰਗ ਵੀ ਬਾਕੀ ਸ਼੍ਰੇਣੀਆਂ ਵਾਂਗ ਸਮਾਜਿਕ ਪੱਧਰ ਤੇ ਵਿਕਸਤ ਹੋ ਕੇ ਸਮਾਜਿਕ ਵਿਕਾਸ ਵਿਚ ਹਿੱਸਾ ਪਾ ਸਕੇ।

**ਖੋਜ ਦਾ ਉਦੇਸ਼ (Objectives of research)**

ਹਰੇਕ ਕੰਮ ਪਿੱਛੇ ਵਿਅਕਤੀ ਦਾ ਕੋਈ ਨਾ ਕੋਈ ਅਚੇਤ ਜਾਂ ਸੁਚੇਤ ਉਦੇਸ਼ ਹੁੰਦਾ ਹੈ, ਇਸ ਖੋਜ ਕਾਰਜ ਦੇ ਵੀ ਕੁੱਝ ਉਦੇਸ਼ ਹਨ, ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ –

- ਕਿੰਨਰ ਸਮਾਜ ਦੇ ਸਮਾਜਿਕ, ਸਭਿਆਚਾਰਕ ਤੇ ਰਾਜਨੀਤਿਕ ਸਥਿਤੀ ਦਾ ਅਧਿਐਨ ਕਰਨਾ।
- ਪੰਜਾਬੀ ਗਲਪ ਵਿਚ ਕਿੰਨਰ ਸਮਾਜ ਦੀ ਸਥਿਤੀ ਦਾ ਮੁਲਾਂਕਣ ਕਰਨਾ।
- ਇਸ ਖੋਜ ਕਾਰਜ ਰਾਹੀਂ ਕਿੰਨਰ ਸਮਾਜ ਦੀ ਸਮਾਜਿਕ ਦਸ਼ਾ ਨੂੰ ਸਹੀ ਦਿਸ਼ਾ ਦੇਣ ਲਈ ਸੁਝਾਅ ਦੇਣਾ

**ਖੋਜ ਦੀ ਸਾਰਥਿਕਤਾ-** ਸਮਾਜ ਦੇ ਆਮ ਲੋਕ ਕਿੰਨਰ ਸਮਾਜ ਦੀ ਜੀਵਨ ਸ਼ੈਲੀ, ਸਮੱਸਿਆਵਾਂ ਅਤੇ ਜੀਵਨ ਪ੍ਰਸੰਗ ਬਾਰੇ ਅਣਜਾਣ ਹੁੰਦੇ ਹਨ। ਮਨੁੱਖੀ ਸ੍ਰਿਸ਼ਟੀ ਵਿਚ ਤੀਸਰੇ ਵਰਗ ਬਾਰੇ ਗ਼ਲਤ ਭ੍ਰਾਂਤੀਆ

ਸਮਾਜ ਵਿਚ ਬਣੀਆਂ ਹੋਈਆ  ਹਨ । ਅਜਿਹੀਆਂ ਭ੍ਰਾਂਤੀਆ ਨੂੰ ਖ਼ਤਮ ਕਰਨ ਲਈ ਕਿੰਨਰ ਸਮਾਜ ਨੂੰ ਨੇੜੇ ਜਾ ਕੇ ਹੀ ਸਮਝਿਆ ਜਾ ਸਕਦਾ ਹੈ ।  ਸਮਾਜਿਕ ਤੌਰ ‘ਤੇ ਇਹ ਵਰਗ ਅਣਗੌਲਿਆ ਹੋਇਆ ਹੈ । ਕਿੰਨਰ ਸਮਾਜ ਬਾਰੇ ਇਸ ਖੋਜ ਕਾਰਜ ਰਾਹੀਂ ਇਸ ਸਮਾਜ ਦੇ ਰਹੱਸ ਨੂੰ ਖ਼ਤਮ ਕਰਨਾ ਅਤੇ ਇਸ ਸਮਾਜ ਦੇ ਯਥਾਰਥਕ ਰੂਪ ਨੂੰ ਸਾਹਮਣੇ ਲਿਆਉਣਾ ਹੈ । ਸਮਾਜ ਵਿਚ ਸਾਹਿਤ ਦੇ ਇਸ ਅਣਗੌਲੇ ਵਰਗ ਸੰਬੰਧੀ ਇਕ ਚਿੰਤਨ ਪੈਦਾ ਹੋਵੇਗਾ । ਮਾਨਵੀ ਹੱਕਾਂ ਨੂੰ ਪ੍ਰਾਪਤ ਕਰਨ ਵਿਚ ਅਜਿਹੇ ਖੋਜ ਕਾਰਜ ਇਸ ਵਰਗ ਲਈ ਸਾਰਥਿਕ ਭੂਮਿਕਾ ਨਿਭਾਉਂਦੇ ਹਨ । ਭਵਿੱਖ ਵਿਚ ਖੋਜਾਰਥੀ ਇਸ ਖੋਜ ਪ੍ਰਬੰਧ ਦੀ ਸਹਾਇਤਾ ਨਾਲ ਹਾਸ਼ੀਏ ਤੋਂ ਪਾਰ ਵਿਚਰਦੇ ਕਿੰਨਰ ਸਮਾਜ ਦੇ ਸਮਾਜਿਕ ਵਿਕਾਸ ਨੂੰ ਅੱਗੇ ਲਿਜਾਣ ਵਾਸਤੇ ਯੋਗ ਅਗਵਾਈ ਲੈ ਸਕਦੇ ਹਨ । ਸੋ ਹਾਸ਼ੀਏ ਤੇ ਧੱਕੇ ਹੋਏ ਇਸ ਸਮਾਜ ਦੀ ਦਿਸ਼ਾ ਨੂੰ ਸੁਧਾਰਨ ਲਈ ਸੁਝਾਅ ਦਿੱਤੇ ਜਾ ਸਕਦੇ ਹਨ ।

**ਖੋਜ-ਵਿਧੀ (Research Methodology)**

ਗਿਆਨ ਨੂੰ ਇਕੱਠਾ ਕਰਨ ਦੀਆਂ ਵਿਧੀਆਂ ਉੱਪਰ ਹੁਣ ਤੱਕ ਜੋ ਵੀ ਚਰਚਾ ਹੋਈ ਹੈ, ਉਸ ਵਿਚ ਬਹੁਤੇ ਆਲੋਚਕਾਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਖੋਜ ਨੂੰ ਇੱਕੋ ਵਿਧੀ ਉੱਪਰ ਨਿਰਭਰ ਬਣਾ ਦੇਣਾ ਠੀਕ ਨਹੀਂ ਹੈ । ਅਜਿਹਾ ਕਰਨ ਨਾਲ ਖੋਜ ਇਕ ਪਾਸੜ ਹੋ ਜਾਂਦੀ ਹੈ, ਕੁਝ ਪੱਖ ਅਣਗੌਲੇ ਰਹਿ ਜਾਂਦੇ ਹਨ । ਖੋਜ ਇਕ ਅਜਿਹਾ ਕਾਰਜ ਹੈ, ਜਿਸ ਦਾ ਉਦੇਸ਼  ਪਰੋਖ ਤੱਥਾਂ ਨੂੰ ਦ੍ਰਿਸ਼ਟਮਾਨ ਕਰਨਾ ਹੈ । ਖੋਜਾਰਥੀ ਵਿਭਿੰਨ ਨਿਯਮਤ ਵਿਧੀਵਤ ਢੰਗਾਂ ਰਾਹੀਂ ਵੱਖ-ਵੱਖ ਸਰੋਤਾਂ ਤੋਂ ਸਮੱਗਰੀ ਇਕੱਤਰ ਕਰਦਾ ਹੈ ਜੋ ਕਿ ਖੋਜ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਸਮੱਸਿਆਵਾਂ ਦੇ ਸਮਾਧਾਨ ਵੱਲ ਰੁਚਿਤ ਹੁੰਦੀ ਹੈ । ਖੋਜ ਕਾਰਜ ਨਾਲ ਸੰਬੰਧਿਤ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਵਿਸ਼ਲੇਸ਼ਣਾਤਮਿਕ, ਮਨੋਵਿਸ਼ਲੇਸ਼ਣ ਤੇ ਤਰਕਵਾਦੀ ਵਿਧੀ ਅਤੇ ਖੇਤਰੀ ਕਾਰਜ ਦੋਨਾਂ ਨੂੰ ਵਰਤੋਂ ਅਧੀਨ ਲਿਆਂਦਾ ਜਾਵੇਗਾ । ਖੋਜ ਸਮੱਗਰੀ ਨਾਲ ਸੰਬੰਧਿਤ ਸਰੋਤਾਂ ਨੂੰ ਪ੍ਰਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ –

ਪ੍ਰਾਥਮਿਕ ਸਰੋਤ

ਦੁਜੈਲੇ ਸਰੋਤ

T.S Wilkinson and P.L Bhandarkar' ਦੇ ਅਨੁਸਾਰ ਨਿਰੀਖਕ ਇਨ੍ਹਾਂ ਦੋਹਾਂ ਸਰੋਤਾਂ ਤੋਂ ਵਿਭਿੰਨ ਵਿਧੀਆਂ , ਸੰਦਾਂ ਅਤੇ ਜੁਗਤਾਂ ਦੀ ਸਹਾਇਤਾ ਨਾਲ ਸਮੱਗਰੀ  ਇਕੱਤਰ ਕਰਦਾ ਹੈ। ਜਦੋਂ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਦੇ ਇਕੱਤਰੀਕਰਨ ਲਈ ਨਿਰੀਖਕ ਨੂੰ ਕਿਸੇ ਖੇਤਰ ਵਿਚ ਖ਼ੁਦ ਨਹੀਂ ਜਾਣਾ ਪੈਂਦਾ ਸਗੋਂ ਇਹ ਸਮੱਗਰੀ ਉਸ ਨੂੰ ਵਿਭਿੰਨ ਮਾਧਿਅਮ ਰਾਹੀਂ ਪਹਿਲਾ ਹੀ ਇਕੱਤਰ ਕੀਤੀ ਹੋਈ ਪ੍ਰਾਪਤ ਹੋ ਜਾਂਦੀ ਹੈ, ਤਾਂ ਇਨ੍ਹਾਂ ਨੂੰ ਦੂਜੈਲ਼ੇ ਸਰੋਤ ਕਿਹਾ ਜਾਂਦਾ ਹੈ  ਭਾਵ ਦੁਜੈਲੇ ਸਰੋਤ ਉਹ ਹਨ ਜੋ ਪੂਰਵ-ਵਰਤੀ ਸਮੱਗਰੀ ਤੋਂ ਪ੍ਰਾਪਤ ਕੀਤੇ ਜਾਂਦੇ ਹਨ।('Methods and techniques of social science'173)

ਇਸ ਦੇ ਉਲਟ ਜਦੋਂ ਖੋਜਾਰਥੀ ਨਿੱਜੀ ਸ਼ਮੂਲੀਅਤ ਰਾਹੀਂ, ਵੱਖ-ਵੱਖ ਖੋਜ-ਸੰਦਾਂ ਅਤੇ ਜੁਗਤਾਂ ਦੀ ਵਰਤੋਂ ਕਰਕੇ ਸਮੱਗਰੀ ਇਕੱਠੀ ਕਰਦਾ ਹੈ ਤਾਂ ਉਸ ਨੂੰ ਪ੍ਰਾਥਮਿਕ ਸਰੋਤ ਕਿਹਾ ਜਾਂਦਾ ਹੈ। R.Panneerselvam ਅਨੁਸਾਰ 'ਇਹ ਇਕ ਅਜਿਹੀ ਸਮੱਗਰੀ ਹੁੰਦੀ ਹੈ ਜਿਹੜੀ ਸਮੱਗਰੀ ਆਮ ਤੌਰ ਤੇ ਕਿਸੇ ਨਿਗਰਾਨ ਦੀ ਦੇਖ-ਰੇਖ ਦੇ ਅੰਤਰਗਤ ਕਿਸੇ ਖੋਜ-ਖੇਤਰ ਵਿਚੋਂ ਪ੍ਰਾਪਤ ਕੀਤੀ ਜਾਂਦੀ ਹੈ। ਆਮ ਤੌਰ ਤੇ ਇਸ ਤਰ੍ਹਾਂ ਦੀ ਸਮੱਗਰੀ ਨਵੀਨ ਅਤੇ ਪਹਿਲੀ ਵਾਰ ਪ੍ਰਾਪਤ ਕੀਤੀ ਜਾਂਦੀ ਹੈ।' ('Research Methodology'17)

ਸੋ ਜੇਕਰ ਨਿਰੀਖਕ ਦੇ ਖੋਜ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਦਾ ਸੰਬੰਧ ਦੁਜੈਲੇ ਸਰੋਤਾਂ ਨਾਲ ਹੈ ਤਾਂ ਉਸ ਨੂੰ ਖੋਜ ਕਰਨ ਵਿਚ ਜ਼ਿਆਦਾ ਮੁਸ਼ਕਿਲ ਨਹੀਂ ਆਉਂਦੀ। ਉਹ ਸਮੱਗਰੀ ਦੇ ਇਕੱਤਰੀਕਰਨ ਲਈ ਲਾਇਬਰੇਰੀ, ਅਖ਼ਬਾਰਾਂ, ਮੈਗਜ਼ੀਨ ਅਤੇ ਹੋਰ ਪ੍ਰਕਾਸ਼ਿਤ ਸਰੋਤਾਂ ਨੂੰ ਆਪਣੀ ਖੋਜ ਦਾ ਆਧਾਰ ਬਣਾ ਸਕਦਾ ਹੈ। ਇਸ ਤਰ੍ਹਾਂ ਦੇ ਸਰੋਤਾਂ ਦੇ ਆਧਾਰ ਤੇ ਕੀਤੀ ਗਈ ਖੋਜ ਨੂੰ ਟੇਬਲ ਵਰਕ ਦਾ ਨਾਂ  ਦੇ ਦਿੱਤਾ ਜਾਂਦਾ ਹੈ। ਜੇਕਰ ਖੋਜਾਰਥੀ ਲਈ ਇਸ ਤਰ੍ਹਾਂ ਦੇ ਸਰੋਤ ਉਪਲਬਧ ਨਾ ਹੋਣ ਤਾਂ ਉਸ ਨੂੰ ਅਜਿਹੇ ਸਰੋਤਾਂ ਦੀ ਤਲਾਸ਼ ਕਰਨੀ ਪੈਂਦੀ ਹੈ। ਇਸ ਤਰ੍ਹਾਂ ਦੀ ਸਮੱਗਰੀ ਦੇ ਇਕੱਤਰੀਕਰਨ ਲਈ ਖੇਤਰੀ ਖੋਜ-ਕਾਰਜ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਖੇਤਰੀ ਖੋਜ-ਕਾਰਜ ਵਿਧੀ ਦਾ ਸੰਬੰਧ ਕਿਸੇ ਵਿਸ਼ੇਸ਼ ਖੇਤਰ ਨਾਲ ਹੁੰਦਾ ਹੈ, ਜਿਸ ਵਿਚ ਕਿਸੇ ਲੋਕ-ਸਮੂਹ ਦੀ ਜੀਵਨ-ਜਾਚ ਨੂੰ ਅਧਿਐਨ ਦਾ ਕੇਂਦਰ ਰੱਖਿਆ ਜਾਂਦਾ

ਹੈ। ਇਹ ਅਧਿਐਨ ਕਿਸੇ ਇਕ ਪੱਖ ਦਾ ਵੀ ਹੋ ਸਕਦਾ ਅਤੇ ਬਹੁ-ਪਸਾਰੀ ਵੀ। Dr.J.A.Khan ਅਨੁਸਾਰ 'ਇਸ ਲਈ ਕਿਸੇ ਸਮੂਹ ਦੇ ਜੀਵਨ ਵਿਹਾਰ ਬਾਰੇ ਸਮੱਗਰੀ ਇਕੱਤਰੀਕਰਨ ਅਤੇ ਉਸ ਦੇ ਵਿਧੀਵਤ ਅਧਿਐਨ ਲਈ ਬਹੁਤ ਸਾਰੇ ਖੋਜ-ਸੰਦਾਂ ਅਤੇ ਜੁਗਤਾਂ ਦੀ ਵਰਤੋਂ ਕਰਨੀ ਪੈਂਦੀ ਹੈ। ਸਿਰਫ਼ ਖੋਜ-ਸੰਦ ਹੀ ਅਜਿਹੇ ਰਸਤੇ/ਢੰਗ ਹਨ, ਜਿਨ੍ਹਾਂ ਦੁਆਰਾ ਖੋਜ ਪ੍ਰਮਾਣਿਕ ਸਿੱਧ ਹੋ ਸਕਦੀ ਹੈ। ਇਕੱਤਰਿਤ ਜਾਣਕਾਰੀ ਨੂੰ ਸਮੱਗਰੀ ਕਿਹਾ ਜਾਂਦਾ ਹੈ ਅਤੇ ਸਮੱਗਰੀ ਇਕੱਤਰੀਕਰਨ ਲਈ ਵਰਤੀਆਂ ਜਾਂਦੀਆਂ ਵਸਤਾਂ ਨੂੰ ਸੰਦ ਜਾਂ ਜੁਗਤਾਂ ਕਿਹਾ ਜਾਂਦਾ ਹੈ।'ਖੇਤਰੀ ਖੋਜ ਲਈ ਵਿਭਿੰਨ ਸੰਦਾਂ ਅਤੇ ਜੁਗਤਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਪ੍ਰਸ਼ਨਾਵਲੀ, ਪ੍ਰਤੱਖ, ਸੰਵਾਰਤਾ, ਵੀਡੀਉਗ੍ਰਾਫੀ, ਰਿਕਾਰਡਿੰਗ ਅਤੇ ਫ਼ੋਟੋਗਰਾਫੀ ਆਦਿ ('Research Methodology'97)

ਇਸ ਖੋਜ-ਕਾਰਜ ਵਿਚ ਖੇਤਰੀ ਸਰਵੇਖਣ ਅਧੀਨ ਪੰਜਾਬ ਦੇ ਪੰਜ ਜਿਲ੍ਹਿਆ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਵਿਚ ਲੁਧਿਆਣਾ, ਬਰਨਾਲਾ, ਮਾਨਸਾ, ਬਠਿੰਡਾ, ਸੰਗਰੂਰ ਦੇ 80 ਕਿੰਨਰਾਂ ਨੂੰ ਮਿਲ ਕੇ ਪ੍ਰਸ਼ਨਾਵਲੀ ਭਰਾਈ ਜਾਵੇਗੀ ਅਤੇ ਉਸ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

**ਪੂਰਵ ਖੋਜ ਕਾਰਜ (**Lit.Review**)**

ਕਿੰਨਰ ਸਮਾਜ ਨਾਲ ਸੰਬੰਧਿਤ ਵਿਸ਼ੇ ਤੇ ਜੋ ਖੋਜ ਕਾਰਜ ਪ੍ਰਾਪਤ ਹੁੰਦਾ ਹੈ। ਇਸ ਵਿਸ਼ੇ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਖੋਜ ਜਗਤ ਵਿਚ ਪ੍ਰਾਪਤ ਖੋਜ ਕਾਰਜਾਂ ਦਾ ਬਿਉਰਾ ਡਾ. ਧਰਮ ਸਿੰਘ, ਪੰਜਾਬੀ ਖੋਜ ਸੰਦਰਭ (ਪ੍ਰਕਾਸ਼ਿਤ 2015) ਵਿਚ ਵਿਭਿੰਨ ਮੁੱਖ ਯੂਨੀਵਰਸਿਟੀਆਂ ਵਿਚ ਪੰਜਾਬੀ ਸਾਹਿਤ ਨਾਲ ਸੰਬੰਧਿਤ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਹੋਏ ਖੋਜ ਕਾਰਜ ਦਾ ਉੱਲੇਖ ਹੈ। ਸੂਚਨਾ ਦੇ ਅਧਿਕਾਰ ਐਕਟ 2005 ਅਧੀਨ ਪ੍ਰਮੁੱਖ ਯੂਨੀਵਰਸਿਟੀਆਂ ਵਿਚੋਂ ਮਿਲੀ ਸੂਚਨਾ ਅਤੇ ਇਨ੍ਹਾਂ ਯੂਨੀਵਰਸਿਟੀਆਂ ਦਾ ਦੌਰਾ ਕਰਕੇ ਪੰਜਾਬੀ ਸਾਹਿਤ ਉੱਪਰ ਖੋਜ ਕਾਰਜ ਕਰਵਾਉਂਦੀਆਂ ਹਨ, ਤੋਂ ਮਿਲੀ ਜਾਣਕਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਕੋਈ ਵੀ ਨਿਰੋਲ ਪੀਐੱਚਡੀ ਪੱਧਰ ਦਾ ਖੋਜ ਕਾਰਜ ਇਸ ਵਿਸ਼ੇ ਤੇ ਨਹੀਂ ਹੋਇਆ ਹੈ। ਕਿੰਨਰ ਸਮਾਜ ਸੰਬੰਧੀ ਹੋਏ ਖੋਜ-ਕਾਰਜਾਂ ਦਾ ਸਰਵੇਖਣ ਕਰਨ ਲਈ ਇਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਵਿਭਾਜਿਤ ਕੀਤਾ ਜਾ ਸਕਦਾ ਹੈ-

**ਉਪਾਧੀ ਸਾਪੇਖ ਦੇ ਰੂਪ ਵਿਚ ਪ੍ਰਾਪਤ ਪੂਰਵ ਖੋਜ ਕਾਰਜ -**

**ਉਪਾਧੀ ਨਿਰਪੇਖ ਦੇ ਰੂਪ ਵਿਚ ਪ੍ਰਾਪਤ ਪੂਰਵ ਖੋਜ ਕਾਰਜ -**

ਉਪਾਧੀ ਸਾਪੇਖ ਖੋਜ-ਕਾਰਜਾਂ ਨੂੰ ਦੋ ਭਾਗਾਂ, ਪੀਐੱਚਡੀ ਦੀ ਡਿਗਰੀ ਲਈ ਅਤੇ ਐਮ.ਫਿਲ ਦੀ ਡਿਗਰੀ ਲਈ ਹੋਏ ਖੋਜ-ਕਾਰਜ ਵਿਚ ਵੰਡਿਆ ਜਾ ਸਕਦਾ ਹੈ। ਪੀਐੱਚਡੀ ਲਈ ਹੋਏ ਖੋਜ-ਕਾਰਜ ਵਿਚ ਨਿਰੋਲ ਇਸ ਵਿਸ਼ੇ ਉੱਤੇ ਪੰਜਾਬੀ ਸਾਹਿਤ ਵਿਚ ਕੋਈ ਵੀ ਖੋਜ-ਕਾਰਜ ਨਹੀਂ ਮਿਲਦਾ ਪਰੰਤੂ ਖੋਜਾਰਥੀ ਬਿੱਕਰਜੀਤ ਸਿੰਘ ਨੇ ਹਾਸ਼ੀਆ ਗਤ ਸ਼੍ਰੇਣੀਆਂ ਅਧੀਨ ਕਿੰਨਰ ਨੂੰ ਵੀ ਇਸ ਸ਼੍ਰੇਣੀ ਵਿਚ ਸ਼ਾਮਲ ਕਰਦੇ ਹੋਏ ਆਪਣੇ ਖੋਜ-ਕਾਰਜ ਵਿਚ ਸ਼ਾਮਲ ਕੀਤਾ ਹੈ।

ਬਿੱਕਰਜੀਤ ਸਿੰਘ, ਪੰਜਾਬੀ ਨਾਵਲ ਵਿੱਚ ਹਾਸ਼ੀਆ ਗਤ ਸ਼੍ਰੇਣੀਆਂ ਦਾ ਬਿਰਤਾਂਤਕ ਅਧਿਐਨ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ), 2018.

ਇਸ ਸ਼ੋਧ-ਪ੍ਰਬੰਧ ਵਿਚ ਖੋਜਾਰਥੀ ਨੇ ਪੰਜਾਬੀ ਨਾਵਲ ਵਿੱਚ ਹਾਸ਼ੀਆ ਗਤ ਸ਼੍ਰੇਣੀਆਂ ਦਾ ਬਿਰਤਾਂਤਕ ਪੱਖ ਤੋਂ ਅਧਿਐਨ ਕੀਤਾ ਹੈ। ਜਿਸ ਵਿਚ ਉਨ੍ਹਾਂ ਨੇ ਪੰਜਾਬੀ ਨਾਵਲ ਵਿਚ ਹਾਸ਼ੀਆ ਗਤ ਸ਼੍ਰੇਣੀ ਕਿੰਨਰ :ਸਰੂਪ ਤੇ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ ਹੈ। ਉਨ੍ਹਾਂ ਨੇ ਸਮਾਜ ਵਿਚ ਜਿੱਥੇ ਵੇਸਵਾਵਾਂ, ਮੁੱਲ ਦੀਆ ਔਰਤਾਂ ,ਨਿਮਨ ਕਿਸਾਨੀ ਅਤੇ ਛੜੇ ਨੂੰ ਵੱਖ-ਵੱਖ ਪੱਖਾਂ ਤੋਂ ਹਾਸ਼ੀਆ ਗਤ ਦੀ ਸਥਿਤੀ ਹੰਢਾ ਰਹੇ ਵਰਗਾ ਬਾਰੇ ਅਧਿਐਨ ਕੀਤਾ ਹੈ, ਉੱਥੇ ਕਿੰਨਰ ਵੀ ਸਮਾਜਿਕ ਵਿਕਾਸ ਵਿਚ ਸਭ ਤੋਂ ਹੇਠਲੀ ਸ਼੍ਰੇਣੀ ਤੇ ਰਹਿ ਕੇ ਆਪਣਾ ਜੀਵਨ ਵਾਸ ਕਰ ਰਹੇ ਹਨ। ਬੇਸ਼ੱਕ ਇਨ੍ਹਾਂ ਵਿਚੋਂ ਮੁੱਲ ਦੀਆਂ ਔਰਤਾਂ, ਵੇਸਵਾਵਾਂ ਅਤੇ ਛੜੇ ਨੂੰ ਸਾਹਿਤ ਵਿਚ ਚਿੰਤਨ ਦੇ ਤੌਰ ਉੱਤੇ ਦੇਖਿਆ ਜਾਂਦਾ ਰਿਹਾ ਹੈ ਪਰ ਕਿੰਨਰ ਵਰਗ ਦੀਆਂ ਭਾਵਨਾਵਾਂ ਨੂੰ ਸਮਝਣ ਦੇ ਯਤਨ ਹਾਲੇ ਨਹੀਂ ਕੀਤਾ ਗਿਆ। ਸੋ ਕਿੰਨਰਾਂ ਨੂੰ ਹਾਸ਼ੀਆ ਗਤ ਸ਼੍ਰੇਣੀ ਵਿਚ ਦੇਖਣ ਦੀ ਦ੍ਰਿਸ਼ਟੀ ਇਕ ਨਿਵੇਕਲਾ ਕਾਰਜ ਹੈ।

ਐਮ.ਫਿਲ ਨਾਲ ਸੰਬੰਧਿਤ ਚਾਰ ਖੋਜ-ਨਿਬੰਧ ਮਿਲਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ –

ਸੰਦੀਪ ਕੌਰ, ਪੰਜਾਬੀ ਲੋਕ-ਕਾਵਿ ਰੂਪ ਲੋਰੀ: ਸੰਕਲਨ ਅਤੇ ਵਿਸ਼ਲੇਸ਼ਣ, ਖੋਜ-ਨਿਬੰਧ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2013.

ਇਸ ਖੋਜ-ਨਿਬੰਧ ਵਿਚ ਲੋਕ-ਧਾਰਾ ਦੇ ਪੱਖ ਤੋਂ ਹਿਜੜਿਆਂ ਦੀਆਂ ਲੋਰੀਆਂ ਦੇ ਸਭਿਆਚਾਰਕ ਪੱਖ ਨੂੰ ਪੇਸ਼ ਕੀਤਾ ਹੈ। ਸਭਿਆਚਾਰ ਵਿਚ ਲੋਰੀ-ਕਾਵਿ ਰੂਪ ਨੂੰ ਤਾਂ ਪੜ੍ਹਦੇ ਹਾਂ ਪਰ ਹਿਜੜਿਆਂ ਦੀਆਂ ਲੋਰੀਆਂ ਨੂੰ ਪੇਸ਼ ਕਰਨਾ ਇਕ ਵੱਖਰਾ ਕਾਰਜ ਹੈ।

ਮਨਵਿੰਦਰ ਕੌਰ, 'ਮੈਂ ਸ਼ਿਖੰਡੀ ਨਹੀਂ' ਦਾ ਅਧਿਐਨ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰਾ, 2012. ਖੋਜਾਰਥਣ ਨੇ ਮੈਂ ਸ਼ਿਖੰਡੀ ਨਹੀਂ ਦੇ ਵਿਸ਼ਾ ਤੇ ਕਲਾ ਪੱਖ ਦਾ ਅਧਿਐਨ ਕੀਤਾ ਹੈ। ਵਿਸ਼ੇ ਪੱਖ ਤੋਂ ਇਸ ਵਿਚ ਹੋਰ ਤੱਥ ਵੀ ਉਜਾਗਰ ਕੀਤੇ ਜਾ ਸਕਦੇ ਹਨ ਜਿਵੇਂ ਇਹ ਸਮਾਜ ਸਭਿਅਕ ਸਮਾਜ ਨਾਲੋਂ ਕਿਵੇਂ ਭਿੰਨ ਹੈ। ਇਸ ਖੋਜ-ਨਿਬੰਧ ਵਿਚ ਕਿੰਨਰ ਸਮਾਜ ਨੂੰ ਵਿਸ਼ੇਸ਼ ਤੌਰ ਉੱਤੇ ਅਧਿਐਨ ਦਾ ਖੇਤਰ ਨਹੀਂ ਬਣਾਇਆ ਗਿਆ ਸੀ। ਇਸ ਵਿਚ ਸਮੁੱਚੇ ਨਾਵਲ ਦਾ ਵਿਸ਼ਾ ਗਤ ਅਧਿਐਨ ਹੀ ਕੀਤਾ ਗਿਆ ਹੈ। ਸੋ ਕਿੰਨਰ ਵਰਗ ਨੂੰ ਵੱਖਰੇ ਤੌਰ ਉੱਤੇ ਮਨੁੱਖੀ ਸਮਾਜ ਤੋਂ ਭਿੰਨ ਕਰਨ ਵਾਲੇ ਤੱਤਾਂ ਦੀ ਪਹਿਚਾਣ ਨਹੀਂ ਕੀਤੀ ਗਈ।

ਨਵਦੀਪ ਕੌਰ, ਜਸਵੀਰ ਰਾਣਾ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਦਾ ਮਨੋ-ਵਿਸ਼ਲੇਸ਼ਨਾਤਮਿਕ ਅਧਿਐਨ, ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2016-17.

ਇਸ ਖੋਜ-ਨਿਬੰਧ ਵਿਚ ਖੋਜਾਰਥਣ ਨੇ ਕਿੰਨਰਾਂ ਦੀ ਮਾਨਸਿਕ ਸਥਿਤੀ ਨੂੰ ਸਮਝਣ ਦਾ ਯਤਨ ਕੀਤਾ ਹੈ। ਕਿੰਨਰਾਂ ਦੀ ਮਾਨਸਿਕ ਸਥਿਤੀ ਤੋਂ ਵੱਖ-ਵੱਖ ਪੱਖਾਂ ਨੂੰ ਵਾਚਣਾ ਇਕ ਨਿਵੇਕਲਾ ਕਾਰਜ ਹੈ। ਇਸ ਲਈ ਸਮਾਜਿਕ ਸਥਿਤੀ ਨੂੰ ਵਾਚਣ ਲਈ ਇਸ ਵਰਗ ਦੇ ਬਾਕੀ ਪੱਖਾਂ ਦਾ ਅਧਿਐਨ ਵੀ ਹੋਣਾ ਚਾਹੀਦਾ ਹੈ।

ਮਨਜੀਤ ਸਿੰਘ, ਕੁਈਅਰ ਸਿਧਾਂਤ ਤੇ ਪੰਜਾਬੀ ਕਹਾਣੀ ਵਿਚ ਤੀਜੇ ਜੈਂਡਰ ਦੀ ਪੇਸ਼ਕਾਰੀ (ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਦੇ ਸੰਦਰਭ ਵਿਚ), ਦਿੱਲੀ ਯੂਨੀਵਰਸਿਟੀ, ਦਿੱਲੀ, 2017 - ਖੋਜਾਰਥੀ ਮਨਜੀਤ ਸਿੰਘ ਨੇ ਕੁਈਅਰ ਸਿਧਾਂਤ ਤੇ ਪੰਜਾਬੀ ਕਹਾਣੀ ਵਿਚ ਤੀਜੇ ਜੈਂਡਰ ਦੀ ਪੇਸ਼ਕਾਰੀ (ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਦੇ

ਸੰਦਰਭ) ਵਿਚ ਇਸ ਵਰਗ ਦੇ ਦੁੱਖਾਂ ਦਰਦਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਕੁਈਅਰ ਸਿਧਾਂਤ ਦੇ ਪਰਿਪੇਖ ਵਿਚ ਕਿੰਨਰ ਸਮਾਜ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਸਿਧਾਂਤ ਅਨੁਸਾਰ ਮਨੁੱਖੀ ਕਾਮੁਕਤਾ ਜਨਮ ਜਾਤ ਨਹੀਂ ਸਗੋਂ ਸਮਾਜ ਦੁਆਰਾ ਸਿਰਜੀ ਵਿਚਾਰਧਾਰਾ ਹੈ। ਤੀਜੇ ਲਿੰਗ ਨੂੰ ਸ਼ੁਰੂ ਤੋਂ ਹੀ ਸਮਾਜ ਅਤੇ ਸਭਿਅਤਾ ਦੀ ਹੇਠਲੀ ਸ਼੍ਰੇਣੀ ਵਿਚ ਸਮਝਿਆ ਗਿਆ ਹੈ। ਇਹ ਸਮਾਜ ਆਪਣੀ ਸਮਾਜਿਕ ਪਛਾਣ ਲਈ ਕਿਵੇਂ ਸੰਘਰਸ਼ ਕਰਨ ਦੇ ਵੱਖ-ਵੱਖ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

**ਉਪਾਧੀ ਨਿਰਪੇਖ ਦੇ ਰੂਪ ਵਿਚ ਖੋਜ ਕਾਰਜ ਦਾ ਬਿਉਰਾ-**

ਜਸਵਿੰਦਰ ਖਾਂਬਰਾਂ , ਕਿੰਨਰਾਂ ਦੀ ਦੁਨੀਆ , ਪੰਜਾਬੀ ਜਾਗਰਣ, ਜਲੰਧਰ, 4 ਅਗਸਤ 2016 -ਇਸ ਪੇਪਰ ਵਿਚ ਕਿੰਨਰਾਂ ਦੀਆਂ ਸਮੱਸਿਆਵਾਂ ਪ੍ਰਤੀ ਪਾਠਕਾਂ ਦਾ ਧਿਆਨ ਦਿਵਾਉਣਾ ਹੈ। ਇਹ ਸਮਾਜ ਸਭਿਅਤ ਸਮਾਜ ਦੇ ਹਿੱਸੇ ਵਿਚ ਨਹੀਂ ਆਉਂਦਾ। ਮਨੁੱਖ ਆਪਣੇ ਬਿਮਾਰ ਬੱਚਿਆਂ ਤੇ ਤਾਂ ਲੱਖਾਂ ਰੁਪਏ ਖ਼ਰਚ ਕੇ ਪਾਲਦੇ –ਪਰੋਸਦੇ ਹਨ ਪਰੰਤੂ ਲਿੰਗ ਭੇਦ ਵਾਲੇ ਬੱਚਿਆਂ ਨੂੰ ਆਪਣੀਆਂ ਅੱਖਾਂ ਤੋਂ ਦੂਰ ਕਰ ਦਿੰਦੇ ਹਨ। ਇਸ ਪੇਪਰ ਵਿਚ ਕਿੰਨਰਾਂ ਦੀ ਇਤਿਹਾਸਕ ਮਾਨਤਾ ਤੋਂ ਵੀ ਜਾਣੂ ਕਰਵਾਇਆ ਗਿਆ ਹੈ। ਕਿੰਨਰ ਵੀ ਇਸ ਦੇਸ਼ ਦਾ ਨਾਗਰਿਕ ਹੈ। ਸੰਵਿਧਾਨ ਅਨੁਸਾਰ ਉਨ੍ਹਾਂ ਨੂੰ ਜਿਊਣ ਅਤੇ ਅੱਗੇ ਵਧਣ ਦਾ ਬਰਾਬਰ ਦਾ ਹੱਕ ਮਿਲਣਾ ਚਾਹੀਦਾ ਹੈ।

ਜਿੰਦਰ, ਸ਼ਬਦ (ਕਿੰਨਰ ਵਿਸ਼ੇਸ਼ ਅੰਕ), ਜੁਲਾਈ-ਸਤੰਬਰ, 2017-ਇਸ ਅੰਕ ਵਿਚ ਕਿੰਨਰਾਂ ਬਾਰੇ ਮਿਲਦੇ ਗਲਪੀ ਸਾਹਿਤ ਬਾਰੇ ਚਰਚਾ ਕੀਤੀ ਗਈ ਹੈ। ਵੱਖ-ਵੱਖ ਥਰਡ-ਜੈਂਡਰ ਦੀਆਂ ਇੰਟਰਵਿਊ ਨੂੰ ਦਿੱਤਾ ਗਿਆ ਹੈ। ਆਲੋਚਕਾਂ ਦੁਆਰਾਂ ਖੋਜ ਕਰਕੇ ਲਿਖੇ ਗਏ ਖੋਜ-ਪੱਤਰ ਵੀ ਸ਼ਾਮਲ ਕੀਤੇ ਗਏ ਹਨ। ਇਸ ਅੰਕ ਵਿਚ ਕਿੰਨਰਾਂ ਦੀ ਜ਼ਿੰਦਗੀ ਬਾਰੇ ਹਰ ਪੱਖ ਤੋਂ ਜਾਣਕਾਰੀ ਸ਼ਾਮਲ ਹੈ।

ਪੂਰਨ ਚੰਦ ਸਰੀਨ, ਹੀਜੜਾ ਵਰਗ ਦੇ ਲੋਕਾਂ ਨੂੰ ਵੀ ਦਿੱਤਾ ਜਾਏ ਸਨਮਾਨ, ਰੋਜ਼ਾਨਾ ਅਜੀਤ, ਜਲੰਧਰ, ਸਤੰਬਰ, 2016.

ਸਮਾਜ ਆਪਣੀ ਮਾਨਸਿਕਤਾ ਕਾਰਨ ਕਿੰਨਰ ਸਮਾਜ ਦੇ ਲੋਕਾਂ ਨੂੰ ਆਮ ਮਨੁੱਖ ਦੀ ਤਰ੍ਹਾਂ ਨਹੀਂ ਸਮਝਦਾ। ਸੋ ਲੋੜ ਹੈ ਸਮਾਜਿਕ ਮਾਨਸਿਕਤਾ ਬਦਲ ਕੇ ਇਸ ਵਰਗ ਦੇ ਲੋਕਾਂ ਨੂੰ ਵੀ ਸਮਾਜ ਵਿਚ ਸਤਿਕਾਰ ਦਾ ਪਾਤਰ ਬਣਾਇਆ ਜਾਵੇ। ਇਸ ਵਰਗ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਿਲ ਕਰਨ ਲਈ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸ ਅਣਗੌਲੇ ਵਰਗ ਨੂੰ ਕਾਨੂੰਨ ਤੇ ਸੰਵਿਧਾਨ ਦੀ ਸਰਪ੍ਰਸਤੀ ਦੇਣੀ ਸਭ ਤੋਂ ਜ਼ਰੂਰੀ ਹੈ ਤਾਂ ਕਿ ਸਮਾਜ ਇਸ ਵਰਗ ਲਈ ਆਪਣੀਆਂ ਭਾਵਨਾਵਾਂ ਤੇ ਆਪਣੀ ਮਾਨਸਿਕਤਾ ਨੂੰ ਤਬਦੀਲ ਕਰੇ ਸਕੇ।

ਮਨਮੋਹਨ ਸਿੰਘ, ਔਰਤ ਤੇ ਮਰਦ ਦੇ ਰਿਸ਼ਤੇ ਦੀ ਪ੍ਰਕਿਰਤਿਕ ਭਾਸ਼ਾ, ਰੋਜ਼ਾਨਾ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 20 ਦਸੰਬਰ 2009.

ਇਸ ਪੇਪਰ ਵਿਚ ਔਰਤ ਮਰਦ ਦੀ ਲਿੰਗਤਾ ਕੋਈ ਮਸਲਾ ਨਹੀਂ ਪਰ ਜਦੋਂ ਗਹਿਰਾਈ ਨਾਲ ਸੋਚੀਏ ਤਾਂ ਇਹ ਇਕ ਗੰਭੀਰ ਸਮੱਸਿਆ ਹੈ। ਕਿੰਨਰ ਲੋਕ ਸਾਡੇ ਹੀ ਸਮਾਜ ਦਾ ਹਿੱਸਾ ਹਨ। ਇਨ੍ਹਾਂ ਦੇ ਪ੍ਰਤੀ ਸਾਡੀ ਸੋਚ ਛੋਟੀ ਹੈ। ਇਨ੍ਹਾਂ ਦੇ ਜੀਵਨ ਦੇ ਲੁਕਵੇਂ ਪੱਖਾਂ ਤੋਂ ਸਮਾਜ ਅਣਜਾਣ ਹੈ। ਹਰ ਵਿਅਕਤੀ ਇਨ੍ਹਾਂ ਨੂੰ ਅਸ਼ਲੀਲ ਸਮਝ ਕੇ ਪਿੱਛਾ ਛੁਡਾਉਣਾ ਚਾਹੁੰਦਾ ਹੈ। ਹਿੱਜ ਸ਼ਬਦ ਨੂੰ ਸਪਸ਼ਟ ਕਰਦੇ ਹੋਏ ਇਸ ਵਰਗ ਦੀ ਸਮਾਜਿਕ ਪਹਿਚਾਣ ਦੇ ਮਸਲੇ ਨੂੰ ਪੇਸ਼ ਕੀਤਾ ਗਿਆ ਹੈ।

ਨਿਰੰਜਣ ਬੋਹਾ, ਪੰਜਾਬੀ ਨਾਵਲ ਵਿਚ ਅਤਿ ਹਾਸ਼ੀਆ ਗਤ ਤੇ ਸੰਤਾਪੇ ਲੋਕ (ਹੀਜੜੇ, ਵੇਸਵਾ, ਮੁੱਲ ਦੀਆਂ ਔਰਤਾਂ ਤੇ ਛੜੇ), ਅਜੋਕੇ ਸ਼ਿਲਾਲੇਖ, ਜੋਗਿੰਦਰ ਕੈਰੋਂ, ਅੰਮ੍ਰਿਤਸਰ, 2012.

ਇਸ ਪੇਪਰ ਵਿਚ ਸਾਹਿਤ ਦੀਆਂ ਸੀਮਾਵਾਂ ਤੋਂ ਬਾਹਰ ਰਹੇ ਅਤਿ ਹਾਸ਼ੀਆ ਗਤ ਲੋਕਾਂ ਨੂੰ ਵੀ ਹਮਦਰਦੀ ਦਾ ਪਾਤਰ ਬਣਾ ਕੇ ਉਨ੍ਹਾਂ ਦੀ ਸਮਾਜਿਕ ਉਪਯੋਗਤਾ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਹੈ। ਸਮਾਜ ਵਿਚ ਇਹ ਵਰਗ ਅੱਜ ਵੀ ਆਪਣੇ ਸਮਾਜਿਕ ਵਿਕਾਸ ਲਈ ਲੜਾਈ ਲੜ ਰਿਹਾ ਹੈ। ਇਸ ਬੰਦ ਸਮਾਜ ਨੂੰ ਖੋਲ੍ਹਣ ਲਈ ਸਮਾਜ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਕੁਦਰਤ ਵੱਲੋਂ ਮਿਲੀ ਲਿੰਗਕ ਅਪੂਰਨਤਾ ਕਾਰਨ

ਪੈਦਾ ਹੋਈ ਹੀਣ ਭਾਵਨਾ ਅਤੇ ਸਮਾਜ ਦਾ ਉਸ ਪ੍ਰਤੀ ਤ੍ਰਿਸਕਾਰ ਪੂਰਨ ਵਤੀਰਾ ਇਸ ਵਰਗ ਨੂੰ ਸਭਿਅਕ ਸਮਾਜ ਨਾਲੋਂ ਵੱਖਰਾ ਸਮਾਜ ਬਣਾ ਕੇ ਰਹਿਣ ਲਈ ਮਜਬੂਰ ਕਰ ਦਿੰਦਾ ਹੈ।

ਨਿਰੰਜਣ ਬੋਹਾ, ਹਾਸ਼ੀਏ ਤੋਂ ਪਾਰ ਵਿਚਰਦੇ ਕਿੰਨਰ ਵਰਗ ਦੀ ਵੇਦਨਾ ਤੇ ਸੰਵੇਦਨਾ (ਪੰਜਾਬੀ ਗਲਪ ਦੇ ਸੰਦਰਭ ਵਿਚ), 'ਸ਼ਬਦ'ਜੁਲਾਈ –ਸਤੰਬਰ, 2017.

ਇਸ ਪੇਪਰ ਵਿਚ ਹਾਸ਼ੀਏ ਤੋਂ ਪਾਰ ਵਿਚਰ ਰਹੇ ਕਿੰਨਰ ਸਮਾਜ ਨੂੰ ਗਲਪ ਦੇ ਪ੍ਰਸੰਗ ਵਿਚ ਵੱਖ-ਵੱਖ ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ। ਇਸ ਬੰਦ ਸਮਾਜ ਨੂੰ ਖੋਲ੍ਹਣ ਲਈ ਗਲਪੀ ਸਾਹਿਤ ਦੀ ਘਾਟ ਉੱਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਕੁਦਰਤ ਵੱਲੋਂ ਮਿਲੀ ਲਿੰਗਕ ਅਪੂਰਨਤਾ ਕਾਰਨ ਪੈਦਾ ਹੋਈ ਹੀਣ ਭਾਵਨਾ ਅਤੇ ਸਮਾਜ ਦਾ ਇਸ ਵਰਗ ਪ੍ਰਤੀ ਨਕਾਰਾਤਮਿਕ ਰਵੱਵਈਏ ਨੇ ਕਿਸ ਤਰ੍ਹਾਂ ਇਸ ਸਮਾਜ ਨੂੰ ਅਲੱਗ ਆਪਣਾ ਇਕ ਸਭਿਆਚਾਰ ਬਣਾ ਕੇ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਹੈ।

ਸੁਸ਼ੀਲ ਦੁਸਾਂਝ (ਸੰਪਾਦਕ), ਕਿੰਨਰ ਸਾਹਿਤ ਲਈ ਵੀ ਅਛੂਤ ਕਿਉਂ, ਹੁਣ (ਸੰਪਾਦਕ), ਅੰਕ 27, ਮਈ - ਅਗਸਤ 2014.

ਸੰਪਾਦਕ ਨੇ ਆਪਣੀ ਸੰਪਾਦਕੀ ਵਿਚ ਕਿੰਨਰਾਂ ਦੀ ਹਾਸ਼ੀਆ ਗਤ ਸਥਿਤੀ ਦਾ ਵਰਣਨ ਕੀਤਾ ਹੈ। ਸੰਪਾਦਕ ਨੇ ਕਹਾਣੀ ਤੇ ਨਾਵਲਾਂ ਬਾਰੇ ਵੀ ਲਿਖਿਆ ਹੈ, ਜਿਨ੍ਹਾਂ ਵਿਚ ਕਿੰਨਰਾਂ ਦਾ ਜ਼ਿਕਰ ਆਉਂਦਾ ਹੈ। ਸੋ ਲੇਖਕ ਨੇ ਆਸ ਪ੍ਰਗਟਾਈ ਹੈ ਕਿ ਹਾਸ਼ੀਏ ਤੇ ਬੈਠੇ ਹੋਏ ਵਰਗ ਦੀ ਬਾਂਹ ਫੜ ਕੇ ਉਸ ਨੂੰ ਸਮਾਜਿਕ ਵਿਕਾਸ ਦੀ ਲੜੀ ਵਿਚ ਜੋੜਿਆ ਜਾਵੇ ਤਾਂ ਜੋ ਇਹ ਵਰਗ ਵੀ ਆਪਣੀ ਜੀਵਨ ਸ਼ੈਲੀ ਵਿਚ ਸੁਧਾਰ ਕਰ ਸਕੇ।

**ਪੁਸਤਕ ਰੂਪ ਵਿਚ (ਸੰਪਾਦਿਤ ਪੁਸਤਕਾਂ)-**

ਸੰਪਾਦਕ ਹੁਸੈਨ ਬਲੋਚ (ਲਿਪੀਅੰਤਰ) ਹਰਬੰਸ ਸਿੰਘ ਧੀਮਾਨ, ਤੀਸਰੀ ਜਿਨਸ (ਹੀਜੜਿਆਂ ਦੀ ਜ਼ਿੰਦਗੀ ਬਾਰੇ), ਸੰਗਮ ਪਬਲੀਕੇਸ਼ਨਜ਼, 2017.ਹਰਬੰਸ ਸਿੰਘ ਧੀਮਾਨ ਨੇ ਇਸ ਪੁਸਤਕ ਨੂੰ ਉਰਦੂ ਤੋਂ ਪੰਜਾਬੀ ਵਿਚ ਅਨੁਵਾਦ ਕਰਕੇ ਵਿਸ਼ੇਸ਼ ਕਾਰਜ ਕੀਤਾ। ਇਹ ਪੁਸਤਕ ਪਾਕਿਸਤਾਨ ਵਿਚ ਹੀਜੜਿਆਂ ਦੀ ਜ਼ਿੰਦਗੀ

ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਦੀ ਹੈ। ਇਸ ਪੁਸਤਕ ਵਿਚ ਕਿੰਨਰਾਂ ਦੀ ਇੰਟਰਵਿਊ ਕਰਕੇ ਤੱਥ ਪੇਸ਼ ਕੀਤੇ ਗਏ ਹਨ। ਇਸ ਵਰਗ ਦੁਆਰਾ ਵਰਤੀ ਜਾਂਦੀ ਕੋਡ ਭਾਸ਼ਾ ਨੂੰ ਵੀ ਪੇਸ਼ ਕੀਤਾ ਗਿਆ ਹੈ।

ਡਾ.ਤੇਜਿੰਦਰ ਪਾਲ ਕੌਰ (ਸੰਪਾ.), ਸੰਤਾਪ 'ਚ ਮਨੁੱਖੀ ਸੰਤਾਪ, ਤਰਲੋਚਨ ਪਬਲਿਸ਼ਰਜ਼, 2014.

ਇਸ ਪੁਸਤਕ ਵਿਚ 16 ਖੋਜ-ਪੱਤਰ ਸ਼ਾਮਿਲ ਹਨ, ਜਿਨ੍ਹਾਂ ਵਿਚ ਔਰਤ ਵਿਦਵਾਨਾਂ ਨੇ ਇਸ ਬਰਾਦਰੀ ਬਾਰੇ ਨਾਵਲ ਪੜ੍ਹ ਕੇ, ਉਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਆਲੋਚਨਾ ਦੇ ਪੱਖ ਤੋਂ ਕਿੰਨਰ ਵਰਗ ਦੀ ਦਾਸਤਾਨ ਨੂੰ ਪੇਸ਼ ਕਰਦੀ ਸ਼ਾਇਦ ਇਹ ਪਹਿਲੀ ਪੁਸਤਕ ਹੈ। ਇਹ ਪੁਸਤਕ ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ' ਨੂੰ ਆਧਾਰ ਬਣਾ ਕੇ ਲਿਖੀ ਗਈ ਹੈ।

ਪੰਜਾਬੀ ਗਲਪ ਨੇ ਭਾਵੇਂ ਅਤਿ ਹਾਸ਼ੀਆ ਕ੍ਰਿਤ ਵਰਗਾ ਬਾਰੇ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ ਪਰ ਇਸ ਵਰਗ ਬਾਰੇ ਲਿਖੇ ਸਾਹਿਤ ਦੀ ਹਾਲੇ ਵੀ ਘਾਟ ਮਹਿਸੂਸ ਕੀਤੀ ਜਾਂਦੀ ਹੈ। ਕਿੰਨਰ ਸਮਾਜ ਨਾਲ ਸੰਬੰਧਿਤ ਸਮੱਸਿਆਵਾਂ ਦੇ ਨਾਲ ਵੱਖ ਵੱਖ ਵਿਸ਼ਿਆਂ ਵਿਚ ਵੱਖ- ਵੱਖ ਪੱਖਾਂ ਨੂੰ ਲੈ ਕੇ ਖੋਜ ਕਾਰਜ ਕੀਤਾ ਗਿਆ। ਪੰਜਾਬੀ ਸਾਹਿਤ ਵਿਚ ਵੀ ਇਸ ਖੋਜ ਕਾਰਜ ਦੀ ਕਮੀ ਮਹਿਸੂਸ ਹੋਈ। ਸੋ ਕਿੰਨਰ ਸਮਾਜ ਨਾਲ ਸੰਬੰਧਿਤ ਸਮੱਸਿਆਵਾਂ ਨਾਲ ਪੰਜਾਬੀ ਸਾਹਿਤ ਵਿਚ ਵੀ ਇਸ ਪੱਖ ਤੋਂ ਖੋਜ ਕਾਰਜ ਹੋਣਾ ਚਾਹੀਦਾ ਹੈ। ਬੇਸ਼ੱਕ ਮੌਜੂਦਾ ਸਮੇਂ ਵਿਚ ਕਿੰਨਰਾਂ ਬਾਰੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਖੋਜ ਕਾਰਜ ਜੰਗੀ ਪੱਧਰ ਤੇ ਜਾਰੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਖੋਜਾਰਥਣ ਸੰਦੀਪ ਕੌਰ ਡਾ. ਸੁਰਜੀਤ ਸਿੰਘ ਪੰਜਾਬੀ ਵਿਭਾਗ ਵਿਖੇ 'ਪੰਜਾਬ ਵਿਚ ਹਿਜੜਿਆਂ ਦੀ ਲੋਕ-ਧਾਰਾ ਅਤੇ ਸਭਿਆਚਾਰ (2017)' ਅਤੇ ਦਿੱਲੀ ਯੂਨੀਵਰਸਿਟੀ ਵਿਚ ਖੋਜਾਰਥੀ ਮਨਜੀਤ ਸਿੰਘ ਡਾ.ਕੁਲਵੀਰ ਗੋਜਰਾ ਪੰਜਾਬੀ ਵਿਭਾਗ ਵਿਚ 'ਕੁਈਅਰ ਸਿਧਾਂਤ ਅਤੇ ਪੰਜਾਬੀ ਗਲਪ ਵਿਚ ਤੀਸਰੇ ਲਿੰਗ ਦੀ ਪਹਿਚਾਣ ਦੇ ਮਸਲੇ (2018)' ਉੱਤੇ ਆਪਣਾ ਪੀਐੱਚਡੀ ਦਾ ਖੋਜ ਕਾਰਜ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਇਸ ਵਿਸ਼ੇ ਦੀ ਸਾਰਥਿਕਤਾ ਹੋਰ ਵੀ ਵੱਧ ਜਾਂਦੀ ਹੈ। ਅਜਿਹਾ ਖੋਜ ਕਾਰਜ ਇਕ ਮੌਲਿਕ ਖੋਜ ਕਾਰਜ ਹੋ ਨਿੱਬੜਦਾ ਹੈ।

ਕਿੰਨਰ ਅਸਲ ਵਿਚ ਕੌਣ ਹਨ? ਵਰਤਮਾਨ ਸਮੇਂ ਵਿਚ ਇਸ ਵਿਸ਼ੇ ਦਾ ਮਹੱਤਵ ਕਿਉਂ ਵਧ ਰਿਹਾ ਹੈ। ਕਿੰਨਰ ਕੀ ਹੁੰਦਾ ਹੈ? ਇਸ ਦਾ ਅਸਲ ਰੂਪ ਵਿਚ ਕੀ ਅਰਥ ਹੈ? ਆਦਿ ਪ੍ਰਸ਼ਨਾਂ ਦੇ ਉੱਤਰ ਤਲਾਸ਼ਣਾ ਬਹੁਤ ਜ਼ਰੂਰੀ ਹੈ। ਸਮਾਜ ਦੇ ਤੀਸਰੀ ਹੋਂਦ ਦੇ ਰੂਪ ਵਿਚ ਦੁਨੀਆ ਵਿਚ ਸ਼ਾਮਿਲ ਇਸ ਸਮਾਜ ਦੇ ਲੋਕਾਂ ਨੂੰ ਅਸਲ ਵਿਚ ਕਿਸ ਨਾਮ ਦੇ ਨਾਲ ਜਾਣਿਆਂ ਜਾਵੇ ਜਾਂ ਇਨ੍ਹਾਂ ਨੂੰ ਕਿਸ ਨਾਮ ਦੇ ਨਾਲ ਸੰਬੋਧਨ ਕੀਤਾ ਜਾਵੇ। ਇਸ ਦੀ ਵਿਚਾਰ-ਚਰਚਾ ਕਰਨੀ ਅਤਿ ਜ਼ਰੂਰੀ ਹੈ। ਮਾਣ-ਯੋਗ ਸੁਪਰੀਮ ਕੋਰਟ ਨੇ ਕਿੰਨਰ ਸਮਾਜ ਨੂੰ 15 ਅਪ੍ਰੈਲ 2014 ਦੇ ਵਿਚ ' ਤੀਸਰੇ ਜੈਂਡਰ ' ਦੇ ਰੂਪ ਵਿਚ ਮਾਨਤਾ ਦਿੱਤੀ। ਕੋਰਟ ਦੇ ਫ਼ੈਸਲੇ ਨਾਲ ਇਸ ਸਮਾਜ ਨੂੰ ਵੱਖਰਤਾ ਦੇ ਨਾਲ ਦੇਖਿਆ ਜਾਣ ਲੱਗਾ, ਕਿਉਂਕਿ 'ਤੀਸਰੇ ਜੈਂਡਰ ' ਦੇ ਨਾਮਕਰਨ ਤੋਂ ਇਸ ਸਮਾਜ ਨੂੰ ਅਲੱਗ ਦੇਖਣ ਦਾ ਭਾਵ ਸਮਾਜ ਵਿਚ ਪ੍ਰਚਲਿਤ ਹੋ ਗਿਆ ਹੈ। ਕਿੰਨਰ ਦੇ ਜਨਮ ਬਾਰੇ ਵੱਖਰੇ-ਵੱਖਰੇ ਵਿਚਾਰ ਸਮਾਜ ਵਿਚ ਮਿਲਦੇ ਹਨ, ਜਿਨ੍ਹਾਂ ਵਿਚੋਂ ਵਿਗਿਆਨ ਦੇ ਅਨੁਸਾਰ ਕਿੰਨਰ ਦਾ ਜਨਮ ਕਿਉਂ ਹੁੰਦਾ ਹੈ ?

**ਵਿਗਿਆਨ ਅਨੁਸਾਰ ਕਿੰਨਰ ਦਾ ਜਨਮ:**

'ਹੀਜੜੇ' ਜਾਂ 'ਕਿੰਨਰ' ਨੂੰ ਨਾ ਤਾਂ ਆਦਮੀ ਅਤੇ ਨਾ ਹੀ ਇਸਤਰੀ ਦੇ ਰੂਪ ਵਿਚ ਸਵੀਕਾਰਿਆ ਜਾਂਦਾ ਹੈ। ਬਲਕਿ ਮਰਦ ਸਰੀਰ ਵਿਚ ਇਸਤਰੀ ਦਾ ਹੋਣਾ ਸਵੀਕਾਰਿਆ ਹੈ। ਇਸ ਤਰ੍ਹਾਂ ਕੁਝ ਇਸਤਰੀ ਸਰੀਰ ਵਿਚ ਮਰਦ ਦਾ ਹੋਣਾ। ਬੱਚੇ ਦਾ ਲਿੰਗ ਉਸ ਦੀਆਂ ਜਣਨ ਇੰਦਰੀਆਂ ਨੂੰ ਦੇਖ ਕੇ ਹੀ ਤੈਅ ਕੀਤਾ ਜਾਂਦਾ ਹੈ। ਜੇ ਮਰਦਾਵਾਂ ਅੰਗ ਦਿਸੇ ਤਾਂ ਮੁੰਡਾ ਕਹਿ ਦਿੰਦੇ ਹਾਂ ਤੇ ਔਰਤਾਨਾਂ ਅੰਗ ਦਿਸਣ ਤਾਂ ਕੁੜੀ। ਆਮ ਤੌਰ ਤੇ ਸਹੀ ਇਹੀ ਹੀ ਹੁੰਦਾ ਹੈ। ਪਰੰਤੂ ਕਈ ਵਾਰ ਗੜਬੜੀ ਵੀ ਹੋ ਜਾਂਦੀ ਹੈ। ਕਈ ਵਾਰ ਦਿਖਾਈ ਦੇਣ ਵਾਲਾ ਲਿੰਗ ਅਲੱਗ ਹੁੰਦਾ ਹੈ ਤੇ ਬੱਚੇ ਦਾ ਦਿਮਾਗ਼ ਅਲੱਗ ਤਰੀਕੇ ਨਾਲ ਵਧਦਾ ਫੁੱਲਦਾ ਹੈ। ਮਰਦ-ਔਰਤ ਨੂੰ ਅਲੱਗ-ਅਲੱਗ ਬਣਾਉਣ ਵਾਲੇ ਐਕਸ ਤੇ ਵਾਈ ਕਰੋਮੋਸੋਮ ਦੇ ਘੱਟ ਵੱਧ ਪ੍ਰਭਾਵ ਦੇ ਕਾਰਨ ਅਜਿਹਾ ਹੁੰਦਾ ਹੈ। ਅਸਲ ਵਿਚ ਗਰਭ ਵਿਚ ਹੀ ਤੈਅ ਹੋ ਜਾਂਦਾ ਹੈ ਕਿ ਮੁੰਡਾ ਹੈ ਜਾਂ ਕੁੜੀ। ਕੁੜੀ ਤੇ ਮੁੰਡੇ ਦਾ ਅੰਤਰ ਦਿਖਾਉਣ ਲਈ ਐਕਸ ਐਕਸ ਤੇ ਐਕਸ ਵਾਈ ਕਰੋਮੋਸੋਮ ਹੁੰਦੇ ਹਨ। ਜੇ ਐਕਸ ਐਕਸ ਕਰੋਮੋਸੋਮ ਹੋਣਗੇ ਤਾਂ ਕੁੜੀ ਅਤੇ ਜੇ ਐਕਸ ਵਾਈ ਕਰੋਮੋਸੋਮ ਹੋਣਗੇ ਤਾਂ ਮੁੰਡਾ। ਕਈ ਵਾਰ ਕੁਦਰਤ ਦੀ ਪ੍ਰਕਿਰਿਆ ਸਹਿਜਤਾ ਨਾਲ

ਪੂਰੀ ਨਹੀਂ ਹੁੰਦੀ ਅਤੇ ਲਿੰਗ ਨਿਰਧਾਰਿਤ ਹੋਣ ਵਿਚ ਗੜਬੜੀ ਹੋ ਜਾਂਦੀ ਹੈ। ਲਕਸ਼ਮੀ ਤ੍ਰਿਪਾਠੀ 'ਸ਼ਬਦ' ਮੈਗਜ਼ੀਨ ਵਿਚ ਛਪੇ ਆਪਣੇ ਖੋਜ ਪੱਤਰ ਵਿਚ ਇਸ ਦੀਆਂ ਚਾਰ ਕਿਸਮਾਂ ਬਾਰੇ ਵਰਣਨ ਕਰਦੀ ਹੈ ਜਿਵੇਂ ਟਰੇਨਰ ਸਿੰਡੋਰਮ ,ਐਡਰੋਜੇਨ ਇੰਨਸੈਸਟਿਵ ਸਿੰਡੋਰਮ। ਟਰਨਰ ਸਿੰਡੋਰਮ ਵਿਚ ਗਰਭ ਦਾ ਕਰੋਮੋਸੋਮ ਐਕਸ ਐਕਸ(xx) ਜਾਂ ਐਕਸ ਵਾਈ(xy) ਨਹੀਂ ਹੁੰਦਾ ,ਉਹ ਐਕਸ ਓ(xo) ਹੁੰਦਾ ਹੈ। ਪਿਤਾ ਵੱਲੋਂ ਆਉਣ ਵਾਲੇ ਗਰਭ ਨੂੰ ਪੁਰਸ਼ਤਵ ਦੇਣ ਵਾਲੇ ਯੂ ਕਰੋਮੋਸੋਮ ਦੇ ਨਾ ਹੋਣ ਦੀ ਵਜਾਏ ਕਰਕੇ ਬਾਹਰ ਦਿਸਦੀਆਂ ਜਣਨ ਇੰਦਰੀਆਂ ਦਾ ਵਿਕਾਸ ਇਸਤਰੀ ਵਰਗਾ ਹੁੰਦਾ ਹੈ, ਪਰ ਭੀਤਰੀ ਜਣਨ ਇੰਦਰੀਆਂ ਦੇ ਵਿਕਾਸ ਲਈ ਯਯ ਦੀ ਜ਼ਰੂਰਤ ਹੁੰਦੀ ਹੈ ਇਸ ਕਰਕੇ ਅੰਡਕੋਸ਼ ਤੇ ਗਰਭ ਕੋਸ਼ ਦਾ ਵਿਕਾਸ ਨਹੀਂ ਹੁੰਦਾ। ਵੈਸੇ ਉਹ ਇਸਤਰੀ ਹੀ ਹੁੰਦੀ ਹੈ ਪਰ ਉਸ ਦੇ ਬੱਚਾ ਨਹੀਂ ਹੋ ਸਕਦਾ। ਦੂਜੀ ਕਿਸਮ ਹੁੰਦੀ ਹੈ, ਐਡਰੋਜੇਨ ਇੰਨਸੈਸਟਿਵ ਸਿੰਡੋਰਮ ਵਿਚ ਟੈਸਟਾਸਟਰਾਨ ਹਾਰਮੋਨਜ ਨੂੰ ਗਰਭ ਰਿਸਪੋਂਸ ਨਹੀਂ ਦਿੰਦਾ। ਗਰਭ ਜੇ ਪੁਰਸ਼ ਦਾ ਹੈ (ਐਕਸ ਵਾਈ) ਤਾਂ ਇਸ ਕਾਰਨ ਉਸ ਦੀਆਂ ਪੁਰਸ਼ ਜਣਨ ਇੰਦਰੀਆਂ ਦਾ ਵਿਕਾਸ ਨਹੀਂ ਹੁੰਦਾ। ਨਵਜਾਤ ਬੱਚੀ ਦੀ ਜਣਨ ਇੰਦਰੀ ਇਸਤਰੀ ਦੀ ਹੁੰਦੀ ਹੈ ਪਰ ਅੰਡਕੋਸ਼ ਤੇ ਗਰਭ ਕੋਸ਼ ਨਹੀਂ ਹੁੰਦੇ। ਪਰ ਛਾਤੀਆਂ ਦਾ ਵਿਕਾਸ ਹੋ ਜਾਂਦਾ ਹੈ। ਉਸ ਨੂੰ ਮਾਹਵਾਰੀ ਵੀ ਨਹੀਂ ਆਉਂਦੀ ਤੇ ਬੱਚੇ ਵੀ ਨਹੀਂ ਹੋ ਸਕਦੇ। ਜਿਨੈਟੀਕਲ ਉਹ ਐਕਸ ਵਾਈ ਜਾਣੀ ਕਿ ਲੜਕਾ ਹੁੰਦਾ ਹੈ।

ਤੀਜੀ ਕਿਸਮ ਵਿਚ ਪੁਰਸ਼ ਹਾਰਮੋਨਜ਼ ਦਾ ਐਡਰੋਜੇਨ ਦਾ ਲੈਵਲ ਬਹੁਤ ਵਧ ਜਾਂਦਾ ਹੈ । ਜੇਕਰ ਗਰਭ ਮੁੰਡੇ ਦਾ ਹੋਵੇ ਤਾਂ ਕੋਈ ਪ੍ਰਸ਼ਨ ਪੈਦਾ ਨਹੀਂ ਹੁੰਦਾ ਪਰ ਜੇ ਗਰਭ ਕੁੜੀ ਵਾਲਾ ਹੋਵੇ ਤਾਂ ਜਨਮੀ ਹੋਈ ਕੁੜੀ ਪੁਰਸ਼ ਟਾਮਬਾਈਸ ਵਾਲੀ ਹੁੰਦੀ ਹੈ। ਚੌਥੀ ਕਿਸਮ ਵਿਚ ਪੁਰਸ਼ ਹਾਰਮੋਨਜ਼ ,ਟੈਸਟਾਸਟਰਾਨ ਕਾਫ਼ੀ ਘੱਟ ਮਾਤਰਾ ਵਿਚ ਹੁੰਦੇ ਹਨ। ਇਸਤਰੀ ਗਰਭ ਹੋਵੇ ਤਾਂ ਕੋਈ ਮੁਸ਼ਕਿਲ ਨਹੀਂ ਪਰ ਜੇ ਪੁਰਸ਼ ਗਰਭ ਹੋਵੇ ਥਾਂ ਜਣਨ ਇੰਦਰੀਆਂ ਆਦਮੀਆਂ ਵਰਗੀਆਂ ਹੋਣ ਦੇ ਬਾਵਜੂਦ ਸੋਚ ਤੇ ਭਾਵਨਾਵਾਂ ਆਦਿ ਵਿਚ ਇਸਤਰਿਤਵ ਹੁੰਦਾ ਹੈ। ਉਹਨੂੰ ਔਰਤ ਵਾਂਗ ਰਹਿਣਾ ਪਸੰਦ ਹੁੰਦਾ ਹੈ। ਕਿਸ਼ੋਰ ਅਵਸਥਾ ਵਿਚ ਆਉਣ ਤੇ ਅਜਿਹੇ ਮੁੰਡੇ ਮਰਦਾਂ ਵੱਲ ਹੀ ਖਿੱਚੇ ਜਾਣ ਲੱਗਦੇ ਹਨ।

ਲਕਸ਼ਮੀ ਤ੍ਰਿਪਾਠੀ ‘ਸ਼ਬਦ ’ਮੈਗਜ਼ੀਨ ਜੁਲਾਈ-ਸਤੰਬਰ,2017 ਵਿਚ ਪ੍ਰਕਾਸ਼ਿਤ ਆਪਣੇ ਖੋਜ ਪੱਤਰ ‘ਹਿਜੜਿਆਂ ਦੇ ਇਤਿਹਾਸ’ ਵਿਚ ਵਿਚਾਰ ਪੇਸ਼ ਕਰਦੇ ਲਿਖਦੇ ਹਨ ਕਿ ਕਿੰਨਰਾਂ ਨੂੰ ਸਮਝਣ ਦੇ ਲਈ ਇਹ ਚੌਥੀ ਕਿਸਮ ਹੀ ਮਹੱਤਵਪੂਰਨ ਹੁੰਦੀ ਹੈ । ‘ਕਿੰਨਰ ਦਾ ਸਰੀਰ ਪੁਰਸ਼ ਵਾਲਾ ਹੁੰਦਾ ਹੈ ਤੇ ਪ੍ਰਵਿਰਤੀਆਂ ਤੇ ਭਾਵਨਾਵਾਂ ਔਰਤਾਂ। ਸਰੀਰ ਔਰਤਾਂ ਵਾਲਾ ਤੇ ਭਾਵਨਾਵਾਂ ਪੁਰਸ਼ਾਂ ਵਾਲੀਆਂ ,ਅਜਿਹੀਆਂ ਵੀ ਕੁਝ ਔਰਤਾਂ ਹੁੰਦੀਆਂ ਹਨ। ਇਹ ਤੀਜੀ ਕਿਸਮ ਹੁੰਦੀ ਹੈ ,ਟਾਮਬਾਈਸ ਕੁੜੀਆਂ ।’(28)

ਵਿਗਿਆਨਕ ਤੌਰ ‘ਤੇ ਬਾਹਰੀ ਬਣਤਰਾਂ ਤਾਂ ਮਰਦ ਜਾਂ ਔਰਤ ਵਾਂਗ ਸਪਸ਼ਟ ਹੁੰਦੀਆਂ ਹਨ ਪਰ ਅੰਦਰਲੇ ਜਣਨ ਅੰਗਾਂ ਦਾ ਪੂਰੀ ਤਰ੍ਹਾਂ ਵਿਕਾਸ ਨਹੀਂ ਹੁੰਦਾ । ਜਿਸ ਨੂੰ ਬਾਂਝਪਣ ਦਾ ਨਾਂ ਦਿੱਤਾ ਜਾ ਸਕਦਾ ਹੈ । ਕਿੰਨਰਾਂ ਨੂੰ ਇਸ ਪੱਖ ਤੋਂ ਵਿਚਾਰਿਆ ਜਾ ਸਕਦਾ ਹੈ । ਇਨ੍ਹਾਂ ਦਾ ਸਰੀਰ ਮਰਦ ਅਤੇ ਭਾਵਨਾਵਾਂ ਔਰਤ ਵਾਲੀਆਂ ਹੁੰਦੀਆਂ ਹਨ ।

**ਜੋਤਿਸ਼ ਸ਼ਾਸਤਰ ਅਤੇ ਕਿੰਨਰ ਦਾ ਜਨਮ:**

ਜਿੱਥੇ ਵਿਗਿਆਨ ਨੇ ਕ੍ਰੋਮੋਸੋਮ ਦੇ ਸਹੀਂ ਅਨੁਪਾਤ ਦੇ ਕਾਰਨ ਕਿੰਨਰ ਜਾਂ ਹੀਜੜਾ ਦੇ ਜਨਮ ਦਾ ਕਾਰਨ ਮੰਨਿਆ ਗਿਆ ਹੈ । ਉੱਥੇ ਜੋਤਿਸ਼ ਸ਼ਾਸਤਰ ਵੀ ਕਈ ਮਾਨਤਾਵਾਂ ਰੱਖਦਾ ਹੈ । ਆਮ ਲੋਕ ਚਾਹੇ ਪੜ੍ਹੇ ਹੋਣ ਜਾਂ ਅਨਪੜ੍ਹ, ਸਾਰੇ ਹੀ ਜੋਤਿਸ਼ ਸ਼ਾਸਤਰ ਦੇ ਵਿਚ ਵਿਸ਼ਵਾਸ ਰੱਖਦੇ ਹਨ । ਲੋਕਾਂ ਦਾ ਮੰਨਣਾ ਹੈ , ਕਿ ਕਿੰਨਰ ਬੁੱਧਵਾਰ ਦੇ ਦਿਨ ਕਿਸੇ ਮਰਦ, ਪੁਰਸ਼ ਅਤੇ ਬੱਚੇ ਨੂੰ ਅਸ਼ੀਰਵਾਦ ਦੇ ਦੇਣ ਤਾਂ ਉਸ ਦੇ ਭਾਗ ਖੁੱਲ੍ਹ ਜਾਂਦੇ ਹਨ । ਜੋਤਿਸ਼ ਸ਼ਾਸਤਰ ਵਿਚ ਗ੍ਰਹਿਆਂ ਅਤੇ ਰਾਸ਼ੀ-ਫਲ ਤੋਂ ਜੋ ਵਿਆਖਿਆ ਮਿਲਦੀ ਹੈ, ਵੈਸ਼ਨਵ ਪੀ.ਵੀ. ਦੀ ਪੁਸਤਕ ‘ਥਰਡ ਜੈਂਡਰ ਵਿਮਰਸ਼’ਅਨੁਸਾਰ:

ਜਨਮ-ਪੱਤਰੀ ਦੇ ਅੱਠਵੇਂ ਘਰ ਦੇ ਵਿਚ ਸ਼ੁੱਕਰ ਅਤੇ ਸ਼ਨੀ ਮੌਜੂਦ ਹੋਣ ਅਤੇ ਇਨ੍ਹਾਂ ਨੂੰ ਗੁਰੂ ਚੰਦਰ ਨਹੀਂ ਦੇਖ ਰਹੇ ਹੋਣ ਤਾਂ ਵਿਅਕਤੀ ਨਿਪੁੰਸਕ ਹੋ ਸਕਦਾ ਹੈ । ਮੇਘ, ਮਿਥੁਨ ,ਸਿੰਘ, ਤੁਲਾ, ਕੁੰਭ,ਲਗਨ ਹੋ ਬਰਸ ,ਕਰਕ ,ਕੰਨਿਆ ,ਬ੍ਰਹਿਸ਼ਕ,ਮਕਰ,ਮੀਨ ਰਾਸ਼ੀ ਦੇ ਵਿਚ ਮੰਗਲ ਹੋਣੇ ਅਤੇ ਇਸ ਦੀ ਦ੍ਰਿਸ਼ਟੀ

ਲਗਨ ਸਥਾਨ ਭਾਵ ਪਹਿਲੇ ਘਰ ਜਾਂ ਪਹਿਲੇ ਘਰ ਦੇ ਸੁਆਮੀ ਉੱਤੇ ਹੋਵੇ ਤਾਂ ਵਿਅਕਤੀ ਅਵਿਕਸਿਤ ਜਣਨ ਹੋ ਸਕਦਾ ਹੈ।(35)

ਜੋਤਿਸ਼ ਸ਼ਾਸਤਰ ਦੇ ਵਿਚ ਕਈ ਹੋਰ ਗ੍ਰਹਿ ਯੋਗ ਦੇ ਬਾਰੇ ਅੰਕਿਤ ਹੈ, ਜਿਸ ਦੇ ਕਾਰਨ ਵਿਅਕਤੀ ਕਿੰਨਰ ਪੈਦਾ ਹੁੰਦਾ ਹੈ। ਸ਼ਾਸਤਰਾਂ ਦੇ ਅਨੁਸਾਰ ਦੱਸਿਆ ਗਿਆ ਹੈ ਕਿ ਪੂਰਵ ਜਨਮ ਦੇ ਗੁਨਾਹ ਅਤੇ ਪਾਪ ਦੇ ਕਾਰਨ ਵਿਅਕਤੀ ਕਿੰਨਰ ਦੇ ਰੂਪ ਵਿਚ ਜਨਮ ਲੈਂਦਾ ਹੈ। ਸ਼ਾਸਤਰ ਦੇ ਵਿਚ ਇਸ ਨੂੰ ਸਰਾਪ ਤੋਂ ਪਾਪ ਹੋਇਆ ਜੀਵਨ ਕਿਹਾ ਗਿਆ ਹੈ। ਉਦਾਹਰਨ ਦੇ ਲਈ ਅਰਜਨ ਸਰਾਪ ਦੇ ਕਾਰਨ ਕਿੰਨਰ ਹੋਏ ਸੀ ਅਤੇ ਸ਼ਿਖੰਡੀ ਪੂਰਵ ਜਨਮ ਦੇ ਕਰਮਾਂ ਦੇ ਨਾਲ ਇਸ ਰੂਪ ਵਿਚ ਪੈਦਾ ਹੋਏ ਸਨ।

**ਕਿੰਨਰ ਦਾ ਅਰਥ ਅਤੇ ਪਰਿਭਾਸ਼ਾ:**

ਵੱਖ-ਵੱਖ ਭਾਸ਼ਾਵਾਂ ਵਿਚ ਕਿੰਨਰ ਲਈ ਵੱਖਰੇ-ਵੱਖਰੇ ਸ਼ਬਦ ਵਰਤੇ ਜਾਂਦੇ ਹਨ। ਇਸ ਦੀ ਵੱਖਰਤਾ ਇਲਾਕੇ ਅਤੇ ਵੱਖ-ਵੱਖ ਰਾਜਾਂ ਵਿਚ ਅਲੱਗ-ਅਲੱਗ ਹੈ। ਹਰ ਇਲਾਕੇ ਦੇ ਹਿਸਾਬ ਨਾਲ ਸ਼ਬਦ ਵਰਤਿਆ ਜਾਂਦਾ ਹੈ। ਖੋਜ ਦੀ ਰੌਸ਼ਨੀ ਜਿੰਨੀ ਹੀ ਰੌਸ਼ਨ ਹੁੰਦੀ ਗਈ, ਹਿਜੜਿਆਂ ਦੇ ਲਈ 'ਕਿੰਨਰ' ਨਾਮ ਉਸੇ ਤਰ੍ਹਾਂ ਹੀ ਸਰਬ-ਵਿਆਪਕ ਹੁੰਦਾ ਗਿਆ। ਲੋਕ ਉਨ੍ਹਾਂ ਨੂੰ 'ਖ਼ਵਾਜਾ','ਖਦੜਾ', 'ਖੁਸਰਾ', 'ਹੀਜੜਾ', 'ਜਨਖਾ', 'ਨਾਮਰਦ', 'ਮੁਹਨਿਸ',ਬਾਬਾ ਜੀ, ਮਾਈ 'ਫ਼ਕੀਰ', 'ਮੂਰਤ', 'ਹੀਜੜੇ 'ਦੇ ਇਲਾਵਾ ਵੀ ਕਈ ਹੋਰ ਨਾਵਾਂ ਨਾਲ ਸੰਬੋਧਨ ਕਰਦੇ ਦੇਖੇ ਜਾ ਸਕਦੇ ਹਨ। ਪੱਛਮੀ ਮੁਲਕਾਂ ਵਿਚ ਕਿਤੇ-ਕਿਤੇ ਕਿੰਨਰ ਦੇ ਲਈ 'ਗੇ' ਅਤੇ ਲੈਸਬੀਅਨ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਅਸਲ ਵਿਚ ਅਰਥ ਦੀ ਦ੍ਰਿਸ਼ਟੀ ਤੋਂ 'ਕਿੰਨਰ' ਜਾਂ 'ਟ੍ਰਾਸਜੈਂਡਰ' ਨੂੰ ਗੇ ਅਤੇ ਲੈਸਬੀਅਨ ਮੰਨਣਾ ਠੀਕ ਨਹੀਂ ਹੈ। ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਵਿਚ ਜਨਾਨਾ ਕੱਪੜੇ ਪਾ ਕੇ ਭੀਖ ਮੰਗਦੇ ਹੋਏ ਕਿੰਨਰਾਂ ਨੂੰ ਆਮ ਦੇਖਦੇ ਹਾਂ। ਭਾਰਤ ਦੀਆਂ ਅਨੇਕਾਂ ਭਾਸ਼ਾਵਾਂ ਵਿਚ ਹਿਜੜਿਆਂ ਦੇ ਲਈ ਅਨੇਕ ਕਿਸਮ ਦੇ ਨਾਮ ਪ੍ਰਚਲਿਤ ਹਨ ,ਜੋ ਕਿ ਇਸ ਤਰ੍ਹਾਂ ਹਨ:

ਉਰਦੂ-ਖ਼ਵਾਜਾ ਸਰਾਂ ਜਾਂ ਹੀਜੜਾ

ਹਿੰਦੀ -ਹੀਜੜਾ

ਬੰਗਾ -ਹੀਜੜਾ

ਤਾਮਿਲ- ਤਿਰੂਨਾਨਗਾਈ, ਅਰਾਵਨੀ, ਅਰਵੱਨੀ

ਤੇਲਗੂ- ਨਿਪੁੰਸਕ, ਖੋਜਾ, ਮਾਦਾ

ਉੜੀਆ-ਹੀਜੜਾ, ਨਿਪੁੰਸਕ

ਪੰਜਾਬੀ-ਖੁਸਰਾ, ਜਨਖਾ

ਸਿੰਧੀ-ਖੁਰਦਾ

ਗੁਜਰਾਤੀ-ਪਾਵੱਈਆ

ਮਰਾਠੀ-ਹੀਜੜਾ, ਛੱਕਾ

ਇਸ ਤੋਂ ਇਲਾਵਾ ਵਿਦੇਸ਼ੀ ਭਾਸ਼ਾਵਾਂ ਵਿਚ ਇਸ ਤਰ੍ਹਾਂ ਦੇ ਨਾਵਾਂ ਦਾ ਜ਼ਿਕਰ ਹੈ:

ਅੰਗਰੇਜ਼ੀ-ਟ੍ਰਾਸਜੈਂਡਰ, ਯੁਵਕ (eunuch), ਥਰਡ ਜੈਂਡਰ

ਬ੍ਰਾਜੀਲ-ਟ੍ਰਾਸਜੈਨਰੋ

ਸਪਾਨਿਸ-ਟ੍ਰਾਸਸੈਕੁਸਲ

ਜਰਮਨ-ਟ੍ਰਾਨਸਿੰਡ

ਇਟਾਲੀਅਨ-ਟ੍ਰਾਨਸੇਸੁਅਲ

ਪੰਜਾਬੀ ਵਿਚ ਇਸ ਵਰਗ ਲਈ ਹੀਜੜਾ ਸ਼ਬਦ ਵੀ ਵਰਤ ਲਿਆ ਜਾਂਦਾ ਹੈ । ਹੀਜੜਾ ਸ਼ਬਦ ਮੂਲ ਰੂਪ ਵਿਚ ਉਰਦੂ ਦਾ ਸ਼ਬਦ ਹੈ, ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਵਿਚ 'ਖੁਸਰਾ' ਆਖਿਆ ਜਾਂਦਾ ਹੈ। ਇਹ ਸ਼ਬਦ ਵੀ ' ਹਿਜਰ ' ਦਾ ਵਿਗੜਿਆ ਰੂਪ ਹੈ। ਨੈਸ਼ਨਲ ਪੰਜਾਬੀ ਕੋਸ਼ ਅਨੁਸਾਰ ' ਹਿਜਰ ' ਸ਼ਬਦ ਦਾ

ਅਰਥ ਹੈ, ਜੁਦਾਈ, ਵਿਛੋੜਾ, ਵਿਯੋਗ ਆਦਿ । 'ਹਿਜਰ 'ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕਿ ਆਪਣਾ ਕਬੀਲਾ ਛੱਡਿਆ ਹੋਇਆ ਜਾਂ ਉਸ ਸਮਾਜ ਵਿਚੋਂ ਬਾਹਰ ਕੱਢਿਆ ਹੋਇਆ ।' ਇਸ ਤੋਂ ਭਾਵ ਹੈ ਕਿ ਔਰਤਾਂ –ਮਰਦਾਂ ਦੇ ਸਦੀਵੀ ਸਮਾਜ ਵਿਚੋਂ ਬਾਹਰ ਨਿਕਲ ਕੇ ਇਕ ਨਵਾਂ ਸਮਾਜ ਬਣਾ ਕੇ ਰਹਿਣ ਵਾਲਾ । ਪੂਰੀ ਦੁਨੀਆ ਵਿਚ ਹੀਜੜਾ ਸਮਾਜ ਹੈ, ਜਿਹੜਾ ਆਪਣੀ ਵੱਖਰੀ ਪਛਾਣ ਰੱਖਦਾ ਹੈ । ਵੱਖ-ਵੱਖ ਇਲਾਕਿਆਂ ਦੇ ਹਿਸਾਬ ਨਾਲ ਹਰ ਹੀਜੜਾ ਸਮਾਜ ਦਾ ਆਪਣਾ ਵੱਖਰਾ ਇਤਿਹਾਸ ਹੈ ।(114)

ਅਸਲ ਵਿਚ ਸ਼ਬਦ 'ਹੇਜ' ਸੀ, ਜਿਸ ਵਿਚ 'ਰਾੜੇ' ਪਿਛੇਤਰ ਲਗਾ ਕੇ ਸ਼ਬਦ ਹੀਜੜਾ ਬਣਾ ਲਿਆ ਗਿਆ । ਜਿਸ ਤਰ੍ਹਾਂ ਨਾਈ ਨੂੰ ਨਾਈ ਊੜਾ ਅਤੇ ਕੀਮ ਨੂੰ ਹਕੀਮੜਾ ਕਹਿੰਦੇ ਹਨ । ਇਸੇ ਤਰ੍ਹਾਂ, ' ਹੇਜ ' ਨੂੰ ਹੀਜੜਾ ਬਣਾ ਲਿਆ । ਜੋ ਕਿ ਵਰਤਮਾਨ ਸਮੇਂ ਵਿਚ ਵਧੇਰੇ ਸਤਿਕਾਰਯੋਗ ਦਾ ਬਦਲ ਹੈ । ਡਾ. ਮਨਮੋਹਨ ਨੇ ਮਿਤੀ 21 ਜੂਨ 2015 ਨੂੰ ਪੰਜਾਬੀ ਟ੍ਰਿਬਿਊਨ ਵਿਚ 'ਹੀਜੜਾ' ਸ਼ਬਦ ਨੂੰ ਇਸ ਪ੍ਰਕਾਰ ਪਰਿਭਾਸ਼ਿਤ ਕੀਤਾ ਹੈ : ਸ਼ਬਦ 'ਹਿੱਜ' ਦਾ ਭਾਵ ਹੈ ਆਤਮਾ । ਇਹ ਜਿਸ ਦੇਹ 'ਚ ਰਹਿੰਦੀ ਹੈ । ਉਸ ਨੂੰ ਹੀਜੜਾ ਕਹਿੰਦੇ ਨੇ । ਹੀਜੜਾ ਸ਼ਬਦ ਦੀ ਨਿਰੁਕਤੀ ਹਿਜਰ ਤੋਂ ਵੀ ਹੋਈ ਹੈ । 'ਹਿਜਰ' ਦਾ ਭਾਵ ਉਹ ਸ਼ਖ਼ਸ ਜੋ ਆਪਣੇ ਕਬੀਲੇ ਨੂੰ ਛੱਡ ਕੇ ਬਾਹਰ ਚੱਲਿਆ ਜਾਵੇ ।(7)

ਇੰਝ ਹੀਜੜਾ ਉਹ ਵਿਅਕਤੀ ਹੈ ਜੋ ਔਰਤ-ਮਰਦ ਦੀ ਮੁੱਖ ਧਾਰਾ ਤੋਂ ਬਾਹਰ ਹੋ ਚੁੱਕਾ ਹੁੰਦਾ ਹੈ । ਹੀਜੜਾ ਸ਼ਬਦ ਸਮਾਜਿਕ ਅਰਥਾਂ 'ਚ ਹੈ ਨਾ ਕਿ ਜੈਵਿਕ । ਭਾਵ ਪ੍ਰਕਿਰਤਿਕ ਹੀਜੜਾ ਉਹ ਹੈ ਜੋ ਹੈ ਤਾਂ ਮਰਦ , ਪਰ ਉਹ ਔਰਤ ਵਾਂਗ ਮਹਿਸੂਸ ਕਰਦਾ ਹੈ । ਇਸ ਲਈ ਉਹ ਮਰਦ ਹੋ ਕੇ ਵੀ ਮਰਦ ਵੱਲ ਆਕਰਸ਼ਿਤ ਹੁੰਦਾ ਹੈ । ਉਸ ਦੇ ਹਾਵ-ਭਾਵ, ਮੁਦਰਾਵਾਂ, ਅੰਦਾਜ਼ ਭਾਸ਼ਾ ਅਤੇ ਝੁਕਾਉ ਔਰਤਾਂ ਵਾਲੇ ਹੋਣੇ ਸ਼ੁਰੂ ਹੋ ਜਾਂਦੇ ਹਨ । ਉਹ ਆਪਣੇ ਪਰਿਵਾਰ ਵਿਚ ਵੱਖਰਾ ਮਹਿਸੂਸ ਕਰਨ ਲੱਗਦਾ ਹੈ । ਉਹ ਆਪਣੇ ਵਰਗਿਆਂ ਦੀ ਤਲਾਸ਼ ਕਰਦਾ ਹੋਇਆ ਹੀਜੜਿਆਂ ਦੇ ਘਰਾਣੇ ਵਿਚ ਸ਼ਾਮਿਲ ਹੋ ਜਾਂਦਾ ਹੈ ।

ਪੰਜਾਬੀ ਵਿਚ ਇਸ ਵਰਗ ਲਈ ਖੁਸਰਾ ਸ਼ਬਦ ਵੀ ਵਰਤ ਲਿਆ ਜਾਂਦਾ ਹੈ । ਪੰਜਾਬੀ ਕੋਸ਼ ਦੇ ਭਾਸ਼ਾ ਵਿਭਾਗ ਅਨੁਸਾਰ ਖੁਸਰਾ ਦਾ ਅਰਥ 'ਨਾ ਮਰਦ ਤੇ ਨਾ ਤੀਵੀਂ ਹੋਵੇ ,ਹੀਜੜਾ ,ਨਿਪੁੰਸਕ, ਮਨੁੱਖਾਂ ਵਿਚੋਂ

ਕੋਈ ਇਕ ਜਿਸ ਦੀ ਇੰਦਰੀ ਨਾ ਹੋਵੇ ਜਾਂ ਨਾ ਹੋਣ ਬਰਾਬਰ ਹੋਵੇ ;ਵਿ ਕੁਝ ਨਾ ਕਰ ਸਕਣ ਜੋਗਾ(ਆਦਮੀ);ਜਿਸ ਪਾਸੋਂ ਕੁਝ ਖੋਹਣ ਨਾ ਖੁੱਸੇ,ਖੱਸੀ ।'(893)

ਪੰਜਾਬੀ ਕੋਸ਼ ਭਾਸ਼ਾ ਵਿਭਾਗ ਅਨੁਸਾਰ ਕਿੰਨਰ ਲਈ 'ਕਲੀਵ 'ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਜਿਸ ਦਾ ਅਰਥ ਹੈ ਨਿਪੁੰਸਕ, ਨਾਮਰਦ, ਹੀਜੜਾ, ਖੁਸਰਾ ਆਦਿ। (461)

ਹਿੰਦੀ ਪੰਜਾਬੀ ਕੋਸ਼ ਅਨੁਸਾਰ 'ਇਕ ਦੇਵ ਜੂਨੀ ਇਨ੍ਹਾਂ ਦਾ ਸਰੀਰ ਮਨੁੱਖ ਵਰਗਾ ਅਤੇ ਸਿਰ ਘੋੜੇ ਵਰਗਾ ਹੁੰਦਾ ਹੈ, ਗਾਉਣ ਵਜਾਓਣ ਵਾਲੀ ਇਕ ਜਾਤ, ਕਿੰਨਰ, ਬਾਦ ਵਿਵਾਦ,ਝਗੜਾ ।'(140)

ਹਰਦੇਵ ਬਾਹਰੀ ਦੇ ਰਾਜਪਾਲ ਹਿੰਦੀ ਸ਼ਬਦ ਕੋਸ਼ ਅਨੁਸਾਰ ਕਿੰਨਰ ਦਾ ਅਰਥ ਇਸ ਤਰ੍ਹਾਂ ਦਿੱਤਾ ਗਿਆ ਹੈ:'ਕਿੰਨਰ 'ਸ਼ਬਦ ਦਾ ਸਮਾਨਾਰਥਿਕ ਅਰਥ ਹੈ – 'ਸਵਰਗ ਦੇ ਗਾਇਕ, ਗਾਉਣ-ਵਜਾਉਣ ਦਾ ਪੇਸ਼ਾ ਕਰਨ ਵਾਲੇ ।'(166)

ਪੁਰਾਣੇ ਗ੍ਰੰਥਾਂ ਵਿਚ ਸ਼ਬਦ ' ਕਿੰਨਰ ' ਦਾ ਵਰਣਨ ਮਿਲਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ' ਨਿਦਿੰਤ ਸ਼ਕਲ ਦਾ ਨਰ ,ਜਿਸ ਦਾ ਧੜ ਮਨੁੱਖ ਦਾ ਅਤੇ ਮੂੰਹ ਘੋੜੇ ਦਾ , ਇਹ ਪੁਲਸੂਯ ਰਿਖੀ ਦੀ ਉਲਾਦ ਹਨ, ਕੁਬੇਰ ਦੀ ਸਭਾ ਵਿਚ ਜਦ ਗੰਧਰਵ ਗਾਉਂਦੇ ਹਨ ਤਦ ਕਿੰਨਰ ਨਾਚ ਕਰਦੇ ਹਨ ,ਇਹ ਸੁਰਗਲੋਕ ਵਿਚ ਭੀ ਨ੍ਰਿਤਯ ਕਰਦੇ ਹਨ ।ਇਨ੍ਹਾਂ ਦਾ ਨਾਉਂ ਕਿੰਨਰ ਪੁਰਸ਼ ਭੀ ਹੈ ."ਕਿੰਨਰ ਗੰਧਰਬ ਗਾਨ ਕਰੈ ਗਨ '' (ਚੰਡੀ)।' ('ਮਹਾਨ ਕੋਸ਼'274)

ਮਾਦਾ ਕਿੰਨਰ ਲਈ ਕਿੰਨਰੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਬਦ 'ਕਿੰਨਰੀ 'ਦਾ ਅਰਥ ਹੈ ਸੰਗਯਾ ਭਾਵ ਕਿੰਨਰ ਦੀ ਇਸਤਰੀ। ਦੇਵ ਸਭਾ ਦੀ ਘੋੜੇ ਮੂੰਹੀਂ ਨਚਾਰ ਇਸਤ੍ਰੀ। ਵੀਣਾ ਦੋ ਤੂੰਬਿਆਂ ਵਾਲੀ ਤੰਤ੍ਰੀ ।'ਕਹੂੰ ਕਿੰਨਰੀ ਕਿੰਨਰੀ ਲੈ ਬਜਾਵੈ।' (ਰਾਮ ਚੰਦ੍ਰਿਕਾ) (328)

ਕਿੰਨਰ ਲਈ 'ਹੀਜ' ਸ਼ਬਦ ਦੀ ਵਰਤੋਂ ਵੀ ਕੀਤੀ ਗਈ ਹੈ। ਸੋ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਸ ਸ਼ਬਦ ਦਾ ਅਰਥ ਹੈ ਕਿ 'ਕੁਦਰਤੀ ਨਪੁੰਸਕ' ਜਿਸ ਦੇ ਪੁਰਖ ਇਸਤ੍ਰੀ ਦੇ ਚਿੰਨ੍ਹ ਨਹੀਂ ਹੁੰਦੇ, ਇਹ ਵਿਆਹ ਅਤੇ ਜਨਮ-ਉਤਸਵ ਤੇ ਗਾ ਕੇ ਅਤੇ ਨੱਚ ਕੇ ਨਿਰਵਾਹ ਕਰਦੇ ਹਨ।

"ਨਾਚਨ ਹੀਜ ਗਾਇ ਸੁਰ ਗਚੈ" (ਗੁਪ੍ਰਸੂ) (277)

ਪੰਜਾਬੀ ਵਿਚ ਕਿੰਨਰ ਲਈ ਖੁਸਰਾ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜਿਸ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕਰਦੇ ਹਨ:

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥

ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸ ॥

ਕੁਤੇ ਚੰਦਨ ਲਾਈਐ ਭੀ ਸੋ ਕੁਤੀ ਧਾਤੁ ॥

ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ (143)

ਉਪਰੋਕਤ ਤੁਕਾਂ ਦੇ ਅਨੁਸਾਰ ਪਾਣੀ ਭਾਵੇਂ ਕਿਨ੍ਹਾਂ ਵੀ ਡੂੰਘਾ ਹੋਵੇ ਮੱਛੀ ਨੂੰ ਕੋਈ ਪਰਵਾਹ ਨਹੀਂ ਹੁੰਦੀ। ਇਸੇ ਤਰ੍ਹਾਂ ਆਕਾਸ਼ ਭਾਵੇਂ ਕਿਨ੍ਹਾਂ ਵੀ ਖੁੱਲ੍ਹਾਂ ਹੋਵੇ ਪੰਛੀ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਸੋ ਪਾਣੀ ਆਪਣੀ ਡੂੰਘਾਈ ਦਾ ਅਤੇ ਆਕਾਸ਼ ਆਪਣੀ ਖੁੱਲ੍ਹ ਦਾ ਅਸਰ ਨਹੀਂ ਪਾ ਸਕਦਾ। ਪਾਲਾ ਪੱਥਰ ਉੱਤੇ ਅਸਰ ਨਹੀਂ ਪਾ ਸਕਦਾ , ਘਰ ਦੇ ਵਸੇਬੇ ਦਾ ਅਸਰ ਖੁਸਰੇ (ਹੀਜੜੇ) ਉੱਤੇ ਨਹੀਂ ਪੈਂਦਾ। ਇਸ ਲਈ ਜੇ ਕੁੱਤੇ ਨੂੰ ਚੰਦਨ ਵੀ ਲਾ ਦੇਈਏ ਤਾਂ ਵੀ ਉਸ ਦਾ ਅਸਲ ਕੁੱਤਿਆਂ ਵਾਲਾ ਹੀ ਰਹਿੰਦਾ ਹੈ। ਬੋਲੇ ਮਨੁੱਖ ਨੂੰ ਜੇ ਮੱਤਾਂ ਦੇਈਏ ਤੇ ਸਿਮ੍ਰਿਤੀਆਂ ਦੇ ਪਾਠ ਉਸ ਦੇ ਕੋਲ ਕਰੀਏ ਪਰ ਉਹ ਤਾਂ ਸੁਣ ਹੀ ਨਹੀਂ ਸਕਦਾ। ਅੰਨ੍ਹੇ ਮਨੁੱਖ ਨੂੰ ਚਾਨਣ ਵਿਚ ਰੱਖਿਆ ਜਾਵੇ। ਉਸ ਦੇ ਕੋਲ ਭਾਵੇਂ ਪੰਜਾਹ ਦੀਵੇ ਬਲਣ ਉਸ ਨੂੰ ਕੁਝ ਨਹੀਂ ਦਿਸਣਾ। ਇਸੇ ਤਰ੍ਹਾਂ ਕਬੀਰ ਵੀ ਇਕ ਹੋਰ ਸ਼ਬਦ ਵਿਚ ਵੀ ਖੁਸਰਾ ਸ਼ਬਦ ਦਾ ਵਰਣਨ ਕਰਦੇ ਹਨ :

ਨਗਨ ਫਿਰਤ ਜੋ ਪਾਈਐ ਜੋਗ।

ਬਨ ਕਾ ਮਿਰਗੁ ਮੁਕਤਿ ਸਭੁ ਹੋਗੁ

ਕਿਆ ਨਾਗੇ ਕਿਆ ਬਾਧੇ ਚਾਮ ॥

ਜਬ ਨਹੀਂ ਚੀਨਸਿ ਆਤਮ ਰਾਮ ॥$॥ ਰਹਾਉ

ਮੂਡ ਮੁੰਡਾਏ ਜੋ ਸਿਧਿ ਪਾਈ ॥

ਮੁਕਤੀ ਭੇਡ ਨਾ ਗਈਆਂ ਗਈ ॥$॥

ਬਿੰਦੁ ਰਾਖਿ ਜੋ ਤਰੀਐ ਭਾਈ ॥

ਖੁਸਰੇ ਕਿਉਂ ਨਾ ਪਰਮ ਗਤਿ ਪਾਈ (324)

ਜੇ ਨੰਗੇ ਫਿਰਦਿਆਂ ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ ਤਾਂ ਜੰਗਲ ਦਾ ਹਰੇਕ ਪਸ਼ੂ ਮੁਕਤ ਹੋ ਜਾਣਾ ਚਾਹੀਦਾ ਹੈ। ਹੇ ਮਨੁੱਖ ਤਦ ਤਕ ਨੰਗੇ ਰਿਹਾ ਸਰ ਜਾਣਾ ਹੈ ਅਤੇ ਪਿੰਡੇ ਤੇ ਚੰਮ ਲਪੇਟਿਆਂ ਕੀ ਮਿਲ ਜਾਣਾ ਹੈ? ਜਦ ਤੱਕ ਮਨੁੱਖ ਪਰਮਾਤਮਾ ਨੂੰ ਨਹੀਂ ਪਛਾਣਦਾ। ਜੇ ਸਿਰ ਮਨਾਇਆਂ ਸਿੱਧੀ ਮਿਲ ਸਕਦੀ ਹੈ ਤਾਂ ਭੇਡ ਨੂੰ ਤਾਂ ਹੁਣ ਤੱਕ ਮੁਕਤੀ ਮਿਲ ਜਾਣੀ ਚਾਹੀਦੀ ਸੀ। ਜੇ ਬਾਲ-ਜਤੀ ਰਿਹਾ ਤਾਂ ਸੰਸਾਰ ਸਮੁੰਦਰ ਤੋਂ ਤਰ ਸਕੀਦਾ ਹੈ ਤਾਂ ਖੁਸਰੇ ਨੂੰ ਤਾਂ ਹੁਣ ਤੱਕ ਮੁਕਤੀ ਮਿਲ ਜਾਣੀ ਚਾਹੀਦੀ ਸੀ। ਸਮੁੱਚੇ ਰੂਪ ਵਿਚ ਸਪਸ਼ਟ ਹੁੰਦਾ ਹੈ ਕਿ ਜਿੱਥੇ ਗੁਰੂ ਗ੍ਰੰਥ ਸਾਹਿਬ ਵਿਚ ਦੂਸਰੇ ਮਨੁੱਖਾਂ ਦੇ ਬਾਰੇ ਵਿਚਾਰ ਮਿਲਦੇ ਹਨ, ਉੱਥੇ ਸਮਾਜ ਵਿਚ ਇਸ ਵਰਗ ਬਾਰੇ ਵੀ ਗੁਰੂ ਸਾਹਿਬਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਸ ਲਈ ਇਹ ਵਰਗ ਉਸ ਸਮੇਂ ਤੋਂ ਹੀ ਸਮਾਜ ਵਿਚ ਵਿਚਰ ਰਿਹਾ ਹੈ।

ਹਿੰਦੀ-ਉਰਦੂ ਵਿਚ ਸ਼ਬਦ 'ਹੀਜੜਾ' ਵਰਤਿਆ ਜਾਂਦਾ ਹੈ ਪਰਤੂੰ ਉਰਦੂ ਵਿਚ ਇਸ ਸ਼ਬਦ ਨੂੰ ਥੋੜ੍ਹਾ ਸਭਿਅਕ ਬਣਾਉਂਦੇ ਹੋਏ ਖ਼ਵਾਜਾ ਸਰਾਂ ਵੀ ਕਿਹਾ ਜਾਣ ਲੱਗਿਆ। ਹਰਬੰਸ ਸਿੰਘ ਧੀਮਾਨ ਦੁਆਰਾ ਅਨੁਵਾਦ ਕੀਤੀ ਪੁਸਤਕ 'ਤੀਸਰੀ ਜਿਨਸ' ਵਿਚ ਖ਼ਵਾਜਾ ਸਰਾਂ ਦੇ ਬਾਰੇ ਇਸ ਤਰ੍ਹਾਂ ਨਾਲ ਦੱਸਿਆ ਗਿਆ ਕਿ: ਖ਼ਵਾਜਾ ਸਰਾਂ:ਜ਼ਨਾਨਾ ਘਰ ਵਿਚ ਸੇਵਾ ਕਰਨ ਵਾਲਾ ਹੀਜੜਾ, ਗ਼ੁਲਾਮ ਜਿਸ ਦੀ ਪੁਲਿੰਗ ਇੰਦ੍ਰੀ ਕੱਟਕੇ ਨਾਮਰਦ ਬਣਾ ਦਿੱਤਾ ਗਿਆ ਹੋਵੇ। (13)

ਅੰਗਰੇਜ਼ੀ ਭਾਸ਼ਾ ਵਿਚ ਇਸ ਵਰਗ ਲਈ ਟ੍ਰਾਂਸਜੈਂਡਰ ਸ਼ਬਦ ਅੱਜ ਦੇ ਸਮੇਂ ਵਿਚ ਬਹੁਤ ਪ੍ਰਚਲਿਤ ਹੈ । ਟ੍ਰਾਸਜੈਂਡਰ ਦਾ ਅਰਥ ਹੈ 'ਜੈਂਡਰ ਤੋਂ ਪਾਰ । ਜੈਂਡਰ ਅਤੇ ਸੈਕਸ ਸ਼ਬਦ ਅੰਗਰੇਜ਼ੀ ਭਾਸ਼ਾ ਵਿਚ ਆਮ ਪ੍ਰਚਲਿਤ ਹਨ । ਇਨ੍ਹਾਂ ਦੋਵਾਂ ਨੂੰ ਪਹਿਲਾਂ ਇੱਕੋ ਹੀ ਅਰਥ ਵਿਚ ਲਿਆ ਜਾਂਦਾ ਸੀ ਪਰ ਹੁਣ ਇਸ ਦੇ ਅਰਥਾਂ ਵਿਚ ਪਰਿਵਰਤਨ ਆ ਗਿਆ ਹੈ। ਸੈਕਸ ਭਾਵ ਲਿੰਗ ਜੋ ਜਨਮ ਸਮੇਂ ਤੇ ਹੀ ਜੈਵਿਕ ਪੱਖੋਂ ਨਿਸ਼ਚਿਤ ਕੀਤਾ ਜਾਂਦਾ ਹੈ। ਜੈਂਡਰ ਤੋਂ ਭਾਵ ' ਲਿੰਗਭੇਦ ' ਜੋ ਬੱਚਿਆਂ ਦੇ ਵੱਡੇ ਹੋਣ ਦੌਰਾਨ ਵੱਖ- ਵੱਖ ਪੱਖਾਂ ਤੋਂ ਕੀਤਾ ਜਾਂਦਾ ਹੈ ਭਾਵ ਉਹ ਬੱਚਾ ਲੜਕਾ ਹੈ ਜਾਂ ਲੜਕੀ ਹੈ ਤੋਂ ਆਪਣਾ ਸਰੂਪ ਬਣਾਉਂਦਾ ਹੈ , ਜਿਵੇਂ ਤੁਰਨ ਫਿਰਨ ਦਾ ਢੰਗ , ਬੱਚਿਆਂ ਦੇ ਖੇਡਣ ਵਾਲੇ ਖਿਡਾਉਣੇ , ਕੱਪੜੇ , ਭਾਸ਼ਾ ਆਦਿ ਅੰਦਰਲੀ ਵੱਖਰਤਾ ਜੋ ਸਮਾਜ ਅਤੇ ਪਰਿਵਾਰ ਮਿਲ ਕੇ ਬਣਾਉਂਦਾ ਹੈ। ਇਸ ਢੰਗ ਨਾਲ ਹੀ ਸੈਕਸ ਭਾਵ ਲਿੰਗ , ਲਿੰਗ ਭੇਦ ਨਾ ਕੋ ਕੇ ਲਿੰਗਭੇਦ ਭਾਵ ਜੈਂਡਰ ਦਾ ਰੂਪ ਧਾਰ ਲੈਂਦਾ ਹੈ। ਟ੍ਰਾਸਜੈਂਡਰ ਇਸ ਕਰਕੇ 'ਲਿੰਗ ਤੋਂ ਪਰੇ ' ਹੈ ਕਿਉਂਕਿ ਉਹ ਜੈਂਡਰ (ਲਿੰਗਭੇਦ , ਇਸਤਰੀ/ਪੁਰਸ਼ ) ਦੋਵਾਂ ਤੋਂ ਭਿੰਨ ਹੈ। ਸਰੀਰ ਪੁਰਸ਼ ਦਾ ਅਤੇ ਭਾਵਨਾਵਾਂ ਤੇ ਰੁਚੀਆਂ ਔਰਤ ਦੀ ਤਰ੍ਹਾਂ ਹੋਣ ਦੀ ਸਥਿਤੀ ਵਿਚ ਟ੍ਰਾਸਜੈਂਡਰ ਨੂੰ ਰੱਖਿਆ ਜਾਂਦਾ ਹੈ , ਜਿਸ ਨੂੰ ਤੀਸਰੇ ਲਿੰਗ ਵਿਚ ਸ਼ਾਮਿਲ ਕੀਤਾ ਜਾਂਦਾ ਹੈ । ਸੋ ਕੋਈ ਵੀ ਵਿਅਕਤੀ ਜਨਮ ਤੋਂ ਹੀ ਟ੍ਰਾਸਜੈਂਡਰ ਨਹੀਂ ਹੁੰਦਾ ਸਗੋਂ ਸਮਾਜ ਦੇ ਵਿਚੋਂ ਉਪਜੀ ਸਮਾਜਿਕ ਮਾਨਸਿਕਤਾ ਉਸ ਨੂੰ ਟ੍ਰਾਸਜੈਂਡਰ ਬਣਾ ਦਿੰਦੀ ਹੈ । ਲਕਸ਼ਮੀ ਨਰਾਇਣ ਤ੍ਰਿਪਾਠੀ ਨੇ ਆਪਣੀ ਸਵੈਜੀਵਨੀ 'ਮੈਂ ਹੀਜੜਾ ਮੈਂ ਲਕਸ਼ਮੀ' ਵਿਚ ਟ੍ਰਾਸਜੈਂਡਰ ਸ਼ਬਦ ਦੇ ਬਾਰੇ ਦੱਸਿਆ ਕਿ 'ਅੰਗਰੇਜ਼ੀ ਦੇ ਦੋ ਸ਼ਬਦਾਂ 'ਟ੍ਰਾਸ ' ਅਤੇ 'ਜੈਂਡਰ 'ਤੋਂ ਮਿਲ ਕੇ ਬਣਿਆ ਹੈ । ਇਹਨਾਂ ਦੀ ਜ਼ੋਨ ਅਤੇ ਲਿੰਗ ਦੀ ਆਕ੍ਰਿਤੀ ਪੂਰਨ : ਆਮ ਮਨੁੱਖ ਦੀ ਨਹੀਂ ਮੰਨੀ ਜਾਂਦੀ ਹੈ । ਇਹ ਪੂਰਨ ਰੂਪ ਵਿਚ ਨਾ ਇਸਤਰੀ ਹੈ ਨ ਪੁਰਸ਼ । ਇਹ ਲੋਕ ਨਾ ਤਾਂ ਸੰਬੰਧ ਬਣਾ ਸਕਦੇ ਅਤੇ ਨਾ ਹੀ ਗਰਭਧਾਰਨ ਕਰ ਸਕਦੇ ਹਨ ।'(169)

ਟ੍ਰਾਸਜੈਂਡਰ ਸ਼ਬਦ 1960ਵਿਆਂ ਦੇ ਦਹਾਕੇ ਵਿਚ ਵਿਸ਼ਵ ਪੱਧਰ ਤੇ ਉਨ੍ਹਾਂ ਲੋਕਾਂ ਲਈ ਵਰਤਿਆਂ ਜਾਣ ਲੱਗਾ ਜੋ ਲਿੰਗ ਪਰਿਵਰਤਨ ਕਰਵਾਏ ਬਗੈਰ ਵਿਪਰੀਤ ਲਿੰਗ ਦੀ ਤਰ੍ਹਾਂ ਆਪਣਾ ਜੀਵਨ ਵਾਸ ਕਰ ਰਹੇ ਸਨ । ਇਨ੍ਹਾਂ ਲੋਕਾਂ ਨੂੰ ਗੇਅ ਜਾਂ ਲੈਸਬੀਅਨ (ਸਮਲਿੰਗੀ ) ਕਿਹਾ ਜਾਂਦਾ ਹੈ। 1980 ਦੇ ਦੌਰਾਨ ਇਸ ਸ਼ਬਦ ਦੀ ਵਰਤੋਂ ਜਨਮ ਜਾਤ ਲਿੰਗ ਦੇ ਉਲਟ ਜਿਊਣ ਵਾਲੇ ਸਾਰੇ ਲੋਕਾਂ ਅਤੇ ਵੱਖਰੀ ' ਲੈਗਿਕ ਪਛਾਣ '( Gender

Indenty)ਰੱਖਣ ਵਾਲਿਆਂ ਨੂੰ ‘ ਟ੍ਰਾਸਜੈਂਡਰ ’ ਸ਼ਬਦ ਦੇ ਘੇਰੇ ਵਿਚ ਲਿਆਂਦਾ ਗਿਆ। 1990 ਦੇ ਦੌਰਾਨ ਇਹ ਸ਼ਬਦ ਰਾਜਸੀ ਤੌਰ ਤੇ ਆਪਣੀ ਪਹਿਚਾਣ ਬਣਾ ਲੈਂਦਾ ਹੈ। ਰਾਜਨੀਤਿਕ ਤੌਰ ਟ੍ਰਾਸਜੈਂਡਰ ਜਾਂ ਵੱਖਰੀ ਕਾਮੁਕਤਾ ਰੱਖਣ ਵਾਲਿਆਂ ਦੇ ਪੱਖ ਵਿਚ , ਇਨ੍ਹਾਂ ਨਾਲ ਹੋ ਰਹੇ ਵਿਤਕਰੇ ਅਤੇ ਇਨ੍ਹਾਂ ਦੇ ਅਧਿਕਾਰਾਂ ਆਦਿ ਦੇ ਮੁੱਦਿਆਂ ਨੂੰ ਵਿਸ਼ਵ ਪੱਧਰ ਤੇ ਖੜ੍ਹਾ ਕਰ ਦਿੱਤਾ। ਟ੍ਰਾਂਸਜੈਂਡਰ ਦੀਆਂ ਕਈ ਕਿਸਮਾਂ ਹਨ (ਟ੍ਰਾਂਸਸੈਕਸ਼ੁਅਲ ਹੋਣ ਕਾਰਨ) ਅਸਲ ਇਨ੍ਹਾਂ ਵਿਚ ਜਨਮਜਾਤ ਜੈਵਿਕ ਲਿੰਗ ਪਛਾਣ ਤੋਂ ਬਗੈਰ ਹੋਰ ਵੀ ਲੈਂਗਿਕ ਪਛਾਣਾਂ ਹੁੰਦੀਆਂ ਹਨ। ‘ ਜੋ ਇਸਤਰੀਆਂ ਜਨਮ ਤੋਂ ਇਸਤਰੀ ਹੋਣ ਪਰ ਮਰਦ ਹੋਣ ਵਰਗਾ ਲਗਦਾ ਹੈ ਅਤੇ ਉਸ ਨੇ ਡਾਕਟਰੀ ਸਹਾਇਤਾ (ਹਾਰਮੋਨ ਥੈਰੇਪੀ, ਅਪਰੇਸ਼ਨ) ਨਾਲ ਤਬਦੀਲ ਕੀਤਾ ਹੋਵੇ, ਉਸ ਨੂੰ ‘ ਟ੍ਰਾਂਸਸੈਕਸੂਅਲ ਮੈਨ ਜਾਂ ਟ੍ਰਾਂਸਮੈਨ ਕਿਹਾ ਜਾਂਦਾ ਹੈ। ਇਸ ਨੂੰ ਐਫ. ਟੀ .ਐਮ. (FTM-female to male) ਵੀ ਕਿਹਾ ਜਾਂਦਾ ਹੈ। ਟ੍ਰਾਂਸਜੈਂਡਰ ਵਿਚ ਦੂਜੀ ਕਿਸਮ ‘ਕਰਾਸ ਡਰੈਸਰਸ (Cross Dressers) ਹੈ।’ (173)

ਹਰ ਇਕ ਸਭਿਆਚਾਰ ਦਾ ਲੈਂਗਿਕ ਪਛਾਣ ਦਾ ਅਧਾਰ ਪਹਿਰਾਵਾ ਪਹਿਚਾਣ ਤੋਂ ਦੇਖਿਆ ਜਾ ਸਕਦਾ ਹੈ। ਇਸ ਵਿਚ ਵਿਅਕਤੀ ਆਪਣੀ ਲੈਂਗਿਕ ਪਛਾਣ ਤੋਂ ਪੂਰਨ ਹੁੰਦਾ ਹੈ ਅਤੇ ਉਹ ਆਪਣਾ ਲਿੰਗ ਬਦਲਣਾ ਵੀ ਨਹੀਂ ਚਾਹੁੰਦਾ। ਇਸ ਦੇ ਬਾਅਦ ਉਹ ਦੋਵੇਂ ਰੂਪਾਂ ਨੂੰ ਅਪਣਾਉਣਾ ਚਾਹੁੰਦਾ ਹੈ ਪਰ ਇਸ ਦੀ ਸਵੀਕਾਰਤਾ ਸਮਾਜ ਆਪਣੇ ਵੱਖਰੇ-ਵੱਖਰੇ ਪੱਧਰ ਉੱਤੇ ਕਰਦਾ ਹੈ , ਜਿਵੇਂ ਔਰਤਾਂ ਮਰਦ ਦੇ ਪਹਿਰਾਵੇ ਨੂੰ ਪਾਉਣ ਤਾਂ ਕੋਈ ਅਸਚਰਜਤਾ ਨਹੀਂ ਪਰ ਜੇਕਰ ਮਰਦ ਔਰਤਾਂ ਦਾ ਪਹਿਰਾਵਾ ਪਾਉਣ ਤਾਂ ਸਮਾਜ ਇਸ ਨੂੰ ਸਵੀਕਾਰ ਨਹੀਂ ਕਰਦਾ। ਕੁਝ ਲੋਕ ਮਰਦ ਅਤੇ ਇਸਤਰੀ ਦੋਵਾਂ ਜੈਂਡਰ ਦੇ ਰੂਪ ਵਿਚ ਠੀਕ ਨਹੀਂ ਬੈਠਦੇ। ਉਹ ਆਪਣੇ ਆਪ ਨੂੰ ਇਨ੍ਹਾਂ ਦੋਵਾਂ ਲਿੰਗਭੇਦਾਂ ਤੋਂ ਪਾਰ ਮੰਨਦੇ ਹਨ। ਸੋ ਇਨ੍ਹਾਂ ਨੂੰ ‘ ਜੈਂਡਰ ਕੁਈਅਰ ’ ਕਿਹਾ ਜਾਂਦਾ ਹੈ। ਇਹ ਵੀ ਟ੍ਰਾਂਸਜੈਂਡਰ ਦੀ ਹੀ ਇਕ ਕਿਸਮ ਹੈ। ਇਹ ਆਪਣੇ ਲਈ ਇਸਤਰੀ ਜਾਂ ਪੁਰਸ਼ ਸ਼ਬਦਾਂ ਦੀ ਵਰਤੋਂ ਨਹੀਂ ਕਰਦੇ। ‘ਅੰਗਰੇਜ਼ੀ ਵਿਚ ਇਹ He ਜਾਂ She ਸੰਬੋਧਨੀ ਸ਼ਬਦ ਦੀ ਥਾਂ Zie ਵਰਤਦੇ ਹਨ His ਅਤੇ  ਅਤੇ Her ਦੀ ਥਾਂ Hir ਸ਼ਬਦ ਦੀ ਵਰਤੋਂ ਕਰਦੇ ਹਨ। ’(174 )

ਟ੍ਰਾਂਸਜੈਂਡਰ ਦੀਆਂ ਕਈ ਹੋਰ ਵੀ ਕਿਸਮਾਂ ਹਨ,ਜਿਵੇਂ-ਡ੍ਰਗਕਵੀਨਸ(Drag Queens)ਡ੍ਰਗਕਿੰਗਜ (DragKings),ਐਂਡਰੋਜੀਨਸ(Androynous),ਮਲਟੀਜੈਂਡਰਡ(Multigendered),ਜੈਂਡਰ ਨਾਨਕਨਫਰਮਿੰਗ (Gender nonconforming), ਟੂ ਸਪਿਰਿਟ ਪੀਪਲ (Two spirit people)

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜ ਵਿਚ ਕੁਝ ਜਨਮ ਤੋਂ ਹੀ ਕਿੰਨਰ ਪੈਦਾ ਹੁੰਦੇ ਹਨ ਅਤੇ ਕੁਝ ਲੋਕ ਆਪਣਾ ਲਿੰਗ ਕੱਟ ਕੇ ਵੀ ਇਸ ਵਰਗ ਵਿਚ ਸ਼ਾਮਲ ਹੋ ਜਾਂਦੇ ਹਨ ਜਾਂ ਕਰ ਲਏ ਜਾਂਦੇ ਹਨ। ਕਈ ਵਾਰੀ ਆਰਥਿਕਤਾ ਦੇ ਕਾਰਨ ਵੀ ਆਪਣਾ ਲਿੰਗ ਕਟਵਾ ਕੇ ਇਸ ਸਮਾਜ ਵਿਚ ਮਿਲ ਜਾਂਦੇ ਹਨ। ਬੇਸ਼ੱਕ ਕੁਦਰਤ ਦੁਆਰਾ ਦਿੱਤੀ ਦਾਤ ਨੂੰ ਨਸ਼ਟ ਕਰਨਾ ਪ੍ਰਕਿਰਤੀ ਤੋਂ ਉਲਟ ਜਾਣਾ ਹੈ ਪਰ ਸਮਾਜ ਵਿਚ ਇਹ ਰੁਝਾਨ ਪ੍ਰਚਲਿਤ ਹੈ। ਇਸ ਤਰ੍ਹਾਂ ਲਕਸ਼ਮੀ ਤ੍ਰਿਪਾਠੀ 'ਮੈਂ ਹੀਜੜਾ ਮੈਂ ਲਕਸ਼ਮੀ' ਵਿਚ ' ਯੁਵਕ ' ਸ਼ਬਦ ਦੀ ਵਰਤੋਂ ਵੀ ਹਿਜੜਿਆਂ ਦੇ ਲਈ ਕਰਦੀ ਹੈ। 'ਸ਼ਬਦ ਯੁਵਕ ਤੋਂ ਭਾਵ ਲਿੰਗ ਪਰਿਵਰਤਨ ਕਰਵਾ ਕੇ ਪੁਰਸ਼ ਤੋਂ ਬਣਿਆ ਹੀਜੜਾ।'ਯੁਵਕ ਦਾ ਕੋਸ਼ ਗਤ ਅਰਥ ਹੈ (ਲਿੰਗ ਛੇਦ ਕੀਤਾ ਪੁਰਸ਼)। ਯੁਵਕ ਦਾ ਵਰਣਨ ਬਾਈਬਲ ਵਿਚ ਵੀ ਮਿਲਦਾ ਹੈ। ਪ੍ਰਾਚੀਨ ਹਿਬਰੂ ਵਿਚ ਲਿੰਗ ਛੇਦ ਨਹੀਂ ਸੀ ਕੀਤਾ ਪਰੰਤੂ ਪ੍ਰਾਚੀਨ ਈਜਿਪਟ (ਮਿਸਰ) ,ਰੋਮ , ਬੇਬੀ ਲੋਨ ਦੇ ਸਭਿਆਚਾਰ ਵਿਚ ਲਿੰਗ ਛੇਦ ਕੀਤੇ ਜਾਣ ਦੇ ਬਾਰੇ ਜਾਣਕਾਰੀ ਮਿਲਦੀ ਹੈ। ਸਮਲਿੰਗੀਆਂ ਨੂੰ ਵੀ ਕਈ ਵਾਰੀ ਯੁਵਕ ਹੀ ਕਿਹਾ ਜਾਂਦਾ ਸੀ। (169 )

ਲਕਸ਼ਮੀ ਤ੍ਰਿਪਾਠੀ ਯੁਵਕ ਦੀਆਂ ਦੋ ਸ਼੍ਰੇਣੀਆਂ ਦਾ ਜ਼ਿਕਰ ਕਰਦੀ ਹੈ 'ਕਾਸਟ੍ਰੇਟੀ' (castrati) ਅਤੇ'ਸਪੇਡੋਨਸ' (spsdones)।

ਇਹ ਅਜਿਹੀ ਧਾਰਨਾ ਹੈ ਜੋ ਪੱਛਮੀ ਮੁਲਕਾਂ ਵਿਚ ਪ੍ਰਚਲਿਤ ਸੀ। ਇਹ ਲਿੰਗ ਛੇਦ ਹੋਏ ਪੁਰਸ਼ ਹੀ ਸਨ ਪਰੰਤੂ ਇਹ ਲਿੰਗ ਛੇਦ ਆਪਣੀ ਇੱਛਾ ਨਾਲ ਨਹੀਂ ਕੀਤਾ ਸਗੋਂ ਕਿਸ਼ੋਰ ਅਵਸਥਾ ਵਿਚ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਲਿੰਗ ਕੱਟ ਦਿੱਤਾ ਜਾਂਦਾ ਸੀ ਤਾਂ ਜੋ ਉਨ੍ਹਾਂ ਦੀ ਅਵਾਜ਼ ਭਾਰੀ ਨਾ ਹੋਵੇ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਅਵਾਜ਼ ਬੱਚਿਆਂ ਵਾਂਗ ਹੀ ਰਹਿੰਦੀ ਹੈ, ਇਸ ਤਰ੍ਹਾਂ ਦਾ ਮੰਨਿਆ ਜਾਂਦਾ ਸੀ। ਇਸ ਦਾ ਕਾਰਨ ਉਸ ਸਮੇਂ ਔਰਤਾਂ ਦਾ ਚਰਚ ਵਿਚ ਆਉਣਾ ਵਰਜਿਤ ਸੀ। ਔਰਤਾਂ ਚਰਚ ਵਿਚ ਗਾ ਨਹੀਂ ਸਕਦੀਆਂ ਸੀ। ਇਸ ਲਈ ਔਰਤਾਂ ਦੀ ਥਾਂ ਇਨ੍ਹਾਂ ਲਿੰਗ ਛੇਦ ਕੀਤੇ ਪੁਰਸ਼ਾਂ ਨੂੰ ਹੀ ਗਾਉਣ ਲਈ ਰੱਖਿਆ

ਜਾਂਦਾ ਸੀ , ਕਿਉਂਕਿ ਇਨ੍ਹਾਂ ਦੀ ਅਵਾਜ਼ ਔਰਤਾਂ ਦੀ ਤਰ੍ਹਾਂ ਕੋਮਲ ਹੁੰਦੀ ਸੀ । ਕਾਸਟ੍ਰੇਟੀਵਾਦ ਨਾਲ ਜਾਣੀ ਜਾਂਦੀ ਇਹ ਪ੍ਰਥਾ 18ਵੀਂ ਸਦੀ ਤੱਕ ਪ੍ਰਚਲਿਤ ਰਹੀ ਸੀ । ਸਪੇਡੋਨਸ(spsdones) ਜੋ ਬੱਚੇ ਪੈਦਾ ਨਹੀਂ ਕਰ ਸਕਦੇ । ਇਨ੍ਹਾਂ ਨੂੰ ਵਿਆਹ ਕਰਾਉਣ ਅਤੇ ਬੱਚੇ ਗੋਦ ਲੈਣ ਦੀ ਵੀ ਅਗਿਆ ਨਹੀਂ ਸੀ । ਇਹ ਸਪੇਡੋਨਸ ਔਰਤ ਨਾਲ ਵਿਆਹ ਵੀ ਕਰਵਾ ਸਕਦੇ ਹਨ ਅਤੇ ਬੱਚੇ ਵੀ ਗੋਦ ਲੈ ਸਕਦੇ ਹਨ । ਕਾਸਟ੍ਰੇਟੀ ਜਿਨ੍ਹਾਂ ਦਾ ਲਿੰਗ ਛੇਦ ਛੋਟੇ ਹੁੰਦੇ ਕੀਤਾ ਗਿਆ ਹੁੰਦਾ ਸੀ । ਇਹ ਬੱਚੇ ਪੈਦਾ ਨਹੀਂ ਕਰ ਸਕਦੇ । ਸੋ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਯੁਵਕ ਵਿਚ ਲਿੰਗ ਛੇਦ ਲਾਜ਼ਮੀ ਸੀ । ਜਦੋਂ ਕਿ ਹੀਜੜੇ ਦੇ ਸੰਬੰਧ ਵਿਚ ਅਜਿਹਾ ਜ਼ਰੂਰੀ ਨਹੀਂ ਹੈ । ਜਦੋਂ ਕਿ ਕੁਝ ਹੀਜੜੇ ਲਿੰਗ ਛੇਦ ਨੂੰ ਜ਼ਰੂਰੀ ਮੰਨਦੇ ਹਨ । ਇਸ ਨੂੰ ਕਰਾਏ ਬਿਨਾਂ ਹੀਜੜਾ ਪੂਰਨ ਨਹੀਂ ਮੰਨਿਆਂ ਜਾਂਦਾ ।

ਉਪਰੋਕਤ ਸਾਰਿਆਂ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਹੈ । ਸਮੇਂ ਅਤੇ ਵਿਅਕਤੀ ਦੇ ਅਨੁਸਾਰ ਇਨ੍ਹਾਂ ਦੀ ਪਰਿਭਾਸ਼ਾ ਵਿਚ ਬਦਲਾਵ ਆਉਂਦੇ ਰਹਿੰਦੇ ਹਨ । ਅਸਲ ਵਿਚ ਇਨ੍ਹਾਂ ਸਾਰਿਆਂ ਵਿਚਲੀ ਸਮਾਨਤਾ ਹੈ ਕਿ ਇਹ ਜੈਂਡਰ ਬਦਲਣ ਦੀ ਇੱਛਾ ਰੱਖਦੇ ਹਨ । ਇਕ ਟ੍ਰਾਂਸਜੈਂਡਰ ਇੱਕੋ ਸਮੇਂ ਇਨ੍ਹਾਂ ਵਿਚ ਇਕ ਤੋਂ ਜ਼ਿਆਦਾ ਕਿਸਮਾਂ ਵਿਚ ਸਮਾ ਸਕਦਾ ਹੈ । ਟ੍ਰਾਂਸਜੈਂਡਰ ਹੋਣ ਦਾ ਅਹਿਸਾਸ ਕਿਸੇ ਵੀ ਉਮਰ ਵਿਚ ਹੋ ਸਕਦਾ ਹੈ । ਇਸ ਲਈ ਮਨੁੱਖੀ ਸਰੀਰ, ਪਰਿਵਾਰ, ਸਮਾਜ, ਸਭਿਆਚਾਰ ਅਤੇ ਮਾਨਸਿਕਤਾ ਸਭ ਪ੍ਰਭਾਵ ਪਾਉਂਦੇ ਹਨ । ਸਮਾਜ ਵਿਚ ਇਸ ਵਰਗ ਨੂੰ ਵੱਖ-ਵੱਖ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ । ਜੇਕਰ ਮਰਦ ਅਤੇ ਔਰਤ ਨੂੰ ਇਸੇ ਸੰਬੋਧਨ ਨਾਲ ਬੁਲਾਇਆ ਜਾਵੇ ਤਾਂ ਸਮਾਜ ਵਿਚ ਚੰਗਾ ਨਹੀਂ ਮੰਨਿਆ ਜਾਂਦਾ । ਭਾਰਤੀ ਸਮਾਜ ਵਿਚ ਇਨ੍ਹਾਂ ਦੇ ਸੰਬੋਧਨ ਲਈ ਕੋਈ ਸਤਿਕਾਰਤ ਸ਼ਬਦ ਮੌਜੂਦ ਨਹੀਂ ਹੈ । ਇਸ ਵਰਗ ਨੂੰ ਸੰਬੋਧਨ ਕਰਨ ਲਈ ਕੋਈ ਸਤਿਕਾਰਤ ਸ਼ਬਦ ਹੋਣਾ ਚਾਹੀਦਾ ਹੈ, ਤਾਂ ਜੋ ਇਸ ਵਰਗ ਦੀਆ ਭਾਵਨਾਵਾਂ ਨੂੰ ਸਨਮਾਨ ਮਿਲ ਸਕੇ । ਸਮਾਜ ਵਿਚਲੀਆਂ ਅਨੁਸੂਚਿਤ ਜਾਤੀਆਂ ਲਈ ਦਲਿਤ ਸ਼ਬਦ ਦੀ ਵਰਤੋਂ ਡਾ. ਭੀਮ ਰਾਓ ਅੰਬੇਦਕਰ ਨੇ ਕੀਤੀ ਹੈ । 1935 ਤੋਂ ਪਿੱਛੋਂ ਗੌਰਮਿੰਟ ਆਫ਼ ਇੰਡੀਆ ਐਕਟ ਦੇ ਅਨੁਸਾਰ ਇਨ੍ਹਾਂ ਸ਼੍ਰੇਣੀਆਂ ਨੂੰ ਸ਼ਡਿਊਲਕਾਸਟ ਨਾਲ ਸੰਬੋਧਨ ਕੀਤਾ ਗਿਆ । ਬਾਅਦ ਵਿਚ ਇਨ੍ਹਾਂ ਸ਼੍ਰੇਣੀਆਂ

ਲਈ ਮਹਾਤਮਾ ਗਾਂਧੀ ਜੀ ਨੇ ਹਰੀਜਨ ਸ਼ਬਦ ਦੀ ਵਰਤੋਂ ਕੀਤੀ । ਉਪਰੋਕਤ ਨਾਵਾਂ ਦੀ ਸੂਚੀ ਪ੍ਰੋ. ਗੁਰਨਾਮ ਸਿੰਘ ਮੁਕਤਸਰ ਆਪਣੀ ਕਿਤਾਬ 'ਭਾਰਤੀ ਲੋਕ ਨੀਚ ਕਿਵੇਂ ਬਣੇ'ਵਿਚ ਇਸੇ ਤਰ੍ਹਾਂ ਦਿੰਦੇ ਹਨ –

ਅਜੋਕੇ ਭਾਰਤ ਵਿਚ ਸੂਦਰ ਜਾਤੀਆਂ (ਅਨਆਰੀਅਨ )ਪਹਿਲਾਂ ਦਾਸ ਤੇ ਦਸਿਊ, ਦੈਂਤ, ਦਾਨਵ,ਬਾਨਰ, ਕਿੰਨਰ, ਆਸੂਰ ਫਿਰ ਸੂਦਰ, ਅਛੂਤ, ਕਬੀਲੇ, 1919 ਤੋਂ ਬਾਅਦ ਦੱਬੀਆਂ ਕੁਚਲੀਆਂ ਜਮਾਤਾਂ, 1932 ਤੋਂ ਬਾਅਦ ਅਨੁ-ਜਾਤੀਆਂ, ਅਨੁ-ਕਬੀਲੇ(ਗਿਰੀਰਾਜ),ਪਛੜੀਆਂ ਸ਼੍ਰੇਣੀਆਂ, ਧਾਰਮਿਕ ਘੱਟ ਗਿਣਤੀਆਂ ਜਿਵੇਂ ਸਿੱਖ, ਈਸਾਈ , ਮੁਸਲਮਾਨ, ਬੋਧੀ ਆਦਿ, 1960 ਤੋਂ ਬਾਅਦ ਨਵਾਂ ਨਾ ਦਲਿਤ ਲੋਕ , 1978 ਤੋਂ ਬਾਅਦ ਦਲਿਤ ਸ਼ੋਸ਼ਤ ਸਮਾਜ, 1984 ਤੋਂ ਬਾਅਦ ਬਹੁਜਨ ਸਮਾਜ ।(55)

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਜੇਕਰ ਸਮਾਜ ਵਿਚ ਵਿਚਰ ਰਹੇ ਹੋਰ ਵਰਗਾਂ ਲਈ ਅਜਿਹੇ ਸ਼ਬਦ ਵਰਤੇ ਜਾ ਸਕਦੇ ਹਨ ਤਾਂ ਇਸ ਵਰਗ ਲਈ ਵੀ ਕੋਈ ਸਨਮਾਨਿਤ ਸ਼ਬਦ ਹੋਣਾ ਚਾਹੀਦਾ ਹੈ । ਕਿੰਨਰ ਸਮਾਜ ਅਜੋਕੇ ਸਮੇਂ ਵਿਚ ਆਪਣੀ ਹੋਂਦ ਨੂੰ ਲੈ ਕੇ ਸੰਘਰਸ਼ ਕਰਨ ਵਾਲਿਆਂ ਦੀ ਦੌੜ ਵਿਚ ਲੱਗਾ ਹੈ । ਅੱਜ ਅਕਾਦਮਿਕ ਖੇਤਰ ਵਿਚ ਇਸ ਵਰਗ ਦੇ ਸੰਘਰਸ਼ ਦੀ ਗੱਲ ਹਰ ਚਿੰਤਕ ਕਰ ਰਿਹਾ ਹੈ । ਇਸ ਸਮਾਜ ਦੇ ਆਗੂ ਵੀ ਆਪਣੇ ਹੱਕਾਂ ਲਈ ਆਪਣੇ ਭਾਈਚਾਰੇ ਨੂੰ ਜਾਗਰਿਤ ਕਰਨ ਦੇ ਰਾਹ ਤੋਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ । ਭਵਿੱਖ ਵਿਚ ਆਸ ਕੀਤੀ ਜਾ ਸਕਦੀ ਹੈ ਕਿ ਇਸ ਵਰਗ ਲਈ ਵੀ ਕੋਈ ਸਤਿਕਾਰਤ ਸੰਬੋਧਨੀ ਸ਼ਬਦ ਨਿਰਧਾਰਿਤ ਕਰ ਲਿਆ ਜਾਵੇਗਾ ।

**ਭਾਰਤੀ ਮਿਥਿਹਾਸ ਅਤੇ ਕਿੰਨਰ**

ਮਿੱਥ ਸ਼ਬਦ ਦੀ ਉਤਪਤੀ ਗਰੀਕ ਸ਼ਬਦ(mythos)ਤੋਂ ਹੋਈ ਹੈ । ਜਿਸ ਦਾ ਸ਼ਾਬਦਿਕ ਅਰਥ ਹੈ, ਪ੍ਰਾਚੀਨ ਮਾਨਤਾਵਾਂ ਦੇ ਆਧਾਰ ਉੱਤੇ ਮਿਥੀਆਂ ਕਲਪਿਤ ਕਹਾਣੀ ਜਾਂ ਗੱਪਾਂ । ਇਸ ਤਰ੍ਹਾਂ ਸਭਿਅਤਾ ਦੇ ਮੁੱਢਲੇ ਕਾਲ ਦੀਆਂ ਰੂੜ੍ਹ ਕਹਾਣੀਆਂ, ਲੋਕ ਵਿਸ਼ਵਾਸ, ਉੱਤੇ ਆਧਾਰਿਤ ਦੰਤ ਕਥਾਵਾਂ ਅਤੇ ਪਰੰਪਰਾਗਤ ਰਹੁ ਰੀਤਾਂ ਨਾਲ ਸੰਬੰਧਿਤ ਧਾਰਨਾਵਾਂ ਦੇ ਸਮੁੱਚੇ ਅਧਿਐਨ ਨੂੰ ਮਿਥਿਹਾਸ ਕਿਹਾ ਜਾ ਸਕਦਾ ਹੈ । ਜਿਸ ਵਿਚ ਦੇਵੀ-ਦੇਵਤਿਆਂ, ਦੇਵ ਪੁਰਸ਼ਾਂ, ਦੇਵੀ ਕ੍ਰਿਤ ਮੋਢੀ ਵਿਅਕਤੀਆਂ ਅਤੇ ਸ੍ਰਿਸ਼ਟੀ ਦੀ ਉਤਪਤੀ ਬਾਰੇ ਮਾਨਤਾਵਾਂ ਆ

ਜਾਂਦੀਆ ਹਨ। ਅਕਸਰ ਜੀਵਨ ਵਿਚ ਵਿਚਰਦੇ ਹੋਏ ਇਨ੍ਹਾਂ ਮਿੱਥਾਂ ਤੋਂ ਹਮੇਸ਼ਾ ਹੀ ਸੇਧ ਲੈ ਕੇ ਜੀਵਨ ਦੀ ਉਸਾਰੀ ਕੀਤੀ ਜਾਂਦੀ ਹੈ। ਇਨ੍ਹਾਂ ਮਿਥਿਹਾਸਿਕ ਕਥਾਵਾਂ ਵਿਚ ਕਿੰਨਰਾਂ ਦਾ ਵਿਸ਼ੇਸ਼ ਵਰਣਨ ਹੈ। ਕਥਾਵਾਂ ਵਿਚ ਰਮਾਇਣ , ਮਹਾਂਭਾਰਤ ਆਦਿ ਰਚਨਾਵਾਂ ਵਿਚ ਕਿੰਨਰਾਂ ਦਾ ਉੱਲੇਖ ਮਿਲਦਾ ਹੈ। ਕਿੰਨਰ ਨੂੰ ਆਮ ਤੌਰ ਤੇ ਨਿਪੁੰਸਕ ਕਹਿ ਕੇ ਇਨ੍ਹਾਂ ਨੂੰ ਭਾਰਤੀ ਸਮਾਜ ਵਿਚ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਣ ਦੀ ਸ਼ੁਰੂਆਤ ਭਾਰਤ ਵਿਚ ਹੀ ਹੋਈ ਹੈ। ਭਾਰਤੀ ਪੁਰਾਣਾ ਦੇ ਅਨੁਸਾਰ ਥਰਡ ਜੈਂਡਰ ਦਾ ਆਦਿ ਰੂਪ ਸ਼ਿਵ ਹੈ। ਅਰਧਨਾਰੀਵਰ ਇਸਤਰੀ ਪੁਰਸ਼ ਦਾ ਸੰਯੋਗ ਹੈ। ਗ੍ਰੰਥ ' ਮਹਾਂਭਾਰਤ ' ਅਤੇ 'ਰਮਾਇਣ' ਵਿਚ 'ਕਿੰਨਰ' ਦੀ ਵਿਆਖਿਆ ਮਿਲਦੀ ਹੈ। ਰਮਾਇਣ ਦੀ ਕਥਾ ਅਨੁਸਾਰ ਜਦੋਂ ਸ੍ਰੀ ਰਾਮ ਬਣਵਾਸ ਲਈ ਨਿਕਲਦੇ ਹਨ ਤਾਂ ਉਨ੍ਹਾਂ ਦੇ ਨਾਲ ਨਗਰ ਨਿਵਾਸੀਆਂ ਦਾ ਇਕ ਬਹੁਤ ਵੱਡਾ ਸਮੂਹ ਚੱਲ ਰਿਹਾ ਸੀ। ਸ਼ਹਿਰ ਦੇ ਕਾਫ਼ੀ ਬਾਹਰ ਜਾ ਕੇ ਸ੍ਰੀ ਰਾਮ ਦੇ ਸਾਰੇ ਮਰਦ ਅਤੇ ਔਰਤਾਂ ਨੂੰ ਵਾਪਸ ਜਾਣ ਲਈ ਕਿਹਾ। ਚੌਦਾਂ ਸਾਲਾਂ ਦੇ ਬਣਵਾਸ ਤੋਂ ਬਾਅਦ ਜਦੋਂ ਸ੍ਰੀ ਰਾਮ ਅਯੁੱਧਿਆ ਵਾਪਸ ਪਹੁੰਚੇ ਤਾਂ ਰਾਮ ਜੀ ਨੂੰ ਪਤਾ ਲੱਗਿਆ ਕਿ ਹੀਜੜੇ ਹਾਲੇ ਵੀ ਉੱਥੇ ਹੀ ਰੁਕੇ ਹੋਏ ਸਨ ਅਤੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ। ਰਾਮ ਜੀ ਨੇ ਔਰਤਾਂ ਤੇ ਮਰਦਾਂ ਨੂੰ ਵਾਪਸ ਜਾਣ ਲਈ ਕਿਹਾ ਪਰ ਹੀਜੜੇ ਨਾ ਤਾਂ ਮਰਦ ਸਨ ਤੇ ਨਾ ਹੀ ਨਾਰੀ ਸਨ। ਇਸ ਲਈ ਰਾਮ ਜੀ ਨੇ ਕਿੰਨਰਾਂ ਨੂੰ ਉਨ੍ਹਾਂ ਦੀ ਸ਼ਰਧਾ ਤੇ ਭਗਤੀ ਤੋਂ ਖ਼ੁਸ਼ ਹੋ ਕੇ ਅਸ਼ੀਰਵਾਦ ਦਿੱਤਾ ਕਿ ਤੁਸੀਂ ਖ਼ੁਸ਼ੀ ਦੇ ਮੌਕੇ ਸਮਾਜ ਦੇ ਘਰਾਂ ਵਿਚ ਜਾ ਕੇ ਆਪਣਾ ਅਸ਼ੀਰਵਾਦ ਦੇਵੋਗੇ। ਇਸ ਅਨਮੋਲ ਭਗਤੀ ਦੇ ਕਾਰਨ ਰਾਮ ਨੇ ਇਨ੍ਹਾਂ ਨੂੰ ਆਸ਼ੀਰਵਾਦ ਦੇਣ ਦੀ ਸ਼ਕਤੀ ਪ੍ਰਦਾਨ ਕੀਤੀ। ਵੈਸ਼ਨਵ ਪੀ.ਵੀ. ਦੀ ਪੁਸਤਕ 'ਥਰਡ ਜੈਂਡਰ ਵਿਮਰਸ਼' ਅਨੁਸਾਰ ਇਸ ਕਹਾਣੀ ਦੀ ਵਿਆਖਿਆ ਦਾ ਜ਼ਿਕਰ ਰਾਮਚਰਿਤਮਾਨਸ ਦੀ ਪੰਕਤੀਆਂ ਵਿਚ ਦੇਖਿਆ ਜਾਂ ਸਕਦਾ ਹੈ।

ਜਥਾ ਜੋਗੂ ਕਰ ਵਿਨਯ ਪਰਨਾਮਾ, ਬਿਦਾ ਕੀਏ ਸਭ ਸਾਨੁੰਜ ਰਾਮਾ।

ਨਰ ਪੁਰਸ਼ ਲਘੁ ਮਧਯ ਵਡੇਰੇ, ਸਭ ਸਨਮਾਨਿਕ ਪਾਨਿਧਿ ਫੇਰੇ ।। (24)

ਇਸ ਕਾਰਨ ਸਮਾਜ ਵਿਚ ਵਧਾਈ ਵਰਗੀ ਰਸਮ ਦੇ ਜ਼ਰੂਰੀ ਅੰਗ ਵਜੋਂ ਕਿੰਨਰਾਂ ਨੂੰ ਮਾਨਤਾ ਪ੍ਰਾਪਤ ਹੈ। ਰਾਮ ਦੀ ਕਥਾ ਦੁਆਰਾ ਦਿੱਤੇ ਅਸ਼ੀਰਵਾਦ ਨੂੰ ਕਿੰਨਰ ਸਮਾਜ ਦੇ ਲੋਕ ਅੱਜ ਵੀ ਸਮਾਜ ਵਿਚ ਵਰਤ ਰਹੇ

ਹਨ । 'ਰਮਾਇਣ' ਅਤੇ 'ਮਹਾਂਭਾਰਤ' ਵਿਚ ਅਜਿਹੇ ਵੱਖ-ਵੱਖ ਤਰੀਕਿਆਂ ਨਾਲ ਕਿੰਨਰਾਂ ਦਾ ਜ਼ਿਕਰ ਆਉਂਦਾ ਹੈ। ਪੁਰਾਤਨ ਕਾਲ ਵਿਚ ਵੀ ਉਨ੍ਹਾਂ ਨੂੰ ਸਨਮਾਨ ਮਿਲਦਾ ਸੀ । ਸਮਾਜ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮਾਨਤਾ ਪ੍ਰਾਪਤ ਸੀ। ਬਹੁਤ ਸਾਰੇ ਰਾਜਿਆਂ ਦੇ ਦਰਬਾਰ ਵਿਚ ਕਿੰਨਰ ਦੇਸ਼ ਦੀਆਂ ਨੀਤੀਆਂ ਘੜਨ ਵਿਚ ਸਹਾਈ ਹੁੰਦੇ ਸਨ ਭਾਵ ਕਿ ਕਿੰਨਰ ਉਸ ਸਮੇਂ ਰਾਜਨੀਤੀ ਵਿਚ ਭਾਗ ਲੈਂਦੇ ਸਨ । ਸੰਘ ਰਾਜ ਵਿਚ ਜਾਗੀਰਦਾਰ ਕਿੰਨਰਾਂ ਨਾਲ ਸਲਾਹ-ਮਸ਼ਵਰਾ ਕਰਿਆ ਕਰਦੇ ਸਨ। ਬਾਅਦ ਵਿਚ ਮੁਸਲਮਾਨ ਰਾਜਿਆਂ ਨੇ ਕਿੰਨਰਾਂ ਨੂੰ 'ਖ਼ੋਜਿਆ' ਦੇ ਰੂਪ ਵਿਚ ਜ਼ਨਾਨਖ਼ਾਨੇ ਉੱਪਰ ਨਿਗਰਾਨੀ ਤੇ ਰਖਵਾਲੀ ਦਾ ਕੰਮ ਵੀ ਦੇ ਦਿੱਤਾ ਸੀ । ਮੁਸਲਮਾਨ ਰਾਜੇ ਉਨ੍ਹਾਂ ਉੱਪਰ ਵਿਸ਼ਵਾਸ ਕਰਦੇ ਸਨ । ਇਸ ਤਰ੍ਹਾਂ ਰਾਜ-ਦਰਬਾਰਾ ਵਿਚ ਕਿੰਨਰਾਂ ਨੂੰ ਵੱਖ-ਵੱਖ ਰੂਪ ਵਿਚ ਰੁਜ਼ਗਾਰ ਮਿਲਦਾ ਸੀ। ਇਸ ਲਈ ਗ਼ਰੀਬ ਪਰਿਵਾਰ ਆਪਣੇ ਘਰ ਦੇ ਇਕ ਮੁੰਡੇ ਦਾ ਲਿੰਗ ਛੇਦ ਕਰਕੇ ਉਸ ਨੂੰ ਕਿੰਨਰ ਬਣਾ ਦਿੰਦੇ ਸਨ। ਜਿਸ ਨਾਲ ਪਰਿਵਾਰ ਦਾ ਗੁਜ਼ਾਰਾ ਚੰਗੀ ਤਰ੍ਹਾਂ ਚੱਲੀ ਜਾਂਦਾ ਸੀ।

ਦਵਾ ਪੁਰ ਯੁੱਗ ਦਾ 'ਸ਼ਿਖੰਡੀ' ਨਾਮ ਦਾ ਪਾਤਰ ਇਸ ਸਮਾਜ ਦੇ ਲਈ ਇਕ ਯੋਧਾ ਪਾਤਰ ਸਿੱਧ ਹੋਇਆ । ਸ਼ਿਖੰਡੀ ਮਹਾਰਾਜ ਦਰੁਪਦ ਦਾ ਪੁੱਤਰ ਅਤੇ ਦਰੋਪਦੀ ਦਾ ਭਾਈ ਸੀ। ਜੋ ਇਕ ਕਿੰਨਰ ਸੀ। ਉਸ ਨੂੰ ਕਿਤੇ-ਕਿਤੇ ਸਤੀ ਦਾ ਅਵਤਾਰ ਵੀ ਕਿਹਾ ਜਾਂਦਾ ਹੈ। 'ਪ੍ਰੇਮ ਪ੍ਰਕਾਸ਼ ਸਿੰਘ ਦੇ(ਅਨੁਵਾਦ) 'ਮਹਾਂਭਾਰਤ' ਦੀ ਇਕ ਮਿੱਥ ਕਥਾ ਦੇ ਅਨੁਸਾਰ ਮਹੱਤਵਪੂਰਨ ਗ੍ਰੰਥ ਮਹਾਂਭਾਰਤ ਵਿਚ ਚਰਚਿਤ ਕਹਾਣੀ 'ਸ਼ਿਖੰਡੀ'ਦੀ ਹੈ। ਅਸਲ ਵਿਚ ਉਹ ਰਾਜਕੁਮਾਰੀ ਅੰਬਾਂ ਸੀ । ਕਾਸ਼ੀ ਰਾਜ ਦੀਆਂ ਅੰਬਾਂ, ਅੰਬਿਕਾ ਤੇ ਅੰਬਾਲਿਕਾ ਨਾਂ ਦੀਆਂ ਤਿੰਨ ਰਾਜਕੁਮਾਰੀ ਸਨ । ਇਨ੍ਹਾਂ ਨੂੰ ਭੀਸ਼ਮ ਪਿਤਾਮਾ ਸੁਵੰਬਰ ਵਿਚ ਉਧਾਲ਼ ਲਿਆ ਸੀ ।' ਭੀਸ਼ਮ ਚਿੱਟੀ ਦਾੜ੍ਹੀ ਵਾਲਾ ਸੀ। ਉਸ ਨੂੰ ਵੇਖ ਤਿੰਨੇ ਰਾਜ ਕੁਮਾਰੀਆਂ ਸੁਵੰਬਰ ਵਿਚ ਆਏ ਰਾਜਕੁਮਾਰ ਅਤੇ ਹੋਰ ਹਾਜ਼ਰ ਲੋਕਾਂ ਨੇ ਉਸ ਤੇ ਵਿਅੰਗ ਕੱਸੇ ਤੇ ਹੱਸਣ ਲੱਗੇ । ਭੀਸ਼ਮ ਗ਼ੁੱਸੇ ਨਾਲ ਲਾਲ ਹੋ ਕੇ ਬੋਲਿਆ ਮੈਂ ਤਿੰਨਾਂ ਰਾਜ-ਕੁਮਾਰੀਆਂ ਨੂੰ ਹਰਨ ਕਰਕੇ ਲਿਜਾ ਰਿਹਾ ਹਾਂ, ਜਿਸ ਦੀ ਮਰਜ਼ੀ ਹੈ, ਮੇਰੇ ਨਾਲ ਦੋ ਹੱਥ ਕਰਕੇ ਛੁਡਾ ਲਵੇ। ਅੰਬਾਂ ਸ਼ਲਪ ਰਾਜ ਕੁਮਾਰ ਨੂੰ ਪ੍ਰੇਮ ਕਰਦੀ ਸੀ । ਉਸ ਨੇ ਪਿੱਛਾ ਕੀਤਾ ਤਾਂ ਅਲਪ ਨੇ ਉਹਨੂੰ ਜ਼ਖ਼ਮੀ ਕਰ ਦਿੱਤਾ । ਤਿੰਨੇ ਰਾਜ ਕੁਮਾਰੀਆਂ ਉਸੇ ਦੇ ਪ੍ਰਾਣਾਂ ਦੀ ਭਿੱਖਿਆ ਮੰਗਣ ਲੱਗ ਪਈਆਂ । ਭੀਸ਼ਮ ਨੇ ਉਹਨੂੰ

ਮਾਰਿਆ ਨਾ, ਜਾਨ ਬਖ਼ਸ਼ ਦਿੱਤੀ। ਅੰਬਾਂ ਨੂੰ ਉਸੇ ਪਿਛੇ ਆਪਣੇ ਆਦਮੀਆਂ ਨਾਲ ਸੋਭ ਦੇਸ ਭੇਜ ਦਿੱਤਾ। ਦੂਜੀਆਂ ਦੋਵਾਂ ਨੂੰ ਹਸਤਨਾ ਪੁਰ ਲੈ ਆਇਆ। ਸ਼ਲਪ ਨੇ ਘਰ ਆਈ ਅੰਬਾਂ ਨੂੰ ਉਧਾਲ਼ੀ ਹੋਈ ਹੋਣ ਕਰਕੇ ਵਾਪਸ ਮੋੜ ਦਿੱਤਾ ਕਿਉਂਕਿ ਉੱਧਲ਼ੀ ਰੰਨ ਨੂੰ ਰਾਜੇ ਰਾਣੀ ਨੀ ਬਣਾਉਂਦੇ। ਉਹ ਮੁੜ ਭੀਸ਼ਮ ਕੋਲ ਆ ਗਈ। ਹਸਤਨਾ ਪੁਰ ਦੇ ਰਾਜ ਕੁਮਾਰ ਵਿਚਿੱਤਰ ਵੀਰਜ ਨੇ ਉਸ ਨੂੰ ਸ਼ਲਪ ਦੀ ਪ੍ਰੇਮਿਕਾ ਹੋਣ ਕਾਰਨ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਅੰਬਾਂ ਨੇ ਭੀਸ਼ਮ ਨੂੰ ਵਰਨ ਲਈ ਕਿਹਾ ਤਾਂ ਉਹ ਨਹੀਂ ਵਰ ਸਕਦਾ। ਉਸ ਨੇ ਸਾਰੀ ਉਮਰ ਵਿਆਹ ਨਾ ਕਰਾਉਣ ਦੀ ਭੀਸ਼ਮ ਪ੍ਰਤਿੱਗਿਆ ਕੀਤੀ ਹੋਈ ਸੀ। ਅੰਬਾਂ ਨੇ ਭੀਸ਼ਮ ਨੂੰ ਪੁੱਛਿਆ ਕਿ ਕੀ ਉਸ ਦੀ ਅੰਬਾਂ, ਹਸਤਨਾਪੁਰ ਤੋਂ ਕਾਸ਼ੀ ਰਾਜ, ਕਾਸ਼ੀ ਰਾਜ ਤੋਂ ਹਸਤਨਾਪੁਰ ਤੋਂ ਸ਼ੋਭਰਾਜ, ਸ਼ੋਭਰਾਜ ਤੋਂ ਹਸਤਨਾਪੁਰ , ਛੇ ਸਾਲ ਭਟਕਦੀ ਰਹੀਂ ਜਦੋਂ ਕਿਸੇ ਵੀ ਬੂਹੇ ਨੇ ਉਹਨੂੰ ਠਾਹਰ ਨਾ ਦਿੱਤੀ ਤਾਂ ਉਹਦਾ ਨਾਰੀਤਵ ਜਾਗ ਪਿਆ ਤੇ ਉਸ ਨੇ ਪ੍ਰਣ ਕੀਤਾ। ਮੇਰੇ ਤੇ ਇਹ ਬਿਪਤਾ ਦਾ ਪਹਾੜ ਭੀਸ਼ਮ ਕਾਰਨ ਟੁੱਟਿਆ ਹੈ, ਇਸ ਲਈ ਮੈਂ ਪ੍ਰਤਿੱਗਿਆ ਕਰਦੀ ਹਾਂ ਕਿ ਮੈਂ ਭੀਸ਼ਮ ਦਾ ਵਿਨਾਸ਼ ਕਰਕੇ ਹੀ ਰਹਾਂਗੀ। ਭੀਸ਼ਮ ਤੋਂ ਬਦਲਾ ਲੈਣ ਲਈ ਉਸ ਨੇ ਤਪੱਸਿਆ ਕੀਤੀ ਅਤੇ ਸ਼ਿਖੰਡੀ ਦੇ ਰੂਪ ਵਿਚ ਪੁਰਸ਼ ਬਣ ਕੇ ਜਨਮ ਲਿਆ ਤੇ ਯੁੱਧਭੂਮੀ ਵਿਚ ਆਈ। ਉਸ ਤੇ ਵਾਰ ਨਾ ਕੀਤਾ ਕਿਉਂਕਿ ਭੀਸ਼ਮ ਨੇ ਉਸ ਦਾ ਅਸਲ (ਅੰਬਾਂ) ਰੂਪ ਪਛਾਣ ਲਿਆ ਸੀ। ਔਰਤ ਉੱਪਰ ਹਥਿਆਰ ਚੁੱਕਣਾ ਯੁੱਧ ਨੀਤੀ ਦੇ ਖ਼ਿਲਾਫ਼ ਹੈ, ਇਸ ਲਈ ਉਸ ਨੇ ਆਪਣੇ ਹਥਿਆਰ ਹੇਠਾਂ ਰੱਖ ਦਿੱਤੇ। ਐਨ ਉਸ ਵਕਤ ਅਰਜਨ ਨੇ ਮੌਕਾ ਦੇਖ ਕੇ ਸ਼ਿਖੰਡੀ ਦੇ ਪਿੱਛੇ ਲੁਕ ਕੇ ਭੀਸ਼ਮ ਉੱਪਰ ਤੀਰਾਂ ਦੀ ਬੁਛਾੜ ਕਰ ਦਿੱਤੀ। ਸ਼ਿਖੰਡੀ ਭਾਵ ਇਸਤਰੀ ਤੋਂ ਪੁਰਸ਼ ਦਾ ਪਰਿਵਰਤਨ (810 )

ਇਸ ਤਰ੍ਹਾਂ ਸ਼ਿਖੰਡੀ ਨੇ ਆਪਣੀ ਸਿੱਖਿਆ ਪੂਰਨ ਰੂਪ ਵਿਚ ਪੂਰੀ ਕੀਤੀ ਅਤੇ ਇਸ ਪਾਤਰ ਨੇ ਇਹ ਸਿੱਧ ਕਰ ਦਿੱਤਾ ਕਿ ਕਿੰਨਰ ਸਮਾਜ ਦੇ ਲੋਕ ਦੁਨੀਆ ਦੇ ਵੱਡੇ ਤੋਂ ਵੱਡੇ ਕੰਮ ਕਰ ਸਕਦੇ ਹਨ। ਕਿਹਾ ਜਾਂਦਾ ਹੈ ਕਿ ਸ਼ਿਖੰਡੀ ਨੇ ਧਰਮ ਦੀ ਰੱਖਿਆ ਲਈ ਮਹਾਂਭਾਰਤ ਦਾ ਯੁੱਧ ਲੜਿਆ ਸੀ। ਉਸ ਦੀ ਪ੍ਰਤਿੱਗਿਆ ਨੂੰ ਦੇਖ ਕੇ ਕ੍ਰਿਸ਼ਨ ਨੇ ਉਸ ਨੂੰ ਮਹਾਂਭਾਰਤ ਦੇ ਯੁੱਧ ਵਿਚ ਸੈਨਾਪਤੀ ਬਣਾਇਆ ਸੀ। ਉਪਰੋਕਤ ਕਥਾਵਾਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਸ ਕਾਲ ਵਿਚ ਵੀ ਇਸ ਸਮਾਜ ਨੂੰ ਕਾਫ਼ੀ ਸਮਾਜਿਕ ਮਾਨਤਾ ਮਿਲੀ ਹੋਈ ਸੀ। ਇਹ ਕਥਾਵਾਂ ਕਾਲਪਨਿਕ ਜਾਂ ਇਤਿਹਾਸਕ ਹਨ , ਇਹ ਬਹਿਸ ਦਾ ਵਿਸ਼ਾ ਵੀ ਹੋ ਸਕਦਾ ਹੈ ਪਰ

ਇਨ੍ਹਾਂ ਕਥਾਵਾਂ ਨੂੰ ਸਮਾਜ ਦੇ ਵਿਚ ਜਿਸ ਪ੍ਰਕਾਰ ਦੀ ਸਵੀਕਾਰਤਾ ਮਿਲੀ। ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਇਸ ਕਾਲ ਵਿਚ ਕਿੰਨਰ ਸਮਾਜ ਦੇ ਵਿਅਕਤਿਤਵ ਦੇ ਵਿਕਾਸ ਲਈ ਉਪਯੁਕਤ ਵਿਵਸਥਾ ਸੀ।

ਇਕ ਹੋਰ ਦੱਖਣੀ ਮਿਥਿਹਾਸ ਦੀ ਕਥਾ ਦੇ ਅਨੁਸਾਰ ਦੱਖਣੀ ਭਾਰਤ ਵਿਚ ਅਰਾਵਨ ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ। ਅਰਾਵਨ ਕਿਸ ਤਰ੍ਹਾਂ ਕਿੰਨਰਾਂ ਦੇ ਭਗਵਾਨ ਬਣੇ ਇਸ ਦਾ ਜ਼ਿਕਰ ਵੀ ਮਹਾਂਭਾਰਤ ਵਿਚ ਛੁਪਿਆ ਹੋਇਆ ਹੈ। ਵਿਜੇਂਦਰ ਪ੍ਰਤਾਪ ਸਿੰਘ ਅਤੇ ਰਵੀ ਕੁਮਾਰ ਗੌਂਡ ਦੇ ਦੁਆਰਾ ਸੰਪਾਦਿਤ ਕੀਤੀ ਪੁਸਤਕ ਵਿਚ 'ਭਾਰਤੀ ਸਾਹਿਤ ਅਤੇ ਸਮਾਜ ਵਿਚ ਤੀਜਾ ਲਿੰਗ ਵਿਮਰਸ਼' ਅਨੁਸਾਰ ਅਰਾਵਨ ਦੇਵਤਾ ਦਾ ਸਭ ਤੋਂ ਪ੍ਰਾਚੀਨ ਅਤੇ ਮੁੱਖ ਮੰਦਿਰ ਬਿਲੂਪੁਰਮ ਜ਼ਿਲ੍ਹੇ ਦੇ ਕੁਵਾਗਮ ਵਿਚ ਹੈ। ਕੁਵਾਗਮ ਵਿਚ ਹਰ ਸਾਲ ਤਾਮਿਲ ਨਵੇਂ ਸਾਲ ਦੀ ਪਹਿਲੀ ਪੂਰਨਮਾਸ਼ੀ ਨੂੰ 18 ਦਿਨਾਂ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਹੁੰਦੀ ਹੈ।' ਇਸ ਪ੍ਰੋਗਰਾਮ ਵਿਚ ਸਾਰੇ ਦੇਸ਼ ਦੇ ਕਿੰਨਰ ਅਤੇ ਵਿਦੇਸ਼ਾਂ ਵਿਚੋਂ ਵੀ ਕਿੰਨਰ ਆਉਂਦੇ ਹਨ। ਪਹਿਲੇ ਸੋਲ੍ਹਾਂ ਦਿਨ ਖ਼ੂਬ ਨਾਚ ਗਾਣਾ ਹੁੰਦਾ ਹੈ। ਕਿੰਨਰ ਖ਼ੁਸ਼ੀ-ਖ਼ੁਸ਼ੀ ਵਿਆਹ ਦੀ ਤਿਆਰੀ ਕਰਦੇ ਹਨ। ਸਤਾਰ੍ਹਵੇਂ ਦਿਨ ਪੰਡਿਤ ਦੁਆਰਾ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ। ਜਿਸ ਤੋਂ ਬਾਅਦ ਅਰਾਵਨ ਦੇਵਤਾ ਦੇ ਸਾਹਮਣੇ ਮੰਦਿਰ ਦੇ ਪੰਡਿਤ ਭਗਵਾਨ ਦੇ ਸਾਹਮਣੇ ਕਿੰਨਰਾਂ ਦੇ ਗਲੇ ਵਿਚ ਮੰਗਲ-ਸੂਤਰ ਪਹਿਨਾਇਆ ਜਾਂਦਾ ਹੈ। ਅਰਾਵਨ ਦੀ ਮੂਰਤੀ ਦੇ ਨਾਲ ਵਿਆਹ ਕੀਤਾ ਜਾਂਦਾ ਹੈ। ਅੰਤਿਮ ਭਾਵ 18ਵੇਂ ਦਿਨ ਅਰਾਵਨ ਦੇਵਤਾ ਦੀ ਮੂਰਤੀ ਨੂੰ ਸ਼ਹਿਰ ਵਿਚ ਘੁਮਾਇਆ ਜਾਂਦਾ ਹੈ ਤੇ ਇਸ ਮਗਰੋਂ ਉਸ ਨੂੰ ਤੋੜ ਦਿੱਤਾ ਜਾਂਦਾ ਹੈ ਤੇ ਜਿਵੇਂ ਹੀ ਇਹ ਮੂਰਤੀ ਟੁੱਟਦੀ ਹੈ। ਕਿੰਨਰ ਇਕ ਵਿਧਵਾ ਦੀ ਤਰ੍ਹਾਂ ਆਪਣਾ ਹਾਰ ਸ਼ਿੰਗਾਰ ਉਤਾਰ ਕੇ ਵਿਰਲਾਪ ਕਰਨ ਲੱਗਦੇ ਹਨ। ਸਾਫ਼ ਚਿੱਟੇ ਕੱਪੜੇ ਪਹਿਨ ਕੇ ਕਿੰਨਰ ਖ਼ੂਬ ਰੋਂਦੇ ਹਨ। ਉਸ ਤੋਂ ਬਾਅਦ ਇਹ ਪ੍ਰੋਗਰਾਮ ਖ਼ਤਮ ਹੋ ਜਾਂਦਾ ਹੈ। (69)

ਆਮ ਲੋਕਾਂ ਦੀ ਤਰ੍ਹਾਂ ਕਿੰਨਰ ਵੀ ਦੇਵਤਾ ਦੀ ਪੂਜਾ ਕਰਦੇ ਹਨ। ਉਹ ਦੇਵਤਾ ਅਸਲ ਵਿਚ ਅਰਜਨ ਅਤੇ ਅਲੂਪੀ ਦਾ ਪੁੱਤਰ ਹੈ, ਅਰਾਵਨ। ਜਿਸ ਦੀ ਪੂਜਾ ਕਿੰਨਰ ਦੇਵਤੇ ਦੇ ਰੂਪ ਵਿਚ ਕਰਦੇ ਹਨ। ਕਿੰਨਰ ਇਸ ਦੇਵਤਾ ਦੀ ਸਿਰਫ਼ ਪੂਜਾ ਹੀ ਨਹੀਂ ਕਰਦੇ ਬਲਕਿ ਉਸੇ ਨਾਲ ਵਿਆਹ ਵੀ ਕਰਦੇ ਹਨ। ਤਾਮਿਲਨਾਡੂ ਵਿਚ ਅਰਾਵਨ ਦੇਵਤਾ ਦੀ ਪੂਜਾ ਕੀਤੀ ਜਾਂਦੀ ਹੈ। ਕਈ ਥਾਵਾਂ ਤੇ ਅਰਾਵਨ ਦੇ ਨਾਮ ਨਾਲ

ਵੀ ਬੁਲਾਇਆ ਜਾਂਦਾ ਹੈ। ਅਰਾਵਨ ਦੇਵ ਨੂੰ ਕਿੰਨਰਾਂ ਦਾ ਦੇਵਤਾ ਮੰਨਿਆ ਜਾਂਦਾ ਹੈ। ਇਸ ਲਈ ਦੱਖਣੀ ਭਾਰਤ ਵਿਚ ਕਿੰਨਰਾਂ ਨੂੰ ' ਅਰਾਵਨੀ ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਅਰਾਵਨ ਦੇਵਤਾ ਮਹਾਂਭਾਰਤ ਦੇ ਪ੍ਰਮੁੱਖ ਪਾਤਰਾਂ ਵਿਚੋਂ ਇਕ ਸੀ ਅਤੇ ਯੁੱਧ ਦੇ ਦੌਰਾਨ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਸੀ । 'ਤਾਮਿਲਨਾਡੂ ਦੇ ਮੰਦਰ ਵਿਚ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਅਰਾਵਨ ਦੇਵਤਾ ਦਾ ਵਿਆਹ ਕਿੰਨਰਾਂ ਦੇ ਨਾਲ ਕੀਤਾ ਜਾਂਦਾ ਹੈ। ਵਿਆਹ ਹਰ ਸਾਲ ਤਾਮਿਲ ਨਵੇਂ ਸਾਲ ਦੀ ਪਹਿਲੀ ਪੂਰਨਮਾਸ਼ੀ ਨੂੰ ਕਿੰਨਰਾਂ ਦੇ ਵਿਆਹ ਦਾ ਸਮਾਗਮ ਸ਼ੁਰੂ ਹੋ ਜਾਂਦਾ ਹੈ। ਜਿਹੜਾ ਅਠਾਰਾਂ ਦਿਨਾਂ ਤੱਕ ਚੱਲਦਾ ਹੈ। ਇਹ ਵਿਆਹ ਸਾਲ ਵਿਚ ਇਕ ਵਾਰ ਕੀਤਾ ਜਾਂਦਾ ਹੈ। ਵਿਆਹ ਤੋਂ ਅਗਲੇ ਦਿਨ ਹੀ ਅਰਾਵਨ ਦੇਵਤਾ ਦੀ ਮੌਤ ਹੋ ਜਾਣ ਕਾਰਨ ਵਿਆਹ ਦੀ ਪਰੰਪਰਾ ਖ਼ਤਮ ਹੋ ਜਾਂਦੀ ਹੈ '। ਇਸ ਦਾ ਸੰਬੰਧ ਮਹਾਂਭਾਰਤ ਕਾਲ ਦੀ ਇਕ ਅਨੋਖੀ ਘਟਨਾ ਨਾਲ ਹੈ। ਮਹਾਂਭਾਰਤ ਦੀ ਕਥਾ ਅਨੁਸਾਰ ਇਕ ਵਾਰ ਅਰਜਨ ਨੂੰ ਦਰੋਪਦੀ ਨਾਲ ਸ਼ਾਦੀ ਦੀ ਇਕ ਸ਼ਰਤ ਦੇ ਉਲੰਘਣ ਕਾਰਨ ਇੰਦਰਪਰਸ ਤੋਂ ਇਕ ਸਾਲ ਦੀ ਤੀਰਥ ਯਾਤਰਾ ਤੇ ਭੇਜਿਆ ਗਿਆ। ਅਰਜਨ ਉਸ ਤੋਂ ਬਾਅਦ ਉੱਤਰ ਪੂਰਵ ਭਾਰਤ ਵੱਲ ਜਾਂਦੇ ਹਨ। ਜਿੱਥੇ ਉਨ੍ਹਾਂ ਦੀ ਮੁਲਾਕਾਤ ਇਕ ਵਿਧਵਾ ਨਾਗ ਰਾਜਕੁਮਾਰੀ ਅਲੂਪੀ ਦੇ ਨਾਲ ਹੁੰਦੀ ਹੈ। ਦੋਵਾਂ ਨੂੰ ਇਕ ਦੂਜੇ ਨਾਲ ਪਿਆਰ ਹੋ ਜਾਂਦਾ ਹੈ ਅਤੇ ਦੋਨੋਂ ਵਿਆਹ ਕਰ ਲੈਂਦੇ ਹਨ। ਵਿਆਹ ਤੋਂ ਕੁਝ ਸਮੇਂ ਬਾਅਦ ਅਲੂਪੀ ਇਕ ਪੁੱਤਰ ਨੂੰ ਜਨਮ ਦਿੰਦੀ ਹੈ, ਜਿਸ ਦਾ ਨਾਂ ਅਰਾਵਨ ਰੱਖਿਆ ਜਾਂਦਾ ਹੈ। ਪੁੱਤਰ ਦੇ ਜਨਮ ਤੋਂ ਬਾਅਦ ਅਰਜਨ ਅਲੂਪੀ ਤੇ ਪੁੱਤਰ ਨੂੰ ਉੱਥੇ ਹੀ ਛੱਡ ਕੇ ਅਗਲੀ ਯਾਤਰਾ ਲਈ ਨਿਕਲ ਜਾਂਦਾ ਹੈ। ਅਰਾਵਨ ਨਾਗਲੋਕ ਵਿਚ ਆਪਣੀ ਮਾਂ ਦੇ ਨਾਲ ਹੀ ਰਹਿੰਦਾ ਹੈ। ਜਵਾਨ ਹੋਣ ਤੇ ਉਹ ਨਾਗਲੋਕ ਨੂੰ ਛੱਡ ਕੇ ਆਪਣੇ ਪਿਤਾ ਕੋਲ ਜਾਂਦਾ ਹੈ। ਉਸ ਸਮੇਂ ਕੁਰੂਕਸ਼ੇਤਰ ਵਿਚ ਮਹਾਂਭਾਰਤ ਦਾ ਯੁੱਧ ਚੱਲ ਰਿਹਾ ਸੀ। ਇਸ ਲਈ ਅਰਜਨ ਉਸ ਨੂੰ ਯੁੱਧ ਕਰਨ ਲਈ ਮੈਦਾਨ ਵਿਚ ਭੇਜ ਦਿੰਦਾ ਹੈ। ਯੁੱਧ ਦੇ ਦੌਰਾਨ ਇਕ ਸਮਾਂ ਆਇਆ ਕਿ ਜਦੋਂ ਪਾਂਡਵਾਂ ਨੂੰ ਆਪਣੀ ਜਿੱਤ ਦੇ ਲਈ ਮਾਂ ਕਾਲੀ ਦੇ ਚਰਨਾਂ ਵਿਚ ਆਪਣੀ ਇੱਛਾ ਦੇ ਨਾਲ ਨਰਬਲ ਇਕ ਰਾਜਕੁਮਾਰ ਦੀ ਜ਼ਰੂਰਤ ਹੁੰਦੀ ਹੈ। ਜਦੋਂ ਕੋਈ ਵੀ ਰਾਜਕੁਮਾਰ ਅੱਗੇ ਨਹੀਂ ਆਉਂਦਾ ਤਾਂ ਅਰਾਵਨ ਖ਼ੁਦ ਨਰਬਲ ਹੈ ਤਾਂ ਉਹ ਆਪਣੀ ਇੱਛਾ ਨਾਲ ਪ੍ਰਗਟ ਕਰਦਾ ਹੈ ,ਪਰੰਤੂ ਉਸ ਸਮੇਂ ਉਹ ਸ਼ਰਤ ਰੱਖਦਾ ਹੈ ਕਿ ਉਹ ਬਿਨਾਂ ਵਿਆਹ ਤੋਂ ਨਹੀਂ ਮਰੇਗਾ। ਇਸ ਸ਼ਰਤ ਕਾਰਨ ਮਾਹੌਲ ਬੜਾ ਹੀ ਤਣਾਅਪੂਰਨ ਬਣ ਜਾਂਦਾ ਹੈ ਕਿਉਂਕਿ ਕੋਈ ਰਾਜਾ ਇਹ ਜਾਣਦੇ ਹੋਏ ਕਿ ਅਗਲੇ

ਦਿਨ ਉਸ ਦੀ ਬੇਟੀ ਵਿਧਵਾ ਹੋ ਜਾਵੇਗੀ ਤਾਂ ਉਹ ਆਪਣੀ ਧੀ ਕਿਉਂ ਦੇਵੇਗਾ ? ਇਸ ਲਈ ਅਰਾਵਨ ਦੇ ਨਾਲ ਆਪਣੀ ਬੇਟੀ ਦੇ ਵਿਆਹ ਨੂੰ ਕੋਈ ਵੀ ਪ੍ਰਵਾਨਗੀ ਨਹੀਂ ਦਿੰਦਾ । ਜਦੋਂ ਕੋਈ ਰਸਤਾ ਨਹੀਂ ਬਚਦਾ ਤਾਂ ਭਗਵਾਨ ਸ਼੍ਰੀ ਕ੍ਰਿਸ਼ਨ ਖ਼ੁਦ ਮੋਹਨੀ ਰੂਪ ਧਾਰ ਕੇ ਅਰਾਵਨ ਨਾਲ ਆਪਣਾ ਸੀਸ ਮਾਂ ਕਾਲੀ ਦੇ ਚਰਨਾਂ ਵਿਚ ਅਰਪਣ ਕਰਦੇ ਹਨ । ਅਰਾਵਨ ਦੀ ਮੌਤ ਤੋਂ ਬਾਅਦ ਸ਼੍ਰੀ ਕ੍ਰਿਸ਼ਨ ਉਸੇ ਮੋਹਨੀ ਰੂਪ ਵਿਚ ਕਾਫ਼ੀ ਦੇਰ ਤੱਕ ਅਰਾਵਨ ਦੀ ਮੌਤ ਦਾ ਵਿਰਲਾਪ ਕਰਦੇ ਹਨ । ਸ਼੍ਰੀ ਕ੍ਰਿਸ਼ਨ ਪੁਰਸ਼ ਹੁੰਦੇ ਹੋਏ ਵੀ ਅਰਾਵਨ ਦੇ ਨਾਲ ਇਸਤਰੀ ਰੂਪ ਵਿਚ ਸ਼ਾਦੀ ਕਰਦੇ ਹਨ । ਇਸ ਲਈ ਕਿੰਨਰ ਜਿਹੜੇ ਕਿ ਇਸਤਰੀ ਰੂਪ ਵਿਚ ਪੁਰਸ਼ ਮੰਨੇ ਜਾਂਦੇ ਹਨ ਉਹ ਵੀ ਇਕ ਰਾਤ ਲਈ ਅਰਾਵਨ ਦੇ ਨਾਲ ਵਿਆਹ ਕਰਦੇ ਹਨ । ਅਰਾਵਨ ਨੂੰ ਆਪਣਾ ਪਤੀ ਦੇਵਤਾ ਮੰਨਦੇ ਹਨ ।

ਇਸ ਤਰ੍ਹਾਂ ਲਕਸ਼ਮੀ ਨਰਾਇਣ ਤ੍ਰਿਪਾਠੀ 'ਸ਼ਬਦ' ਮੈਗਜ਼ੀਨ ਜੁਲਾਈ-ਸਤੰਬਰ, 2017 ਵਿਚ ਪ੍ਰਕਾਸ਼ਿਤ ਆਪਣੇ ਖੋਜ ਪੱਤਰ 'ਹਿਜੜਿਆਂ ਦਾ ਇਤਿਹਾਸ' ਵਿਚ 'ਮਹਾਂਭਾਰਤ ਦੇ ਅਨੁਸਾਰ ਕਿਸ ਤਰ੍ਹਾਂ ਧਨੁੰਤਰ ਅਰਜਨ ਨੂੰ 'ਬਹੁਨੱਲਾ' ਦੇ ਰੂਪ ਵਿਚ ਵਾਸ ਕਰਨਾ ਪੈਂਦਾ ਹੈ, ਦੀ ਕਥਾ ਨੂੰ ਬਿਆਨ ਕਰਦੀ ਹੈ । ਪਾਂਡਵਾਂ ਨੂੰ ਬਾਰਾਂ ਸਾਲ ਦੇ ਬਣਵਾਸ ਵਿਚ ਜਾਣਾ ਪੈਂਦਾ ਹੈ । ਇਸ ਸਮੇਂ ਦੌਰਾਨ ਅਰਜਨ ਆਪਣੇ ਪਿਤਾ ਨੂੰ ਮਿਲਣ ਸਵਰਗ ਜਾਂਦਾ ਹੈ । ਉਸ ਵੇਲੇ ਦੇਵਤਾਵਾਂ ਦੀ ਅਪਸਰਾ ਉਰਵਸ਼ੀ ਨੂੰ ਵੇਖ ਕੇ ਉਹ ਕਾਮੁਕ ਹਾਵ-ਭਾਵ ਦਿੰਦਾ ਹੈ ਤਾਂ ਉਰਵਸ਼ੀ ਉਸ ਨੂੰ ਸਰਾਪ ਦੇ ਦਿੰਦੀ ਹੈ ਕਿ ਕਲੀਵ ਬਣੋਗੇ । ਸ਼ਬਦ ਕਲੀਵ ਤੋਂ ਭਾਵ 'ਤੀਜਾਪੰਥੀ ' । ਵੇਦਾਂ ਪੁਰਾਣਾਂ ਵਿਚ ਤੀਜੇ ਪੰਥੀਆਂ ਲਈ 'ਕਲੀਵ' ਸ਼ਬਦ ਵੀ ਪ੍ਰਚਲਿਤ ਸੀ । ਅਰਜਨ ਦਾ ਕਲੀਵ ਬਣਨਾ ਠੀਕ ਨਹੀਂ ਸੀ ਪਰ ਉਸ ਨੂੰ ਸਰਾਪ ਮਿਲਿਆ ਸੀ । ਇਸ ਤੋਂ ਬਿਨਾਂ ਉਸ ਕੋਲ ਕੋਈ ਬਦਲ ਵੀ ਨਹੀਂ ਸੀ । ਉਹ ਗ਼ੁੱਸੇ ਵਿਚ ਆ ਗਿਆ ਤਾਂ ਕ੍ਰਿਸ਼ਨ ਨੇ ਕਿਹਾ ,''ਹੁਣ ਤੁਸੀਂ ਗੁਪਤ ਬਣਵਾਸ ਵਿਚ ਹੋ, ਤੁਹਾਨੂੰ ਕੋਈ ਪਛਾਣ ਨਾ ਸਕੇ ਇਸ ਲਈ ਤੁਹਾਡੇ ਵਾਸਤੇ ਇਹ ਰੂਪ ਬਹੁਤ ਫ਼ਾਇਦੇਮੰਦ ਹੋਵੇਗਾ ।' ਅਖੀਰ ਦੇ ਵਿਚ ਅਰਜਨ ਮੰਨ ਗਿਆ ਤੇ 'ਬਹੁਨੱਲਾ' ਦੇ ਨਾਲ ਸਾਰੇ ਪਾਂਡਵ ਇਕ-ਇਕ ਕਰਕੇ ਰਾਜਾ ਵਿਰਾਟ ਦੇ ਦਰਬਾਰ ਵਿਚ ਪੁੱਜ ਗਏ । ਅਰਜਨ ਨੇ ਦੱਸਿਆ ਕਿ ਉਹ ਨਾਚ-ਗਾਣੇ ਵਿਚ ਮਾਹਿਰ ਹੈ ਤਾਂ ਔਰਤਾਂ ਨੂੰ ਨਾਚ-ਗਾਣਾ ਸਿਖਾਉਣ ਲਈ ਉਸ ਨੂੰ ਚੁਣ ਲਿਆ ਗਿਆ ਪਰੰਤੂ ਚੋਣ ਕਰਨ ਤੋਂ ਪਹਿਲਾ ਰਾਜਾ ਵਿਰਾਟ ਨੇ

ਉਸ ਦੀ ਪਰਖ ਵੀ ਕੀਤੀ ਕਿ ਉਹ ਸੱਚ-ਮੁੱਚ ਹੀ ਕਲੀਵ ਹੈ ; ਕਿਧਰੇ ਉਹ ਸੁੰਦਰ ਔਰਤਾਂ ਵੱਲ ਆਕਰਸ਼ਿਤ ਤਾਂ ਨਹੀਂ ਹੁੰਦਾ । ਨਾਚ-ਗਾਣੇ ਦੀ ਸਿੱਖਿਆਂ ਸ਼ੁਰੂ ਹੋਣ ਤੇ ਰਾਜਾ ਵਿਰਾਟ ਬਹੁਨੱਲਾ ਦੀ ਕਲਾ, ਵਿਵਹਾਰ ਤੇ ਚਾਲ ਚੱਲਣ ਤੋਂ ਬਹੁਤ ਪ੍ਰਸੰਨ ਹੋਇਆ । ਰਾਜਾ ਵਿਰਾਟ ਨੇ ਆਪਣੀ ਧੀ ਉਤਰਾ ਨੂੰ ਬੁਲਾ ਕੇ ਕਿਹਾ ਕਿ ਬਹੁਨੱਲਾ ਖ਼ਾਨਦਾਨੀ ਹੈ, ਉਹ ਆਮ ਨਾਚੀ ਨਹੀਂ ਹੈ, ਉਹਨੂੰ ਰਾਣੀ ਵਰਗਾ ਮਾਣ-ਸਨਮਾਨ ਦਿੱਤਾ ਜਾਵੇ । ਉਸ ਨੂੰ ਆਪਣੇ ਮਹਿਲ ਵਿਚ ਲੈ ਜਾਉ । ਰਾਜਾ ਵਿਰਾਟ ਨੇ ਬਹੁਨੱਲਾ ਨੂੰ ਆਪਣਾ ਲਿੰਗ ਬਦਲ ਕੇ ਆਦਮੀਆਂ ਵਾਂਗ ਰਹਿਣ ਲਈ ਨਹੀਂ ਕਿਹਾ ਬਲਕਿ ਉਸੇ ਇਸਤਰੀਤਵ ਦਾ ਹਮੇਸ਼ਾ ਸਨਮਾਨ ਕੀਤਾ । ਉਹ ਜਿਹੋ-ਜਿਹੀ ਵੀ ਹੈ, ਉਸੇ ਤਰ੍ਹਾਂ ਹੀ ਸਵੀਕਾਰ ਕੀਤਾ । ਉਸ ਨੂੰ ਆਪਣੇ ਰਾਜ ਦਰਬਾਰ ਵਿਚ ਆਸਰਾ ਵੀ ਦਿੱਤਾ ਤੇ ਕਰਨ ਲਈ ਕੰਮ ਵੀ ਦਿੱਤਾ ।(31)

ਸੋ ਭਾਰਤੀ ਲੋਕ ਕਥਾਵਾਂ ਤੇ ਮਿਥਕ ਕਥਾਵਾਂ ਵਿਚ ਕਿੰਨਰਾਂ ਦਾ ਉੱਲੇਖ ਵਿਸ਼ੇਸ਼ ਰੂਪ ਵਿਚ ਮਿਲਦਾ ਹੈ । ਇਨ੍ਹਾਂ ਦਾ ਉਸਾਰਿਆ ਚਰਿੱਤਰ ਨਿਰਮਾਣ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਸ ਸਮੇਂ ਵੀ ਕਿੰਨਰਾਂ ਦੀ ਮਾਨਤਾ ਸੀ । ਲੋਕ ਇਨ੍ਹਾਂ ਦਾ ਸਤਿਕਾਰ ਕਰਦੇ ਸਨ । ਅਸਲ ਵਿਚ ਇਹ ਕੋਈ ਗੈਰ ਮਨੁੱਖੀ ਪ੍ਰਾਣੀ ਨਹੀਂ ਸਗੋਂ ਇਕ ਆਮ ਮਨੁੱਖ ਹੀ ਹਨ । ਇਨ੍ਹਾਂ ਦੀ ਪ੍ਰਤਿਭਾ ਤੇ ਕਲਾਵਾਂ ਦੀ ਪਛਾਣ ਕਰ ਕੇ ਸਮਾਜ ਵਿਚ ਇਨ੍ਹਾਂ ਨੂੰ ਅਹੁਦਾ ਜਾਂ ਰੁਤਬਾ ਦਿੱਤਾ ਜਾਂਦਾ ਸੀ ਪਰ ਅਜੋਕੇ ਸਮੇਂ ਵਿਚ ਪਿਛਲੇਰੇ ਸਮੇਂ ਨਾਲੋ ਸਮਾਜਿਕ ਭਿੰਨਤਾਵਾਂ ਵਧਣ ਨਾਲ ਸਥਿਤੀਆਂ ਵਿਚ ਫ਼ਰਕ ਨਜ਼ਰ ਆ ਰਿਹਾ ਹੈ ।

ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਕਿੰਨਰਾਂ ਦਾ ਇਤਿਹਾਸ ਵਿਚ ਵੀ ਵਰਣਨ ਮਿਲਦਾ ਹੈ । ਕਿਸੇ ਵੀ ਸਮਾਜ ਨੂੰ ਸਮਝਣ ਦੇ ਲਈ ਉਸ ਦੇ ਇਤਿਹਾਸਕ ਪਿਛੋਕੜ ਨੂੰ ਜਾਣਨਾ ਜ਼ਰੂਰੀ ਹੈ । ਹਮੇਸ਼ਾ ਹੀ ਤੱਥਾਂ ਤੇ ਇਤਿਹਾਸਕਾਰ ਵਿਚਕਾਰ ਹੋਣ ਵਾਲੀ ਲਗਾਤਾਰ ਅੰਤਰ ਕਿਰਿਆ ਦੇ ਰਾਹੀਂ ਹੀ ਇਤਿਹਾਸ ਦੀ ਸਿਰਜਣਾ ਕੀਤੀ ਜਾਂਦੀ ਹੈ । ਪੁਰਾਣੇ ਸਮੇਂ ਵਿਚ ਬੀਤੀਆਂ ਸਾਰੀਆਂ ਘਟਨਾਵਾਂ ਨੂੰ ਅਜੋਕੇ ਪ੍ਰਸੰਗ ਵਿਚ ਪੇਸ਼ ਕਰਦਾ ਹੈ । ਇਸ ਲਈ ਈ.ਐਚ. ਕਾਰ ਨੇ ਇਤਿਹਾਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ: It is continuous process of interaction between the historian and his facts, an unending dialogue between the present and the past. (6-7)

ਭਾਰਤ ਵਿਚ ਇਤਿਹਾਸਕ ਪਿਛੋਕੜ ਨੂੰ ਵਾਚਦੇ ਹੋਏ ਇਤਿਹਾਸਕਾਰ ਇਤਿਹਾਸ ਨੂੰ ਤਿੰਨ ਕਾਲਾਂ ਅਨੁਸਾਰ ਵੰਡ ਕੇ ਦੇਖਦੇ ਹਨ। ਇਨ੍ਹਾਂ ਤਿੰਨਾਂ ਕਾਲਾਂ ਵਿਚ ਕਿੰਨਰਾਂ ਦਾ ਜ਼ਿਕਰ ਮਿਲਦਾ ਹੈ। ਉਪਿੰਦਰ ਸਿੰਘ ਇਤਿਹਾਸ ਨੂੰ ਆਪਣੀ ਪੁਸਤਕ 'A History of Ancient and early medieval India' ਵਿਚ ਤਿੰਨ ਕਾਲਾਂ ਵਿਚ ਵੰਡਦੇ ਹਨ -

ਪ੍ਰਾਚੀਨ ਮੱਧਕਾਲ- 6ਵੀਂ ਤੋਂ 13ਵੀਂ ਸਦੀ

ਮੱਧਕਾਲ -13ਵੀਂ ਤੋਂ 18ਵੀਂ ਸਦੀ

ਆਧੁਨਿਕ ਕਾਲ -18ਵੀਂ ਸਦੀ ਤੋਂ ਹੁਣ ਤੱਕ (6)

ਇਸ ਕਾਲ ਵੰਡ ਨੂੰ ਦੇਖਦੇ ਹੋਏ ਪਹਿਲਾ ਪੁਰਾਤਨ ਕਾਲ ਵਿਚ ਕਿੰਨਰ ਸਮਾਜ ਦੀ ਸਥਿਤੀ ਦਾ ਅਧਿਐਨ ਕਰਾਂਗੇ।

**ਪੁਰਾਤਨ ਕਾਲ ਵਿਚ ਕਿੰਨਰ ਸਮਾਜ:**

ਦੁਨੀਆ ਦੀਆਂ ਦੂਜੀਆਂ ਵੱਡੀਆਂ ਸਭਿਅਤਾਵਾਂ ਵਿਚ ਵੀ ਖ਼ਵਾਜਾ ਸਰਾਂਵਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਜੋ ਉਨ੍ਹਾਂ ਨੇ ਬਿਨਾਂ ਕਿਸੇ ਭੇਦ- ਭਾਵ ਦੇ ਪੂਰੀਆਂ ਕੀਤੀਆਂ। ਈਰਾਨ, ਹਿੰਦੁਸਤਾਨ, ਚੀਨ ਯੂਨਾਨ ਅਤੇ ਰੋਮ ਅਰਥਾਤ ਪੂਰੀ ਦੁਨੀਆ ਵਿਚ ਉਨ੍ਹਾਂ ਨੂੰ ਮੁਲਾਜ਼ਮ ਰੱਖਿਆ ਜਾਂਦਾ ਸੀ। ਖ਼ਵਾਜਾ ਸਰਾਂਵਾਂ ਦੀ ਇਕੱਠਤਾ ਲਈ ਵਿਸ਼ੇਸ਼ ਕੇਂਦਰ ਬਣਾਏ ਗਏ, ਜਿੱਥੇ ਜੰਗਾਂ ਵਿਚ ਫੜੇ ਜਾਣ ਵਾਲੇ ਗ਼ੁਲਾਮਾਂ ਨੂੰ ਆਖ਼ਤਾ ਕਰਕੇ ਵੱਖ-ਵੱਖ ਸੇਵਾਵਾਂ ਵਿਚ ਸਿਖਲਾਈ ਅਤੇ ਸਦਾਚਾਰਕ ਸਿੱਖਿਆ ਦਿੱਤੀ ਜਾਂਦੀ ਸੀ। ਅਸਲ ਵਿਚ ਪ੍ਰਾਚੀਨ ਪੌਰਾਣਿਕ ਕਥਾ ਦੇ ਮਾਧਿਅਮ ਰਾਹੀਂ ਇਹ ਜਾਣਕਾਰੀ ਜ਼ਰੂਰ ਮਿਲਦੀ ਹੈ ਕਿ ਇਸ ਕਾਲ ਵਿਚ ਲੋਕ ਕਿੰਨਰ ਸਮਾਜ ਦੇ ਪ੍ਰਤੀ ਕਾਫ਼ੀ ਸਕਾਰਾਤਮਿਕ ਸੋਚ ਰੱਖਦੇ ਸਨ। ਇਸ ਕਾਲ ਦੀਆਂ ਕਥਾਵਾਂ ਵਿਚ ਤੀਜੇ ਲਿੰਗ ਦੇ ਸਮਾਜ ਲਈ ਪਾਤਰ ਕਾਫ਼ੀ ਆਦਰਸ਼ਵਾਦੀ ਸਨ। ਪੁਰਾਤਨ ਕਾਲ ਵਿਚ ਸ਼ਿਵ ਦੇ ਇਕ ਅਵਤਾਰ ਅਰਧਨਾਰੀਵਰ ਦੀ ਚਰਚਾ ਹੋਈ ਮਿਲਦੀ ਸੀ। ਇਸ ਦਾ ਅੱਧਾ ਭਾਗ ਨਾਰੀ ਅਤੇ ਅੱਧਾ ਭਾਗ ਮਰਦ ਦਾ ਸੀ। ਕਿੰਨਰ ਸ਼ਿਵ ਦੇ ਇਸ ਰੂਪ ਦੀ ਪੂਜਾ ਕਰਦੇ ਹਨ। ਭਾਰਤ ਦੀ ਪ੍ਰਮੁੱਖ ਸੰਸਕ੍ਰਿਤ ਵਿਚ ਹਿੰਦੂ

ਸੰਸਕ੍ਰਿਤ, ਬੁੱਧ ਅਤੇ ਜੈਨ ਸੰਸਕ੍ਰਿਤ  ਵਿਚ ਸਭ ਨੂੰ ਮਾਨਤਾ ਪ੍ਰਾਪਤ ਹੈ। ਇਨ੍ਹਾਂ ਤਿੰਨਾਂ ਸੰਸਕ੍ਰਿਤ ਵਿਚ ਕਿੰਨਰ ਸਮਾਜ ਦਾ ਵਰਣਨ ਮਿਲਦਾ ਹੈ। ਵੈਦਿਕ ਸੰਸਕ੍ਰਿਤ ਦੇ ਅਨੁਸਾਰ ਮਨੁੱਖ ਦੀ ਤਿੰਨ ਪ੍ਰਕਿਰਤੀ ਹੈ, ਉਹ ਪੁਰਸ਼,ਇਸਤਰੀ ਅਤੇ ਨਿਪੁੰਸਕ ਹੈ। ਉਸ ਕਾਲ ਵਿਚ ਜੈਂਡਰ ਨੂੰ ਪ੍ਰਕਿਰਤੀ ਦੇ ਰੂਪ ਵਿਚ ਵਰਣਨ ਕੀਤਾ ਗਿਆ ਸੀ। ਨਰਿੰਦਰ ਸ਼ਰਮਾ ਦੀ ਪੁਸਤਕ 'ਕਾਮ ਸੂਤਰ' ਵਿਚ ਵੀ ਤਿੰਨ ਜੈਂਡਰ ਦਾ ਵਰਣਨ ਮਿਲਦਾ ਹੈ ਜਿਵੇਂ: ਪੁਰਸ਼ ਪ੍ਰਕ੍ਰਿਤੀ,ਇਸਤਰੀ ਪ੍ਰਕ੍ਰਿਤੀ ਅਤੇ ਤੀਜੀ ਪ੍ਰਕ੍ਰਿਤੀ(ਨਿਪੁੰਸਕ)।  ਕਾਮ ਸੂਤਰ ਵਿਚ ਨਰ ਅਤੇ ਨਾਰੀ ਤੋਂ ਅਲੱਗ ਇਕ ਵਰਗ ਨੂੰ ਨਿਪੁੰਸਕ ਵੀ ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਦੀ ਕਾਮ ਇੰਦਰੀਆਂ ਤਾਂ ਹੁੰਦੀਆਂ ਹਨ ਪਰੰਤੂ ਸੰਭੋਗ ਕਿਰਿਆ ਕਰਨ ਵਿਚ ਇਹ ਅਸਫਲ ਹੁੰਦੇ ਹਨ। ਨਿਪੁੰਸਕਾਂ ਵਿਚ ਵੀ ਸੰਭੋਗ ਦੀ ਲਾਲਸਾ ਹੁੰਦੀ ਹੈ। ਇਨ੍ਹਾਂ ਦੀ ਸੰਭੋਗ ਕਿਰਿਆ ਦੇ ਸੰਬੰਧ ਵਿਚ ਕਾਮ ਵਿਗਿਆਨ ਨੇ ਇਹੀ ਦੱਸਿਆ ਹੈ ਕਿ ਇਹ ਮੁੱਖ ਮੈਜੁਨ ਰਾਹੀਂ ਆਪਣੀ ਕਾਮ ਤ੍ਰਿਪਤੀ ਨੂੰ ਬੁਝਾਏ। ਅਚਾਰੀਆ ਵਾਤਸਇਨ ਜੀ ਨੇ ਨਿਪੁੰਸਕਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ -

ਇਸਤਰੀ ਰੂਪੀ 2. ਪੁਰਸ਼ ਰੂਪੀ

ਨਾਰੀ ਰੂਪੀ ਨਿਪੁੰਸਕ ਜੋ ਦੇਖਣ ਅਤੇ ਚੱਲਣ-ਫਿਰਨ ਵਿਚ ਨਾਰੀ ਦੀ ਤਰ੍ਹਾਂ ਲੱਗਦੇ ਹਨ ਪਰ ਉਨ੍ਹਾਂ ਦੀ ਜ਼ੋਨੀ ਅਵਿਕਸਿਤ ਹੋਣ ਕਾਰਨ ਉਸ ਨੂੰ ਨਾਰੀ ਰੂਪੀ ਨਿਪੁੰਸਕ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਨਾਰੀ ਦੇ ਨਾਲ ਕਾਮ ਸੁੱਖ ਪ੍ਰਾਪਤ ਕਰਨ ਦੇ ਲਈ ਮੂੰਹ ਨੂੰ ਜੋਨੀ ਨਾਲ ਲਾਇਆ ਜਾਂਦਾ ਹੈ। ਇਸ ਹਾਲਤ ਵਿਚ ਮੁੱਖ ਮੈਥਨ ਕੋਈ ਬੁਰਾਈ ਨਹੀਂ।

2.ਪੁਰਸ਼ ਰੂਪੀ ਨਿਪੁੰਸਕ-ਇਹ ਵਰਗ ਇਸਤਰੀ ਰੂਪੀ ਨਿਪੁੰਸਕਤਾ ਤੋਂ ਕਾਫ਼ੀ ਭਿੰਨ ਹੁੰਦਾ ਹੈ। ਇਸ ਵਿਚ ਔਰਤ ਦੀ ਤਰ੍ਹਾਂ ਗੁਣ ਪ੍ਰਕਿਰਤੀ ਵਿਚ ਨਹੀਂ ਮਿਲਦੇ, ਇਸ ਵਿਚ ਪੁਰਸ਼ ਦੀ ਤਰ੍ਹਾਂ ਗੁਣ ਹੁੰਦੇ ਹਨ ਪਰੰਤੂ ਇਹ ਸੰਸਗਰ ਦੇ ਇੱਛਕ ਰਹਿੰਦੇ ਹਨ। ਇਸ ਤਰ੍ਹਾਂ ਦੇ ਪੁਰਸ਼ ਛੋਟੇ ਮੋਟੇ ਧਨ ਦੇ ਕਾਰਨ ਆਪਣਾ ਜੀਵਨ ਬਤੀਤ ਕਰਦੇ ਹਨ। ਇਸ ਤਰ੍ਹਾਂ ਮਨੁੱਖ ਕੇਵਲ ਦੂਸਰਿਆਂ ਦੇ ਪੁਲਿੰਗ ਦੇ ਨਾਲ ਖਿਲਵਾੜ ਕਰਕੇ ਉਸ ਨੂੰ ਚੁੰਮ ਕੇ ਆਪਣੀ ਕਾਮ ਵਾਸਨਾ ਦੀ ਤ੍ਰਿਪਤੀ ਕਰਦੇ ਹਨ। (32)

ਮਨੁੱਖੀ ਪ੍ਰਕਿਰਤੀ ਦਾ ਵਰਣਨ ਕਰਦੇ ਹੋਏ ਪ੍ਰਸਿੱਧ ਵਿਆਕਰਨ ਪਾਣਿਨੀ ਨੇ ਵੀ ਸੰਸਕ੍ਰਿਤ ਦੀ ਵਿਆਕਰਨ ਵਿਚ ਤਿੰਨ ਪ੍ਰਕਾਰ ਦੇ ਜੈਂਡਰ ਦਾ ਵਰਣਨ ਕੀਤਾ ਹੈ। ਮੰਨੂਸਮਿਰਤੀ ਵਿਚ ਵੀ ਜੈਂਡਰ ਨੂੰ ਜੈਵਿਕ ਰੂਪ ਵਿਚ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮੰਨੂ ਦਾ ਕਹਿਣਾ ਹੈ ਕਿ ਉੱਚਕੋਟੀ ਦੇ ਪੁਰਸ਼ ਤੋਂ ਲੜਕੇ ਦਾ ਜਨਮ ਹੁੰਦਾ ਹੈ, ਇਸਤਰੀ ਦੇ ਪ੍ਰਭਾਵੀ ਹੋਣ ਸਦਕਾ ਕੁੜੀ ਦਾ ਜਨਮ ਹੁੰਦਾ ਹੈ ਅਤੇ ਜਦੋਂ ਦੋਨੋਂ ਸਮਾਨ ਹਨ ਤਾਂ ਤੀਸਰੇ ਪ੍ਰਕਾਰ ਦੇ ਬੱਚੇ ਦਾ ਜਨਮ ਹੁੰਦਾ ਹੈ ਭਾਵ ਲੜਕਾ-ਲੜਕੀ ਜੋੜੇ ਹੁੰਦੇ ਹਨ। ਜਦੀ ਦੋਨੋਂ ਕਮਜ਼ੋਰ ਹੁੰਦੇ ਹਨ ਤਾਂ ਇਸ ਤਰ੍ਹਾਂ ਦੀ ਸਥਿਤੀ ਵਿਚ ਤੀਸਰੀ ਪ੍ਰਕ੍ਰਿਤੀ ਦਾ ਉਤਪਤੀ ਹੁੰਦੀ ਹੈ। ਇਸ ਪ੍ਰਕਾਰ ਤਾਮਿਲ ਵਿਆਕਰਨ ‘ ਤੋਲਕਾਪੀਅਮ’ ਵਿਚ ਵੀ ਨਿਪੁੰਸਕ ਦਾ ਜ਼ਿਕਰ ਹੈ। ਪਰਾਣਾਂ ਵਿਚ ਅਪਸਰਾ, ਗੰਧਰਵ ਅਤੇ ਕਿੰਨਰ ਦਾ ਵਰਣਨ ਮਿਲਦਾ ਹੈ। ਬਹੁਤ ਸਾਰੀਆਂ ਕਿਤਾਬਾਂ ਅਤੇ ਆਲੇਖਾਂ ਵਿਚ ਵਿਅਕਤ ਕੀਤਾ ਗਿਆ ਹੈ ਕਿ ਪੁਰਾਤਨ ਕਾਲ ਤੋਂ ਹੀ ਕਿੰਨਰਾਂ ਨੂੰ ਭਾਰਤ ਵਿਚ ਮਾਨਤਾ ਮਿਲੀ ਹੋਈ ਹੈ। ਹਿੰਦੂ ਸੰਸਕ੍ਰਿਤ ਅਨੁਸਾਰ ਤੀਜੇ ਜੈਂਡਰ ਨੂੰ ਮਾਨਤਾ ਪ੍ਰਾਪਤ ਹੈ। ਹਿੰਦੂ ਜੋਤਿਸ਼ ਸ਼ਾਸਤਰ, ਭਾਸ਼ਾ ਸ਼ਾਸਤਰ, ਆਯੁਰਵੇਦ ਦੇ ਨਿਯਮਾਂ ਅਨੁਸਾਰ ਇਨ੍ਹਾਂ ਦਾ ਉੱਲੇਖ ਮਿਲਦਾ ਹੈ। ਪਤੰਜਲੀ ਨੇ ਵੀ ਵਿਅਕਤ ਕੀਤਾ ਹੋਇਆ ਹੈ ਕਿ ਸਮਾਜ ਵਿਚ ਤਿੰਨ ਲਿੰਗ ਦਾ ਜ਼ਿਕਰ ਮਿਲਦਾ ਹੈ। ਵੈਦਿਕ ਸੰਸਕ੍ਰਿਤ ਦੇ ਅਨੁਸਾਰ ਨੌਂ ਗ੍ਰਹਿ ਦੇ ਅਨੁਸਾਰ ਵੀ ਜੈਂਡਰ ਨੂੰ ਵਿਅਕਤ ਕੀਤਾ ਗਿਆ ਹੈ। ‘ਥਰਡ ਜੈਂਡਰ’ ਭਾਵ ਤੀਸਰੀ ਕੁਦਰਤ ਦੇ ਅੰਦਰ ਬੁੱਧ, ਸ਼ਨੀ ਅਤੇ ਕੇਤੂ ਆਉਂਦੇ ਹਨ। ‘ਹੀਜੜਾ’ ਜਾਂ ‘ ਟ੍ਰਾਂਸਜੈਂਡਰ’ਦੇ ਲਈ ਵਰਤਮਾਨ ਸਮੇਂ ਵਿਚ ‘ਕਿੰਨਰ’ ਸ਼ਬਦ ਦਾ ਪ੍ਰਯੋਗ ਹੋਣਾ ਸ਼ੁਰੂ ਹੋ ਗਿਆ ਹੈ। ਕਿੰਨਰ ਦਾ ਅਸਤਿਤਵ ਹਜ਼ਾਰਾਂ ਸਾਲ ਪੁਰਾਣਾਂ ਹੈ। ਇਤਿਹਾਸ ਅਤੇ ਪੁਰਾਣਾਂ ਵਿਚ ਇਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ। ਪੁਰਾਤਨ ਸਮੇਂ ਤੋਂ ਹੀ ਇਹ ਮੰਨਿਆਂ ਜਾਂਦਾ ਹੈ ਕਿ ਕਿੰਨਰ ਦਾ ਮਨੁੱਖੀ ਜੀਵਨ ਦੇ ਵਿਚ ਮਿਲਣਾ ਸ਼ੁੱਭ ਮੰਨਿਆਂ ਜਾਂਦਾ ਹੈ। ਕਿੰਨਰਾਂ ਤੋਂ ਅਸ਼ੀਰਵਾਦ ਮਿਲਣਾ ਸ਼ੁੱਭ ਸੰਕੇਤ ਮੰਨਿਆ ਗਿਆ ਹੈ।

ਕਿੰਨਰ ਅਜੋਕੇ ਸਮੇਂ ਦੀ ਪੈਦਾਇਸ਼ ਨਹੀਂ ਹਨ, ਬਲਕਿ ਇਸ ਦੇ ਸੋਮੇ ਪੁਰਾਤਨ ਇਤਿਹਾਸ ਤੋਂ ਮਿਲਦੇ ਹਨ। ਕਿੰਨਰ ਸਮਾਜ ਦੇ ਬੁਨਿਆਦੀ ਆਸਾਰ ਜ਼ਰੂਰ ਹੀ ਦੁਨੀਆ ਦੇ ਸਾਰੇ ਪੁਰਾਤਨ ਸਮਾਜਾਂ ਵਿਚ ਮਿਲਦੇ ਹਨ , ਜਿੱਥੇ ਖ਼ੂਬਸੂਰਤ ਨੌਜਵਾਨਾਂ ਅਤੇ ਗਲੋਲੜਾਂ ਨੂੰ ਆਖ਼ਤਾ ਜਾਂ ਖ਼ੱਸੀ ਕਰਕੇ ਉਨ੍ਹਾਂ ਨੂੰ

ਰਖੇਲਾਂ ਜਾਂ ਦਾਸੀਆਂ ਦੀ ਸੁਰੱਖਿਆ ਅਤੇ ਦੇਖ-ਭਾਲ ਲਈ ਨਿਯੁਕਤ ਕੀਤਾ ਜਾਂਦਾ ਸੀ । ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ (ਹੀਜੜਿਆਂ ਦੀ ਜ਼ਿੰਦਗੀ ਬਾਰੇ)' ਵਿਚ ਨੌਜਵਾਨਾਂ ਨੂੰ ਆਖ਼ਤਾ ਕਰਕੇ ਕਿੰਨਰ ਬਣਾਉਣ ਦੇ ਪੁਰਾਤਨ ਧਾਰਮਿਕ ਦ੍ਰਿਸ਼ਟੀ ਦੇ ਬਾਰੇ ਅਲੀ ਅੱਬਾਸ ਆਪਣੀ ਕਿਤਾਬ 'ਜਿਨਸਿਆਤੀ ਮੁਤਾਲਿਆ' ਵਿਚ ਜ਼ਿਕਰ ਕਰਦੇ ਹਨ :

> ਰੋਮ ਵਿਚ ਹਰ ਸਾਲ ਪੋਪ ਦੇ ਹੁਕਮ ਨਾਲ ਸੈਂਕੜੇ ਲੜਕਿਆਂ ਨੂੰ ਆਖ਼ਤਾ ਕੀਤਾ ਜਾਂਦਾ ਸੀ ਤਾਂ ਕਿ ਵੱਡੇ ਹੋ ਕੇ ਵੀ ਉਨ੍ਹਾਂ ਦੀ ਅਵਾਜ਼ ਦੀ ਦਿਲਕਸ਼ੀ ਕਾਇਮ ਰਹੇ ਅਤੇ ਉਹ ਧਾਰਮਿਕ ਸੰਗੀਤ ਮੰਡਲੀਆਂ ਵਿਚ ਗਾ ਸਕਣ । ਪਾਦਰੀ ਉਨ੍ਹਾਂ ਨੂੰ ਹਵਾ-ਓ ਹਵਸ ਦਾ ਸ਼ਿਕਾਰ ਬਣਾਉਂਦੇ ਸਨ । ਇਨ੍ਹਾਂ ਹਿਜੜਿਆਂ ਦੇ ਪ੍ਰਬੰਧ ਦੇ ਬਾਇਸ ਰੋਮ ਸੋਵੀਅਤ ਦਾ ਕੇਂਦਰ ਬਣ ਗਿਆ । (16-17)

ਅਲੀ ਅੱਬਾਸ ਜਲਾਲਪੁਰੀ ਦੇ ਅਨੁਸਾਰ ਕਿ ਜਿੱਤੀਆਂ ਕੌਮਾਂ ਦੇ ਲੋਕਾਂ ਨੂੰ ਹਾਰੀਆਂ ਕੌਮਾਂ ਦੇ ਲੋਕ ਸਿਰਫ਼ ਸੋਨੇ ਚਾਂਦੀ ਦੀ ਸ਼ਕਲ ਵਿਚ ਲਗਾਨ ਅਦਾ ਨਹੀਂ ਕਰਦੇ ਸਨ, ਬਲਕਿ ਇਸ ਸਿਲਸਿਲੇ ਦਾ ਸਭ ਤੋਂ ਵੱਡਾ ਪਹਿਲੂ ਇਹ ਸੀ ਕਿ ਉਨ੍ਹਾਂ ਨੂੰ ਆਪਣੀ ਕੌਮ ਦੇ ਖ਼ੂਬਸੂਰਤ ਨੌਜਵਾਨਾਂ ਨੂੰ ਵੀ ਲਗਾਨ ਨਾ ਕਰਨ ਦੀ ਸੂਰਤ ਵਿਚ ਪੇਸ਼ ਕਰਨਾ ਪੈਂਦਾ ਸੀ । ਅਲੀ ਅੱਬਾਸ ਜਲਾਲਪੁਰੀ ਦੇ ਅਨੁਸਾਰ ਖ਼ਵਾਜਾ ਸਰਾਂ ਬਣਾਉਣ ਦੀ ਵਜ੍ਹਾ ਸਿਰਫ਼ ਧਾਰਮਿਕ ਜਾਂ ਜ਼ਮੀਨ ਦਾ ਲਗਾਨ ਪ੍ਰਾਪਤ ਕਰਨਾ ਹੀ ਨਹੀਂ ਸੀ ਸਗੋਂ ਇਸ ਅਮਲ ਨੇ ਬੁਰੀ ਤਰ੍ਹਾਂ ਇਕ ਮੁਨਾਫ਼ੇ ਵਾਲੇ ਕਾਰੋਬਾਰ ਕਰਨ ਦਾ ਰੂਪ ਧਾਰ ਲਿਆ । ਇਸ ਵਿਚਾਰ ਚਰਚਾ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਖ਼ਵਾਜਾ ਸਰਾਂ ਬਣਾਉਣ ਦਾ ਕਾਰਨ ਕੁਝ ਵੀ ਰਿਹਾ ਹੋਵੇ । ਇਸ ਦਾ ਅਸਲ ਉਦੇਸ਼ ਹਰਮ ਵਿਚ ਮੌਜੂਦ ਔਰਤਾਂ ਦੀ ਇਸ ਤਰ੍ਹਾਂ ਰਖਵਾਲੀ ਕਰਨਾ ਸੀ ਕਿ ਰਖਵਾਲੀ ਕਰਨ ਵਾਲੇ ਖ਼ੁਦ ਕਿਸੇ ਕਿਸਮ ਦੀ ਜਿਨਸੀ ਸਰਗਰਮੀ ਵਿਚ ਹਿੱਸਾ ਨਾ ਲੈ ਸਕਣ । ਮਰਦ ਨੂੰ ਉਸ ਦੀ ਨਸਲ ਦੇ ਵਾਧੇ ਤੋਂ ਅਭਾਗਾ ਕਰਨ ਦੀ ਇਹ ਰਸਮ ਤੇ ਰਿਵਾਜ ਬਹੁਤ ਪੁਰਾਣਾ ਹੈ । ਸੰਸਕ੍ਰਿਤ ਵਿਚ ਇਸ ਲਈ ਜਿਹੜਾ ਸ਼ਬਦ ਵਰਤਿਆ ਜਾਂਦਾ ਸੀ ਉਸ ਦਾ ਭਾਵ ' ਫ਼ੋਤ ਕੱਟ ਦੇਣਾ '। ਜਿਸ ਨਾਲ ਨਸਲ ਪੈਦਾ ਕਰਨ ਵਾਲਾ ਬੇਕਾਰ ਹੋ ਜਾਂਦਾ ਸੀ । ਦੂਜਿਆਂ ਢੰਗਾਂ ਨਾਲ ਮਰਦਾਨਾ ਲਿੰਗ ਖ਼ਤਮ ਕਰਨ ਲਈ ਵੀ ਇਸ ਤਰ੍ਹਾਂ ਦਾ ਨਾਂ ਹੀ ਵਰਤਿਆ ਜਾਂਦਾ ਸੀ । ਕਈ ਵਾਰੀ ਸ਼ਕਤੀਸ਼ਾਲੀ ਪਤਾਲੂਆ ਨੂੰ ਪੱਥਰ ਨਾਲ ਕੁਚਲ ਦਿੱਤਾ ਜਾਂਦਾ ਸੀ ਜਾਂ ਉਨ੍ਹਾਂ ਨੂੰ ਗਰਮ ਸਰੀਏ

ਨਾਲ ਦਾਗ਼ ਦਿੱਤਾ ਜਾਂਦਾ ਸੀ। ਕਈ ਵਾਰੀ ਬਾਂਸ ਦੀ ਖਿੱਚੀ ਨਾਲ ਅੰਡਕੋਸ਼ਾਂ ਨੂੰ ਥੈਲੀ ਤੋਂ ਬਾਹਰ ਕੱਢ ਲਿਆ ਜਾਂਦਾ ਸੀ। ਸਾਰੀ ਦੁਨੀਆ ਵਿਚ ਇਸਤੇਮਾਲ ਕਰਨ ਵਾਲਾ ਇਹ ਜ਼ਾਲਮਾਨਾ ਰਿਵਾਜ ਹਜ਼ਾਰਾਂ ਸਾਲ ਪਹਿਲਾਂ ਕਿਸੇ ਵਿਸ਼ੇਸ਼ ਵਜ੍ਹਾ ਕਾਰਨ ਪੈਦਾ ਹੋਇਆ ਹੋਵੇਗਾ। ਧਾਰਮਿਕ ਕਾਰਨ ਸ਼ਾਹੀ ਮਸਲਾ ਸਿਆਸਤੀ ਕਬਜ਼ਾ ਅਤੇ ਔਰਤਾਂ ਲਈ ਖ਼ਾਸ ਕਰਕੇ ਰਖਵਾਲੀ ਹੀ ਇਸ ਦੇ ਕਾਰਨ ਹੋ ਸਕਦੇ ਹਨ। ਬਿਨਾਂ ਸ਼ੱਕ ਮਨੁੱਖ ਨੇ ਖ਼ੱਸੀ ਕਰਨ ਦਾ ਅਮਲ ਪਾਲਤੂ ਜਾਨਵਰਾਂ ਦੇ ਸੰਬੰਧ ਵਿਚ ਆਪਣੇ ਤਜਰਬੇ ਤੋਂ ਸਿੱਖਿਆ ਹੋਵੇਗਾ। ਹਰ ਪੁਰਾਣੀ ਸਭਿਅਤਾ ਵਿਚ ਪਸ਼ੂਆਂ ਨੂੰ ਆਖ਼ਤਾ ਕੀਤਾ ਜਾਂਦਾ ਸੀ। ਇਸ ਤਰ੍ਹਾਂ ਕਈ ਹਜ਼ਾਰ ਸਾਲ ਪਹਿਲਾਂ ਗ਼ੁਲਾਮਾਂ ਦੀ ਸੇਵਾ ਹਾਜ਼ਰੀ ਅਤੇ ਕਾਰਗੁਜ਼ਾਰੀ ਵਿਚ ਵਾਧੇ ਲਈ ਸਮੁੱਚੇ ਤੌਰ 'ਤੇ ਖ਼ੱਸੀ ਦਾ ਢੰਗ ਵਰਤਿਆ ਜਾਣ ਲੱਗਾ। ਗ਼ੁਲਾਮਾਂ ਨੂੰ ਜ਼ਿਆਦਾ ਸਮੇਂ ਵਿਚ ਆਪਣਾ ਗ਼ੁਲਾਮ ਬਣਾਉਣ ਲਈ ਇਸ ਢੰਗ ਦੀ ਵਰਤੋਂ ਕੀਤੀ ਗਈ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਦੁਸ਼ਮਣ ਨੂੰ ਕਤਲ ਕਰਨ ਨਾਲੋਂ ਜਿਉਂਦੇ ਨੂੰ ਹੀ ਆਪਣਾ ਗ਼ੁਲਾਮ ਬਣਾ ਲਓ। ਇਸ ਤਰ੍ਹਾਂ ਕਬੀਲਿਆਂ ਦਾ ਨਾਮੋ ਨਿਸ਼ਾਨ ਖ਼ਤਮ ਕੀਤਾ ਜਾ ਸਕਦਾ ਸੀ।

ਅਨੇਕਾਂ ਦੇਸ਼ਾਂ ਵਿਚ ਆਖ਼ਤਾਈ ਇਕ ਮੁਨਾਫ਼ੇ ਵਾਲੇ ਵਪਾਰ ਦਾ ਹਿੱਸਾ ਵੀ ਰਹੀ ਹੈ। ਕਿਸੇ ਦੂਸਰੇ ਦੀ ਬੀਵੀ ਨਾਲ ਨਾਜ਼ਾਇਜ਼ ਸੰਬੰਧ ਬਣਾਉਣ ਵਾਲੇ ਨੂੰ ਆਖ਼ਤਾ ਕਰ ਦਿੱਤਾ ਜਾਂਦਾ ਸੀ। ਹਿੰਦੁਸਤਾਨ ਵਿਚ ਉੱਚ ਜ਼ਾਤ ਦੀ ਤੌਹੀਨ ਕਰਨ ਤੇ ਉਸ ਵਿਅਕਤੀ ਨੂੰ ਜਿਨਸ ਤੋਂ ਵਾਂਝਾ ਕਰਨ ਦੀ ਸਜ਼ਾ ਰੱਖੀ ਜਾਂਦੀ ਸੀ। ਕੁਝ ਸ਼ਾਹੀ ਘਰਾਣਿਆਂ ਵਿਚ ਵੀ ਆਖ਼ਤਾ ਕੀਤਾ ਜਾਂਦਾ ਰਿਹਾ ਹੈ। ਜਿਹੜੇ ਬਾਦਸ਼ਾਹ ਖ਼ੌਫ਼ਜ਼ਦਾ ਹੁੰਦੇ ਕਿ ਉਨ੍ਹਾਂ ਦੇ ਕਈ ਕਰੀਬੀ ਰਿਸ਼ਤੇਦਾਰ ਉਨ੍ਹਾਂ ਦੀ ਔਲਾਦ ਦੇ ਜਾਨਸ਼ੀਨੀ ਹੱਕਾਂ ਵਿਚ ਦਖ਼ਲ-ਅੰਦਾਜ਼ੀ ਕਰਨਗੇ ਤਾਂ ਉਹ ਉਨ੍ਹਾਂ ਲਈ ਆਖ਼ਤਾਈ ਤਰੀਕਾ ਇਸਤੇਮਾਲ ਕਰਦੇ। ਇਸ ਤਰ੍ਹਾਂ ਮਰਦਾਂ ਨੂੰ ਮਰਦਾਨਾ ਤਾਕਤ ਤੋਂ ਵਾਂਝੇ ਕਰ ਦਿੱਤਾ ਜਾਂਦਾ। ਰੋਮਨ ਪਰੰਪਰਾ ਦੇ ਅਨੁਸਾਰ ਇਹ ਤਰੀਕਾ ਸਭ ਤੋਂ ਪਹਿਲਾਂ ਬਾਬਿਲੀ ਸਭਿਅਤਾ ਦੀ ਬਾਨੀ ਮਲਕਾ ਨੇ ਵਰਤਿਆ ਸੀ। ਸਮਾਜਿਕ ਜ਼ਿੰਦਗੀ ਵਿਚ ਵੀ ਆਖ਼ਤਾ ਦਾ ਕਿਰਦਾਰ ਕਾਫ਼ੀ ਮਹੱਤਵਪੂਰਨ ਸੀ। ਔਰਤਾਂ ਦੀ ਏਨੀ ਵੱਡੀ ਗਿਣਤੀ ਦੇ ਲਈ ਇਤਬਾਰ ਯੋਗ ਔਰਤਾਂ ਨੂੰ ਇਕੱਠਾ ਰੱਖਣਾ ਆਪਣੇ ਆਪ ਵਿਚ ਇਕ ਮਸਲਾ ਸੀ। ਔਰਤਾਂ ਦੀ ਸੁਰੱਖਿਅਤ ਲਈ ਇਹ ਹੀ ਸੌਖਾ ਤਰੀਕਾ ਸੀ ਕਿ ਉਨ੍ਹਾਂ ਦੀ ਰਖਵਾਲੀ

ਆਖ਼ਤਾ ਮਰਦ ਕਰਨ। ਇਸੇ ਕਾਰਨ ਹੀ ਖ਼ਵਾਜਾ ਸਰਾਂ ਦੀ ਸੰਸਥਾ ਹੋਂਦ ਵਿਚ ਆਈ। ਖ਼ਵਾਜਾ ਸਰਾਂ ਇਸ ਪੱਖੋਂ ਸਭ ਤੋਂ ਵੱਧ ਵਫ਼ਾਦਾਰ ਮੰਨੇ ਗਏ।

**ਮੱਧ ਕਾਲ ਵਿਚ ਕਿੰਨਰ ਸਮਾਜ**

ਮੱਧ ਕਾਲ ਇਹ ਉਹ ਕਾਲ ਸੀ, ਜਦੋਂ ਬਾਹਰਲੇ ਰਾਜਾਂ ਦੁਆਰਾ ਭਾਰਤ ਉੱਤੇ ਹਮਲੇ ਕੀਤੇ ਗਏ। ਇਹ ਬਾਹਰਲੇ ਰਾਜੇ ਆਪਣੇ ਨਾਲ ਆਪਣੇ ਦੇਸ ਦੀ ਸੰਸਕ੍ਰਿਤ ਤੇ ਸਭਿਅਤਾ ਵੀ ਲੈ ਕੇ ਆਏ। ਇਸ ਵਿਚ ਭਾਰਤੀ ਸੰਸਕ੍ਰਿਤ ਵੀ ਰਲ- ਮਿਲ ਗਈ। ਕੁਝ ਮੁਗ਼ਲ ਸ਼ਾਸਨ ਰਾਜਿਆਂ ਨੇ ਥਰਡ ਜੈਂਡਰ ਸਮਾਜ ਦੇ ਲੋਕਾਂ ਨੂੰ ਆਪਣੇ ਮਹਿਲਾਂ ਦੇ ਵਿਚ ਰਾਜਕੁਮਾਰੀਆਂ ਅਤੇ ਰਾਣੀਆਂ ਦੇ ਅੰਗ-ਰੱਖਿਅਕ ਦੇ ਰੂਪ ਵਿਚ ਮਹਿਲਾਂ ਦੇ ਵਿਚ ਨਿਯੁਕਤ ਕੀਤਾ। ਕੁਝ ਮੁਗ਼ਲ ਰਾਜਿਆਂ ਨੇ ਕਿੰਨਰਾਂ ਨੂੰ ਗੁਪਤਚਰ ਵਿਭਾਗ ਅਤੇ ਸੈਨਾ ਵਿਭਾਗ ਦੇ ਵਿਚ ਕੰਮ ਵੀ ਦਿੱਤਾ। ਕਿੰਨਰਾਂ ਨੂੰ ਰਾਜਨੀਤਿਕ ਨਿਰਦੇਸ਼ਕ , ਸ਼ਾਸਨ ਕਰਤਾ ਅਤੇ ਸੁਰੱਖਿਅਤ ਦੇ ਰੂਪ ਵਿਚ ਰੱਖਿਆ ਜਾਂਦਾ ਸੀ। ਮੁਗ਼ਲ ਬਾਦਸ਼ਾਹਾਂ ਨੂੰ ਕਿੰਨਰਾਂ ਉੱਪਰ ਕਾਫ਼ੀ ਵਿਸ਼ਵਾਸ ਸੀ। ਇਨ੍ਹਾਂ ਨੂੰ ਇਮਾਨਦਾਰ, ਵਫ਼ਾਦਾਰ ਅਤੇ ਸਮਝਦਾਰ ਦੇ ਰੂਪ ਵਿਚ ਦੇਖਿਆ ਜਾਂਦਾ ਸੀ। ਇਸ ਕਾਰਨ ਆਮ ਲੋਕਾਂ ਦੇ ਲਈ ਜੋ ਅਧਿਕਾਰ ਪ੍ਰਾਪਤ ਸਨ, ਉਹ ਕਿੰਨਰ ਸਮਾਜ ਦੇ ਲੋਕਾਂ ਨੂੰ ਵੀ ਮਿਲਦੇ ਸਨ। ਮੁਗ਼ਲ ਸ਼ਾਸਨ ਕਾਲ ਵਿਚ ਖ਼ਵਾਜਾ ਸਰਾਂ ਹਰਮ ਦੀਆਂ ਗਤੀਵਿਧੀਆਂ ਉੱਤੇ ਨਿਗਾਹ ਰੱਖਦੇ ਸਨ। ਉਨ੍ਹਾਂ ਦੀ ਰਾਜ ਦਰਬਾਰ ਵਿਚ ਕਾਫ਼ੀ ਪੁੱਛ-ਪੜਤਾਲ ਹੁੰਦੀ ਸੀ। ਅਕਸਰ ਬਾਦਸ਼ਾਹ ਦੀ ਨਜ਼ਰ ਵਿਚ ਚੰਗੇ ਬਣਨ ਦੇ ਲਈ ਇਨ੍ਹਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਦਿੱਲੀ ਸਲਤਨਤ ਕਾਲ 1206 ਤੋਂ 1526 ਤੱਕ ਚੱਲਦਾ ਹੈ। ਇਸ ਕਾਲ ਵਿਚ ਕਈ ਵੰਸ਼ ਰਾਜ ਕਰਦੇ ਹਨ। ਜਿਨ੍ਹਾਂ ਵਿਚ ਦਾਸ ਵੰਸ਼ , ਖ਼ਿਲਜੀ ਵੰਸ਼ , ਤੁਗਲਕ ਵੰਸ਼ , ਸੱਯਦ ਵੰਸ਼ ਅਤੇ ਲੋਧੀ ਵੰਸ਼ ਆਦਿ ਦਾ ਜ਼ਿਕਰ ਮਿਲਦਾ ਹੈ। ਲੋਧੀ ਵੰਸ਼ ਦੇ ਖ਼ਾਤਮੇ ਤੋਂ ਬਾਅਦ ਮੁਗ਼ਲ ਵੰਸ਼ ਦੀ ਸਥਾਪਨਾ ਬਾਬਰ ਦੁਆਰਾ 1526 ਵਿਚ ਕੀਤੀ ਜਾਂਦੀ ਹੈ। ਮੁਗ਼ਲ ਸ਼ਾਸਨ ਕਾਲ ਵਿਚ ਮਾਲਕ ਕਫ਼ੂਰ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ।

ਮਲਿਕ ਕਫ਼ੂਰ (ਸੈਨਾਪਤੀ)

ਮੂਲ ਰੂਪ ਵਿਚ ਹਿੰਦੂ ਜਾਤੀ ਦਾ ਇਕ ਹੀਜੜਾ ਸੀ। ਉਸ ਨੂੰ ਨੁਸਰਤ ਖਾਂ ਨੇ ਇਕ ਹਜ਼ਾਰ ਦੀਨਾਰ ਦੇ ਵਿਚ ਖ਼ਰੀਦਿਆ ਸੀ , ਜਿਸ ਕਾਰਨ ਉਸ ਦਾ ਇਕ ਹੋਰ ਨਾਮ 'ਹਜ਼ਾਰ ਦੀਨਾਰੀ 'ਪੈ ਗਿਆ ਸੀ। ਨੁਸਰਤ ਖਾਂ ਨੇ ਉਸ ਨੂੰ ਖ਼ਰੀਦ ਕੇ 1298 ਈ: ਵਿਚ ਗੁਜਰਾਤ ਦੀ ਜਿੱਤ ਤੋਂ ਵਾਪਸ ਜਾਣ ਉੱਤੇ ਸੁਲਤਾਨ ਅਲਾਉਦੀਨ ਖ਼ਿਲਜੀ ਦੇ ਸਮਾਨ ਤੋਹਫ਼ੇ ਦੇ ਰੂਪ ਵਿਚ ਪੇਸ਼ ਕੀਤਾ। ਜਲਦੀ ਹੀ ਇਹ ਸੁਲਤਾਨ ਅਲਾਉਦੀਨ ਖ਼ਿਲਜੀ ਦੀ ਸੈਨਾ ਦਾ ' ਮਾਲਿਕ ਨਾਇਬ ' ਬਣਾ ਦਿੱਤਾ ਗਿਆ। ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ (ਹੀਜੜਿਆਂ ਦੀ ਜ਼ਿੰਦਗੀ ਬਾਰੇ)' ਮੁਫ਼ਤੀ ਸ਼ੌਕਤ ਅਲੀ ਫ਼ਹਿਮੀ ਆਪਣੀ ਕਿਤਾਬ 'ਹਿੰਦੁਸਤਾਨ ਪਰ ਇਸਲਾਮੀ ਹਕੂਮਤ ' ਵਿਚ ਇਸ ਬਾਰੇ ਕੁਝ ਇਸ ਤਰ੍ਹਾਂ ਦਾ ਬਿਆਨ ਕਰਦੇ ਹਨ :

> ਇਸ ਸੇ ਕਬਲ ਹਮ ਬਤਾ ਚੁਕੇ ਹੈ ਕਿ ਸੁਲਤਾਨ ਅਲਾਉਦੀਨ ਨੇ ਖੰਬਾਇਤ ਸੇ ਆਏ ਹੂਏ ਕਾਫ਼ੂਰ ਨਾਮੀ ਏਕ ਖ਼ੌਫ਼ ਰੂਹ ਔਰ ਨੌਜਵਾਨ ਉਮਰ ਦੇ ਗ਼ੁਲਾਮ ਕੋ ਅਪਨਾ ਮੰਜ਼ੂਰੇ ਨਜ਼ਰ ਬਣਾ ਲੀਆ ਥਾ। ਇਹ ਖ਼ੂਬਸੂਰਤ ਲੜਕਾ ਅਗਰਦ ਥਾ ਜਿਸਨੇ ਬਹੁਤ ਜਲਦ ਸੁਲਤਾਨ ਕੇ ਮਿਜ਼ਾਜ ਮੇਂ ਇਸ ਕਦਰ ਦਖ਼ਲ ਹਾਸਿਲ ਕਰ ਲੀਆ ਕਿ 706 ਹਿਜਰੀ ਮੁਤਾਬਿਕ 1307 ਈ; ਮੇਂ ਸੁਲਤਾਨ ਨੇ ਉਸਕਾ ਦਰਜਾ ਤਮਾਮ ਉਮਰਾ (ਦੌਲਤਮੰਦ ਵਿਅਕਤੀਆਂ) ਸੇ ਬੁਲੰਦ ਕਰਕੇ ਉਸਕੋ ਵਜਾਰਤੇ ਇੰਤਜ਼ਾਮੀ ਕਾ ਅਹੁੱਦਾ ਤਫ਼ਹੀਜ ਕਰ ਦੀਆ ਔਰ ਇਸਕੇ ਸਾਥ ਹੀ ਉਸੇ ਸੈਨਾਪਤੀ ਬਣਾ ਕਰ ਔਰ ਏਕ ਲਾਖ ਫੌਜ ਦੇ ਕਰਦ-ਕੁਨ ਕੀ ਤਸਖ਼ੀਰ ਕੇ ਲੀਏ ਰਵਾਲਾ ਕਰ ਦੀਆ।(24 )

ਸੋ ਇਹ ਹਿੰਦੁਸਤਾਨ ਦੀ ਤੇਰ੍ਹਵੀਂ ਸਦੀ ਵੀ ਖ਼ਵਾਜਾ ਸਰਾਂਵਾਂ ਦੀ ਤਾਰੀਖ ਦੇ ਵਾਸਤੇ ਇਕ ਫ਼ਖ਼ਰਯੋਗ ਸਦੀ ਹੋਈ ਹੈ। ਮਲਿਕ ਕਫ਼ੂਰ ਦਾ ਉਸ ਸਮੇਂ ਦੀ ਰਾਜਨੀਤੀ ਵਿਚ ਨਾਮ ਕਮਾਉਣਾ ਕਿੰਨਰ ਸਮਾਜ ਦੇ ਸਤਿਕਾਰ ਵਿਚ ਵਾਧਾ ਕਰਦਾ ਹੈ। ਮਲਿਕ ਕਫ਼ੂਰ ਉਸ ਸਮੇਂ ਸੁਲਤਾਨ ਦੀ ਖੱਬੀ ਬਾਂਹ ਸੀ। ਸੁਲਤਾਨ ਦੀ ਮੌਤ ਤੋਂ ਬਾਅਦ ਉਹ ਰਾਜਾ ਵੀ ਬਣਿਆ ਸੀ। ਇਸ ਲਈ ਮਲਿਕ ਕਫ਼ੂਰ ਦੀ ਸ਼ਖ਼ਸੀਅਤ ਤੋਂ ਇਸ ਸਮਾਜ ਦੇ ਰਾਜਨੀਤੀ ਵਿਚ ਪ੍ਰਵੇਸ਼ ਦੇ ਸੰਕੇਤ ਮਿਲਦੇ ਹਨ ਕਿ ਉਸ ਸਮੇਂ ਵੀ ਇਸ ਸਮਾਜ ਨੂੰ ਰਾਜ ਦਰਬਾਰਾਂ ਵਿਚ ਚੰਗਾ ਸਤਿਕਾਰ ਦਿੱਤਾ ਜਾਂਦਾ ਸੀ। R.vanita;S.Kidwali ਆਪਣੀ ਕਿਤਾਬ 'Same Sex Love in

India  ਅਨੁਸਾਰ ‘ਮੁਬਾਰਕ ਸ਼ਾਹ ਹੋਮੋਸੈਕੁਅਸਲ ਸੀ , ਇਹ ਦੋਵੇਂ ਭਰਾ ਸਨ ਹਸਨ ਤੇ ਹਾਸ਼ਮ ਦੀਨ I’(133)

ਨਾਵਲਕਾਰ ਖੁਸ਼ਵੰਤ ਸਿੰਘ ਨੇ ਵੀ ਆਪਣੇ ਇਤਿਹਾਸਕ ਨਾਵਲ ‘ ਦਿੱਲੀ ‘ ਵਿਚ ਖੁਸਰੋ ਖ਼ਾ ਦੀ ਕਹਾਣੀ ਬਿਆਨ ਕੀਤੀ ਹੈ I ਕੁਤਬਦੀਨ ਮੁਬਾਰਕ ਸ਼ਾਹ ਜੋ ਇਸ ਦੇ ਬਾਅਦ ਤਖ਼ਤ ਸੁਲਤਾਨ ਬਣਿਆ , ਉਹ ਖ਼ਵਾਜਾ ਸਾਹਿਬ ਨੂੰ ਪਸੰਦ ਨਹੀਂ ਕਰਦਾ ਸੀ I ਸੁਲਤਾਨ ਦੇ ਚਾਪਲੂਸਾਂ ਨੇ  ਛੇਤੀ ਹੀ ਇਸ ਨਫ਼ਰਤ ਨੂੰ ਭੜਕਾ ਦਿੱਤਾI ਉਸ ਨੇ ਸੁਲਤਾਨ ਨੂੰ ਇਸ ਕਰਕੇ ਕਤਲ ਕੀਤਾ ਹੈ ਕਿਉਂਕਿ ਲੋਕ ਇਕ ਪਾਗਲ ਤੇ ਪੁੱਠੇ ਕੰਮ ਕਰਨ ਵਾਲੇ ਸੁਲਤਾਨ ਦੇ ਅਧੀਨ ਨਹੀਂ ਰਹਿਣਾ ਚਾਹੁੰਦੇ ਸਨ I ਇਸ ਤਰ੍ਹਾਂ ਮੁੰਡੇਬਾਜ਼ ਲੌਂਡੇ ਸੁਲਤਾਨ ਕੁਤਬਦੀਨ ਮੁਬਾਰਕ ਸ਼ਾਹ ਦੀ ਹਕੂਮਤ ਖ਼ਤਮ ਹੋਈ I ( ਇਹ ਘਟਨਾ 1320 ਈ. ਦੀ ਹੈ I )   ਦਿੱਲੀ ਵਿਚ ਇਕ ਨਵਾਂ ਬਾਦਸ਼ਾਹ ਆ ਗਿਆ I ਇਕ ਲੌਂਡੇਬਾਜ਼ ਦੀ ਥਾਂ ਦੂਸਰਾ ਆ ਗਿਆ I ਗੁਜਰਾਤ ਦਾ ਹਿੰਦੂ ਪਵਾਰ ਰਾਜਪੂਤ ਜਿਸ ਦਾ ਨਵਾਂ ਨਾਮ ਖੁਸਰੋ ਖਾਂ ਸੀ ਉਸ ਨੇ ਆਪਣੇ ਆਪ ਨੂੰ ਸੁਲਤਾਨ ਨਸੀਰਉਦਦੀਨ ਮੁਹੰਮਦ ਦੀ ਉਪਾਧੀ ਧਾਰ ਕੇ ਹਿੰਦੁਸਤਾਨ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ I (94)

ਇਸ ਤੋਂ ਬਿਨਾਂ ਅਮੀਰ ਖੁਸਰੋ ਦੇ ਸੰਬੰਧਾਂ ਨੂੰ ਵਿਸਤਾਰ ਨਾਲ ਦੱਸਿਆ ਗਿਆ ਕਿ ਉਸ ਸਮੇਂ ਕਿਸ ਤਰ੍ਹਾਂ ਰਾਜੇ ਆਪਣੀ ਹਵਸ ਨੂੰ ਪੂਰਾ ਕਰਨ ਲਈ ਕਿੰਨਰਾਂ ਨਾਲ ਸੰਬੰਧ ਕਾਇਮ ਕਰਦੇ ਸਨ I ਉਸ ਸਮੇਂ ਕਿੰਨਰ ਸ਼ਾਹੀ ਮਹਿਲਾਂ ਵਿਚ ਰਹਿੰਦੇ ਸਨ I ਰਾਜਿਆਂ ਦੇ ਵਿਸ਼ਵਾਸ ਪਾਤਰ ਦੇ ਰੂਪ ਵਿਚ ਉਨ੍ਹਾਂ ਨੂੰ ਵਿਸ਼ੇਸ਼ ਮਾਨਤਾ ਸੀ I ਮੁਗ਼ਲ ਕਾਲ ਵਿਚ ਮੁਹੰਮਦ ਸ਼ਾਹ ਰੰਗੀਲਾ ਦੇ ਸੰਗ ਵਿਚ ਖ਼ਵਾਜਾ ਸਰਾਂਵਾਂ ਨੂੰ ਇਕ ਖ਼ਾਸ ਪਹਿਚਾਣ ਹਾਸਿਲ ਹੋਈ ਸੀ I ਹਰਬੰਸ ਸਿੰਘ ਧੀਮਾਨ ਦੀ ਪੁਸਤਕ ‘ਤੀਸਰੀ ਜਿਨਸ (ਹੀਜੜਿਆਂ ਦੀ ਜ਼ਿੰਦਗੀ ਬਾਰੇ)’  ਵਿਚ ‘ ਫ਼ਰਹੰਗ ਆਸਫ਼ੀਅ ’ ਦੇ ਅਨੁਸਾਰ ਇਸ ਦਾ ਵਰਣਨ ਇਸ ਤਰ੍ਹਾਂ ਮਿਲਦਾ ਹੈ :

> ਹਮਾਰੇ ਹਿੰਦੁਸਤਾਨ ਮੇਂ ਮੁਹੰਮਦ ਸ਼ਾਹ ਰੰਗੀਲੇ ਕੇ ਵਕਤ ਸੇ ਇਸ ਫਿਰਕੇ ਨੇ ਰੌਣਕ ਪਕੜੀ , ਕਿਉਂਕਿ ਬਾਦਸ਼ਾਹੇ ਮਜ਼ਕੂਰ ਨੇ ਮਹੱਲੋਂ ਮੇਂ ਆਣੇ-ਜਾਣੇ ਕੇ ਵਾਸਤੇ ਕਾਮਾ ਕਨੀਉ,ਤਰਕਨੋਂ ਜੋਸੋਲੀਨੋਂ ,ਯਾਅਨੀ ਬਸਾਵਲੀਨੋਂ ਵਗੈਰਾ ਕੇ ਬਜਾਏ ਐੱਸੇ ਈ ਲੋਗੋਂ ਕੁ ਮੁਕੱਰਰ ਫ਼ਰਮਾ ਕਰ , ‘ ਨਾਜ਼ਰ ’ ਔਰ ‘ਖੋਜਾ’ ਕੇ ਲਕਬ (ਨਾਮ) ਸੇ ਨਿਵਾਜਿਆ ਗਿਆ--- ਗੁਰੂ ਬਣੇ ,ਯੇ ਚੇਲੇ ਕਹਿਲਾਏ ਔਰ ਆਗੇ ਗੁਰੂ

ਔਰ ਚੇਲੇ ਕਾ ਸਿਲਾਸਿਲਾ ਚਲਾ ਔਰ ਇਨ ਸਭਨਾ ਸਰਦਾਰ, " ਬਾਦਸ਼ਾਹ " ਕਹਿਲਾਇਆ । ਜਿਸਕੀ ਗੱਦੀ ,ਯਾਅਨੀ ਤਖ਼ਤ ਪਹਾੜ ਗੰਜ ਵਾਕਿਆ ਦਿੱਲੀ ਹੈ । ਲਾਵਰਸ ਹੀਜੜੇ ਕਾ ਮਾਲ ,ਯਾਅਨੀ ਜਿਸਕਾ ਗੁਰੂ ਯਾ ਚੇਲਾ ਜ਼ਿੰਦਾ ਨਾ ਹੋ ,ਬਾਦਸ਼ਾਹ ਕੇ ਸਪੁਰਦ ਕੀਆ ਜਾਤਾ ਔਰ ਹਰ ਕਿਸਮ ਕੀ ਆਮਦਨੀ ਮੇਂ ਬਾਦਸ਼ਾਹ ਕੋ ਬਤੌਰ ਖ਼ਰਾਜ ਕੁਛ ਦੀਆ ਜਾਤਾ ਹੈ । ਸ਼ਹਿਰ ਮੇਂ ਜਹਾਂ ਕਹੀਂ ਬੇਟਾ ਹੋਤਾ ਹੈ , ਵਹਾਂ ਉਸ ਇਲਾਕੇ ਯਾਅਨੀ ਬੀਤ ਹੀਜੜੇ ਜਾ ਕਰ ਨਾਚਤੇ ਗਾਤੇ ਔਰ ਆਪਣ ਬਧਾਈ ਲਾਤੇ ਹੈਂ ; ਹੋਲੀ ,ਦੀਵਾਲੀ ,ਦੁਸ਼ਹਿਰੇ ਮੇਂ ,ਮਗਰ ਜ਼ਿਆਦਾਤਰ ਸਿਰਫ਼ ਦੀਵਾਲੀ ਮੇਂ ਯੇ ਲੋਗ ਦੁਕਾਨ-ਦੁਕਾਨ ਢੋਲਕ ਬਜਾ ਕਰ ਨਾਚਤੇ , ਛੱਲੇ ਗਾਤੇ ਔਰ ਮਾਂਗਤੇ ਫਿਰਤੇ ਹੈ ।(23)

ਸੋ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਇਸ ਸਮਾਜ ਨੂੰ ਕਾਫ਼ੀ ਸਤਿਕਾਰ ਨਾਲ ਦੇਖਿਆ ਜਾਂਦਾ ਸੀ । ਇਸ ਸਮੇਂ ਹੀ ਗੁਰੂ ਚੇਲੇ ਦੀ ਪਰੰਪਰਾ ਬਾਰੇ ਵੀ ਪਤਾ ਚੱਲਦਾ ਹੈ । ਇਨ੍ਹਾਂ ਦੇ ਨਾਚ-ਗਾਣਾ ਨੂੰ ਸ਼ਾਹੀ ਮਹਿਲਾਂ ਵਿਚ ਮਨੋਰੰਜਨ ਲਈ ਵਰਤਿਆ ਜਾਂਦਾ ਸੀ । ਜਿਸ ਘਰ ਵਿਚ ਵੀ ਲੜਕਾ ਜਨਮ ਲੈਂਦਾ । ਉੱਥੋਂ ਦੀ ਖ਼ਬਰ ਹੀਜੜੇ ਲੈ ਜਾਂਦੇ ਅਤੇ ਦੂਸਰੇ ਦਿਨ ਆਪਣੀ ਟੋਲੀ ਨੂੰ ਲੈ ਕੇ ਵਧਾਈ ਮੰਗਣ ਆ ਜਾਂਦੇ ਅਤੇ ਜੋ ਕੁਝ ਵੀ ਕਿਸਮਤ ਦਾ ਹੁੰਦਾ ਹੈ, ਇਹ ਨੱਚ ਗਾ ਕੇ ਆਪਣੀ ਵਧਾਈ ਮੰਗ ਕੇ ਲੈ ਜਾਂਦਾ ਹੈ । ਨਜ਼ੀਰ ਅਕਬਰ ਆਬਾਦੀ ਆਪਣੇ ਸ਼ੇਅਰ ਰਾਹੀਂ ਪੇਸ਼ ਕਰਦੇ ਹਨ ਕਿ -

ਬੇਟਾ ਹੁਆ ਕਿਸੇ ਕੇ, ਸੁਣ ਪਾਵੇ ਹੀਜੜੇ

ਸੁਨਤੇ ਹੀ ਉਸਕੇ ਘਰ ਮੇਂ ਫਿਰ ਆ ਜਾਵੇਂ ਹੀਜੜੇ

ਨਾਚੇਂ ਬਜਾਏ ਕੇ ਤਾਲੀਆਂ ਔਰ ਗਾਵੇਂ ਹੀਜੜੇ

ਲੈ ਲੈ ਕੇ ਵੈਲ ਭਾਉ ਭੀ ਬਤਲਾਵੇਂ ਹੀਜੜੇ। (24)

ਮੁਗ਼ਲ ਸ਼ਾਸਨ ਕਾਲ ਵਿਚ ਜਾਵੇਦ ਖਾਂ ਦਾ ਵੀ ਜ਼ਿਕਰ ਆਉਂਦਾ ਹੈ ਕਿ ਉਸ ਨੂੰ ਸ਼ਾਹੀ ਜ਼ਨਾਨਖ਼ਾਨੇ ਵਿਚ ਵਿਸ਼ੇਸ਼ ਸਤਿਕਾਰ ਮਿਲਿਆ ਹੋਇਆ ਸੀ । ਇਸ ਦਾ ਜ਼ਿਕਰ ਖੁਸ਼ਵੰਤ ਸਿੰਘ ਆਪਣੇ ਇਤਿਹਾਸਕ ਨਾਵਲ 'ਦਿੱਲੀ' ਵਿਚ ਇਸ ਤਰ੍ਹਾਂ ਕਰਦਾ ਹੈ ਕਿ-

> ਸ਼ਾਹਿਸ਼ਾਹ ਦੀ ਹਿੰਦੂ ਪਤਨੀ ਜੋ ਕਿਸੇ ਸਮੇਂ ਨਾਚੀ ਹੁੰਦੀ ਸੀ, ਜਿਸ ਦਾ ਸਲਾਹਕਾਰ ਜਾਵੇਦ ਖਾਂ ਸੀ, ਜੋ ਉਹਦੀ ਤਰਫ਼ੋਂ ਹੀ ਹੁਕਮ ਜਾਰੀ ਕਰਦਾ ਸੀ । ਜਾਵੇਦ ਖਾ ਖ਼ਵਾਜਾ ਸਰਾਂ (ਖੁਸਰਾ) ਸੀ ਤੇ ਉਹ ਸ਼ਾਹੀ ਜ਼ਨਾਨਖ਼ਾਨੇ ਦਾ ਕਰਤਾ ਧਰਤਾ ਸੀ ਤੇ ਉਹ ਖੁਸਰਾ ਹੋਣ ਦੇ ਬਾਵਜੂਦ ਤੇ ਆਪਣੀਆਂ ਕਮਜ਼ੋਰੀਆਂ ਦੇ ਹੁੰਦਿਆਂ ਹੋਇਆ ਵੀ ਹਿੰਦੂ ਮਲਕਾ ਦਾ ਆਸ਼ਿਕ ਸੀ । (237)

ਸੋ ਮੁਹੰਮਦ ਸ਼ਾਹ ਦੀ ਮੌਤ ਤੋਂ ਬਾਅਦ ਮੁਗ਼ਲ ਤਖ਼ਤ ਉੱਪਰ ਉਸ ਦਾ ਪੁੱਤਰ ਅਹਿਮਦ ਸ਼ਾਹ ਬੈਠਦਾ ਹੈ । ਅਹਿਮਦ ਸ਼ਾਹ ਰਾਜ ਦੇ ਕੰਮਾਂ ਵਿਚ ਕੋਈ ਜ਼ਿਆਦਾ ਧਿਆਨ ਨਹੀਂ ਦਿੰਦਾ ਸੀ ਕਿਉਂਕਿ ਉਹ ਜ਼ਿਆਦਾ ਸਮਾਂ ਸ਼ਰਾਬ ਤੇ ਨੌਜਵਾਨ ਲੜਕੀਆਂ ਦੀ ਮਸਤੀ ਵਿਚ ਹੀ ਲਗਾ ਦਿੰਦਾ । ਉਸ ਸਮੇਂ ਸ਼ਾਹੀ ਰਾਜ ਉਸ ਦੀ ਮਾਂ ਉੱਦਮ ਬਾਈ ਅਤੇ ਜਾਵੇਦ ਖਾਂ ਦੁਆਰਾ ਹੀ ਚਲਾਇਆ ਜਾਂਦਾ ਸੀ । ਜੋ ਨਵਾਬ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੋਇਆ ਸੀ । ਸੋ ਜਾਵੇਦ ਖਾਂ ਉਸ ਦਾ ਵਿਸ਼ਵਾਸਪਾਤਰ ਸੀ ।

ਉਪਰੋਕਤ ਤੋਂ ਬਿਨਾਂ ਦੱਖਣੀ ਭਾਰਤ ਵਿਚ ਬੀਜਾਪੁਰ ਦੇ ਸੁਲਤਾਨਾਂ ਵਿਚੋਂ ਇਕ ਸੁਲਤਾਨ ਅਲੀ ਆਦਿਲ ਸ਼ਾਹ ਦੀ ਖ਼ਵਾਜਾ ਸਰਾਂਵਾਂ ਪ੍ਰਤੀ ਦਿਲਚਸਪੀ ਅਤੇ ਇਕ ਖ਼ਵਾਜਾ ਸਰਾਂ ਦੇ ਹੱਥੋਂ ਕਤਲ ਕਰਨ ਦਾ ਵਰਣਨ ਹੈ । ਉਸ ਨੂੰ ਖ਼ਵਾਜਾ ਸਰਾਂਵਾਂ ਤੇ ਗ਼ੁਲਾਮਾਂ ਨੂੰ ਇਕੱਠੇ ਕਰਨ ਦਾ ਬਹੁਤ ਸ਼ੌਂਕ ਸੀ । ਇਕ ਵਾਰ ਆਦਿਲ ਸ਼ਾਹ ਨੇ ਅਮੀਰ ਬਰੀਦ ਨੂੰ ਸੁਨੇਹਾ ਭੇਜਿਆ ਜਿਸ ਦਾ ਜ਼ਿਕਰ ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ (ਹੀਜੜਿਆਂ ਦੀ ਜ਼ਿੰਦਗੀ ਬਾਰੇ)' ਵਿਚ ਪੁਸਤਕ "ਤਾਰੀਖ਼ੇ ਫ਼ਰਿਸ਼ਤਾ ਵਿਚ ਇਸ ਤਰ੍ਹਾਂ ਹੈ:

> ਮੁਝੇ ਮਾਲੂਮ ਹੂਆ ਕਿ ਤੁਮਹਾਰੇ ਪਾਸ ਦੋ ਨਿਹਾਇਤ ਹੀ ਹੁਸੀਨ ਔਰ ਖ਼ੂਬਸੂਰਤ ਖ਼ਵਾਜਾ ਸਰਾਂ ਹੈਂ, ਤੁਮ ਫ਼ੌਰਨ ਉਨ ਖ਼ਵਾਜਾ ਸਰਾਉ ਮੇਰੇ ਪਾਸ ਰਵਾਨਾ ਕਰ ਦੋ । (25)

ਸੁਨੇਹਾ ਮਿਲਣ ਤੋਂ ਬਾਅਦ ਅਮੀਰ ਬਰੀਦ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ । ਉਨ੍ਹਾਂ ਹੀ ਦਿਨਾਂ ਵਿਚ ਨਜ਼ਾਮ ਸ਼ਾਹ ਨੇ ਅਮੀਰ ਅਲੀ ਬਰੀਦ ਉੱਪਰ ਹਮਲਾ ਕਰ ਦਿੱਤਾ ਤਾਂ ਉਸ ਨੇ ਬਰੀਦ ਅਲੀ ਆਦਿਲ ਸ਼ਾਹ ਤੋਂ ਮਦਦ ਮੰਗੀ । ਅਲੀ ਆਦਿਲ ਸ਼ਾਹ ਨੇ ਦੋ ਹਜ਼ਾਰ ਸਵਾਰ ਘੋੜ ਉਸ ਦੀ ਮਦਦ ਲਈ ਭੇਜੇ । ਬਰੀਦ ਇਸ ਨਾਲ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਦੋਵੇਂ ਹੁਸੀਨ ਉਸੇ ਸਰਾਂ ਨੂੰ ਵੀ ਭੇਜ ਦਿੱਤਾ । ਇਹ

ਦੋਵੇਂ ਖ਼ਵਾਜਾ ਸਰਾਂ ਜਦੋਂ ਬੀਜਾਪੁਰ ਪਹੁੰਚੇ ਤਾਂ ਉਨ੍ਹਾਂ ਨੂੰ ਆਪਣੇ ਏਥੇ ਆਉਣ ਦਾ ਕਾਰਨ ਪਤਾ ਲੱਗਾ ਤਾਂ ਇਕ ਖ਼ਵਾਜਾ ਸਰਾਂ ਨੂੰ ਬਹੁਤ ਬੁਰਾ ਲੱਗਿਆ। ਉਸ ਨੇ ਆਦਿਲ ਸ਼ਾਹ ਨੂੰ ਖ਼ਤਮ ਕਰਨ ਦਾ ਮਨ ਬਣਾ ਲਿਆ। ਜਿਸ ਦਿਨ ਇਹ ਦੋਵੇਂ ਖ਼ਵਾਜਾ ਸਰਾਂ ਸ਼ਾਹੀ ਹਜ਼ੂਰ ਵਿਚ ਪੇਸ਼ ਹੋਏ, ਉਸੇ ਰਾਤ ਨਾਰਾਜ਼ ਉੱਪਰ ਦੱਸੇ ਖ਼ਵਾਜਾ ਸਰਾਂ ਨੇ ਅਲੀ ਆਦਿਲ ਸ਼ਾਹ ਨੂੰ ਚਾਕੂ ਨਾਲ ਕਤਲ ਕਰ ਦਿੱਤਾ। ਇਹ ਹਾਦਸਾ 23 ਸਫ਼ਰ 989 ਹਿਜਰੀ ਨੂੰ ਵਾਕਿਆ ਹੋਇਆ। (25)

ਸੋ ਹਿੰਦੁਸਤਾਨ ਦੇ ਕਿੰਨਰਾਂ ਬਾਰੇ ਜਾਣਕਾਰੀ ਮਿਲਦੀ ਹੈ ਜੋ ਮੁਗ਼ਲ ਕਾਲ ਵਿਚ ਉਹ ਸਰਾਂ ਤੇ ਹਰਮ ਦੀਆਂ ਸਾਰੀਆਂ ਸਰਗਰਮੀਆਂ ਉੱਪਰ ਨਿਗਾਹ ਰੱਖਦੇ ਸਨ। ਉਹ ਸ਼ਾਹੀ ਮਹਿਲਾਂ ਵਿਚ ਰਾਜਿਆਂ ਦੇ ਵਿਸ਼ਵਾਸ ਪਾਤਰ ਮੰਨੇ ਜਾਂਦੇ ਸਨ। ਇਸੇ ਤਰ੍ਹਾਂ ਕਈ ਮੁਗ਼ਲ ਰਾਜਿਆਂ ਨੇ ਕਿੰਨਰਾਂ ਨੂੰ ਬੜੇ ਸਤਿਕਾਰ ਅਤੇ ਮਾਣ-ਸਨਮਾਨ ਦੇ ਨਾਲ ਰੱਖਿਆ। ਗਾਉਣ ਕਲਾ ਅਤੇ ਨ੍ਰਿਤ ਕਲਾਵਾਂ ਵਿਚ ਇਹ ਲੋਕ ਮਾਹਿਰ ਹੁੰਦੇ ਸਨ। ਇਸ ਕਾਲ ਵਿਚ ਬਣੀਆਂ ਪਰੰਪਰਾਵਾਂ ਦਾ ਅੱਜ ਵੀ ਡੇਰਿਆਂ ( ਕਿੰਨਰਾਂ ਦੇ ਆਸ਼ਰਮ) ਵਿਚ ਪਾਲਣ ਹੁੰਦਾ ਹੈ। ਲਗਾਤਾਰ ਹਮਲਿਆਂ ਅਤੇ ਰਾਜਨੀਤਿਕ ਅਸਥਿਰਤਾ ਦੇ ਕਾਰਨ ਕਿੰਨਰ ਆਪਣੇ ਆਪ ਨੂੰ ਅਸੁਰੱਖਿਅਤ ਮੰਨਣ ਲੱਗੇ। ਕਈ ਸ਼ਾਸਨ ਕਰਤਾ ਦਾ ਦ੍ਰਿਸ਼ਟੀਕੋਣ ਇਹਨਾਂ ਪ੍ਰਤੀ ਚੰਗਾ ਨਹੀਂ ਸੀ। ਇਸ ਸੰਕਟ ਤੋਂ ਛੁਟਕਾਰਾ ਪਾਉਣ ਦੇ ਲਈ ਹੁਣ ਕਿੰਨਰ ਅਲੱਗ- ਅਲੱਗ ਰਹਿਣ ਦੀ ਬਜਾਇ ਇਕੱਠੇ ਹੋ ਕੇ ਰਹਿਣ ਲੱਗੇ। ਇਸ ਸੁਰੱਖਿਆ ਅਤੇ ਆਪਣੇਪਣ ਦੀ ਭਾਵਨਾ ਤੋਂ ਹੀ ਗੁਰੂ ਚੇਲੇ ਦੀ ਪਰੰਪਰਾ ਦਾ ਵਿਕਾਸ ਹੋਇਆ। ਡੇਰਿਆਂ ਵਿਚ ਰਹਿਣ ਵਾਲੇ ਕਿੰਨਰ ਮੁਸਲਿਮ ਧਰਮ ਦਾ ਪਾਲਣ ਕਰਦੇ ਸਨ। ਉੱਥੇ ਕਿੰਨਰ ਆਪਣੇ ਗੁਰੂਆਂ ਤੋਂ ਨਾਚ-ਗਾਣਾ ਸਿੱਖਣ ਦੇ ਵਿਚ ਮਾਹਿਰ ਹੁੰਦੇ ਸਨ। ਆਪਣੀ ਪਹਿਚਾਣ ਤੇ ਆਪਣੇ ਅਸਤਿਤਵ ਦੀ ਰੱਖਿਆ ਲਈ ਉਹ ਜ਼ਿਆਦਾਤਰ ਬਾਹਰ ਨਹੀਂ ਨਿਕਲਦੇ ਸੀ ,ਕੇਵਲ ਆਪਣੀ ਉਪਜੀਵਕਾ ਦੇ ਲਈ ਸਾਲ ਵਿਚ ਇਕ- ਦੋ ਵਾਰ ਵਧਾਈ ਮੰਗਣ ਲਈ ਜਾਂਦੇ ਸਨ। ਅੱਜ ਕਿੰਨਰ ਜਿਸ ਭਾਸ਼ਾ ਦਾ ਪ੍ਰਯੋਗ ਕਰਦੇ ਹਨ, ਉਹ ਫ਼ਾਰਸੀ ਤੋਂ ਆਈ ਹੈ। ਭਾਸ਼ਾ ਤੇ ਸੰਸਕ੍ਰਿਤੀ ਦਾ ਵਿਕਾਸ ਸੰਗਠਨ ਦੀ ਪ੍ਰਕਿਰਿਆ ਦੇ ਨਾਲ ਜੁੜਿਆ ਹੁੰਦਾ ਹੈ। ਅੰਤ ਇਸ ਕਾਲ ਵਿਚ ਕਿੰਨਰਾਂ ਦੀ ਵਿਸ਼ੇਸ਼ ਭਾਸ਼ਾ ਦਾ ਵਿਕਾਸ ਹੋਣਾ ਇਹ ਦੱਸਦਾ ਹੈ ਕਿ ਉਹ ਸਮੂਹਾਂ ਦੇ ਵਿਚ ਰਹਿਣਾ ਸਿੱਖ ਰਹੇ ਸਨ। ਸੋ ਵਧਾਈ ਮੰਗਣਾ ਅਤੇ ਇਕੱਠੇ ਰਹਿਣ ਦੀ ਪਰੰਪਰਾ ਇਸ

ਕਾਲ ਦੇ ਸਮੇਂ ਹੋਂਦ ਵਿਚ ਆਈ। ਕਿਹਾ ਜਾਂਦਾ ਹੈ ਕਿ ਮੱਧਕਾਲ ਵਿਚ ਅਜਮੇਰ ਨਾਮ ਦੇ ਸਥਾਨ ਉੱਤੇ ਇਕ ਵੱਡੇ ਮੁਸਲਿਮ ਸੰਤ ਰਿਹਾ ਕਰਦੇ ਸਨ। ਜੋ ਅਜਮੇਰ ਦੇ ਖ਼ਵਾਜਾ ਨਾਮ ਤੋਂ ਪ੍ਰਸਿੱਧ ਵੀ ਹੋਏ ਸਨ। ਉਨ੍ਹਾਂ ਨੇ ਇਕ ਕਿੰਨਰ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਉਸ ਨੂੰ ਪੁੱਤਰਰਤਨ ਦਾ ਵਰਦਾਨ ਦਿੱਤਾ ਸੀ। ਇਸ ਘਟਨਾ ਦੀ ਯਾਦ ਵਿਚ ਅੱਜ ਵੀ ਬਾਬਾ ਦੇ ਉਰਸ ਦੇ ਸਮੇਂ ਕਿੰਨਰ ਵੱਡੀ ਸੰਖਿਆ ਵਿਚ ਅਜਮੇਰ ਦੇ ਸਥਾਨ ਉੱਤੇ ਚਾਦਰ ਚੜ੍ਹਾਉਣ ਪਹੁੰਚਦੇ ਹਨ।

**ਆਧੁਨਿਕ ਕਾਲ:**

**ਆਧੁਨਿਕ ਸਮੇਂ ਦੇ ਵਿਚ ਕਿੰਨਰ ਸਮਾਜ**

ਅਠਾਰ੍ਹਵੀਂ ਸਦੀ ਵਿਚ ਰਾਜ ਸ਼ਾਹੀ ਖ਼ਤਮ ਹੋਈ। ਫਿਰ 1880 ਵਿਚ ਇਕ ਕਾਨੂੰਨ ਬਣਾ ਕੇ ਬੜੋਦਾ ਦੇ ਮਹਾਰਾਜ ਗਾਇਕਵਾੜਜੀ ਨੇ ਖੱਸੀ ਕਰਨ ਨੂੰ ਜਾਂ ਲਿੰਗ ਛੇਦ ਨੂੰ ਬੰਦ ਕਰ ਦਿੱਤਾ। ਜੇ ਕੋਈ ਇਹ ਕੰਮ ਕਰਦਾ ਫੜਿਆ ਜਾਂਦਾ ਤਾਂ ਜੇਲ੍ਹ ਹੋ ਜਾਂਦੀ। ਬਾਅਦ ਵਿਚ ਅਜ਼ਾਦ ਭਾਰਤ ਦੇ ਸੰਵਿਧਾਨ ਦੀ ਧਾਰਾ 320 ਵਿਚ ਇਸੇ ਦਾ ਜ਼ਿਕਰ ਮਿਲਦਾ ਹੈ। ਇਸ ਵਿਚ ਕਿਸੇ ਦਾ ਲਿੰਗ ਕੱਟਣਾ ਅਪਰਾਧ ਮੰਨਿਆ ਜਾਂਦਾ ਸੀ। ਜਦੋਂ ਭਾਰਤ ਤੇ ਅੰਗਰੇਜ਼ਾਂ ਦਾ ਰਾਜ ਹੋ ਗਿਆ। ਜਿਸ ਕਾਰਨ ਰਾਜੇ ਤੇ ਸਰਦਾਰ ਖ਼ਤਮ ਹੋ ਗਏ। ਕਿੰਨਰਾਂ ਨੂੰ ਜੋ ਸਰਪ੍ਰਸਤੀ ਮਿਲਦੀ ਸੀ, ਉਹ ਖ਼ਤਮ ਹੋ ਗਈ, ਫਿਰ ਕਿੰਨਰਾਂ ਨੂੰ ਕੌਣ ਕੰਮ ਦਿੰਦਾ। ਉਨ੍ਹਾਂ ਦੇ ਜਿਊਣ ਦੇ ਸਾਰੇ ਰਸਤੇ ਬੰਦ ਹੋ ਗਏ। ਕਿੰਨਰਾਂ ਵਿਚ ਬਹੁਤ ਸਾਰੀਆਂ ਕਲਾਵਾਂ ਸਨ। ਨੱਚਣ ਅਤੇ ਗਾਉਣ ਵਿਚ ਉਹ ਨਿਪੁੰਨ ਹੁੰਦੇ ਸਨ। ਆਪਣਾ ਪੇਟ ਪਾਲਣ ਲਈ ਸੜਕਾਂ 'ਤੇ ਆ ਗਏ ਅਤੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਭੀਖ ਮੰਗਣ ਲੱਗੇ। ਉਨ੍ਹਾਂ ਦਾ ਇਸ ਤਰ੍ਹਾਂ ਭੀਖ ਮੰਗਣਾ ਸਮਾਜ ਦੇ ਠੇਕੇਦਾਰਾਂ ਨੂੰ ਚੰਗਾ ਨਹੀਂ ਲੱਗਦਾ ਸੀ। ਉਨ੍ਹਾਂ ਨੇ ਕਿੰਨਰਾਂ ਉੱਪਰ ਆਪਣੇ ਹੀ ਨਿਯਮ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਅਤੇ ਇਥੋ ਹੀ ਇਨ੍ਹਾਂ ਨੂੰ ਸਮਾਜ ਵਿਚੋਂ ਕੱਢਣ ਤੇ ਨਵੇਂ ਸਮਾਜ ਵਿਚ ਵਿਚਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਬ੍ਰਿਟਿਸ਼ ਸਰਕਾਰ ਦੇ ਦਰਮਿਆਨ ਕਿੰਨਰਾਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਸੰਨ 1871 ਤੋਂ ਪਹਿਲਾਂ ਭਾਰਤ ਵਿਚ ਕਿੰਨਰਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੁੰਦੇ ਸਨ , ਪਰ ਬ੍ਰਿਟਿਸ਼ ਸ਼ਾਸਨ ਨੇ ਕਿੰਨਰਾਂ ਨੂੰ ਜੁਰਮ ਪੇਸ਼ਾ ਜਨ ਜਾਤੀ ਦੀ ਸ਼੍ਰੇਣੀ ਵਿਚ ਦਾਖਲ ਕਰ ਦਿੱਤਾ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਸ ਸਮਾਜ ਦੇ ਵਰਗ ਨੂੰ ਤ੍ਰਾਸਦਿਕ

ਜ਼ਿੰਦਗੀ ਗੁਜ਼ਾਰਨੀ ਪੈ ਰਹੀ ਹੈ। ਉਨ੍ਹਾਂ ਨੂੰ ਲੱਗਿਆ ਕਿ ਕਿੰਨਰ ਉਨ੍ਹਾਂ ਦੇ ਸਮਾਜਿਕ ਜੀਵਨ ਵਿਚ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਉਨ੍ਹਾਂ ਨੇ ਮਰਦਾਂ ਦੇ ਕਿੰਨਰ ਬਣਨ ਦੇ ਖ਼ਿਲਾਫ਼ ਸਖ਼ਤ ਕਾਨੂੰਨ ਬਣਾ ਦਿੱਤੇ ਅਤੇ ਸਖ਼ਤੀ ਨਾਲ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਵਾ ਦਿੱਤਾ। ਅਸਲ ਵਿਚ ਭਾਰਤੀਆਂ ਦੇ ਮਨ ਵਿਚ ਕਿੰਨਰਾਂ ਲਈ ਸਦਾ ਹੀ ਇੱਜ਼ਤ ਰਹੀ। ਇਸੇ ਤਰ੍ਹਾਂ ਕਿੰਨਰ ਪੈਦਾ ਹੁੰਦੇ ਰਹੇ ਅਤੇ ਇਨ੍ਹਾਂ ਦੀਆਂ ਪੀੜ੍ਹੀਆਂ ਆਉਂਦੀਆਂ ਰਹੀਆਂ। ਕਿੰਨਰ ਨਵੇ ਜੰਮੇ ਬੱਚਿਆਂ ਦੀ ਵਧਾਈਆਂ ਕਬੂਲਦੇ ਰਹੇ ਅਤੇ ਆਪਣਾ ਅਸ਼ੀਰਵਾਦ ਦਿੰਦੇ ਰਹੇ।

ਕਿੰਨਰਾਂ ਦੇ ਵਿਚ ਸ਼ਾਮਿਲ ਹੋਣਾ ਅਤੇ ਕਿੰਨਰ ਹੋਣਾ ਆਪਣੇ ਆਪ ਦੇ ਵਿਚ ਬੜੀ ਵੱਡੀ ਸਜ਼ਾ ਹੈ। ਇਸ ਸਜ਼ਾ ਨੂੰ ਇਸ ਸਮਾਜ ਦੇ ਲੋਕਾਂ ਤੋਂ ਬਿਨਾਂ ਕੋਈ ਸਮਝ ਨਹੀਂ ਸਕਦਾ। ਇਸ ਸਮਾਜ ਦੇ ਲੋਕਾਂ ਲਈ ਕਿੰਨੇ ਹੀ ਕਾਨੂੰਨ ਬਣੇ, ਕੋਰਟ ਦੇ ਫ਼ੈਸਲੇ ਆਏ, ਪਰ ਉਨ੍ਹਾਂ ਦਾ ਯਥਾਰਥਿਕ ਜੀਵਨ ਉਸੇ ਤਰ੍ਹਾਂ ਦਾ ਹੈ, ਜਿਸ ਤਰ੍ਹਾਂ ਦਾ ਪਹਿਲਾਂ ਸੀ। ਕਿੰਨਰ ਸਮਾਜ ਦੇ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ ਨਿਆਂਪੂਰਨ ਨਹੀਂ ਹੈ। ਇਸ ਸਮਾਜ ਦੇ ਲੋਕਾਂ ਨੂੰ ਸਭਿਅਕ ਸਮਾਜ ਹਮੇਸ਼ਾ ਸ਼ੱਕ ਦੀ ਨਿਗਾਹ ਨਾਲ ਦੇਖਦਾ ਹੈ। ਸਮਾਜ ਇਸ ਵਰਗ ਦੀਆਂ ਸਮੱਸਿਆਵਾਂ ਤੋਂ ਅਣਜਾਣ ਹੈ। ਸਮਾਜ ਵਿਚ ਇਨ੍ਹਾਂ ਨਾਲ ਚੰਗਾ ਵਿਵਹਾਰ ਨਹੀਂ ਕੀਤਾ ਜਾਂਦਾ ਹੈ। ਵੈਸ਼ਨਵ ਪੀ.ਵੀ ਦੀ ਪੁਸਤਕ 'ਥਰਡ ਜੈਂਡਰ ਵਿਮਰਸ਼ ' ਵਿਚ ਸਮਾਜ ਦੇ ਇਸ ਦ੍ਰਿਸ਼ਟੀਕੋਣ ਪ੍ਰਤੀ ਕਿੰਨਰ ਮਹੰਤ ਅਵਾਜ਼ ਉਠਾਉਂਦੀ ਹੋਈ ਆਖਦੀ ਹੈ ਕਿ -

> ਅੱਜ ਕਿੰਨਰ ਸਮਾਜ ਬਾਰੇ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਸਮਾਜ ਦੇ ਵਿਚ ਫੈਲੀਆਂ ਹੋਈਆਂ ਹਨ , ਜਿਨ੍ਹਾਂ ਲੋਕਾਂ ਨੂੰ ਇਸ ਸਮਾਜ ਪ੍ਰਤੀ ਕੋਈ ਹਮਦਰਦੀ ਨਹੀਂ ਉਹੀ ਇਸ ਵਰਗ ਲਈ ਗ਼ਲਤ ਪ੍ਰਚਾਰ ਕਰਦੇ ਹਨ। ਉਹ ਨਾਚ-ਗਾ ਕੇ, ਭਿੱਖਿਆ ਮੰਗ ਕੇ ਜੀਵਨ ਅਤੇ ਆਪਣਾ ਗੁਜ਼ਾਰਾ ਕਰਦੇ ਹਨ, ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਯਕਸ਼, ਗੰਧਰਵ, ਕਿੰਨਰ ਸਮਾਜ ਦੇ ਲੋਕ ਹਨ ਅਤੇ ਨਾਚ-ਗਾਣਾ ਉਨ੍ਹਾਂ ਦਾ ਪੇਸ਼ਾ ਹੈ, ਉਨ੍ਹਾਂ ਨੂੰ ਆਪਣੀ ਜ਼ਿੰਦਗੀ ਪ੍ਰਤੀ ਕੋਈ ਸ਼ਿਕਾਇਤ ਨਹੀਂ ਬਲਕਿ ਉਹ ਇਸ ਜ਼ਿੰਦਗੀ ਨੂੰ ਪਸੰਦ ਕਰਦੇ ਹਨ, ਪਰ ਸਮਾਜ ਦੇ ਪ੍ਰਤੀ ਇਕ ਸ਼ਿਕਾਇਤ ਹੈ ਕਿ ਬੇਸ਼ੱਕ ਸਮਾਜ ਆਦਰ,ਸਤਿਕਾਰ ਨਾ ਕਰ ਸਕੇ ਪਰ ਉਨ੍ਹਾਂ ਨੂੰ ਅਪਮਾਨਿਤ ਵੀ ਨਾ ਕਰੇ।(26)

ਤੀਜੇ ਲਿੰਗ ਦੇ ਸਮਾਜ ਨੇ ਅੱਜ ਉੱਤਰ-ਆਧੁਨਿਕ ਸਮੇਂ ਦੇ ਵਿਚ ਅਨੇਕ ਤਰ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ ਹਨ। ਕਿੰਨਰ ਸਮਾਜ ਦੇ ਲਈ ਆਧੁਨਿਕ ਕਾਲ ਦੀਆਂ ਚੁਣੌਤੀਆਂ ਦੂਸਰੇ ਕਾਲਾਂ ਦੀ ਤੁਲਨਾ ਦੇ ਵਿਚ ਕਾਫ਼ੀ ਅਲੱਗ ਰਹੀਆਂ ਹਨ । ਹੁਣ ਦੁਨੀਆ ਸਿਮਟ ਚੁੱਕੀ ਹੈ । ਵਿਗਿਆਨ, ਉਦਯੋਗੀਕਰਨ, ਰਾਜਨੀਤਿਕ ਵਿਚਾਰਧਾਰਾ ਨੇ ਲੋਕਾਂ ਦੀ ਚਿੰਤਨ ਸ਼ਕਤੀ ਨੂੰ ਡੂੰਘੇਰਾ ਕੀਤਾ ਹੈ। ਹੁਣ ਲੋਕ ਆਪਣੇ ਅੰਤਰ-ਸੰਬੰਧਾਂ ਦੇ ਵਿਸ਼ਿਆਂ ਵਿਚ ਖੁੱਲ੍ਹ ਕੇ ਗੱਲ-ਬਾਤ ਕਰਨ ਲੱਗੇ ਹਨ। ਸਮਾਜ ਦੇ ਕਈ ਲੇਖਕਾਂ ਨੇ ਆਪਣੇ ਜ਼ੋਨ ਸੰਬੰਧਾਂ ਅਤੇ ਪ੍ਰੇਮ ਪ੍ਰਸੰਗਾਂ ਦੇ ਬਾਰੇ ਕਾਫ਼ੀ ਖੁੱਲ੍ਹ ਕੇ ਲਿਖਣਾ ਵੀ ਸ਼ੁਰੂ ਕਰ ਦਿੱਤਾ ਹੈ। ਜ਼ੋਨ ਵਿਵਹਾਰ ਨੂੰ ਸਮਾਜ ਵਿਚ ਮਾਨਤਾ ਦਿਵਾਉਣ ਖ਼ਾਤਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਅਨੇਕ ਸੰਗਠਨ ਬਣਨ ਲੱਗੇ। ਮਹਾਰਾਸ਼ਟਰ ਵਿਚ ਕਿੰਨਰਾਂ ਲਈ ਕੰਮ ਕਰਨ ਵਾਲੀ ਪਹਿਲੀ ਤੇ ਮਹੱਤਵਪੂਰਨ ਸੰਸਥਾ 'ਹਮਸਫ਼ਰ' ਹੈ। ਐਮ.ਐੱਸ.ਐਮ ਜਾਣੀ ਕਿ ਇਹ ਸੰਸਥਾ 1994 ਵਿਚ ਹੋਂਦ ਵਿਚ ਆਈ। ਇਹ ਸੰਸਥਾ ਸਮਲਿੰਗੀ ਮਰਦਾਂ ਦੀਆਂ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲੱਭਦੀ ਹੈ । 2002 ਵਿਚ ਇਸ ਸੰਸਥਾ ਨੇ ਟਰਾਂਸਜੈਂਡਰ ਦੀ ਬਸਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੀਆਂ ਥਾਵਾਂ ਤੇ ਆਪਣੇ ਦੋ ਪ੍ਰੋਜੈਕਟ ਸ਼ੁਰੂ ਕੀਤੇ ਸਨ। ਇਸ ਤੋਂ ਇਲਾਵਾ ਨਾਜ, ਯੂਨੀਸੇਫ, ਮਿੱਤਰ ਸ਼ਿੰਗਾਰ ਅਤੇ ਦੱਖਣੀ ਭਾਰਤ ਵਿਚ ਥਰਡਜੈਂਡਰ ਵੈੱਲਫੇਅਰ ਸੁਸਾਇਟੀਆਂ ਹੋਂਦ ਵਿਚ ਆਈਆਂ। ਮਾਣਯੋਗ ਸੁਪਰੀਮ ਕੋਰਟ ਨੇ ਜਿਵੇਂ ਹੀ ਧਾਰਾ 377 ਵਿਚ ਸੰਸ਼ੋਧਨ ਕੀਤਾ । ਕਾਫ਼ੀ ਲੋਕ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ । ਰਾਸ਼ਟਰੀ ਏਡਜ਼ ਨਿਯੰਤਰਨ ਸੰਗਠਨ ਨੇ ਥਰਡਜੈਂਡਰ ਸਮਾਜ ਦੇ ਲਈ ਸਿਹਤ ਅਤੇ ਹੋਰ ਅਧਿਕਾਰਾਂ ਦੇ ਲਈ ਉਦੇਸ਼ ਪੂਰਨ ਪਰਿਯੋਜਨਾਵਾਂ ਚਲਾਈਆਂ । ਇਸ ਦੇ ਜਰੀਏ ਵੀ ਇਸ ਸਮਾਜ ਦੇ ਲੋਕ ਇਕੱਠੇ ਹੋਣ ਲੱਗੇ । ਥਰਡ ਜੈਂਡਰ ਦੇ ਜ਼ੋਨ ਵਿਵਹਾਰਾਂ ਪ੍ਰਤੀ ਐਨੀ ਬਾਰੀਕੀਆਂ ਤੋਂ ਕੰਮ ਹੋਇਆ ਕਿ ਇਸ ਸਮਾਜ ਦੇ ਅੰਤਰਗਤ ਪਾਏ ਜਾਣੇ ਵਾਲੇ ਵਿਭਿੰਨਤਾ ਬਾਰੇ ਜਾਣਕਾਰੀ ਮਿਲੀ। ਇਸ ਵਿਭਿੰਨ ਸਮੂਹਾਂ ਨੂੰ ਅਲੱਗ- ਅਲੱਗ ਨਾਮ ਵੀ ਦਿੱਤੇ ਗਏ ਜਿਵੇਂ ਕਿੰਨਰ, ਐਲ.ਜੀ.ਬੀ. ਟੀ. ਆਦਿ।

ਮਾਣਯੋਗ ਸੁਪਰੀਮ ਕੋਰਟ ਨੇ ਬੇਸ਼ੱਕ 15 ਅਪ੍ਰੈਲ 2014 ਵਿਚ ਕਿੰਨਰਾਂ ਨੂੰ ' ਥਰਡ ਜੈਂਡਰ' ਦੇ ਰੂਪ ਵਿਚ ਮਾਨਤਾ ਦੇ ਦਿੱਤੀ। ਪੂਰੀ ਦੁਨੀਆ ਦੇ ਨਾਲ-ਨਾਲ ਭਾਰਤ ਵਿਚ ਹੁਣ ਤੱਕ ਦੋ ਜੈਂਡਰ ਸਨ। ਇਸਤਰੀ

ਅਤੇ ਪੁਰਸ਼ ਨੂੰ ਜ਼ਰੂਰੀ ਪਹਿਚਾਣ, ਹੱਕ, ਸੁੱਖ-ਸਹੂਲਤਾਂ ਅਤੇ ਸਾਰੇ ਅਧਿਕਾਰ ਪ੍ਰਾਪਤ ਹਨ। ਬੇਸ਼ੱਕ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਵੀ ਕਿੰਨਰ ਸਮਾਜ ਦੀ ਹੋਂਦ ਸਮਾਜ ਵਿਚ ਸੀ। ਆਪਣੀ ਹੋਂਦ ਦੀ ਖੋਜ ਖ਼ਾਤਰ ਇਸ ਸਮਾਜ ਦੇ ਲੋਕਾਂ ਨੇ ਹੁਣ ਤੱਕ ਕਾਫ਼ੀ ਦੁੱਖ-ਤਕਲੀਫ਼ਾਂ ਸਹੀਆਂ ਸਨ। ਅਸਲ ਵਿਚ ਥਰਡ ਜੈਂਡਰ ਦੇ ਰੂਪ ਵਿਚ ਮਾਨਤਾ ਪ੍ਰਾਪਤ ਕਰਨ ਤੋਂ ਬਾਅਦ ਇਸ ਸਮਾਜ ਦੇ ਲੋਕਾਂ ਵਿਚ ਕੀ ਸੁਧਾਰ ਆਇਆ ਹੈ ਜਾਂ ਕੀ ਸੁਧਾਰ ਆਏਗਾ? ਕੀ ਕੋਰਟ ਦੇ ਇਸ ਫ਼ੈਸਲੇ ਦੇ ਨਾਲ ਸਮਾਜ ਦੀ ਸੋਚ ਵਿਚ ਕੋਈ ਬਦਲਾਅ ਆਏਗਾ? ਮਾਣ ਯੋਗ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਨੂੰ ਵਿਅਕਤ ਕਰਦੇ ਸਮੇਂ ਕਿੰਨਰ ਵਰਗ ਦੇ ਹੱਕਾਂ ਦੇ ਬਾਰੇ ਜ਼ਿਕਰ ਕਰਦੇ ਹੋਏ ਇਨ੍ਹਾਂ ਨੂੰ ਸਮਾਜ ਵਿਚ ਵਿਚਰਨ ਸਮੇਂ ਜਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ। ਉਨ੍ਹਾਂ ਵਿਚੋਂ ਵਿਸ਼ੇਸ਼ ਪੱਖਾਂ ਨੂੰ ਧਿਆਨ ਵਿਚ ਰੱਖਿਆ ਹੈ, ਜੋ ਇਸ ਤਰ੍ਹਾਂ ਹਨ ਜਿਵੇਂ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ, ਸਿਹਤ ਪ੍ਰਾਪਤ ਕਰਨ ਦਾ ਅਧਿਕਾਰ, ਨੌਕਰੀ ਪ੍ਰਾਪਤ ਕਰਨ ਦਾ ਅਧਿਕਾਰ , ਸੁਰੱਖਿਅਤ ਦਾ ਅਧਿਕਾਰ ਆਦਿ ।ਉਪਰੋਕਤ ਅਧਿਕਾਰਾਂ ਤੋਂ ਬਿਨਾਂ ਸੁਪਰੀਮ ਕੋਰਟ ਨੇ ਕਿੰਨਰ ਸਮਾਜ ਦੇ ਲੋਕਾਂ ਨੂੰ ਬੱਚਾ ਗੋਦ ਲੈਣ ਦਾ ਅਧਿਕਾਰ ਨਹੀਂ ਦਿੱਤਾ ਹੈ। ਇਸ ਤੋਂ ਬਿਨਾਂ ਇਸ ਸਮਾਜ ਦੇ ਲੋਕਾਂ ਨੂੰ ਸੈਕਸ ਬਦਲਣ ਦਾ ਅਧਿਕਾਰ ਵੀ ਦੇ ਦਿੱਤਾ।

ਉੱਤਰ-ਆਧੁਨਿਕਤਾ ਦੇ ਯੁੱਗ ਵਿਚ ਇਹ ਸਮੂਹ ਆਪਣੀ ਪਛਾਣ ਬਣਾਉਣ ਦੀ ਖ਼ਾਤਰ ਸੰਘਰਸ਼ ਕਰ ਰਹੇ ਹਨ। ਇਨ੍ਹਾਂ ਦੇ ਹਵਾਲੇ ਇਤਿਹਾਸ ਤੋਂ ਰਾਹ ਬਣਾਉਂਦੇ ਮਿਥਿਹਾਸ ਨਾਲ ਜਾ ਜੁੜਦੇ ਹਨ। ਨਵੇਂ ਤੇ ਪੁਰਾਣੇ ਤੱਥ ਮਿਲ ਕੇ ਇਨ੍ਹਾਂ ਦੀ ਪੁਸ਼ਟੀ ਵੀ ਕਰਦੇ ਹਨ ਫਿਰ ਵੀ ਇਨ੍ਹਾਂ ਦਾ ਵਿਰੋਧ ਹੁੰਦਾ ਰਹਿੰਦਾ ਹੈ। ਇਨ੍ਹਾਂ ਨੂੰ ਅਧੂਰੇ ਮਨੁੱਖ ਵਜੋਂ ਵੇਖਿਆ ਜਾਂਦਾ ਹੈ। ਇਸ ਦਾ ਕਾਰਨ ਲਿੰਗ (gender)ਤੇ ਲਿੰਗ -ਭੇਦ ( sex)ਪ੍ਰਤੀ ਗਿਆਨ ਦੀ ਘਾਟ ਹੈ ਜਾਂ ਇਉਂ ਕਹਿ ਲਵੋ ਕਿ ਮਨੁੱਖੀ ਕਾਮੁਕਤਾ ਦੇ ਪਸਾਰ ਦੀ ਸਮਝ ਨਾ -ਮਾਤਰ ਹੈ। ਇਸ ਨਾ-ਮਾਤਰ ਸਮਝ ਦੇ ਕਾਰਨ ਇਹ ਸਮਾਜ ਮਨੁੱਖੀ ਰੂਪ ਵਿਚ ਜਨਮ ਲੈ ਕੇ ਵੀ ਆਮ ਮਨੁੱਖ ਵਾਲਾ ਜੀਵਨ ਵਸਰ ਨਹੀਂ ਕਰ ਸਕਦਾ। ਇਸ ਲਈ ਸਮਾਜ ਵਿਚ ਕੁਝ ਵਰਗ ਸਮਾਜ ਦੀ ਮੁੱਖ ਧਾਰਾ ਤੋਂ ਹਟ ਕੇ ਹਾਸ਼ੀਏ ਉੱਤੇ ਚਲੇ ਜਾਂਦੇ ਹਨ। ਆਲੋਚਕ ਨਿਰੰਜਣ ਬੋਹਾ ਸ਼ਬਦ ਹਾਸ਼ੀਏ ਬਾਰੇ ਮੈਗਜ਼ੀਨ 'ਸ਼ਬਦ' ਜੁਲਾਈ-ਸਤੰਬਰ 2017 ਵਿਚ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ-

'ਹਾਸ਼ੀਆ' ਕਾਗ਼ਜ਼ ਦੇ ਪੰਨੇ ਜਾਂ ਚਿੱਤਰਪੱਟ ਦੇ ਕੈਨਵਸ ਦੀ ਵਰਤੋਂ ਕਰਨ ਵੇਲੇ ਸੁਚੇਤ ਤੌਰ ਤੇ ਛੱਡੀ ਅਜਿਹੀ ਥਾਂ ਹੈ, ਜਿਸ ਤੇ ਕੋਈ ਵੀ ਇਬਾਰਤ ਨਹੀਂ ਲਿਖੀ ਜਾਂਦੀ ਤੇ ਨਾ ਹੀ ਕੋਈ ਮੂਰਤ ਵਾਹੀ ਜਾਂਦੀ ਹੈ। ਇਸ ਤਰ੍ਹਾਂ ਜਿਨ੍ਹਾਂ ਲੋਕਾਂ ਦੇ ਜੀਵਨ ਵਿਚ ਸਮਾਜਿਕ ਜਾਂ ਆਰਥਿਕ ਵਿਕਾਸ ਦੀ ਕੋਈ ਇਬਾਰਤ ਨਾਂ ਲਿਖੀ ਹੋਵੇ ਉਹ ਸਮਾਜ ਵਿਚ ਹਾਸ਼ੀਆ ਕ੍ਰਿਤ ਲੋਕ ਹੀ ਅਖਵਾਉਂਦੇ ਹਨ। (114)

ਇਸ ਤਰ੍ਹਾਂ ਇਹ ਵਰਗ ਸਮਾਜ ਦੀ ਮੁੱਖ ਧਾਰਾ ਨਾਲੋਂ ਟੁੱਟ ਕੇ ਜ਼ਿੰਦਗੀ ਬਤੀਤ ਕਰਦਾ ਹੈ। ਇਹ ਵਰਗ ਸਮਾਜ ਵਿਚ ਆਪਣਾ ਹਿੱਸਾ ਹੋਣ ਦੇ ਬਾਵਜੂਦ ਸਮਾਜਿਕ ਤੇ ਆਰਥਿਕ ਵਿਕਾਸ ਵਿਚੋਂ ਆਪਣੀ ਹਿੱਸੇਦਾਰੀ ਨਹੀਂ ਪ੍ਰਾਪਤ ਕਰ ਸਕਦਾ। ਉਹ ਆਪਣੇ ਅੰਦਰ ਇਸ ਹਾਸ਼ੀਏ ਤੋਂ ਪਾਰ ਹਿੰਦਸੇ ਤੱਕ ਪਹੁੰਚਣ ਦੀ ਇੱਛਾ ਜ਼ਰੂਰ ਰੱਖਦਾ ਹੈ। ਡਾ. ਰਾਜਿੰਦਰ ਪਾਲ ਸਿੰਘ ਵੀ ਉੱਤਰ-ਆਧੁਨਿਕ ਯੁੱਗ ਵਿਚ ਹਾਸ਼ੀਏ ਤੇ ਧੱਕੇ ਹੋਏ ਵਰਗਾਂ ਬਾਰੇ ਚਰਚਾ ਕਰਦੇ ਹਨ –

ਉਤਰ-ਆਧੁਨਿਕਤਾ ਆਧੁਨਿਕਤਾ ਦੇ ਮੁਕਤੀਮਾਰਗ ਦੀ ਨਿੰਦਿਆ ਕਰਦੀ ਹੈ। ਉਸ ਅਨੁਸਾਰ ਆਧੁਨਿਕਵਾਦ ਮਾਨਵ ਨੂੰ ਮੁਕਤੀ ਦਾ ਸੁਪਨਾ ਦਿੰਦਾ ਹੈ ਪਰ ਅਸਲ ਵਿਚ ਆਧੁਨਿਕਵਾਦ ਮੁੱਖਧਾਰਾ ਦੇ ਲੋਕਾਂ ਦਾ ਹੀ ਖ਼ਿਆਲ ਕਰਦਾ ਹੈ, ਇਹ ਕੇਂਦਰ ਤੋਂ ਪਾਸੇ ਰਹਿਣ ਵਾਲਿਆਂ ਨੂੰ ਹਾਸ਼ੀਏ ਤੇ ਧੱਕ ਦਿੰਦਾ ਹੈ। ਪੱਛਮ ਵਿਚ ਔਰਤਾਂ, ਬੱਚਿਆਂ, ਕਾਲਿਆਂ, ਸਮਲਿੰਗੀਆਂ ਨੂੰ ਹਾਸ਼ੀ ਉੱਤੇ ਧੱਕਿਆ ਹੋਇਆ ਸੀ। ਖ਼ੁਦ ਪੱਛਮ ਨੇ ਬਾਕੀ ਕੌਮਾਂ ਨੂੰ ਵੀ ਹਾਸ਼ੀਏ ਤੇ ਕੀਤਾ ਸੀ। ਉਤਰ ਬਸਤੀਵਾਦ ਦੌਰ ਵਿਚ ਇਹ ਕੌਮਾਂ ਦਾ ਸੰਕਲਪ ਵਧੇਰੇ ਜ਼ੋਰ ਨਾਲ ਉੱਠਿਆ। ('ਉਤਰ-ਆਧੁਨਿਕਤਾ'36)

ਉਤਰ-ਆਧੁਨਿਕਤਾ ਦੇ ਦੌਰ ਵਿਚ ਹਾਸ਼ੀਏ ਤੇ ਧੱਕੇ ਹੋਏ ਸਮੂਹਾਂ ਦੀ ਹੋਂਦ ਬਾਰੇ ਚਰਚਾ ਹੋਣਾ ਇਕ ਸ਼ੁੱਭ ਸੰਕੇਤ ਹੈ। ਭਾਰਤ ਵਿਚ ਦਲਿਤਾਂ ਨੂੰ ਵੀ ਹਾਸ਼ੀਏ ਤੇ ਧੱਕਿਆ ਹੋਇਆ ਸੀ। ਅਜ਼ਾਦੀ ਤੋਂ ਬਾਅਦ ਬਦਲਦੇ ਹਾਲਤਾਂ ਅਨੁਸਾਰ ਇਸ ਵਰਗ ਨੇ ਆਪਣੀ ਪਹਿਚਾਣ ਰਾਜਸੀ ਅਤੇ ਸਮਾਜਿਕ-ਸਭਿਆਚਾਰਕ ਖੇਤਰਾਂ ਵਿਚ ਆਪਣੀ ਭੂਮਿਕਾ ਨਿਭਾਉਣੀ ਸ਼ੁਰੂ ਕੀਤੀ। ਸਾਹਿਤ ਅੰਦਰ ਵੀ ਇਸ ਵਰਗ ਦੀਆਂ ਭਾਵਨਾਵਾਂ ਨੂੰ ਪੇਸ਼ ਕਰਕੇ ਵੱਡੇ ਪੱਧਰ ਤੇ ਦਲਿਤ ਸਾਹਿਤ ਹੋਂਦ ਵਿਚ ਆਇਆ। ਇਸ ਤਰ੍ਹਾਂ ਕਿੰਨਰ ਸਮਾਜ ਦੇ ਅਨੁਭਵਾਂ ਨੂੰ ਸਾਹਿਤ ਦੇ ਪ੍ਰਸੰਗ ਵਿਚ ਪੇਸ਼ ਕਰਕੇ ਕਿੰਨਰ ਸਾਹਿਤ ਹੋਂਦ ਵਿਚ ਆਵੇਗਾ। ਅੱਜ ਦੇ ਦੌਰ ਵਿਚ ਕਿੰਨਰ ਸਮਾਜ ਦੇ

ਲੋਕਾਂ ਨੇ ਕਾਰਪੋਰੇਟ , ਸਮਾਜ ਸੇਵਾ, ਰਾਜਨੀਤੀ, ਸੰਗੀਤ ਅਤੇ ਹੋਰ ਵੱਖ-ਵੱਖ ਖੇਤਰਾਂ ਦੇ ਵਿਚ ਆਪਣਾ ਨਾਮ ਬਣਾਇਆ । ਇਨ੍ਹਾਂ ਦੀ ਪ੍ਰਤਿਭਾ ਨੂੰ ਦੇਖ ਕੇ ਲੋਕ ਹੈਰਾਨ ਰਹਿ ਗਏ । ਇਸ ਸਮਾਜ ਦੇ ਲੋਕਾਂ ਨੇ ਆਪਣੇ-ਆਪਣੇ ਖੇਤਰ ਦੇ ਵਿਚ ਕਾਫ਼ੀ ਨਾਮ ਕਮਾਇਆ ਹੈ । ਜਿਨ੍ਹਾਂ ਵਿਚ ਰਾਜਨੀਤੀ ਵਿਚ ਪਹਿਲੀ ਵਿਧਾਇਕ ਬਣਨ ਵਾਲੀ ਸ਼ਬਨਮ ਮੋਸੀ ਦਾ ਨਾਮ ਲੈ ਸਕਦੇ ਹਾਂ, ਜੋ ਪਹਿਲੀ ਵਿਧਾਇਕ ਕਿੰਨਰ ਬਣੀ । ਲਕਸ਼ਮੀ ਨਰਾਇਣ ਤ੍ਰਿਪਾਠੀ ਜਿਨ੍ਹਾਂ ਨੇ ਆਪਣੀ ਸ੍ਵੈ-ਜੀਵਨੀ ' ਮੈਂ ਲਕਸ਼ਮੀ ਮੈਂ ਹੀਜੜਾ ' ਲਿਖੀ । ਲਕਸ਼ਮੀ ਜੀ ਕਿੰਨਰਾਂ ਦੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ , ਜਿਸ ਦੇ ਸਿੱਟੇ ਵਜੋਂ ਮਾਣ ਯੋਗ ਸੁਪਰੀਮ ਕੋਰਟ ਨੇ ਕਿੰਨਰਾਂ ਨੂੰ ਤੀਜੇ ਲਿੰਗ ਦਾ ਦਰਜਾ ਦਿੱਤਾ ਸੀ । ਇਸ ਤਰ੍ਹਾਂ ਬਹੁਤ ਸਾਰੇ ਕਿੰਨਰਾਂ ਨੇ ਸਮਾਜ ਵਿਚ ਆਪਣਾ ਨਾਮ ਸਥਾਪਿਤ ਕੀਤਾ ਹੈ ਅਤੇ ਵਿਨਕੇਟੀਸਨ ਪਹਿਲੀ ਕਿੰਨਰ ਐਂਕਰ ਬਣੀ । ਪ੍ਰਥੀਕਾ ਯਾਸ਼ਨੀ ਪਹਿਲੀ ਕਿੰਨਰ ਪੁਲਿਸ ਅਫ਼ਸਰ ਬਣੀ ਅਤੇ ਪਦਮਨੀ ਪ੍ਰਕਾਸ਼ ਪਹਿਲੀ ਕਿੰਨਰ ਨਿਊਜ਼ ਐਂਕਰ ਬਣੀ । ਮਿਤੀ 16 ਜੁਲਾਈ 2018 ਰੋਜ਼ਾਨਾ ਅਜੀਤ ਪੰਜਾਬੀ ਦੀ ਖ਼ਬਰ ਅਨੁਸਾਰ ਲੁਧਿਆਣਾ ਵਿਚ ਲੋਕ ਅਦਾਲਤ ਵਿਚ ਨਿਆਇਕ ਅਧਿਕਾਰੀਆਂ ਵੱਲੋਂ ਇਕ ਕਿੰਨਰ ਨੂੰ ਲੋਕ ਅਦਾਲਤ ਦਾ ਮੈਂਬਰ ਨਿਯੁਕਤ ਕੀਤਾ ਗਿਆ । ਪੰਜਾਬ ਸੂਬੇ ਵਿਚ ਪਹਿਲੀ ਵਾਰ ਨਿਆਇਕ ਅਧਿਕਾਰੀਆਂ ਵੱਲੋਂ ਕਿੰਨਰ ਨੂੰ ਇਸ ਪ੍ਰਕਿਰਿਆ ਦਾ ਹਿੱਸਾ ਬਣਾਇਆ ਗਿਆ । ਇਸ ਲੋਕ ਅਦਾਲਤ ਦਾ ਮੈਂਬਰ ਬਣਨ ਵਾਲੀ ਮੋਹਨੀ ਨੇ ਸੱਤਵੀਂ ਜਮਾਤ ਤੱਕ ਰੈਗੂਲਰ ਪੜ੍ਹਾਈ ਕੀਤੀ , ਪਰ ਉਸ ਤੋਂ ਬਾਅਦ ਪਰਿਵਾਰ ਦਾ ਸਹਿਯੋਗ ਨਾ ਮਿਲਣ ਕਾਰਨ ਉਹ ਰੈਗੂਲਰ ਪੜ੍ਹਾਈ ਨਾ ਕਰ ਸਕੀ । ਕਿਸੇ ਪ੍ਰਾਈਵੇਟ ਯੂਨੀਵਰਸਿਟੀ ਤੋਂ ਬੀ. ਏ ਕਰ ਕੇ ਹੁਣ ਪੀ.ਐਚ.ਡੀ ਦੀ ਪੜ੍ਹਾਈ ਕਰ ਰਹੀ ਹੈ ।

ਕਿੰਨਰ ਸਮਾਜ ਅੰਦਰ ਵੀ ਪ੍ਰਤਿਭਾ ਛੁਪੀ ਹੋਈ ਹੈ । ਇਸ ਸਮਾਜ ਨੂੰ ਵੀ ਮੁੱਖਧਾਰਾ ਦੇ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਦੀ ਪ੍ਰਤਿਭਾ ਅਤੇ ਸ਼ਕਤੀ ਦਾ ਉਪਯੋਗ ਸਮਾਜ ਦੇ ਵਿਕਾਸ ਲਈ ਕੀਤਾ ਜਾ ਸਕੇ । ਅੰਤ ਸਾਨੂੰ ਇਸ ਤਰ੍ਹਾਂ ਦੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨਾ ਬਹੁਤ ਜ਼ਰੂਰੀ ਹੈ । ਜਿੱਥੇ ਇਸ ਸਮਾਜ ਦਾ ਹਰ ਇਕ ਵਿਅਕਤੀ ਆਪਣੇ ਸੰਪੂਰਨ ਵਿਅਕਤਿਤਵ ਦਾ ਵਿਕਾਸ ਕਰ ਸਕੇ । ਸਮਾਜ ਦਾ ਵਿਕਾਸ ਤਾਂ ਹੀ ਸੰਭਵ ਹੈ , ਜਿੱਥੇ ਹਰ ਵਿਅਕਤੀ ਨੂੰ ਅਨੁਕੂਲ ਵਾਤਾਵਰਨ ਮਿਲ ਸਕੇ । ਕੇਵਲ ਤੀਜੇ ਲਿੰਗ

ਦੇ ਸਮਾਜ ਨੂੰ ਹੀ ਨਹੀਂ ਬਲਕਿ ਅੱਜ ਵੀ ਕਈ ਇਸ ਤਰ੍ਹਾਂ ਦੇ ਵਰਗ ਹਨ ਜੋ ਹਾਸ਼ੀਏ ਤੇ ਧੱਕੇ ਹੋਏ ਹਨ। ਇਨ੍ਹਾਂ ਹਾਸ਼ੀਏ ਤੇ ਧੱਕੇ ਹੋਏ ਵਿਅਕਤੀਆਂ ਨੂੰ ਸਮਾਜ ਦੇ ਵਿਕਾਸ ਨਾਲ ਜੋੜਨਾ ਬਹੁਤ ਜ਼ਰੂਰੀ ਹੈ।

ਸਾਹਿਤ ਨੂੰ ਮਨੁੱਖੀ ਕੋਮਲ ਭਾਵਾਂ ਦਾ ਸੁੰਦਰ ਪ੍ਰਗਟਾਵਾ ਕਿਹਾ ਜਾਂਦਾ ਹੈ। ਸਾਹਿਤ ਵਿਚ ਉਹ ਸਭ ਸਾਰਥਿਕ ਕਲਾ ਭਰਪੂਰ ਅਭਿਵਿਅਕਤੀਆਂ ਸ਼ਾਮਿਲ ਹਨ, ਜੋ ਮਨੁੱਖ ਨੂੰ ਸੁਹਜ ਸਵਾਦ ਦੇਣ ਦੇ ਨਾਲ ਜੀਵਨ ਦੀ ਅਗਵਾਈ ਵੀ ਕਰਦੀਆਂ ਹਨ। ਸਾਹਿਤ ਆਪਣੇ ਆਪ ਵਿਚ ਸਮਾਜਿਕ ਚੇਤਨਾ ਦਾ ਇਕ ਰੂਪ ਹੈ। ਸਾਹਿਤਕਾਰ ਸਮਾਜਿਕ, ਆਰਥਿਕ ਨਿਆਂ ਅਤੇ ਇਨਸਾਫ਼ ਲਈ ਸਿਰਤੋੜ ਯਤਨ ਕਰਦਾ ਹੈ। ਸੋ ਅਜੋਕੇ ਵਿਗਿਆਨਕ ਯੁੱਗ ਵਿਚ ਸਾਹਿਤਕਾਰ ਅਨਿਆਂ ਖ਼ਿਲਾਫ਼ ਬੋਲਦਾ ਨਹੀਂ ਤਾਂ ਉਹ ਇਕ ਦਰਸ਼ਕ ਹੀ ਹੈ ਬਲਕਿ ਹਰ ਸਾਹਿਤਕਾਰ ਨੂੰ ਅਸਮਾਨਤਾ ਭਰੇ ਸਮਾਜਿਕ ਨਿਯਮਾਂ ਨੂੰ ਨਿਸ਼ਾਨਾ ਬਣਾ ਕੇ ਇਨਸਾਨੀ ਕਦਰਾਂ-ਕੀਮਤਾਂ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਹੈ। ਸਫਲ ਜੀਵਨ ਤੇ ਇਨਸਾਨੀ ਕਦਰਾਂ-ਕੀਮਤਾਂ ਪ੍ਰਤੀ ਕਲਮ ਦਾ ਰੋਲ ਬਹੁਤ ਵਿਆਪਕ ਹੈ , ਜਿਵੇਂ ਬੇਵਸੀ ਮਨੁੱਖ ਨੂੰ ਅਰਥਹੀਣ , ਭਾਵਹੀਣ ਤੇ ਵਿਚਾਰਹੀਣ ਬਣਾਉਂਦੀ ਹੈ , ਓਵੇਂ ਸਾਹਿਤ ਜ਼ਿੰਦਗੀ ਨੂੰ ਸੁਖਾਲੇ ਰਾਹ ਤੋਰਨ ਲਈ ਮਨੁੱਖ ਦੀ ਬਾਂਹ ਫੜਦਾ ਹੈ। ਪੰਜਾਬੀ ਸਾਹਿਤ ਮੁੱਢ ਤੋਂ ਹੀ ਲੋਕ ਪੱਖੀ ਰਿਹਾ ਹੈ। ਆਪਣੇ ਇਸ ਸੁਭਾਅ ਨੂੰ ਇਸ ਨੇ ਹੁਣ ਤੱਕ ਕਾਇਮ ਰੱਖਿਆ ਹੋਇਆ ਹੈ। ਮਹਾਨ ਸਾਹਿਤ ਹਮੇਸ਼ਾ ਹੀ ਮਨੁੱਖ ਲਈ ਚਾਨਣ-ਮੁਨਾਰੇ ਦਾ ਕਾਰਜ ਕਰਦਾ ਹੈ। ਜਿਨ੍ਹਾਂ ਕੌਮਾਂ ਕੋਲ ਮਹਾਨ ਸਾਹਿਤ ਦਾ ਖ਼ਜ਼ਾਨਾ ਹੈ , ਉਹ ਅਨੇਕਾਂ ਹਾਰਾਂ ਅਤੇ ਸੰਕਟਾਂ ਦੇ ਬਾਵਜੂਦ ਆਪਣੇ ਸਾਹਿਤ ਵਿਚੋਂ ਇਸੇ ਪ੍ਰਾਪਤ ਕਰਕੇ ਉੱਠ ਖਲੋਂਦੀਆਂ ਹਨ। ਇਸ ਦੀਆਂ ਦੁਨੀਆ ਪੱਧਰ ਤੇ ਅਨੇਕਾਂ ਮਿਸਾਲਾਂ ਹਨ।

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਸਮਾਜ ਵਿਚ ਰਹਿੰਦਿਆਂ ਹੋਇਆਂ ਉਹ ਸਮਾਜ ਤੋਂ ਨਿਰਲੇਪ ਹੋ ਕੇ ਨਹੀਂ ਰਹਿ ਸਕਦਾ। ਉਹ ਆਪਣਾ ਆਚਾਰ-ਵਿਹਾਰ, ਰਹਿਣ-ਸਹਿਣ ਤੇ ਬੋਲ-ਬਾਣੀ ਸਮਾਜ ਤੋਂ ਸਿੱਖਦਾ ਹੈ। ਇਸ ਕਰਕੇ ਸਾਹਿਤਕਾਰ ਲੋਕ ਸਮਾਜ ਤੋਂ ਵੱਖ ਨਹੀਂ ਹੋ ਸਕਦੇ। ਹਰ ਸਾਹਿਤਕਾਰ ਦੇ ਨਿਰਮਾਣ ਵਿਚ ਸਮਾਜ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਉਹ ਆਪਣੇ ਵਿਸ਼ੇ-ਵਸਤੂ, ਸਮਗਰੀ, ਉਦੇਸ਼ ਅਤੇ ਸਰੋਕਾਰ ਸਮਾਜ ਤੋਂ ਪ੍ਰਾਪਤ ਕਰਦਾ ਹੈ। ਹਰ ਯੁੱਗ ਦੀਆਂ ਆਪਣੀਆਂ ਮਰਿਆਦਾਵਾਂ ਅਤੇ ਮਾਪਦੰਡ ਹੁੰਦੇ ਹਨ, ਜੋ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਇਸ ਕਾਰਨ ਹੀ ਮਨੁੱਖ ਦੁਆਰਾ ਨਿਰਮਿਤ ਕਲਾ ਤੇ ਸਾਹਿਤ

ਸਮਾਜ ਦੀਆਂ ਅਨੁਭੂਤੀਆਂ, ਕਲਪਨਾਵਾਂ ਅਤੇ ਭਾਵਨਾਵਾਂ ਦਾ ਸਰੂਪ ਹੋ ਨਿੱਬੜਦਾ ਹੈ, ਇਸ ਕਰਕੇ ਵਿਦਵਾਨ ਸਾਹਿਤ ਨੂੰ ਸਮਾਜ ਦਾ ਦਰਪਣ ਆਖਦੇ ਹਨ। ਕਿੰਨਰ ਵਰਗ ਦੀਆਂ ਭਾਵਨਾਵਾਂ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਸਮਝਣ ਦਾ ਰੁਝਾਨ ਅਕਾਦਮਿਕ ਪੱਧਰ ਤੇ ਸ਼ੁਰੂ ਹੋ ਚੁੱਕਾ ਹੈ।

ਪੰਜਾਬੀ ਸਾਹਿਤ ਦੀ ਵਿਧਾ ਗਲਪ ਵਿਚ ਕਿੰਨਰ ਸਮਾਜ ਦੀ ਸਥਿਤੀ ਨੂੰ ਜਾਣਨ ਤੋਂ ਪਹਿਲਾ ਗਲਪ ਦੀ ਵਿਧਾ ਬਾਰੇ ਚਰਚਾ ਕਰਾਂਗੇ। ਸਾਹਿਤ ਦੇ ਦੋ ਪ੍ਰਮੁੱਖ ਰੂਪ ਹਨ ਇਕ ਕਵਿਤਾ ਅਤੇ ਦੂਜਾ ਗਲਪ। ਵਿਸ਼ਵ ਭਰ ਦੇ ਸਾਹਿਤ ਵਿਚ ਕਵਿਤਾ ਪਹਿਲਾ ਹੋਂਦ ਵਿਚ ਆਉਂਦੀ ਹੈ ਅਤੇ ਗਲਪ ਬਾਅਦ ਵਿਚ। ਗਲਪ ਮਨ ਦੇ ਭਾਵਾਂ ਨੂੰ ਬੌਧਿਕ ਦ੍ਰਿਸ਼ਟੀ ਤੋਂ ਕਲਪਨਾ ਦੇ ਰੰਗ ਦੁਆਰਾ ਆਲ਼ੇ-ਦੁਆਲ਼ੇ ਦੇ ਜੀਵਨ ਦੀ ਪੇਸ਼ਕਾਰੀ ਕਰਦਾ ਹੈ। ਇਹ ਪੇਸ਼ਕਾਰੀ ਗਲਪਕਾਰ ਦੇ ਨਿੱਜੀ ਭਾਵਾਂ ਦੀ ਵੀ ਅਤੇ ਸਮੂਹਿਕ ਸਮਾਜ ਦੇ ਵਿਅਕਤੀਆਂ ਦੇ ਭਾਵਾਂ ਦਾ ਵੀ ਸਾਧਾਰਨੀਕਰਨ ਰੂਪ ਵਿਚ ਪੇਸ਼ ਕਰਨ ਵਾਲਾ ਸਾਹਿਤ ਰੂਪ ਹੈ। ਗਲਪਕਾਰ ਕਲਪਨਾ ਦੁਆਰਾ ਆਪਣੇ ਵਰਗੇ ਪਾਤਰ ਸਿਰਜ ਕੇ, ਵਿਆਪਕ ਜੀਵਨ ਵਿਚੋਂ ਕੁਝ ਮਨੁੱਖ(ਮਰਦ, ਔਰਤਾਂ ਜਾਂ ਬੱਚੇ) ਲੈ ਲੈਂਦਾ ਹੈ। ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਇਕ ਤਰਤੀਬ ਰੂਪ ਵਿਚ ਸਾਕਾਰ ਕਰਦਾ ਹੈ।ਇਸ ਤਰ੍ਹਾਂ ਗਲਪਕਾਰ ਆਪਣੇ ਭਾਵਾਂ ਦੀ ਸੋਹਜ ਤ੍ਰਿਪਤੀ ਵੀ ਕਰਦਾ ਹੈ ਅਤੇ ਇਨ੍ਹਾਂ ਦਾ ਸਾਧਾਰਨੀਕਰਨ ਵੀ ਕਰਦਾ ਹੈ। ਸੋ ਕਿਹਾ ਜਾਂਦਾ ਹੈ ਕਿ ਗਲਪ ਕਲਪਿਤ ਪਾਤਰਾਂ ਦੀਆਂ ਕਲਪਿਤ ਘਟਨਾਵਾਂ ਦੁਆਰਾ ਕੀਤੀ ਗਈ ਵਿਆਖਿਆ ਹੈ।

ਗਲਪ ਦਾ ਪ੍ਰੇਰਨਾ ਸਰੋਤ ਕਥਾ ਜਾਂ ਬਾਤਾਂ ਹੁੰਦੀਆਂ ਹਨ। ਇਹ ਕਥਾਵਾਂ ਹਰ ਸਮਾਜ ਦੇ ਇਤਿਹਾਸਕ ਤੇ ਸਭਿਆਚਾਰਕ ਪਿਛੋਕੜ ਵਿਚ ਬਹੁਤ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੀਆਂ ਹਨ। ਜਦੋਂ ਇਹ ਬਾਤਾਂ ਲਿਖਤੀ ਰੂਪ ਵਿਚ ਆ ਗਈਆਂ ਤਾਂ ਇਹ ਗਲਪ ਦੇ ਘੇਰੇ ਵਿਚ ਵਿਚਰਨ ਲੱਗੀਆਂ। ਗਲਪ ਜੀਵਨ ਵਿਚੋਂ ਉਪਜਦਾ ਹੈ ਫਿਰ ਵੀ ਜੀਵਨ ਦਾ ਪੂਰਨ ਚਿੱਤਰ ਨਹੀਂ ਕਿਹਾ ਜਾ ਸਕਦਾ। ਇਹ ਨਾ ਹੀ ਜੀਵਨ ਦੀ ਪੂਰੀ ਤਸਵੀਰ ਹੈ ਤਾਂ ਨਾਂ ਹੀ ਜੀਵਨ ਦੀ ਪੂਰਨ ਵਿਆਖਿਆ ਹੈ। ਪ੍ਰੋ ਗੁਰਦਿਆਲ ਸਿੰਘ ਫੁੱਲ ਦਾ ਵਿਚਾਰ ਹੈ ਕਿ 'ਇਹ ਜੀਵਨ ਦਾ ਇਨ ਬਿਨ ਪ੍ਰਗਟਾਅ ਨਹੀਂ ਹੈ , ਸਗੋਂ ਜੀਵਨ ਦਾ ਸਿਰਜਨਾਤਮਕ ਪ੍ਰਗਟਾਅ ਹੈ।'('ਸਾਹਿਤ ਦੇ ਮੁੱਖ ਰੂਪ'127)

ਸਮਾਜਿਕ ਜੀਵਨ ਬ੍ਰਹਿਮੰਡ ਵਾਂਗ ਵਿਸ਼ਾਲ ਹੈ। ਇਸ ਦੀ ਸਮਗਰੀ ਉਘੜ-ਦੁਘੜੇ ਦੇ ਰੂਪ ਵਿਚ ਖਿੱਲਰੀ ਪਈ ਹੈ। ਗਲਪ ਇਸ ਉਘੜ-ਦੁਘੜੇ ਸਮਗਰੀ ਦਾ ਵਿਧੀ-ਬੱਧ ਅਤੇ ਤਰਤੀਬ ਅਨੁਸਾਰ ਪ੍ਰਗਟਾਅ ਕਰਦਾ ਹੈ। ਗਲਪ ਆਪਣੇ ਰਚਨਾਕਾਰ ਦੀ ਬੌਧਿਕਤਾ ਅਤੇ ਨਿੱਖਰੀ ਪ੍ਰਤਿਭਾ ਵਿਚੋਂ ਪ੍ਰਗਟ ਹੋਇਆ ਜੀਵਨ ਹੁੰਦਾ ਹੈ। ਗਲਪ ਅਜਿਹਾ ਸਾਹਿਤਕ ਰੂਪ ਹੈ, ਜਿਸ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਪ੍ਰਾਪਤ ਜੀਵਨ-ਸਮਗਰੀ ਬਾਰੇ ਗਲਪਕਾਰ ਦਾ ਕੀ ਪ੍ਰਤੀਕਰਮ ਹੈ। ਗਲਪ ਨਿਰੋਲ ਸੱਚ ਹੋਵੇ ਇਹ ਜ਼ਰੂਰੀ ਨਹੀਂ ਹੁੰਦਾ ਸਗੋਂ ਇਹ ਕਲਪਿਤ ਸੱਚ ਹੁੰਦਾ ਹੈ। ਇਹ ਜੀਵਨ ਦਾ ਸੱਚ ਘੱਟ ਅਤੇ ਸਾਹਿਤ ਭਾਵ ਕਲਾ ਦਾ ਸੱਚ ਵਧੇਰੇ ਹੁੰਦਾ ਹੈ। ਇਸ ਲਈ ਕਈ ਵਾਰੀ ਗਲਪ ਨੂੰ ਜੀਵਨ ਮਈ ਗੱਪ ਵੀ ਕਹਿ ਦਿੱਤਾ ਜਾਂਦਾ ਹੈ। ਜਦੋਂ ਗੱਪ ਵੀ ਜ਼ਿੰਦਗੀ ਦੀ ਅਸਲੀਅਤ ਵਾਂਗ ਪ੍ਰਤੀਤ ਹੋਣ ਲੱਗੇ ਤਾਂ ਇਹ ਗਲਪ ਬਣ ਜਾਂਦੀ ਹੈ। ਗਲਪ ਕਲਾਤਮਿਕ ਗੱਪ ਦਾ ਹੀ ਦੂਸਰਾ ਨਾਮ ਹੈ।

ਗਲਪ ਅਸਲੀ ਜੀਵਨ ਨਹੀਂ ਸਗੋਂ ਜੀਵਨ ਦੀ ਅਸਲੀਅਤ ਬਾਰੇ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਹੈ। ਗਲਪਕਾਰ ਦੀ ਅੱਖ ਇਕ ਕਲਾਕਾਰ ਦੀ ਅੱਖ ਹੈ ਜੋ ਵੇਖਣ, ਜਾਚਣ, ਪਰਖਣ ਅਤੇ ਆਲੋਚਨਾ ਕਰਨ ਦੀ ਸਮਰੱਥਾ ਰੱਖਦੀ ਹੈ। ਅੰਤਿਮ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗਲਪ ਅਜੋਕੇ ਯੁੱਗ ਦਾ ਸਭ ਤੋਂ ਹਰਮਨ ਅਤੇ ਲੋਕਪ੍ਰਿਆ ਰੂਪਾਕਾਰ ਹੈ। ਗਲਪ ਮਨੁੱਖ ਦੇ ਵੱਖ-ਵੱਖ ਪ੍ਰਕਾਰ ਦੇ ਸਾਰਥਿਕ ਰੂਪਾਂ ਤੇ ਸੰਰਚਨਾਵਾਂ ਨੂੰ ਸਿਰਜਣ ਵਾਲੀ ਸ਼ਕਤੀ ਹੈ। ਗਲਪ ਦੀ ਪਰਿਭਾਸ਼ਾ ਕਰਦੇ ਹੋਏ ਡਾ. ਗੁਰਦਿਆਲ ਸਿੰਘ ਫੁੱਲ ਲਿਖਦੇ ਹਨ –

> ਗਲਪ ਬਹੁ-ਮੁਖੀ ਗਿਆਨ ਦਾ ਭੰਡਾਰ ਹੈ। ਸਮੁੰਦਰੋਂ ਡੂੰਘੋਂ ਦਿਲ ਬਾਬਤ ਜਾਣਨ ਦਾ ਤਰਲਾ ਹੈ। ਇਹ ਉਦੋਂ ਉਪਜਦਾ ਹੈ ਜਦ ਮਨੁੱਖ ਨੂੰ ਸੋਚਣ ਦੀ ਖੁੱਲ੍ਹ ਮਿਲ ਜਾਵੇ। ਖੁੱਲ੍ਹ ਤਾਂ ਮਿਲਦੀ ਹੈ ਜੇ ਧਰਮ ਦਾ ਜੂਲਾ ਢਿੱਲਾ ਹੋ ਜਾਵੇ। ਕਲਪਿਤ ਦੇਵੀ ਦੇਵਤਿਆਂ ਦੇ ਵਰਾਂ ਸਰਾਪਾਂ ਦਾ ਡਰ ਮੁਕ ਜਾਵੇ। ਬੁੱਧੀ ਤੇ ਮਨੋਵਿਗਿਆਨਕ ਸੂਝ ਆ ਜਾਵੇ। ('ਸਾਹਿਤ ਦੇ ਮੁੱਖ ਰੂਪ'130)

ਗਲਪ ਦੇ ਪ੍ਰਮੁੱਖ ਦੋ ਰੂਪ ਹਨ ਨਾਵਲ ਅਤੇ ਕਹਾਣੀ। ਇਹ ਦੋਵੇਂ ਰੂਪ ਗਲਪ ਦੇ ਪ੍ਰਯੋਜਨ ਅਤੇ ਪ੍ਰਵਿਰਤੀਆਂ ਨੂੰ ਨਿਰੂਪਣ ਕਰਦੇ ਹਨ। ਗਲਪ ਅਜੋਕੇ ਯੁੱਗ ਦਾ ਸਭ ਤੋਂ ਵੱਧ ਲੋਕ-ਪ੍ਰਿਆ ਸਾਹਿਤਕ ਰੂਪ ਹੈ। ਇਹ ਮਨੁੱਖੀ ਮਨ ਦੀਆਂ ਮਨੋਂ-ਸਥਿਤੀਆਂ ਅਤੇ ਬੌਧਿਕ ਜਗਿਆਸਾ ਨੂੰ ਸਾਕਾਰ ਕਰਕੇ ਸਮੁੱਚੇ ਜੀਵਨ ਨੂੰ ਪੇਸ਼

ਕਰਨ ਦਾ ਉਪਰਾਲਾ ਕਰ ਰਿਹਾ ਹੈ। ਇਸ ਦੇ ਮੁਕਾਬਲੇ ਪੰਜਾਬੀ ਸਾਹਿਤ ਰੂਪਾਂ ਵਿਚੋਂ ਕਹਾਣੀ ਸਭ ਤੋਂ ਵੱਧ ਪੜ੍ਹਿਆ ਜਾਣਾ ਵਾਲ ਸਾਹਿਤਕ ਰੂਪ ਹੈ। ਪੰਜਾਬੀ ਕਹਾਣੀ ਦਾ ਜਨਮ ਵੀ ਪੱਛਮ ਦੇ ਅਸਰ ਹੇਠ ਹੋਇਆ। ਮਨੁੱਖੀ ਜਾਤੀ ਦੇ ਇਤਿਹਾਸ ਵਾਂਗ ਹੀ ਕਹਾਣੀ ਦਾ ਇਤਿਹਾਸ ਵੀ ਬਹੁਤ ਪੁਰਾਣਾ ਹੈ। ਪ੍ਰਾਚੀਨ ਮਨੁੱਖ ਆਪਣੇ ਵਿਹਲੇ ਸਮੇਂ ਆਪਣੇ ਸਾਥੀਆਂ ਜਾਂ ਹੋਰ ਵਿਅਕਤੀਆਂ ਨੂੰ ਕੁਝ ਨਾ ਕੁਝ ਸੁਣਦਾ ਸੁਣਾਉਂਦਾ ਰਹਿੰਦਾ ਸੀ। ਸਾਂਝੇ ਪਰਿਵਾਰਾਂ ਵਿਚ ਰਾਤ ਨੂੰ ਸੌਣ ਸਮੇਂ  ਬੱਚਿਆਂ ਨੂੰ ਰਾਜੇ-ਰਾਣੀਆਂ ਦੀਆਂ ਕਹਾਣੀਆਂ , ਪਰੀਆਂ ਅਤੇ ਜਨੌਰਾਂ ਦੀਆਂ ਕਹਾਣੀਆਂ ਸਨਾਉਣ ਦਾ ਉਦੇਸ਼ ਸਿਰਫ਼ ਮਨੋਰੰਜਨ ਕਰਨ ਨਾਲ ਜੁੜਿਆ ਹੋਇਆ ਸੀ। ਮਨੁੱਖ ਦੀ ਕਲਪਨਾ ਸ਼ਕਤੀ ਸਦਕਾ ਕਹਾਣੀਆਂ ਪੀੜ੍ਹੀ-ਦਰ-ਪੀੜ੍ਹੀ ਚੱਲਦੀਆਂ ਰਹੀਆਂ। ਪੰਜਾਬੀ ਵਿਚ ਇਸ ਦਾ ਆਗਮਨ ਭਾਈ ਵੀਰ ਸਿੰਘ ਦੇ ਖ਼ਾਲਸਾ ਟ੍ਰੈਕਟਾਂ ਅਤੇ ਭਾਈ ਮੋਹਨ ਸਿੰਘ ਵੈਦ ਤੇ ਚਰਨ ਸਿੰਘ ਸ਼ਹੀਦ ਜਿਹੇ ਮੋਢੀ ਸਾਹਿਤਕਾਰਾਂ ਰਾਹੀਂ ਹੋਇਆ ਹੈ। ਬਿਕਰਮ ਸਿੰਘ ਘੁੰਮਣ ਅਨੁਸਾਰ  'ਹੀਰਾ ਸਿੰਘ ਦਰਦ ਅਨੁਸਾਰ ਪੰਜਾਬੀ ਵਿਚ ਸਭ ਤੋਂ ਪਹਿਲੀ ਸਫਲ ਨਿੱਕੀ ਕਹਾਣੀ 'ਕਮਲਾ ਅਕਾਲੀ ' ਨਾਂ ਦੀ ਹੈ ਜੋ 1921 ਦੀ 'ਅਕਾਲੀ ਪੱਤ੍ਰਿਕਾ ਵਿਚ ਲਾਲ ਸਿੰਘ ਕਮਲਾ ਅਕਾਲ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।'( 'ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ'55)

ਕਹਾਣੀ ਦੇ ਇਤਿਹਾਸ ਉੱਪਰ ਝਾਤ ਮਾਰਦਿਆਂ ਕਿਹਾ ਜਾ ਸਕਦਾ ਹੈ ਕਿ ਅੱਜ ਗਿਣਤੀ ਤੇ ਗੁਣਾਤਮਿਕ ਪੱਖ ਤੋਂ ਕਹਾਣੀ ਲਿਖੀ ਜਾ ਰਹੀ ਹੈ। ਕਹਾਣੀ ਬਾਰੇ ਕੋਈ ਨਿਸ਼ਚਿਤ ਪਰਿਭਾਸ਼ਾ ਦੇਣੀ ਬਹੁਤ ਕਠਨ ਹੈ ਪਰ ਫਿਰ ਵੀ ਵੱਖ-ਵੱਖ ਵਿਦਵਾਨਾਂ ਨੇ ਕਹਾਣੀ ਦੀ ਕਹਿਣ ਦੇਣ ਦਾ ਯਤਨ ਕੀਤਾ ਗਿਆ ਹੈ, ਜੇਮਜ਼ ਡਬਲਊ ਲਿਨ ਅਨੁਸਾਰ 'ਇਕ ਪਾਤਰ ਦੇ ਜੀਵਨ ਦੀ ਪਰਿਵਰਤਨ-ਸ਼ੀਲ ਘਟਨਾ ਦਾ ਨਾਟਕੀ-ਢੰਗ ਨਾਲ ਸੰਖੇਪ ਪ੍ਰਕਥਨ ਹੀ ਕਹਾਣੀ ਹੈ।' (45)

ਜੀ.ਐਲ .ਸ਼ੁਰਮਾ ਦੀ ਪੁਸਤਕ'ਗਲਪ ਯਥਾਰਥ ਪ੍ਰਯੋਜਨ ਤੇ ਪ੍ਰਵਿਰਤੀਆਂ' ਵਿਚ ਐਡਗਰ ਐਲਨ ਪੋ ਦਾ ਕਥਨ ਹੈ ਕਿ ਨਿੱਕੀ ਕਹਾਣੀ ਉਹ ਵਾਰਤਕ ਕਥਾ ਹੈ ਜੋ ਅੱਧੇ ਘੰਟੇ ਤੋਂ ਲੈ ਕੇ ਦੋ ਘੰਟਿਆਂ ਵਿਚ ਪੜ੍ਹੀ ਜਾ ਸਕੇ। (81)

ਅੱਜ ਉੱਤਰ-ਆਧੁਨਿਕ ਯੁੱਗ ਵਿਚ ਸਭ ਤੋਂ ਵਧੇਰੇ ਕਹਾਣੀ ਲਿਖੀ ਜਾ ਰਹੀਂ ਹੈ। ਇਸ ਸਾਹਿਤ ਰੂਪ ਨੇ ਹਰ ਵਿਸ਼ੇ ਨੂੰ ਆਪਣੀ ਪਕੜ ਵਿਚ ਲਿਆ ਹੋਇਆ ਹੈ। ਪੰਜਾਬੀ ਕਹਾਣੀ ਧਾਰਮਿਕ, ਸਮਾਜਿਕ, ਰਾਜਨੀਤਿਕ, ਮਨੋਵਿਗਿਆਨਕ, ਲਿੰਗ ਵਿਤਕਰਾ, ਪਰਵਾਸੀ ਕਹਾਣੀ, ਪਾਕਿਸਤਾਨੀ ਕਹਾਣੀ ਆਦਿ ਪੱਖਾਂ ਨੂੰ ਪੇਸ਼ ਕਰਦੀ ਹੈ। ਪੰਜਾਬ ਕਹਾਣੀ ਵਿਚ ਗੁਣਾਤਮਿਕ ਤਬਦੀਲੀ ਵਾਪਰ ਰਹੀਂ ਹੈ। ਇਹ ਪੂਰਵ ਨਿਸ਼ਚਿਤ ਧਾਰਨਾਵਾਂ ਤੋਂ ਮੁਕਤ ਹੋ ਕੇ ਸਭ ਕੁਝ ਸਿਰਜਣ ਦਾ ਯਤਨ ਕਰਦੀ ਹੈ। ਮਹਾਂਬਿਰਤਾਤਾਂ ਅਤੇ ਲਘੂ ਬਿਰਤਾਂਤਾ ਦੀ ਕਸ਼ਮਕਸ਼ ਨੂੰ ਅਧਾਰ ਬਣਾਇਆ ਜਾ ਰਿਹਾ ਹੈ। ਜੀਤ ਸਿੰਘ ਜੋਸ਼ੀ ਦੀ ਪੁਸਤਕ 'ਪੰਜਾਬੀ ਕਹਾਣੀ ਬਦਲਦੇ ਪਰਿਪੇਖ' ਵਿਚ ਪੰਜਾਬੀ ਕਹਾਣੀਕਾਰ ਡਾ. ਸਵਿੰਦਰ ਸਿੰਘ ਉੱਪਲ ਦਾ ਕਹਿਣਾ ਹੈ ਕਿ-

> ਆਧੁਨਿਕ ਪੰਜਾਬੀ ਨਿੱਕੀ ਕਹਾਣੀ ਅਜੋਕੇ ਸਮੇਂ ਦਾ ਉਹ ਪ੍ਰਫੁੱਲਿਤ ਬੂਟਾ ਹੈ ਜਿਹੜਾ ਲੋਕ ਕਹਾਣੀ ਦੀ ਭੂਮੀ ਵਿਚੋਂ ਪੁੰਗਰਿਆ ਹੈ। ਜਨਮ ਸਾਖੀਆਂ ਦੇ ਲਿਖਤੀ ਰੂਪ ਰਾਹੀਂ ਨਿੱਘ ਮਾਣਦਾ ਰਿਹਾ ਅਤੇ ਚਰਿੱਤਰ ਉਪਾਖਿਆਨਾਂ ਦੀ ਸੁਤੰਤਰ ਹੋਂਦ ਦੀ ਨਮੀ ਪ੍ਰਾਪਤ ਕਰਕੇ ਅੱਜ ਸੈਂਕੜੇ ਰੰਗ ਬਰੰਗੇ ਖਿੜੇ ਫੁੱਲਾਂ ਸਦਕਾ ਆਪਣੇ ਪੂਰੇ ਜੋਬਨ ਵਿਚ ਝੂਮ ਰਿਹਾ ਹੈ। (8)

ਇਸ ਤਰ੍ਹਾਂ ਦੋ ਵੱਖਰੇ ਸਾਹਿਤਕ ਰੂਪ ਹੁੰਦੇ ਹੋਏ ਵੀ ਕਹਾਣੀ ਤੇ ਨਾਵਲ ਵਿਚ ਇਕ ਗੱਲ ਸਾਂਝੀ ਹੈ ਕਿ ਦੋਹਾਂ ਵਿਚ ਕਹਾਣੀ ਹੁੰਦੀ ਹੈ। ਜਿੱਥੇ ਨਾਵਲ ਵਿਚ ਜੀਵਨ ਦੇ ਸਮੁੱਚੇ ਰੂਪ ਨੂੰ ਪੇਸ਼ ਕੀਤਾ ਜਾ ਸਕਦਾ ਹੈ ਉੱਥੇ ਕਹਾਣੀ ਕਿਸੇ ਇਕ ਪੱਖ ਦੇ ਸੀਮਤ ਰੂਪ ਨੂੰ ਹੀ ਪੇਸ਼ ਕਰਦੀ ਹੈ। ਸਾਹਿਤ ਦੇ ਵਿਭਿੰਨ ਰੂਪਾਂ ਵਿਚ ਨਾਵਲ ਇਕ ਅਜਿਹਾ ਰੂਪ ਹੈ ਜਿਸ ਵਿਚ ਮਨੁੱਖੀ ਜ਼ਿੰਦਗੀ ਦਾ ਸੰਪੂਰਨ ਬਿਰਤਾਂਤ ਪੇਸ਼ ਕੀਤਾ ਜਾ ਸਕਦਾ ਹੈ। ਸਾਹਿਤ ਦੇ ਨਵੇਕਲੇ ਰੂਪ ਨਾਵਲ ਦਾ ਆਗਮਨ ਜਗੀਰਦਾਰੀ ਤੇ ਸਰਮਾਏਦਾਰੀ ਸਮਾਜ ਦੇ ਅਜਿਹੇ ਹੀ ਪਰਸਪਰ ਵਿਰੋਧ ਦੇ ਸਮੇਂ ਹੋਇਆ। ਇਸ ਨਵੀਨ ਪਰਸਥਿਤੀ ਵਿਚੋਂ ਉਪਜੀ ਮੱਧ ਸ਼੍ਰੇਣੀ ਹੀ ਇਸ ਸਾਹਿਤਕ ਰੂਪ ਦੀ ਪਾਠਕ ਬਣੀ। ਪੰਜਾਬ ਦੀ ਇਹੋ ਜਿਹੀ ਸੰਕਟਕਾਲੀਨ ਸਥਿਤੀ ਹੋ ਜਾਣ ਤੋਂ ਬਾਅਦ ਪੈਦਾ ਹੋਈ ਹੈ। ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਇੱਥੇ ਕੇਵਲ ਜਗੀਰਦਾਰੀ ਤੇ ਕਿਸਾਨ-ਆਰਥਿਕ ਪ੍ਰਬੰਧ ਦੀ ਭਰਮਾਰ ਸੀ। ਉਸ ਸਮਾਜ ਵਿਚ ਪੈਦਾ ਹੋਣ ਵਾਲੇ ਵਿਅਕਤੀ ਲਈ ਤਕਰੀਬਨ ਸਭ ਕੁਝ ਪਹਿਲਾਂ ਹੀ ਤਹਿ ਹੋ ਜਾਂਦਾ ਸੀ।

ਕੁਝ ਕੁ ਵਿਅਕਤੀ ਹੀ ਆਪਣੇ ਸਮੇਂ ਤੋਂ ਵਿਲੱਖਣ ਹੁੰਦੇ ਸਨ । ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਸਾਹਿਤ ਵਿਚ ਮੱਧਕਾਲੀਨ ਰੂਪ ਸਾਹਿਤ ਵਿਚ ਮੌਜੂਦ ਸਨ, ਪਰ ਅੰਗਰੇਜ਼ਾਂ ਦੇ ਆਉਣ ਨਾਲ ਜਿਸ ਤਰ੍ਹਾਂ ਦਾ ਪ੍ਰਬੰਧ ਪੈਦਾ ਹੋਇਆ । ਇਨ੍ਹਾਂ ਸਮੱਸਿਆਵਾਂ ਨੂੰ ਸਾਹਿਤ ਦੇ ਮੱਧਕਾਲੀਨ ਰੂਪਾਂ ਦੁਆਰਾ ਸਮਝਿਆ ਨਹੀਂ ਜਾ ਸਕਦਾ ਸੀ । ਇਸ ਲਈ ਪੰਜਾਬੀ ਸਾਹਿਤਕਾਰਾਂ ਨੂੰ ਨਵੀਨ ਰੂਪ ਨਾਵਲ ਦਾ ਆਸਰਾ ਲੈਣਾ ਪਿਆ । ਸਾਹਿਤ ਦੀ ਵਿਧਾ ਨਾਵਲ ਦੀ ਹੋਂਦ ਦਾ ਪ੍ਰਸ਼ਨ ਸਮਾਜ-ਸਭਿਆਚਾਰ ਸਥਿਤੀਆਂ ਵਿਚ ਵਾਪਰਦੀਆਂ ਕੇਂਦਰੀ ਤਬਦੀਲੀਆਂ ਨਾਲ ਜੋੜਿਆ ਜਾਂਦਾ ਹੈ । ਜਾਗੀਰਦਾਰੀ ਯੁੱਗ ਵਿਚ ਮਹਾਂਕਾਵਿ ਆਪਣੀ ਸਿਖਰ ਭਾਵਨਾਵਾਂ ਹੰਢਾਉਂਦਾ ਹੈ । ਇਹ ਸਥਾਨ ਪੂੰਜੀਵਾਦੀ ਯੁੱਗ ਵਿਚ ਪੰਜਾਬੀ ਨਾਵਲ ਨੂੰ ਮਿਲਿਆ । ਭਾਰਤੀ ਸਾਹਿਤ ਵਿਚ ਮਹਾਂਕਾਵਿ ਤੋਂ ਬਾਅਦ ਨਾਵਲ ਨੇ ਆਪਣੀ ਹੋਂਦ ਨੂੰ ਗ੍ਰਹਿਣ ਕੀਤਾ । ਇਹ ਵਰਤਾਰਾ ਪੰਜਾਬੀ ਨਾਵਲ ਵਿਚ ਵੀ ਵਾਪਰਿਆ । ਨਾਵਲ ਦਾ ਕੈਨਵਸ ਵਿਸ਼ਾਲ ਹੁੰਦਾ ਹੈ । 'ਕਹਾਣੀ ਪੰਜਾਬ' ਜਨਵਰੀ-ਮਾਰਚ, 2000, ਵਿਚ ਡਾ. ਮੈਨੇਜਰ ਪਾਂਡੇ ਨਾਵਲ ਬਾਰੇ ਇਸ ਤਰ੍ਹਾਂ ਕਹਿੰਦੇ ਹਨ ਕਿ-

> ਨਾਵਲ ਯਥਾਰਥ ਦੇ ਬੌਧਿਕ, ਉਸ ਦੀ ਵਿਆਖਿਆ ਅਤੇ ਅਭਿਵਿਅਕਤੀ ਦੀ ਇਕ ਅਜਿਹੀ ਪ੍ਰਕਿਰਿਆ ਹੈ, ਜਿਹੜੀ ਦੂਸਰੇ ਸਾਹਿਤ ਦੇ ਰੂਪਾਂ ਅਤੇ ਕਲਾਂ ਤੋਂ ਅਲੱਗ ਹੁੰਦੀ ਹੈ । ਇਸ ਲਈ ਲੋਕ ਉਸ ਨੂੰ ਵਿਸ਼ਿਸ਼ਟ ਨਾਵਲੀ ਪੱਧਤੀ ਕਹਿੰਦੇ ਹਨ । ਇਹ ਪੱਧਤੀ ਇਤਿਹਾਸ ਦੀਆਂ ਸਮਕਾਲੀਨ ਪੱਧਤੀਆਂ ਵਾਂਗ ਹੀ ਮਹੱਤਤਾ ਰੱਖਦੀ ਹੈ । ਉਂਜ ਇਸ ਤਰਾਂ ਦੀ ਸਥਿਤੀ ਹੋਰ ਸਾਹਿਤ ਰੂਪਾਂ ਵਿਚ ਘੱਟ ਹੀ ਮਿਲਦੀ ਹੈ । ਇਤਿਹਾਸਕ ਯਥਾਰਥ ਦੇ ਕੁਝ ਅਜਿਹੇ ਰੂਪ ਹੁੰਦੇ ਹਨ । ਜਿਨ੍ਹਾਂ ਦੀ ਪੇਸ਼ਕਾਰੀ ਜਿਸ ਰੂਪ ਵਿਚ ਨਾਵਲ ਕਰਦਾ ਹੈ, ਉਸ ਤਰ੍ਹਾਂ ਕਵਿਤਾ ਵਿਚ ਸੰਭਵ ਨਹੀਂ ਹੈ । (127)

ਨਾਵਲ ਆਧੁਨਿਕ ਬਿਰਤਾਂਤਕ ਗਲਪ ਦੀ ਇਕ ਅਜਿਹੀ ਵਿਧਾ ਹੈ, ਜੋ ਜ਼ਿੰਦਗੀ ਦੇ ਯਥਾਰਥ ਨੂੰ ਪੇਸ਼ ਕਰਨ ਦੀ ਅਹਿਮ ਭੂਮਿਕਾ ਨਿਭਾਉਂਦੀ ਹੈ । ਟੀ.ਆਰ.ਵਿਨੋਦ ਦੀ ਪੁਸਤਕ 'ਆਉ ਨਾਵਲ ਪੜੀਏ' ਵਿਚ ਇਸੇ ਸੰਬੰਧ ਵਿਚ ਈ. ਐੱਮ.ਫੋਰਸਟਰ ਲਿਖਦਾ ਹੈ ਕਿ-

ਨਾਵਲ ਰਾਹੀਂ ਅਸੀਂ ਸੰਪੂਰਨ ਮਨੁੱਖ ਨੂੰ ਜਾਣ ਸਕਦੇ ਹਾਂ ਅਤੇ ਪੜ੍ਹਨ ਦਾ ਅਨੰਦ ਪ੍ਰਾਪਤ ਕਰਨ ਤੋਂ ਇਲਾਵਾ ਨਾਵਲ ਲੋਕਾਂ ਪ੍ਰਤੀ ਵਿਹਾਰਕ ਜੀਵਨ ਵਿਚੋਂ ਪ੍ਰਾਪਤ ਸਾਡੇ ਧੁੰਦਲੇ ਗਿਆਨ ਦੀ ਪੂਰਤੀ ਕਰਦਾ ਹੈ।(8)

ਐਲਨ ਸਵਿੰਗ ਵੁੱਡ ਅਨੁਸਾਰ 'ਨਾਵਲ ਰੂਪ ਇਕ ਪ੍ਰਮੁੱਖ ਸਾਹਿਤਕ ਵਿਧਾ ਦੇ ਤੌਰ ਤੇ ਸਰਮਾਏਦਾਰੀ, ਸਨਅਤ, ਸ਼ਹਿਰੀਕਰਨ ਅਤੇ ਗੁੰਝਲਦਾਰ ਪ੍ਰਬੰਧਾਂ ਵਾਲੇ ਸਮਾਜਾਂ ਵਿਚੋਂ ਹੋਂਦ ਵਿਚ ਆਇਆ।(ਨਾਵਲ ਅਤੇ ਰੀਵੈਲੂਏਸ਼ਨ'3)

ਸੋ ਨਾਵਲ ਵਿਚ ਪੇਸ਼ ਪਾਤਰਾਂ ਨੂੰ ਜਦੋਂ ਤੱਕ ਸਮਾਜਿਕ ਪ੍ਰਸੰਗ ਵਿਚ ਨਹੀਂ ਚਿੱਤਰਿਆਂ ਜਾਂਦਾ, ਉਹ ਨਾਵਲ ਨਹੀਂ ਅਖਵਾ ਸਕਦਾ। ਸਮਾਜਿਕ ਜੀਵਨ ਦੇ ਸੰਦਰਭ ਵਿਚ ਮਨੁੱਖ ਦੀ ਪਦਾਰਥਕ, ਸੰਸਥਾਗਤ ਤੇ ਚੇਤਨਾਗਤ ਸੰਸਕ੍ਰਿਤੀ ਦੇ ਵਿਭਿੰਨ ਰੂਪਾਂ ਅਤੇ ਸੰਭਾਵਨਾਵਾਂ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਨ ਵਾਲੀ ਹੁਣ ਤੱਕ ਇੱਕੋ ਹੀ ਵਿਧਾ ਨਾਵਲ ਹੈ। ਨਾਵਲ ਦੇ ਪੈਦਾ ਹੋਣ ਦਾ ਸੰਬੰਧ ਉਦਯੋਗਿਕ ਕ੍ਰਾਂਤੀ ਨਾਲ ਜੁੜਦਾ ਹੈ ਜਿਸ ਵਿਚੋਂ ਮੱਧਵਰਗੀ ਚੇਤਨਾ ਪੈਦਾ ਹੁੰਦੀ ਹੈ। ਨਾਵਲ ਆਧੁਨਿਕ ਵਰਤਾਰੇ ਅਤੇ ਬੋਧ ਦੀ ਉਪਜ ਹੈ। ਇਸ ਵਰਤਾਰੇ ਵਿਚੋਂ ਪੈਦਾ ਹੋਈ ਜੀਵਨ ਸ਼ੈਲੀ ਨੂੰ ਚਿਤਰਨ ਲਈ ਨਾਵਲ ਵਰਗੀ ਵਿਧਾ ਹੋਂਦ ਵਿਚ ਆਉਂਦੀ ਹੈ। ਰਜਨੀਸ਼ ਬਹਾਦਰ 'ਪ੍ਰਚਨ 'ਜਨਵਰੀ-ਮਾਰਚ, 2015, ਦੇ ਵਿਚ ਕਹਿੰਦੇ ਹਨ-

ਮੰਡੀ ਦੇ ਵਿਕਾਸ ਨਾਲ ਵੱਖ-ਵੱਖ ਪੜਾਵਾਂ ਉੱਤੇ ਸਾਂਝ ਵਿਕਸਿਤ ਹੁੰਦੀ ਗਈ। ਇਸ ਸਾਂਝ ਵਪਾਰ ਦੀਆਂ ਵਸਤਾਂ ਤੋਂ ਫੈਲ ਕੇ ਸਭਿਆਚਾਰ ਤੋਂ ਹੁੰਦੀ ਹੋਈ ਕਲਾਵਾਂ ਤੱਕ ਫੈਲ ਗਈ। ਇਸੇ ਲਈ ਸਾਹਿਤ ਅਤੇ ਕਲਾ ਦੇ ਸਹਿਜ ਅਤੇ ਰੂਪ ਵਿਚ ਉਪਜੇ ਵਰਤਾਰੇ ਸਮਾਜਿਕ ਵਿਕਾਸ ਦੇ ਇਕ ਪੜਾਅ ਉੱਤੇ ਪਹੁੰਚ ਕੇ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਲੱਗ ਜਾਂਦੇ ਹਨ। ਸ਼ਾਇਦ ਮਹਾਂਕਾਵਿ ਅਤੇ ਕਹਾਣੀ ਦਾ ਮੁੱਢਲਾ ਰੂਪ ਸੁਤੰਤਰ ਰੂਪ ਵਿਚ ਪ੍ਰਗਟ ਹੋਇਆ ਹੋਵੇ, ਪਰੰਤੂ ਨਾਵਲੀ ਵਿਧਾ ਵਿਚ ਪ੍ਰਭਾਵ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਨਾਵਲ ਦਾ ਜਨਮ ਯੂਰਪ ਅਤੇ ਏਸ਼ੀਆ ਦੇ ਵਿਕਸਿਤ ਖ਼ਿੱਤੇ ਵਿਚ ਸੁਭਾਵਿਕ ਰੂਪ ਵਿਚ ਹੋਇਆ ਹੋਵੇ ਪਰੰਤੂ ਭਾਰਤ ਵਿਚ ਇਸ ਦੀ ਹੋਂਦ ਬਸਤੀਵਾਦੀ ਵਰਤਾਰੇ ਨਾਲ ਜੁੜੀ ਹੋਈ ਹੈ। (3)

ਅਜੋਕੇ ਯੁੱਗ ਦੀ ਚੇਤਨਾ ਦਾ ਸੰਬੰਧ ਮਨੁੱਖ ਦੀ ਜ਼ਿੰਦਗੀ ਦੇ ਵਰਤਾਰਿਆਂ ਨਾਲ ਹੈ। ਇਸ ਸੰਬੰਧ ਦੇ ਅਨੁਸਾਰ ਉਹੀ ਨਾਵਲ ਅਜੋਕਾ ਹੋਵੇਗਾ ਜੋ ਕਿਸੇ ਨਾ ਕਿਸੇ ਪੱਖ ਤੋਂ ਸਾਧਾਰਨ ਮਨੁੱਖ ਦੀ ਵਾਸਤਵਿਕ ਜ਼ਿੰਦਗੀ ਦੇ ਤਜਰਬੇ ਨਾਲ ਪੈਦਾ ਹੁੰਦਾ ਹੈ। ਇਹ ਸੰਬੰਧ ਸਿਰਫ਼ ਜਮਹੂਰੀਅਤ ਦੇ ਰਾਜਸੀ ਨਾਅਰਿਆਂ ਦਾ

ਸਿੱਟਾ ਨਹੀਂ ਸਗੋਂ ਇਨਸਾਨੀ ਜ਼ਿੰਦਗੀ ਦੇ ਪਦਾਰਥਿਕ ਤੇ ਮਾਨਸਿਕ ਆਧਾਰਾਂ ਦੀ ਇਕ ਨਵੀਂ ਬੌਧਿਕ ਪਛਾਣ ਦਾ ਨਤੀਜਾ ਹੈ। ਇਹ ਪਛਾਣ ਸਧਾਰਨ ਮਨੁੱਖ ਦੀ ਅਸਲੀਅਤ ਦੇ ਪ੍ਰਸੰਗ ਵਿਚ ਵੀ ਸੰਭਵ ਹੈ। ਪੰਜਾਬੀ ਨਾਵਲ ਮੌਲਿਕ ਰੂਪ ਵਿਚ 19ਵੀ ਸਦੀ ਦੇ ਅੰਤ ਹੋਂਦ ਵਿਚ ਆਉਂਦਾ ਹੈ। ਪੰਜਾਬ ਇਕ ਅਜਿਹਾ ਸੂਬਾ ਸੀ ਜਿਹੜਾ ਸਭ ਤੋਂ ਅੰਤ ਵਿਚ ਅੰਗਰੇਜ਼ੀ ਰਾਜ ਦੇ ਅਧੀਨ ਆਇਆ। ਮਹਾਰਾਜ ਰਣਜੀਤ ਸਿੰਘ ਦੀ ਮੌਤ ਉਪਰੰਤ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਵਿੱਦਿਆ ਦਾ ਪਸਾਰ ਹੋਇਆ। ਮੱਧ ਵਰਗ ਪੈਦਾ ਹੋਣਾ ਸ਼ੁਰੂ ਹੋਇਆ। ਈਸਾਈ ਮਿਸ਼ਨਰੀ ਪੰਜਾਬ ਵਿਚ ਆਏ। ਸਿੱਖਾਂ ਦੇ ਅਵਚੇਤਨ ਵਿਚ ਸਿੱਖ ਰਾਜ ਦੇ ਚਲੇ ਜਾਣ ਦਾ ਝੋਰਾ ਸੀ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨੇ ਸਾਰੇ ਧਰਮਾਂ ਨੂੰ ਆਪਣੀ ਹੋਂਦ ਦੀ ਲੜਾਈ ਲੜਨ ਲਈ ਪ੍ਰੇਰਿਆ। ਇਸੇ ਪ੍ਰਚਾਰ ਵਿਚੋਂ ਸਿੰਘ ਸਭਾ ਵਰਗੀ ਸੰਸਥਾ ਹੋਂਦ ਵਿਚ ਆਈ। ਇਨ੍ਹਾਂ ਕਾਰਨਾਂ ਨੇ ਨਾਵਲ ਲਈ ਰਾਹ ਪੱਧਰਾ ਕੀਤਾ। ਅੰਗਰੇਜ਼ਾਂ ਨੇ ਆਪਣੇ ਧਰਮ ਦਾ ਪ੍ਰਸਾਰ ਕਰਨ ਅਤੇ ਸਾਡੇ ਧਰਮ ਨੂੰ ਪਿੱਛੇ ਕਰਨ ਲਈ ਨਾਵਲ ਵਰਗੀ ਵਿਧਾ ਨੂੰ ਅਪਣਾਇਆ। ਉਨ੍ਹਾਂ ਨੇ 'ਮਸੀਹੀ ਮੁਸਾਫ਼ਰ ਦੀ ਯਾਤਰਾ '(1859)ਅਤੇ 'ਜਯੋਤੀਰੁਦਯ '(1883) ਨੂੰ ਅਨੁਵਾਦ ਕਰਕੇ ਛਾਪਿਆ। ਸੋ ਭਾਈ ਵੀਰ ਸਿੰਘ ਨੇ ਪੰਜਾਬੀ ਨਾਵਲ ਸਿੱਖ ਧਰਮ ਦੇ ਪ੍ਰਚਾਰ ਲਈ 'ਸੁੰਦਰੀ' ਹੋਂਦ ਵਿਚ ਲਿਆਂਦਾ। ਇਸ ਧਾਰਮਿਕ ਪ੍ਰਵਿਰਤੀ ਨੂੰ ਅੱਗੇ ਤੋਰਦੇ ਹੋਏ ਚਰਨ ਸਿੰਘ ਸ਼ਹੀਦ, ਭਾਈ ਮੋਹਨ ਸਿੰਘ ਵੈਦ, ਮਾਸਟਰ ਤਾਰਾ ਸਿੰਘ ਅਤੇ ਅਮਰ ਸਿੰਘ ਨੇ ਆਪਣਾ ਯੋਗਦਾਨ ਪਾਇਆ। ਧਰਮ ਨਿਰਪੱਖ ਲੋਕਾਂ ਨੇ ਮਨੁੱਖ ਸਮੱਸਿਆਵਾਂ ਦਾ ਹੱਲ ਸਮਾਜਿਕ, ਆਰਥਿਕ ਅਸਮਾਨਤਾਵਾਂ ਵਿਚੋਂ ਤਲਾਸ਼ਣਾ ਸ਼ੁਰੂ ਕੀਤਾ। ਸਮਾਜਿਕ ਸੁਧਾਰ ਅਤੇ ਸਮਾਜਿਕ ਸੰਕਟਾਂ ਦੀ ਪੇਸ਼ਕਾਰੀ ਨਾਵਲ ਰਾਹੀਂ ਸੰਭਵ ਹੋਣੀ ਸੀ। ਸਮਾਜਿਕ ਸੋਚ ਦਾ ਮੁੱਖ ਬੁਲਾਰਾ ਨਾਨਕ ਸਿੰਘ ਨਾਵਲੀ ਵਿਧਾ ਨੂੰ ਸਮਾਜਿਕ ਦ੍ਰਿਸ਼ਟੀਕੋਣ ਤੋਂ ਚਿਤਰਦਾ ਹੈ। ਅਜੋਕੀਆਂ ਮਨੁੱਖੀ ਸਥਿਤੀਆਂ ਨੂੰ ਚਿਤਰਨ ਲਈ ਨਾਵਲ ਸਭ ਤੋਂ ਉੱਤਮ ਵਿਧਾ ਹੈ। ਨਾਵਲ ਨੂੰ ਅਜੋਕੇ ਰੂਪ ਵਿਚ ਪਹੁੰਚਣ ਲਈ ਕਈ ਸਦੀਆਂ ਦਾ ਸਮਾਂ ਲੱਗਾ ਹੈ। ਅਜੋਕੇ ਪੰਜਾਬੀ ਨਾਵਲ ਵਿਚ ਨਵੇਂ-ਨਵੇਂ ਤਜਰਬੇ ਸ਼ੁਰੂ ਹੋਏ। ਨਵੀਆਂ ਜੁਗਤਾਂ, ਨਵੀਆਂ ਕਥਾਵਾਂ ਦੇ ਨਾਲ-ਨਾਲ ਨਵੇਂ-ਨਵੇਂ ਵਿਸ਼ੇ ਹੋਂਦ ਵਿਚ ਆਏ। ਪੰਜਾਬੀ ਨਾਵਲ ਧਾਰਮਿਕ ਨਾਵਲ ਤੋਂ ਸ਼ੁਰੂ ਹੋ ਕੇ ਇਤਿਹਾਸਕ, ਯਥਾਰਥਵਾਦੀ , ਪ੍ਰਗਤੀਵਾਦ , ਲੰਮੇ-ਛੋਟੇ, ਮਹਾਂਨਗਰ ਦੀਆਂ ਸਮੱਸਿਆ ਨਾਲ ਸੰਬੰਧਿਤ, ਜਿਨਸੀ ਸੰਬੰਧਾਂ,

ਪਰਵਾਸ ਨਾਲ ਸੰਬੰਧਿਤ ਨਾਵਲ ਅਤੇ ਹੋਰ ਵੀ ਕਈ ਤਰ੍ਹਾਂ ਦੇ ਵਿਸ਼ੇ ਲੈ ਕੇ ਆਪਣਾ ਸਾਹਿਤਕ ਸਫ਼ਰ ਤੈਅ ਕਰਦਾ ਗਿਆ।

ਅਜੋਕਾ ਦੌਰ ਗਿਆਨ-ਵਿਗਿਆਨ, ਤਕਨਾਲੋਜੀ ਅਤੇ ਵਿਸ਼ਵੀਕਰਨ ਦੇ ਉਭਾਰ ਦਾ ਦੌਰ ਹੈ। ਇਸ ਦੌਰ ਨੇ ਮਨੁੱਖ ਨੂੰ ਮੰਡੀ ਦੀ ਵਸਤੂ ਬਣਾ ਦਿੱਤਾ। ਅੱਜ ਮਨੁੱਖ ਕੁਦਰਤ ਨਾਲੋਂ ਟੁੱਟ ਕੇ ਨਿੱਜੀ ਹਿੱਤਾਂ ਨੂੰ ਪਹਿਲ ਦੇ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਸਾਡੇ ਸਮਾਜਿਕ ਰਿਸ਼ਤਿਆਂ ਵਿਚ ਤਣਾਉ ਵੱਧ ਰਿਹਾ ਹੈ। ਸਮਾਜ ਵਿਚ ਜੋ ਵੀ ਵਾਪਰਦਾ ਹੈ, ਉਸ ਦਾ ਪ੍ਰਭਾਵ ਹਰ ਸਾਹਿਤਕਾਰ ਮਹਿਸੂਸ ਕਰਦਾ ਹੈ। ਅੱਜ ਮਨੁੱਖ ਦੀ ਵਿਅਕਤੀਗਤ ਹੋਂਦ ਵੀ ਖ਼ਤਰੇ ਵਿਚ ਪਈ ਮਹਿਸੂਸ ਹੁੰਦੀ ਹੈ। ਪੰਜਾਬੀ ਗਲਪ ਦੇ ਸਨਮੁੱਖ ਇਹ ਸਵਾਲ ਹੈ ਕਿ ਮਨੁੱਖ ਇਕ ਮਨੁੱਖ ਦੇ ਤੌਰ ਉੱਤੇ ਕਿਵੇਂ ਜੀਵੇ? ਆਪਣੇ ਸਵੈਮਾਨ ਨੂੰ ਕਿਸ ਤਰ੍ਹਾਂ ਕਾਇਮ ਰੱਖੇ? ਕਿਸ ਤਰ੍ਹਾਂ ਭ੍ਰਿਸ਼ਟ ਹੋ ਚੁੱਕੇ ਆਲ਼ੇ-ਦੁਆਲ਼ੇ ਵਿਚ ਸਾਹ ਲਵੇ? ਮਨਫ਼ੀ ਹੋ ਰਹੇ ਰਿਸ਼ਤਿਆਂ ਵਿਚ ਮਨੁੱਖ ਆਪਣੇ ਵਜੂਦ ਨੂੰ ਕਿਸ ਤਰ੍ਹਾਂ ਕਾਇਮ ਰੱਖੇ। ਅੱਜ ਵਿਸ਼ਵੀਕਰਨ ਦੇ ਨਾਂ ਮਨੁੱਖ ਦੇ ਕਾਰਜ, ਸਮਾਜ, ਇਤਿਹਾਸ ਅਤੇ ਸ਼ਬਦ ਨੂੰ ਖ਼ਤਮ ਕਰਨ ਦੀਆਂ ਯੋਜਨਾਬੱਧ ਤਰੀਕੇ ਨਾਲ ਯਤਨ ਆਰੰਭੇ ਹੋਏ ਹਨ। ਨਵੀਂ ਚੇਤਨਾ ਟੈਕਨਾਲੋਜੀ ਅਤੇ ਇਲੈਕਟ੍ਰੋਨਿਕ ਦੇ ਨਾਂ ਤੇ ਮਨੁੱਖ ਨੂੰ ਚਕਾਚੌਂਧ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹਾਸ਼ੀਏ ਉੱਤੇ ਬੈਠੇ ਸਮੂਹ ਵਧੇਰੇ ਹਾਸ਼ੀਆ ਗਤ ਹੁੰਦੇ ਜਾਣਗੇ ਤਾਂ ਹਾਸ਼ੀਏ ਤੇ ਜਾਣ ਵਾਲੀਆਂ ਸ਼੍ਰੇਣੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਵੇਗਾ। ਜਦੋਂ ਪੰਜਾਬੀ ਸਾਹਿਤ ਦੀ ਕਿਸੇ ਵੀ ਵਿਧਾ ਵਿਚ ਹਾਸ਼ੀਆ ਗਤ ਲੋਕਾਂ ਦੀ ਗੱਲ ਤੁਰਦੀ ਹੈ , ਤਾਂ ਇਨ੍ਹਾਂ ਲੋਕਾਂ ਲਈ ਕੋਈ ਠਾਹਰ ਨਹੀਂ ਹੁੰਦੀ। ਹਾਸ਼ੀਆ ਗਤ ਅਤੇ ਸੰਤਾਪੇ ਉਹ ਲੋਕ ਹਨ ਜਿਹੜੇ ਆਪਣੀ ਸਮਾਜਿਕ ਸਥਿਤੀ ਨੂੰ ਸੁਧਾਰਨ ਵਿਚ ਕੋਸ਼ਿਸ਼ ਕਰਨ ਤੇ ਵੀ ਕੋਈ ਤਬਦੀਲੀ ਨਹੀਂ ਲਿਆ ਸਕਦੇ। ਇਹ ਲੋਕ ਸਮਾਜ ਵਿਚੋਂ ਛੇਕੇ ਹੋਣ ਦੀ ਤ੍ਰਾਸਦੀ ਭੋਗਦੇ ਅਤੇ ਸਮਾਜ ਵਿਚ ਬਹੁਤ ਅਪਮਾਨ ਦਾ ਸਾਹਮਣੇ ਕਰਦੇ ਹਨ। ਇਸ ਸ਼੍ਰੇਣੀ ਵਿਚ ਦਲਿਤ , ਮੁੱਲ ਦੀ ਔਰਤ, ਛੜੇ, ਨਿਮਨ ਕਿਸਾਨੀ ਅਤੇ ਕਿੰਨਰ ਹਨ। ਕਿੰਨਰ ਇਸ ਸ਼੍ਰੇਣੀ ਵਿਚ ਸਭ ਤੋਂ ਹੇਠਲੇ ਦਰਜੇ ਉੱਪਰ ਆਉਂਦੇ ਹਨ। ਇਸੇ ਸੰਦਰਭ ਵਿਚ ਨਿਰੰਜਣ ਬੋਹਾ ਨੇ 'ਸ਼ਬਦ' ਮੈਗਜ਼ੀਨ ਜੁਲਾਈ-ਸਤੰਬਰ 2017 ਵਿਚ ਛਪੇ ਆਪਣੇ ਖੋਜ ਪੱਤਰ ਵਿਚ ਲਿਖਿਆ ਹੈ ਕਿ-

> ਵੇਸਵਾ ਸਮਾਜ ਵਾਂਗ ਕਿੰਨਰ ਜਾਂ ਹੀਜੜਾ ਵੀ ਸਮਾਜ ਦੀ ਅਖੌਤੀ ਸਭਿਅਕ ਸਥਿਤੀ ਤੋਂ ਬਹੁਤ ਵਿੱਥ ਤੇ ਵਿਚਰਦਾ ਹੈ। ਕੁਦਰਤ ਵੱਲੋਂ ਮਿਲੀ ਲਿੰਗਕ ਅਪੂਰਨਤਾ ਕਾਰਨ ਪੈਦਾ ਹੋਈ ਹੀਣ ਭਾਵਨਾ ਤੇ ਸਮਾਜ

ਦਾ ਉਸ ਪ੍ਰਤੀ ਤ੍ਰਿਸਕਾਰਪੂਰਨ ਵਤੀਰਾ ਉਸ ਨੂੰ ਸਭਿਅਕ ਸਮਾਜ ਨਾਲੋਂ ਅਲੱਗ ਥਲੱਗ ਕਰਕੇ ਵੱਖਰਾ ਸਮਾਜ ਤੇ ਵੱਖਰਾ ਸਭਿਆਚਾਰ ਬਣਾਉਣ ਲਈ ਮਜਬੂਰ ਕਰ ਦਿੰਦਾ ਹੈ। (115)

ਸਾਹਿਤ ਵਿਚ ਦਲਿਤ , ਮੁੱਲ ਦੀ ਔਰਤ, ਛੜੇ, ਨਿਮਨ ਕਿਸਾਨੀ ਨਾਲ ਸੰਬੰਧਿਤ ਬਹੁਤ ਸਾਰਾ ਸਾਹਿਤ ਹੋਂਦ ਵਿਚ ਆ ਚੁੱਕਾ ਹੈ। ਅਕਾਦਮਿਕ ਖੇਤਰ ਵਿਚ ਇਹ ਵਿਸ਼ੇ ਆਪਣੀ ਹੋਂਦ ਨੂੰ ਕਾਰਜਸ਼ੀਲ ਕਰ ਚੁੱਕੇ ਹਨ। ਸ੍ਰਿਸ਼ਟੀ 'ਚ ਔਰਤ ਤੇ ਮਰਦ ਦੇ ਪ੍ਰਜਨਣ ਕਿਰਿਆ ਦਾ ਹਿੱਸਾ ਹੋਣ ਕਾਰਨ ਮਨੁੱਖੀ ਜੀਵਨ ਤੋਰ ਜਾਰੀ ਹੈ। ਔਰਤ-ਮਰਦ ਦਾ ਰਿਸ਼ਤਾ ਲਿੰਗਕ ਤੌਰ 'ਤੇ ਭਿੰਨ ਹੈ। ਇਸ ਦਾ ਭਾਵ ਹੈ ਕਿ ਔਰਤ ਤੇ ਮਰਦ ਦੋ ਵਿਰੋਧੀ ਲਿੰਗ ਹਨ। ਇੱਕ ਦੂਜੇ ਵੱਲ ਕਾਮੁਕ ਤੌਰ 'ਤੇ ਇੱਕ ਦੂਜੇ ਵੱਲ ਆਕਰਸ਼ਿਤ ਹੁੰਦੇ ਹਨ। ਔਰਤ ਤੇ ਮਰਦ ਤੋਂ ਇਲਾਵਾ ਮਨੁੱਖੀ ਸਮਾਜ ਵਿਚ ਹੋਰ ਵੀ ਅਜਿਹੇ ਮਨੁੱਖ ਹਨ ਜਿਨ੍ਹਾਂ ਨੂੰ ਹੀਜੜੇ, ਖੁਸਰੇ ਅਤੇ ਕਿੰਨਰ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਕਿੰਨਰ ਸਮਾਜ ਦੀ ਹੋਂਦ ਬਾਰੇ ਮਨੁੱਖੀ ਸਮਝ ਬੜੀ ਊਣੀ ਪ੍ਰਤੀਤ ਹੁੰਦੀ ਹੈ। ਬੇਸ਼ੱਕ ਸਾਹਿਤ , ਕਲਾ , ਸਭਿਆਚਾਰ , ਇਤਿਹਾਸ , ਮਿਥਿਹਾਸ ਵਿਚ ਕਿੰਨਰ ਸਮਾਜ ਦਾ ਵਿਸ਼ੇਸ਼ ਵਰਣਨ ਮਿਲਦਾ ਹੈ।

ਕਿੰਨਰ ਜਾਂ ਹੀਜੜਾ ਕਹੇ ਜਾਣ ਵਾਲੇ ਵੀ ਸਭਿਅਕ ਸਮਾਜ ਤੋਂ ਕਾਫ਼ੀ ਵਿੱਥ 'ਤੇ ਵਿਚਰਦੇ ਹਨ। ਕੁਦਰਤ ਵੱਲੋਂ ਮਿਲੀ ਲਿੰਗਕ ਅਪੂਰਨਤਾ ਕਾਰਨ ਪੈਦਾ ਹੋਈ ਹੀਣ ਭਾਵਨਾ ਤੇ ਸਮਾਜ ਦਾ ਉਨ੍ਹਾਂ ਪ੍ਰਤੀ ਤ੍ਰਿਸਕਾਰ ਭਰਿਆ ਵਤੀਰਾ ਉਨ੍ਹਾਂ ਨੂੰ ਸਭਿਅਕ ਸਮਾਜ ਤੋਂ ਅਲੱਗ ਜ਼ਿੰਦਗੀ ਜੀਨ ਲਈ ਮਜਬੂਰ ਕਰ ਦਿੰਦਾ ਹੈ। ਉਨ੍ਹਾਂ ਦੇ ਦੁੱਖ-ਸੁੱਖ , ਲਿੰਗਕ ਅਪਾਹਜਤਾ ਕਰਕੇ ਉਨ੍ਹਾਂ ਨਾਲ ਹੁੰਦਾ ਵਿਤਕਰਾ ਰੁਜ਼ਗਾਰ ਅਤੇ ਪਰਿਵਾਰਾਂ ਤੋਂ ਸਦੀਵੀ ਵਿਛੋੜੇ ਕਾਰਨ ਉਨ੍ਹਾਂ ਦੀ ਜ਼ਿੰਦਗੀ ਲਗਭਗ ਨਰਕ ਬਣ ਜਾਂਦੀ ਹੈ। ਅੱਜ ਸਮਾਜ ਵਿਚ ਜੇ ਕੋਈ ਵਰਗ ਸਮਾਜਿਕ ਤੌਰ ਤੇ ਸਭ ਤੋਂ ਜ਼ਿਆਦਾ ਅਛੂਤ ਬਣਾ ਦਿੱਤਾ ਗਿਆ ਹੈ ਤਾਂ ਉਹ ਕਿੰਨਰ ਸਮਾਜ ਹੀ ਹੈ। ਇਸ ਹਾਲਤ ਵਿਚ ਨਾਵਲ ਵਰਗੀ ਵਿਧਾ ਹੀ ਇਹ ਦੱਸ ਸਕਦੀ ਹੈ ਕਿ ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਅਤੇ ਉਹ ਆਮ ਔਰਤ-ਮਰਦ ਦੇ ਦਿਲ ਵਾਂਗ ਹੀ ਧੜਕਦਾ ਹੈ। ਮਈ-ਅਗਸਤ 2014 ਦੇ 'ਹੁਣ' ਮੈਗਜ਼ੀਨ ਦੀ ਸੰਪਾਦਕੀ ਵਿਚ ਪੰਜਾਬੀ ਦਾ ਚਿੰਤਕ ਸ਼ਾਇਰ ਸੁਸ਼ੀਲ ਦੁਸਾਂਝ ਲਿਖਦਾ ਹੈ-

ਭਾਰਤ ਦੀ ਸਾਹਿਤਕ ਰਵਾਇਤ ਹਾਸ਼ੀਏ ‘ਤੇ ਬੈਠੇ ਵਿਅਕਤੀ ਨੂੰ ਉਠਾ ਕੇ ਆਪਣੀ ਮੰਜ਼ਿਲ ਵੱਲ ਤੋਰ ਦੇਣ ਦੀ ਰਹੀ ਹੈ। ਲੇਖਕ ਹੀ ਹਰ ਦਲਿਤ, ਦਮਿਤ ਤੇ ਸੋਸ਼ਤ ਵਿਅਕਤੀ ਦਾ ਸੱਚਾ ਸਾਥੀ ਹੈ। ਪਰ ਭਾਰਤੀ ਸਮਾਜ ਵਿਚ ਸਭ ਤੋਂ ਹੇਠਲੇ ਦਰਜੇ 'ਤੇ ਵਿਚਰ ਰਹੇ ਕਿੰਨਰ ਸਮਾਜ ਪ੍ਰਤੀ ਭਾਰਤੀ ਲੇਖਕ ਵੀ ਅਵੇਸਲਾ ਹੀ ਰਿਹਾ ਹੈ। ਕਿੰਨਰਾਂ 'ਤੇ ਕੇਂਦਰਿਤ ਸਾਹਿਤ ਸਿਰਜਣਾ ਬੇਹੱਦ ਚੁਨੌਤੀਆਂ ਭਰਪੂਰ ਹੈ। ਉਨ੍ਹਾਂ ਦੇ ਦੁੱਖ-ਸੁੱਖ, ਲਿੰਗਕ ਅਪਾਹਜਤਾ ਕਰਕੇ ਉਨ੍ਹਾਂ ਨਾਲ ਹੁੰਦਾ ਭੇਦਭਾਵ, ਰੁਜ਼ਗਾਰ ਅਤੇ ਪਰਿਵਾਰਾਂ ਤੋਂ ਸਦੀਵੀ ਵਿਛੋੜੇ ਕਾਰਨ ਉਨ੍ਹਾਂ ਦੀ ਜ਼ਿੰਦਗੀ ਲਗਭਗ ਨਰਕ ਬਣੀ ਹੁੰਦੀ ਹੈ। ਭਾਰਤੀ ਸਮਾਜ ਵਿਚ ਜੇਕਰ ਕੋਈ ਵਰਗ ਸਮਾਜਿਕ ਤੌਰ 'ਤੇ ਸਭ ਤੋਂ ਜ਼ਿਆਦਾ ਅਛੂਤ ਬਣਾ ਦਿੱਤਾ ਗਿਆ ਹੈ , ਉਹ ਕਿੰਨਰ ਸਮਾਜ ਹੀ ਹੈ। ਇਸ ਹਾਲਤ ਵਿਚ ਸਾਹਿਤ ਨੇ ਹੀ ਬਾਕੀ ਸਮਾਜ ਨੂੰ ਇਹ ਦੱਸਣਾ ਹੈ ਕਿ ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ਤੇ ਉਹ ਹਰ ਮਰਦ ਤੇ ਇਸਤਰੀ ਦੇ ਦਿਲ ਵਾਂਗ ਧੜਕਦਾ ਹੈ। ਪੰਜਾਬੀ ਸਾਹਿਤ ਵਿਚ ਸੁਸ਼ੀਲ ਦੁਸਾਂਝ ਨੇ ਸਭ ਤੋਂ ਪਹਿਲਾ ਇਸ ਵਰਗ ਬਾਰੇ ਚਿੰਤਾ ਜ਼ਹਿਰ ਕੀਤੀ। ਇਹ ਚਿੰਤਨ ਕਿੰਨਰ ਵਰਗ ਨੂੰ ਤੀਜੇ ਜੈਂਡਰ ਵਜੋਂ ਮਾਨਤਾ ਮਿਲਣ ਤੋਂ ਬਾਅਦ ਹੀ ਸ਼ੁਰੂ ਹੋਇਆ। ਕਾਨੂੰਨੀ ਮਾਨਤਾ ਤਾਂ ਇਸ ਵਰਗ ਨੇ ਪ੍ਰਾਪਤ ਕਰ ਲਈ ਸਮਾਜਿਕ ਮਾਨਤਾ ਲੈਣ ਲਈ ਇਹ ਵਰਗ ਕਤਾਰ ਵਿਚ ਲੱਗ ਗਿਆ। ਇਸ ਤੋਂ ਬਾਅਦ ਹੀ ਅਕਾਦਮਿਕ ਖੇਤਰ ਵਿਚ ਵਿਚਾਰ-ਚਰਚਾ ਆਰੰਭੀ।

ਮਾਣਯੋਗ ਸੁਪਰੀਮ ਕੋਰਟ ਨੇ ਵੀ 15 ਅਪ੍ਰੈਲ 2014 ਵਿਚ ਕਿੰਨਰ ਸਮਾਜ ਨੂੰ ‘ ਥਰਡ ਜੈਂਡਰ ’ ਵਜੋਂ ਮਾਨਤਾ ਦੇ ਦਿੱਤੀ ਹੈ। ਲੋਕਤੰਤਰ ਦੀ ਸਫਲਤਾ ਦੀ ਪਹਿਚਾਣ ਵਿਸ਼ਾਲ ਰੂਪ ਤੋਂ ਨਹੀਂ ਹੁੰਦੀ ਸਗੋਂ ਇਸ ਦੇ ਖੁੱਲ੍ਹੇਪਣ ਤੇ ਲਚਕੀਲੇਪਣ ਵਿਚ ਹੁੰਦੀ ਹੈ। ਉਸ ਦੇਸ ਦੇ ਨਾਗਰਿਕਾਂ ਕੋਲ ਕਿਨ੍ਹੇ ਅਧਿਕਾਰ ਹਨ। ਅਜ਼ਾਦੀ ਦੇ 70 ਸਾਲ ਬਾਅਦ ਭਾਰਤ ਵੀ ਉਨ੍ਹਾਂ ਦੇਸ਼ਾਂ ਦੀ ਗਿਣਤੀ ਵਿਚ ਸ਼ਾਮਲ ਹੋ ਗਿਆ , ਜਿੱਥੇ ਹੁਣ ਦੋ ਜੈਂਡਰ ਨਹੀਂ ਸਗੋਂ ਤਿੰਨ ਜੈਂਡਰ ਦੀ ਮਾਨਤਾ ਹੈ। ਕਾਨੂੰਨੀ ਤੌਰ ਉੱਤੇ ਇਸ ਫ਼ੈਸਲੇ ਨਾਲ ਲਗਭਗ 50 ਲੱਖ ਤੋਂ ਵੱਧ ਨਾਗਰਿਕਾਂ ਨੂੰ ਨਵੀਂ ਪਹਿਚਾਣ ਮਿਲੇਗੀ। ਦੁਨੀਆ ਪੱਧਰ ਤੇ ਟ੍ਰਾਂਸਜੈਂਡਰ ਦੇ ਅਧਿਕਾਰਾਂ ਨੂੰ ਮਾਨਤਾ ਦੇਣ

ਵਾਲਿਆਂ ਵਿਚੋਂ ਨੇਪਾਲ, ਪਾਕਿਸਤਾਨ, ਬੰਗਲਾਦੇਸ਼ , ਜਰਮਨੀ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਤੋਂ ਬਾਅਦ ਭਾਰਤ ਦੁਨੀਆ ਦਾ ਸੱਤਵਾਂ ਦੇਸ਼ ਬਣ ਗਿਆ ਜਿੱਥੇ ਔਰਤ ਤੇ ਮਰਦ ਤੋਂ ਇਲਾਵਾ ਤੀਸਰਾ ਜੈਂਡਰ ਚੁਣਨ ਦੀ ਅਜ਼ਾਦੀ ਹੋਵੇਗੀ। ਭਾਰਤ ਵਿਚ ਟ੍ਰਾਂਸ਼ਜੈਂਡਰ ਦੀ ਗਿਣਤੀ ਬਾਰੇ ਕੋਈ ਨਿਸ਼ਚਿਤ ਅੰਕੜੇ ਨਹੀਂ ਮਿਲਦੇ।

ਲਾਈਵ ਹਿੰਦੁਸਤਾਨ ਟੀ.ਵੀ.ਅਨੁਸਾਰ' ਭਾਰਤ ਨਹੀਂ ਹੈ ਥਰਡ ਜੈਂਡਰ ਵਾਲਾ ਪਹਿਲਾ ਦੇਸ਼ ' ਵਿਚ ਟ੍ਰਾਂਸਜੈਂਡਰ ਰਿਤੂ ਵਰਨਾ ਬੋਰਾ ਦੀ ਨਜ਼ਰ ਵਿਚ' ਇਹ ਫ਼ੈਸਲਾ ਨਹੀਂ ਹੈ ਬਲਕਿ ਉਨ੍ਹਾਂ ਸਭ ਦੇ ਲਈ ਇਕ ਨਵਾਂ ਜੀਵਨ ਹੈ ਜੋ ਖ਼ੁਦ ਨੂੰ ਸਰੀਰਕ ਤੌਰ ਉੱਤੇ ਪੁਰਸ਼ ਅਤੇ ਔਰਤ ਤੋਂ ਖ਼ੁਦ ਨੂੰ ਅਲੱਗ ਮਹਿਸੂਸ ਕਰਦੇ ਹਨ। ਇਸ ਤੋਂ ਲੰਬੇ ਸਮੇਂ ਤੋਂ ਹੀ ਪਿਛੜੇ ਇਸ ਵਰਗ ਦੇ ਲੋਕਾਂ ਨੂੰ ਸਨਮਾਨ ਦੇ ਨਾਲ ਜੀਣ ਦੀ ਸਹੂਲਤ ਮਿਲੇਗੀ। 2009ਵਿਚ ਚੋਣ ਆਯੋਗ ਨੇ ਇਸ ਵਰਗ ਨੂੰ ਮਤਦਾਤਾ ਸੂਚੀ ਵਿਚ ਔਰਤ ਤੇ ਮਰਦ ਤੋਂ ਇਲਾਵਾ 'others' ਸ਼੍ਰੇਣੀ ਨੂੰ ਚੁਣਨ ਦੀ ਸਹੂਲਤ ਦਿੱਤੀ।' (21ਅਪ੍ਰੈਲ, 2014 ਸਮਾਂ17:22PM IST)

ਭਾਰਤ ਦੇ ਮੁਕਾਬਲੇ ਅਮਰੀਕਾ ਵਿਚ ਹਾਲੇ ਦੋ ਹੀ ਜੈਂਡਰ ਨੂੰ ਮਾਨਤਾ ਹੈ। ਇਕ ਅਨੁਮਾਨ ਦੇ ਅਨੁਸਾਰ ਅਮਰੀਕਾ ਵਿਚ 7 ਲੱਖ ਟ੍ਰਾਂਸਜੈਂਡਰ ਹਨ। ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਇਸ ਵਰਗ ਨੇ ਹਸਤਾਖ਼ਰ ਮੁਹਿੰਮ ਵੀ ਚਲਾਈ। ਇਸ ਮੁਕਾਬਲੇ ਏਸ਼ੀਆਈ ਦੇਸ਼ ਅੱਗੇ ਹਨ। ਨੇਪਾਲ , ਬੰਗਲਾਦੇਸ ਅਤੇ ਪਾਕਿਸਤਾਨ ਆਦਿ ਦੱਖਣੀ ਏਸ਼ੀਆ ਦੇ ਦੇਸ਼ ਥਰਡ-ਜੈਂਡਰ ਨੂੰ ਮਾਨਤਾ ਦੇ ਚੁੱਕੇ ਹਨ। ਤੀਸਰੇ ਜੈਂਡਰ ਨੂੰ ਮਾਨਤਾ ਦੇਣ ਵਾਲਾ ਆਸਟ੍ਰੇਲੀਆ ਛੇਵਾਂ ਦੇਸ਼ ਹੈ। ਪਾਕਿਸਤਾਨ ਵਿਚ ਸੁਪਰੀਮ ਕੋਰਟ ਨੇ 2009 ਵਿਚ ਐਡਵੋਕੇਟ ਮੁਹੰਮਦ ਅਸਲਮ ਖਾਕੀ ਦੀ ਪੜਤਾਲ ਦੌਰਾਨ ਤੀਸਰੇ ਜੈਂਡਰ ਦਾ ਵਿਕਲਪ ਦਿੱਤਾ। ਨੇਪਾਲ ਨੇ ਸਭ ਤੋਂ ਪਹਿਲਾ 2007 ਵਿਚ ਮਾਨਤਾ ਦਿੱਤੀ। ਇਸ ਨੂੰ ਲਾਗੂ 2011 ਵਿਚ ਕੀਤਾ। ਐਨਾ ਹੀ ਨਹੀਂ ਪਾਸਪੋਰਟ ਵਿਚ ਵੀ ਲਾਗੂ ਕੀਤਾ ਹੈ। ਨਿਊਜ਼ੀਲੈਂਡ ਨੇ 2012 ਤੇ ਆਸਟ੍ਰੇਲੀਆ ਨੇ 2011 ਵਿਚ ਮਾਨਤਾ ਦਿੱਤੀ। ਬੰਗਲਾ ਦੇਸ਼ ਵਿਚ ਇਕ ਅਨੁਮਾਨ ਦੇ ਅਨੁਸਾਰ 10 ਹਜ਼ਾਰ ਦੇ ਲਗਭਗ ਕਿੰਨਰ ਹੈ। ਇਨ੍ਹਾਂ ਨੂੰ 2009ਤੋਂ ਵੋਟ ਦਾ ਅਧਿਕਾਰ ਮਿਲਿਆ ਹੋਇਆ ਹੈ। ਤੀਸਰੇ ਜੈਂਡਰ ਦਾ ਦਰਜਾ ਇਸ ਤੋਂ ਪਹਿਲਾ ਮਿਲ ਚੁੱਕਿਆ ਹੈ। ਅੱਜ ਹਰ ਸਰਕਾਰੀ ਦਸਤਾਵੇਜ਼ ਵਿਚ ਔਰਤ ਤੇ ਮਰਦ ਦੇ ਨਾਲ ਹੀ ਕਿੰਨਰਾਂ ਲਈ 'ਤੀਸਰੇ ਲਿੰਗ ' ਦਾ ਕਾਲਮ ਜ਼ਰੂਰ ਬਣਾ ਦਿੱਤਾ ਗਿਆ ਹੈ। ਅਸੀਂ ਜਾਗੀਰੂ ਮਾਨਸਿਕਤਾ ਜਾਂ ਲਿੰਗਧਾਰੀ

ਮਾਨਸਿਕਤਾ ਵਾਲੇ ਸਮਾਜ ਵਿਚ ਜੀਅ ਰਹੇ ਹਾਂ। ਸਭਿਅਕ ਸਮਾਜ ਵਿਚ ਲਿੰਗ ਭੇਦ ਨੂੰ ਲੈ ਕੇ ਕਾਫ਼ੀ ਹੰਕਾਰ ਭਰਿਆ ਹੋਇਆ ਹੈ। ਅੱਜ ਤੱਕ ਸਮੁੱਚੇ ਸਾਹਿਤ ਵਿਚ ਇਨ੍ਹਾਂ ਲੋਕਾਂ ਬਾਰੇ ਰਚੇ ਸਾਹਿਤ ਦੀ ਘਾਟ ਪਾਈ ਜਾ ਰਹੀ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਬੇਸ਼ੁਮਾਰ ਸਾਹਿਤਕ ਪੁਸਤਕਾਂ ਛਪਦੀਆਂ ਹਨ। ਅਸਲ ਵਿਚ ਉਨ੍ਹਾਂ ਪੁਸਤਕਾਂ ਦੀ ਗਿਣਤੀ ਬਹੁਤ ਘੱਟ ਹੈ ਜਿਨ੍ਹਾਂ ਵਿਚ ਕਿੰਨਰ ਸਮਾਜ ਦੇ ਦੁੱਖਾਂ ਦਰਦਾਂ ਨੂੰ ਬਿਆਨ ਕੀਤਾ ਗਿਆ ਹੋਵੇ।

ਭਾਰਤੀ ਸਾਹਿਤ ਵਿਚ ਖੁਸ਼ਵੰਤ ਸਿੰਘ ਆਪਣੇ ਇਤਿਹਾਸਕ ਨਾਵਲ 'ਦਿੱਲੀ' ਵਿਚ ਪੈਦਾਇਸ਼ੀ ਹਿਜੜਿਆਂ ਦਾ ਜ਼ਿਕਰ ਕਰਦਾ ਹੈ, ਜੋ ਮੁੱਢਲੇ ਪੱਧਰ ਤੇ ਸਾਰਥਿਕ ਕਾਰਜ ਹੈ। ਭਾਰਤੀ ਸਾਹਿਤ ਲੰਮਾ ਸਮਾਂ ਕਿੰਨਰ ਸਮਾਜ ਲਈ ਬੰਜਰ ਦੀ ਤਰ੍ਹਾਂ ਹੀ ਰਿਹਾ ਹੈ। ਅੱਜ 21ਵੀਂ ਸਦੀ ਵਿਚ ਸਮਾਜ ਵਿਚ ਜਾਗਰੂਕਤਾ ਆਉਣ ਦੇ ਕਾਰਨ ਇਸ ਵਰਗ ਦੀਆਂ ਭਾਵਨਾਵਾਂ ਨੂੰ ਵੀ ਸਮਝਿਆ ਜਾ ਰਿਹਾ ਹੈ। ਇਨ੍ਹਾਂ ਦੀਆਂ ਦੁੱਖਾਂ-ਤਕਲੀਫ਼ਾਂ ਨੂੰ ਸਾਹਿਤ ਰਾਹੀਂ ਪੇਸ਼ ਕੀਤਾ ਜਾ ਰਿਹਾ ਹੈ। ਬੇਸ਼ੱਕ ਕਿੰਨਰ ਸਮਾਜ ਨੂੰ ਵਿਸ਼ੇਸ਼ ਇਤਿਹਾਸਕ ਮਾਨਤਾ ਪ੍ਰਾਪਤ ਹੈ ਪਰ ਅੱਜ ਲੋੜ ਹੈ ਇਸ ਵਰਗ ਦੀਆਂ ਸਮਾਜਿਕ ਸਮੱਸਿਆਵਾਂ ਨੂੰ ਸਮਝ ਕੇ ਸਮਾਜ ਦੇ ਸਾਹਮਣੇ ਲਿਆਦਾ ਜਾਵੇ। ਸਾਹਿਤ ਅਤੇ ਖੋਜ-ਕਾਰਜਾ ਵਿਚ ਇਸ ਵਰਗ ਦੀਆਂ ਸੰਵੇਦਨਾਤਮਿਕ ਪਹਿਲੂਆਂ ਦੀ ਚਰਚਾ ਹੋਣੀ ਜ਼ਰੂਰੀ ਹੈ ਤਾਂ ਜੋ ਸਮਾਜ ਇਨ੍ਹਾਂ ਦੇ ਯਥਾਰਥ ਤੋਂ ਜਾਣੂ ਹੋ ਸਕੇ। ਇਸ ਲਈ ਬਹੁਤ ਸਾਰੇ ਹਿੰਦੀ ਸਾਹਿਤਕਾਰ ਵੀ ਇਸ ਵਰਗ ਦੀਆਂ ਸੰਵੇਦਨਾਵਾਂ ਨੂੰ ਸਮਝਣ ਲਈ ਕਤਾਰ ਵਿਚ ਲੱਗੇ ਹੋਏ ਹਨ ਜਿਵੇਂ –

ਨੀਰਜ ਮਾਧਵ ਦਾ ਨਾਵਲ 'ਯਮ ਦੀਪ' (2000) ਹੈ। ਇਸ ਨਾਵਲ ਵਿਚ ਕਿੰਨਰਾਂ ਦੇ ਅੰਦਰੂਨੀ ਅਤੇ ਬਾਹਰੀ ਸਮੱਸਿਆਵਾਂ ਨੂੰ ਬਿਆਨ ਕਰਨ ਦਾ ਯਤਨ ਕੀਤਾ ਗਿਆ ਹੈ।

ਡਾ. ਅਨੁਸੁਝਯਾ ਤਿਆਗੀ ਦਾ ਨਾਵਲ 'ਮੈਂ ਵੀ ਔਰਤ ਹੂੰ'(2005) ਵਿਚ ਦੋ ਭੈਣਾਂ ਦੀ ਜ਼ਿੰਦਗੀ ਨੂੰ ਆਧਾਰ ਬਣਾਇਆ ਗਿਆ ਹੈ। ਮਹਿੰਦਰ ਭੀਸ਼ਮ ਨੇ 'ਕਿੰਨਰ ਕਥਾ'(2012) ਵਿਚ ਕਿੰਨਰ ਵਰਗ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਪ੍ਰਦੀਪ ਸੌਰਭ ਦੁਆਰਾ ਲਿਖਿਆ ਨਾਵਲ 'ਤੀਸਰੀ ਤਾਲੀ '(2011) ਵਿਚ ਇਸ ਵਰਗ ਦੇ ਦੁਖਾਂਤ ਨੂੰ ਪੇਸ਼ ਕੀਤਾ ਗਿਆ ਹੈ। ਨਿਰਮਲਾ ਭੁਰਾਇਆ ਦਾ ਨਾਵਲ

'ਗ਼ੁਲਾਮ ਮੰਡੀ'(2013)ਵਿਚ ਅੰਤਰਰਾਸ਼ਟਰੀ ਪੱਧਰ ਤੇ ਦੇਹ ਵਪਾਰ ਦੇ ਧੰਦਿਆਂ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਨੂੰ 25 ਭਾਗਾਂ ਵਿਚ ਵੰਡ ਕੇ ਪੇਸ਼ ਕੀਤਾ ਗਿਆ ਹੈ। ਮੂਲ ਕਥਾ ਕਲਿਆਣੀ ਅਤੇ ਜਾਨਕੀ ਦੀ ਹੈ ਅਤੇ ਉਸ ਦੇ ਨਾਲ ਅਨੇਕਾਂ ਉਪਕਥਾਵਾਂ ਚਲਦੀਆਂ ਹਨ। ਜਿਸ ਵਿਚ ਕਿੰਨਰ ਕਥਾ , ਘੁੰਗਰੂ ਦੀ ਕਥਾ , ਹਰਿਆਲੀ ਰਾਮ ਦੀ ਕਥਾ ਅਤੇ ਲਤਰਾਣੀ ਭੂਆ ਦੀ ਕਥਾ ਆਦਿ। ਮਹਿੰਦਰ ਭੀਸ਼ਮ ਦੁਆਰਾ ਰਚਿਤ ਨਾਵਲ 'ਮੈਂ ਪਾਇਲ '(2016)ਵਿਚ ਸਾਹਮਣੇ ਆਉਂਦਾ ਹੈ।ਇਹ ਆਤਮਕਥਾ ਦੇ ਰੂਪ ਵਿਚ ਨਾਵਲ ਹੈ। ਇਸ ਨਾਵਲ ਵਿਚ ਗੁਰੂ ਪਾਇਲ ਦੇ ਜੀਵਨ ਸੰਘਰਸ਼ ਨੂੰ ਬਿਆਨ ਕੀਤਾ ਗਿਆ ਹੈ। ਚਿੱਤਰਾ ਮੁਰਦਗਲ ਦਾ ਨਾਵਲ 'ਪੋਸਟ ਬਾਕਸ ਨੰ.203 ਨਾਲਾ ਸੋਪਾਰਾ'(2016) ਹੋਂਦ ਵਿਚ ਆਇਆ ਹੈ। ਇਹ ਨਾਵਲ ਨਵੀਂ ਪੱਤਰ-ਵਿਹਾਰ ਸ਼ੈਲੀ ਵਿਚ ਲਿਖੀ ਇਕ ਗੰਭੀਰ ਰਚਨਾ ਹੈ। ਇਹ ਵਿਚ ਕਿੰਨਰ ਵਿੰਨੀ ਅਤੇ ਉਸ ਦੀ ਮਾਂ ਦੇ ਵਿਚਕਾਰ ਪੱਤਰ ਦੇ ਰਾਹੀਂ ਸਾਰੀਆਂ ਸਮੱਸਿਆਵਾਂ ਨੂੰ ਬਿਆਨ ਕਰਕੇ ਪਾਠਕਾਂ ਦੇ ਸਨਮੁੱਖ ਰੱਖਿਆ ਗਿਆ ਹੈ।

ਜਿਸ ਤਰ੍ਹਾਂ ਹਿੰਦੀ ਸਾਹਿਤਕਾਰਾਂ ਨੇ ਇਸ ਵਰਗ ਦੀਆਂ ਭਾਵਨਾਵਾਂ ਨੂੰ ਪੇਸ਼ ਕਰਕੇ ਸਾਹਿਤ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ, ਉਸੇ ਤਰ੍ਹਾਂ ਪੰਜਾਬੀ ਸਾਹਿਤਕਾਰ ਵੀ ਇਸ ਵਰਗ ਦੀਆਂ ਸੰਵੇਦਨਾਵਾਂ ਨੂੰ ਮਹਿਸੂਸ ਕਰਦੇ ਹੋਏ ਗਲਪ ਵਰਗੀ ਵਿਧਾ ਨੂੰ ਅਪਣਾ ਰਹੇ ਹਨ। ਸਮਾਜ ਦੀ ਮੁੱਖ-ਧਾਰਾ ਵਿਚ ਵੱਸਦੇ ਮਨੁੱਖਾਂ ਦੀਆਂ ਖ਼ੁਸ਼ੀਆਂ ਲਈ ਨੱਚ-ਗਾ ਕੇ ਆਪਣਾ ਜੀਵਨ ਵਸਰ ਕਰਨ ਵਾਲੇ ਵਰਗ ਦੀ ਗਲਪ ਵਿਧਾ ਦੇ ਪ੍ਰਸੰਗ ਵਿਚ ਇਸ ਅਣਗੌਲੇ ਵਿਸ਼ੇ ਪ੍ਰਤੀ ਨਿਵੇਕਲੀ ਪਿਰਤ ਪਾਉਣ ਵਾਲਾ ਨਾਵਲਕਾਰ ਰਾਮ ਸਰੂਪ ਰਿਖੀ ਹੈ। ਜਿਸ ਨੇ ਸਭ ਤੋਂ ਪਹਿਲਾ ਇਸ ਵਰਗ ਬਾਰੇ 'ਮੈਂ ਸਿਖੰਡੀ ਨਹੀਂ '(2010) ਲਿਖ ਕੇ ਪੰਜਾਬੀ ਗਲਪ ਵਿਚ ਇਕ ਨਵੀਂ ਪ੍ਰਵਿਰਤੀ ਪੇਸ਼ ਕੀਤੀ ਹੈ। ਇਸ ਨਵੀਂ ਪ੍ਰਵਿਰਤੀ ਦਾ ਜ਼ਿਕਰ ਖੋਜਾਰਥੀ ਹਰਿੰਦਰ ਸਿੰਘ ਆਪਣੇ ਪੀਐੱਚਡੀ ਦੇ ਸ਼ੋਧ-ਪ੍ਰਬੰਧ' 1990 ਤੋਂ ਬਾਅਦ ਦੇ ਪੰਜਾਬੀ ਨਾਵਲ ਵਿਚ ਰਾਜਨੀਤਿਕ ਚੇਤਨਾ' ਪੰਜਾਬੀ ਯੂਨੀਵਰਸਿਟੀ ਪਟਿਆਲਾ ,2020 ਵਿਚ ਜ਼ਿਕਰ ਕਰਦਾ ਹੈ।

ਕਿੰਨਰ ਵਰਗ ਨਾਲ ਸੰਬੰਧਿਤ ਹੁਣ ਤੱਕ ਮਿਲਦਾ ਪੰਜਾਬੀ ਸਾਹਿਤ 'ਮੈਂ ਸ਼ਿਖੰਡੀ ਨਹੀਂ',ਰਾਮ ਸਰੂਪ ਰਿਖੀ(2010), 'ਸੁੱਚੀ ਸਾਂਝ (ਦਹਿਸ਼ਤ ਦੇ ਪਰਛਾਵੇਂ)2010,ਕਹਾਣੀ ਜਗਤਾਰ ਭੁੱਲਰ, ਦੋ ਨਾਵਲ ਸੰਤਾਪ

ਅਤੇ ਸੰਤਾਪ-ਦਰ-ਸੰਤਾਪ,ਬਲਜੀਤ ਪਪਨੇਜਾ(2012, 2017), ਉੱਖੜੇ ਸੁਰ ,ਧਰਮ ਕੰਮੇਆਣਾ(2012), 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ '(ਸੰਪਾਦਿਤ ਕਹਾਣੀ ਸੰਗ੍ਰਹਿ , ਜਸਵੀਰ ਰਾਣਾ) (2016), 'ਚੁੱਪ ਮਹਾਂਭਾਰਤ ', ਪਰਮਜੀਤ ਸਿੰਘ ਢੀਂਗਰਾ(2018), ਆਦਮ- ਗ੍ਰਹਿਣ, ਹਰਕੀਰਤ ਕੌਰ ਚਹਿਲ(2019),ਕੀ ਜਾਣਾ ਮੈਂ ਕੌਣ , ਹਰਪਿੰਦਰ ਰਾਣਾ (2019) ਅਤੇ ਦਰਬਾਰਿ-ਖੁਸ਼ੀਆਂ ਬੇਪਨਾਹ(ਅੁਨ.)(2019) ਅਰੁੰਧਤੀ ਰਾਏ ਆਦਿ। ਪੰਜਾਬੀ ਵਿਚ ਜਿਨ੍ਹਾਂ ਸਾਹਿਤਕਾਰਾਂ ਨੇ ਕਿੰਨਰ ਵਰਗ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਸਾਹਿਤ ਰਚਿਆ। ਉਨ੍ਹਾਂ ਦੇ ਜੀਵਨ ਬਾਰੇ ਇਕ ਸੰਖੇਪ ਜਾਣਕਾਰੀ ਇਸ ਤਰ੍ਹਾਂ ਹੈ :

**ਸਾਹਿਤਕਾਰ: ਜੀਵਨ ਤੇ ਰਚਨਾਵਾਂ**

ਰਾਮ ਸਰੂਪ ਰਿਖੀ ਇਕ ਸਮਰੱਥ ਨਾਵਲਕਾਰ ਹੈ। ਰਿਖੀ ਮਾਲਵੇ ਦੇ ਇਲਾਕੇ ਵਿਚੋਂ ਉੱਭਰੇ ਸਾਹਿਤਕਾਰਾਂ ਵਿਚੋਂ ਨਿਵੇਕਲਾ ਹੈ। ਉਹ ਬਰਨਾਲਾ ਲਿਖਾਰੀ ਸਭਾ ਦਾ ਪੈਦਾ ਕੀਤਾ ਨਾਵਲਕਾਰ ਹੈ। ਰਿਖੀ ਜੀ ਦਾ ਜਨਮ ਬਰਨਾਲੇ ਤੋਂ 27 ਕਿੱਲੋਮੀਟਰ ਦੂਰ ਪੱਛਮ ਵੱਲ ਭਦੌੜ ਪਿੰਡ ਵਿਚ 29 ਮਾਰਚ 1944 ਨੂੰ ਪਿਤਾ ਸ੍ਰੀ ਚਾਨਣ ਰਾਮ ਦੇ ਘਰ ਅਤੇ ਮਾਤਾ ਰਾਜਾ ਦੇਵੀ ਦੀ ਕੁੱਖੋਂ ਬਾਹਮਣ ਪਰਿਵਾਰ ਵਿਚ ਹੋਇਆ। ਬੇਸ਼ੱਕ ਪਰਿਵਾਰ ਵਿਚ ਪੜ੍ਹਨ-ਪੜਾਉਣ ਦਾ ਮਾਹੌਲ ਨਹੀਂ ਸੀ। ਰਿਖੀ ਆਪਣੀ ਮਿਹਨਤ ਸਦਕਾ ਕਿੱਤੇ ਵਜੋਂ ਸਕੂਲ ਮਾਸਟਰ ਬਣ ਗਿਆ। ਰਿਖੀ ਪੰਜਾਬੀ ਸਾਹਿਤ ਲਈ ਬੇਸ਼ੱਕ ਇਕ ਨਵਾਂ ਨਾਮ ਹੈ, ਪਰ ਕੋਈ ਵੀ ਲੇਖਕ ਜਦ ਸਾਹਿਤ ਵਿਚ ਦਾਖਲ ਹੁੰਦਾ ਹੈ ਤਾਂ ਉਹ ਕਹਾਣੀ, ਕਵਿਤਾ, ਨਾਵਲ, ਨਾਟਕ ਜਾਂ ਕਿਸੇ ਹੋਰ ਪੱਖ ਨਾਲ ਸਾਹਿਤ ਦੀ ਵਿਧਾ ਨੂੰ ਅਪਣਾਉਂਦਾ ਹੈ। ਸ਼ੁਰੂ ਵਿਚ ਰਿਖੀ ਨੇ ਬੇਸ਼ੱਕ ਕਵਿਤਾ ਲਿਖਣੀ ਸ਼ੁਰੂ ਕੀਤੀ। ਬਾਅਦ ਵਿਚ ਨਾਵਲ ਸਾਹਿਤ ਰੂਪ ਨੂੰ ਅਪਣਾ ਕੇ ਅੱਗੇ ਵਧਿਆ ਹੈ। ਉਹ ਆਪਣੇ ਪਲੇਠੇ ਨਾਵਲ 'ਕਿਲ੍ਹੇ ਵਿਚ ਉੱਸਰਦੀ ਕੋਠੀ' (1993) ਰਾਹੀਂ ਸਾਹਿਤ ਜਗਤ ਵਿਚ ਪੈਰ ਧਰਦਾ ਹੈ। ਜਿਸ ਵਿਚ ਸਾਮੰਤੀ ਸਮਾਜ ਤੋਂ ਪੂੰਜੀਵਾਦੀ ਸਮਾਜ ਵੱਲ ਵਧਣ ਕਾਰਨ ਪੈਦਾ ਹੋਏ ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਮਾਨਸਿਕ ਸੰਕਟਾਂ ਦੀ ਪੇਸ਼ਕਾਰੀ ਕਰਦਾ ਹੈ। ਉਸ ਤੋਂ ਬਾਅਦ 'ਦੀਵਾ ਬੁਝਿਆ ਨਹੀਂ'(2002),ਵਿਚ

ਨਕਸਲੀ ਲਹਿਰ ਦੀ ਵਿਚਾਰਧਾਰਕ ਵਿਖਾਖਿਆ ਅਤੇ ਰਾਜਨੀਤਕ ਪੇਸ਼ਕਾਰੀ ਹੈ। 'ਮੈਂ ਪ੍ਰਚੰਡ ਭਵਾਨੀ' ਆਦਿ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆ ।'ਮੈਂ ਪ੍ਰਚੰਡ ਭਵਾਨੀ' ਵਿਚ ਸਦੀਆਂ ਤੋਂ ਨਰਕ ਦੀ ਜੂਨ ਭੋਗਦੀ ਔਰਤ ਨੂੰ ਹੰਭਲਾ ਮਾਰਦਿਆਂ ਦਰਸਾਇਆਂ ਤੇ ਉਤਸ਼ਾਹਿਤ ਕੀਤਾ ਹੈ। ' ਮੈਂ ਸ਼ਿਖੰਡੀ ਨਹੀਂ '(2010) ਵਿਚ ਕਿੰਨਰ ਵਰਗ ਦੀ ਜੀਵਨ-ਸ਼ੈਲੀ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਕੇ ਇਸ ਅਣਗੌਲੇ ਵਿਸ਼ੇ ਪ੍ਰਤੀ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਰਿਖੀ ਦਾ ਨਾਵਲ ' ਦੀਵਾ ਬੁਝਿਆਂ ਨਹੀਂ ' ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਦੇ ਪੰਜਾਬੀ ਐਮ. ਏ ਦੇ ਭਾਗ ਪਹਿਲਾ ਵਿਚ ਅਤੇ 'ਮੈਂ ਪ੍ਰਚੰਡ ਭਵਾਨੀ' ਦੇਵੀ ਲਾਲ ਯੂਨੀਵਰਸਿਟੀ ਦੇ ਐਮ. ਏ ਦੇ ਸਿਲੇਬਸ ਵਿਚ ਸ਼ਾਮਿਲ ਹੈ।

ਜਸਵੀਰ ਰਾਣਾ ਪੰਜਾਬੀ ਕਹਾਣੀ ਦਾ ਨਵਾਂ ਕਹਾਣੀਕਾਰ ਹੈ। ਉਸ ਦਾ ਜਨਮ 18 ਸਤੰਬਰ 1968 ਨੂੰ ਅਮਰਗੜ੍ਹ ਸੰਗਰੂਰ ਸ੍ਰੀਮਤੀ ਚਰਨ ਕੌਰ ਅਤੇ ਸਰਦਾਰ ਦਰਸ਼ਨ ਸਿੰਘ ਦੇ ਘਰ ਹੋਇਆ। ਪਰਿਵਾਰ ਵਿਚ ਪਤਨੀ ਦੋ ਬੇਟੀਆਂ ਲਵਲੀਨ ਤੇ ਅਨੁਤਾਸ਼ ਅਤੇ ਬੇਟਾ ਸ਼ਾਨਵੀਰ ਹੈ। ਉਨ੍ਹਾਂ ਦੀ ਵਿੱਦਿਅਕ ਯੋਗਤਾ ਐਮ.ਏ (ਪੰਜਾਬੀ) ਬੀ.ਐਡ ਹੈ। ਕਿੱਤੇ ਵਜੋਂ ਅਧਿਆਪਕ ਦੀ ਸੇਵਾ ਨਿਭਾ ਰਹੇ ਹਨ। ਸਾਹਿਤ ਵਿਚ ਉਨ੍ਹਾਂ ਦੀਆਂ ਮਿਲਦੀਆਂ ਮੌਲਿਕ ਪੁਸਤਕਾਂ ਹਨ ਜਿਵੇਂ-

ਸਿਖਰ ਦੁਪਹਿਰ (2003)ਖ਼ਿੱਤੀਆਂ ਘੁੰਮ ਰਹੀਆਂ ਨੇ(2008) , ਬਿੱਲੀਆਂ ਅੱਖਾਂ ਦਾ ਜਾਦੂ(2015) , ਮੇਰੀਆਂ ਬਾਲ ਕਹਾਣੀਆਂ(2015) ਮੈਂ ਤੇ ਮੇਰੀ ਖ਼ਾਮੋਸ਼ੀ (ਸ਼ਬਦ -ਚਿਤਰ),2013,

ਸੰਪਾਦਿਤ ਪੁਸਤਕਾਂ-

ਕਿੰਨਰਾਂ ਦਾ ਵੀ ਦਿਲ ਹੁੰਦਾ ਹੈ (ਹਿਜੜਿਆਂ ਦੀ ਜ਼ਿੰਦਗੀ ਨਾਲ ਸੰਬੰਧਿਤ ਕਹਾਣੀਆਂ) 2015. ਇਸ ਤੋਂ ਬਿਨਾਂ ਇਨ੍ਹਾਂ ਦੀ ਕਹਾਣੀ ਕਲਾ ਉੱਪਰ ਬਹੁਤ ਸਾਰੀਆਂ ਖੋਜ ਪੁਸਤਕਾਂ ਵੀ ਛਪ ਚੁੱਕੀਆਂ ਹਨ ।ਜਿਵੇਂ-

ਮਨਪ੍ਰੀਤ ਕੌਰ, ਜਸਵੀਰ ਰਾਣਾ ਦੀ ਕਥਾ-ਦ੍ਰਿਸ਼ਟੀ (2013),ਸੰ.ਡਾ. ਦਿਲਵਾਰ ਸਿੰਘ ਬਾਜਵਾ , ਜਸਵੀਰ ਰਾਣਾ:ਕਹਾਣੀ ਤੇ ਵਿਸ਼ਲੇਸ਼ਣ(2014) ,ਸੰ.ਡਾ.ਮਨਜੀਤ ਕੌਰ ਸਪਰਾ,ਸਿਰਜਣ ਪ੍ਰਕਿਰਿਆ:ਪਰੋਖ ਤੋਂ ਅਪਰੋਖ , ਕਹਾਣੀਕਾਰ ਜਸਵੀਰ ਰਾਣਾ ,ਸੰ:ਸੁਖਵਿੰਦਰ ਸੁੱਖ ਭੀਖੀ , ਜਸਵੀਰ ਰਾਣਾ ਦੀਆਂ ਚੋਣਵੀਆਂ

ਕਹਾਣੀਆਂ(2015) । ਉਪਰੋਕਤ ਕਾਰਜਾਂ ਤੋਂ ਬਿਨਾਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਇਨ੍ਹਾਂ ਦੀ ਕਹਾਣੀ ਕਲਾ ਉੱਪਰ ਐਮ.ਫਿਲ ਅਤੇ ਪੀਐਚਡੀ ਦਾ ਖੋਜ ਕਾਰਜ ਹੋ ਰਿਹਾ ਹੈ।

ਹਰਕੀਰਤ ਕੌਰ ਚਹਿਲ ਦਾ ਜਨਮ 21 ਫਰਵਰੀ 1969 ਈ. ਵਿਚ ਜਿਲ੍ਹਾਂ ਲੁਧਿਆਣਾ ਦੇ ਨਾਨਕੇ ਪਿੰਡ ਗੋਪਾਲਪੁਰ ਵਿਖੇ ਸ੍.ਸ਼ੇਰ ਸਿੰਘ ਅਤੇ ਮਾਤਾ ਹਰਪ੍ਰੀਤ ਕੌਰ ਦੀ ਕੁੱਖੋ ਹੋਇਆ । ਉਸ ਦਾ ਨਾਵਲ 'ਆਦਮ-ਗ੍ਰਹਿਣ(2019)' ਵੀ ਸਮਾਜ ਦੇ ਤ੍ਰਿਸਕਾਰੇ , ਕਿੰਨਰ , ਛੱਕਾ , ਥਰਡ -ਜੈਂਡਰ ਜਾਂ ਟਰਾਂਸਜੈਂਡਰ ਕਹਾਉਂਦੇ ਭਾਈਚਾਰੇ ਬਾਰੇ ਹੈ, ਜੋ ਉਨ੍ਹਾਂ ਦੇ ਜੀਵਨ ਅਤੇ ਸਮੱਸਿਆਵਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ । ਇਸ ਨਾਵਲ ਤੋਂ ਪਹਿਲਾ ਹਰਕੀਰਤ ਕੌਰ ਚਹਿਲ ਦਾ ਇਕ ਕਹਾਣੀ ਸੰਗ੍ਰਹਿ 'ਪਰੀਆਂ ਸੰਗ ਪਰਵਾਜ਼'(2016), ਦੋ ਨਾਵਲ 'ਤੇਰੇ ਬਾਝੋਂ '(2017)ਤੇ 'ਥੋਹਰਾਂ ਦੇ ਫੁੱਲ'(2018)ਆਦਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਹੈ। ਹਰਕੀਰਤ ਕੌਰ ਨੇ ਖੇਤੀਬਾੜੀ ਯੂਨੀਵਰਸਿਟੀ , ਲੁਧਿਆਣਾ ਵਿਖੇ ਪੜ੍ਹਦਿਆਂ ਸਾਹਿਤਕ ਪਰਵਾਜ਼ ਭਰੀ । ਉੱਥੋਂ ਦੇ ਸਾਹਿਤਕ ਮਾਹੌਲ ਨੇ ਉਸ ਦੇ ਵਿਅਕਤੀਤਵ ਨੂੰ ਨਿਖਾਰਿਆ ਤੇ ਚਿੰਤਨਸ਼ੀਲ ਬਣਾਇਆ । ਪਰਵਾਸੀ ਜੀਵਨ ਹੰਢਾਉਂਦਿਆਂ ਵੀ ਪੰਜਾਬੀ ਸਾਹਿਤ ਅਤੇ ਭਾਸ਼ਾ ਦਾ ਮੋਹ ਉਸ ਦੇ ਅੰਗ-ਸੰਗ ਰਿਹਾ ਹੈ ਅਤੇ ਹੁਣ ਉਹ ਪੰਜਾਬੀ ਸਮਾਜ ਦੇ ਹਰ ਵਰਤਾਰੇ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਨ ਦੇ ਸਮਰੱਥ ਹੈ । ਹਰਕੀਰਤ ਕੌਰ ਨੇ ਬੜੀ ਬਾਰੀਕੀ ਨਾਲ ਥਰਡ-ਜੈਂਡਰ ਦੀ ਸਰੀਰਕ ਬਣਤਰ ਸਮਾਜਿਕ ਸਤਰ, ਮਾਨਸਿਕ ਪੱਧਰ, ਲਾਚਾਰੀ, ਬੇਵਸੀ ਤੇ ਜੀਵਨ-ਜਾਚ ਨੂੰ ਆਪਣੇ ਨਾਵਲ ਵਿਚ ਬੜੀ ਬਾਰੀਕੀ ਨਾਲ ਪੇਸ਼ ਕੀਤਾ ਹੈ।

ਹਰਪਿੰਦਰ ਰਾਣਾ ਪੰਜਾਬੀ ਸਾਹਿਤ ਵਿਚ ਉੱਭਰਦੀ ਨਾਵਲਕਾਰ ਹੈ । ਰਾਣਾ ਦਾ ਜਨਮ ਆਪਣੇ ਨਾਨਕੇ ਘਰ ਪਿੰਡ ਸਹਿਣਾ ਵਿਚ 29ਅਕਤੂਬਰ 1974 ਨੂੰ ਜਨਮ ਲਿਆ । ਉਨ੍ਹਾਂ ਦੀ ਮਾਤਾ ਸ਼੍ਰੀਮਤੀ ਅਮਰਜੀਤ ਕੌਰ ਅਤੇ ਪਿਤਾ ਸ੍. ਸਾਧੂ ਸਿੰਘ ਜੀ ਹਨ । ਉਨ੍ਹਾਂ ਤੋਂ ਛੋਟੇ ਦੋ ਭਰਾ ਲਖਬੀਰ ਸਿੰਘ ਅਤੇ ਗੁਰਬੀਰ ਸਿੰਘ ਹਨ। ਇਹ ਦੋਵੇ ਵਿਆਹੇ ਹੋਏ ਹਨ ਅਤੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਲੇਖਿਕਾ ਦਾ ਜੱਦੀ ਕਿੱਤਾ ਦਰਜ਼ੀ ਸੀ । ਪਰਿਵਾਰ ਇਕ ਮੱਧਵਰਗੀ ਵਰਗ ਵਿਚੋਂ ਸੀ । ਰਾਣਾ ਨੂੰ ਪੜ੍ਹਨ ਦੀ ਪ੍ਰੇਰਨਾ ਆਪਣੇ ਅਧਿਆਪਕਾਂ ਤੋਂ ਮਿਲੀ । ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਉਹ ਸਾਹਿਤ ਨਾਲ ਜੁੜ ਸਕੀ ਹੈ । ਸਾਹਿਤ

ਪੜ੍ਹਨ ਦੀ ਚੇਟਕ ਸਦਕਾ ਉਸ ਨੇ ਪੰਜਾਬੀ ਦੇ ਲਗਭਗ ਸਾਰੇ ਲੇਖਕਾਂ ਨੂੰ ਹੀ ਪੜ੍ਹਿਆ ਹੈ। ਨਾਨਕ ਸਿੰਘ, ਜਸਵੰਤ ਕੰਵਲ, ਕੁਲਵੰਤ ਵਿਰਕ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਰਾਮ ਸਰੂਪ ਅਣਖੀ, ਸੰਤ ਸਿੰਘ ਸੇਖੋਂ, ਗੁਰਦਿਆਲ ਸਿੰਘ ਬਚਿੰਤ ਕੌਰ, ਅਜੀਤ ਕੌਰ, ਅੰਮ੍ਰਿਤਾ ਪ੍ਰੀਤਮ ਆਦਿ। ਵਿਦੇਸ਼ੀ ਲੇਖਕਾਂ ਵਿਚ ਮੈਕਸਿਮ ਗੋਰਕੀ, ਵੇਰਾਂ ਪਨੋਵਾ, ਕੇ ਪੋਸਤੋਵਸਕੀ ਚੇਖਵ ਅਤੇ ਅੰਗਰੇਜ਼ੀ ਲੇਖਕਾਂ ਵਿਚ ਅਰੰਧੁਤੀ ਰਾਏ ਆਦਿ। ਰਾਣਾ ਆਪ ਖ਼ੁਦ ਵੀਲ ਚੇਅਰ ਤੇ ਹੈ। ਉਸ ਦੀ ਖ਼ੁਦ ਦੀ ਜ਼ਿੰਦਗੀ ਵੀ ਹਾਸ਼ੀਏ ਤੇ ਧੱਕੀ ਹੋਈ ਸੀ। ਉਸ ਦਾ ਬਚਪਨ ਦੂਜਿਆਂ ਬੱਚਿਆਂ ਤੋਂ ਅਲੱਗ ਹੀ ਬੀਤਿਆ। ਉਹ ਸਰੀਰਕ ਹਾਲਤ ਕਾਰਨ ਬਹੁਤ ਅਲੱਗ ਰਹੀਂ। ਇਸ ਇਕੱਲੇਪਨ ਕਾਰਨ ਸੋਚ ਵੀ ਇਕ ਵੱਖਰੀ ਤਰ੍ਹਾਂ ਦੀ ਬਣ ਗਈ। ਉਹ ਸੋਚਦੀ ਸੀ ਕਿ ਹਾਸ਼ੀਏ ਤੇ ਧੱਕੇ ਹੋਏ ਲੋਕ ਵੀ ਵਧੀਆ ਹੁੰਦੇ ਹਨ। ਵੱਡੀ ਹੋਣ ਤੇ ਪਤਾ ਲੱਗਿਆ ਕਿ ਹਾਸ਼ੀਆ ਤੇ ਧੱਕੇ ਹੋਏ ਲੋਕਾਂ ਦੀ ਜ਼ਿੰਦਗੀ ਵਿਚ ਬਹੁਤ ਮੁਸ਼ਕਲਾਂ ਹੁੰਦੀਆਂ ਹਨ।। ਉਸ ਦਾ ਨਾਵਲ ' ਸ਼ਾਹਰਗ ਦੇ ਰਿਸ਼ਤੇ(2015) ' ਸਪਾਈਨਲ ਕੋਡ ਦੇ ਮਰੀਜ਼ਾਂ ਦੇ ਦੁੱਖਾਂ-ਦਰਦਾਂ ਨੂੰ ਪੇਸ਼ ਕਰਦਾ ਹੈ। ਉਸ ਨੂੰ ਆਪਣੇ ਜੀਵਨ ਤਜਰਬਿਆਂ ਤੋਂ ਹੀ ਲਿਖਣ ਦੀ ਪ੍ਰੇਰਨਾ ਮਿਲੀ ਹੈ। ਬਚਪਨ ਦੀਆਂ ਕੁਝ ਯਾਦਾਂ ਕਾਰਨ ਖੁਸਰਿਆਂ ਬਾਰੇ ਜਾਣਕਾਰੀ ਲੈਣੀ ਸ਼ੁਰੂ ਕੀਤੀ। ਬਚਪਨ ਦੀ ਜਗਿਆਸਾ ਨੂੰ ਸ਼ਾਂਤ ਕਰਨ ਦੀ ਭੁੱਖ ਵਿਚੋਂ ਇਸ ਨਾਵਲ ਦਾ ਜਨਮ ਹੁੰਦਾ ਹੈ।

ਗਲਪੀ ਸਫ਼ਰ ਉਸ ਦੇ ਦੋ ਨਾਵਲ 'ਨਿਰਭਉ ਨਿਰਵੈਰ '(2012) ਤੇ 'ਸ਼ਾਹਰਗ ਦੇ ਰਿਸ਼ਤੇ'(2015) ਨਾਲ ਆਰੰਭ ਹੁੰਦਾ ਹੈ। ਇਸ ਤੋਂ ਬਿਨਾਂ ਕਵਿਤਾ ਸੰਗ੍ਰਹਿ 'ਬਿਨ ਪਰੋਂ ਪਰਵਾਜ਼'(2007), ਸਵੈਜੀਵਨੀ 'ਟੁੱਟੇ ਖੰਭਾ ਵਾਲੀ ਤਿਤਲੀ '(2013) ,ਸੰਪਾਦਿਤ ਕਿਤਾਬ 'ਸੁਖਨ ਸੁਨੇਹੇ ਵਾਰਸ਼ਿਕੀ '(2013)ਅਤੇ ਹਿੰਦੀ ਬਾਲ ਕਹਾਣੀ ਸੰਗ੍ਰਹਿ ' ਕਯਾ ਵੋ ਜਲਪਰੀ ਥੀ '(2013) ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਹੈ। ਰਾਣਾ ਦੇ ਹੁਣ ਆਏ ਨਾਵਲ ' ਕੀ ਜਾਣਾ ਮੈਂ ਕੌਣ ? ' (2019) ਵਿਚ ਸਮਾਜ ਦੀ ਮੁੱਖ ਧਾਰਾ ਤੋਂ ਟੁੱਟੇ ਹੋਏ ਕਿੰਨਰ ਸਮਾਜ ਦੇ ਸੰਵੇਦਨਸ਼ੀਲ ਵਿਸ਼ੇ ਨੂੰ ਪੇਸ਼ ਕਰਕੇ ਇਸ ਅਣਗੌਲੇ ਵਿਸ਼ੇ ਪ੍ਰਤੀ ਚਿੰਤਕਾਂ ਦਾ ਧਿਆਨ ਕੇਂਦਰਿਤ ਕੀਤਾ ਹੈ।

ਪੰਜਾਬੀ ਦੇ ਪ੍ਰਸਿੱਧ ਲੇਖਕ ਧਰਮ ਸਿੰਘ ਕੰਮੇਆਣਾ ਦਾ ਜਨਮ ਪਿਤਾ ਸ.ਬਚਿੱਤਰ ਸਿੰਘ ਰੋਮਾਣਾ ਅਤੇ ਮਾਤਾ ਬਸੰਤ ਕੌਰ ਦੇ ਘਰ 13 ਅਪ੍ਰੈਲ, 1959 ਨੂੰ ਪਿੰਡ ਕੰਮੇਆਣਾ, ਜ਼ਿਲ੍ਹਾ ਫ਼ਰੀਦਕੋਟ ਵਿਖੇ ਇਕ

ਦਰਮਿਆਨੇ ਕਿਸਾਨ ਪਰਿਵਾਰ ਵਿਚ ਹੋਇਆ। ਐਮ. ਏ. ਪੰਜਾਬੀ ਤੱਕ ਦੀ ਸਿੱਖਿਆ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਤੋਂ ਪ੍ਰਾਪਤ ਕੀਤੀ। ਗਿਆਨੀ ਅਤੇ ਪ੍ਰਭਾਕਰ ਪ੍ਰਾਈਵੇਟ ਵਿਦਿਆਰਥੀ ਵਜੋਂ ਹਾਸਿਲ ਕੀਤੀਆਂ। ਤਿੰਨ ਸਾਲ ਇਕ ਕਾਲਜ ਵਿਚ ਕੱਚੇ ਲੈਕਚਰਾਰ ਵਜੋਂ ਪੜ੍ਹਾਉਣ ਉਪਰੰਤ ਸੰਨ 1992 ਵਿਚ ਭਾਸ਼ਾ ਵਿਭਾਗ, ਪੰਜਾਬ ਵਿਚ ਖੋਜ ਸਹਾਇਕ ਵਜੋਂ ਨਿਯੁਕਤੀ ਹੋਈ ਅਤੇ ਇਸ ਮਹਿਕਮੇ ਵਿੱਚੋਂ 30 ਅਪ੍ਰੈਲ 1917 ਨੂੰ ਸਹਾਇਕ ਡਾਇਰੈਕਟਰ (ਗਜ਼ਟਿਡ ਅਫ਼ਸਰ ) ਦੇ ਅਹੁਦੇ ਤੋਂ ਸੇਵਾ-ਮੁਕਤ ਹੋਇਆ। ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸੀ। ਸ਼ੁਰੂਆਤ ਗੀਤਕਾਰੀ ਤੋਂ ਕੀਤੀ। ਬਾਅਦ ਵਿਚ ਕਵਿਤਾ ਗ਼ਜ਼ਲ, ਕਾਵਿ-ਨਾਟ, ਨਾਵਲ, ਬਾਲ-ਸਾਹਿਤ, ਸਵੈ-ਜੀਵਨੀ ਸਾਹਿਤ ਦੀ ਸਿਰਜਣਾ ਕੀਤੀ। ਪ੍ਰਕਾਸ਼ਿਤ ਪੁਸਤਕਾਂ 30 ਕੁ ਦੇ ਲਗਭਗ ਹਨ।

ਕਾਵਿ ਸੰਗ੍ਰਹਿ- ਸੂਲ਼ਾਂ ਵਿੰਨ੍ਹੇ ਫੁੱਲ, ਪੂਜਾ, ਮੈਨੂੰ ਹੱਸਣਾ ਭੁੱਲ ਗਿਆ ਮਾਂ, ਦੁੱਲਾ ਪਿੰਡੀਓਂ ਤੁਰ ਪਿਆ, ਸਮਕਾਲ ,ਅੱਗ ਦਾ ਫੁੱਲ ,ਨਵੀਆਂ ਪੈੜਾਂ ,ਉਪਰਾਮ ਮੌਸਮ ,ਉਮਰਾਂ ਦੀ ਫੁਲਕਾਰੀ, ਗੀਤ–ਸੰਗ੍ਰਹਿ- ਜਾਗ ਕਿਸਾਨਾਂ ਜਾਗ, ਧਰਤੀ ਪੰਜ ਦਰਿਆਵਾਂ ਦੀ, ਕਾਵਿ-ਨਾਟ- ਸਾਹਿਬਾਂ , ਨਾਵਲ- ਆਪਣੇ ਬਿਗਾਨੇ ,ਉਖੜੇ ਸੁਰ , ਸਵੈ-ਜੀਵਨੀ-ਮੇਰੀ ਗੀਤਕਾਰੀ ਦਾ ਸਫ਼ਰ ,ਆਪਣੀ ਪੈੜ ਵੱਲ ਵੇਖਦਿਆਂ।

ਸੋ ਧਰਮ ਕੰਮੇਆਣਾ ਦੇ 150 ਤੋਂ ਵੱਧ ਗੀਤ ਪ੍ਰਸਿੱਧ ਗਾਇਕ-ਗਾਇਕਾਵਾਂ ਦੀਆਂ ਅਵਾਜ਼ਾਂ ਵਿਚ ਫ਼ੀਚਰ ਫ਼ਿਲਮਾਂ, ਟੀ.ਵੀ. ਸੀਰੀਅਲ. ਆਡੀਓ ਕੈਸਟਾਂ, ਸੀ.ਡੀਜ਼ ਤੇ ਵੀ.ਸੀ.ਡੀਜ਼ ਵਿਚ ਰੇਡੀਓ-ਟੀ.ਵੀ ਉੱਪਰ ਰਿਕਾਰਡ ਹੋ ਚੁੱਕੇ ਹਨ। ਕਈ ਕਵਿਤਾਵਾਂ ਦੇ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ। ਇਸ ਤੋਂ ਬਿਨਾਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਕੰਮੇਆਣਾ ਦੀ ਸ਼ਾਇਰੀ ਅਤੇ ਹੋਰ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀ ਪੀਐਚਡੀ ਤੇ ਐਮ.ਫਿਲ ਦੇ ਖੋਜ-ਕਾਰਜ ਕਰ ਰਹੇ ਹਨ।

ਜਗਤਾਰ ਭੁੱਲਰ ਪੰਜਾਬੀ ਮੀਡੀਆ ਵਿਚ ਚਰਚਿਤ ਨਾਮ ਹੈ। ਭੁੱਲਰ ਦਾ ਜਨਮ ਸੰਨ 6 ਸਤੰਬਰ 1976 ਨੂੰ ਪਿਤਾ ਦੀਦਾਰ ਸਿੰਘ ਅਤੇ ਮਾਤਾ ਗੁਰਮੀਤ ਦੇ ਘਰ ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਦਾ ਪਰਿਵਾਰ ਪਿਛਲੇ 14 ਸਾਲਾਂ ਤੋਂ ਚੰਡੀਗੜ੍ਹ ਵਿਚ ਰਹਿ ਰਿਹਾ ਹੈ। ਜਗਤਾਰ ਭੁੱਲਰ ਪਿਛਲੇ 18 ਸਾਲਾਂ ਤੋਂ ਮੀਡੀਆ ਦੇ ਨਾਲ ਜੁੜੇ ਹੋਏ ਹਨ। ਪੰਜਾਬੀ ਦੇ ਵੱਖ-ਵੱਖ ਅਖ਼ਬਾਰਾਂ ਜਿਵੇਂ ਅਜੀਤ, ਦੇਸ਼ ਸੇਵਕ, ਰੋਜ਼ਾਨਾ ਸਪੋਕਸਮੈਨ,

ਹਿੰਦੀ ਦੇ ਅਖ਼ਬਾਰ ਵਿਚੋਂ ਦੈਨਿਕ ਜਾਗਰਣ ਅਤੇ ਡੇ.ਐਂਡ ਨਾਈਟ ਨਿਊਜ਼ ਚੈਨਲ ਵਿਚ ਕੰਮ ਕਰ ਚੁੱਕੇ ਹਨ । ਜੀ ਨਿਊਜ਼ ਅਤੇ ਇੰਡੀਆ ਨਿਊਜ਼ ਦਾ ਬਿਊਰੋ ਚੀਫ਼ ਵੀ ਰਹਿ ਚੁੱਕੇ ਹਨ । ਇਸ ਸਮੇਂ ਏਐਨਬੀ ਨਿਊਜ਼ ਚੈਨਲ ਦਾ ਐਡੀਟਰ ਹਨ । ਸਾਹਿਤ ਦੇ ਖੇਤਰ ਵਿਚ ਕਹਾਣੀ ਵਿਧਾ ਰਾਹੀਂ ਕਦਮ ਰੱਖਦੇ ਹਨ । ਇਨ੍ਹਾਂ ਦਾ ਕਹਾਣੀ ਸੰਗ੍ਰਹਿ ‘ ਦਹਿਸ਼ਤ ਦੇ ਪਰਛਾਵੇਂ ’(2010) ਅਤੇ ‘ ਪ੍ਰੈੱਸ ਰੂਮ ’( 2019)ਕਿਤਾਬ ਪ੍ਰਕਾਸ਼ਿਤ ਹੋਈ ਹੈ । ਪੰਜਾਬੀ ਮੀਡੀਆ ਦਾ ਪਹਿਲਾ ਪੱਤਰਕਾਰ ਹੈ, ਜਿਸ ਨੂੰ ਯੂਐਨਓ ਦੀ ਇਕ ਸੰਸਥਾ ਵੱਲੋਂ ਲਾਡਲੀ ਮੀਡੀਆ ਐਵਾਰਡ ਮਿਲ ਚੁੱਕਿਆ ਹੈ । ਚੰਡੀਗੜ੍ਹ ਪ੍ਰੈੱਸ ਕਲੱਬ ਦਾ ਕੈਸ਼ੀਅਰ ਵੀ ਰਹਿ ਚੁੱਕਿਆ ਹੈ । ਇਸ ਸਮੇਂ ਪੰਜਾਬ ਵਿਧਾਨ ਸਭਾ ਦੀ ਪ੍ਰੈੱਸ ਗੈਲਰੀ ਕਮੇਟੀ ਦਾ ਸਕੱਤਰ ਵੀ ਹੈ । ਕਿੰਨਰਾਂ ਦੇ ਦੁੱਖਾਂ-ਦਰਦਾਂ ਨੂੰ ਸਮਝਣ ਲਈ ਇਨ੍ਹਾਂ ਦੀ ਕਹਾਣੀ ‘ਸੁੱਚੀ-ਸਾਂਝ’ ਪੜ੍ਹੀ ਜਾ ਸਕਦੀ ਹੈ ।

ਅਰੁੰਧਤੀ ਰਾਏ ਅੰਗਰੇਜ਼ੀ ਦੀ ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵੀ ਹੈ । ਰਾਏ ਦਾ ਜਨਮ 24 ਨਵੰਬਰ 1961 ਵਿਚ ਸ਼ਿਲਾਗ ਵਿਖੇ ਹੋਇਆ ਹੈ । ਇਨ੍ਹਾਂ ਨੇ ਕੁਝ ਫ਼ਿਲਮਾਂ ਵਿਚ ਵੀ ਕੰਮ ਕੀਤਾ ਹੈ । ਸਾਹਿਤ ਸਿਰਜਣਾ ਤੋਂ ਇਲਾਵਾ ਉਸ ਨੇ ਨਰਮਦਾ ਬਚਾਓ ਅੰਦੋਲਨ ਸਮੇਤ ਭਾਰਤ ਦੇ ਹੋਰ ਅੰਦੋਲਨਾਂ ਵਿਚ ਵੀ ਹਿੱਸਾ ਲਿਆ । ਨਰਮਦਾ ਬਾਂਧ ਪਰਿਯੋਜਨਾ ਦਾ ਵਿਰੋਧ ਕਾਰਨ ਰਾਏ ਕਾਫ਼ੀ ਚਰਚਾ ਵਿਚ ਰਹੀ । ਉਸ ਦਾ ਸਭ ਤੋਂ ਪਹਿਲਾ ਨਾਵਲ ‘ ਦਿ ਗਾਡ ਆਫ਼ ਸਮਾਲ ਕਿੰਗਜ਼ ’(1997) ਵਿਚ ਆਇਆ । ਉਸ ਤੋਂ ਪੂਰੇ 20 ਸਾਲ ਬਾਅਦ ਉਸ ਦਾ ਨਾਵਲ ‘ਦਿ ਮਨਿਸਟਰੀ ਆਫ਼ ਅਟਮੋਸਟ ਹੈਮੀਨਸ ‘(2017)ਵਿਚ ਆਇਆ । ਇਹ ਨਾਵਲ ਉਰਦੂ ਅਤੇ ਹਿੰਦੀ ਸਾਹਿਤ ਸਮੇਤ 50ਕੁ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕਿਆ ਹੈ । ਪੰਜਾਬੀ ਵਿਚ ਇਸ ਦਾ ਅਨੁਵਾਦ ਦਲਜੀਤ ਅਮੀ ਨੇ ‘ਦਰਬਾਰਿ-ਖ਼ੁਸ਼ੀਆਂ ਬੇਪਨਾਹ’(2019) ਸਿਰਲੇਖ ਹੇਠ ਕੀਤਾ ਹੈ । ਇਹ ਨਾਵਲ ਹਾਸ਼ੀਏ ਤੇ ਧੱਕੇ ਹੋਏ , ਪਾਗਲ ਆਤਮਾ ਅਤੇ ਬੁਰੇ ਲੋਕਾਂ ਦੇ ਬਾਰੇ ਹੈ ਅਤੇ ਉਨ੍ਹਾਂ ਦੇ ਬਾਰੇ ਵੀ ਹੈ ਜੋ ਇਕ ਅਨਿਆਂ ਪੂਰਨ ਸਮਾਜ ਦੀ ਸਥਿਤੀ ਨੂੰ ਝੱਲਦੇ ਹਨ । ਇਕ ਟ੍ਰਾਂਸਮਹਿਲਾ ਜੋ ਇਕ ਧਾਰਮਿਕ ਦੰਗੇ ਤੋਂ ਜਾਨ ਬਚਾ ਕੇ ਕਬਰ ਵਿਚ ਘਰ ਬਣਾ ਲੈਂਦੀ ਹੈ , ਦੀ ਤਰਸਯੋਗ ਸਥਿਤੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਕਸ਼ਮੀਰ ਦੇ ਸੰਘਰਸ਼ ਨੂੰ ਵੀ ਬਿਆਨ ਕਰਦਾ ਹੈ । ਇਸ ਨਾਵਲ ਨੂੰ 2017 ਦਾ ‘ ਮੈਨ ਬੁੱਕਰ ’ ਸਨਮਾਨ ਪ੍ਰਾਪਤ ਹੋਇਆ ਹੈ । ਇਸ ਤੋਂ ਬਿਨਾਂ ਹੋਰ ਰਚਨਾਵਾਂ ‘ ਦਿ ਐਂਡ ਆਫ਼ ਅਮੈਜੀਨੇਸ਼ਨ ’(1998)

ਜੋ ਭਾਰਤ ਸਰਕਾਰ ਦੀ ਪ੍ਰਮਾਣੂ ਨੀਤੀਆ ਦੀ ਆਲੋਚਨਾ ਕਰਦਾ ਹੈ, 'ਲਿਸਨਿੰਗ ਟੂ ਗ੍ਰਾਸਹਾਪਰ '(2009), 'ਮਾਈ ਸੇਡਿਟੀਅਸ ਹਾਰਟ '(2019)ਅਤੇ ਕੈਪੀਟਲਜ਼ਿਮ ;ਏ ਗੋਸਟ ਸਟੋਰੀ(2014) ਆਦਿ। ਰਾਏ ਨੂੰ ਮਈ 2004 ਵਿਚ 'ਸਿਡਨੀ ਸ਼ਾਂਤੀ ਪੁਰਸਕਾਰ 'ਅਤੇ 2006 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ , ਜਿਸ ਵਿਚ ਉਸ ਨੇ ਇਹ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਅੰਗਰੇਜ਼ਾਂ ਦੇ ਆਉਣ ਨਾਲ ਕਿੰਨਰਾਂ ਦੇ ਹਾਲਾਤ ਖ਼ਰਾਬ ਹੋਣੇ ਸ਼ੁਰੂ ਹੋ ਗਏ। ਰਾਜ ਦਰਬਾਰਾਂ ਵਿਚ ਕਿੰਨਰਾਂ ਦੀ ਅਹਿਮੀਅਤ ਘੱਟ ਗਈ। ਅੰਗਰੇਜ਼ ਉਨ੍ਹਾਂ ਨਾਲ ਚੰਗਾ ਵਿਵਹਾਰ ਨਹੀਂ ਕਰਦੇ ਸਨ। ਨੌਕਰੀ ਉਨ੍ਹਾਂ ਕੋਲ ਨਹੀਂ ਸੀ ,ਪਰ ਸੰਗੀਤ ਨਾਲ ਉਨ੍ਹਾਂ ਦਾ ਵਾਹ-ਵਾਸਤਾ ਮੁੱਢ-ਕਦੀਮ ਤੋਂ ਹੀ ਰਿਹਾ ਹੋਣ ਕਰਕੇ ਉਨ੍ਹਾਂ ਨੇ ਗਾ -ਵਜਾ ਕੇ ਮੰਗਣਾ ਸ਼ੁਰੂ ਕਰ ਦਿੱਤਾ। ਉਹ ਇਕ ਤਰ੍ਹਾਂ ਨਾਲ ਭੀਖ ਮੰਗਣ ਲੱਗੇ। ਭੀਖ ਮੰਗਣ ਵਾਲਿਆਂ ਨੂੰ ਅੰਗਰੇਜ਼ ਚੰਗਾ ਨਹੀਂ ਸਮਝਦੇ ਸਨ । ਹਿੰਦੁਸਤਾਨ ਵਿਚ ਕੁਝ ਕਬੀਲੇ ਅਜਿਹੇ ਵੀ ਸਨ ਜੋ ਅੰਗਰੇਜ਼ਾਂ ਦੀ ਈਨ ਨਹੀਂ ਮੰਨਦੇ ਸਨ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਅਤਿਵਾਦੀ ਕਹਿੰਦੇ ਹੋਏ ਉਨ੍ਹਾਂ ਦੇ ਖ਼ਿਲਾਫ਼ ਕਈ ਕਾਨੂੰਨ ਬਣਾਏ ਤੇ ਕਿੰਨਰ ਵੀ ਉਸੇ ਗਿਣਤੀ ਵਿਚ ਆ ਗਏ। ਸਮਾਜ ਤਾਂ ਪਹਿਲਾਂ ਹੀ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਤਿਆਰ ਨਹੀਂ ਸੀ। ਇਸ ਲਈ ਉਹ ਸਮਾਜ ਤੋਂ ਦੂਰ ਹੁੰਦੇ ਗਏ। ਜਦੋਂ ਤੋਂ ਮਨੁੱਖਤਾ ਬਣੀ ਹੈ ਉਦੋਂ ਤੋਂ ਹੀ ,ਕਿੰਨਰਾਂ ਦੀ ਹੋਂਦ ਸਮਾਜ ਦੇ ਵਿਚ ਬਣੀ ਹੋਈ ਹੈ । ਸਮਾਜਿਕ ਤਾਣਾ-ਬਾਣਾ ਬੁਣਿਆ ਗਿਆ ਤਾਂ ਉਸ ਸਮਾਜ ਵਿਚ ਕਿੰਨਰਾਂ ਲਈ ਕੋਈ ਥਾਂ ਨਹੀਂ ਸੀ। ਬਲਕਿ ਇਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਿਆ। ਸਮੇਂ ਦੇ ਨਾਲ ਸਮਾਜ ਵਿਚ ਕਿੰਨਰਾਂ ਨੇ ਆਪਣਾ ਇਕ ਅਲੱਗ ਸਮਾਜ ਸਿਰਜ ਲਿਆ ਜੋ ਅੱਜ ਵੀ ਕਾਇਮ ਹੈ। ਮਾਣਯੋਗ ਸੁਪਰੀਮ ਕੋਰਟ ਨੇ ਬੇਸ਼ੱਕ 15 ਅਪ੍ਰੈਲ 2014 ਵਿਚ ਕਿੰਨਰਾਂ ਨੂੰ ' ਥਰਡ ਜੈਂਡਰ' ਦੇ ਰੂਪ ਵਿਚ ਮਾਨਤਾ ਦੇ ਦਿੱਤੀ। ਪੂਰੀ ਦੁਨੀਆ ਦੇ ਨਾਲ-ਨਾਲ ਭਾਰਤ ਵਿਚ ਹੁਣ ਤੱਕ ਦੋ ਜੈਂਡਰ ਸਨ। ਇਸਤਰੀ ਅਤੇ ਪੁਰਸ਼ ਨੂੰ ਜ਼ਰੂਰੀ ਪਹਿਚਾਣ, ਹੱਕ, ਸੁੱਖ-ਸਹੂਲਤਾਂ ਅਤੇ ਸਾਰੇ ਅਧਿਕਾਰ ਪ੍ਰਾਪਤ ਹਨ। ਬੇਸ਼ੱਕ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਵੀ ਕਿੰਨਰ ਸਮਾਜ ਦੀ ਹੋਂਦ ਸਮਾਜ ਵਿਚ ਸੀ। ਆਪਣੀ ਹੋਂਦ ਦੀ ਖੋਜ ਖ਼ਾਤਰ ਇਸ ਸਮਾਜ ਦੇ ਲੋਕਾਂ ਨੇ ਹੁਣ ਤੱਕ ਕਾਫ਼ੀ ਦੁੱਖ-ਤਕਲੀਫ਼ਾਂ ਸਹੀਆਂ ਸਨ।

ਅਸਲ ਵਿਚ ਥਰਡ ਜੈਂਡਰ ਦੇ ਰੂਪ ਵਿਚ ਮਾਨਤਾ ਪ੍ਰਾਪਤ ਕਰਨ ਤੋਂ ਬਾਅਦ ਇਸ ਸਮਾਜ ਦੇ ਲੋਕਾਂ ਵਿਚ ਕੀ ਸੁਧਾਰ ਆਇਆ ਹੈ ਜਾਂ ਕੀ ਸੁਧਾਰ ਆਏਗਾ? ਕੀ ਕੋਰਟ ਦੇ ਇਸ ਫ਼ੈਸਲੇ ਦੇ ਨਾਲ ਸਮਾਜ ਦੀ ਸੋਚ ਵਿਚ ਕੋਈ ਬਦਲਾਅ ਆਵੇਗਾ?

ਅੱਜ ਸਮਾਜ 21ਵੀਂ ਸਦੀ ਵਿਚ ਪਰਿਵੇਸ਼ ਕਰ ਗਿਆ ਹੈ। ਸਮਾਜ ਦੇ ਤਰੱਕੀ ਕਰਨ ਤੇ ਹਰ ਵਰਗ ਵਿਚ ਬਦਲਾਅ ਆਇਆ। ਕਿੰਨਰ ਵਰਗ ਵੀ ਆਪਣੇ ਅਧਿਕਾਰਾਂ ਲਈ ਜਾਗਰੂਕ ਹੋਇਆ ਦੂਜੇ ਪਾਸੇ ਕਿੰਨਰਾਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਕਿਸੇ ਨੇ ਕੁਝ ਵੀ ਨਾ ਕੀਤਾ। ਕਿਧਰੇ ਕੁਝ ਵੀ ਪੜ੍ਹਨ ਸੁਣਨ ਨੂੰ ਨਾ ਮਿਲਿਆ ਕਿ ਕਿੰਨਰ ਸਮਾਜ ਦੀ ਭਲਾਈ ਲਈ ਕਿਸੇ ਨੇ ਕੁੱਝ ਕੀਤਾ ਹੋਵੇ। ਕਿੰਨਰ ਵੀ ਸਮਾਜ ਵਿਚ ਰਹਿੰਦੇ ਹੋਏ ਗ਼ਲਤ ਅਲਾਮਤਾਂ ਦੇ ਸ਼ਿਕਾਰ ਹੋ ਗਏ। ਕੁਝ ਕਿੰਨਰ ਭੀਖ ਮੰਗਦੇ ,ਜੇ ਕੋਈ ਨਾ ਦਿੰਦਾ ਤਾਂ ਉਸ ਨੂੰ ਡਰਾਉਣਾ, ਧਮਕਾਉਣਾ ਸ਼ੁਰੂ ਕਰ ਦਿੱਤਾ। ਕੁਝ ਕਿੰਨਰ ਆਪਣਾ ਸਰੀਰ ਵੇਚਣ ਲੱਗੇ। ਸਮਾਂ ਬਦਲਿਆ ਤਾਂ ਲੋਕਾਂ ਨੇ ਉਨ੍ਹਾਂ ਤੋਂ ਡਰਨਾ ਸ਼ੁਰੂ ਕਰ ਦਿੱਤਾ। 2014 ਤੋਂ ਥਰਡ-ਜੈਂਡਰ ਦੇ ਰੂਪ ਵਿਚ ਮਾਨਤਾ ਮਿਲਣ ਤੋਂ ਬਾਅਦ ਇਸ ਭਾਈਚਾਰੇ ਦੇ ਲੋਕ ਆਪਣੇ ਵਰਗ ਲਈ ਇਕੱਠੇ ਹੋ ਸੰਘਰਸ਼ ਕਰਨ ਲੱਗੇ। ਇਸ ਵਰਗ ਦੀ ਭਲਾਈ ਲਈ ਕਈ ਸੰਸਥਾਵਾਂ ਹੋਂਦ ਵਿਚ ਆਈਆਂ। ਮਹਾਂਰਾਸ਼ਟਰ ਵਿਚ ਕਿੰਨਰਾਂ ਲਈ ਕੰਮ ਕਰਨ ਵਾਲੀ ਪਹਿਲੀ ਤੇ ਮਹੱਤਵਪੂਰਨ ਸੰਸਥਾ 'ਹਮਸਫ਼ਰ' ਹੋਂਦ ਵਿਚ ਆਈ ਹੈ। ਇਸ ਤੋਂ ਬਾਅਦ ਐਮ.ਐਸ.ਐਮ ਸੰਸਥਾ 1994 ਦੇ ਵਿਚ ਬਣੀ। ਇਹ ਸੰਸਥਾ ਸਮਲਿੰਗੀ ਮਰਦਾਂ ਦੀਆਂ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲੱਭਦੀ ਹੈ। 2002 ਵਿਚ ਇਸ ਸੰਸਥਾ ਨੇ ਟਰਾਸਜੈਂਡਰਜ਼ ਦੀ ਬਸਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੀਆਂ ਥਾਵਾਂ ਤੇ ਆਪਣੇ ਦੋ ਪ੍ਰੋਜੈਕਟ ਸ਼ੁਰੂ ਕੀਤੇ ਸਨ। ਜਿਹੜੀਆਂ ਕੋਸ਼ਿਸ਼ਾਂ ਇਸ ਸਮਾਜ ਲਈ ਹੋਈਆ ਜਾਂ ਕੁੱਝ ਸੰਸਥਾਵਾਂ ਸਾਹਮਣੇ ਆਈਆਂ, ਉਹ ਪਿਛਲੇ ਕੁੱਝ ਕੁ ਸਾਲਾਂ ਵਿਚ ਹੀ ਹੋਂਦ ਵਿਚ ਆਈਆਂ ਹਨ। ਪੰਜਾਬ ਵਿਚ ਵੀ ਮਨਸਾ ਫਾਊਂਡੇਸ਼ਨ ਲੁਧਿਆਣਾ(2012) , ਚੰਡੀਗੜ੍ਹ ਵਿਚ ਵੇਲਫੈਅਰ ਬੋਰਡ ਇਸ ਵਰਗ ਦੀਆਂ ਸਮੱਸਿਆਵਾਂ ਨੂੰ ਸਾਹਮਣੇ ਲਿਆਉਣ ਲਈ ਹੋਂਦ ਵਿਚ ਆ ਚੁੱਕਾ ਹੈ। ਉਪਰੋਕਤ ਚਰਚਾ ਕਰਨ ਤੋਂ ਬਾਅਦ ਕਿੰਨਰ ਸਮਾਜ ਦੇ ਅਰਥਾਂ ਨੂੰ ਸਪੱਸ਼ਟ ਰੂਪ ਵਿਚ ਜਾਣ ਕੇ ਇਸ ਸਮਾਜ ਦੀ ਜੀਵਨ-ਸ਼ੈਲੀ ਦੇ ਵੱਖ-ਵੱਖ ਪੱਖਾਂ ਸੰਬੰਧੀ ਅਗਲੇ ਚੈਪਟਰਾਂ ਵਿਚ ਅਧਿਐਨ ਕਰਾਂਗੇ।

# ਅਧਿਆਇ ਦੂਜਾ

## ਪੰਜਾਬੀ  ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ  ਜੀਵਨ ਦਾ ਸਭਿਆਚਾਰਕ ਤੇ ਮਨੋਵਿਸ਼ਲੇਸ਼ਣਾਤਮਕ ਅਧਿਐਨ

**ਜਨਮ ਤੇ ਪਾਲਣ-ਪੋਸ਼ਣ**

**ਕਿੰਨਰ ਸਮਾਜ :ਡੇਰਾ ਅਤੇ ਸੰਬੰਧਿਤ ਰਸਮ-ਰਿਵਾਜ**

**ਰਿਸ਼ਤਾ-ਨਾਤਾ ਪ੍ਬੰਧ**

**ਪਹਿਰਾਵਾ/ਬੋਲੀ**

ਮਨੁੱਖ ਦੀਆਂ ਦੂਸਰੀਆਂ ਲੋੜਾਂ ਦੀ ਤਰ੍ਹਾਂ ਸਮਾਜ ਵੀ ਉਸ ਲਈ ਜਰੂਰੀ ਹੈ । ਇਸ ਲਈ ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਮਨੁੱਖ ਸਮਾਜ ਵਿਚ ਰਹਿ ਕੇ ਆਪਣੀਆਂ ਲੋੜਾਂ ਦੀ ਪੂਰਤੀ ਕਰਦਾ ਸੀ , ਕਰ ਰਿਹਾ ਹੈ ਅਤੇ ਕਰਦਾ ਰਹੇਗਾ । ਇਸੇ ਲਈ ਹੀ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਸਮੱਸਿਆਵਾਂ ਨੂੰ ਦੇਖਦੇ ਹੋਏ ਹੀ ਮਨੁੱਖ ਨੇ ਸਮੂਹ ਦੇ ਰੂਪ ਵਿਚ ਰਹਿਣ ਦਾ ਵਿਚਾਰ ਬਣਾਇਆ । ਮਨੁੱਖੀ ਦਿਮਾਗ ਦੀ ਜਟਿਲ ਬਣਤਰ ਅਤੇ ਮਨੁੱਖ ਦੀ ਅਥਾਹ ਸੋਚਣ-ਸ਼ਕਤੀ ਨੇ ਉਸਨੂੰ ਹੌਲੀ-ਹੌਲੀ ਆਪਣੇ ਆਪ ਨੂੰ ਪਸ਼ੂਆਂ ਤੋਂ ਵੱਖਰਾ ਕਰ ਦਿੱਤਾ । ਇਕ ਇਕੱਠ ਦੇ ਰੂਪ ਰਹਿੰਦਿਆਂ ਹੀ ਮਨੁੱਖ ਨੂੰ ਆਪਣੇ ਵਿਅਕਤਿਤਵ ਅਤੇ ਇੱਛਾਵਾਂ ਨੂੰ ਕੁਝ ਖ਼ਾਸ ਨਿਯਮਾਂ ਵਿਚ ਬੰਨਣ ਦੀ ਲੋੜ ਪਈ ਤਾਂ ਜੋ ਜ਼ਿੰਦਗੀ ਸੁਖਾਵੀਂ ਤੋਰ ਤੁਰਦੀ ਜਾਵੇ। ਇਸ ਤਰ੍ਹਾਂ ਇਨ੍ਹਾਂ ਨਿਯਮਾਂ ਵਿਚ ਬੱਝਣ ਪਿੱਛੋਂ ਮਨੁੱਖੀ ਪ੍ਰਵਿਰਤੀਆਂ ਸੰਸ਼ੋਧਤ ਹੋ ਕੇ ਜਿਸ ਰੂਪ ਵਿਚ ਪ੍ਰਗਟ ਹੋਈਆਂ, ਉਨ੍ਹਾਂ ਨੂੰ ਹੀ ਸੰਸਕਾਰ ਕਿਹਾ ਜਾਂਦਾ ਹੈ। ਮਨੁੱਖੀ ਰਿਸ਼ਤਿਆਂ ਨੂੰ ਸੰਵਾਰਨ ਅਤੇ ਵਿਗਾੜਨ ਵਿਚ ਇਨ੍ਹਾਂ ਸੰਸਕਾਰਾਂ ਦਾ ਭਰਵਾਂ ਹੱਥ ਹੁੰਦਾ ਹੈ। ਇਹ ਸੰਸਕਾਰ ਹੀ ਸਭਿਆਚਾਰ ਨੂੰ ਜਨਮ ਦੇਣ ਵਿਚ ਸਹਾਇਤਾ ਕਰਦੇ ਹਨ । ਮਨੁੱਖ ਸ੍ਰਿਸਟੀ ਦੀ ਸਰਵ ਉੱਤਮ ਰਚਨਾ ਹੈ। ਇਸੇ ਕਰਕੇ ਜੀਵਾਂ ਦੀ ਵਿਕਾਸ ਤੋਰ ਵਿਚ ਸਭ ਤੋਂ ਉੱਤਮ ਮਨੁੱਖ ਦੀ ਜੈਵਿਕ ਬਣਤਰ ਹੈ। ਇਸੇ ਲਈ ਮਨੁੱਖ ਨੇ ਕੁਦਰਤ ਨੂੰ ਵੀ ਆਪਣੀਆਂ ਲੋੜਾਂ ਅਨੁਸਾਰ ਬਣਾਇਆ। ਮਨੁੱਖ ਕੁਦਰਤ ਦੀਆਂ ਵਸਤਾਂ ਦਾ ਭੋਗਣਹਾਰ ਹੀ ਨਹੀਂ ਸਗੋਂ ਸਿਰਜਣਹਾਰ ਵੀ ਹੈ। ਸਿਰਜਣ ਦੇ ਇਹ ਸਮੂਹਿਕ ਅਮਲ ਦੌਰਾਨ ਉਸਨੇ ਜੋ ਕੁਝ ਵੀ ਪੈਦਾ ਕੀਤਾ, ਉਹੀ ਉਸਦਾ ਸਭਿਆਚਾਰ ਬਣ ਗਿਆ ਹੈ।

ਪੰਜਾਬੀ ਸਭਿਆਚਾਰ ਪ੍ਰਬੰਧ ਮੂਲ ਰੂਪ ਵਿਚ ਲਿੰਗ ਤੇ ਜਾਤ ਦੇ ਵਖਰੇਵਿਆ, ਵਿਤਕਰਿਆ ਤੇ ਅਧਾਰਿਤ ਬਣਤਰਾਂ, ਉਪ ਬਣਤਰਾਂ ਰਾਹੀਂ ਹੋਂਦ ਗ੍ਰਹਿਣ ਕਰਦਾ ਹੈ। ਪੰਜਾਬ ਵਿਚ ਅਜਿਹੇ ਲਿੰਗ ਤੇ ਜਾਤਾਂ ਅਧਾਰਿਤ ਪਛਾਣ ਸਮੂਹ ਹਨ ਜੋ ਕਿ ਆਪਣਾ ਸਾਰਾ ਜੀਵਨ ਕਿਸੇ ਵਿਸ਼ਿਸ਼ਟ ਵਰਗ ਜਾਂ ਕੇਂਦਰੀ ਧਿਰ ਦੀ ਅਧੀਨਗੀ ਵਿਚ ਵਸਰ ਕਰ ਦਿੰਦਾ ਹੈ। ਕੇਂਦਰੀ ਧਿਰ ਇਨ੍ਹਾਂ ਸਮੂਹਾਂ ਨੂੰ ਹਾਸ਼ੀਏ ਤੇ ਧੱਕ ਦਿੰਦੀਆਂ ਹਨ। ਇਨ੍ਹਾਂ ਵਿਚੋਂ ਜਾਤ ਅਧਾਰਿਤ ਵਿਤਕਰੇ ਬਾਰੇ ਵਿਚਾਰ-ਚਰਚਾ ਅਕਾਦਮਿਕ ਪ੍ਰਵਚਨ ਦਾ ਸਥਾਪਿਤ ਖੇਤਰ ਬਣ ਚੁੱਕੀ ਹੈ। ਸਮਾਜ ਵਿਚ ਲਿੰਗ ਦੇ ਆਧਾਰ ਉੱਤੇ ਵੀ ਵਿਤਕਰਾ ਪ੍ਰਚਲਿਤ ਹੈ। ਇਸੇ ਤਰ੍ਹਾਂ ਲਿੰਗ ਅਧਾਰਿਤ ਪਰਿਪੇਖ

ਤੋਂ ਨਾਰੀਵਾਦੀ ਚਿੰਤਨ ਕਾਫ਼ੀ ਵਿਕਾਸ ਕਰ ਚੁੱਕਿਆਂ ਹੈ। ਔਰਤ ਅਤੇ ਮਰਦ ਇਸ ਸਮਾਜ ਵਿਚ ਵਿਚਰਨ ਵਾਲੀਆਂ ਦੋ ਧਿਰਾਂ ਹਨ। ਜੇਕਰ ਮਰਦ ਇਸ ਸਮਾਜ ਦਾ ਜ਼ਰੂਰੀ ਅੰਗ ਹੈ ਤਾਂ ਔਰਤਾਂ ਵੀ ਮਨੁੱਖੀ ਸਮਾਜ ਦਾ ਆਧਾਰ ਹਨ। ਇਸ ਤੋਂ ਬਿਨਾਂ ਮਨੁੱਖੀ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਰਦ ਦੀ ਨਜ਼ਰ ਵਿਚ ਉਹ ਇਸ ਸਮਾਜ ਦਾ ਬਾਦਸ਼ਾਹ ਹੈ ਅਤੇ ਔਰਤ ਉਸ ਦੀ ਗ਼ੁਲਾਮ। ਔਰਤ ਨੂੰ ਕੁਦਰਤ ਨੇ ਬੱਚਾ ਪੈਦਾ ਕਰਨ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਪ੍ਰਦਾਨ ਕੀਤੀ ਹੈ। ਇਸ ਕਾਰਨ ਉਸ ਦੇ ਜੀਵਨ ਦਾ ਵਧੇਰੇ ਹਿੱਸਾ ਸਮਾਜ ਤੇ ਪਰਿਵਾਰ ਦੇ ਲੇਖੇ ਲੱਗਦਾ ਹੈ। ਮਰਦ ਇਸ ਜ਼ਿੰਮੇਵਾਰੀ ਤੋਂ ਮੁਕਤ ਹੋ ਕੇ ਹੋਰ ਖੇਤਰਾਂ ਵਿਚ ਅਗਾਂਹ ਲੰਘ ਜਾਂਦਾ ਹੈ। ਔਰਤ ਤੇ ਮਰਦ ਤੋਂ ਸਿਵਾਏ ਵੀ ਇਸ ਸਮਾਜ ਵਿਚ ਕੋਈ ਤੀਸਰਾ ਵਰਗ ਹੋ ਸਕਦਾ ਹੈ ,ਇਸ ਬਾਰੇ ਸਮਾਜ ਚੁੱਪ ਹੈ। ਇਸ ਤਬਕੇ ਨੂੰ ਉਸ ਬਾਇਨਰੀ ਵਿਚੋਂ ਵੀ ਖ਼ਾਰਜ ਕੀਤਾ ਗਿਆ ਹੈ ਜੋ ਵਿਆਪਕ ਤੇ ਮਨੁੱਖੀ ਸਮਾਜ ਅੰਦਰ ਸਿਰਜੀ ਜਾਂਦੀ ਹੈ। ਕਿੰਨਰ ਸਮਾਜ ਦੋ ਪਰਸਪਰ ਵਿਰੋਧੀ ਸ਼ਕਤੀਆਂ ਦੀ ਆਪਸੀ ਜੱਦੋ-ਜਹਿਦ ਵਿਚੋਂ ਗੁਜ਼ਰਦਾ ਆ ਰਿਹਾ ਹੈ। ਇਹ ਮਨੁੱਖੀ ਤ੍ਰਾਸਦੀ ਅਜਿਹੀ ਹੈ ਕਿ ਜਿਸ ਦਵੰਦ ਯੁੱਧ ਨੂੰ ਮਾਨਸਿਕ ਪੱਧਰ ਤੇ ਲੜਿਆ ਜਾ ਰਿਹਾ ਹੈ ਭਾਵ ਕਿਸੀ ਗਿਣਤੀ ਵਿਚ ਹੀ ਨਹੀਂ ਰੱਖਿਆ ਜਾ ਰਿਹਾ। ਮਨੁੱਖਤਾ ਦਾ ਸਭ ਤੋਂ ਵੱਡਾ ਦੁਖਾਂਤ ਹੈ। ਇਹ ਇਕ ਵਿਆਪਕ ਸਮਾਜਿਕ ਤ੍ਰਿਸਕਾਰ ਵਿਚੋਂ ਬਾਹਰ ਨਿਕਲਣ ਦੀ ਜੱਦੋ-ਜਹਿਦ ਹੈ। ਮਨੁੱਖੀ ਸਮਾਜ ਵਿਚ ਇਕ ਤਰ੍ਹਾਂ ਨਾਲ ਬੇਦਖ਼ਲ ਕੀਤਾ ਹੋਇਆ ਵਿਸ਼ੇਸ਼ ਮਨੁੱਖੀ ਤਬਕਾ ਇਕ ਲੰਮੀ ਜੱਦੋ-ਜਹਿਦ ਵਿਚੋਂ ਗੁਜ਼ਰ ਰਿਹਾ ਹੈ। ਇਸ ਨੂੰ ਇਕੱਲਿਆਂ ਹੀ ਜੂਝਣਾ ਪੈ ਰਿਹਾ ਹੈ ਥਰਡ ਜੈਂਡਰ ਨੂੰ ਲੈ ਕੇ ਸਮਾਜ ਵਿਚ ਅੰਤਰ ਵਿਰੋਧ ਕੀ ਹੈ ? ਇੱਥੇ ਸਭ ਫ਼ਲਸਫ਼ੇ ਸ਼ਾਂਤ ਤੇ ਚੁੱਪ ਹਨ। ਇਹ ਫ਼ਲਸਫ਼ੇ ਦਾ ਮੁਰਦਾਪਣ ਹੈ। ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਪ੍ਰਤੀਕਿਰਿਆ ਵਾਦੀ ਤਾਕਤਾਂ, ਰਾਜ-ਸੱਤਾ ਦੇ ਸੁਆਮੀਆਂ ਜਾ ਕ੍ਰਾਂਤੀਆਂ ਦੇ ਰਾਹ ਦੇ ਦਾਅਵੇਦਾਰ, ਉਨ੍ਹਾਂ ਬਾਰੇ ਚੁੱਪ ਹਨ। ਇਸ ਪ੍ਰਸ਼ਨ ਸੰਬੰਧੀ ਸ਼ਾਇਦ ਪੱਛਮੀ ਸੰਸਾਰ ਅਜਿਹਾ ਨਹੀਂ ਸੋਚਦਾ, ਜਦੋਂ ਕਿ ਭਾਰਤ ਵਿਚ ਤਾਂ ਸਪਸ਼ਟ ਹੈ। ਇਹ ਇਕ ਤਰ੍ਹਾਂ ਦਾ ਜੁਰਮ ਹੈ। ਅਜੀਬ ਅਤੇ ਗੰਭੀਰ ਸ਼ੋਸ਼ਣ ਤੇ ਇਹ ਜੁਰਮ ਬਾਕਾਇਦਾ ਸੁੱਤੇ ਸਿੱਧ ਹੀ ਹੋ ਰਿਹਾ ਹੈ। ਜਥੇਬੰਦ ਰੂਪ ਵਿਚੋਂ ਜੁਰਮ ਐਨਾ ਜਟਿਲ ਨਹੀਂ ਹੈ, ਜਿਨ੍ਹਾਂ ਇਸ ਜੁਰਮ ਵਿਰੁੱਧ ਜੱਦੋ-ਜਹਿਦ ਹੈ। ਇਹ ਜੁਰਮ ਦੋ ਤਰ੍ਹਾਂ ਦੀ ਮੁੱਨਖੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਇਕ ਪਾਸੇ ਲੋਕ ਇਸ ਤਬਕੇ ਵਿਰੁੱਧ ਨਫ਼ਰਤ ਦਾ ਪ੍ਰਗਟਾਵਾ

ਕਰਦੇ ਹਨ ਅਤੇ ਦੂਸਰੇ ਪਾਸੇ ਲੋਕ ਇਸ ਤਬਕੇ ਨੂੰ ਮਨੋਰੰਜਨ ਦਾ ਸਾਧਨ ਬਣਾਉਂਦੇ ਹਨ। ਇਸੇ ਦੌਰਾਨ ਲਿੰਗਕ ਪਛਾਣਾਂ ਵਜੋਂ ਤੀਜੇ ਲਿੰਗ ਬਾਰੇ ਵਿਚਾਰ-ਚਰਚਾ ਹਾਲੇ ਮੁੱਢਲੇ ਪੱਧਰ ਤੇ ਆਰੰਭ ਹੋ ਚੁੱਕੀ ਹੈ। ਕਿੰਨਰਾਂ ਦੀ ਜੀਵਨ ਸਥਿਤੀ ਤੇ ਇਨ੍ਹਾਂ ਦੀ ਹਾਸ਼ੀਆ ਗਤ ਹੋਂਦ ਬਾਰੇ ਬਹੁਤੀ ਚਰਚਾ ਅਕਾਦਮਿਕ ਪ੍ਰਵਚਨ ਵਿਚ ਉਪਲਬਧ ਨਹੀਂ। ਹਾਸ਼ੀਏ ਤੇ ਧੱਕੇ ਹੋਏ ਹੋਰ ਵਰਗ ਤਾਂ ਆਪਣੀ ਹੋਣੀ ਦੇ ਸੰਚਾਰ ਲਈ ਅੱਗੇ ਆ ਰਹੇ ਹਨ ਪਰ ਕਿੰਨਰਾਂ ਦੀ ਆਪਣੀ ਕੋਈ ਅਵਾਜ਼ ਨਹੀਂ ਹੈ, ਸੋ ਅੱਜ ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਅਕਾਦਮਿਕ ਖੇਤਰ ਦੇ ਵਿਚ ਵੱਖ-ਵੱਖ ਯੂਨੀਵਰਸਿਟੀਆਂ ਵਿਚ ਕਿੰਨਰ ਸਮਾਜ ਤੇ ਖੋਜ-ਕਾਰਜ ਆਰੰਭ ਹੋ ਗਏ ਹਨ। ਸਾਹਿਤਕਾਰਾਂ ਨੇ ਵੀ ਆਪਣੀ ਕਲਮ ਰਾਹੀਂ ਇਸ ਸਮਾਜ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਇਸ ਤੋਂ ਵੀ ਅਗਾਂਹ-ਵਧੂ ਕਦਮ ਇਹ ਹੈ ਕਿ ਖ਼ੁਦ ਇਸ ਸਮਾਜ ਦੇ ਆਗੂ ਵੀ ਆਪਣੇ ਹੱਕਾਂ ਪ੍ਰਤੀ ਖ਼ੁਦ ਜਾਗਰਿਤ ਹੋ ਰਹੇ ਹਨ। ਅੱਜ ਉਤਰ-ਆਧੁਨਿਕਤਾ ਦੇ ਦੌਰ ਵਿਚ ਹਾਸ਼ੀਆ ਗਤ ਸਮੂਹ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਪ੍ਰਤੀ ਵਧੇਰੇ ਚੇਤੰਨ ਹੋ ਰਹੇ ਹਨ। ਉਨ੍ਹਾਂ ਦੇ ਅੰਦਰ ਇਕ ਨਵੀਂ ਚੇਤਨਾ ਪਨਪ ਰਹੀਂ ਹੈ। ਉਹ ਸ਼ੋਸ਼ਕ ਧਿਰ ਦੁਆਰਾ ਕੀਤੀਆਂ ਜਾ ਰਹੀਆਂ ਵਧੀਕੀਆਂ ਦੇ ਵਿਰੁੱਧ ਅਤੇ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ ਕਰਨ ਲਈ ਤਿਆਰ ਹਨ। ਅੱਜ ਹਾਸ਼ੀਆ ਗਤ ਅਧਿਐਨ ਦੇ ਅਧੀਨ ਉਨ੍ਹਾਂ ਸਾਰੇ ਕਾਰਨਾਂ, ਸਥਿਤੀਆਂ, ਇਤਿਹਾਸਕ, ਰਾਜਨੀਤਿਕ, ਮਨੋਵਿਗਿਆਨਕ, ਆਰਥਿਕ ਸਥਿਤੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਜਿਨ੍ਹਾਂ ਕਾਰਨ ਹਾਸ਼ੀਆ ਗਤ ਲੋਕ ਹਾਸ਼ੀਆ ਗਤ ਸਥਿਤੀ ਹੰਢਾਉਣ ਲਈ ਮਜਬੂਰ ਹਨ। ਕੁਦਰਤ ਨੇ ਕਿਸੇ ਵੀ ਮਨੁੱਖ ਨੂੰ ਹਾਸ਼ੀਆ ਗਤ ਦੇ ਘੇਰੇ ਅੰਦਰ ਪੈਦਾ ਨਹੀਂ ਕੀਤਾ। ਇਹ ਸਭ ਸਮਾਜਿਕ ਬਣਤਰ ਦੀ ਹੀ ਪੈਦਾਵਾਰ ਹਨ। ਸੋ ਕਿੰਨਰ ਸਮਾਜ ਦੇ ਬਾਸ਼ਿੰਦੇ ਵੀ ਆਪਣੇ ਹੱਕਾਂ ਪ੍ਰਤੀ ਜਾਗਰਿਤ ਹੋ ਰਹੇ ਹਨ। ਇਸ ਹਾਸ਼ੀਆ ਗਤ ਸਥਿਤੀ ਵਿਚੋਂ ਨਿਕਲਣ ਲਈ ਤਾਂਘ ਵਿਚ ਹਨ।

ਕਿੰਨਰ ਸਮਾਜ ਦੀ ਹਾਸ਼ੀਅਤ ਗਤ ਸਥਿਤੀ ਨੂੰ ਸਮਝਣ ਦੇ ਲਈ ਇਸ ਵਰਗ ਦੀ ਜੀਵਨ-ਸ਼ੈਲੀ ਦੇ ਵਿਭਿੰਨ ਪੱਖਾਂ ਨੂੰ ਵਾਚਣਾ ਪਵੇਗਾ। ਕਿਸੇ ਵੀ ਸਮਾਜ ਦੇ ਸਭਿਆਚਾਰ ਨੂੰ ਸਮਝਣ ਲਈ ਸਭਿਆਚਾਰ ਦੀ ਪਰਿਭਾਸ਼ਾ ਨੂੰ ਵਾਚਣਾ ਜ਼ਰੂਰੀ ਹੈ। ਇਸ ਲਈ ਬਲਵੀਰ ਸਿੰਘ ਨੇ ਕਿਹਾ ਹੈ–

ਅਸਲ ਵਿਚ ਸਭਿਆਚਾਰ ਕਿਸੇ ਕੌਮ ਦਾ ਜੀਵਨ ਢੰਗ ਹੁੰਦਾ ਹੈ। ਇਸ ਦਾ ਵਿਸ਼ਾ-ਖੇਤਰ ਬੜਾ ਵਿਸ਼ਾਲ ਹੈ। ਇਸ ਵਿਚ ਭਾਸ਼ਾ, ਲਿਖਣ-ਢੰਗ, ਖਾਣ-ਪੀਣ, ਪਹਿਰਾਵਾ, ਧੰਦੇ , ਕਲਾ , ਚਿੱਤਰਕਾਰੀ , ਸੰਗੀਤ ਆਦਿ ਆ ਜਾਂਦੇ ਹਨ । ਇਨ੍ਹਾਂ ਤੋਂ ਇਲਾਵਾ ਇਸ ਵਿਚ ਮਿਥਿਹਾਸ ਆਦਿ ਧਾਰਮਿਕ ਰਵਾਇਤਾਂ, ਪਰਿਵਾਰਕ ਤੇ ਸਮਾਜਿਕ ਪ੍ਰਬੰਧ ਵੀ ਸ਼ਾਮਲ ਕੀਤੇ ਜਾਂਦੇ ਹਨ ।('ਪੰਜਾਬੀ ਲੋਕਯਾਨ ਅਤੇ ਸਭਿਆਚਾਰ'137)

ਸਭਿਆਚਾਰ ਇਕ ਵਿਸ਼ਾਲ ਵਰਤਾਰਾ ਹੈ, ਜਿਸ ਵਿਚ ਮਨੁੱਖੀ ਜੀਵਨ ਦਾ ਹਰ ਪੱਖ ਸ਼ਾਮਲ ਹੈ। ਇਹੀ ਕਾਰਨ ਹੈ ਕਿ ਸਭਿਆਚਾਰ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਦਿੱਤੀ ਜਾ ਸਕੀ, ਜਿਹੜੀ ਸਾਰੇ ਸਭਿਆਚਾਰ ਵਿਗਿਆਨੀਆਂ ਨੂੰ ਸਵੀਕਾਰ ਹੋਵੇ। ਸਭਿਆਚਾਰ ਸੰਬੰਧੀ ਐਡਵਾਰਡ ਬੀ.ਟਾਈਲਰ ਦੀ ਪਰਿਭਾਸ਼ਾ ਕਾਫ਼ੀ ਮਹੱਤਵਪੂਰਨ ਮੰਨੀ ਗਈ ਹੈ। ਉਸ ਅਨੁਸਾਰ 'ਸਭਿਆਚਾਰ ਜਾਂ ਸਭਿਅਤ ਆਪਣੇ ਮਾਨਵ-ਜਾਤੀ ਵਿਗਿਆਨਕ ਅਰਥਾਂ ਵਿਚ ਅਜਿਹਾ ਜਟਿਲ ਸਮੁੱਚ ਹੈ , ਜਿਸ ਵਿਚ ਗਿਆਨ , ਵਿਸ਼ਵਾਸ , ਕਲਾ , ਨੈਤਿਕਤਾ, ਨਿਯਮ , ਨੀਤੀ ਸੰਸਕਾਰ ਅਤੇ ਹੋਰ ਸਮੱਰਥਾਵਾਂ ਅਤੇ ਆਦਤਾਂ ਸ਼ਾਮਲ ਹੁੰਦੀਆਂ ਹਨ , ਜਿਹੜੀਆਂ ਮਨੁੱਖ ਨੂੰ ਸਮਾਜਿਕ ਜੀਵ ਵਜੋਂ ਗ੍ਰਹਿਣ ਕਰਦਾ ਹੈ।'('Primitive Culture'1)

ਸਭਿਆਚਾਰ ਸੰਬੰਧੀ ਇਹ ਇਕ ਚਰਚਿਤ ਪਰਿਭਾਸ਼ਾ ਹੈ, ਕਿਉਂਕਿ ਟਾਈਲਰ ਨੇ ਇਸ ਵਿਚ ਜੀਵਨ ਦੇ ਵਧੇਰੇ ਪੱਖਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਭਿਆਚਾਰ ਦੇ ਇਨ੍ਹਾਂ ਸਾਰੇ ਪੱਖਾਂ ਨੂੰ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਸਿੱਖਦਾ ਹੈ। ਕਿਸੇ ਮਨੁੱਖ ਦਾ ਜਨਮ ਭਾਵੇਂ ਕਿਤੇ ਵੀ ਹੋਇਆ ਹੋਵੇ ਪਰ ਜਿਸ ਸਮਾਜ ਵਿਚ ਉਸ ਦਾ ਪਾਲਣ-ਪੋਸ਼ਣ ਹੁੰਦਾ ਹੈ, ਉਹ ਉਸੇ ਸਮਾਜ ਦਾ ਸਭਿਆਚਾਰ ਗ੍ਰਹਿਣ ਕਰਦਾ ਹੈ।

ਉਪਰੋਕਤ ਪਰਿਭਾਸ਼ਾ ਤੋਂ ਬਿਨਾਂ ਕੁਝ ਮਾਨਵ-ਵਿਗਿਆਨੀਆਂ ਨੇ ਸਭਿਆਚਾਰ ਦੀ ਪਰਿਭਾਸ਼ਾ ਸਭਿਆਚਾਰ ਦੇ ਪੈਟਰਨ ਸਿਧਾਂਤ ਦੇ ਅਨੁਸਾਰ ਦਿੱਤੀ ਹੈ। ਇਸ ਵਿਚ ਕਰੋਬਰ ਅਤੇ ਕਲੱਕਹਨ ਦੀ ਉਹ ਮਹੱਤਵਪੂਰਨ ਪਰਿਭਾਸ਼ਾ ਵੀ ਸ਼ਾਮਲ ਹੈ , ਜਿਹੜੀ ਉਨ੍ਹਾਂ ਨੇ ਪੌਣੇ ਦੋ ਸੌ ਪਰਿਭਾਸ਼ਾਵਾਂ ਦੀ ਪਰਖ-ਪੜਚੋਲ ਤੋਂ ਪਿੱਛੋਂ ਦਿੱਤੀ ,' ਸਭਿਆਚਾਰ ਵਿਚ ਵਿਹਾਰ ਦੇ ਅਤੇ ਵਿਹਾਰ ਦੇ ਲਈ ਪ੍ਰਤੱਖ ਅਤੇ ਪਰੋਖ ਪੈਟਰਨ ਆ ਜਾਂਦੇ ਹਨ ,

ਜਿਹੜੇ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਅਤੇ ਦੂਜਿਆਂ ਤੱਕ ਪੁਚਾਏ ਜਾਂਦੇ ਹਨ। ਇਹ (ਪੈਟਰਨ) ਮਨੁੱਖੀ ਸਮੂਹਾਂ ਦੀ ਵਿਲੱਖਣ ਪ੍ਰਾਪਤੀ ਹੁੰਦੇ ਹਨ ਅਤੇ ਇਨ੍ਹਾਂ ਵਿਚ ਮਨੁੱਖ ਸਿਰਜੀਆਂ ਵਸਤਾਂ ਵੀ ਆ ਜਾਂਦੀਆਂ ਹਨ, ਜਿਹੜੀਆਂ ਉਨ੍ਹਾਂ ਨੂੰ ਸਾਕਾਰ ਕਰਦੀਆਂ ਹਨ।'ਪੈਟਰਨ ਸਿਧਾਂਤ ਨੂੰ ਸਪਸ਼ਟ ਕਰਦੇ ਹੋਏ ਖੋਜ ਪੱਤ੍ਰਿਕਾ ਸਤੰਬਰ 1991 , ਪੰਜਾਬੀ ਸਭਿਆਚਾਰ ਵਿਸ਼ੇਸ਼ ਅੰਕ , ਵਿਚ ਮਿਲਟਨ ਸਿੰਗਰ ਲਿਖਦੇ ਹਨ , ' ਸਮਾਜਿਕ ਜੀਵਨ ਦੇ ਭਿੰਨ-ਭਿੰਨ ਪੱਖ ਬਣਤਰ ਦੀ ਸੰਵੇਦਨਸ਼ੀਲਤਾ ਰੱਖਦੇ ਹਨ ਅਤੇ ਸਾਂਸਕ੍ਰਿਤਿਕ ਪੈਟਰਨ ਚੇਤਨਤਾ ਦੀ ਮਾਤਰਾ ਅਤੇ ਡੂੰਘਾਈ ਅਤੇ ਰੂਪ ਦੇ ਪੱਖੋਂ ਅੱਡੋ-ਅੱਡਰੇ ਹਨ। ਸਭ ਤੋਂ ਸਾਧਾਰਨ ਪੈਟਰਨ (ਬੁਣਤੀਆਂ)ਪ੍ਰਤੱਖ ਹਨ ਅਤੇ ਵਿਵਹਾਰ ਦੇ ਵਸਤੂ ਨਿਸ਼ਠ ਪੈਟਰਨ ਹਨ ਜਿਹੜੇ ਪਹਿਰਾਵੇ ਦੇ ਰਿਵਾਜ਼ਾਂ , ਖ਼ੁਰਾਕ , ਕੰਮ-ਧੰਦੇ , ਅਭਿਵਾਦਨ ਢੰਗ ਅਤੇ ਕਲਾ ਕ੍ਰਿਤੀਆਂ ਦੇ ਰੂਪ ਵਿਚ ਨਜ਼ਰ ਆਉਂਦੇ ਹਨ। ਕੁਝ ਡੂੰਘੇ ਪੈਟਰਨ ਵੀ ਹਨ ਜਿਨ੍ਹਾਂ ਦੀ ਤਹਿ ਵਿਚ ਸਮਾਜਿਕ , ਸਿਆਸੀ ਅਤੇ ਆਰਥਿਕ ਸੰਗਠਨ ਅਤੇ ਧਾਰਮਿਕ ਸੰਸਥਾਵਾਂ , ਭਾਸ਼ਾ , ਕਾਨੂੰਨ, ਦਰਸ਼ਨ ,ਵਿਗਿਆਨ ਅਤੇ ਕਲਾਵਾਂ ਸ਼ਾਮਲ ਹਨ।'(4)

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸਭਿਆਚਾਰ ਇਕ ਨਿਸ਼ਚਿਤ ਪ੍ਰਬੰਧ ਹੈ। ਇਸ ਦੀ ਆਪਣੀ ਇਕ ਨਿਸ਼ਚਿਤ ਹੋਂਦ ਹੈ। ਇਸ ਦੇ ਵਿਭਿੰਨ ਅੰਗ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੁੰਦੇ ਹਨ। ਕਿਸੇ ਵੀ ਸਮਾਜ ਨੂੰ ਸਮਝਣ ਦੇ ਲਈ ਉਸ ਦੀ ਸਭਿਆਚਾਰ ਸਥਿਤੀ ਨੂੰ ਜਾਣਨਾ ਜਰੂਰੀ ਹੈ। ਸਮਾਜ ਵਿਚ ਵਿਚਰਦੇ ਸਮੇਂ ਕਿੰਨਰਾਂ ਦੀ ਜੀਵਨ-ਸ਼ੈਲੀ ਨੂੰ ਸਮਝਣ ਲਈ ਬਹੁਤ ਸਾਰੇ ਸਵਾਲ ਮਨਾਂ ਵਿਚ ਪਨਪਦੇ ਹਨ ਜਿਵੇਂ–

ਕਿੰਨਰਾਂ ਦੀ ਅਵਾਜ਼,ਤਾੜੀ ਦਾ ਅੰਦਾਜ਼ ,ਪਹਿਰਾਵਾ ਅਤੇ ਸਰੀਰਕ ਮੁਦਰਾਵਾਂ ਵੇਖ ਕੇ ਸਮਾਜ ਵਿਚਲਾ ਹਰ ਇਨਸਾਨ ਹੈਰਾਨ ਹੁੰਦਾ ਹੋਵੇਗਾ। ਉਨ੍ਹਾਂ ਦੇ ਚਿਹਰੇ ਵੇਖ ਕੇ ਚਿਤਵਦੇ ਹਾਂ ਕਿ ਇਹ ਬੜੇ ਅਮੀਰ ਹੋਣਗੇ। ਪਰ ਫਿਰ ਇਹ ਲੋਕਾਂ ਦੇ ਘਰੋਂ-ਘਰੀਂ ਜੇ ਕੇ ਮੰਗਤਿਆਂ ਵਾਂਗ ਮੰਗਦੇ ਕਿਉਂ ਹਨ ? ਇਨ੍ਹਾਂ ਦੇ ਮੁਹਾਂਦਰੇ ਅਤੇ ਚਾਲ-ਢਾਲ ਕਿਸੇ ਮਰਦ ਜਾਂ ਔਰਤ ਨਾਲ ਕਿਉਂ ਨਹੀਂ ਮਿਲਦੇ ? ਇਨ੍ਹਾਂ ਨੂੰ ਜਨਮ ਦੇਣ ਵਾਲੇ ਮਾਪੇ ਇਨ੍ਹਾਂ ਨੂੰ ਛੱਡ ਕਿਉਂ ਦਿੰਦੇ ਹੋਣਗੇ ? ਖੁਸਰੇ ਨੂੰ ਇਕ ਦੂਜੇ ਨਾਲ ਅਸੱਭਿਅਕ ਹਰਕਤਾਂ ਕਰਦੇ ਵੇਖ ਮਨੁੱਖ ਖ਼ੁਸ਼ ਕਿਉਂ ਹੁੰਦਾ ਹੈ ? ਔਰਤਾਂ ਅੱਗੇ ਅਜਿਹੇ ਨਾਚ ਗਾਣੇ ਪੇਸ਼ ਕਰਨ ਤੇ ਗ਼ੁੱਸਾ ਕਰਨ ਦੀ ਥਾਂ ਖ਼ੁਸ਼ ਕਿਉਂ ਹੁੰਦੇ ? ਜਦੋਂ ਕਦੇ ਨੱਚਦੀ-ਨੱਚਦੀ ਖੁਸਰੀ ਕਿਸੇ ਜਵਾਨ ਨਾਲ ਅਸ਼ਲੀਲ ਹਰਕਤਾਂ ਕਰਦੀ ਹੈ ਤਾਂ ਉਸ ਨੂੰ ਚੰਗਾ

ਕਿਉਂ ਲੱਗਦਾ ਹੈ? ਅਜਿਹਾ ਬੜਾ ਕੁਝ ਉਦੋਂ ਤੱਕ ਰਹੱਸ ਬਣਿਆ ਰਹੇਗਾ , ਜਿਨ੍ਹਾਂ ਚਿਰ ਇਨ੍ਹਾਂ ਦੀ ਜੀਵਨ ਸ਼ੈਲੀ ਨੂੰ ਨਹੀਂ ਸਮਝਾਂਗੇ। ਇਨ੍ਹਾਂ ਦੇ ਮਾਪਿਆਂ ਬਾਰੇ ਤੇ ਸਮਾਜ ਬਾਰੇ ਸੋਚਦੇ ਕਈ ਤਰ੍ਹਾਂ ਦੇ ਸੁਆਲ ਉੱਠਦੇ ਹਨ , ਜਿਵੇਂ ਸਮਾਜ ਇਨ੍ਹਾਂ ਨੂੰ ਮੁੰਡੇ-ਕੁੜੀ ਦੀ ਤਰ੍ਹਾਂ ਪਰਵਾਨ ਕਿਉਂ ਨਹੀਂ ਕਰਦਾ ? ਇਨ੍ਹਾਂ ਦਾ ਜੀਵਨ ਨੱਚਣ,ਟੱਪਣ ,ਮੰਗ-ਖਾਣ ਅਤੇ ਨਸ਼ੇ ਕਰਨ ਵਿਚ ਹੀ ਕਿਉਂ ਗੁਜ਼ਰ ਜਾਂਦਾ ਹੈ? ਜਨਮ ਦੇਣ ਵਾਲੇ ਮਾਪੇ ਆਪਣੀ ਜਾਇਦਾਦ ਵਿਚੋਂ ਬਣਦਾ ਹਿੱਸਾ ਦੇ ਕੇ ਘਰ ਕਿਉਂ ਨਹੀਂ ਰੱਖਦੇ? ਸੰਵਿਧਾਨ ਇਨ੍ਹਾਂ ਨੂੰ ਮਨੁੱਖੀ ਅਧਿਕਾਰ ਕਿਉਂ ਨਹੀਂ ਦਿੰਦਾ ? ਜੰਮਦਿਆਂ ਸਾਰ ਹੀ ਕਿੰਨਰਾਂ ਦੇ ਡੇਰੇ ਛੱਡਣ ਸਮੇਂ ਮਾਂ-ਬਾਪ ਦੇ ਦਿਲ 'ਤੇ ਕੀ ਬੀਤਦੀ ਹੈ? ਇਹ ਬਹੁਤ ਸਾਰੇ ਸਵਾਲ ਹਨ, ਜੋ ਸਮਾਜ ਸਭਿਆਚਾਰ ਦੇ ਪੱਖ ਅਧੀਨ ਵਿਚਾਰਨੇ ਲੋੜੀਂਦੇ ਹਨ। ਇਸ ਨੇ ਨਾਲ ਹੀ ਇਸ ਵਰਗ ਦੀ ਮਾਨਸਿਕ ਹਾਲਤ ਨੂੰ ਸਮਝਣਾ ਲਈ ਮਨੋਵਿਸ਼ਲੇਸ਼ਣਾਤਮਕ ਅਧਿਐਨ ਵੀ ਲਾਜ਼ਮੀ ਹੈ। ਮਨੁੱਖੀ ਮਨ ਦੇ ਅੰਦਰ ਝਾਤੀ ਮਾਰਨਾ ਅਤੇ ਅੰਤਰੀਵ ਮਨੋਭਾਵਾਂ ਨੂੰ ਉਜਾਗਰ ਕਰਨਾ ਹੀ ਕਿਸੀ ਸਾਹਿਤਕ ਕਲਾਕ੍ਰਿਤ ਨੂੰ ਮਨੋਵਿਗਿਆਨਦੇ ਨਿਕਟਵਰਤੀ ਬਣਾਉਂਦਾ ਹੈ। ਸਭ ਤੋਂ ਪਹਿਲਾ ਕਿੰਨਰ ਦਾ ਜਦੋਂ ਜਨਮ ਹੁੰਦਾ ਹੈ ਤਾਂ ਪਰਿਵਾਰ ਵਿਚ ਕਿਸ ਕਿਸਮ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਜਨਮ ਤੋਂ ਬਾਅਦ ਪਰਿਵਾਰ ਤੇ ਕਿੰਨਰ ਬੱਚੇ ਨੂੰ ਕਿੰਨਾਂ ਮਾਨਸਿਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਜਨਮ ਤੇ ਪਾਲਣ-ਪੋਸ਼ਣ** :

ਮਨੁੱਖੀ ਜੀਵਨ ਜਨਮ ਤੋਂ ਲੈ ਕੇ ਮੌਤ ਤੱਕ ਅਨੇਕਾਂ ਘਟਨਾਵਾਂ ਨੂੰ ਜੋੜ ਕੇ ਇਕ ਨਾਟਕ ਦੀ ਤਰ੍ਹਾਂ ਹੈ। ਇਸ ਸੰਸਾਰ ਨੂੰ ਰੰਗਮੰਚ ਕਿਹਾ ਜਾ ਸਕਦਾ ਹੈ। ਇਸ ਨਾਟਕ ਰੂਪੀ ਜੀਵਨ ਦੇ ਅਨੇਕਾਂ ਪੱਖਾਂ ਨੂੰ ਸਹਿਣਾ ਭਾਵ ਸੁੱਖ-ਦੁੱਖ ਦੇ ਅਨੁਭਵ ਨੂੰ ਆਪਣੀ ਜ਼ਿੰਦਗੀ ਦੇ ਵਿਚ ਹੰਢਾਉਣਾ। ਮਨੁੱਖੀ ਜੀਵਨ ਵਿਚ ਸ਼ਾਨਦਾਰ ਜ਼ਿੰਦਗੀ ਅਤੇ ਸਨਮਾਨ ਪ੍ਰਾਪਤ ਕਰਨ ਦੀ ਹਮੇਸ਼ਾ ਲਾਲਸਾ ਰਹੀ ਹੈ। ਆਮ ਮਨੁੱਖ ਜਨਮ ਤੋਂ ਲੈ ਕੇ ਮੌਤ ਤੱਕ ਦੇ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਜਦੋਂ ਜਨਮ ਤੋਂ ਲੈ ਕੇ ਮੌਤ ਤੱਕ ਨਿਰਾਸ਼ਾ ਅਤੇ ਦੁੱਖ ਦੇ ਇਲਾਵਾ ਕੁੱਝ ਵੀ ਨਾ ਮਿਲਿਆ ਹੋਵੇ ਤਾਂ ਸਾਡੀ ਮਾਨਸਿਕ ਸਥਿਤੀ ਕਿਸ ਤਰ੍ਹਾਂ ਦੀ ਹੋਵੇਗੀ ? ਦੁਨੀਆ ਦੁਆਰਾਂ ਲਗਾਈਆਂ ਗਈਆਂ ਬੰਦਿਸ਼ਾਂ ਤੋਂ ਹਮੇਸ਼ਾ ਹੀ ਕਿੰਨਰ ਸਮਾਜ ਦੇ ਲੋਕ ਬਚਣ ਦੀ ਕੋਸ਼ਿਸ਼ ਕਰਦੇ ਹੋਣਗੇ। ਮਾਂ ਦੀ ਕੁੱਖ ਦੇ ਹਨੇਰੇ ਵਿਚੋਂ ਨਿਕਲ ਕੇ ਬੱਚਾ ਇਸ ਦੁਨੀਆ ਦੀ ਰੌਸ਼ਨੀ ਪ੍ਰਾਪਤ ਕਰਕੇ ਇਹ ਨਹੀਂ ਜਾਣਦਾ ਕਿ

ਉਸ ਦੀ ਜਾਤੀ, ਧਰਮ ਆਦਿ ਕੀ ਹੈ? ਸਮਾਜਿਕ ਨਜ਼ਰਾਂ ਦੀ ਪ੍ਰਚੰਡਤਾ ਉਨ੍ਹਾਂ ਉੱਪਰ ਥੋਪ ਦਿੱਤੀ ਜਾਂਦੀ ਹੈ ਕਿ ਉਹ ਪੁਰਸ਼ ਅਤੇ ਇਸਤਰੀ ਜਾਤੀ ਦਾ ਹੈ। ਜਦੋਂ ਉਹ ਸਮਾਜ ਅਤੇ ਆਪਣੇ ਆਪ ਨੂੰ ਹੋਰ ਮਹਿਸੂਸ ਕਰਨ ਲੱਗਦੇ ਹਨ ਕਿ ਅਸੀਂ ਕਿਸੇ ਵੀ ਜਾਤੀ ਵਿਚ ਸ਼ਾਮਿਲ ਨਹੀਂ ਹਾਂ ਤਾਂ ਸਮਾਜ ਗ਼ਲਤ ਨਜ਼ਰ ਤੋਂ ਦੇਖਦਾ ਹੈ।

ਇਕ ਛੋਟਾ ਬੱਚਾ ਆਪਣੇ ਜੈਂਡਰ ਨੂੰ ਲੈ ਕੇ ਚੁੱਪ ਹੈ ਜਾਂ ਅਣਜਾਣ ਹੈ। ਇਸ ਲਈ ਬਚਪਨ ਤੋਂ ਹੀ ਅਨੇਕ ਕਿਸਮ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਹੋ ਜਾਂਦੇ ਹਨ। ਬਚਪਨ ਦੇ ਰੰਗ-ਬਿਰੰਗੇ ਸੁਪਨੇ ਪਰਿਵਾਰ ਵਾਲਿਆਂ ਦੇ ਵਿਵਹਾਰ ਕਾਰਨ ਟੁੱਟ ਜਾਂਦੇ ਹਨ। ਬਾਲ ਮਨ ਇਸ ਤੋਂ ਅਨਜਾਣ ਹੈ ਕਿ ਇਨ੍ਹਾਂ ਦਾ ਜੈਂਡਰ ਕੀ ਹੈ ?ਇੱਥੋਂ ਤੱਕ ਵੀ ਨਹੀਂ ਪਤਾ ਕਿ ਉਹ ਆਪਣੇ-ਆਪ ਨੂੰ ਕਿਸ ਜੈਂਡਰ ਦੀ ਸ਼੍ਰੇਣੀ ਵਿਚ ਸ਼ਾਮਿਲ ਕਰਨ। ਸਮੇਂ ਦੇ ਅਨੁਸਾਰ ਚੱਲਦੇ-ਚੱਲਦੇ ਇਨ੍ਹਾਂ ਦੇ ਹਾਵ-ਭਾਵ ਵਿਚ ਪਰਿਵਰਤਨ ਦਿਖਾਈ ਦਿੰਦਾ ਹੈ। ਇਨ੍ਹਾਂ ਦੇ ਉੱਠਣ-ਬੈਠਣ ਦੇ ਤਰੀਕੇ ਉੱਪਰ ਸਮਾਜ ਨਜ਼ਰ ਰੱਖਦਾ ਹੈ।ਮਰਦ ਨੂੰ ਮਰਦ ਅਤੇ ਇਸਤਰੀ ਨੂੰ ਇਸਤਰੀ ਦੀ ਤਰ੍ਹਾਂ ਰਹਿਣ ਦਾ ਨਿਯਮ ਸਮਾਜ ਤੈਅ ਕਰਦਾ ਹੈ ਪਰ ਕਿੰਨਰ ਦੇ ਲਈ ਵੱਖਰੇ ਸਮਾਜਿਕ ਨਿਯਮ ਕਿਓ ਹਨ ?

ਕਿੰਨਰਾਂ ਦੇ ਜਨਮ ਸਮੇਂ ਹੀ ਪਰਿਵਾਰ ਵਿਚ ਨਮੋਸ਼ੀ ਛਾ ਜਾਂਦੀ ਹੈ ਅਤੇ ਦੂਜੇ ਪਾਸੇ ਜਨਮ ਤੋਂ ਬਾਅਦ ਹੀ ਮਾਪੇ ਇਨ੍ਹਾਂ ਨੂੰ ਕਿੰਨਰਾਂ ਦੇ ਡੇਰਿਆਂ ਵਿਚ ਪਹੁੰਚਾ ਦਿੰਦੇ ਹਨ। ਕਿੰਨਰ ਵਰਗ ਦੇ ਆਗੂ ਵੀ ਆਪਣੀ ਬਰਾਦਰੀ ਦੇ ਬੱਚਿਆਂ ਨੂੰ ਆਮ ਪਰਿਵਾਰਾਂ ਵਿਚ ਰਹਿਣ ਨਹੀਂ ਦਿੰਦੇ। ਜਨਮ ਸਮੇਂ ਹੀ ਸਮਾਜ ਇਨ੍ਹਾਂ ਨਾਲ ਵਿਤਕਰਾ ਸ਼ੁਰੂ ਕਰ ਦਿੰਦਾ ਹੈ। ਪੰਜਾਬੀ ਸਾਹਿਤ ਵਿਚ ਕਿੰਨਰ ਸਮਾਜ ਦੀ ਗੱਲ ਸਭ ਤੋਂ ਪਹਿਲਾ ਖੁਸ਼ਵੰਤ ਸਿੰਘ ਨੇ ਆਪਣੇ ਇਤਿਹਾਸਕ ਨਾਵਲ 'ਦਿੱਲੀ' ਵਿਚ ਪੈਦਾਇਸ਼ੀ ਹਿਜੜਿਆਂ ਬਾਰੇ ਕੀਤੀ ਹੈ। ਨਾਵਲੀ ਕਥਾ ਅਨੁਸਾਰ ਪਾਤਰ ਭਾਗਮਤੀ ਦੇ ਜਨਮ ਸਮੇਂ ਹੀ ਡਾਕਟਰ ਫ਼ੈਸਲਾ ਕਰ ਨਹੀਂ ਪਾਉਂਦਾ ਕਿ ਇਸ ਨੂੰ ਕਿਸ ਸ਼੍ਰੇਣੀ ਵਿਚ ਰੱਖਿਆ ਜਾਵੇ।

> 'ਉਹਦੇ ਮਾਪਿਆਂ ਦੇ ਪਹਿਲਾਂ ਹੀ ਤਿੰਨ ਲੜਕੇ ਸਨ। ਇਸ ਕਰਕੇ ਉਨ੍ਹਾਂ ਚੌਥੇ ਬੱਚੇ ਦਾ ਕੁੜੀਆਂ ਵਾਲਾ ਨਾਮ ਭਾਗਮਤੀ ਰੱਖ ਦਿੱਤਾ। (42)

ਸਮਾਜ ਵਿਚ ਜੇਕਰ ਕਿੰਨਰ ਬਰਾਦਰੀ ਦਾ ਬੱਚਾ ਪੈਦਾ ਹੁੰਦਾ ਹੈ ਤਾਂ ਇਹ ਬਰਾਦਰੀ ਬੱਚੇ ਨੂੰ ਛੱਡਦੀ ਨਹੀਂ ਹੈ। ਇਹ ਹਰ ਹੀਲੇ ਇਸ ਬੱਚੇ ਨੂੰ ਪ੍ਰਾਪਤ ਕਰਦੇ ਹਨ। ਭਾਗਮਤੀ ਦੇ ਜਨਮ ਵੇਲੇ ਵੀ ਇਸ ਤਰ੍ਹਾਂ ਹੀ ਵਾਪਰਦਾ ਹੈ। ਭਾਗਮਤੀ ਦੇ ਮਗਰੋਂ ਉਹਦੀ ਮਾਂ ਨੂੰ ਦੋ ਹੋਰ ਬੱਚੇ ਜਨਮੇ। ਉਹ ਦੋਵੇਂ ਕੁੜੀਆਂ ਸਨ। ਕਈ ਮਾਪੇ ਤਾਂ ਅਜਿਹੇ ਬੱਚਿਆਂ ਦੇ ਜਨਮ ਵੇਲੇ ਹੀ ਡੇਰੇ ਛੱਡ ਦਿੰਦੇ ਹਨ। ਭਾਗਮਤੀ ਦੇ ਜਣਨ ਅੰਗਾਂ ਬਾਰੇ ਕੁਝ ਸਪਸ਼ਟ ਨਹੀਂ ਹੁੰਦਾ। ਜਿਸ ਕਾਰਨ ਮਾਪੇ ਉਲਝਣ ਵਿਚ ਹਨ ਕਿ ਸੱਚਮੁੱਚ ਹੀ ਇਹ ਬੱਚਾ ਕਿੰਨਰ ਹੈ। ਜਦੋਂ ਡਾਕਟਰ ਨੂੰ ਵਿਖਾਇਆ ਜਾਂਦਾ ਹੈ ਤਾਂ ਡਾਕਟਰ ਉਸ ਦੀ ਜਣਨ ਇੰਦਰੀ ਦੇਖ ਕੇ ਕਹਿੰਦਾ ਹੈ ਕਿ -

ਮੈਂ ਪੱਕੀ ਤਰ੍ਹਾਂ ਕੁਝ ਨਹੀਂ ਦੱਸ ਸਕਦਾ। ਇਹ ਥੋੜ੍ਹਾ ਥੋੜ੍ਹਾ ਦੋਵੇਂ ਕੁਝ ਹੈ। ਭਾਗਮਤੀ ਦੀ ਉਮਰ ਉਸ ਵੇਲੇ ਚਾਰ ਸਾਲ ਸੀ। ਜਦੋਂ ਉਨ੍ਹਾਂ ਦੇ ਆਖ਼ਰੀ ਬੱਚੇ ਮਗਰੋਂ ਹਿਜੜਿਆਂ ਦੀ ਟੋਲੀ ਉਨ੍ਹਾਂ ਦੇ ਘਰ ਆਈ ਤਾਂ ਉਹਦੇ ਪਿਤਾ ਨੇ ਉਨ੍ਹਾਂ ਨੂੰ 21 ਰੁਪਏ ਦਿੰਦਿਆਂ ਕਿਹਾ ਹੁਣ ਮੇਰੇ ਤਿੰਨ ਲੜਕੇ ਤੇ ਦੋ ਲੜਕੀਆਂ। ਤੁਸੀਂ ਇਹ ਲੈ ਜਾਓ। ਇਹ ਤੁਹਾਡੇ ਵਰਗੀ ਹੀ ਹੈ। ਇਹ ਆਖਦਿਆਂ ਹੀ ਭਾਗਮਤੀ ਦਾ ਪਿਉ ਘਰ ਦੇ ਇਕ ਕਮਰੇ ਵਿਚ ਵੜ ਗਿਆ ਤੇ ਬੂਹਾ ਬੰਦ ਕਰ ਲਿਆ। ਬਾਹਰ ਉਸ ਦੇ ਉੱਚੀ –ਉੱਚੀ ਰੋਣ ਦੀ ਅਵਾਜ਼ ਤੇ ਰੱਬ ਨੂੰ ਨਿਹੋਰੇ ਦੇਣ ਦੇ ਬੋਲ ਸੁਣ ਰਹੇ ਸਨ।(42)

ਖੁਸ਼ਵੰਤ ਸਿੰਘ ਦੇ ਨਾਵਲ ਤੋਂ ਕਿੰਨਰ ਸਮਾਜ ਦੇ ਕਈ ਪੱਖ ਤੇ ਨਿਯਮ ਸਪਸ਼ਟ ਹੁੰਦੇ ਹਨ। ਇਨ੍ਹਾਂ ਦਾ ਆਪਣਾ ਵੱਖਰਾ ਸਮਾਜਿਕ ਪ੍ਰਬੰਧ ਅਤੇ ਜੀਵਨ ਨੇਮ ਹਨ, ਜੋ ਇਕ ਬਰਾਦਰੀ ਦੇ ਰੂਪ ਵਿਚ ਇਨ੍ਹਾਂ ਨੇ ਨਿਰਧਾਰਿਤ ਕੀਤੇ ਹੋਏ ਹਨ। ਜਿਸ ਤਰ੍ਹਾਂ ਆਪਣੀ ਬਰਾਦਰੀ ਦੇ ਬੱਚੇ ਨੂੰ ਆਮ ਸਮਾਜ ਵਿਚੋਂ ਹਰ ਹੀਲੇ ਵੱਖ ਕਰਕੇ ਆਪਣੇ ਸਿਰਜੇ ਕਿੰਨਰ ਸਮਾਜ ਜਾਂ ਬਰਾਦਰੀ ਵਿਚ ਲੈ ਜਾਣਾ ਹੁੰਦਾ ਹੈ। ਉਨ੍ਹਾਂ ਦੀ ਪਰਵਰਿਸ਼ ਆਪਣੇ ਸਮਾਜ ਵਿਚ ਸਿਰਜੇ ਨਿਯਮ ਅਨੁਸਾਰ ਹੀ ਕਰਨੀ ਹੁੰਦੀ ਹੈ। ਕਿੰਨਰ ਸਮਾਜ ਦੇ ਲੋਕ ਜਿੱਥੇ ਇਕੱਠੇ ਹੋ ਕੇ ਇਕ ਸਮੂਹ ਵਿਚ ਰਹਿੰਦੇ ਹਨ , ਉਸ ਥਾਂ ਨੂੰ ਡੇਰਾ ਕਿਹਾ ਜਾਂਦਾ ਹੈ। ਸਭਿਅਕ ਸਮਾਜ ਵਿਚ ਜਿਸ ਤਰ੍ਹਾਂ ਹਰ ਮੈਂਬਰ ਆਪਣੇ ਘਰ ਦੇ ਨਿਯਮ ਅਨੁਸਾਰ ਜੀਵਨ ਵਾਸ ਕਰਦਾ ਹੈ , ਉਸੇ ਤਰ੍ਹਾਂ ਡੇਰੇ ਵਿਚ ਆਉਣ ਵਾਲੇ ਬੱਚੇ ਦਾ ਪਾਲਣ-ਪੋਸ਼ਣ ਡੇਰੇ ਦੀ ਜੀਵਨ-ਸ਼ੈਲੀ ਅਨੁਸਾਰ ਕੀਤਾ ਜਾਂਦਾ ਹੈ ।

ਪੰਜਾਬੀ ਸਾਹਿਤ ਵਿਚ ਨਾਵਲਕਾਰ ਖੁਸ਼ਵੰਤ ਸਿੰਘ ਸਭ ਤੋਂ ਪਹਿਲਾ ਪੈਦਾਇਸ਼ੀ ਹਿਜੜਿਆਂ ਦੇ ਬਾਰੇ ਜ਼ਿਕਰ ਕਰਨ ਵਾਲਾ ਪਹਿਲਾ ਸਾਹਿਤਕਾਰ ਹੈ। ਦੂਸਰੇ ਪਾਸੇ ਨਾਵਲਕਾਰ ਧਰਮ ਕੰਮੇਆਣਾ ਆਪਣੀ ਰਚਨਾ ਵਿਚ ਇਕ ਹੋਰ ਕਿਸਮ ਦੀ ਚਰਚਾ ਛੇੜਦੇ ਹਨ। ਉਹ ਕਿਸਮ ਪੈਦਾਇਸ਼ੀ ਜਾਂ ਕੁਦਰਤੀ/ਪ੍ਰਕਿਰਤੀ ਕਮੀ ਤੋਂ ਵਿਪਰੀਤ ਖ਼ੁਦ ਡਾਕਟਰੀ ਮਦਦ ਨਾਲ ਪੈਦਾ ਕੀਤੀ ਕਮੀ ਹੈ। ਧਰਮ ਕੰਮੇਆਣਾ 'ਉਖੜੇ ਸੁਰ' ਨਾਵਲ ਵਿਚ ਕਿੰਨਰਾਂ ਦੀਆਂ ਕਿਸਮਾਂ ਬਾਰੇ ਬਿਆਨ ਕਰਦੇ ਹਨ। ਸਮਾਜ ਵਿਚ ਕੁਝ ਖੁਸਰੇ ਤਾਂ ਜਨਮ ਤੋਂ ਹੀ ਹੁੰਦੇ ਪਰ ਕੁਝ ਆਪਣੀਆਂ ਆਰਥਿਕ ਲੋੜਾਂ ਕਾਰਨ ਵੀ ਬਣ ਜਾਂਦੇ ਹਨ। ਬੇਸ਼ੱਕ ਨਾਵਲਕਾਰ ਆਪਣੇ ਇਸ ਨਾਵਲ ਵਿਚ ਆਰਥਿਕ ਲੋੜਾਂ ਦੇ ਸਤਾਏ ਲੋਕ ਜੋ ਕਿ ਕਿੰਨਰਾਂ ਦੇ ਨਾਲ ਰਲ ਜਾਂਦੇ ਹਨ ਦਾ ਜ਼ਿਕਰ ਕਰਨ ਤੱਕ ਹੀ ਸੀਮਤ ਰਹਿੰਦੇ ਹਨ। ਨਾਵਲੀ ਕਥਾ ਵਿਚੋਂ ਬਿਆਨ ਹੁੰਦਾ ਹੈ ਕਿ–

ਖੁਸਰੇ ਦੋ ਪ੍ਰਕਾਰ ਦੇ ਹੁੰਦੇ ਹਨ , ਇਕ ਤਾਂ ਜਮਾਂਦਰੂ ਤੇ ਦੂਜੇ ਖ਼ੁਦ ਹੀ ਬਣੇ। ਜਮਾਂਦਰੂ ਖੁਸਰੇ ਵੀ ਦੋ ਪ੍ਰਕਾਰ ਦੇ ਹੁੰਦੇ ਹਨ , ਖੁਸਰੇ ਤੇ ਖੁਸਰੀ। ਜਦ ਮਾਂ ਦੇ ਗਰਭ ਅੰਦਰ ਵਿਗਸ ਰਿਹਾ ਨਰ-ਭਰੂਣ ਕਿਸੇ ਵਿਗਾੜ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਦੀਆਂ ਜਣਨ-ਇੰਦਰੀਆਂ ਸਹੀ ਤਰ੍ਹਾਂ ਵਿਕਸਤ ਨਹੀਂ ਹੁੰਦੀਆਂ ਤਾਂ ਉਹ ਖੁਸਰਾ ਬਣ ਜਾਂਦਾ ਹੈ। ਉਸ ਦੇ ਨਾਲੇ ਦੇ ਬੰਨ੍ਹ ਤੋਂ ਥੱਲੇ , ਲਿੰਗ ਦੀ ਥਾਂ ਪਿਸ਼ਾਬ ਕਰਨ ਲਈ ਮਾਸ ਦਾ ਇਕ ਨਿਸ਼ਾਨ ਜਿਹਾ ਹੀ ਹੁੰਦਾ ਹੈ। ਉਂਜ ਉਸ ਦੀ ਅਵਾਜ਼ ਤੇ ਡੀਲ-ਉਸ ਦੀਆਂ ਜਣਨ-ਇੰਦਰੀਆਂ ਇਸਤ੍ਰੀਆਂ ਵਾਂਗ ਵਿਕਸਤ ਨਾ ਹੋ ਸਕਣ ਤਾਂ ਉਹ ਖੁਸਰੀ ਦੇ ਰੂਪ ਵਿਚ ਜਨਮ ਲੈਂਦੀ ਹੈ। ਖੁਸਰੀ ਦੀ ਡੀਲ-ਡੌਲ ਤੇ ਅਵਾਜ਼ ਵਿਚ ਔਰਤਾਂ ਵਾਲੇ ਲੱਛਣ ਹੁੰਦੇ ਹਨ। ਆਪੇ ਬਣੇ ਖੁਸਰੇ ਉਹ ਹੁੰਦੇ ਹਨ ਜੋ ਸਰਜਰੀ ਰਾਹੀਂ ਆਪਣਾ ਲਿੰਗ ਕਟਾ ਕੇ ਇਹ ਰੂਪ ਅਖ਼ਤਿਆਰ ਕਰ ਲੈਂਦੇ ਹਨ। ਕਿਹਾ ਜਾਂਦਾ ਹੈ ਕਿ ਇਹਨਾਂ ਵਿਚ ਕਈ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਨਸ਼ੇ ਆਦਿ ਨਾਲ ਬੇਹੋਸ਼ ਕਰਕੇ , ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਹੀ ਖੁਸਰੇ ਬਣ ਦਿੱਤਾ ਜਾਂਦਾ ਹੈ।(17)

ਕਿੰਨਰਾਂ ਦੀਆਂ ਕਿਸਮਾਂ ਨੂੰ ਵਿਸਤਾਰਮਈ ਕਰਦਿਆਂ ਇਸੇ ਤਰ੍ਹਾਂ ਦੀ ਜਾਣਕਾਰੀ ਮਹਿੰਦਰ ਭੀਸ਼ਮ ਦੇ ਨਾਵਲ 'ਕਿੰਨਰ ਕਥਾ' ਵਿਚ ਇਨ੍ਹਾਂ ਦੀ ਗਿਣਤੀ ਚਾਰ ਮਿਥੀ ਹੈ, ਬਹੁਚਰਾ, ਨੀਲਮਾ, ਮਨਸਾ ਅਤੇ ਹੰਸਾ। ਇਨ੍ਹਾਂ ਸੰਬੰਧੀ ਜਾਣਕਾਰੀ ਨਿਮਨਲਿਖਤ ਵਾਰਤਾਲਾਪ ਤੋਂ ਸਪਸ਼ਟ ਹੁੰਦੀ ਹੈ:

ਲਿੰਗ ਛੇਦ ਕਰ ਬਣਾਏ ਗਏ ਹੀਜੜੇ ਨੂੰ 'ਛਿਬਰਾ ' ਅਤੇ ਨਕਲੀ ਹੀਜੜਾ ਬਣੇ ਮਰਦ ਨੂੰ 'ਅਬੁਆ ' ਕਿਹਾ ਜਾਂਦਾ ਹੈ। ਹਮ ਚਾਰੋ ਬੁਚਰਾ ਹੈਂ ਜਨਾਬ ! ਬੁਚਰਾ ਜਨਮਜਾਤ ਹੀਜੜਾ ਹੁੰਦੇ ਨੇ, ਨੀਲਮਾ ਖ਼ੁਦ ਬਣੇ, ਮਨਸਾ ਇੱਛਾ ਦੇ ਨਾਲ ਸ਼ਾਮਲ ਅਤੇ ਹੰਸਾ ਸਰੀਰਕ ਕਮੀ ਦੇ ਕਾਰਨ ਬਣੇ ਹੀਜੜੇ ਹੈ। (90)

ਉਪਰੋਕਤ ਕਿਸਮਾਂ ਬਾਰੇ ਡਾ.ਐਮ .ਫ਼ਿਰੋਜ਼ ਅਹਿਮਦ ਅਤੇ ਮੋ.ਸ਼ਮੀਮ, ਵੱਲੋ 'ਸ਼ਬਦ' ਮੈਗਜ਼ੀਨ ਜੁਲਾਈ – ਸਤੰਬਰ, 2017, ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਮਨੀਸ਼ਾ ਮਹੰਤ ਨੇ ਇਸ ਗੱਲ ਨੂੰ ਸਵੀਕਾਰ ਕੀਤਾ ਹੈ:

> ਕਿੰਨਰਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ ਜਿਵੇਂ 'ਬਹੁਚਰਾ, ਨੀਲਮਾ, ਮਨਸਾ ਅਤੇ ਹੰਸਾ ਆਦਿ। ਇਨ੍ਹਾਂ ਚਾਰਾਂ ਵਿਚੋਂ ਬਹੁਚਰਾ ਹੀ ਅਸਲੀ ਕਿੰਨਰ ਹੁੰਦੇ ਹਨ। ਬਹੁਚਰਾ ਕਿੰਨਰ ਉਨ੍ਹਾਂ ਕਿੰਨਰਾਂ ਨੂੰ ਕਿਹਾ ਜਾਂਦਾ ਹੈ ਜੋ ਡੇਰਿਆਂ 'ਚ ਰਹਿੰਦੇ ਹਨ ਜਾਂ ਗੱਦੀਨਸ਼ੀਨ ਹੁੰਦੇ ਹਨ ਅਤੇ ਇਹ ਕਿੰਨਰ ਹੀ ਅਸਲੀ ਕਿੰਨਰ ਹੁੰਦੇ ਹਨ। (49)

ਉਪਰੋਕਤ ਵਿਚਾਰ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਪੈਦਾਇਸ਼ੀ ਕਿੰਨਰਾਂ ਤੋਂ ਬਿਨਾਂ ਵੀ ਕਿੰਨਰਾਂ ਦੀ ਕਿਸਮ ਮਿਲਦੀ ਹੈ। ਜਨਮਜਾਤ ਕਿੰਨਰਾਂ ਨੂੰ ਮਾਪੇ ਕਿੰਨਰਾਂ ਦੇ ਡੇਰੇ ਛੱਡ ਦਿੰਦੇ ਹਨ। ਸਮਾਜ ਵਿਚ ਅਜਿਹੀ ਕੋਈ ਉਦਾਹਰਨ ਨਹੀਂ ਮਿਲਦੀ ਕਿ ਜਿੱਥੇ ਕਿੰਨਰ ਬੱਚਾ ਪਰਿਵਾਰ ਵਿਚ ਰਹਿੰਦਾ ਹੋਵੇ। ਜਨਮ ਤੋਂ ਬਾਅਦ ਡੇਰਾ ਹੀ ਇਨ੍ਹਾਂ ਦਾ ਪਾਲਣ-ਪੋਸ਼ਣ ਕਰਦਾ ਹੈ। ਇਸ ਤੋਂ ਬਿਨਾਂ ਕੁਝ ਆਰਥਿਕ ਥੁੜਾਂ ਦੇ ਕਾਰਨ ਵੀ ਕਿੰਨਰ ਬਣ ਜਾਂਦੇ ਹਨ। ਜਮਾਂਦਰੂ ਕਿੰਨਰ ਵੀ ਨਰ ਤੇ ਮਾਦਾ ਰੂਪ ਵਿਚ ਮਿਲਦੇ ਹਨ। ਹਰਬੰਸ ਸਿੰਘ ਧੀਮਾਨ ਵੱਲੋਂ ਅਨੁਵਾਦ ਕੀਤੀ ਪੁਸਤਕ'ਤੀਸਰੀ ਜਿਨਸ' ਵਿਚ ਪ੍ਰਕਾਸ਼ਿਤ ਇੰਟਰਵਿਊ ਅਨੁਸਾਰ ਇਕਬਾਲ ਹੀਜੜੇ ਨੇ ਵੀ ਇਸ ਦਾ ਖ਼ੁਲਾਸਾ ਕੀਤਾ ਕਿ-

> ਹਾਂ ਹੀਜੜਿਆਂ ਦੀ ਦੋ ਜਾਂ ਤਿੰਨ ਕਿਸਮਾਂ ਹੁੰਦੀਆਂ ਹਨ ਇਕ ਤਾਂ ਉਹ ਹੈ ਕਿ ਬਿਲਕੁਲ ਮਾਂ ਢਿੱਡ ਤੋਂ ਪੈਦਾ ਹੁੰਦੀ ਹੈ ਮਾਦੀ। ' ਮਾਦੀ ' ਉਹ ਨਸਲ ਹੁੰਦੀ ਹੈ ਜਿਸ ਵਿਚ ਉਹ ਬਿਲਕੁਲ ਔਰਤ ਜਿਹੀ ਹੁੰਦੀ ਹੈ , ਉਸ ਵਿਚ ਪੇਸ਼ਾਬ ਲਈ ਮਰਦਾਨਾ ਅਜੂ ਨਹੀਂ ਹੁੰਦਾ , ਸੁਰਾਖ ਹੁੰਦਾ ਹੈ। ਇਕ ਦੂਸਰੀ ਨਸਲ ਹੁੰਦੀ ਹੈ , ਕਿ ਉਨ੍ਹਾਂ ਦਾ ਹੁੰਦਾ ਹੈ ,ਲੇਕਿਨ ਉਹ ਕੰਮ ਦਾ ਨਹੀਂ ਹੁੰਦਾ

। ਤੀਸਰੀ ਨਸਲ ਜੋ ਹੈ ' ਜ਼ਨਾਨੇ ' ਹਨ , ਉਨ੍ਹਾਂ ਦਾ ਸਭ ਕੁਝ ਹੁੰਦਾ ਹੈ , ' ਕੰਮ ' ਵੀ ਕਰਦੇ ਹਨ , ਖਾਂਦੇ ਵੀ ਹਨ , ਮਗਰ ਉਨ੍ਹਾਂ ਦਾ ਚਲਣਾ ਫਿਰਨਾ , ਕੰਮ ਧੰਦਾ ਸਾਰਾ ਸਾਡੇ ਜਿਹਾ ਹੁੰਦਾ ਹੈ ।(90)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਹਿਜੜਿਆਂ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ । ਨਰ ਤੇ ਮਾਦਾ ਦੇ ਰੂਪ ਵਿਚ ਮਿਲਦੀ ਜੋ ਕਿ ਜਨਮ ਤੋਂ ਹੀ ਨਿਸ਼ਚਿਤ ਹੁੰਦਾ ਹੈ । ਇਸ ਤੋਂ ਬਿਨਾਂ ਜਿਨ੍ਹਾਂ ਵਿਚ ਇਹ ਲੱਛਣ ਪਾਏ ਜਾਂਦੇ ਹਨ । ਆਮ ਭਾਸ਼ਾ ਵਿਚ ਉਨ੍ਹਾਂ ਨੂੰ ਅਸੀਂ ਨਚਾਰ ਵੀ ਕਹਿ ਦਿੰਦੇ ਹਾਂ । ਇਹ ਸ਼ਾਦੀ-ਸ਼ੁਦਾ ਤੇ ਬਾਲ-ਬੱਚੇ ਵਾਲੇ ਹੁੰਦੇ ਹਨ । ਇਸ ਤੋਂ ਇਲਾਵਾ ਜੋ ਆਪਣੇ ਆਰਥਿਕ ਕਾਰਨਾਂ ਕਰਕੇ ਲਿੰਗ ਕਟਾ ਕੇ ਵੀ ਇਸ ਸਮਾਜ ਵਿਚ ਸ਼ਾਮਲ ਹੋ ਜਾਂਦੇ ਹਨ । ਪਿਛਲੇ ਕੁਝ ਸਾਲਾਂ ਤੋਂ ਇਸ ਸਮਾਜ ਦੇ ਵਿਚ ਨਕਲੀ ਹਿਜੜਿਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਉਨ੍ਹਾਂ ਦੇ ਲਿੰਗ ਨੂੰ ਕੱਟ ਕੇ ਵੀ ਇਸ ਸਮਾਜ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ ।

ਖੁਸ਼ਵੰਤ ਸਿੰਘ ਦੇ ਨਾਵਲ ਦੀ ਤਰਜ਼ ਤੇ ਹੀ ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ' ਵਿਚਲੀਆਂ ਘਟਨਾਵਾਂ ਜਨਮ ਨਾਲ ਸੰਬੰਧਿਤ ਹਨ । ਸਮਾਜ ਵਿਚ ਤੀਜੀ ਧਿਰ ਦੇ ਜਨਮ ਨੂੰ ਸ਼ੁੱਭ ਨਹੀਂ ਮੰਨਿਆ ਜਾਂਦਾ ਹੈ । ਸਮਾਜ ਵਿਚ ਕੋਈ ਪਰਿਵਾਰ ਨਹੀਂ ਚਾਹੁੰਦਾ ਹੈ ਕਿ ਉਨ੍ਹਾਂ ਦੇ ਘਰ ਕਿੰਨਰ ਬੱਚਾ ਪੈਦਾ ਹੋਵੇ । ਜੇਕਰ ਕਿਸੇ ਪਰਿਵਾਰ ਵਿਚ ਅਜਿਹਾ ਵਾਪਰਦਾ ਹੈ ਤਾਂ ਪਰਿਵਾਰ ਤੇ ਕਹਿਰ ਟੁੱਟ ਪੈਂਦਾ ਹੈ । ਬਲਜੀਤ ਪਪਨੇਜਾ ਦੇ ਨਾਵਲ ' ਸੰਤਾਪ ' ਵਿਚ ਇਹੀ ਵਾਪਰਦਾ ਦਿਖਾਇਆ ਗਿਆ ਹੈ । ਨਾਵਲ ਦੇ ਪਾਤਰ ਵੱਸਣ ਸਿੰਘ , ਉਸ ਦੀ ਪਤਨੀ ਚਰਨੋਂ ਅਤੇ ਪੰਜ ਸਾਲਾਂ ਪੁੱਤਰ ਨਾਲ ਵਧੀਆ ਜ਼ਿੰਦਗੀ ਬਤੀਤ ਰਹੇ ਸਨ । ਦੋਵੇਂ ਪਤੀ-ਪਤਨੀ ਦੂਸਰੇ ਬੱਚੇ ਬਾਰੇ ਸੋਚਦੇ ਹਨ ਕਿ ਮੁੰਡਾ ਤਾਂ ਰੱਬ ਨੇ ਦਿੱਤਾ ਜੇ ਹੁਣ ਕੁੜੀ ਹੋ ਜਾਵੇ ਤਾਂ ਪਰਿਵਾਰ ਪੂਰਨ ਬਣ ਜਾਵੇ । ਸਮਾਜ ਵਿਚ ਮੁੰਡਾ ਕੁੜੀ ਦੀ ਇੱਛਾ ਤਾਂ ਹਰ ਕੋਈ ਕਰਦਾ ਹੈ , ਪਰ ਤੀਸਰੀ ਧਿਰ ਬਾਰੇ ਤਾਂ ਸ਼ਾਇਦ ਕਿਸੇ ਨੇ ਆਪਣੇ ਮਨ ਵਿਚ ਵੀ ਕੋਈ ਕਲਪਨਾ ਨਹੀਂ ਕੀਤੀ । ਸੋ ਇਸ ਨਾਵਲ ਵਿਚ ਜਦੋਂ ਨਾਵਲਕਾਰ ਦਾਈ ਵੱਲੋਂ ਇਹ ਸੰਕੇਤ ਜ਼ਹਿਰ ਕਰਦਾ ਹੈ ਕਿ ਦਾਈ ਨੇ ਕਿਹਾ ਕਿ-

> ਚਰਨ ਕੌਰੇ ਮੈਂ ਤਾਂ ਸਿਰਫ਼ ਏਨਾ ਹੀ ਕਹਾਂਗੀ ਕਿ ਰੱਬ ਭਾਵੇਂ ਮੁੰਡਾ ਦੇਵੇ ਤੇ ਭਾਵੇ ਕੁੜੀ---ਪਰ ਕਿਸੇ ਦੇ ਘਰ ਤੀਜੀ ਚੀਜ਼ ਨਾ ਦੇਦੇ --- ਕਹਿ ਕੇ ਮਾਸੀ ਨੇ ਚਰਨ ਕੌਰ ਦਾ ਸਿਰ ਪਲੋਸਿਆ ਤੇ ਅੱਗੇ ਲੰਘ ਗਈ । (20)

ਸਮਾਜ ਵਿਚ ਮੁੰਡੇ ਦੇ ਜਨਮ ਸਮੇਂ ਕਿੰਨਰ ਨੱਚਣ ਆਉਂਦੇ ਹਨ । ਕਿੰਨੀ ਅਜੀਬ ਗੱਲ ਹੈ ਕਿ ਇਸ ਦੁਨੀਆ ਵਿਚ ਜੋ ਕਾਰਜ ਉਹ ਆਪ ਨਹੀਂ ਕਰ ਸਕਦੇ , ਉਸ ਦੀ ਖ਼ੁਸ਼ੀ ਮਨਾਉਣ ਲਈ ਦੂਜਿਆਂ ਦੇ ਘਰਾਂ ਵਿਚ ਵਧਾਈ ਲੈਣ ਲਈ ਜਾਂਦੇ ਹਨ । ਇਸ ਸਮੇਂ ਉਹ ਇਹ ਵੀ ਦੇਖਦੇ ਹਨ ਕਿ ਪੈਦਾ ਹੋਣ ਵਾਲਾ ਬੱਚਾ ਕਿਤੇ ਸਾਡੀ ਅੰਸ਼ ਤਾਂ ਨਹੀਂ । ਜੇਕਰ ਬੱਚਾ ਉਨ੍ਹਾਂ ਦੀ ਬਰਾਦਰੀ ਵਿਚੋਂ ਹੋਵੇ ਤਾਂ ਉਹ ਅਖੀਰ ਇਸ ਨੂੰ ਆਪਣੇ ਸਮਾਜ ਵਿਚ ਸ਼ਾਮਿਲ ਕਰ ਲੈਂਦੇ ਹਨ । ਅਜਿਹਾ ਹੀ ਇਸ ਨਾਵਲ ਵਿਚ ਵਾਪਰਦਾ ਦਿਖਾਇਆ ਗਿਆ ਹੈ । ਨਾਵਲ ਦੀ ਪਾਤਰ ਚਰਨ ਕੌਰ ਦੇ ਘਰ ਤੀਜੀ ਧਿਰ ਜੰਮਦੀ ਹੈ, ਉਸ ਸਮੇਂ ਉਸਦੀ  ਦੀ ਮਾਨਸਿਕ ਹਾਲਤ ਡਾਵਾਂ-ਡੋਲ ਹੋ ਜਾਂਦੀ ਹੈ । ਅਸਲ ਵਿਚ ਇਸ ਤਰ੍ਹਾਂ ਦੇ ਬੱਚਿਆ ਦਾ ਦਾਈਆ ਨੂੰ ਜਨਮ ਸਮੇਂ ਹੀ ਪਤਾ ਲੱਗ ਜਾਂਦਾ ਹੈ ਜਿਵੇਂ ਕਿ-

> ਸੱਚ ਗੱਲ ਤਾਂ ਇਹ ਹੈ ਕਿ ਬੱਚਾ ਖੁਸਰਾ ਪੈਦਾ ਹੋਇਆ ਸੀ ਤੇ ਦਾਈ ਇਸ ਮੌਕੇ ਚਰਨ ਕੌਰ ਨੂੰ ਕੁਝ ਵੀ ਦੱਸਣਾ ਮੁਨਾਸਬ ਨਹੀਂ ਸੀ ਸਮਝਦੀ ।---ਵੱਸਣ ਸਿਹਾਂ---ਅਸਲ ਵਿਚ ਇਹ ਬੱਚਾ ਨਾ ਮੁੰਡਾ ਏ ਤੇ ਨਾ--- ਅਜੇ ਦਾਈ ਦਾ ਵਾਕ ਪੂਰਾ ਵੀ ਨਹੀਂ ਸੀ ਹੋਇਆ ਕਿ ਚਰਨ ਕੌਰ ਨੇ ਝੱਟ ਬੱਚੇ ਦਾ ਪੋਤੜਾ ਲਾ ਕੇ ਪਰ੍ਹਾਂ ਸੁੱਟਿਆ ਤੇ ਉਹਦੇ ਮੂੰਹੋਂ ਚੀਕ ਨਿਕਲ ਗਈ । --(24)

ਬੇਸ਼ੱਕ ਵੱਸਣ ਸਿੰਘ ਅਤੇ ਚਰਨੋਂ ਬੱਚੇ ਦੇ ਖੁਸਰੇ ਹੋਣ ਸੰਬੰਧੀ ਘੋਰ ਚਿੰਤਾ ਵਿਚ ਘਿਰ ਗਏ ਸਨ , ਪਰ ਬੱਚਾ ਤਾਂ ਪੂਰੇ ਨੌਂ ਮਹੀਨੇ ਆਪਣੀ ਮਾਂ ਦੇ ਪੇਟ ਵਿਚ ਰਿਹਾ ਸੀ । ਉਸ ਨੂੰ ਪੈਦਾ ਕਰਨ ਸਮੇਂ ਵੀ ਮਾਂ ਨੇ ਉਹੀ ਜੰਮਣ ਪੀੜਾ ਸਹੀਆਂ ਸਨ ਜੋ ਆਮ ਬੱਚੇ ਦੀ ਮਾਂ ਸਹਿੰਦੀ ਹੈ । ਇਸ ਲਈ ਮਾਂ ਦੀਆਂ ਬੱਚੇ ਨਾਲ ਜੁੜੀਆਂ ਮੋਹ ਦੀਆਂ ਤੰਦਾਂ ਉਸ ਨੂੰ ਆਪਣੇ ਤੋਂ ਦੂਰ ਨਹੀਂ ਕਰਨਾ ਚਾਹੁੰਦੀਆਂ ਸਨ । ਇਸ ਲਈ ਜੋੜੇ ਨੇ ਇਸ ਖੁਸਰੇ ਬੱਚੇ

ਨੂੰ ਕੁੜੀ ਸਮਝ ਕੇ ਪਾਲਣ ਦਾ ਫ਼ੈਸਲਾ ਕੀਤਾ। ਇਸ ਭੇਦ ਨੂੰ ਗੁਪਤ ਰੱਖਣ ਲਈ ਦਾਈ ਅਤੇ ਗੁਆਂਢਣ ਬਿਸ਼ਨੀ ਤੋਂ ਬਚਨ ਲੈਂਦੇ ਹਨ ਕਿ ਉਸ ਭੇਦ ਨੂੰ ਛੁਪਾਈ ਰੱਖਣਗੀਆਂ ਤੇ ਕਿਸੇ ਨੂੰ ਇਸ ਗੱਲ ਦੀ ਭਿਣਕ ਤੱਕ ਨਹੀਂ ਲੱਗਣ ਦੇਣਗੀਆਂ। ਕੁੜੀ ਦੇ ਸਵਾ ਮਹੀਨੇ ਤੋਂ ਬਾਅਦ ਜਦੋਂ ਨਾਂ ਰੱਖਣ ਦਾ ਵੇਲਾ ਆਇਆ ਤਾਂ ਵੱਸਣ ਸਿੰਘ ਨੇ ਉਸ ਦਾ ਨਾਂ ਨੀਰੂ ਸਿੰਘ ਰੱਖਿਆ। ਨੀਰੂ ਦੇ ਨਾਂ ਪਿੱਛੇ ਸਿੰਘ ਲਾਉਣ ਦਾ ਬਹਾਨਾ ਇਹ ਬਣਾਇਆ ਗਿਆ ਕਿ ਇਹ ਸਰਦਾਰਾਂ ਦੇ ਘਰ ਪੈਦਾ ਹੋਈ ਹੈ। ਸੋ ਇੱਥੋਂ ਹੀ ਖੁਸਰੇ ਬੱਚੇ ਨੂੰ ਧੀ ਬਣਾ ਕੇ ਪਾਲਣ ਸੰਬੰਧੀ ਉਨ੍ਹਾਂ ਦੇ ਵੱਡੇ ਜਿਗਰੇ ਦਾ ਸੰਕੇਤ ਮਿਲਦਾ ਹੈ। ਅਸਲ ਵਿਚ ਸਮਾਜਿਕ ਸੱਚ ਤਾਂ ਇਹ ਕਿ ਜ਼ਿਆਦਾਤਰ ਮਾਪੇ ਅਜਿਹੇ ਬੱਚੇ ਨੂੰ ਅਲੱਗ-ਥਲੱਗ ਰਹਿਣ ਵਾਲੇ ਕਿੰਨਰ ਸਮਾਜ ਦੇ ਹਵਾਲੇ ਕਰ ਦਿੰਦੇ ਹਨ। ਪਰਿਵਾਰ ਇਸ ਸਚਾਈ ਨੂੰ ਕਬੂਲ ਕਰਦਾ ਹੋਇਆ ਆਪਣੀ ਪਰਿਵਾਰਕ ਕੜੀ ਨੂੰ ਅੱਗੇ ਤੋਰਦਾ ਹੈ। ਸਮਾਜ ਸਭਿਆਚਾਰ ਵਿਚ ਜਿਵੇਂ ਮੁੰਡਾ ਅਤੇ ਕੁੜੀ ਦੇ ਰਿਸ਼ਤੇ ਨਾਲ ਪਰਿਵਾਰ ਇਕ ਬੰਧਨ ਵਿਚ ਵੱਜਦਾ ਹੈ। ਇਸ ਤੋਂ ਬਿਨਾਂ ਰਿਸ਼ਤਿਆਂ ਦਾ ਵਜੂਦ ਖ਼ਤਰੇ ਵਿਚ ਆ ਜਾਂਦਾ ਹੈ। ਇਸੇ ਪੱਖ ਨੂੰ ਨਾਵਲੀ ਪਾਤਰ ਪੇਸ਼ ਕਰਦੇ ਹਨ। ਉਹ ਆਪਣੀ ਪਰਿਵਾਰਕ ਸੰਪੂਰਨ ਕੜੀ ਨੂੰ ਸਵੀਕਾਰ ਕਰਦੇ ਹਨ, ਜੋ ਅਸਲ ਵਿਚ ਹੁੰਦੀ ਨਹੀਂ। ਉਸ ਦੇ ਪੂਰੇ ਕਾਰ-ਵਿਹਾਰ ਉਸੇ ਤਰ੍ਹਾਂ ਹੀ ਕੀਤੇ ਜਾਂਦੇ ਹਨ, ਜਿਵੇਂ ਕਿ ਆਮ ਸਮਾਜ ਵਿਚ ਕੁੜੀ ਦੇ ਜੰਮਣ ਤੇ ਕੀਤੇ ਜਾਂਦੇ ਹਨ। ਇਸ ਲਈ ਹੁਣ ਇਸ ਬੱਚੇ ਦਾ ਭਵਿੱਖ ਦਾਈ ਅਤੇ ਗੁਆਂਢਣ ਬਿਸ਼ਨੀ ਦੇ ਹੱਥਾਂ ਵਿਚ ਹੁੰਦਾ ਹੈ ਜੋ ਉਸ ਦੇ ਜੰਮਣ ਸਮੇਂ ਗਵਾਹ ਵਜੋਂ ਸਬੂਤ ਹੁੰਦੀਆਂ ਹਨ। ਨਾਵਲਕਾਰ ਵੀ ਅਗਾਂਹਵਧੂ ਸੋਚ ਦਾ ਧਾਰਨੀ ਬਣਦਾ ਹੋਇਆ ਇਸ ਕਥਾ ਨੂੰ ਅੱਗੇ ਤੋਰਦਾ ਹੈ। ਪੰਜਾਬੀ ਸਭਿਆਚਾਰ ਵਿਚ ਜ਼ੁਬਾਨ ਦੇਣਾ ਅਤੇ ਉਸ ਜ਼ੁਬਾਨ ਨੂੰ ਨਿਭਾਉਣਾ ਇਕ ਬਹੁਤ ਵੱਡੀ ਵਡਿਆਈ ਸਮਝਿਆ ਜਾਂਦਾ ਹੈ। ਇਸ ਲਈ ਦਾਈ ਅਤੇ ਗੁਆਂਢਣ ਬਿਸ਼ਨੀ ਇਸ ਦਿੱਤੀ ਜ਼ਬਾਨ ਨੂੰ ਪੁਗਾਉਣ ਲਈ ਵੱਸਣ ਸਿੰਘ ਉਨ੍ਹਾਂ ਦੀ ਤਾਕੀਦ ਕਰਦਾ ਹੈ ਕਿ-

> ਝੱਟ ਕੁ ਪਿੱਛੋਂ ਵੱਸਣ ਸਿਹੁੰ ਦਾਈ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਤਾਕੀਦ ਕਰਨ ਲੱਗਾ ਕਿ ਮਾਸੀ ਅੱਜ ਤੋਂ ਬਾਅਦ ਸਾਰਾ ਦਾਰੋਮਦਾਰ ਤੇਰੇ ਸਿਰ ਐ , ਭੁੱਲ ਕੇ ਵੀ ਕਿਸੇ ਨਾਲ ਗੱਲ ਨਾ ਕਰ ਬੈਠੀਂ। ਮੇਰੇ ਵੱਲੋਂ ਬੇਫ਼ਿਕਰ ਰਹਿ ਵੱਸਣ ਸਿੰਹਾਂ , ਬੱਸ

ਬਿਸ਼ਨੀ ਨੂੰ ਚੰਗੀ ਤਰ੍ਹਾਂ ਸਮਝਾ ਦਿਓ ਕਿ ਆਪਾਂ ਇਹਨੂੰ ਕੁੜੀ ਸਮਝ ਕੇ ਪਾਲਣੈ -

-- ਇਨ੍ਹਾਂ ਕਹਿ ਕੇ ਦਾਈ ਤੁਰਦੀ ਬਣੀ ।(29)

ਸਮਾਜ ਵਿਚ ਦਾਈਆ ਹੀ ਕਿੰਨਰ ਬੱਚੇ ਦੇ ਭੇਦ ਨੂੰ ਛੁਪਾ ਕੇ ਰੱਖਦੀਆਂ ਸਨ। ਨਾਵਲੀ ਕਥਾ ਵਿਚ ਇਹੀ ਵਾਪਰਦਾ ਦਿਖਾਇਆ ਗਿਆ ਹੈ। ਬੇਸ਼ੱਕ ਨੀਰੂ ਦੇ ਕਿੰਨਰ ਹੋਣ ਦੇ ਭੇਤ ਨੂੰ ਦਾਈ ਅਤੇ ਉਸ ਦੇ ਮਾਪੇ ਛੁਪਾ ਲੈਂਦੇ ਹਨ। ਨੀਰੂ ਦੇ ਜਵਾਨ ਹੋਣ 'ਤੇ ਭੇਤ ਜੱਗ-ਜ਼ਹਿਰ ਹੋ ਜਾਂਦਾ ਹੈ। ਕਿੰਨਰਾਂ ਨੇ ਆਪਣੇ ਸ਼ੱਕ ਨੂੰ ਸੱਚ ਵਿਚ ਤਬਦੀਲ ਕਰਨ ਲਈ ਦਾਈ ਤੱਕ ਪਹੁੰਚ ਕੀਤੀ ਤਾਂ ਦਾਈ ਨੀਰੂ ਦੇ ਮਾਪਿਆਂ ਨੂੰ ਦਿੱਤੀ ਜ਼ਬਾਨ ਤੇ ਉਨ੍ਹਾਂ ਦੇ ਹੌਸਲੇ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ ਕਿ-

ਜਦੋਂ ਬੱਚਾ ਪੈਦਾ ਹੋਇਆ ਤਾਂ ਮੈਂ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਬੱਚਾ ਖੁਸਰਾ ਪੈਦਾ ਹੋਇਆ ਪਰ ਕੁੜੀ ਦੇ ਮਾਂ-ਬਾਪ ਦੇ ਹੌਸਲੇ ਤੇ ਕੁੜੀ ਦੀ ਚਾਹਤ ਨੂੰ ਲੈ ਕੇ ਉਨ੍ਹਾਂ ਮੈਨੂੰ ਵਾਸਤਾ ਪਾਇਆ ਤੇ ਕਹਿਣ ਲੱਗੇ ਕਿ ਅਸੀਂ ਇਸ ਨੂੰ ਕੁੜੀ ਸਮਝ ਕੇ ਪਾਲ ਲਵਾਂਗੇ , ਤੂੰ ਕਿਸੇ ਨੂੰ ਨਾ ਦੱਸੀ ।(79)

ਇਸੇ ਤਰ੍ਹਾਂ ਦਾ ਸਪਸ਼ਟੀਕਰਨ ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ?', ਵਿਚ ਵੀ ਨਾਵਲ ਦੀ ਨਾਇਕ ਜੁਗਨੂੰ ਦੇ ਜਨਮ ਵੇਲੇ ਦਾਈ ਹੀ ਤਾਕੀਦ ਕਰ ਜਾਂਦੀ ਹੈ ਕਿ ਕਹਿ ਦੇਵਾਂਗੇ ਕੁੜੀ ਹੋਈ । ਦਾਈ ਪਰਿਵਾਰ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਉਹ ਅੱਗੇ ਇਹ ਭੇਦ ਕਿਸੇ ਨੂੰ ਨਹੀਂ ਦੱਸੇਗੀ , ਪਰ ਜਵਾਨ ਹੋਣ ਤੇ ਇਹ ਭੇਦ ਜੱਗ ਜ਼ਹਿਰ ਹੋ ਜਾਂਦਾ ਹੈ। ਇਸ ਲਈ ਮਹੰਤ ਮੋਰਾਂ ਮਨਜੀਤ ਕੌਰ ਦੇ ਪਰਿਵਾਰ ਨੂੰ ਕਹਿ ਦਿੰਦੀ ਹੈ ਕਿ-

ਕੋਈ ਨਾ ਅੰਮਾ ਜੀ , ਹੋਰ ਚਾਰ ਸਾਲ ਖਾ ਲੈਣ ਦੇ ਦਹੀਂ ਨਾਲ ਟੁੱਕ। ਸਾਡੀ ਅਮਾਨਤ ਆ ਲੈ ਤਾਂ ਜਾਣੀ ।(48)

ਜੇਕਰ ਪਹਿਲੇ ਸਮਿਆਂ ਦੀ ਗੱਲ ਕੀਤੀ ਜਾਏ ਤਾਂ ਬੱਚੇ ਦੇ ਲਿੰਗ ਸੰਬੰਧੀ ਦਾਈ ਨੂੰ ਜਾਣਕਾਰੀ ਹੁੰਦੀ ਸੀ ਪਰੰਤੂ ਅੱਜ ਸਮਾਜ 21ਵੀ ਸਦੀ ਵਿਚ ਪ੍ਰਵੇਸ਼ ਕਰ ਚੁੱਕਿਆਂ ਹੈ। ਇਹ ਗੱਲ ਉਦੋਂ ਹੀ ਸੰਭਵ ਸੀ ਜਦੋਂ ਜਨੇਪਾ ਘਰ ਵਿਚ ਹੀ ਹੁੰਦਾ ਸੀ । ਅੱਜ-ਕੱਲ੍ਹ ਤਾਂ ਜਨੇਪੇ ਹਸਪਤਾਲਾਂ ਵਿਚ ਹੋਣ ਲੱਗੇ ਹਨ । ਕਿੰਨਰ

ਬੱਚਿਆਂ ਦਾ ਪਤਾ ਲਗਾਉਣ ਲਈ ਕਿੰਨਰ ਸਮਾਜ ਦੇ ਲੋਕ ਆਪ ਹੀ ਜਾਣਕਾਰੀ ਰੱਖਦੇ ਹਨ। ਹੁਣ ਤੱਕ ਹੋਈ ਵਿਚਾਰ-ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਿੰਨਰਾਂ ਦਾ ਪਾਲਣ-ਪੋਸ਼ਣ ਜਾਂ ਤਾਂ ਮਾਪਿਆਂ ਦੇ ਘਰ ਭੇਦਭਰੀ ਹਾਲਤ ਵਿਚ ਹੁੰਦਾ ਹੈ ਜਾਂ ਫਿਰ ਕਿੰਨਰ ਡੇਰੇ ਵਿਚ। ਮਾਪਿਆਂ ਦੁਆਰਾ ਮੋਹ ਦੀਆਂ ਤੰਦਾਂ ਦੇ ਚਲਦਿਆਂ ਪੈਦਾ ਹੋਏ ਕਿੰਨਰਾਂ ਦਾ ਭੇਦ ਭਰੀ ਹਾਲਤ ਵਿਚ ਪਾਲਣ-ਪੋਸ਼ਣ ਕੀਤਾ ਜਾਂਦਾ ਹੈ। ਅਜਿਹਾ ਕਰਦੇ ਹੋਏ ਮਾਪੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚੋਂ ਗੁਜ਼ਰਦੇ ਹਨ।

ਇਸੇ ਤਰ੍ਹਾਂ ਦੀ ਤ੍ਰਾਸਦੀ ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ ' ਵਿਚ ਵੀ ਦੇਖਣ ਨੂੰ ਮਿਲਦੀ ਹੈ, ਜਿਵੇਂ –ਜਿਵੇਂ ਨੀਰੂ ਵੱਡੀ ਹੋ ਰਹੀ ਹੈ, ਮਾਪਿਆਂ ਨੂੰ ਉਸ ਦੇ ਸਕੂਲ ਜਾਣ ਦੀ ਵੀ ਚਿੰਤਾ ਹੈ। ਨੀਰੂ ਨੂੰ ਸਕੂਲ ਦਾਖਲ ਕਰਾਉਣ ਸਮੇਂ ਵੀ ਉਸ ਦਾ ਨਾਮ ਨੀਰੂ ਸਿੰਘ ਹੀ ਲਿਖਵਾਇਆ ਸੀ। ਨੀਰੂ ਨੇ ਬੜੀ ਖ਼ੁਸ਼ੀ ਦੇ ਨਾਲ ਸਕੂਲ ਜਾਣਾ ਸ਼ੁਰੂ ਕੀਤਾ। ਸਰੀਰਕ ਤੌਰ ਤੇ ਪੂਰਨ ਹੁੰਦਿਆਂ ਵੀ ਲਿੰਗਕ ਅਪੰਗਤਾ ਉਸ ਦੀ ਕਿਸੇ ਵੀ ਰਾਹ ਵਿਚ ਰੁਕਾਵਟ ਨਹੀਂ ਬਣੀ। ਸਕੂਲ ਵਿਚ ਜਿੱਥੇ ਉਹ ਪੜ੍ਹਾਈ ਵਿਚ ਹੁਸ਼ਿਆਰ ਸੀ, ਉੱਥੇ ਖੇਡਾਂ ਵਿਚ ਵੀ ਵੱਧ ਚੜ੍ਹ ਕੇ ਭਾਗ ਲੈਂਦੀ ਸੀ। ਇਸ ਸੰਬੰਧੀ ਨਾਵਲ ਵਿਚ ਬਿਆਨ ਹੈ ਕਿ–

> ਕੁੜੀ ਖ਼ੁਸ਼ੀ –ਖ਼ੁਸ਼ੀ ਸਕੂਲ ਜਾਣ ਲੱਗ ਪਈ --- ਕੱਚੀ , ਪੱਕੀ , ਦੂਜੀ , ਤੀਜੀ ਤੇ ਪਤਾ ਉਦੋਂ ਲੱਗਾ ਜਦੋਂ ਕੁੜੀ ਪੰਜਵੀਂ ਵਿਚ ਹੋ ਗਈ। ਇਸ ਦੌਰਾਨ ਉਹ ਸਕੂਲ ਵਿਚ ਪੜ੍ਹਾਈ ਦੇ ਨਾਲ਼-ਨਾਲ਼ ਹਰ ਖੇਡ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੀ --- ਪਰ ਕਬੱਡੀ ਉਹਦੀ ਮਨਪਸੰਦ ਖੇਡ ਸੀ।(32)

ਸਮਾਜ ਤੋਂ ਚੋਰਿਓ ਕਿੰਨਰ ਬੱਚੇ ਦਾ ਪਾਲਣ-ਪੋਸ਼ਣ ਕਰਨ ਵਿਚ ਉਸ ਦੇ ਆਪੇ ਦਾ ਵਿਕਾਸ ਨਹੀਂ ਹੋ ਸਕਦਾ। ਕਿੰਨਰ ਬੱਚਾ ਸਮਾਜ ਤੋਂ ਵੱਖਰਾ ਹੋ ਕੇ ਪਰਿਵਾਰ ਤੇ ਸਮਾਜ ਤੋਂ ਟੁੱਟ ਜਾਂਦਾ ਹੈ। ਸਮਾਜ ਤੋਂ ਵੱਖਰਾ ਰਹਿਣ ਕਰਕੇ ਉਸ ਦੇ ਆਪੇ ਦਾ ਵਿਕਾਸ ਰੁਕ ਜਾਂਦਾ ਹੈ। ਆਰ.ਐਮ.ਮੈਕਾਈਵਰ ਤੇ ਚਾਰਲਸ ਐਰ, ਪੇਜ ਦੀ ਕਿਤਾਬ 'ਸਮਾਜ' ਵਿਚ ਸਮਾਜ ਮਨੋਵਿਗਿਆਨੀਆਂ ਨੇ ਆਪੇ ਦੇ ਵਿਕਾਸ ਦਾ ਅਧਿਐਨ ਕੀਤਾ ਤੇ ਜੀ.ਐੱਚ .ਮੀਡ ਦੇ ਕਥਨ ਅਨੁਸਾਰ –

> ਬੱਚੇ ਦੇ ਆਪੇ ਭਾਵ ਦਾ ਵਿਕਾਸ, ਉਸ ਦੇ ਸੁਪਨਿਆਂ ਵਿਚ ਅਤੇ ਗੁੱਡੀਆਂ ਅਤੇ ਦੂਸਰੇ ਬੱਚਿਆਂ ਨਾਲ ਉਸ ਦੀਆਂ ਖੇਡਾਂ ਵਿਚ ਹੁੰਦਾ ਹੈ। ਜਿੱਥੇ ਉਹ ਦੂਜਿਆਂ ਦੇ ਕਾਰਜਾਂ ਆਪਣੇ ਮਾਂ-ਬਾਪ ਅਤੇ ਮਹਾਂਪੁਰਸ਼ਾਂ ਦੇ ਕਾਰਜਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਦਾ ਹੈ। (71)

ਇਸ ਤਰ੍ਹਾਂ ਸਪਸ਼ਟ ਹੈ ਕਿ ਬੱਚੇ ਦਾ ਵਿਕਾਸ ਸਮਾਜ ਵਿਚ ਵਿਚਰਨ ਨਾਲ ਹੀ ਸਹੀ ਹੋ ਸਕਦਾ ਹੈ। ਘਰ ਵਿਚ ਚੋਰਿਓ ਜੇਕਰ ਉਸ ਦਾ ਪਾਲਣ-ਪੋਸ਼ਣ ਕੀਤਾ ਜਾਂਦਾ ਹੈ ਤਾਂ ਤਰ੍ਹਾਂ-ਤਰ੍ਹਾਂ ਦੀਆਂ ਬੰਦਿਸ਼ਾਂ ਦੇ ਅਧੀਨ ਹੀ ਕੀਤਾ ਜਾਂਦਾ ਹੈ। ਇਸ ਦੇ ਉਲਟ ਜੇਕਰ ਪਾਲਣ-ਪੋਸ਼ਣ ਡੇਰੇ ਵਿਚ ਕੀਤਾ ਜਾਂਦਾ ਹੈ ਤਾਂ ਡੇਰੇ ਦਾ ਆਪਣਾ ਇਕ ਸਮਾਜਿਕ ਪ੍ਰਬੰਧ ਹੈ। ਡੇਰਾ ਤਾਂ ਪਹਿਲਾ ਹੀ ਸਮਾਜ ਨਾਲੋਂ ਟੁੱਟਿਆ ਹੋਇਆ ਹੈ। ਇਸ ਤਰ੍ਹਾਂ ਸਮਾਜ ਕਿੰਨਰ ਬੱਚਿਆਂ ਤੋਂ ਇਹ ਹੱਕ ਖੋਹ ਲੈਂਦਾ ਹੈ। ਅਜਿਹੇ ਬੱਚਿਆ ਵਿਚ ਸਰੀਰਕ ਪੱਖ ਤੋਂ ਕੋਈ ਵੀ ਊਣਤਾਈ ਨਹੀਂ ਹੁੰਦੀ । ਇਹ ਵੀ ਦੂਸਰਿਆਂ ਬੱਚਿਆਂ ਦੀ ਤਰ੍ਹਾਂ ਚੰਗੇ ਖਿਡਾਰੀ ਬਣ ਕੇ ਦੇਸ਼ ਦਾ ਨਾਮ ਰੌਸ਼ਨ ਕਰ ਸਕਦੇ ਹਨ।' ਸੰਤਾਪ ' ਨਾਵਲ ਵਿਚ ਨਾਵਲੀ ਕਥਾ ਤੋਂ ਸਪਸ਼ਟ ਹੁੰਦਾ ਹੈ ਕਿ ਕਬੱਡੀ ਖੇਡਦੇ ਸਮੇਂ ਨੀਰੂ ਸਕੂਲ ਦੀ ਇਕ ਨੰਬਰ ਖਿਡਾਰਨ ਬਣ ਗਈ । ਨੌਵੀਂ ਜਮਾਤ ਤੱਕ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ। ਇਕ ਦਿਨ ਨੌਵੀਂ ਜਮਾਤ ਦੀ ਕੁੜੀ ਬਲਵੀਰ ਦੁਆਰਾ ਨੀਰੂ ਨੂੰ ਮਾਸਿਕ ਧਰਮ ਬਾਰੇ ਪੁੱਛਣ ਤੇ ਸਥਿਤੀ ਗੁੰਝਲਦਾਰ ਬਣ ਜਾਂਦੀ ਹੈ ।ਅਜਿਹੇ ਬੱਚਿਆਂ ਦੇ ਮਾਂ-ਬਾਪ ਵੀ ਕਿਤੇ-ਨ-ਕਿਤੇ ਸੋਚਣ ਲਈ ਮਜਬੂਰ ਹੋ ਜਾਂਦੇ । ਨੀਰੂ ਦੀ ਮਾਂ ਚਰਨ ਕੌਰ ਚਿੰਤਾ ਵਿਚ ਪਈ ਸੋਚਦੀ ਹੈ ਕਿ-

> ਚਰਨ ਕੌਰ ਨੂੰ ਅੱਜ ਪਹਿਲੀ ਵਾਰ ਅਹਿਸਾਸ ਹੋਇਆ ਕਿ ਜਿਸ ਨੂੰ ਹੁਣ ਤੱਕ ਮੈਂ ਕੁੜੀ ਬਣਾ ਕੇ ਦੁਨੀਆਂ ਤੋਂ ਬਚਾਈ ਰੱਖਿਆ ਤੇ ਪਾਲ-ਪੋਸ਼ ਕੇ ਐਨਾ ਵੱਡਾ ਕੀਤਾ ਉਹ ਅਸਲ ਵਿਚ ਕੁੜੀ ਨਹੀਂ --- ਬਲਕਿ ਇਕ ਖੁਸਰਾ ਹੈ ਜੋ ਆਪਣੇ ਆਪ ਵਿਚ ਸਰਾਪ ਹੈ --- ਤੇ ਚਰਨ ਕੌਰ ਚੁੱਪ-ਚੁੱਪ ਰਹਿਣ ਲੱਗੀ। (43)

ਇਸ ਤਰ੍ਹਾਂ ਚਰਨ ਕੌਰ ਅਤੇ ਵੱਸਣ ਸਿੰਘ ਘੋਰ ਚਿੰਤਾ ਵਿਚ ਗ਼ਰਕ ਜਾਂਦੇ ਹਨ। ਦੋਵਾਂ ਦੀ ਸਿਹਤ ਨੂੰ ਝੋਰਾ ਘੁਣ ਵਾਂਗ ਖਾਣ ਲੱਗਦਾ ਹੈ। ਓਧਰ ਨੀਰੂ ਵੀ ਸੋਚਦੀ ਸੀ ਕਿ ਉਸ ਦੇ ਅੰਗਾਂ ਵਿਚ ਤਬਦੀਲੀ ਆਉਣੀ ਚਾਹੀਦੀ ਸੀ। ਇਸ ਗੱਲ ਨੂੰ ਨੀਰੂ ਦੀ ਸਕੂਲ ਟੀਚਰ ਵੀ ਮਹਿਸੂਸ ਕਰ ਚੁੱਕੀ ਸੀ। ਉਹ ਆਪ ਵੀ ਖ਼ੁਦ

ਕਿੰਨਰ ਸੀ , ਜਿਹੜੀ ਬੜੀ ਜੱਦੋ ਜਹਿਦ ਨਾਲ ਅਦਾਲਤ ਵਿਚ ਕੇਸ ਲੜ ਕੇ ਜਿੱਤੀ ਸੀ। ਨੀਰੂ ਤੇ ਉਸ ਨੂੰ ਸ਼ੱਕ ਹੋਇਆ ਸੀ, ਕਿਉਂਕਿ ਭਾਈ ਨੂੰ ਭਾਈ ਬੜੀ ਜਲਦੀ ਪਹਿਚਾਣ ਲੈਂਦਾ ਹੈ। ਇਕ ਦਿਨ ਜਮਾਤ ਵਿਚ ਇਹ ਅਧਿਆਪਕ ਨੀਰੂ ਨੂੰ ਬੁਲਾ ਕੇ ਉਸ ਨਾਲ ਗੱਲਬਾਤ ਵੀ ਕਰਦੀ ਹੈ। ਨੀਰੂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਉਹ ਵੀ ਇਕ ਮਾਨਵੀ ਰੂਪ ਵਿਚ ਰੱਬ ਵੱਲੋਂ ਦਿੱਤਾ ਇਨਸਾਨੀ ਸਰਾਪ ਹੈ। ਜਿਸ ਨਾਲ ਨੀਰੂ ਨੂੰ ਵੀ ਅੰਦਾਜ਼ਾ ਹੋ ਜਾਂਦਾ ਹੈ ਕਿ ਉਹ ਆਮ ਕੁੜੀਆਂ ਵਾਂਗ ਨਹੀਂ ਹੈ। ਨੀਰੂ ਨੂੰ ਇਹ ਗੱਲ ਵੀ ਸਮਝ ਪੈਂਦੀ ਹੈ ਕਿ ਮੇਰੇ ਮਾਂ-ਬਾਪ ਨੇ ਮੈਨੂੰ ਕਿੰਨਰ ਹੋਣ ਦੇ ਬਾਵਜੂਦ ਆਮ ਬੱਚਿਆਂ ਵਾਂਗ ਪਾਲਿਆ ਤੇ ਦੁਨੀਆ ਤੋਂ ਇਸ ਗੱਲ ਦਾ ਓਹਲਾ ਵੀ ਰੱਖਿਆ। ਨਾਵਲੀ ਕਥਾ ਵਿਚ ਨੀਰੂ ਦੀ ਅਧਿਆਪਕ ਦਾ ਜ਼ਿਕਰ ਆਉਣਾ ਕਿ ਉਹ ਵੀ ਅਦਾਲਤ ਵਿਚੋਂ ਕੇਸ ਜਿੱਤ ਚੁੱਕੀ ਹੈ ਭਾਵ ਇਸ ਸਮਾਜ ਦੇ ਲੋਕਾਂ ਵਿਚ ਜਾਗਰੂਕਤਾ ਆ ਚੁੱਕੀ। ਇਹ ਵਰਗ ਆਪਣੀ ਜਾਗਰੂਕਤਾ ਕਾਰਨ ਹੀ ਸਮਾਜ ਵਿਚ ਵੱਖ-ਵੱਖ ਪੱਧਰਾਂ ਉੱਤੇ ਵਿਕਾਸ ਕਰ ਰਿਹਾ ਹੈ।

ਜਸਵੀਰ ਰਾਣਾ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਵਿਚ ਸ਼ਾਮਲ ਡਾ . ਹਰਜੀਤ ਕੌਰ ਦੀ ਕਹਾਣੀ ' ਮਲਕਾ ' ਵਿਚ ਵੀ ਇਹੀ ਸਾਹਮਣੇ ਆਉਂਦਾ ਹੈ ਕਿ ਕਈ ਬੱਚੇ ਤਾਂ ਸਮਾਜ ਦੇ ਸਤਾਏ ਹੋਏ ਆਪ ਹੀ ਕਿੰਨਰਾਂ ਦੇ ਡੇਰੇ ਵਿਚ ਪਹੁੰਚ ਜਾਂਦੇ ਹਨ। ਜਦੋਂ ਹੀ ਉਸ ਦੀ ਸਰੀਰਕ ਬਣਤਰ ਦਾ ਗਿਆਨ ਸਮਾਜ ਅਤੇ ਪਰਿਵਾਰ ਨੂੰ ਹੁੰਦਾ ਹੈ ਤਾਂ ਸਮਾਜ ਦੀ ਸੋਚ ਉਸ ਪ੍ਰਤੀ ਉਲਟ ਹੋ ਜਾਂਦੀ ਹੈ। ਉਸ ਦੇ ਨਾਲ ਉਸੇ ਪ੍ਰਕਾਰ ਦਾ ਰਵੱਈਆ ਅਪਣਾ ਲਿਆ ਜਾਂਦਾ ਹੈ, ਜਿਸ ਪ੍ਰਕਾਰ ਇਸ ਕਹਾਣੀ ਦੀ ਕੇਂਦਰੀ ਪਾਤਰ ਮਲਕਾ ਦੇ ਨਾਲ ਵਾਪਰਦਾ ਹੈ। ਮਲਕਾ ਦਾ ਜਨਮ ਵੀ ਆਪਣੇ ਭੈਣ-ਭਰਾਵਾਂ ਵਾਂਗ ਇਕ ਚੰਗੇ ਪਰਿਵਾਰ ਵਿਚ ਹੋਇਆ। ਉਹ ਆਪਣੇ ਪੜ੍ਹੇ-ਲਿਖੇ ਮਾਂ-ਬਾਪ ਦੀ ਪੰਜਵੀਂ ਔਲਾਦ ਸੀ। ਉਹ ਪੜ੍ਹੇ ਲਿਖੇ ਪਰਿਵਾਰ ਦੀ ਧੀ ਸੀ। ਮਲਕਾ ਨੂੰ ਉਸ ਦਾ ਪਿਉ ਅੰਤਾਂ ਦੀ ਨਫ਼ਰਤ ਕਰਦਾ ਸੀ। ਹੋਲੀ-ਹੋਲੀ ਭੈਣ- ਭਰਾ ਵੀ ਉਸ ਤੋਂ ਦੂਰ ਜਾਣ ਲੱਗੇ। ਪਿਉ ਜਦੋਂ ਝਿੜਕਦਾ ਤਾਂ ਮਾਂ ਗੋਦ ਵਿਚ ਲੈਂਦੀ ਹੈ ਤਾਂ ਪਿਉ ਕਹਿੰਦਾ ਹੈ ਕਿ-

> ਹਾਂ ਹਾਂ ਬਿਠਾ ਇਸੇ ਗੋਦ ਮੇਂ, ਬੜਾ ਨਾਮ ਰੌਸ਼ਨ ਕਰੇਗੀ ਹਮਾਰਾ। ਪਿਤਾ ਆਪਣਾ ਗੁੱਸਾ ਮਾਂ ਤੇ ਵੀ ਉਤਾਰਦਾ,

ਅਰੇ ਇਸੇ ਮਾਰ ਕਿਉਂ ਨਹੀ ਦੇਤੀ ।ਅੱਗੋਂ ਮਾਂ ਦਾ ਜਵਾਬ ਹੁੰਦਾ

> ਕੈਸੇ ਮਾਰ ਦੂੰ? ਹੈ ਤੋ ਅਪਨਾ ਹੀ ਖ਼ੂਨ । ਹੇ ਭਗਵਾਨ ਇਸਕਾ ਕਿਆ ਦੋਸ਼ ਥਾ ਜੋ ਸੇ ਇਸੇ ਯੇਹ ਸਜ਼ਾ ਦੀ ।(95)

ਸਕੂਲ ਵਿਚ ਕੁੜੀਆਂ ਉਸ ਲਈ 'ਖੁਸਰੀ' ਸ਼ਬਦ ਵਰਤਦੀਆਂ । ਪੰਜਵੀਂ ਤੱਕ ਪਹੁੰਚਦਿਆਂ ਉਸ ਨੂੰ ਆਪਣੇ ਬਾਰੇ ਪਤਾ ਲੱਗਦਾ ਹੈ । ਇਸ ਤਰ੍ਹਾਂ ਹੌਲੀ-ਹੌਲੀ ਉਹ ਨਫ਼ਰਤ ਦਾ ਪਾਤਰ ਬਣਨ ਲੱਗੀ । ਪਹਿਲਾ ਘਰ ਵਿਚ ਪਿਉ ਨਫ਼ਰਤ ਕਰਦਾ ਸੀ , ਪਰ ਹੁਣ ਨਫ਼ਰਤ ਕਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋਣ ਲੱਗਿਆ । ਉਸ ਨਫ਼ਰਤ ਵਿਚ ਭੈਣ-ਭਰਾ, ਰਿਸ਼ਤੇਦਾਰ ਅਤੇ ਸਮਾਜ ਸਾਰੇ ਸ਼ਾਮਲ ਹੋ ਗਏ । ਇਕ ਦਿਨ ਛੋਟੀ ਭੈਣ ਘਰ ਵਿਚ ਆ ਕੇ ਬੜੀ ਚੀਕੀ ਕਿ ਉਸ ਨੂੰ ਸਕੂਲ ਵਿਚ 'ਖੁਸਰੀ ਦੀ ਭੈਣ' ਕਹਿ ਕੇ ਕੁੜੀਆਂ ਤੰਗ ਕਰਦੀਆਂ ਹਨ। ਸਭ ਤੋਂ ਵੱਡੀ ਭੈਣ ਦਾ ਰਿਸ਼ਤਾ ਇਸ ਕਰਕੇ ਟੁੱਟ ਗਿਆ ਕਿ ਇਸ ਦੀ ਛੋਟੀ ਭੈਣ ਕੁੜੀ ਨਹੀਂ ਬਲਕਿ----ਇਸ ਤਰ੍ਹਾਂ ਮਲਕਾ ਦਾ ਬਚਪਨ ਤੇ ਮਸੂਮੀਅਤ ਖ਼ਤਮ ਹੋ ਗਈ । ਮਲਕਾ ਨੂੰ ਸਮਝ ਆ ਗਈ ਸੀ ਕਿ ਉਹ ਕੌਣ ਹੈ । ਇਕ ਦਿਨ ਗਲੀ ਵਿਚ ਖੁਸਰੇ ਕਿਸੇ ਘਰ ਵਧਾਈ ਲੈਣ ਆਏ ਤਾਂ ਮਲਕਾ ਚੁੱਪ-ਚਾਪ ਉਨ੍ਹਾਂ ਦੇ ਪਿੱਛੇ ਤੁਰ ਆਈ । ਉਸ ਸਮੇਂ ਮਲਕਾ ਦੀ ਉਮਰ ਗਿਆਰਾਂ ਕੁ ਸਾਲਾਂ ਦੀ ਸੀ । ਇਸ ਤ੍ਰਾਸਦੀ ਵਿਚੋਂ ਗੁਜ਼ਰਦੀ ਮਲਕਾ ਆਪਣੇ ਪਰਿਵਾਰ ਤੋਂ ਵੱਖ ਹੋ ਗਈ । ਪਰ ਆਪਣਿਆਂ ਦੀ ਤੜਫ਼ ਹਮੇਸ਼ਾ ਬੰਦੇ ਨੂੰ ਆਪਣੇ ਵੱਲ ਖਿੱਚਦੀ ਹੈ। ਸੱਤ ਸਾਲਾਂ ਬਾਅਦ ਮਲਕਾ ਆਪਣੇ ਪਰਿਵਾਰ ਨੂੰ ਮਿਲਣ ਜਾਂਦੀ ਹੈ । ਪਿਉ ਦੀ ਅੰਦਰੋਂ ਨਫ਼ਰਤ ਭਰੀ ਅਵਾਜ਼ ਮਲਕਾ ਨੂੰ ਹਲੂਣ ਕੇ ਰੱਖ ਦਿੰਦੀ ਹੈ ਕਿ-

> ਅਬ ਯੇ ਯਹਾਂ ਕਿਆ ਲੇਨੇ ਆਈ ਹੈ। ਇਸ ਘਰ ਦਾ ਸੁਖ ਸ਼ਾਂਤੀ ਛੀਨਨੇ । ਪਿਤਾ ਦੇ ਕੁਰੱਖਤ ਬੋਲ ਉਚੀ ਹੋ ਗਏ ਸਨ।

ਹਮਨੇ ਸੋਚਾ ਥਾ ਕਹੀ ਮਰ ਖੱਪ ਗਈ ਹੋਗੀ ਪਰ ਯੇ । (97)

ਮਲਕਾ ਉਸ ਦਿਨ ਤੋਂ ਬਾਅਦ ਆਖ਼ਰੀ ਵਾਰ ਆਪਣੀ ਮਾਂ ਨੂੰ ਗਲਵੱਕੜੀ ਪਾ ਕੇ ਮਿਲੀ । ਉਸ ਦਿਨ ਤੋਂ ਬਾਅਦ ਉਹ ਹਮੇਸ਼ਾ-ਹਮੇਸ਼ਾ ਆਪਣੇ ਦਿਲ ਅੰਦਰੋਂ ਸਵਿੱਤਰੀ ਨੂੰ ਮਾਰ ਕੇ ਮਲਕਾ ਬਣ ਜਾਂਦੀ ਹੈ । ਅਖੀਰ ਮਲਕਾ ਨੇ ਆਪਣੇ ਘਰ ਪਰਿਵਾਰ ਨਾਲੋਂ ਪੂਰੀ ਤਰ੍ਹਾਂ ਹੀ ਰਿਸ਼ਤਾ ਤੋੜ ਲਿਆ । ਹੁਣ ਮਲਕਾ ਕਿੰਨਰਾਂ ਦੀਆਂ ਟੋਲੀਆਂ ਨਾਲ ਰਲ ਕੇ ਗੱਡੀ ਵਿਚ ਮੰਗਦੀ ਹੈ, ਪਰੰਤੂ ਉਸ ਦੇ ਦਿਲ ਅੰਦਰ ਹਾਲੇ ਵੀ ਇਕ ਚੀਸ ਹੈ । ਉਸ ਨੂੰ ਲੱਗਦਾ ਹੈ ਕਿ ਬਾਹਰ ਸਮਾਜ ਸਾਨੂੰ ਚੰਗਾ ਨਹੀਂ ਸਮਝਦਾ । ਇਸ ਲਈ ਇਸ ਤੋਂ ਇਕ ਵਿੱਥ ਬਣਾ ਕੇ ਚੱਲਣਾ ਪੈਂਦਾ ਹੈ। ਮਲਕਾ ਦੇ ਪਾਤਰ ਰਾਹੀਂ ਸੰਕੇਤ ਮਿਲਦਾ ਹੈ ਕਿ ਕਿਸ ਤਰ੍ਹਾਂ ਇਹ ਲੋਕ ਆਪਣਿਆਂ ਦੇ ਲਈ ਤੜਫਦੇ ਹਨ ।

ਕਿੰਨਰ ਬੱਚੇ ਜੋ ਪਰਿਵਾਰਾਂ ਵਿਚ ਜਨਮ ਲੈ ਕੇ ਪਰਿਵਾਰ ਵਿਚ ਹੀ ਪਲਦੇ ਹਨ । ਇਸ ਦੇ ਉਲਟ ਅਜਿਹੇ ਵੀ ਕਿੰਨਰ ਹਨ , ਜਿਨ੍ਹਾਂ ਨੂੰ ਮਾਪੇ ਜਨਮ ਤੋਂ ਬਾਅਦ ਹੀ ਡੇਰੇ ਵਿਚ ਛੱਡ ਆਉਂਦੇ ਹਨ । ਉਨ੍ਹਾਂ ਦਾ ਪਾਲਣ-ਪੋਸ਼ਣ ਕਿਵੇਂ ਕੀਤਾ ਜਾਂਦਾ ਹੈ । ਡੇਰੇ ਦੀ ਜੀਵਨ ਸ਼ੈਲੀ ਅਤੇ ਪਰਿਵਾਰ ਦੇ ਰਹਿਣ-ਸਹਿਣ ਦਾ ਅਸਰ ਕਿੰਨਰ ਬੱਚੇ ਉੱਪਰ ਹੁੰਦਾ ਹੈ । ਡੇਰੇ ਦੇ ਆਪਣੇ ਨਿਯਮ ਹਨ । ਜਿਸ ਦੀ ਪਾਲਣਾ ਹਰ ਕਿੰਨਰ ਮੈਂਬਰ ਨੂੰ ਕਰਨੀ ਪੈਂਦੀ ਹੈ । ਜੋ ਬੱਚੇ ਕੁਝ ਘਰਾਂ ਵਿਚ ਵੱਡੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਡੇਰੇ ਦੀ ਜ਼ਿੰਦਗੀ ਵਿਚ ਢਲਨ ਲਈ ਸਮਾਂ ਲਗਦਾ ਹੈ ।

ਹਰਕੀਰਤ ਕੌਰ ਚਹਿਲ ਦੇ ਨਾਵਲ 'ਆਦਮ-ਗ੍ਰਹਿਣ' ਵਿਚ ਅਮੀਰਾਂ ਨਾਲ ਵੀ ਇਹੀ ਵਾਪਰਦਾ ਦਿਖਾਇਆ ਗਿਆ ਹੈ । ਅਮੀਰਾਂ ਦੇ ਘਰ ਵਿਚ ਪਲੀਂ ਹੋਣ ਕਰਕੇ ਕਿੰਨਰਾਂ ਵਾਲੇ ਨਖ਼ਰੇ ਨਹੀਂ ਸਨ । ਪਰਿਵਾਰ ਵਿਚ ਪਲੀਂ ਹੋਣ ਕਰਕੇ ਉਹ ਹਰ ਨੂੰ ਜੀ-ਜੀ ਆਖਦੀ । ਡੇਰੇ ਵਿਚਲੀ ਕਿੰਨਰ ਉਸ ਦੀ ਇਸ ਗਲ ਤੇ ਖਿਝਦੀ ਤੇ ਕਹਿੰਦੀ ਕਿ-

> ਕੀ ਠੀਕ ਐ ਜੀ-ਠੀਕ ਐ ਜੀ ਲਾ ਰੱਖੀ ਐ ? ਖੁਸਰਾ ਹੈਂ ਤੂੰ , ਅੜੀਏ ਕੁੱਝ ਤਾਂ ਮੁੜ੍ਹਕ ਜਾਂ ਨਖ਼ਰਾ ਵਿਖਾ । ਵਗਾਹ ਮਾਰ ਬਾਪ ਦੀ ਇੱਜ਼ਤਦਾਰ ਧੀ ਹੋਣ ਦਾ ਭਾਰ ਸਿਰ ਤੋ ---ਸਾਡਾ ਨਹੀਂ ਕੋਈ ਵਾਹ ਵਾਸਤਾ ਇਸ ਦੁਨੀਆ ਦੇ ਪਾਖੰਡਾਂ ਨਾਲ , ਨਾ ਹੀ ਇਹ ਇੱਜ਼ਤਾਂ ਸਾਨੂੰ ਕਦੇ ਰਾਸ

> ਆਉਂਦੀਆਂ , ਨਾ ਹੀ ਸਾਡਾ ਢਿੱਡ ਭਰਦਾ । ਨਾਲੇ ਤੇਰਾ ਨਾਂ ਵੀ ਮੀਰਾ ਹੋਵੇਗਾ ਅੱਜ ਤੋਂ । ਠੀਕ ?(35)

ਦੂਜੇ ਪਾਸੇ ਮੰਨੂ ਜੋ ਕਿ ਡੇਰੇ ਵਿਚ ਹੀ ਉਸ ਦਾ ਪਾਲਣ-ਪੋਸ਼ਣ ਹੁੰਦਾ ਹੈ । ਉਹ ਡੇਰੇ ਦੀ ਮਰਯਾਦਾ ਅਨੁਸਾਰ ਨਹੀਂ ਚਲਦੀ । ਉਸ ਨੂੰ ਚੋਰੀ ਕਰਨ ਦੀ ਆਦਤ ਹੋ ਗਈ ਤੇ ਗਲੀ-ਮੁਹੱਲੇ ਵਿਚੋਂ ਵੀ ਉਲਾਂਭੇ ਲਿਆਉਂਦੀ । ਉਸ ਦੇ ਵਿਵਹਾਰ ਤੋਂ ਤੰਗ ਆ ਕੇ ਡੇਰੇ ਦੇ ਮਹੰਤ ਨੇ ਉਸ ਨੂੰ ਦੰਡ ਵੀ ਲਾਇਆ ਅਤੇ ਉਸ ਦਾ ਹੁੱਕਾ ਪਾਣੀ ਬੰਦ ਕਰ ਦਿੱਤਾ । ਇਹ ਡੇਰੇ ਦਾ ਨਿਯਮ ਹੈ ਕਿ ਜੇਕਰ ਕੋਈ ਕਿੰਨਰ ਡੇਰੇ ਦੇ ਨਿਯਮਾਂ ਅਨੁਸਾਰ ਨਹੀਂ ਚੱਲਦਾ ਤਾਂ ਡੇਰੇ ਦਾ ਮਹੰਤ ਉਸ ਦਾ ਹੁੱਕਾ ਪਾਣੀ ਬੰਦ ਕਰ ਸਕਦਾ ਹੈ । ਡੇਰੇ ਦੀ ਮਹੰਤ ਰੇਖਾ ਇਸ ਦਾ ਕਸੂਰਵਾਰ ਉਸ ਦੇ ਪਾਲਣ-ਪੋਸ਼ਣ ਵਿਚ ਰਹੀ ਕਮੀ ਨੂੰ ਮੰਨਦੀ ਹੋਈ ਕਹਿੰਦੀ ਹੈ ਕਿ –

> ਮੀਰਾ , ਉਹ ਤੇਰੇ ਵਰਗੇ ਨਹੀਂ ਹੈ । ਤੂੰ ਘਰ-ਬਾਰ ਵਿਚ , ਮਾਪਿਆਂ ਤੇ ਭੈਣ ਭਾਈਆਂ ਕੋਲੋਂ ਪਲਕੇ ਆਈ ਸੀ । ਮੋਹ ਮੁਹੱਬਤ ਤੇ ਲਿਆਕਤ ਨਾਲ ਤੂੰ ਤਾਂ ਝੱਟ ਦਿਲਾਂ ਤੇ ਰਾਜ ਕਰ ਗਈ ਸੀ ਲਾਡੋ ----ਪਰ ਇਹ ਵਿਚਾਰੀ ਤਾਂ ਡੇਰੇ ਵਿਚ ਪਲੀ ਹੈ । ਪਾਲਣ-ਪੋਸ਼ਣ ਵਿਚ ਭਾਵੇਂ ਕਮੀ ਨਹੀਂ ਰਹੀ , ਪਰ ਓਪਰੀ ਮਿੱਟੀ ਵਿਚ ਜੜ੍ਹ ਕਿਹੜਾ ਸੌਖੀ ਲੱਗਦੀ ਏ ? ਕੰਮ-ਕਾਰਾਂ ਵਿਚ ਰੁੱਝੇ ਅਸੀਂ ਵੀ ਚੰਗੀ ਪਰਵਰਿਸ਼ ਨਹੀਂ ਕਰ ਸਕੇ ।(113)

ਅਮੀਰਾਂ ਦੇ ਮਾਂ-ਬਾਪ ਸਮਾਜ ਦੇ ਉਲਟ ਜਾ ਕੇ ਅਮੀਰਾਂ ਦਾ ਪਾਲਣ-ਪੋਸ਼ਣ ਘਰ ਵਿਚ ਹੀ ਕਰਦੇ ਹਨ । ਸਮਾਜ ਦੀ ਨਮੋਸ਼ੀ ਕਾਰਨ ਅਤੇ ਭਰਾਵਾਂ ਦੇ ਨਫ਼ਰਤ ਭਰੇ ਵਤੀਰੇ ਨੇ ਅਮੀਰਾਂ ਨੂੰ ਕਿੰਨਰਾਂ ਦੀ ਟੋਲੀ ਦੇ ਨਾਲ ਰਲਣ ਲਈ ਮਜਬੂਰ ਕਰ ਦਿੱਤਾ । ਅਮੀਰਾਂ ਆਪਣੇ ਭਰਾ ਦੇ ਤਰਲੇ ਕਰਦੀ ਹੈ ਕਿ ਕਿਵੇਂ ਨਾ ਕਿਵੇਂ ਪਿੰਡ ਆਏ ਖੁਸਰਿਆਂ ਦੇ ਕੰਨੀ ਗੱਲ ਪਾਉਣ ਨੂੰ ਕਹਿੰਦੀ ਹੈ । ਪਰਿਵਾਰ ਵਿਚੋਂ ਭਰਾ ਹੀ ਹੁੰਦੇ ਹਨ ਜੋ ਅਜਿਹੇ ਬੱਚੇ ਨੂੰ ਆਪਣੇ ਪਰਿਵਾਰ ਤੇ ਬੋਝ ਸਮਝਦੇ ਹਨ । ਅਸਲ ਵਿਚ ਭਰਾ ਵੀ ਚਾਹੁੰਦਾ ਸੀ ਕਿ ਉਹ ਇੱਜ਼ਤ ਦੇ ਨਾਲ ਜੀਅ ਸਕੇ । ਬੇਸ਼ੱਕ ਕਿੰਨਰਾਂ ਦੇ ਨਾਲ ਜਾਣ ਦਾ ਫ਼ੈਸਲਾ ਅਮੀਰਾਂ ਦਾ ਆਪਣਾ ਸੀ ਪਰ

ਉਹ ਮਾਪੇ ਕਿਸ ਤਰ੍ਹਾਂ ਆਪਣੇ ਢਿੱਡ ਦੇ ਜਾਏ ਨੂੰ ਵੱਖ ਕਰਨ। ਦੂਸਰੇ ਪਾਸੇ ਸਮਾਜ ਦੀ ਨਫ਼ਰਤ ਦੀ ਸਤਾਈ ਅਮੀਰਾਂ ਤਕੜੇ ਦਿਲ ਨਾਲ ਆਪਣੇ ਅੱਬਾ ਨੂੰ ਕਹਿੰਦੀ ਹੈ ਕਿ-

ਦੇਖ ਅੱਬਾ , ਮੈਂ ਤੈਥੋਂ ਕਿਹੜਾ ਦਾਜ , ਧਨ , ਦੌਲਤ ਜਾਂ ਮਰਜ਼ੀ ਦਾ ਵਰ ਮੰਗਣਾ ? ਬੱਸ ਮਰਜ਼ੀ ਦੀ ਜ਼ਿੰਦਗੀ ਜਿਊਣ ਲਈ ਆਜ਼ਾਦ ਕਰ ਦੇ ---ਮੇਰਾ ਏਥੇ ਦਮ ਘੁੱਟਦਾ । ਅਮੀਰਾਂ ਆਖ਼ਰੀ ਫ਼ੈਸਲਾ ਸੁਣਾਉਂਦੀ ਬੋਲੀ ।(30)

ਸਭ ਤੋਂ ਪਹਿਲਾ ਕਿੰਨਰ ਡੇਰੇ ਵਿਚ ਆਏ ਨਵੇਂ ਕਿੰਨਰ ਨੂੰ ਡੇਰੇ ਦੇ ਨਿਯਮਾਂ ਅਨੁਸਾਰ ਰਹਿਣਾ ਸਿਖਾਉਂਦੇ ਹਨ। ਘਰ ਵਿਚ ਪਲੇਂ ਹੋਏ ਬੱਚੇ ਤੇ ਕਿੰਨਰਾਂ ਦੇ ਡੇਰਿਆਂ ਵਿਚ ਪਲੇ ਹੋਏ ਬੱਚਿਆਂ ਦੇ ਸੰਸਕਾਰਾਂ ਦਾ ਫ਼ਰਕ ਹੁੰਦਾ ਹੈ। ਡੇਰੇ ਵਿਚ ਆਈ ਅਮੀਰਾਂ ਵੀ ਡੇਰੇ ਦੇ ਰਹਿਣ ਸਹਿਣ ਨੂੰ ਬਾਰੀਕੀ ਨਾਲ ਸਮਝ ਰਹੀ ਸੀ। ਡੇਰੇ ਵਿਚ ਉਹ ਅਮੀਰਾਂ ਤੋਂ ਮੀਰਾ ਬਣ ਚੁੱਕੀ ਸੀ। ਡੇਰੇ ਵਿਚ ਆਉਣ ਤੇ ਸਭ ਤੋਂ ਪਹਿਲਾ ਉਸ ਕਿੰਨਰ ਬੱਚੇ ਦਾ ਨਾਂ ਤਬਦੀਲ ਕੀਤਾ ਜਾਂਦਾ ਹੈ। ਡੇਰੇ ਵਿਚ ਹਰੇਕ ਕਿੰਨਰ ਨੂੰ ਗੁਰੂ ਧਾਰਨ ਕਰਨਾ ਪੈਂਦਾ ਹੈ। ਇਹ ਗੁਰੂ ਹੀ ਅੱਗੇ ਆਪਣੇ ਬਣੇ ਚੇਲੇ ਨੂੰ ਡੇਰੇ ਦੇ ਅਸੂਲਾਂ ਅਨੁਸਾਰ ਰਹਿਣਾ ਸਿਖਾਉਂਦਾ ਹੈ। ਮੀਰਾਂ ਦੀ ਗੁਰੂ ਬੁਲਬੁਲ ਮਹੰਤ ਉਸ ਨੂੰ ਡੇਰੇ ਦੇ ਅਸੂਲਾਂ ਬਾਰੇ ਜਾਣਕਾਰੀ ਦਿੰਦੀ ਹੋਈ ਕਹਿੰਦੀ ਹੈ ਕਿ-

ਵੇਖ ਮੀਰਾ , ਅਸੀਂ ਗਲੀ-ਮੁਹੱਲੇ , ਮੋੜਾਂ 'ਤੇ ਖੜ੍ਹ ਕੇ ਲੱਚਰਪੁਣਾ ਨਹੀਂ ਖਿੰਡਾਉਣਾ, ਬਿਨਾਂ ਵਜ੍ਹਾ ਤਾੜੀ ਨਹੀਂ ਮਾਰਨੀ ਤੇ ਨਾ ਹੀ ਵਧਾਈ ਵਾਲੇ ਘਰ ਅੜੀ ਕਰਨੀ ਐ , ਪਤਾ ਨਹੀਂ ਅਗਲਾ ਕਿਹੜੇ ਹਾਲੀਂ ਦਿੰਦੈ ,ਜੋ ਖ਼ੁਸ਼ੀ ਨਾਲ ਝੋਲੀ ਪਾਵੇ ,ਦੁਆਵਾਂ ਦੇ ਕੇ ਪਰਤ ਆਉਣਾ। ਹਾਂ ਸੱਚ ਇਕ ਗੱਲ ਹੋਰ ਮੇਰੀ ਬਿਲੋ ਰਾਣੀ , ਆਪਣੀ ਜ਼ੁਬਾਨ ਤੋਂ ਕਦੇ ਬਦ-ਦੁਆ ਨਾ ਦੇਈਂ ----ਦੁਨੀਆ ਚਾਰ ਦਿਨਾਂ ਦਾ ਮੇਲਾ ਏ। ਬਦ-ਦੁਆ ਤਾਂ ਆਪਾਂ ਰੱਬ ਨੂੰ ਨਹੀਂ ਦਿੰਦੇ ਜਿਸ ਨੇ ਕੱਚੇ ਪਿੱਲੇ ਘੜਿਆ ਸਾਨੂੰ ।(54)

ਇਸ ਤਰ੍ਹਾਂ ਕਿੰਨਰ ਬੱਚਾ ਆਪਣੇ ਪਰਿਵਾਰ ਤੋਂ ਵੱਖ ਹੋ ਕੇ ਇਕ ਤਰਸਪੂਰਨ ਜ਼ਿੰਦਗੀ ਜੀਣ ਲਈ ਮਜਬੂਰ ਹੋ ਜਾਂਦਾ ਹੈ। ਪਰਿਵਾਰ ਤੋਂ ਬਾਅਦ ਉਸ ਨੂੰ ਡੇਰੇ ਦੇ ਮਹੰਤ ਹਵਾਲੇ ਕਰ ਦਿੱਤਾ ਜਾਂਦਾ ਹੈ। ਡੇਰੇ ਦਾ ਮਹੰਤ ਹੀ ਉਸ ਨੂੰ ਜੀਵਨ ਜੀਣ ਦਾ ਤੌਰ-ਤਰੀਕਾ ਸਿਖਾਉਂਦਾ ਹੈ।

ਹੁਣ ਤੱਕ ਹੋਈ ਵਿਚਾਰ-ਚਰਚਾ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਕਿੰਨਰਾਂ ਦਾ ਪਾਲਣ-ਪੋਸ਼ਣ ਜਾਂ ਤਾਂ ਮਾਪਿਆਂ ਦੇ ਘਰ ਭੇਦਭਰੀ ਹਾਲਤ ਵਿਚ ਹੁੰਦਾ ਹੈ ਜਾਂ ਫਿਰ ਕਿੰਨਰ ਡੇਰੇ ਵਿਚ। ਮਾਪਿਆਂ ਦੁਆਰਾ ਮੋਹ ਦੀਆਂ ਤੰਦਾ ਦੇ ਚਲਦਿਆਂ ਪੈਦਾ ਹੋਏ ਕਿੰਨਰਾਂ ਦਾ ਭੇਦ ਭਰੀ ਹਾਲਤ ਵਿਚ ਹੀ ਪਾਲਣ-ਪੋਸ਼ਣ ਕੀਤਾ ਜਾਂਦਾ ਹੈ ਅਤੇ ਅਜਿਹਾ ਕਰਦੇ ਹੋਏ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿਚੋਂ ਵੀ ਉਨ੍ਹਾਂ ਨੂੰ ਗੁਜ਼ਰਨਾ ਪੈਂਦਾ ਹੈ। ਜਸਵੀਰ ਰਾਣਾ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਵਿਚ ਸ਼ਾਮਲ ਗੁਰਸੇਵਕ ਪ੍ਰੀਤ ਦੀ ਕਹਾਣੀ ' ਜੀਨ ਜੋਗਾ 'ਦਾ ਪਾਤਰ ਇੰਦਰ ਸਿੰਘ ਕਿਸ ਤਰ੍ਹਾਂ ਕਿੰਨਰਾਂ ਪ੍ਰਤੀ ਸਮਾਜ ਦੇ ਇਸ ਨਕਾਰਾਤਮਿਕ ਰਵੱਈਆ ਖ਼ਿਲਾਫ਼ ਲੜਦਾ ਹੈ। ਅਸਲ ਵਿਚ ਇੰਦਰ ਸਿੰਘ ਵਿਅਕਤੀਆਂ ਤੇ ਉਲਟ ਪ੍ਰਸਥਿਤੀਆਂ ਦੇ ਨਾਲ ਤਾਂ ਸੰਘਰਸ਼ ਕਰਦਾ ਹੀ ਹੈ। ਉਹ ਸਮਾਜ ਦੀ ਨਕਾਰਾਤਮਿਕ ਵਿਚਾਰਧਾਰਾ ਦੇ ਨਾਲ ਕਿਵੇਂ ਲੜਦਾ ਫਿਰ ਵੀ ਉਹ ਹਾਰ ਨਹੀਂ ਮੰਨਦਾ ? ਉਸ ਕਿੰਨਰ ਬੱਚੇ ਦਾ ਪਾਲਣ-ਪੋਸ਼ਣ ਇੱਕ ਲੜਕੇ ਦੀ ਤਰ੍ਹਾਂ ਕਰਦਾ ਹੈ। ਜਵਾਨ ਹੋਣ ਤੇ ਉਸ ਦੀ ਸਮਾਜ ਵਿਰੋਧੀ ਕਾਰਗੁਜ਼ਾਰੀਆਂ ਜੋ ਉਸ ਨੂੰ ਮਰਦ ਸਾਬਿਤ ਕਰਦੀਆਂ ਹਨ। ਇੰਦਰ ਦੇ ਅਸੀਮ ਸੁੱਖ ਦਾ ਕਾਰਨ ਬਣਦੀਆਂ ਹਨ। ਕਿੰਨਰ ਬੱਚਾ ਜਵਾਨ ਹੋਣ ਤੇ ਆਪਣੀਆਂ ਭਾਵਨਾਵਾਂ ਦੇ ਲੜਨ ਤੋਂ ਅਸਮਰਥ ਹੈ। ਕਹਾਣੀ ਵਿਚੋਂ ਸੰਕੇਤ ਮਿਲਦੇ ਹਨ ਕਿ ਕਿੰਨਰ ਬੱਚੇ ਦੇ ਜਨਮ ਤੋਂ ਹੀ ਘੜੀ ਦੁਖਦਾਈ ਬਣ ਜਾਂਦੀ ਹੈ। ਇੰਦਰ ਸਿੰਘ ਦੇ ਪਰਿਵਾਰ ਲਈ ਅਸਹਿ ਸੀ। ਇਸ ਸਚਾਈ ਦੇ ਪਤਾ ਲੱਗਣ ਤੇ ਉਸ ਦੀ ਪਤਨੀ ਨੇ ਹਫ਼ਤਾ ਵੀ ਨਾ ਕੱਟਿਆ। ਪਤਨੀ ਦੀ ਮੌਤ ਤੇ ਦੂਸਰਾ ਕਿੰਨਰ ਬੱਚੇ ਦੀ ਪਰਵਰਿਸ਼ ਇੰਦਰ ਲਈ ਇਕ ਚਣੌਤੀ ਸੀ। ਇੰਦਰ ਸਿੰਘ ਨੇ ਫਿਰ ਵੀ ਇਸ ਸਚਾਈ ਨੂੰ ਕਬੂਲ ਕੀਤਾ। ਉਸ ਅੰਦਰ ਜੀਵਨ ਵ੍ਰਿਤੀ ਕਾਇਮ ਰਹਿੰਦੀ ਹੈ। ਉਸ ਨੇ ਆਪਣੇ ਮੁੰਡੇ ਨੂੰ ਇਕ ਆਮ ਬੱਚੇ ਦੀ ਤਰ੍ਹਾਂ ਪਾਲਿਆ। ਉਸ ਦੀ ਖ਼ੁਸ਼ੀ ਵਿਚ ਸ਼ਰੀਹ ਬੰਨਿਆ ਅਤੇ ਪਿੰਡ ਵਿਚ ਗੁੜ ਵੰਡਿਆ ਗਿਆ। ਉਹ ਮੁੰਡੇ ਨੂੰ ਲਾਡ ਨਾਲ ਸ਼ਿੰਦਾ ਪੁੱਤ ਕਹਿ ਕੇ ਬੁਲਾਉਂਦਾ ਸੀ। ਉਹ ਸ਼ਿੰਦੇ ਨੂੰ ਬਚਪਨ ਤੋਂ ਹੀ ਸੁਚੇਤ ਕਰ ਦਿੰਦਾ ਹੈ ਕਿ-

> ਵੇਖ ਪੁੱਤ ਕਿਸੇ ਮੂਹਰੇ ਕੱਛੀ ਨਹੀਂ ਲਾਹੁਣੀ ਕਿਸੇ ਸਾਹਮਣੇ ਪਸ਼ਾਬ ਨਹੀਂ ਕਰਨਾ , ਨਾ ਕਿਸੇ ਨਾਲ ਕੋਈ ਐਹੋ ਜਹੀ ਗੱਲ ਕਰਨੀ ,ਨਹੀਂ ਤਾਂ ਭੂਤ ਖਾ ਜੂ। ( 129)

ਇੰਦਰ ਵੱਲੋਂ ਬਚਪਨ ਵਿਚ ਦਿੱਤੀ ਹੋਈ ਟਰੇਨਿੰਗ ਹਮੇਸ਼ਾ ਉਸ ਨੂੰ ਚੇਤਾ ਕਰਵਾਉਂਦੀ। ਜਦੋਂ ਪੁਲਿਸ ਉਸ ਤੇ ਅਵਾਰਾਗਰਦੀ ਦਾ ਕੇਸ ਪਾਉਂਦੀ ਹੈ। ਜਿਸ ਵਿਚ ਉਸ ਨੂੰ ਡਾਕਟਰੀ ਕਰਵਾਉਣੀ ਪੈਣੀ ਸੀ। ਇਸ ਲਈ ਉਸ ਦਾ ਸੱਚ ਸਾਰਿਆ ਦੇ ਸਾਹਮਣੇ ਆ ਜਾਵੇਗਾ। ਉੱਧਰ ਸ਼ਿੰਦਾ ਵੀ ਇਹ ਬਣਾਉਟੀ ਜ਼ਿੰਦਗੀ ਜੀਅ-ਜੀਅ ਕੇ ਅੱਕ ਜਾਂਦਾ ਹੈ। ਵੀਹ ਸਾਲ ਦੀ ਉਮਰ ਤੱਕ ਆਪਣੀ ਪਹਿਚਾਣ ਛੁਪਾਉਣ ਵਿਚ ਕਾਮਯਾਬ ਰਹਿੰਦਾ ਹੈ। ਜਦੋਂ ਥਾਣੇਦਾਰ ਦੀ ਕੁੜੀ ਉਸ ਨਾਲ ਪਿਆਰ ਕਰਨ ਲੱਗ ਪੈਂਦੀ ਹੈ ਤਾਂ ਉਸ ਲਈ ਹਲਾਤ ਦਵੰਦ ਮਈ ਬਣ ਜਾਂਦੇ ਹਨ। ਉਹ ਆਪਣੇ ਪਿਉ ਨੂੰ ਕਹਿੰਦਾ ਹੈ ਕਿ-

> ਨਿੱਤ ਨਿੱਤ ਦੇ ਜੱਭ ਨਾਲੋਂ ਇੱਕੋ ਵਾਰੀ ਕੌੜਾ ਘੁੱਟ ਭਰ ਲੈਂਦੇ ਕਿੰਨਾ ਕੁ ਚਿਰ ਝੂਠ ਦੇ ਪੱਜ ਜੀਵਾਂਗੇ ਥਾਣੇਦਾਰ ਦੀ ਜੋਤੀ ਮੈਨੂੰ ਪਿਆਰ ਕਰਦੀ ਆ ਵਿਆਹ ਕਰਨ ਲਈ ਕਹਿੰਦੀ ਆ ਦੱਸ ਮੈਂ ਉਹਨੂੰ ਕੀ ਜਵਾਬ ਦੇਵਾਂ ਮੈਨੂੰ ਜੰਮਦੇ ਨੂੰ ਮਾਰ ਦਿੰਦਾ ਜਾਂ ਡੇਰੇ ਛੱਡ ਦਿੰਦਾ। (132)

ਇਸ ਤਰ੍ਹਾਂ ਸ਼ਿੰਦਾ ਲਿੰਗ ਅਤੇ ਲਿੰਗ ਭੇਦ ਦੋਵਾਂ ਪਛਾਣਾਂ ਵਿਚ ਉਲਝ ਕੇ ਰਹਿ ਜਾਂਦਾ ਹੈ। ਕਿੰਨਰ ਉਸ ਦੀ ਅਸਲੀ ਲਿੰਗਕ ਪਛਾਣ ਸੀ, ਜਿਸ ਨੂੰ ਸਮਾਜ ਵਿਚ ਕੋਈ ਮਾਨਤਾ ਨਹੀਂ ਦਿੱਤੀ ਗਈ ਸੀ। ਜਿਸ ਕਾਰਨ ਸ਼ਿੰਦਾ ਅੰਤਰ-ਪ੍ਰੇਖਣ ਵਿਧੀ ਰਾਹੀ ਆਪਣਾ ਅੰਦਰ ਫਰੋਲਦਾ ਹੈ ਤਾਂ ਉਸ ਨੂੰ ਆਪਣਾ ਆਪ ਅਧੂਰਾ ਜਾਪਦਾ ਹੈ। ਕਹਾਣੀ ਦੇ ਅੰਤ ਵਿਚ ਸ਼ਿੰਦੇ ਦੇ ਚੇਤਨ ਮਨ ਦਾ ਅਚੇਤਨ ਤੇ ਜ਼ੋਰ ਨਹੀਂ ਚੱਲਦਾ ਜਿਸ ਨਾਲ ਅਚੇਤਨ, ਚੇਤਨ ਤੇ ਹਾਵੀ ਹੋ ਜਾਂਦਾ ਹੈ। ਜਨਮ ਸਮੇਂ ਤੋਂ ਦੱਬੀ ਹੀਣ ਭਾਵਨਾ ਇਕ ਦਮ ਉਜਾਗਰ ਹੁੰਦੀ ਹੈ ਤੇ ਉਸ ਤੇ ਮਰਨ ਪ੍ਰਵਿਰਤੀ ਭਾਰੂ ਹੋ ਜਾਂਦੀ ਹੈ। ਜਿਸ ਕਾਰਨ ਉਹ ਨਿਰਾਸ਼ਾਵਾਦੀ, ਚਿੰਤਾਜਨਕ ਅਵਸਥਾ ਵੱਲ ਚਲਿਆ ਜਾਂਦਾ ਹੈ। ਇਸ ਲਈ ਉਹ ਆਪਣੀ ਤੇ ਬਾਪ ਦੀ ਇੱਜ਼ਤ ਲਈ ਅੰਤ 'ਤੇ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਹੀ ਸਮਾਪਤ ਕਰ ਲੈਂਦਾ ਹੈ। ਪੁੱਤਰ ਦੀ ਮੌਤ ਤੋਂ ਬਾਅਦ ਉਸ ਦਾ ਬਾਪ ਇੰਦਰ ਸਿੰਘ ਉਸ ਵੇਲੇ ਵੱਡੀ ਰਾਹਤ ਮਹਿਸੂਸ ਕਰਦਾ ਹੈ। ਜਦੋਂ ਉਸ ਨੂੰ ਪਤਾ ਚਲਦਾ ਹੈ ਕਿ ਨਹਿਰ ਵਿਚ ਉਸ ਦੀ ਲਾਸ਼ ਐਨੀ ਗਲ ਸੜ ਚੁੱਕੀ ਹੈ ਕਿ ਉਸ ਦੇ ਕਿੰਨਰ ਹੋਣ ਦਾ ਭੇਤ ਜੱਗ ਜ਼ਾਹਿਰ ਨਹੀਂ ਹੋਇਆ। ਇੰਦਰ ਦੇ ਆਲੇ-ਦੁਆਲੇ ਇਹ ਸ਼ਬਦ ਗੂੰਜਣ ਲੱਗਦੇ ਹਨ ਕਿ-

> ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ ---ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ---ਸਰੀਰ ਉਪਰ ਮਾਸ ਤਾਂ ਹੈ ਈ ਨਹੀਂ ਸੀ---।

ਇੰਦਰ ਦੇ ਧੁਰ ਅੰਦਰੋਂ ਇਹ ਅਵਾਜ਼ ਨਿਕਲਦੀ ਹੈ ਕਿ-

ਸ਼ਿੰਦਿਆਂ ਤੂੰ ਤਾਂ ਮਰ ਕੇ ਵੀ ਮੈਨੂੰ ਜੀਨ ਜੋਗਾ ਕਰ ਗਿਆ ਓਏ---। (132)

ਕਹਾਣੀ ਪਿਉ-ਪੁੱਤਰ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਨ ਦੇ ਨਾਲ-ਨਾਲ ਸਮਾਜ ਦੀ ਕਿੰਨਰਾਂ ਪ੍ਰਤੀ ਨਕਾਰਾਤਮਿਕ ਸੋਚ ਨੂੰ ਵੀ ਪੇਸ਼ ਕਰਦੀ ਹੈ। ਕਿਸ ਤਰ੍ਹਾਂ ਦੋਵੇ ਪਿਉ-ਪੁੱਤਰ ਇਸ ਸੰਤਾਪ ਨੂੰ ਸਾਰੀ ਜ਼ਿੰਦਗੀ ਭੋਗਦੇ ਰਹੇ। ਉਹ ਦੋਵੇਂ ਇਸ ਸਚਾਈ ਨੂੰ ਲਕੋਣ ਵਿਚ ਹੀ ਆਪਣਾ ਭਲਾ ਸਮਝਦੇ ਹਨ। ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਕਿੰਨਰ ਦੀ ਖ਼ੁਦ ਦੀ ਲਿੰਗਕ ਹਸਤੀ ਜਿੱਥੇ ਸਮਾਜਿਕ ਪੱਧਰ ਤੇ ਆਪੱਤੀਜਨਕ ਹੈ, ਉੱਥੇ ਉਸ ਦੀ ਮੌਤ ਤੋਂ ਬਾਅਦ ਦੀ ਵੀ ਇਹ ਹਸਤੀ ਜਗ-ਜ਼ਹਿਰ ਨਾ ਹੋਣਾ ਤ੍ਰਾਸਦਿਕ ਸਥਿਤੀ ਹੈ ਕਿ ਸਮਾਜ ਵਿਚ ਕਿੰਨਰ ਨੂੰ ਉਚਿੱਤ ਸਥਾਨ ਪ੍ਰਾਪਤ ਨਹੀਂ। ਦੂਸਰੇ ਪਾਸੇ ਇਨ੍ਹਾਂ ਨੂੰ ਜਨਮ ਦੇਣ ਵਾਲਿਆਂ ਲਈ ਵੀ ਇਹ ਇਕ ਤ੍ਰਿਸਕਾਰਿਤ ਸਥਿਤੀ ਹੈ ਕਿਉਂ ਜੋ ਸਮਾਜ ਸਾਹਮਣੇ ਉਨ੍ਹਾਂ ਲਈ ਵੀ ਇੱਜ਼ਤ ਵਾਲੀ ਗੱਲ ਨਹੀਂ ਹੁੰਦੀ ਕਿ ਉਨ੍ਹਾਂ ਨੇ ਕਿੰਨਰ ਨੂੰ ਜਨਮ ਦਿੱਤਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਔਲਾਦ ਦੀ ਮੌਤ ਤੇ ਰਾਹਤ ਮਹਿਸੂਸ ਕਰਦਾ ਹੈ ਕਿ ਉਸ ਦਾ ਭੇਦ ਜੱਗ-ਜ਼ਹਿਰ ਨਹੀਂ ਹੋਇਆ।

ਇਸੇ ਤਰ੍ਹਾਂ ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਹਮਜਿਨਸ' ਵਿਚ ਵੀ ਮਾਪਿਆ ਦੁਆਰਾ ਕਿੰਨਰ ਬੱਚਿਆਂ ਨੂੰ ਪਾਲਣ ਦੀ ਖ਼ਾਤਰ ਕਿਸ ਤਰ੍ਹਾਂ ਸੱਚ ਨੂੰ ਛੁਪਾ ਕੇ ਰੱਖਿਆ ਜਾਂਦਾ ਹੈ। ਇਸ ਕਹਾਣੀ ਦਾ ਪਾਤਰ ਕਸਤੂਰੀ ਇੱਕ ਅਜਿਹਾ ਨੌਜਵਾਨ ਪਾਤਰ ਹੈ, ਜਿਸ ਦਾ ਜਨਮ ਇਕ ਅਮੀਰ ਪਰਿਵਾਰ ਵਿਚ ਹੁੰਦਾ ਹੈ। ਕਸਤੂਰੀ ਦੇ ਜਵਾਨ ਹੋਣ 'ਤੇ ਵੀ ਇਹੀ ਵਾਪਰਦਾ ਹੈ। ਮਨੋਵਿਗਿਆਨ ਦੇ ਅਨੁਸਾਰ ਮੁਨੱਖ ਦਾ ਵਿਹਾਰ ਅਚੇਤਨ ਪੱਧਰ ਤੇ ਅਧਾਰਿਤ ਹੁੰਦਾ ਹੈ। ਇਸ ਤਰ੍ਹਾਂ ਕਸਤੂਰੀ ਭਾਵੇਂ ਚੇਤਨ ਪੱਧਰ ਤੇ ਆਪਣੀ ਅਸਲੀਅਤ ਤੋਂ ਅਣਜਾਣ ਹੈ ਪਰ ਉਸ ਦੇ ਕੀਤੇ ਹੋਏ ਵਿਹਾਰ ਤੋਂ ਉਸ ਦੀ ਅਸਲੀਅਤ ਸਾਹਮਣੇ ਆਉਂਦੀ ਹੈ। ਸਮਾਜ ਇਹੋ ਜਿਹੇ ਬੱਚਿਆਂ ਦਾ ਮਜ਼ਾਕ ਉਡਾਉਂਦਾ ਹੈ। ਜਿਸ ਕਾਰਨ ਕਿੰਨਰ ਬੱਚੇ ਆਪਣੇ-ਆਪ ਨੂੰ ਇਸ ਮਜ਼ਾਕ ਤੋਂ ਬਚਾਉਣ ਲਈ ਸਮਾਜ ਤੋਂ ਦੂਰ ਭੱਜਦੇ ਹਨ। ਕਸਤੂਰੀ ਵੀ ਇਕ ਦਿਨ ਇਸ ਜੀਵਨ ਤੋਂ ਅੱਕ ਕੇ ਆਪਣੇ ਸਮਾਜ ਵਿਚ ਸ਼ਾਮਲ ਹੋ ਜਾਂਦਾ ਹੈ ਕਿ-

> ਕੋਠੀ ਦੇ ਇਕ ਕਮਰੇ ਵਿਚੋਂ ਸਾੜ੍ਹੀ ਬੱਧੀ,ਲਿਪਸਟਿਕ ਨਾਲ ਹੋਠ ਰੰਗੇ, ਪੈਰੀਂ ਘੁੰਗਰੂ, ਕਸਤੂਰੀ ਨੱਚਦਾ ਹੋਇਆ ਨਿਕਲਿਆ ਤੇ ਖੁਸਰਿਆਂ ਦੇ ਨਾਚ ਵਿਚ ਸ਼ਾਮਲ ਹੋ ਗਿਆ । (17)

ਬੇਸ਼ੱਕ ਮਾਪੇ ਪੈਸੇ ਦੇ ਜ਼ੋਰ ਨਾਲ ਕਸਤੂਰੀ ਦਾ ਸੱਚ ਛੁਪਾਉਣਾ ਚਾਹੁੰਦੇ ਹਨ । ਸਭਿਅਕ ਸਮਾਜ ਵਿਚ ਅਜਿਹੇ ਬੱਚੇ ਆਪਣੇ ਆਪ ਨੂੰ ਸਹਿਜ ਨਹੀਂ ਮੰਨਦੇ । ਅੰਤ ਉਹ ਕਸਤੂਰੀ ਵਾਂਗ ਕਿੰਨਰਾਂ ਦੇ ਵਿਚ ਸ਼ਾਮਲ ਹੋ ਜਾਂਦੇ ਹਨ ।

ਇਸ ਤਰ੍ਹਾਂ ਮੋਹਣ ਭੰਡਾਰੀ ਦੀ ਕਹਾਣੀ 'ਮਟਕਣ ਲਾਲ ਖੋਜਾ' ਵੀ ਇਸੇ ਤੱਥ ਨੂੰ ਪੇਸ਼ ਕਰਦੀ ਹੈ ਕਿ ਕਿੰਨਰ ਬੱਚੇ ਆਪਣੀ ਮਾਨਸਿਕਤਾ ਕਾਰਨ ਪਰਿਵਾਰਾਂ ਵਿਚ ਰਹਿਣ ਨੂੰ ਸਹਿਜ ਮਹਿਸੂਸ ਨਹੀਂ ਕਰਦੇ । ਇਸ ਕਹਾਣੀ ਦਾ ਪਾਤਰ ਮਟਕਣ ਵੀ ਪਰਿਵਾਰ ਤੋਂ ਭੱਜ ਕੇ ਕਿੰਨਰਾਂ ਦੇ ਵਿਚ ਸ਼ਾਮਲ ਹੋ ਜਾਂਦਾ ਹੈ। ਇਕਲੌਤਾ ਪੁੱਤਰ ਹੋਣ ਕਰ ਕੇ ਮਟਕਣ ਦੇ ਮਾਪੇ ਉਸ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹ ਦਿੰਦੇ ਹਨ । ਇਸ ਤਰ੍ਹਾਂ ਮਟਕਣ ਦੀ ਕੋਈ ਵੀ ਦਲੀਲ ਮਾਪਿਆਂ ਅੱਗੇ ਕੰਮ ਨਹੀਂ ਕਰਦੀ । ਸੋ ਉਹ ਵਿਆਹੁਤਾ ਜੀਵਨ ਛੱਡ ਕੇ ਪਰੇਸ਼ਾਨ ਰਹਿਣ ਲੱਗਿਆ। ਦਸ ਪੰਦਰਾਂ ਬੱਚਿਆਂ ਦੀਆਂ ਟੋਲੀਆਂ ਉਸ ਦਾ ਮਜ਼ਾਕ ਉਡਾਦੀਆਂ ਰਹਿੰਦੀਆਂ। ਉਸ ਦੇ ਕੰਨਾਂ ਵਿਚ ਅਵਾਜ਼ਾਂ ਪੈਂਦੀਆਂ-

ਖੋਜਾ ਓਏ , ਖੋਜਾ ਓਏ , ਜਨਾਨੜਾ ਓਏ । (32)

ਸਮਾਜ ਦੇ ਭੱਦੇ ਮਜ਼ਾਕਾਂ ਤੋ ਮਟਕਣ ਉਦਾਸ ਹੋ ਕੇ ਇਕ ਦਿਨ ਉਹ ਅਚਾਨਕ ਲਾਪਤਾ ਹੋ ਜਾਂਦਾ ਹੈ । ਉਸ ਦੇ ਮਾਂ-ਬਾਪ ਉਸ ਦੀ ਭਾਲ ਵਿਚ ਨਿਕਲਦੇ ਹਨ ਤਾਂ ਉਹ ਦੇਖਦੇ ਹਨ-

> ਉਨ੍ਹਾਂ ਦੀ ਨਜ਼ਰ ਇਕ ਇਕੱਠ ਤੇ ਪੈਂਦੀ ਹੈ । ਇਕ ਦੁਕਾਨ ਦੇ ਸਾਹਮਣੇ ਹੀਜੜੇ ਨੱਚ ਰਹੇ ਸਨ । ਉਹ ਮੁੜ ਮੁੜ ਮੁੰਡਾ ਜੰਮਣ ਦੀਆਂ ਵਧਾਈਆਂ ਦੇ ਰਹੇ ਸਨ । ਖੂੰਜੇ ਵਿਚ ਬੈਠਾ ਇਕ ਨੌਜਵਾਨ ਢੋਲਕੀ ਵਜਾ ਰਿਹਾ ਸੀ । (33)

ਅਸਲ ਵਿਚ ਮਟਕਣ ਲਾਲ ਨੂੰ ਸਹੀ ਥਾਂ ਮਿਲ ਗਈ ਸੀ। ਮਟਕਣ ਅਤੇ ਕਸਤੂਰੀ ਵਰਗੇ ਮਨੁੱਖ ਸਮਾਜ ਦੇ ਵਿਚ ਮਜ਼ਾਕ ਦਾ ਪਾਤਰ ਬਣਦੇ ਹਨ। ਉਹ ਇਸ ਮਜ਼ਾਕ ਤੋਂ ਬਚਣ ਲਈ ਕਿੰਨਰਾਂ ਦੇ ਸਮਾਜ ਵਿਚ ਸ਼ਾਮਲ ਹੋ ਜਾਂਦੇ ਹਨ। ਜੇਕਰ ਮਾਂ-ਬਾਪ ਧੱਕੇ ਨਾਲ ਅਜਿਹੇ ਬੱਚਿਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਰੱਖਣਾ ਲੋਚਦੇ ਹਨ ਤਾਂ ਅਜਿਹੇ ਬੱਚੇ ਆਪਣੇ ਆਪ ਨੂੰ ਸਹਿਜ ਰੂਪ ਵਿਚ ਪ੍ਰਵਾਨ ਨਹੀਂ ਕਰਦੇ। ਸੋ ਅਜਿਹੇ ਬੱਚਿਆਂ ਦੀ ਮਾਨਸਿਕਤਾ ਆਪਣੇ ਵਰਗੇ ਲੋਕਾਂ ਵਿਚ ਰਹਿਣਾ ਲੋਚਦੀ ਹੈ। ਕਾਮੁਕਤਾ ਜਾਂ ਮਰਦਾਵੀ ਯੋਗਤਾ ਦੀ ਅਣਹੋਂਦ ਕਾਰਨ ਸਮਾਜ ਅਜਿਹੇ ਵਿਅਕਤੀਆਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦਾ ਹੈ। ਇਸ ਲਈ ਮਟਕਣ ਲਾਲ ਵੀ ਆਪਣੇ ਲੋਕਾਂ ਦੇ ਵਿਚ ਸ਼ਾਮਲ ਹੋ ਕੇ ਮਾਨਸਿਕ ਤੌਰ ਤੇ ਸੰਤੁਸ਼ਟੀ ਪ੍ਰਾਪਤ ਕਰਦਾ ਹੈ।

ਇਸੇ ਤਰ੍ਹਾਂ ਦੇ ਦੁਖਾਂਤ ਨੂੰ ਨਾਵਲ 'ਸੰਤਾਪ-ਦਰ-ਸੰਤਾਪ' ਜੋ ਬਲਜੀਤ ਪਪਨੇਜਾ ਦੁਆਰਾ ਲਿਖੇ ਨਾਵਲ ਸੰਤਾਪ ਦਾ ਦੂਸਰਾ ਭਾਗ ਕਿਹਾ ਜਾ ਸਕਦਾ ਹੈ। ਇਸ ਨਾਵਲ ਵਿਚ ਪਹਿਲੇ ਨਾਵਲ ਵਿਚਲੀ ਕਥਾ ਨੂੰ ਹੀ ਅਧਾਰ ਬਣਾ ਕੇ ਅਗਲੇਰੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਨਾਵਲ ਅਨੁਸਾਰ ਨੀਰੂ ਦਾ ਪਰਿਵਾਰ ਕਿੰਨਰ ਵਰਗ ਨਾਲ ਅਦਾਲਤੀ ਲੜਾਈ ਸੈਸ਼ਨ ਕੋਰਟ ਵਿਚੋਂ ਕੇਸ ਜਿੱਤ ਚੁੱਕਾ ਹੈ ਪਰ ਸਮਾਜਿਕ ਪੱਧਰ ਤੇ ਉਸ ਨੂੰ ਅਜੇ ਵੀ ਨਾ ਮੁੱਕਣ ਵਾਲੀ ਲੜਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿੱਥੇ ਨੀਰੂ ਆਪਣੇ ਕਿੰਨਰ ਹੋਣ ਦੀ ਹੀਣ ਭਾਵਨਾ ਤੋਂ ਪੀੜਤ ਹੈ, ਉੱਥੇ ਪਰਿਵਾਰ ਨੂੰ ਵੀ ਸਮੇਂ-ਸਮੇਂ ਤੇ ਇਸ ਹੀਣ ਭਾਵਨਾ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿ ਉਨ੍ਹਾਂ ਦੇ ਪਰਿਵਾਰ ਦਾ ਇਕ ਮੈਂਬਰ ਕਿੰਨਰ ਹੈ। ਇਸ ਤਰ੍ਹਾਂ ਸਮਾਜ ਵਿਚ ਆਪਣੀ ਪਹਿਚਾਣ ਦੀ ਖ਼ਾਤਰ ਨੀਰੂ ਜੱਜ ਸਾਹਿਬ ਨੂੰ ਭਰੀ ਅਦਾਲਤ ਵਿਚ ਪ੍ਰਸ਼ਨ ਕਰਦੀ ਹੈ। ਇਸ ਦੇ ਨਾਲ ਉਹ ਸਮਾਜ ਅਤੇ ਹਰ ਸ਼ਖ਼ਸ ਨੂੰ ਇਹ ਪ੍ਰਸ਼ਨ ਪੁੱਛਣਾ ਚਾਹੁੰਦੀ ਹੈ ਕਿ-

ਜਦੋਂ ਕਿਸੇ ਘਰ ਵਿਚ ਕੋਈ ਖੁਸਰਾ ਬੱਚਾ ਪੈਦਾ ਹੁੰਦਾ ਹੈ ਤਾਂ ਕੀ ਉਸ ਵਿਚ ਪੈਦਾ ਹੋਣ ਵਾਲੇ ਉਸ ਬੱਚੇ ਦਾ ਕਸੂਰ ਹੈ ਜਾਂ ਉਸ ਦੇ ਮਾਂ-ਬਾਪ ਦਾ ਜਿਨ੍ਹਾਂ ਦੇ ਘਰ ਵਿਚ ਉਸ ਨੇ ਜਨਮ ਲਿਆ। ਜੱਜ ਸਾਹਿਬ

ਇਨ੍ਹਾਂ ਦਾ ਜਨਮ ਵੀ ਇਕ ਆਮ ਪਰਿਵਾਰ ਵਿਚ ਹੀ ਹੋਇਆ ਹੋਵੇਗਾ ਉਸ ਵਿਚ ਕਿਸ ਦਾ ਕਸੂਰ ਸੀ, ਇਨ੍ਹਾਂ ਦਾ ਜਾਂ ਇਨ੍ਹਾਂ ਦੇ ਮਾਂ -ਬਾਪ ਦਾ --- (75)

ਨੀਰੂ ਵੱਲੋਂ ਆਪਣੀ ਜ਼ਿੰਦਗੀ ਬਾਰੇ ਉਠਾਏ ਸਵਾਲ ਸਹੀ ਹਨ । ਜਿਸ ਦਾ ਸਮਾਜ ਕੋਲ ਕੋਈ ਜੁਆਬ ਨਹੀਂ ਹੈ । ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਜੀਣ ਦਾ ਅਧਿਕਾਰ ਹੋਣਾ ਚਾਹੀਦਾ ਹੈ । ਸੰਵਿਧਾਨ ਵੀ ਇਸ ਹੱਕ ਵਿਚ ਖੜ੍ਹਾ ਹੈ ਕਿ ਹਰ ਵਿਅਕਤੀ ਦਾ ਮੌਲਿਕ ਅਧਿਕਾਰ ਹੈ । ਉਹ ਆਪਣੀ ਜ਼ਿੰਦਗੀ ਆਪਣੇ ਢੰਗ ਅਨੁਸਾਰ ਜੀਅ ਸਕਦਾ ਹੈ । ਇਸ ਵਿਚ ਕਿਸੇ ਵਿਅਕਤੀ ਦਾ ਵੀ ਦਾਖਲ ਨਹੀਂ ਹੋਣਾ ਚਾਹੀਦਾ । ਨੀਰੂ ਦੇ ਖੁਸਰਾ ਹੋਣ ਕਾਰਨ ਇਕ ਤਾਂ ਪਰਿਵਾਰ ਨੂੰ ਵੈਸੇ ਹੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ । ਦੂਸਰਾ ਜੇਕਰ ਪਰਿਵਾਰ ਇਸ ਸਚਾਈ ਨੂੰ ਪ੍ਰਵਾਨ ਕਰਕੇ ਨੀਰੂ ਦਾ ਪਾਲਣ-ਪੋਸ਼ਣ ਆਮ ਬੱਚਿਆਂ ਦੀ ਤਰ੍ਹਾਂ ਕਰਦਾ ਹੈ ਤਾਂ ਵੀ ਸਮਾਜ ਜੀਣ ਨਹੀਂ ਦਿੰਦਾ । ਕਿੰਨਰਾਂ ਨਾਲ ਉਨ੍ਹਾਂ ਨੂੰ ਅਦਾਲਤ ਵਿਚ ਝਗੜਨਾ ਪੈਂਦਾ ਹੈ । ਬੇਸ਼ੱਕ ਕਿੰਨਰਾਂ ਨੂੰ ਕਾਨੂੰਨੀ ਤੌਰ 'ਤੇ ' ਥਰਡ ਜੈਂਡਰ ' ਦੇ ਰੂਪ ਵਿਚ ਮਾਨਤਾ ਮਿਲ ਚੁੱਕੀ ਹੈ ਪਰ ਸਮਾਜਿਕ ਮਾਨਤਾ ਮਿਲਣੀ ਬਾਕੀ ਹੈ । ਇਸ ਲਈ ਮਾਰਕਸਵਾਦੀ ਆਲੋਚਕ ਟੈਰੀ ਈਗਲਟਰਨ ਨੇ ਠੀਕ ਹੀ ਕਿਹਾ ਹੈ-

> ਮਨੁੱਖਾਂ ਦੀ ਚੇਤਨਾ ਉਨ੍ਹਾਂ ਦੀ ਹੋਂਦ ਨੂੰ ਨਿਸ਼ਚਿਤ ਨਹੀਂ ਕਰਦੀ ਸਗੋਂ ਇਸ ਦੇ ਉਲਟ ਉਨ੍ਹਾਂ ਦੀ ਸਮਾਜਿਕ-ਹੋਂਦ ਉਨ੍ਹਾਂ ਦੀ ਚੇਤਨਾ ਨੂੰ ਨਿਸ਼ਚਿਤ ਕਰਦੀ ਹੈ ।('ਮਾਰਕਸਵਾਦੀ ਸਾਹਿਤਕ ਆਲੋਚਨਾ'14)

ਨੀਰੂ ਆਪਣੇ ਸਮਾਜਿਕ ਵਿਤਕਰੇ ਕਾਰਨ ਹੀ ਪਰਿਵਾਰ ਤੇ ਸਮਾਜ ਵਿਚ ਆਪਣੀ ਹੋਂਦ ਨੂੰ ਤਲਾਸ਼ਦੀ ਹੈ । ਉਸ ਦੇ ਮਨ ਵਿਚ ਆਪਣੇ ਲਈ ਕਈ ਸਵਾਲ ਉੱਠਦੇ ਅਤੇ ਇਨ੍ਹਾਂ ਸਾਰਿਆ ਦਾ ਜਵਾਬ ਉਹ ਸਮਾਜ ਕੋਲੋਂ ਮੰਗਣਾ ਚਾਹੁੰਦੀ ਹੈ । ਨੀਰੂ ਦੇ ਸਵਾਲ ਸਮੁੱਚੇ ਕਿੰਨਰ ਸਮਾਜ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਨਜ਼ਰ ਆਉਂਦੇ ਹਨ ।

ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਸਪਸ਼ਟ ਹੁੰਦਾ ਹੈ ਕਿ ਬੇਸ਼ੱਕ ਕਿੰਨਰਾਂ ਦੇ ਜਨਮ ਨੂੰ ਸਮਾਜ ਵਿਚ ਸ਼ੁੱਭ ਨਹੀਂ ਮੰਨਿਆ ਜਾਂਦਾ ਦੂਜੇ ਪਾਸੇ ਭਾਰਤੀ ਸਭਿਆਚਾਰ ਵਿਚ ਕਿੰਨਰਾਂ ਦੇ ਅਪਮਾਨ ਨੂੰ ਅਸ਼ੁੱਭ ਮੰਨਿਆ ਜਾਂਦਾ ਹੈ। ਖ਼ੁਸ਼ੀ ਦੇ ਸਮੇਂ ਕਿੰਨਰਾਂ ਨੂੰ ਨਚਾਉਣਾ ਤੇ ਵਧਾਈ ਦੇਣਾ ਪੰਜਾਬੀ ਸਭਿਆਚਾਰ ਵਿਚ ਖ਼ੁਸ਼ੀ ਦਾ ਸੰਕੇਤ ਮੰਨਿਆ ਜਾਂਦਾ ਹੈ। ਇਹੀ ਮਾਨਤਾ ਕਿੰਨਰਾਂ ਦੀ ਸਭਿਆਚਾਰ ਪਹਿਚਾਣ ਨੂੰ ਦਰਸਾਉਂਦੀ ਹੈ। ਸਮਾਜ ਵਿਚ ਕਿਸੇ ਲੜਾਈ-ਝਗੜੇ ਵੇਲੇ ਕਿਸੇ ਕਿੰਨਰ ਨੂੰ ਮਾਰਨਾ ਚੰਗਾ ਸ਼ਗਨ ਨਹੀਂ ਮੰਨਿਆ ਜਾਂਦਾ ਹੈ। ਅਰੁੰਧਤੀ ਰਾਏ ਦੇ ਨਾਵਲ 'ਦਰਬਾਰਿ-ਖ਼ੁਸ਼ੀਆਂ ਬੇਪਨਾਹ' ਦੀ ਪਾਤਰ ਅੰਜੁਮ ਗੁਜਰਾਤ ਦੇ ਦੰਗਿਆ ਤੋਂ ਪ੍ਰਭਾਵਿਤ ਜਦੋਂ ਵਾਪਸ ਖਵਾਹਗਾਹ ਪਰਤਦੀ ਹੈ ਤਾਂ ਉਹ ਮਾਨਸਿਕ ਤੌਰ ਤੇ ਠੀਕ ਮਹਿਸੂਸ ਨਹੀਂ ਕਰਦੀ। ਉਸ ਦੀਆਂ ਅੱਖਾਂ ਸਾਹਮਣੇ ਕਤਲ ਕੀਤੇ ਅਨੇਕਾਂ ਲੋਕਾਂ ਦੇ ਚਿਹਰੇ ਸਾਹਮਣੇ ਆ ਖਲੋਂਦੇ। ਦੰਗਾ ਪੀੜਤਾਂ ਦੁਆਰਾਂ ਉਚਾਰੇ ਇਹ ਬੋਲ ਉਸ ਦੇ ਕੰਨਾਂ ਨੂੰ ਸੁੰਨ ਕਰ ਦਿੰਦੇ ਕਿ-

ਆਏ ਹਾਏ! ਸਾਲੀ ਰੰਡੀ ਹੀਜੜਾ

ਇੱਕ ਹੋਰ ਪੰਚੀ ਦੀ ਅਚਵੀ ਨਾਲ ਲਬਰੇਜ਼ ਆਵਾਜ਼ ਉੱਚੀ ਹੋਈ:

ਨਹੀਂ ਯਾਰ, ਮਤ ਮਾਰੋ, ਹੀਜੜੋਂ ਕਾ ਮਾਰਨਾ ਅਪਸ਼ਗਨ ਹੋਤਾਂ ਹੈ। ਬਦਕਿਸਮਤੀ! (66)

ਇਨ੍ਹਾਂ ਦੰਗਾ ਪੀੜਤਾਂ ਤੋਂ ਅੰਜੁਮ ਬਚ ਤਾਂ ਗਈ ਪਰ ਮਾਨਸਿਕ ਤੌਰ ਉੱਤੇ ਉਹ ਠੀਕ ਮਹਿਸੂਸ ਨਹੀਂ ਕਰਦੀ ਸੀ। ਜਦੋਂ ਵਾਪਸ ਖਵਾਹਗਾਹ ਪਹੁੰਚਦੀ ਹੈ ਤਾਂ ਉਸ ਦੀ ਇਸ ਹਾਲਤ ਤੋਂ ਪਰੇਸ਼ਾਨ ਹੋ ਕੇ ਜੈਨਬ ਸਈਦਾ ਨਾਲ ਸੌਣਾ ਸ਼ੁਰੂ ਕਰ ਦਿੰਦੀ ਹੈ। ਉੱਧਰ ਅੰਜੁਮ ਨੂੰ ਸਮਝ ਆ ਗਈ ਸੀ ਕਿ ਜੈਨਬ ਹੁਣ ਸਈਦਾ ਨੂੰ ਮੰਮੀ ਕਹਿਣ ਲੱਗ ਪਈ ਹੈ। ਉਹ ਜੈਨਬ ਨੂੰ ਪੁੱਛਦੀ ਹੈ ਕਿ-

> ਜੇ ਉਹ ਮੰਮੀ ਐ ਤਾਂ ਮੈਂ ਕੌਣ ਆ? ਕਿਸੇ ਦੀਆਂ ਦੋ ਮੰਮੀਆਂ ਨੀ ਹੁੰਦੀਆਂ? ਜੈਨਬ ਨੇ ਜਵਾਬ ਦਿੱਤਾ ਕਿ ਵੱਡੀ ਮੰਮੀ (49)

ਇਸ ਮਾਨਸਿਕਤਾ ਕਾਰਨ ਉਹ ਅੰਜੁਮ ਦਾ ਨਾਮ ਮਾਹਦੀ ਰੱਖ ਦਿੰਦੀ ਹੈ। ਉਹ ਮਾਨਸਿਕ ਤੌਰ ਤੇ ਦੁਖੀ ਹੁੰਦੀ ਕਿ ਗੁਜਰਾਤ ਕਦੇ ਵੀ ਦਿੱਲੀ ਆ ਸਕਦਾ ਹੈ। ਇਸ ਤਰ੍ਹਾਂ ਅੰਜੁਮ ਦਾ ਦਿਲ ਟੁੱਟ ਜਾਂਦਾ ਹੈ। ਦੁਨੀਆ

ਵਿਚ ਆਮ ਕਿਸੇ ਨੂੰ ਇਹ ਨਹੀਂ ਪਤਾ ਕਿ ਬਤੌਰ ਕਿੰਨਰ ਜ਼ਿੰਦਗੀ ਜਿਊਣ ਲਈ ਕੀ ਕੁਝ ਸਹਿਣਾ ਪੈਂਦਾ ਹੈ? ਉਨ੍ਹਾਂ ਨੂੰ ਬਹੁਤ ਸਾਰੇ ਕਾਇਦਾ, ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਨਾਵਲੀ ਬਿਰਤਾਂਤ ਵਿਚੋਂ ਸਪਸ਼ਟੀਕਰਨ ਮਿਲਦਾ ਹੈ ਕਿ-

ਖ਼ਵਾਬਗਾਹ ਵਿਚ ਗ਼ਲਤ ਜਿਸਮਾਂ ਵਿਚ ਕੈਦ ਪਵਿੱਤਰ ਰੂਹਾਂ ਨੂੰ ਆਜ਼ਾਦ ਕੀਤਾ ਗਿਆ ਸੀ (ਕਿਸੇ ਜ਼ਨਾਨਾ ਜਿਸਮ ਵਿਚ ਕੈਦ ਪਵਿੱਤਰ ਰੂਹ ਵਾਲੇ ਮਰਦ ਦਾ ਸੁਆਲ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ)। ਅਸੀਂ ਆਪਣੀ ਹਮਦਰਦੀ ਵਿਚ ਕਾਇਦੇ-ਕਾਨੂੰਨ ਦੀ ਕੁਰਬਾਨੀ ਨਹੀਂ ਦੇ ਸਕਦੇ। ਇਕ ਕੁੜੀ ਨੂੰ ਉਸ ਦੀ ਖ਼ਵਾਹਿਸ਼ ਤੋਂ ਬਿਨਾਂ ਮੁੰਡੇ ਵਜੋਂ ਰਹਿਣ ਲਈ ਮਜਬੂਰ ਨਹੀਂ ਕਰ ਸਕਦੇ ਭਾਵੇਂ ਇਹ ਉਸੇ ਦੀ ਸਲਾਮਤੀ ਲਈ ਕਿਉਂ ਨਾ ਹੋਵੇ ਪਰ ਇਹ ਆਜ਼ਾਦੀ ਨਹੀਂ ਸਗੋਂ ਕੈਦ ਹੈ। ਇਹ ਸਭ ਖ਼ਵਾਹਗਾਹ ਵਿਚ ਨਹੀਂ ਹੋ ਸਕਦਾ। ਕੋਈ ਸੁਆਲ ਹੀ ਪੈਦਾ ਨਹੀਂ ਹੁੰਦਾ। (56)

ਕਿੰਨਰ ਸਮਾਜ ਦੇ ਆਪਣੇ ਕਾਇਦੇ ਕਾਨੂੰਨ ਹੁੰਦੇ ਹਨ ਜੋ ਹਰ ਕਿੰਨਰ ਨੂੰ ਡੇਰੇ ਵਿਚ ਰਹਿਣ ਲਈ ਸਹੀ ਸੇਧ ਦਿੰਦੇ ਹਨ। ਕਿਸੇ ਵੀ ਕਿੰਨਰ ਨੂੰ ਅਜਿਹੇ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਕਿੰਨਰਾਂ ਵਿਚ ਵੀ ਆਮ ਮਨੁੱਖਾਂ ਦੀ ਤਰ੍ਹਾਂ ਹਾਵ-ਭਾਵ ਹੁੰਦੇ ਹਨ। ਇਨ੍ਹਾਂ ਵਿਚ ਵੀ ਇਨਸਾਨੀ ਗੁਣਾਂ-ਔਗੁਣਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ। ਇਕ ਬੱਚੀ ਜੋ ਅੰਜੁਮ ਨੂੰ ਪੌੜੀਆਂ ਵਿਚ ਬੈਠੀ ਹੋਈ ਲਾਵਾਰਸ ਰੂਪ ਵਿਚ ਮਿਲਦੀ ਤਾਂ ਉਹ ਉਸ ਬੱਚੀ ਨੂੰ ਖ਼ਵਾਹਗਾਹ ਵਿਚ ਲਿਆ ਕੇ ਜ਼ਿੰਦਗੀ ਦਿੰਦੀ ਹੈ। ਉਸ ਬੱਚੀ ਨੂੰ ਮਾਂ ਦੇ ਰੂਪ ਵਿਚ ਪਿਆਰ ਦਿੰਦੀ ਹੈ। ਅੰਤ ਉਹ ਮਨੁੱਖ ਦੁਆਰਾ ਕੀਤੇ ਦੰਗਿਆਂ ਤੋਂ ਪੀੜਿਤ ਹੋ ਕੇ ਆਪਣਾ ਮਾਨਸਿਕ ਸੰਤੁਲਨ ਗੁਆ ਲੈਂਦੀ ਹੈ। ਉਹ ਬੱਚੀ ਵੀ ਉਸ ਦੀ ਮਾਨਸਿਕ ਹਾਲਤ ਨੂੰ ਨਹੀਂ ਸਮਝਦੀ ਫਿਰ ਉਹ ਨਿਰਾਸ਼ ਹੋ ਕੇ ਕਬਰਸਤਾਨ ਨੂੰ ਹੀ ਆਪਣਾ ਘਰ ਬਣਾ ਲੈਂਦੀ ਹੈ। ਉਹ ਅੱਕੀ ਹੋਈ ਖਵਾਹਗਾਹ ਵਿਚੋਂ ਆਪਣਾ ਸਾਰਾ ਸਾਮਾਨ ਲੈ ਕੇ ਕਿਸੇ ਹੋਰ ਦੁਨੀਆ ਵਿਚ ਪਹੁੰਚ ਜਾਂਦੀ ਹੈ। ਇਹ ਉਜਾੜ ਖੰਡਰ ਨੁਮਾ ਛੋਟਾ ਜਿਹਾ ਕਬਰਸਤਾਨ ਸੀ। ਅੰਜੁਮ ਦੇ ਪੁਰਖਿਆਂ ਦੀਆਂ ਕਈ ਪੀੜ੍ਹੀਆਂ ਇੱਥੇ ਦਫ਼ਨ ਸੀ। ਅੰਜੁਮ ਨੇ ਆਪਣੀ ਇਸ ਸਰਾਂ ਦਾ ਨਾਮ ਜੰਨਤ ਰੱਖਿਆ ਸੀ। ਨਾਵਲੀ ਬਿਰਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ –

> ਹੌਲੀ-ਹੌਲੀ ਜੰਨਤ ਵਿਚ ਹੀਜੜਿਆਂ ਦਾ ਅੱਡਾ ਬਣ ਗਿਆ ਜਿਨ੍ਹਾਂ ਨੂੰ ਕਿਸੇ ਨਾ ਕਿਸੇ ਕਾਰਨ ਸਖ਼ਤ ਕਾਇਦੇ-ਕਾਨੂੰਨ ਵਾਲੇ ਹੀਜੜਾ ਘਰਾਣਿਆਂ ਵਿਚੋਂ ਛੇਕ ਦਿੱਤਾ ਗਿਆ ਸੀ ਜਾਂ ਉਨ੍ਹਾਂ ਨੇ ਆਪ ਹੀ ਤੋੜ-ਵਿਛੋੜਾ ਕਰ ਲਿਆ ਸੀ। (73)

ਹਰ ਡੇਰੇ ਦਾ ਆਪਣਾ ਨਿਯਮ ਹੈ। ਇਨ੍ਹਾਂ ਦੀ ਪਾਲਣਾ ਕਰਨਾ ਹਰ ਕਿੰਨਰ ਨੂੰ ਲਾਜ਼ਮੀ ਹੈ। ਜੇਕਰ ਕੋਈ ਡੇਰੇ ਦੀ ਸੱਤਾ ਦੇ ਉਲਟ ਜਾਂਦਾ ਹੈ ਤਾਂ ਉਸ ਨੂੰ ਡੇਰੇ ਵਿਚੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ। ਖ਼ਾਰਜ ਕਰਨ ਦਾ ਅਧਿਕਾਰ ਕਿੰਨਰਾਂ ਦੀ ਇਕੱਠੀ ਹੋਈ ਬਰਾਦਰੀ ਜਾਂ ਪੰਚਾਇਤ ਵਿਚ ਇਹ ਫ਼ੈਸਲਾ ਲਿਆ ਜਾਂਦਾ ਹੈ। ਸਮਾਜ ਵਿਚ ਵਿਚਰਦੇ ਸਮੇਂ ਕਿੰਨਰਾਂ ਵਿਚ ਵੀ ਆਮ ਮਨੁੱਖਾਂ ਦੀ ਤਰ੍ਹਾਂ ਗੁਣਾਂ-ਔਗੁਣਾਂ ਦੀ ਭਰਮਾਰ ਦੇਖੀ ਜਾ ਸਕਦੀ ਹੈ। ਰਾਮ ਸਰੂਪ ਰਿਖੀ ਦਾ ਨਾਵਲ ' ਮੈਂ ਸ਼ਿਖੰਡੀ ਨਹੀਂ' ਪੰਜਾਬੀ ਵਿਚ ਪਹਿਲਾ ਨਾਵਲ ਹੈ ਜੋ ਕਿੰਨਰ ਸਮਾਜ ਦੀ ਜੀਵਨ ਸ਼ੈਲੀ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਦਾ ਹੈ। ਸਮਾਜ ਦੇ ਇਹ ਧੀਆਂ-ਪੁੱਤਰ ਜਿਨ੍ਹਾਂ ਨੂੰ ਜਨਮ ਦੇਣ ਸਾਰ ਘਰੋਂ ਨਿਕਲਣਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਤ੍ਰਿਸਕਾਰ ਭਰਿਆ ਜੀਵਨ ਬਤੀਤ ਕਰਨਾ ਪੈਂਦਾ ਹੈ। ਨਾਵਲ ਦਾ ਪਾਤਰ ਮੱਖਣ ਜੋ ਇਕ ਕਾਬਲ ਗਾਇਕ ਕਲਾਕਾਰ ਵੀ ਹੈ ਜੋ ਅਜਿਹੀਆਂ ਸਥਿਤੀਆਂ ਵਿਚ ਫਸਦਾ ਹੈ ਕਿ ਉਸ ਨੂੰ ਆਪਣਾ ਲਿੰਗ ਕਟਵਾ ਕੇ ਖੁਸਰਾ ਬਣਨਾ ਪੈਂਦਾ ਹੈ। ਨਾਵਲਕਾਰ ਨੇ ਭਾਰਤੀ ਸਾਹਿਤਕ ਇਤਿਹਾਸ ਦੀ ਮਿਥਿਹਾਸਿਕ ਕਥਾ ਨੂੰ ਪੁਨਰ-ਰੂਪ ਵਿਚ ਸਿਰਜਿਆ ਹੀ ਨਹੀਂ ਸਗੋਂ ਇਸ ਨੂੰ ਅਜੋਕੇ ਸੰਦਰਭ ਵਿਚ ਰੱਖ ਕੇ ਨਵੀਨ ਅਰਥ ਵੀ ਪ੍ਰਦਾਨ ਕੀਤੇ ਹਨ। ਸ਼ਿਖੰਡੀ ਮਹਾਂਭਾਰਤ ਦਾ ਖੁਸਰਾ ਪਾਤਰ ਹੈ ਜੋ ਭੀਸ਼ਮ ਪਿਤਾਮਾ ਦਾ ਅੰਤ ਕਰਦਾ ਹੈ। ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ ਕਿ ਹੀਜੜੇ ਮਹਿਜ ਹੀਜੜੇ ਹੀ ਨਹੀਂ ਹੁੰਦੇ ਉਹ ਇਨਸਾਨ ਵੀ ਹੁੰਦੇ ਹਨ। ਲਿੰਗਕ ਅਪੰਗਤਾ ਨੂੰ ਛੱਡ ਕੇ ਉਨ੍ਹਾਂ ਵਿਚ ਵੀ ਇਨਸਾਨਾਂ ਵਾਂਗ ਗੁਣ ਜਾਂ ਔਗੁਣ ਮੌਜੂਦ ਹੁੰਦੇ ਹਨ। ਕਿੰਨਰ ਜੀਵਨ ਵਿਚ ਵਿਆਪਤ ਵੱਖ-ਵੱਖ ਸੰਕਟਾਂ ਨੂੰ ਸਮਾਜਿਕ ਸਭਿਆਚਾਰਕ ਪਰਿਪੇਖ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਨਾਵਲ ਵਿਚ ਕਿੰਨਰ ਸਮਾਜ ਦੀ ਮਨੋਦਸ਼ਾ ਦੀਆਂ ਲੁਕਵੀਂਆਂ ਪਰਤਾਂ ਨੂੰ ਪੇਸ਼ ਕਰਨ ਦਾ ਨਿਵੇਕਲਾ ਕਾਰਜ ਕੀਤਾ ਗਿਆ ਹੈ। ਨਾਵਲ ਦਾ ਪਹਿਲਾ ਅਧਿਆਇ ਬੁਰਜ ਕਸਬੇ ਦੀ ਲਾਲ ਕੋਠੀ ਦੇ ਨਾਂ ਨਾਲ ਮਸ਼ਹੂਰ ਤਾਏ ਲੇਖ ਦੇ ਘਰ ਤੋਂ ਹੈ। ਤਾਇਆ ਤਾਇਆ ਲੇਖ ਆਪਣੀ ਅੰਨ੍ਹੀ ਭੂਆ ਨੂੰ ਸੰਭਾਲਣ ਦਾ ਪ੍ਰਣ ਕਰਦਾ ਹੈ। ਉਸ ਤੋਂ

ਬਾਅਦ ਵਿਚ ਉਹ ਬੁਰਜ ਕਸਬੇ ਦੇ ਅੜੇ –ਥੁੜੇ ਲੋਕਾਂ ਨੂੰ ਵੀ ਸੰਭਾਲਦਾ ਹੈ । ਪ੍ਰੋ ਕਰਮਜੀਤ ਸਿੰਘ ਨੇ ਇਸ ਬਾਰੇ ਲਿਖਿਆ ਹੈ -

> ਸਮਾਜ ਦੀ ਬਣਤਰ ਇਸ ਤਰ੍ਹਾਂ ਦੀ ਰਹੀ ਹੈ ਕਿ ਕੁਝ ਜਮਾਤਾਂ-ਜਾਤਾਂ ਸਮਾਜ ਦੇ ਸਮੁੱਚੇ ਸਾਧਨਾਂ ਉਪਰ ਕਬਜ਼ਾ ਜਮਾਂ ਲੈਂਦੀਆਂ ਹਨ । ਇਹ ਜਾਤਾਂ-ਜਮਾਤਾਂ , ਦੂਸਰੀਆਂ ਜਾਤਾਂ-ਜਮਾਤਾਂ ਆਪਣੇ ਆਪ ਹੀਣ ਭਾਵਨਾ ਦਾ ਸ਼ਿਕਾਰ ਹੋਈਆ ਆਪਣੀ ਹੋਣੀ ਸਵੀਕਾਰ ਕਰ ਲੈਂਦੀਆਂ ਹਨ ।(8 )

ਨਾਵਲ ਵਿਚ ਇਹ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਖੁਸਰੇ ਨਿਰੇ ਖੁਸਰੇ ਹੀ ਨਹੀਂ ਹੁੰਦੇ ਸਗੋਂ ਲੋੜ ਸਮੇਂ ਸ਼ਿਖੰਡੀ ਵੀ ਬਣ ਸਕਦੇ ਹਨ । ਇਸ ਦਾ ਇਕ ਅਰਥ ਤਾਂ ਇਹ ਵੀ ਨਿਕਲਦਾ ਹੈ ਕਿ ਜੇਕਰ ਮਹਾਂਭਾਰਤ ਵਿਚ ਖੁਸਰੇ ਸੈਨਾਪਤੀ ਹੋ ਸਕਦੇ ਹਨ ਤਾਂ ਅੱਜ ਕਿਉਂ ਨਹੀ ?ਪੰਜਾਬੀ ਗਲਪ ਲਈ ਅਜਿਹੇ ਸਵਾਲ ਅਸਲ ਵਿਚ ਨਿਵੇਕਲੇ ਸਨ । ਨਾਵਲਕਾਰ ਗਤੀਸ਼ੀਲ ਯਥਾਰਥ ਉੱਪਰ ਪਕੜ ਬਣਾਈ ਰੱਖਦਾ ਹੈ । ਖੁਸਰਿਆਂ ਦਾ ਸਮੂਹ ਦੋਹਰੀ ਹੀਣ ਭਾਵਨਾ ਦਾ ਸ਼ਿਕਾਰ ਹੈ । ਇਕ ਕੁਦਰਤੀ ਅਤੇ ਦੂਜਾ ਸਮਾਜਿਕ । ਰਿਖੀ ਇਸ ਤਬਕੇ ਦੇ ਸਮੂਹਿਕ ਅਵਚੇਤਨ ਨੂੰ ਫੜਨ ਵਿਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ । ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਸਮੂਹਿਕ ਅਵਚੇਤਨ ਵਿਚ ਬੈਠੀ ਹੀਣ ਭਾਵਨਾ ਇਨ੍ਹਾਂ ਨੂੰ ਮੁੱਖ ਧਾਰਾ ਵਿਚ ਸ਼ਾਮਲ ਨਹੀਂ ਹੋਣ ਦਿੰਦੀ । ਇਸ ਨਾਵਲ ਵਿਚ ਮੱਘਰ ਕਿੰਨਰ ਉਸ ਸਮੇਂ ਪ੍ਰਵੇਸ਼ ਕਰਦਾ ਹੈ ਜਦੋਂ ਕੁਦਰਤੀ ਆਫ਼ਤ ਮੀਹਾਂ ਸਮੇਂ ਸਮੁੱਚਾ ਪਿੰਡ ਇਕ ਥਾਂ ਇਕੱਠਾ ਹੋ ਗਿਆ ਸੀ ਤਾਂ ਮੱਘਰ ਕਿੰਨਰ ਦੁੱਧ ਦੀ ਬਾਲਟੀ ਲੈ ਕੇ ਦਾਖਲ ਹੁੰਦਾ ਹੈ ਤੇ ਕਹਿੰਦਾ ਹੈ ਕਿ –

ਬਾਹ, ਬਾਹ, ਕਿਸ਼ਨੀਏ ! ਇਹਦੇ 'ਚ ਦੁੱਧ ਮਿਲਾਕੇ ਪਿਆ ਦੇਹ ਸਾਰਿਆਂ ਨੂੰ । ਬਾਹ, ਬਾਹ,ਅੰਬੋਂ ! ਮੈਂ ਮਰਜਾਂ, ਰੱਬ ਦਾ ਕਹਿਰ ਟੁੱਟੇ ਤਾਂ ਬੰਦਾ ਬੰਦੇ ਦੀ ਦਾਰੂ ਬਣ ਜਾਣਾ ਚਾਹੀਦੇ । ਭੁੱਖੇ ਨੂੰ ਰਜਾਈਏ ਤੇ ਜੇ ਉਹ ਜ਼ਬਾਨੋਂ ਨਾ ਬੋਲੇ ਤਾਂ ਉਹਦੀਆਂ ਆਂਦਰਾਂ ਵਰ ਜ਼ਰੂਰ 'ਸੀਸਾਂ' ਦਿੰਦੀਆਂ । ਚਾਹ ਸਾਰਿਆਂ ਨੂੰ ਆਥਣ ਸਵੇਰ ਮੈਂ ਹੀ ਪਿਆਇਆ ਕਰਾਂਗਾ ।(54 )

ਪੁਰਾਤਨ ਸਮੇਂ ਤੋਂ ਹੀ ਮਾਨਵ ਦੀਆਂ ਤਿੰਨ ਲੋੜਾਂ ਕੁੱਲੀ, ਜੁੱਲੀ ਤੇ ਗੁੱਲੀ ਰਹੀਆਂ ਹਨ । ਪੁਰਾਤਨ ਕਾਲ ਤੋਂ ਲੈ ਕੇ ਹੁਣ ਤੱਕ ਮਾਨਵ ਇਨ੍ਹਾਂ ਤਿੰਨਾਂ ਲੋੜਾਂ ਦੀ ਪੂਰਤੀ ਕਰਦਾ ਆਇਆ ਹੈ । ਇਨ੍ਹਾਂ ਲੋੜਾਂ ਦੀ ਪੂਰਤੀ ਲਈ ਉਸ ਨੂੰ ਕੁਦਰਤ ਨਾਲ ਸੰਘਰਸ਼ ਕਰਨਾ ਪਿਆ । ਕੁਦਰਤ ਨਾਲ ਸੰਘਰਸ਼ ਕਰਨਾ ਮਾਨਵ ਦਾ ਸਦੀਵੀ ਗੁਣ ਹੈ । ਮਾਨਵ ਅਤੇ ਕੁਦਰਤ ਵਿਚਲੇ ਯੁੱਗਾਂ ਤੋਂ ਚਲਦੇ ਆ ਰਹੇ ਸੰਘਰਸ਼ ਨੂੰ ਬਿਆਨ ਕਰਦਾ ਹੋਇਆ ਸੁਖਦੇਵ ਸਿੰਘ ਖਾਹਰਾ ਲਿਖਦਾ ਹੈ :

> ਇਤਿਹਾਸਕ ਕਾਲ ਤੋਂ ਹੀ ਮਨੁੱਖ ਤੇ ਪ੍ਰਕਿਰਤੀ ਵਿਚਾਲੇ ਨਿਰੰਤਰ ਘੋਲ ਚਲਦਾ ਆ ਰਿਹਾ ਹੈ । ਇਸ ਘੋਲ ਰਾਹੀਂ ਮਨੁੱਖ ਪ੍ਰਕ੍ਰਿਤੀ ਦੇ ਸਿਸਟਮ ਨੂੰ ਕਿਸੇ ਨਾ ਕਿਸੇ ਹੱਦ ਤੱਕ ਸਮਝ ਕੇ ਪ੍ਰਾਪਤ ਗਿਆਨ ਦੇ ਅਧਾਰ ਉੱਤੇ ਆਪਣੀ ਹੋਂਦ ਦੀ ਸੁਰੱਖਿਅਤ ਲਈ ਅਜਿਹੇ ਸੰਦਾਂ ਦੀ ਸਿਰਜਣਾ ਕਰਦਾ ਆ ਰਿਹਾ ਹੈ , ਜਿਨ੍ਹਾਂ ਦੀ ਵਰਤੋਂ ਨਾਲ ਪ੍ਰਾਕ੍ਰਿਤਕ ਸ਼ਕਤੀਆਂ ਨੂੰ ਆਪਣੀ ਲੋੜ ਅਨੁਸਾਰ ਢਾਲ ਸਕੇ ।('ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ '21)

ਇਸ ਸੰਕਟ ਦੀ ਘੜੀ ਵਿਚ ਮੁਹੱਲੇ ਦੇ ਲੋਕ ਖ਼ਾਸ ਕਰਕੇ ਪਿੰਡ ਦੇ ਸਮੁੱਚੇ ਨਗਰ ਵਾਸੀ ਸਾਰੇ ਮੂੰਹ ਰੋਸ ਅਤੇ ਜਾਤ ਧਰਮ ਦੇ ਵਖਰੇਵੇਂ ਭੁੱਲਾ ਕੇ ਇਕ ਟੱਬਰ ਵਾਂਗ ਮੱਘਰ ਮਹੰਤ ਦੀ ਹਵੇਲੀ ਵਿਚ ਇਕੱਠੇ ਹੋ ਗਏ । ਮੱਘਰ ਮਹੰਤ ਵੀ ਆਮ ਇਨਸਾਨਾਂ ਵਿਚਲੇ ਮਾਨਵੀ ਗੁਣਾਂ ਨੂੰ ਧਾਰਨ ਕਰਦਾ ਹੋਇਆ ਸਾਰੇ ਨਗਰ ਨਿਵਾਸੀਆਂ ਨੂੰ ਦਿਖਾ ਦਿੰਦਾ ਹੈ ਕਿ ਕਿੰਨਰ ਵੀ ਆਮ ਮਨੁੱਖਾਂ ਦੀ ਸੇਵਾ ਕਰਨ ਵਿਚ ਪਿੱਛੇ ਨਹੀਂ ਹੱਟ ਸਕਦੇ । ਸੋ ਨਾਵਲ ਦੇ ਸ਼ੁਰੂ ਵਿਚ ਹੀ ਮੱਘਰ ਕਿੰਨਰ ਬਾਰੇ ਸ਼ੁੱਭ ਸੰਕੇਤ ਮਿਲ ਜਾਂਦੇ ਹਨ ਕਿ ਕਿੰਨਰ ਕੁਦਰਤੀ ਆਫ਼ਤ ਜਾਂ ਕਿਸੇ ਵੀ ਮੁਸ਼ਕਿਲ ਵਿਚ ਭਾਈਚਾਰੇ ਦੀ ਮਦਦ ਕਰਨ ਵਿਚ ਪਿੱਛੇ ਨਹੀਂ ਹਟਦੇ । ਇਸ ਨਾਵਲ ਵਿਚ ਕਿੰਨਰ ਸਮਾਜ ਨੂੰ ਦੋ ਵਰਗਾਂ ਵਿਚ ਵੰਡ ਕੇ ਪੇਸ਼ ਕੀਤਾ ਹੈ । ਇਕ ਵਰਗ ਉਹ ਹੈ ਜਿਹੜਾ ਤਾਏ ਵਰਗੇ ਨੇਕ ਇਨਸਾਨਾਂ ਤੋਂ ਸਹੀ ਸੇਧ ਲੈ ਕੇ ਲੋਕ ਭਲਾਈ ਦੇ ਕੰਮ ਕਰਦਾ ਆਮ ਸਮਾਜ ਦਾ ਹਿੱਸਾ ਬਣ ਵਿਚਰਦਾ ਹੈ ,ਜਿਸ ਦੀ ਪ੍ਰਤੀਨਿਧਤਾ ਮੱਘਰ ਕਿੰਨਰ ਕਰਦਾ ਹੈ । ਦੂਸਰਾ ਵਰਗ ਉਹ ਹੈ ਜਿਹੜਾ ਸਮਾਜ ਵਿਚਲੀ ਗ਼ਲਤ ਸੁਸਾਇਟੀ ਤੋਂ ਗ਼ਲਤ ਸੇਧ ਪ੍ਰਾਪਤ ਕਰਕੇ ਪੁਸ਼ਪਾ ਅਤੇ ਖ਼ਾਸ ਕਰਕੇ ਮੱਖਣ ਵਰਗੇ ਆਮ

ਇਨਸਾਨਾਂ ਨੂੰ ਵੀ ਆਪਣੇ ਸਮਾਜ ਦਾ ਹਿੱਸਾ ਬਣਾ ਕੇ ਉਨ੍ਹਾਂ ਦੇ ਜੀਵਨ ਨੂੰ ਤਬਾਹੀ ਦੀ ਹੱਦ ਤੱਕ ਪਹੁੰਚਾ ਦਿੰਦਾ ਹੈ। ਇਸ ਨਾਵਲ ਵਿਚ ਕਿੰਨਰ ਸਮਾਜ ਦੇ ਦੂਜੇ ਵਰਗ ਵਿਚ ਕੇਸ਼ਵ ਅਤੇ ਚੰਦਕੁਰ ਵਰਗੇ ਪਾਤਰਾਂ ਨੂੰ ਰੱਖਿਆ ਗਿਆ ਹੈ।

ਪਹਿਲੀ ਪੱਧਰ ਤੇ ਹੀਜੜੇ ਸਿਰਜਨਾਤਮਕ ਵਜੂਦ ਤੋਂ ਸੱਖਣੇ ਵਜੂਦ ਵਾਲੇ ਨਹੀਂ ਹੁੰਦੇ ਜਿਹਾ ਕਿ ਸਮਾਜ ਇਨ੍ਹਾਂ ਨੂੰ ਸਮਝਦਾ ਹੈ। ਨਾਵਲਕਾਰ ਨੇ ਸਮਾਜ ਦੀ ਇਸ ਮਿੱਥ ਨੂੰ ਮੱਘਰ ਮਹੰਤ ਰਾਹੀਂ ਸਮਾਜਿਕ ਕੰਮਾਂ ਨੂੰ ਤਨਦੇਹੀ ਸਹਿਤ ਨਿਭਾਉਂਦੇ ਦਿਖਾ ਕੇ ਤੋੜਿਆ ਹੈ। ਦੂਸਰੇ ਪੱਧਰ ਤੇ ਨਾਵਲ ਦਾ ਪਾਤਰ ਮੱਖਣ ਦੇ ਬੋਲਾਂ ' ਮੈਂ ਸ਼ਿਖੰਡੀ ਨਹੀਂ ' ਤੋਂ ਲਿਆ ਜਾ ਸਕਦਾ ਹੈ ਕਿ ਉਹ ਕਿਨ੍ਹਾਂ ਹਾਲਤਾਂ ਵਿਚ ਸ਼ਿਖੰਡੀ ਬਣਦਾ ਹੈ। ਸ਼ਿਖੰਡੀ ਜਿਸ ਦਾ ਅੰਗ ਕੱਟ ਗਿਆ ਹੋਵੇ। ਮੱਖਣ ਦਾ ਵੀ ਅੰਗ ਕੱਟਿਆ ਗਿਆ ਸੀ। ਉਹ ਜਨਮ ਤੋਂ ਪੂਰਨ ਅੰਗੀ ਸੀ। ਨਾਵਲਕਾਰ ਉਸ ਦੀ ਦ੍ਰਿੜ੍ਹਤਾ ਨੂੰ ਪੇਸ਼ ਕਰਦਾ ਹੈ ਕਿ ਉਹ ਦ੍ਰਿੜ੍ਹਤਾ ਤੋਂ ਬਿਨਾਂ ਦੂਹਰਾ ਰੋਲ ਨਿਭਾ ਨਹੀਂ ਸਕਣਾ ਸੀ। ਇਸ ਲਈ ਉਹ ਆਪਣੀ ਨਵੀਂ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਮੱਖਣ ਇਹ ਸ਼ਬਦ ਉਦੋਂ ਕਹਿੰਦਾ ਹੈ ਜਦੋਂ ਉਹ ਆਪਣਾ ਹੀਜੜਾ ਰੂਪ ਨੂੰ ਮਾਨਸਿਕ ਤੌਰ ਤੇ ਮੰਨਣ ਲਈ ਤਿਆਰ ਨਹੀਂ। ਮੱਖਣ ਸ਼ਿਖੰਡੀ ਵਰਗਾ ਯੋਧਾ ਵੀ ਨਹੀਂ ਬਣ ਸਕਿਆ। ਉਹ ਆਪਣੇ ਨਾਲ ਹੋਏ ਧੱਕੇ ਦਾ ਬਦਲਾ ਨਹੀਂ ਲੈ ਸਕਦਾ। ਨਾਵਲ ਵਿਚੋਂ ਇਹ ਵੇਰਵੇ ਦ੍ਰਿਸ਼ਟੀ ਗੋਚਰ ਹੁੰਦੇ ਹਨ ਕਿ ਮੱਖਣ ਕਿਸ ਤਰ੍ਹਾਂ ਸ਼ਿਖੰਡੀ ਬਣ ਜਾਂਦਾ ਹੈ। ਚੜ੍ਹਦੀ ਉਮਰੇ ਉਸ ਨੂੰ ਘਰ ਦੀ ਗ਼ਰੀਬੀ ਨੇ ਮਧੋਲ਼ ਸਿੱਟਿਆਂ ਸੀ। ਪਿਉ ਦੀ ਸਿੱਖਿਆ ਤੇ ਗਲੇ ਦੇ ਰੱਬੀ ਗੁਣ ਸਦਕਾ ਉਹ ਗ਼ਰੀਬੀ ਦੇ ਮਧੋਲ 'ਚ ਨਿਕਲਿਆ ਤਾਂ ਯਾਰਾਂ ਦੀ ਮਤਲਬੀ ਯਾਰੀਆਂ ਨੇ ਨਸ਼ਿਆਂ 'ਚ ਪਾ ਦਿੱਤਾ। ਰਹਿੰਦੀ ਕਸਰ ਕਾਮ ਭੁੱਖ ਨੇ ਪੂਰੀ ਕਰ ਦਿੱਤੀ। ਸਕੂਲ ਵਿਚ ਰਿਸ਼ਮ ਨਾਲ ਮਲਕੀ ਕੀਮੇ ਦਾ ਗੀਤ ਗਾ ਕੇ ਮੁੰਡੇ ਕੁੜੀਆਂ ਨੇ ਨਾਇਕ ਬਣੇ ਮੱਖਣ ਨੂੰ ਖਲਨਾਇਕ ਬਣਾ ਕੇ ਸਟੇਜ ਤੋਂ ਹੀ ਧੱਕਾ ਹੀ ਨਹੀਂ ਦਿੱਤਾ ਸਗੋਂ ਜੀਵਨ ਵਿਚੋਂ ਧੱਕਾ ਦਿੱਤਾ ਸੀ।

ਕਿੰਨਰ ਸਮਾਜ ਵਿਚ ਬੇਸ਼ੱਕ ਹਰ ਕਿੰਨਰ ਸੂਝਵਾਨ ਜਾਂ ਚਿੰਤਨਸ਼ੀਲ ਨਹੀਂ ਹੁੰਦਾ। ਬਹੁਗਿਣਤੀ ਕਿੰਨਰ ਆਮ ਇਨਸਾਨਾਂ ਵਰਗੇ ਹੀ ਹੁੰਦੇ ਹਨ। ਜਿਹੜੇ ਕਿੰਨਰ ਕੁਝ ਚੇਤੰਨ ਜਾਂ ਸਮਝਦਾਰ ਹੁੰਦੇ ਹਨ।

ਉਹ ਆਪਣੀ ਬੌਧਿਕ ਸਮਰੱਥਾ ਦੇ ਅਨੁਸਾਰ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਵੀ ਕਰ ਲੈਂਦੇ ਹਨ। ਮੱਘਰ ਕਿੰਨਰ ਇਕ ਸੰਵਾਦ ਰਾਹੀਂ ਤਾਏ ਨੂੰ ਆਪਣੇ ਵੱਲੋਂ ਬੇਫ਼ਿਕਰ ਰਹਿਣ ਲਈ ਅਤੇ ਵਿਰੋਧੀ ਅਨਸਰਾਂ ਨਾਲ ਟੱਕਰ ਲੈਣ ਲਈ ਸੁਚੇਤ ਕਰਦਾ ਹੈ। ਅਜਿਹੀ ਸਥਿਤੀ ਵਿਚ ਉਸ ਦਾ ਵਿਵਹਾਰ ਕਿਸੇ ਅਣਖੀਲੇ ਮਨੁੱਖ ਨਾਲੋਂ ਘੱਟ ਨਹੀਂ। ਉਹ ਕਹਿੰਦਾ ਹੈ ਕਿ-

ਡੰਨ ਤਾਂ ਕੋਈ ਨਹੀਂ ਭਰਨਾ ਪਰ ਰਮਨ ਨੇ ਕਿੰਨਰਾਂ ਦੀ ਜਾਤ ਨੂੰ ਵੰਗਾਰਿਐ।(65)

ਮੱਘਰ ਮਹੰਤ ਦਾ ਇਹ ਸਵੈ-ਵਿਸ਼ਵਾਸ ਅਤੇ ਅਣਖ ਅਖੀਰ ਤੱਕ ਕਾਇਮ ਰਹਿੰਦੀ ਹੈ। ਬੇਸ਼ੱਕ ਰਮਨ ਉਸ ਉੱਤੇ ਚੰਦ ਕੁਰ ਦੇ ਕਤਲ ਦਾ ਝੂਠਾ ਕੇਸ ਵੀ ਪਾ ਦਿੰਦਾ ਹੈ। ਹਰਨੰਦ ਦੇ ਸੱਟਾਂ ਲੱਗਣ ਸਮੇਂ ਸਮਾਜ ਵੱਲੋਂ ਖੁਸਰਿਆਂ ਵਿਚ ਜੜ੍ਹਾਂ ਤੱਕ ਭਰੀ ਹੀਣ ਭਾਵਨਾ ਕਰਕੇ ਉਹ ਆਪਣੇ ਆਪ ਨੂੰ ਨਹਿਸ਼ ਸਮਝਦਾ ਹੋਇਆ ਦੋਸ਼ੀ ਮੰਨਦਾ ਹੈ ਅਤੇ ਇਹ ਕਹਿੰਦਾ ਹੈ ਕਿ-

> ਹਰਨੰਦ ਦੇ ਸੱਟਾਂ ਮੇਰੇ ਕਾਰਨ ਲੱਗੀਆਂ। ਮੈਂ ਨਿੱਜ ਜੰਮੇ ਨੇ ਸਕੂਲ ਦੇ ਕਮਰੇ ਸ਼ੁਰੂ ਕਰਨ ਲਈ ਪੰਜ ਸੌ ਦੇ ਕੇ ਪਹਿਲ ਕੀਤੀ ਤਾਂ ਹੀ ਇਹ ਹਾਦਸਾ ਹੋਇਆ। ਮੈ ਨਿਕਰਮੇ ਨੇ ਬਹੁਣੀ ਕਰਨ ਵੇਲੇ ਕੁੱਝ ਨਾ ਸੋਚਿਆ।(88)

ਮੱਘਰ ਕਿੰਨਰ ਕਿਤੇ-ਨ-ਕਿਤੇ ਸਮਾਜ ਦੀ ਕਾਬਜ਼ ਧਿਰ ਦੇ ਵਿਤਕਰੇ ਕਾਰਨ ਆਪਣੇ-ਆਪ ਨੂੰ ਦੋਸ਼ੀ ਮੰਨਦਾ ਹੈ। ਸੋ ਨਾਵਲ ਦੇ ਅੰਤ ਵਿਚ ਕਮੇਟੀ ਦੀ ਚੋਣ ਜਿੱਤ ਕੇ, ਨਗਰ ਸੁਧਾਰ ਅਤੇ ਲੋਕ ਭਲਾਈ ਦੇ ਕੰਮ ਕਰਕੇ ਮਨੁੱਖ ਹੋਣ ਦਾ ਸਬੂਤ ਦਿੰਦਾ ਹੈ। ਮਨੁੱਖਾਂ ਦਾ ਮਨੁੱਖ ਨਾ ਸਮਝੇ ਜਾਣ ਦਾ ਕਾਰਨ ਸਪਸ਼ਟ ਰੂਪ ਵਿਚ ਪੂੰਜੀਵਾਦੀ ਪ੍ਰਬੰਧ ਦੇ ਸਾਰ ਵਿਚੋਂ ਤਲਾਸ਼ਿਆ ਜਾ ਸਕਦਾ ਹੈ। ਲੇਖਕ ਇਸ ਵਰਗ ਨੂੰ ਅੱਗੇ ਲੰਘਣ ਦੀ ਪ੍ਰੇਰਨਾ ਦੇਣ ਲਈ ਉਕਸਾਉਂਦਾ ਹੈ। ਲੇਖਕ ਦੁਆਰਾ ਅਜਿਹਾ ਯਤਨ ਹੀ ਇਸ ਵਰਗ ਨੂੰ ਸਮਾਜ ਵਿਚ ਸਮਾਨਤਾ ਦਿਵਾਉਣ ਦੀ ਖ਼ਾਤਰ ਸਾਰਥਿਕ ਹੋ ਸਕਦਾ ਹੈ। ਤਾਏ ਦੀ ਪ੍ਰੇਰਨਾ ਸਦਕਾ ਪੈਦਾ ਹੋਇਆ ਆਤਮ ਗੌਰਵ ਅਨੇਕਾਂ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਉਸ ਦੇ ਹੌਸਲੇ ਨੂੰ ਡਿੱਗਣ ਨਹੀਂ ਦਿੰਦਾ। ਮੱਘਰ ਕਿੰਨਰ ਤਾਏ ਨੂੰ ਵੀ ਕਹਿੰਦਾ ਹੈ –

> ਬਾਹ ਬਾਹ ਤਾਇਆ ਜੀ ਫ਼ਿਕਰ ਨਾ ਕਰੋ। ਅਸੀਂ ਨਿਰੇ ਹੀਜੜੇ ਹੀ ਨਹੀਂ ਹੁੰਦੇ ਸ਼ਿਖੰਡੀ ਵੀ ਬਣ ਜਾਂਦੇ ਆ ਭੀੜ ਬਣੀ ਤੋਂ। ਕੀ ਹੋਇਆ ਜੇ ਅਸੀਂ ਰੱਬ ਦੇ ਘਰੋਂ ਉਣੇ ਆਉਂਦੇ ਆ। ਸਾਡੀ ਵੀ ਕੋਈ ਅਣਖ ਐ , ਜੇ ਜਾਤ ਨਹੀਂ ਤਾਂ ਬਿਰਾਦਰੀ ਤਾਂ ਹੈਗੀ। ਆਹ (ਤਾੜੀ ਮਾਰਦਾ) ਸਾਡੀ ਦੋ ਧਾਰੀ ਚੰਡੀ ਐ। ਬੋਲੀ ਦਿਓ ਮੈਂ ਤੁਸੀਂ ਤਾਂ ਬੱਸ ਮੇਰੇ ਕੋਲ ਹਾਜ਼ਰ ਰਿਹੋ।(65 )

ਸਮਾਜ ਜਿਵੇਂ-ਜਿਵੇਂ ਵਿਕਾਸ ਕਰਦਾ ਗਿਆ। ਮਨੁੱਖ ਦੇ ਸੰਬੰਧਾ ਦੀ ਪਰਿਭਾਸ਼ਾ ਵੀ ਬਦਲਦੀ ਰਹੀ। ਜਿਸ ਤਰ੍ਹਾਂ ਮੁੱਢ ਤੋਂ ਇਸਤਰੀ ਨੂੰ ਘਰ ਦੀ ਚਾਰ ਦੀਵਾਰੀ ਤੱਕ ਸੀਮਤ ਰੱਖਿਆ ਗਿਆ। ਉਸ ਦਾ ਕੰਮ ਸਿਰਫ ਬੱਚੇ ਪੈਦਾ ਕਰਨਾ ਅਤੇ ਘਰ ਦੇ ਕੰਮ ਕਰਨਾ ਸੀ। ਮਰਦ ਦੇ ਹੱਥ ਵਿਚ ਆਰਥਿਕਤਾ ਦੀ ਵਾਂਗ ਡੋਰ ਸੀ। ਅੱਜ ਉਤਰ-ਆਧੁਨਿਕਤਾ ਦੇ ਯੁੱਗ ਵਿਚ ਔਰਤ ਘਰ ਦੀ ਚਾਰ ਦੀਵਾਰੀ ਤੋਂ ਨਿਕਲ ਕੇ ਆਰਥਿਕ ਵਿਕਾਸ ਵਿਚ ਆਪਣਾ ਯੋਗਦਾਨ ਪਾ ਰਹੀ ਹੈ। ਔਰਤ ਤੇ ਮਰਦ ਦੇ ਸੰਬੰਧਾਂ ਵਿਚੋਂ ਤੀਸਰੇ ਵਰਗ ਦੇ ਲੋਕ ਸਮਾਜਿਕ ਵਿਕਾਸ ਦੀ ਪ੍ਰਗਤੀ ਸਦਕਾ ਆਪਣੇ ਸਮਾਜਿਕ ਵਿਕਾਸ ਲਈ ਸਿਰ ਤੋੜ ਯਤਨ ਕਰ ਰਹੇ ਹਨ। ਇਸ ਤਰ੍ਹਾਂ ਸਮਾਜ ਵਿਚ ਤੀਸਰੇ ਵਰਗ ਦੇ ਲੋਕ ਵੀ ਆਪਣੀ ਚੇਤਨਾ ਸਦਕਾ ਆਪਣੇ ਸਮਾਜ ਦੇ ਵਿਕਾਸ ਲਈ ਅੱਗੇ ਆ ਰਹੇ। ਸਮਾਜਿਕ ਵਿਕਾਸ ਨੂੰ ਸਪਸ਼ਟ ਕਰਦਾ ਹੋਇਆ ਰਵਿੰਦਰ ਰਵੀ ਲਿਖਦਾ ਹੈ ਕਿ -

> ਕੁਦਰਤ ਨਾਲ ਸਮਾਜਿਕ ਮਨੁੱਖੀ ਚੇਤਨਾ ਦਾ ਦਵੰਦਾਤਮਿਕ ਰਿਸ਼ਤਾ ਸਭਿਆਚਾਰ ਦੀ ਸਿਰਜਣਾ ਦਾ ਮੂਲ ਆਧਾਰ ਹੈ। ਨਿਰੰਤਰ ਸਮਾਜਿਕ ਮਨੁੱਖੀ ਅਮਲ ਰਾਹੀਂ ਹੌਲੀ-ਹੌਲੀ ਮਨੁੱਖ ਆਪਣੇ ਸਰੀਰਕ ਅਤੇ ਚੇਤਨਾਗਤ ਵਿਕਾਸ ਦੇ ਇਕ ਪੜਾਅ ਉੱਤੇ ਅਪੜਦਾ ਹੈ, ਜਿੱਥੋਂ ਅੱਗੇ ਮਨੁੱਖੀ ਚੇਤਨਾ ਅਤੇ ਕੁਦਰਤ ਦਾ ਸੰਬੰਧ ਸਾਧਾਰਨ ਵਿਰੋਧ ਵਾਲਾ ਨਾ ਰਹਿ ਕੇ ਗੁੰਝਲਦਾਰ ਦਵੰਦਾਤਮਿਕ ਰਿਸ਼ਤੇ ਦਾ ਰੂਪ ਧਾਰਨ ਕਰ ਲੈਂਦਾ ਹੈ। (‘ਵਿਰਸਾ ਤੇ ਵਰਤਮਾਨ ’55)

ਸਮਾਜਿਕ ਪਰਿਪੇਖ ਤੋਂ ਕਿੰਨਰ ਸਮਾਜ ਦੇ ਲੋਕ ਆਪਣੀ ਬੌਧਿਕ ਸਮਰੱਥਾ ਕਾਰਨ ਸਮਾਜ ਦੇ ਕੰਮਾਂ ਵਿਚ ਆਪਣਾ ਯੋਗਦਾਨ ਨਹੀਂ ਪਾ ਸਕਦੇ। ਜੇਕਰ ਉਨ੍ਹਾਂ ਨੂੰ ਸਮੇਂ ਸਿਰ ਸਹੀ ਢੰਗ ਨਾਲ ਪ੍ਰੇਰਿਤ ਕੀਤਾ ਜਾਵੇ ਤਾਂ

ਉਹ ਵੀ ਆਪਣਾ ਯੋਗਦਾਨ ਸਮਾਜ ਵਿਚ ਪਾ ਸਕਦੇ ਹਨ। ਸਭਿਅਕ ਸਮਾਜ ਵੀ ਕਿੰਨਰ ਸਮਾਜ ਦੇ ਲੋਕਾਂ ਦੀਆਂ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ। ਅਜਿਹਾ ਕਰਨ ਨਾਲ ਕਿੰਨਰ ਸਮਾਜ ਦੀ ਸਭਿਅਕ ਸਮਾਜ ਨਾਲ ਸਾਂਝ ਪੈਦਾ ਹੁੰਦੀ ਹੈ। ਕਿੰਨਰ ਸਮਾਜ ਦੇ ਬਾਸ਼ਿੰਦੇ ਇਕ ਪਾਸੇ ਆਪਣੇ ਸਮਾਜ ਦੇ ਵਿਕਾਸ ਲਈ ਸਿਰ ਤੋੜ ਯਤਨ ਕਰ ਰਹੇ ਹਨ ਅਤੇ ਦੂਜੇ ਪਾਸੇ ਸਮਾਜ ਦੇ ਵਿਰੋਧ ਨੂੰ ਵੀ ਝੱਲ ਰਹੇ ਹਨ। ਸਮਾਜ ਵਿਚ ਤਾਏ ਵਰਗੇ ਪਾਤਰ ਕਿੰਨਰ ਸਮਾਜ ਨੂੰ ਸਹੀ ਸੇਧ ਦੇਣ ਵਿਚ ਆਪਣਾ ਸਮੁੱਚਾ ਯੋਗਦਾਨ ਪਾਉਂਦੇ ਹਨ। ਨਾਵਲ ਵਿਚ ਤਾਏ ਦੀ ਗੱਲ ਮੱਘਰ ਕਿੰਨਰ ਨੂੰ ਸਹੀ ਜਾਪਦੀ ਹੈ। ਜੋ ਗੱਲ ਮੱਘਰ ਕਿੰਨਰ ਦੀ ਬੌਧਿਕ ਸਮਰੱਥਾ ਤੋਂ ਬਾਹਰ ਸੀ। ਉਹ ਤਾਏ ਵਰਗੇ ਪਾਤਰ ਸਹੀ ਸੇਧ ਦੇ ਕੇ ਉਸ ਨੂੰ ਸਹੀ ਦਿਸ਼ਾ ਵੱਲ ਤੋਰ ਦਿੰਦੇ ਹਨ। ਮੱਘਰ ਕਿੰਨਰ ਤਾਏ ਨੂੰ ਹਾਮੀ ਭਰ ਦਿੰਦਾ ਹੈ ਤੇ ਕਹਿੰਦਾ ਹੈ ਕਿ –

ਚੰਗਾ ਤਾਇਆ ਜਦੋਂ ਮਰਜ਼ੀ ਸਾਂਝੇ ਕੰਮਾਂ ਤੇ ਖ਼ਰਚ ਕਰਾ ਲਵੀ। (120 )

ਤਾਇਆ ਉਸ ਨੂੰ ਹੋਰ ਵਧੇਰੇ ਚੇਤੰਨ ਕਰਦਾ ਹੋਇਆ ਕਹਿੰਦਾ ਹੈ ਕਿ –

> ਮੈਂ ਕੀ ਕਰਾਉਣੇ ਖ਼ਰਚ ਤੁਸੀਂ ਆਪੇ ਲੋਕ ਭਲਾਈ ਦੇ ਕੰਮ ਆਰੰਭੋ ਤਾਂ ਕਿ ਸੋਢਾ ਮੇਲ ਜੋਲ ਸਮਾਜ ਨਾਲ ਵਧੇ ਇਹਦਾ ਲਾਭ ਸੋਨੂੰ ਵੀ ਹੋਵੇਗਾ ਅਤੇ ਸਮਾਜ ਵਿਚ ਸੋਡੀ ਥਾਂ ਵਧੇਗੀ। ਨਾਲੇ ਪੁੰਨ ਨਾਲੇ ਫਲੀਆਂ।(120)

ਤਾਏ ਦਾ ਪਾਤਰ ਮੱਘਰ ਕਿੰਨਰ ਨੂੰ ਬੌਧਿਕ ਤੌਰ ਤੇ ਅਹਿਸਾਸ ਕਰਵਾ ਦਿੰਦਾ ਹੈ ਕਿ ਤੁਸੀਂ ਵੀ ਸਮਾਜ ਦਾ ਇਕ ਹਿੱਸਾ ਹੋ ਪਰ ਲੋੜ ਹੈ ਇਸ ਕਾਰਜ ਵਿਚ ਆਪਣਾ ਯੋਗਦਾਨ ਪਾਉਣ ਦੀ। ਤਾਏ ਦੇ ਪਾਤਰ ਤੋਂ ਬਿਨਾਂ ਕੋਈ ਵੀ ਮਹੰਤ ਨੂੰ ਸਮਾਜ ਦਾ ਹਿੱਸਾ ਕਬੂਲ ਕਰਨ ਲਈ ਤਿਆਰ ਨਹੀਂ। ਕਿੰਨਰ ਸਮਾਜ ਦੇ ਬਾਸ਼ਿੰਦੇ ਇਕ ਬੰਦ ਸਮਾਜ ਵਿਚ ਰਹਿੰਦੇ ਹਨ। ਸਮਾਜ ਦੇ ਕੁਝ ਸੂਝਵਾਨ ਲੋਕ ਹੀ ਉਨ੍ਹਾਂ ਦੀ ਸਮਾਜਿਕ ਪ੍ਰਗਤੀ ਲਈ ਅੱਗੇ ਆ ਰਹੇ ਹਨ। ਬਾਕੀ ਸਮਾਜ ਦਾ ਅੱਧ ਤੋਂ ਵੀ ਜ਼ਿਆਦਾ ਹਿੱਸਾ ਇਨ੍ਹਾਂ ਦੇ ਮਾਨਵੀ ਹੱਕਾਂ ਲਈ ਤਿਆਰ ਨਹੀਂ ਹੋਇਆ ਹੈ। ਨਾਵਲਕਾਰ ਵੱਲੋਂ ਤਾਏ ਦੇ ਪਾਤਰ ਦੀ ਸਿਰਜਣਾ ਵੀ ਇਸੇ ਧਾਰਨਾ ਵਿਚੋਂ ਹੋਈ ਹੈ।

ਨਾਵਲ ਦੇ ਪਾਤਰ ਤਾਰੇ ਸਾਧ ਰਾਹੀਂ ਅਸਿੱਧੇ ਢੰਗ ਨਾਲ ਕਿਤੇ-ਨ-ਕਿਤੇ ਉਸ ਦੀ ਊਣ ਜਾਂ ਅਧੂਰੇ-ਪਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਤੇ ਉਹ ਕਹਿੰਦਾ ਹੈ ਕਿ-

> ਕਿੰਨਰਾ ਦੀ ਬਹੁਣੀ ਤਾਂ ਕੀ ਇਨ੍ਹਾਂ ਦਾ ਤਾਂ ਸੰਗ ਸਾਥ ਘਾਟੇ ਦਾ ਸੌਦਾ ਹੁੰਦੈ। ਮਾੜੇ ਦਿਨਾਂ ਦੀ ਨਿਸ਼ਾਨੀ ।(89)

ਕਿੰਨਰ ਸਮਾਜ ਪ੍ਰਤੀ ਸਭਿਅਕ ਸਮਾਜ ਦੇ ਲੋਕਾਂ ਦੀ ਸੋਚ ਉਸਾਰੂ ਨਹੀਂ ਹੈ ਅਤੇ ਸਮਾਜ ਵਿਚ ਇਨ੍ਹਾਂ ਦਾ ਮਜ਼ਾਕ ਉਡਾਇਆ ਜਾਂਦਾ ਹੈ। ਇਹ ਸਿਰਫ਼ ਵਧਾਈ ਮੰਗਣ ਵੇਲੇ ਹੀ ਸਮਾਜ ਦੇ ਲੋਕਾਂ ਦੇ ਘਰਾਂ ਵਿਚ ਜਾਂਦੇ ਹਨ। ਇਸ ਤੋਂ ਬਿਨਾਂ ਸਭਿਅਕ ਸਮਾਜ ਨਾਲ ਕਿੰਨਰ ਸਮਾਜ ਦੀ ਕੋਈ ਵੀ ਸਾਂਝ ਨਹੀਂ ਹੈ। ਨਾਵਲ ਦੇ ਬਿਰਤਾਂਤ ਤੋਂ ਉਜਾਗਰ ਹੁੰਦਾ ਹੈ ਕਿ ਉਹ ਸਮਕਾਲੀ ਸਮਾਜਿਕ ਵਰਤਾਰੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਤੋਂ ਅਸਮਰਥ ਹੈ। ਇਹ ਉਲਝਿਆ ਹੋਇਆ ਸਮਾਜਿਕ ਵਰਤਾਰਾ ਕਿੰਨਰ ਵਰਗ ਨੂੰ ਆਪਣੇ ਨਾਲ ਚਲਾਉਣ ਦਾ ਯਤਨ ਨਹੀਂ ਕਰਦਾ। ਸਮਾਜ ਵਿਚ ਜੇਕਰ ਕੋਈ ਤਾਏ ਵਰਗਾ ਪਾਤਰ ਉਨ੍ਹਾਂ ਨੂੰ ਸਹੀ ਦਿਸ਼ਾ ਵਿਚ ਤੋਰਦਾ ਹੈ ਤੇ ਦੂਜੇ ਪਾਸੇ ਤਾਰੇ ਸਾਧ ਵਰਗੇ ਪਾਤਰ ਉਨ੍ਹਾਂ ਨੂੰ ਸਹੀ ਦਿਸ਼ਾ ਵਿਚ ਜਾਣ ਤੋਂ ਰੋਕਦੇ ਹਨ। ਜਿਸ ਕਾਰਨ ਉਹ ਸਮਾਜ ਵਿਚ ਆਪਣੀ ਭਾਗੀਦਾਰੀ ਕਬੂਲ ਕਰਨ ਵਿਚ ਅਸਮਰਥ ਰਹਿ ਜਾਂਦੇ ਹਨ। ਸਾਧ ਵਰਗੇ ਪਾਤਰ ਸਮਾਜ ਦੇ ਉਨ੍ਹਾਂ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ ਜੋ ਖ਼ੁਦ ਮਾਨਵੀ ਕੀਮਤਾਂ ਨਾਲੋਂ ਟੁੱਟੇ ਹੋਏ ਹਨ। ਕਿੰਨਰ ਸਮਾਜ ਦੇ ਮੈਂਬਰਾਂ ਨੂੰ ਸਤਿਕਾਰ ਨਹੀਂ ਦਿੰਦੇ। ਕਿੰਨਰਾਂ ਦੇ ਬਾਹਰੀ ਵਰਤ-ਵਰਤਾਰਿਆਂ ਦੇ ਨਾਲ-ਨਾਲ ਨਾਵਲਕਾਰ ਉਨ੍ਹਾਂ ਦੇ ਅਵਚੇਤਨ ਨੂੰ ਸਿਰਜਦਾ ਵੇਖਿਆ ਜਾ ਸਕਦਾ ਹੈ। ਇਹ ਲੋਕ ਕਿਵੇਂ ਜਾਤਾਂ ਪਾਤਾਂ ਅਤੇ ਧਰਮਾਂ ਤੋਂ ਅਜ਼ਾਦ ਹੋਣ ਕਰਕੇ ਆਪਣੇ ਆਪ ਨੂੰ ਸਮਾਜ ਨਾਲੋਂ ਵੱਖ ਸਮਝਦੇ ਹਨ। ਦਾਦਾ ਕੇਸ਼ਵ ਆਪਣੇ ਆਪ ਨੂੰ ਸਮਾਜ ਨਾਲੋਂ ਵੱਖ ਦੱਸਦਾ ਹੋਇਆ ਕਹਿੰਦਾ ਹੈ ਕਿ-

> ਅਸੀਂ ਕਿੰਨਰ ਆ ! ਕਿੰਨਰਾਂ ਦੀ ਜਾਤ ਨਹੀਂ ਹੁੰਦੀ। ਸਾਡੀਆਂ ਸਿਰਫ਼ ਸੱਤ ਮੂੰਹੀਆਂ ਹਨ। ਜਾਤਾਂ ਦਾ ਕੋਹੜ ਤਾਂ ਬੰਦਿਆਂ ਨੂੰ ਲੱਗਾ ਹੋਇਆ। ਅਸੀਂ ਇਸ ਰੋਗ ਤੋਂ ਬਚੇ ਹੋਏ ਆ ।(146)

ਉਪਰੋਕਤ ਸਤਰਾਂ ਵਿਚ ਸੱਤ ਮੂੰਹੀਂਆਂ ਤੋਂ ਭਾਵ ਕਿੰਨਰਾਂ ਦੇ ਸੱਤ ਘਰਾਣਿਆਂ ਤੋਂ ਹੈ। ਸਮਾਜ ਵਿਚ ਕਿੰਨਰਾਂ ਬਾਰੇ ਜੋ ਵਿਚਾਰਧਾਰਾ ਹੁਣ ਤੱਕ ਬਣੀ ਹੋਈ ਹੈ, ਉਹ ਬਿਲਕੁਲ ਵੀ ਚੰਗੀ ਨਹੀਂ ਹੈ। ਲੋਕ ਇਹੋ ਸਮਝਦੇ ਨੇ ਇਹ ਤਾੜੀਆਂ ਪਾਉਣ ਵਾਲੇ ਜਾਂ ਦਾਰੂ ਪੀਣ ਵਾਲੇ ਹਨ। ਇਨ੍ਹਾਂ ਨੂੰ ਮਹੰਤ ਜੀ ਜਾਂ ਬਾਬਾ ਜੀ ਕਹਿ ਕੇ ਕਿਵੇਂ ਵੀ ਭਰਮਾਇਆ ਜਾ ਸਕਦਾ ਹੈ। ਕਿਸੇ ਹੱਦ ਤੱਕ ਇਹ ਵੀ ਠੀਕ ਹੈ ਕਿ ਸਭਿਅਕ ਸਮਾਜ ਦੁਆਰਾ ਛੇਕੇ ਜਾਣ ਤੋਂ ਬਾਅਦ ਇਨ੍ਹਾਂ ਵਿਚ ਵੀ ਕੁਝ ਔਗੁਣ ਪੈਦਾ ਹੋ ਜਾਂਦੇ ਹਨ।

ਕਿੰਨਰ ਵਰਗ ਆਪਣੀ ਬਰਾਦਰੀ ਦੇ ਬੱਚਿਆਂ ਨੂੰ ਆਪਣੇ ਸਮਾਜ ਵਿਚ ਸ਼ਾਮਲ ਕਰਨ ਲਈ ਕਈ ਵਾਰ ਧੱਕਾ ਵੀ ਕਰਦਾ ਹੈ। ਪੁਰਾਤਨ ਸਮੇਂ ਤੋਂ ਡੇਰਿਆਂ ਵਿਚ ਅਜਿਹੀ ਪਰੰਪਰਾ ਨੂੰ ਨਿਭਾਇਆ ਜਾਂਦਾ ਹੈ। ਇਸ ਦੁਖਾਂਤ ਨੂੰ ਦੋ ਰੂਪਾਂ ਵਿਚ ਸਮਝ ਸਕਦੇ ਹਾਂ। ਇਕ ਤਾਂ ਜਨਮਜਾਤ ਕਿੰਨਰ ਹੁੰਦੇ ਹਨ। ਜਨਮਜਾਤ ਕਿੰਨਰਾਂ ਨੂੰ ਤਾਂ ਮਾਪੇ ਇਨ੍ਹਾਂ ਨੂੰ ਸੌਂਪ ਹੀ ਦਿੰਦੇ ਹਨ। ਜੇਕਰ ਅਜਿਹੇ ਬੱਚੇ ਨੂੰ ਮਾਪੇ ਨਾ ਦੇਣ ਤਾਂ ਇਹ ਤਬਕਾ ਧੱਕੇ ਨਾਲ ਵੀ ਲੈ ਆਉਂਦਾ ਹੈ। ਦੂਜਾ ਦੁਖਾਂਤ ਹੈ ਜੋ ਜਨਮ ਤੋਂ ਕਿੰਨਰ ਨਹੀਂ ਹੁੰਦੇ ਪਰ ਆਪਣੀ ਆਰਥਿਕਤਾ ਕਾਰਨ ਇਸ ਵਰਗ ਵਿਚ ਸ਼ਾਮਲ ਹੋ ਜਾਂਦੇ ਹਨ। ਰਾਮ ਸਰੂਪ ਰਿਖੀ ਦਾ ਨਾਵਲ ‘ ਮੈਂ ਸ਼ਿਖੰਡੀ ਨਹੀਂ ’ ਵਿਚ ਕਿੰਨਰ ਸਮਾਜ ਦੇ ਦੋਨਾਂ ਦੁਖਾਤਾਂ ਨੂੰ ਪੇਸ਼ ਕਰਦਾ ਹੈ। ਇਕ ਪਾਤਰ ਤਾਂ ਉਹ ਜੋ ਜਨਮ ਜਾਤ ਕਿੰਨਰ ਹੈ, ਜਿਸ ਦੀ ਪ੍ਰਤੀਨਿਧਤਾ ਮੱਘਰ ਅਤੇ ਚੰਦਕੁਰ ਵਰਗੇ ਪਾਤਰ ਕਰਦੇ ਹਨ। ਦੂਸਰੇ ਰੂਪ ਵਿਚ ਉਹ ਪਾਤਰ ਜੋ ਆਪਣੀ ਆਰਥਿਕਤਾ ਕਾਰਨ ਜਾਂ ਧੱਕੇ ਨਾਲ ਇਸ ਸਮਾਜ ਵਿਚ ਸ਼ਾਮਲ ਹੋ ਜਾਂਦੇ ਹਨ, ਜਿਸ ਦੀ ਪ੍ਰਤੀਨਿਧਤਾ ਪੁਸ਼ਪਾ , ਮੱਖਣ ਅਤੇ ਦਾਦਾ ਗੁਰੂ ਕੇਸ਼ਵ ਵਰਗੇ ਪਾਤਰ ਹਨ। ਮੱਖਣ ਅਤੇ ਦਾਦਾ ਗੁਰੂ ਕੇਸ਼ਵ ਆਪਣੀ ਆਰਥਿਕਤਾ ਕਾਰਨ ਆਪਣਾ ਲਿੰਗ ਕਟਾ ਕੇ ਕਿੰਨਰ ਸਮਾਜ ਦਾ ਅੰਗ ਬਣਦੇ ਹਨ। ਪੁਸ਼ਪਾ ਜੋ ਕਿ ਨਾਵਲ ਦੇ ਪਾਤਰ ਰਮਨਜੀਤ ਦੇ ਸਾਲੇ ਦੀ ਧੀ ਸੀ। ਜਿਸ ਦਾ ਪਹਿਲਾਂ ਨਾਂ ਪ੍ਰਭਜੋਤ ਸੀ ਪਰ ਉਹ ਜਨਮ ਤੋਂ ਕਿੰਨਰ ਸੀ। ਪਹਿਲਾਂ ਤਾਂ ਘਰਦਿਆਂ ਨੇ ਕਿਸੇ ਨੂੰ ਭਿਣਕ ਨਹੀਂ ਪੈਣ ਦਿੱਤੀ। ਉਸ ਨੂੰ ਮਾਪਿਆਂ ਨੇ ਕੁੜੀਆਂ ਵਾਂਗ ਪਾਲਿਆ-ਪੋਸ਼ਿਆ ਤੇ ਪੜ੍ਹਾਇਆ ਫਿਰ ਜਿਵੇਂ-ਜਿਵੇਂ ਉਹ ਜਵਾਨ ਹੋਣ ਲੱਗੀ। ਉਸ ਦੀਆਂ ਅਦਾਵਾਂ ਸ਼ੱਕੀ ਹੋਣ ਲੱਗੀਆਂ ਤਾਂ ਮਹੰਤ ਚੰਦ ਕੁਰ ਨੂੰ ਪਤਾ ਲੱਗ ਗਿਆ। ਚੰਦ ਕੁਰ ਉਸ ਦੇ ਘਰਦਿਆਂ ਨਾਲ਼ ਦੋ ਹੱਥ ਕਰਕੇ ਪ੍ਰਭਜੋਤ ਨੂੰ ਡੇਰੇ ਵਿਚ ਲੈ ਆਈ। ਦੂਜੇ ਪਾਸੇ ਜਦੋਂ ਕਿੰਨਰ ਪ੍ਰਭਜੋਤ ਕੌਰ ਨੂੰ

ਲੈ ਜਾਂਦੇ ਹਨ ਤਾਂ ਮਾਪਿਆਂ ਤੇ ਤਾਂ ਕਹਿਰ ਹੀ ਟੁੱਟ ਪੈਂਦਾ ਹੈ। ਨਾਵਲ ਵਿਚ ਇਹ ਵੀ ਸਪਸ਼ਟ ਹੁੰਦਾ ਹੈ ਕਿ ਕਿੰਨਰ ਕਿਸੇ ਹੋਰ ਬੱਚੇ ਨੂੰ ਵੀ ਸਮਾਜਿਕ ਜ਼ਿੰਦਗੀ ਜੀਣ ਨਹੀਂ ਦਿੰਦੇ। ਉਨ੍ਹਾਂ ਨੇ ਪ੍ਰਭਜੋਤ ਨੂੰ ਪੁਸ਼ਪਾ ਕਿੰਨਰ ਬਣਾ ਦਿੱਤਾ। ਜਿਹੜੇ ਕਿੰਨਰ ਬੱਚੇ ਇਸ ਤਰ੍ਹਾਂ ਪਰਿਵਾਰਾਂ ਵਿਚ ਰਹਿ ਕੇ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਹੁੰਦੇ ਹਨ, ਪਰ ਜਦੋਂ ਧੱਕੇ ਨਾਲ ਕਿੰਨਰ ਬੱਚੇ ਨੂੰ ਚੁੱਕ ਕੇ ਡੇਰੇ ਵਿਚ ਲਿਆਉਂਦੇ ਹਨ ਤਾਂ ਉਹ ਬੱਚਾ ਛੇਤੀ ਇਨ੍ਹਾਂ ਵਿਚ ਸ਼ਾਮਲ ਹੋਣਾ ਪ੍ਰਵਾਨ ਨਹੀਂ ਕਰਦਾ। ਨਾਵਲਕਾਰ ਪ੍ਰਭਜੋਤ ਦੇ ਜਬਰੀ ਕਿੰਨਰ ਬਣਾਉਣ ਦੇ ਪ੍ਰਸੰਗ ਨੂੰ ਸਾਹਮਣੇ ਲਿਆਉਂਦਾ ਹੈ ਕਿ-

> ਹੋਇਆ ਇੰਝ ਕਿ ਰਮਨਜੀਤ ਦੇ ਸਾਲੇ ਦੀ ਧੀ ਕਿੰਨਰ ਸੀ। ਰੱਜਦੇ ਪੁੱਜਦੇ ਵਿਰਕ ਜੱਟਾਂ ਨੇ ਇਸ ਦੀ ਭਿਣਕ ਕਿਸੇ ਨੂੰ ਨਹੀਂ ਪੈਣ ਦਿੱਤੀ। ਉਸ ਨੂੰ ਕੁੜੀਆਂ ਵਾਂਗ ਪਾਲਿਆ। ਵਿਸ਼ੇਸ਼ ਪ੍ਰਬੰਧ ਕਰਕੇ ਪੜ੍ਹਾਇਆ। ਪਰ ਦਸਵੀਂ ਜਮਾਤ ਵਿਚ ਆਈ ਕੁੜੀ ਦਾ ਸਰੀਰ ਤੇ ਅਦਾਵਾਂ ਕੁਝ ਸ਼ੱਕੀ ਹੋਣ ਲੱਗੀਆਂ ਤਾਂ ਉੱਡਦੀ ਉੱਡਦੀ ਖ਼ਬਰ ਚੰਦਕੁਰ ਮਹੰਤ ਕੋਲ ਪੁੱਜ ਗਈ। ਉਸ ਨੇ ਦਾਈ ਨੂੰ ਲਾਲਚ ਦੇ ਕੇ ਅਸਲੀਅਤ ਜਾਣਨ ਲਈ ਦੇਰ ਨਾ ਲਾਈ। ਬੱਸ ਫੇਰ ਕੀ ਸੀ ਦੋ ਦੋ ਹੱਥ ਕਰ ਕੇ ਹੀਜੜੇ ਖੁਸਰੀ ਪ੍ਰਭਜੋਤ ਨੂੰ ਆਪਣੇ ਡੇਰੇ ਲੈ ਆਏ। ਜਿੱਥੇ ਪਹੁੰਚ ਕੇ ਹੁਣ ਉਹ ਪੁਸ਼ਪ ਲਤਾ ਬਣ ਗਈ। (83)

ਇਸ ਤਰ੍ਹਾਂ ਪ੍ਰਭਜੋਤ ਦੇ ਪਾਤਰ ਰਾਹੀਂ ਪਤਾ ਚਲਦਾ ਹੈ ਕਿ ਕਿੰਨਰ ਆਪਣੀ ਬਰਾਦਰੀ ਦੇ ਬੱਚੇ ਨੂੰ ਜ਼ਬਰਦਸਤੀ ਕਰਕੇ ਆਪਣੇ ਸਮਾਜ ਵਿਚ ਲੈ ਆਉਂਦੇ ਹਨ। ਪ੍ਰਭਜੋਤ ਦੇ ਪਾਤਰ ਰਾਹੀਂ ਇਹ ਵੀ ਸੰਕੇਤ ਮਿਲਦਾ ਹੈ ਜਦੋਂ ਕਿੰਨਰ ਬੱਚੇ ਆਪਣੇ ਪਰਿਵਾਰ ਨਾਲੋਂ ਵੱਖ ਹੋ ਕੇ ਡੇਰਿਆਂ ਵਿਚ ਪਹੁੰਚਦੇ ਹਨ ਤਾਂ ਕਿੰਨਰ ਬੱਚਿਆਂ ਨੂੰ ਕਿੰਨਰਾਂ ਦੀ ਡੇਰਿਆਂ ਵਿਚਲੀ ਜੀਵਨ ਸ਼ੈਲੀ ਚੰਗੀ ਨਹੀਂ ਲੱਗਦੀ। ਦੂਜੇ ਪਾਸੇ ਕਿੰਨਰ ਡੇਰਿਆਂ ਦੇ ਮਹੰਤ ਉਨ੍ਹਾਂ ਨੂੰ ਡੇਰਿਆਂ ਵਿਚਲੀ ਜੀਵਨ ਸ਼ੈਲੀ ਨੂੰ ਸਿਖਾ ਕੇ ਹੀ ਸਾਹ ਲੈਂਦੇ ਹਨ। ਜਿਸ ਤਰ੍ਹਾਂ ਨਾਵਲ ਵਿਚ ਪਾਤਰ ਮੱਖਣ ਨੂੰ ਵੀ ਡੇਰੇ ਵਿਚਲੀ ਜ਼ਿੰਦਗੀ ਦੇ ਨਿਯਮ ਸਿਖਾ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਪ੍ਰਭਜੋਤ

ਨਾਲ ਵੀ ਡੇਰੇ ਵਿਚਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਜ਼ਬਰਦਸਤੀ ਕੀਤੀ ਜਾਂਦੀ ਹੈ ਬੇਸ਼ੱਕ ਪ੍ਰਭਜੋਤ ਇਸ ਦਾ ਵਿਰੋਧ ਕਰਦੀ ਹੋਈ ਕਹਿੰਦੀ ਹੈ ਕਿ -

> ਮੈਨੂੰ ਨੀ ਚੰਗਾ ਲਗਦਾ ਕੁੱਤੇ , ਕੁੱਕੜਾਂ , ਕਬੂਤਰਾਂ ਦੇ ਖੁੱਡਿਆਂ ਕੋਲ ਬੈਠੇ ਖੁਸਰਿਆਂ ਦੀਆਂ ਚਿਲਮਾਂ ਭਰਨਾ , ਮੈਨੂੰ ਮੇਰੇ ਘਰ ਮੋੜ ਆਓ ।(83)

ਸੋ ਕਿੰਨਰਾਂ ਨੇ ਪੁਸ਼ਪਾ ਨੂੰ ਨਸ਼ੀਲੀਆਂ ਦਵਾਈਆਂ ਤੋਂ ਸ਼ੁਰੂ ਕਰ ਕੇ ਉਸ ਨੂੰ ਚਰਸ ਤੱਕ ਦੇ ਸਾਰੇ ਨਸ਼ਿਆਂ ਦਾ ਸਹਾਰਾ ਦੇਣਾ ਸ਼ੁਰੂ ਕਰ ਦਿੱਤਾ । ਇਸ ਤਰ੍ਹਾਂ ਮਜਬੂਰੀ ਬੱਸ ਪੁਸ਼ਪਾ ਡੇਰੇ ਦੇ ਦਸਤੂਰਾਂ ਅਨੁਸਾਰ ਚੱਲਣ ਲਗ ਪਈ । ਸੋ ਨਾਵਲਕਾਰ ਵੱਲੋਂ ਪ੍ਰਭਜੋਤ ਕੌਰ ਨੂੰ ਜ਼ਬਰਦਸਤੀ ਨਾਲ ਕਿੰਨਰਾਂ ਵਿਚ ਸ਼ਾਮਲ ਕੀਤਾ ਦਿਖਾਉਣਾ ਕੁਝ ਹੱਦ ਤੱਕ ਠੀਕ ਹੈ । ਅਸਲ ਵਿਚ ਹੁਣ ਕਿੰਨਰ ਸਮਾਜ ਦੇ ਨਿਯਮ ਬਦਲ ਚੁੱਕੇ ਹਨ । ਅੱਜ ਸਮਾਜ 21ਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕਿਆਂ ਹੈ । ਕਿੰਨਰ ਸਮਾਜ ਨੂੰ ਹੁਣ ਸੁਪਰੀਮ ਕੋਰਟ ਵੱਲੋਂ ਥਰਡ ਜੈਂਡਰ ਦੇ ਰੂਪ ਵਿਚ ਮਾਨਤਾ ਮਿਲ ਚੁੱਕੀ ਹੈ । ਕਿੰਨਰ ਵੀ ਹੁਣ ਪੜ੍ਹ ਲਿਖ ਕੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋ ਚੁੱਕੇ ਹਨ । ਅਸਲ ਵਿਚ ਮਾਪੇ ਹੀ ਅਜਿਹੇ ਬੱਚੇ ਨੂੰ ਰੱਖ ਕੇ ਰਾਜ਼ੀ ਨਹੀਂ ਹੁੰਦੇ । ਸਮਾਜ ਵਿਚ ਅੱਜ ਤੱਕ ਕੋਈ ਅਜਿਹੀ ਮਿਸਾਲ ਨਹੀਂ ਦੇਖੀ ਕਿ ਕਿਸੇ ਕਿੰਨਰ ਬੱਚੇ ਨੂੰ ਮਾਂ-ਬਾਪ ਨੇ ਆਪਣਾ ਹਿੱਸਾ ਦਿੱਤਾ ਹੋਵੇ ।

ਜਸਵੀਰ ਰਾਣਾ ਦਾ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਵਿਚ ਸ਼ਾਮਿਲ ਨਿਰਮਲ ਜਸਵਾਲ ਦੀ ਕਹਾਣੀ ' ਮਲਕਾ ' ਵਿਚ ਮਲਕਾ ਦੇ ਪਾਤਰ ਰਾਹੀਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿੰਨਰ ਆਪਣੀ ਹੀ ਬਰਾਦਰੀ ਦੇ ਬੱਚੇ ਨੂੰ ਚੁੱਕਣ ਲਈ ਕੋਈ ਜ਼ਬਰਦਸਤੀ ਨਹੀਂ ਕਰਦੇ । ਇਹ ਸਮਾਜ ਵਿਚ ਫੈਲੀ ਹੋਈ ਗ਼ਲਤ ਧਾਰਨਾ ਹੈ । ਉਹ ਕਹਿੰਦੀ ਹੈ ਕਿ-

> ਦੀਦੀ ਇਹ ਗੱਲ ਬਿਲਕੁਲ ਝੂਠ ਐ । ਹੁਣ ਤੂੰ ਦੱਸ ਕਦੀ ਅੱਜ ਤੱਕ ਕਿਸੇ ਨੇ ਅੱਖੀਂ ਇਸ ਤਰ੍ਹਾਂ ਹੁੰਦਾ ਦੇਖਿਐ ਬਈ ਕਿਸੇ ਅਜਿਹੇ ਬੱਚੇ ਨੂੰ ਘਰ ਪਰਿਵਾਰ ਵਾਲੇ ਬਾਕੀ ਬੱਚਿਆਂ ਵਾਂਗ ਪਾਲ ਪੋਸ ਰਹੇ ਹੋਣ ਤੇ ਖੁਸਰੇ ਉਹਨੂੰ ਲੈ ਗਏ ਹੋਣ। ਅਸੀਂ

> ਕਿਉਂ ਕਿਸੇ ਨੂੰ ਉਸ ਦੇ ਪਰਿਵਾਰ ਨਾਲੋਂ ਵੱਖ ਕਰਾਂਗੇ ਜੇ ਉਸ ਦਾ ਪਰਿਵਾਰ ਨਾਲ ਰੱਖ ਕੇ ਖ਼ੁਸ਼ ਹੈ। ਅਸਲ ਗੱਲ ਤਾਂ ਦੀਦੀ ਇਹ ਹੈ ਕਿ ਪਰਿਵਾਰ ਵਾਲੇ ਖ਼ੁਦ ਹੀ ਨਹੀਂ ਚਾਹੁੰਦੇ। ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਨੇ ਜਾਂ ਬਣਾ ਦਿੱਤੇ ਜਾਂਦੇ ਹਨ ਕਿ ਉਹ ਹੀ ਸਾਡੇ ਕੋਲ ਆ ਜਾਂਦਾ ਹੈ।(94)

ਇਸ ਤਰ੍ਹਾਂ ਕਹਾਣੀ ਵਿਚੋਂ ਸੰਕੇਤ ਮਿਲਦਾ ਹੈ ਕਿ ਹੁਣ ਸਮਾਜ ਕਾਫ਼ੀ ਬਦਲ ਗਿਆ ਹੈ । ਜਿਸ ਕਾਰਨ ਕਿੰਨਰ ਸਮਾਜ ਦੇ ਭਾਈਚਾਰੇ ਵਿਚ ਵੀ ਤਬਦੀਲੀ ਦੇਖੀ ਜਾ ਸਕਦੀ ਹੈ । ਸਮੇਂ ਦੇ ਬਦਲਣ ਨਾਲ ਕਿੰਨਰ ਸਮਾਜ ਦੇ ਵਿਚ ਪਰਿਵਰਤਨ ਦੇਖੇ ਜਾ ਸਕਦੇ ਹਨ । ਇਸ ਪੱਖ ਨੂੰ ਖੇਤਰੀ ਕਾਰਜ ਦੌਰਾਨ 80 ਕਿੰਨਰਾਂ ਨੂੰ ਮਿਲ ਕੇ ਪੁਛਿਆ ਗਿਆ ਕਿ  ਕਿੰਨਰ ਬੱਚੇ ਨੂੰ ਚੁੱਕਣਾ ਨੈਤਿਕ ਹੈ , ਇਸ ਦਾ ਸਪੱਸ਼ਟੀਕਰਨ ਚਿੱਤਰ 3 ਵਿਚ ਵੀ ਦੇਖਿਆ ਜਾ ਸਕਦਾ ਹੈ ।

ਅਨੇਮਨ ਸਿੰਘ ਦੀ ਕਹਾਣੀ'ਨੂਰੀ' ਜਿੱਥੇ ਕਿੰਨਰ ਪਾਤਰਾਂ ਅੰਦਰਲੇ ਸਦੀਵੀ ਮੋਹ-ਮੁਹੱਬਤ ਦੇ ਖ਼ਲਾਅ ਦੀ ਸ਼ਿੱਦਤ ਨੂੰ ਬਿਆਨ ਕਰਦੀ ਹੈ ,ਉੱਥੇ ਇਹ ਅੰਤਰੀਵੀ ਭੇਤ ਵੀ ਨਸ਼ਰ ਕਰਦੀ ਹੈ ਕਿ ਪਿਆਰ ਭੁੱਖਾ ਕੋਈ ਕਿੰਨਰ ਕਿਸੇ ਸਮਾਜਿਕ ਪ੍ਰਾਣੀ ਵੱਲੋਂ ਦਿੱਤੇ ਮੋਹ ਤੇ ਪਿਆਰ ਲਈ ਵੱਡੀ ਤੋਂ ਵੱਡੀ ਕੀਮਤ ਚੁਕਾ ਸਕਦਾ ਹੈ । ਨੂਰੀ ਦਾ ਡੇਰੇ ਦੇ ਜੀਤੇ ਨਾਲ ਪਿਆਰ ਪੈ ਜਾਂਦਾ ਹੈ ਤਾਂ ਉਹ ਉਸ ਲਈ ਆਪਣਾ ਸਾਰਾ ਸੁੱਖ ਅਰਾਮ ਤੇ ਸਵਾਰਥ ਤਿਆਗ ਦਿੰਦੀ ਹੈ ਅਤੇ ਆਪਣੇ ਹੱਥੀਂ ਜੀਤੇ ਦਾ ਪੰਮੀ ਨਾਲ ਵਿਆਹ ਕਰਵਾ ਕੇ ਉਸ ਨੂੰ ਸਭਿਅਕ ਸਮਾਜ ਦਾ ਹਿੱਸਾ ਬਣਾਉਂਦੀ ਹੋਈ ਸਦਾ ਲਈ ਉਸ ਤੋਂ ਦੂਰ ਜਾਣ ਦੀ ਕੁਰਬਾਨੀ ਵੀ ਕਰ ਵਿਖਾਉਂਦੀ ਹੈ । ਇਹ ਕਹਾਣੀ ਕਿੰਨਰਾਂ ਦੇ ਉਸ ਪੱਖ ਨੂੰ ਵੀ ਪੇਸ਼ ਕਰਦੀ ਹੈ ਕਿ ਕਿਸ ਤਰ੍ਹਾਂ ਕਿੰਨਰ ਇਕ ਪੂਰਨ ਮਰਦ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦੇ ਹਨ । ਜਿਸ ਦੀ ਪ੍ਰਤੀਨਿਧਤਾ ਰਾਜੀ ਨਾਂ ਦਾ ਪਾਤਰ ਕਰਦਾ ਹੈ । ਇਸ ਕਹਾਣੀ ਦਾ ਪਾਤਰ ਜੀਤਾ ਜਿਹੜਾ ਕਿ ਇੱਕ ਆਮ ਪਰਿਵਾਰ ਵਿਚ ਜਨਮ ਲੈਂਦਾ ਹੈ। ਜਿਸ ਦੇ ਪੰਜ ਭਰਾ ਤੇ ਤਿੰਨ ਭੈਣਾਂ ਹਨ।  ਘਰ ਦੀ ਗ਼ਰੀਬੀ ਕਾਰਨ ਜੀਤਾ ਕਿੰਨਰਾਂ ਵਿਚ ਸ਼ਾਮਿਲ ਹੋ ਜਾਂਦਾ ਹੈ । ਜਦੋਂ ਨੂਰੀ ਨੂੰ ਜੀਤੇ ਬਾਰੇ ਪਤਾ ਲੱਗਦਾ ਹੈ ਤਾਂ ਉਹ ਜੀਤੇ ਨੂੰ ਕਹਿੰਦੀ ਹੈ ਕਿ-

ਵੇਖ ਜੀਤੇ, ਸਾਡੇ ਤਾਂ ਰੱਬ ਨੇ ਕਰਮ ਹੀ ਅਜਿਹੇ ਬਣਾਏ ਹਨ ਪਰ ਤੂੰ ਕਿਉਂ ਆਪਣੇ ਕਰਮਾਂ ਨੂੰ ਨਰਕ ਵਿੱਚ ਠੇਲ੍ਹਦਾ ਏ । (136)

ਨੂਰੀ ਨਹੀਂ ਸੀ ਚਾਹੁੰਦੀ ਕਿ ਜੀਤਾ ਆਪਣੀ ਜ਼ਿੰਦਗੀ ਕਿੰਨਰਾਂ ਦੇ ਨਾਲ ਰਲ ਕੇ ਖ਼ਰਾਬ ਕਰੇ । ਆਪਣੇ ਅੰਦਰਲੇ ਸਦੀਵੀ ਮਾਨਵੀ ਗੁਣਾਂ ਕਾਰਨ ਉਹ ਜੀਤੇ ਦਾ ਪੰਮੀ ਨਾਲ ਵਿਆਹ ਕਰਵਾ ਕੇ ਉਸ ਨੂੰ ਸਭਿਅਕ ਸਮਾਜ ਦਾ ਹਿੱਸਾ ਬਣਾ ਦਿੰਦੀ ਹੈ । ਉਸ ਰਿਸ਼ਤੇ ਵਿਚੋਂ ਹੀ ਆਪਣੇ ਪਿਆਰ ਦੀਆਂ ਨਿਸ਼ਾਨੀਆਂ ਲੱਭਦੀ ਹੈ । ਉਹ ਆਪਣੇ ਪਿਆਰ ਦੀ ਕੁਰਬਾਨੀ ਕਰ ਦਿੰਦੀ ਹੈ । ਉਹ ਜੀਤੇ ਨੂੰ ਕਹਿੰਦੀ ਹੈ ਕਿ-

ਨਹੀਂ ਵੇ ਕਮਲਿਆ ਮੈਂ ਸਾਰੀ ਉਮਰ ਇਹ ਦਾਗ਼ ਨਹੀਂ ਲਵਾ ਸਕਦੀ ਜੇ ਤੈਨੂੰ ਪਿਆਰ ਕਰਦੀ ਹਾਂ ਤਾਂ ਹੀ ਤੇਰੇ ਬਾਰੇ ਇਨ੍ਹਾਂ ਸੋਚਦੀ ਹਾਂ ਮੈਂ ਚਾਹੁੰਦੀ ਹਾਂ ਤੂੰ ਵਿਆਹ ਕਰਵਾਏ, ਬੱਚੇ ਜੰਮੇਂ ਮੈਨੂੰ ਲੱਗੇ ਜਿਵੇਂ ਮੇਰਾ ਹੀ ਪਿਆਰ ਵੱਧ ਫੁੱਲ ਰਿਹਾ ਹੈ ਮੇਰੀਆਂ ਦੁਆਵਾਂ ਸਾਰੀ ਉਮਰ ਤੇਰੇ ਕੋਲ ਰਹਿਣਗੀਆਂ । (145)

ਇਸ ਦੇ ਉਲਟ ਕਹਾਣੀ ਵਿਚ ਦੂਜੀ ਕਿੰਨਰ ਪਾਸ਼ੀ ਜਿਹੜੀ ਕਿ ਰਾਜੀ ਨਾਮ ਦੇ ਪਾਤਰ ਨੂੰ ਉਸ ਸਭਿਅਕ ਸਮਾਜ ਨਾਲੋ ਤੋੜ ਕੇ ਆਪਣੇ ਕਿੰਨਰ ਸਮਾਜ ਵਿਚ ਸ਼ਾਮਿਲ ਕਰ ਲੈਂਦੀ ਹੈ । ਉਸ ਨੂੰ ਪਾਸ਼ੀ ਆਖਦੀ ਹੈ ਕਿ-

ਸਾਡੇ ਵਿੱਚ ਰਹਿਣਾ ਤਾਂ ਪੱਕਾ ਹੀ ਸਾਡੇ ਨਾਲ ਜੁੜਨਾ ਪਊ---ਸਾਡੇ ਵਾਂਗ ਬਣ ਕੇ । (137)

ਪਾਸ਼ੀ ਦੀ ਸੋਚ ਸੀ ਕਿ ਜੋ ਸਾਡੇ ਨਾਲ ਰਹਿੰਦਾ, ਖਾਂਦਾ-ਪੀਂਦਾ ਤੇ ਕਮਾਉਂਦਾ ਵੀ ਹੈ , ਫਿਰ ਸਾਡੇ ਵਿਚ ਸ਼ਾਮਲ ਹੋ ਜਾਣਾ ਕਿਥੋਂ ਦਾ ਪਾਪ ਹੈ । ਬੇਸ਼ੱਕ ਦੂਸਰੇ ਹੀਜੜੇ ਉਸ ਨੂੰ ਉੱਥੋਂ ਭੱਜ ਜਾਣ ਲਈ ਆਖਦੇ ਹਨ , ਪਰ ਰਾਜੀ ਵਿਚਾਰਾ ਜਾਵੇ ਵੀ ਕਿਥੇ? ਅਨਾਥਾਂ ਵਾਂਗ ਤੁਰਿਆ ਫਿਰਦਾ ਤਾਂ ਉਹ ਪਾਸ਼ੀ ਦੀ ਸ਼ਰਨ ਵਿਚ ਆਇਆ ਸੀ । ਇਸ ਤਰ੍ਹਾਂ ਪਾਸ਼ੀ ਨੇ ਰਾਜੀ ਨੂੰ ਹਮੇਸ਼ਾ ਲਈ ਉਸ ਸਮਾਜ ਤੋਂ ਵੱਖ ਕਰ ਦਿੱਤਾ ਸੀ। ਕਈ ਵਾਰ ਰਾਜੀ ਨੂੰ ਇਸ ਗੱਲ ਦਾ ਦੁੱਖ ਵੀ ਹੁੰਦਾ ਤਾਂ ਉਹ ਰੋਣ ਲੱਗ ਪੈਂਦਾ ਸੀ । ਉਹ ਕਹਿੰਦਾ ਕਿ-

ਜੀਤੇ ਮੈਨੂੰ ਲੱਗਦੇ, ਮੈਂ ਆਪਣੇ ਆਪ ਨਾਲ ਧੋਖਾ ਕੀਤੇ, ਕੁਦਰਤੀ ਦਾਤ ਨੂੰ ਨਸ਼ਟ ਕੀਤਾ ਹੈ।(138)

ਬੀਬੀ ਪਾਸ਼ੀ ਕਾਫ਼ੀ ਸਮਾਂ ਬਿਮਾਰ ਰਹਿਣ ਉਪਰੰਤ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਮੌਤ ਤੋਂ ਬਾਅਦ ਇਸ ਵਰਗ ਦੇ ਲੋਕ ਕਿਵੇਂ ਉਸ ਦੀ ਲਾਸ਼ ਦੇ ਛਿੱਤਰ ਮਾਰਦੇ ਹਨ। ਰਾਜੀ ਵੀ ਆਪਣੇ ਨਾਲ ਕੀਤੀ ਵਧੀਕੀ ਦਾ ਬਦਲਾ ਉਸ ਤੋਂ ਲੈਣਾ ਚਾਹੁੰਦਾ ਹੈ ਜਿਵੇਂ-

> ਉਸ ਦੇ ਮਰਨ ਦੀ ਦੇਰ ਸੀ ਕਿ ਚੰਦੋ, ਕਾਲੋਂ ਅਤੇ ਰਾਜੀ ਮੰਜੇ ਤੋਂ ਹੇਠਾਂ ਲਾਹ ਉਸ ਨੂੰ ਛਿੱਤਰ ਮਾਰਨ ਲੱਗ ਪਏ। ਰਾਜੀ ਜਿਸ ਨੂੰ ਪਾਸ਼ੀ ਨੇ ਲਿੰਗ ਕੱਟ ਕੇ ਆਪਣੇ ਵਿਚ ਸ਼ਾਮਲ ਕਰ ਲਿਆ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪਾਗਲ ਹੀ ਬਣ ਗਿਆ ਹੋਵੇ। ਉਹ ਛਿੱਤਰ ਮਾਰਦਾ ਉੱਚੀ-ਉੱਚੀ ਚੀਕਣ ਲੱਗ ਜਾਂਦਾ ਤੇ ਲਲਕਾਰੇ ਮਾਰ ਕੇ ਕਹਿਣ ਲੱਗਿਆ ਕਿ-
>
> ਕੁੱਤੀ ਕੰਜਰੀ, ਖ਼ੁਸ਼ੀ --ਭੈਣ ਚੌ---। ਕਾਲੀ ਮਾਂ ਤਾਂ ਅੱਜ ਖ਼ੁਸ਼ ਹੋਈ ਐ----ਪਾਸ਼ੀਏ। (139)

ਇਸ ਕਹਾਣੀ ਵਿਚਲੀ ਨੂਰੀ ਜਿਹੜੀ ਕਿ ਮਨੁੱਖੀ ਗੁਣਾਂ ਪ੍ਰੇਮ ਤੇ ਦਇਆ ਦੀ ਭਾਵਨਾਵਾਂ ਨੂੰ ਸਮਝਦੀ ਹੈ। ਉਸ ਦੀਆਂ ਇਨ੍ਹਾਂ ਭਾਵਨਾਵਾਂ ਸਦਕਾ ਹੀ ਰਾਜੀ ਅਤੇ ਪੰਮੀ ਵਰਗੇ ਅਨਾਥ ਬੱਚਿਆ ਨੂੰ ਕੇਵਲ ਪਾਲਣ-ਪੋਸ਼ਣ ਕਰਕੇ ਵੱਡਾ ਕਰਨ ਲਈ ਪ੍ਰੇਰਿਤ ਕਰਦੀ ਹੈ ਸਗੋਂ ਉਨ੍ਹਾਂ ਨੂੰ ਇੱਕ ਗ੍ਰਹਿਸਤ ਜੀਵਨ ਵਿਚ ਬੰਨ੍ਹ ਕੇ ਇੱਕ ਨਵਾਂ ਜੀਵਨ ਪ੍ਰਦਾਨ ਕਰਦੀ ਹੈ। ਜੀਤੇ ਤੇ ਪੰਮੀ ਦਾ ਵਿਆਹ ਕਰਵਾ ਕੇ ਉਹ ਉਨ੍ਹਾਂ ਨੂੰ ਨਵੀਂ ਜ਼ਿੰਦਗੀ ਦਿੰਦੀ ਹੈ। ਨੂਰੀ ਵੀ ਹੋਰ ਕਿੰਨਰਾਂ ਵਾਂਗ ਜੀਤੇ ਨਾਲ ਰਹਿ ਸਕਦੀ ਸੀ ਪਰ ਉਹ ਜੀਤੇ ਨਾਲ ਇਹ ਵਧੀਕੀ ਨਹੀਂ ਕਰਦੀ। ਉਸ ਦੀ ਸੋਚ ਹੈ ਕਿ ਅਸੀਂ ਤਾਂ ਅਧੂਰੇ ਹਾਂ ਹੀ ਪਰ ਇਹ ਜੀਤੇ ਵਰਗੇ ਕਿਉਂ ਆਪਣੀ ਜ਼ਿੰਦਗੀ ਦਾਅ ਤੇ ਲਾਉਣ। ਉਹ ਜੀਤੇ ਦੀ ਖ਼ੁਸ਼ੀ ਵਿਚ ਹੀ ਆਪਣੀ ਖ਼ੁਸ਼ੀ ਸਮਝਦੀ ਹੈ। ਇਸ ਤਰ੍ਹਾਂ ਨੂਰੀ ਆਪਣੇ ਪ੍ਰੇਮ ਭਾਵਾਂ ਅਤੇ ਅਚੇਤ ਮਨ ਵਿਚ ਦੱਬੇ ਆਪਣੇ ਕਾਮੁਕ ਆਵੇਗਾਂ ਨੂੰ ਉਦਾਤੀਕਰਨ ਰਾਹੀਂ ਪਰਉਪਕਾਰ ਦੇ ਰੂਪ ਵਿਚ ਪਰਿਵਰਤਨ ਕਰ ਕੇ ਉਜਾਗਰ ਕਰਦੀ ਹੈ। ਇਸ ਪ੍ਰਕਿਰਿਆ ਨੂੰ ਮਨੋਵਿਗਿਆਨ ਵਿਚ ਸਬਲੀਮੇਸ਼ਨ ਕਿਹਾ ਜਾਂਦਾ ਹੈ। ਇਹ ਕਹਾਣੀ ਦੋ ਵਿਰੋਧਾਭਾਸੀ ਹਾਲਾਤ ਪੈਦਾ ਕਰਦੀ ਹੈ। ਇਕ ਪਾਸੇ ਨੂਰੀ ਵਰਗੀਆਂ ਕਿੰਨਰ ਪਾਤਰ ਹਨ ਜੋ ਆਪਣੇ ਸੱਚ ਨੂੰ ਕਬੂਲਦੀਆਂ ਤੇ ਕਿਸੇ ਨਾਲ ਵਧੀਕੀ ਨਹੀਂ ਹੋਣ ਦਿੰਦੀਆਂ। ਆਪਣੀ ਨੇਕ ਸਲਾਹ ਦੇ ਨਾਲ ਉਸ ਨੂੰ ਰਾਹ ਦਿਖਾਉਂਦੀਆਂ ਹਨ। ਇਸ ਦੀ

ਪ੍ਰਤੀਨਿਧਤਾ ਕਹਾਣੀ ਵਿਚਲਾ ਪਾਤਰ ਜੀਤਾ ਹੈ । ਦੂਜੇ ਪਾਸੇ ਪਾਸ਼ੀ ਵਰਗੀਆਂ ਕਿੰਨਰ ਪਾਤਰ ਹਨ ਜੋ ਆਪਣੇ ਸਮੁਦਾਇ ਦੀ ਗਿਣਤੀ ਵਧਾਉਣ ਦੇ ਲਈ ਇੱਕ ਪੂਰਨ ਮਰਦ ਨੂੰ ਉਸ ਦਾ ਲਿੰਗ ਕੱਟ ਕੇ ਸ਼ਾਮਿਲ ਕਰਦੀਆਂ ਹਨ। ਇਸ ਦੀ ਪ੍ਰਤੀਨਿਧਤਾ ਰਾਜੀ ਨਾਂ ਦਾ ਪਾਤਰ ਕਰਦਾ ਹੈ। ਨੂਰੀ ਵਰਗੇ ਪਾਤਰ ਚਾਹੁੰਦੇ ਹਨ ਕਿ ਜੇ ਪਰਮਾਤਮਾ ਉਨ੍ਹਾਂ ਨਾਲ ਧੋਖਾ ਕਰਦਾ ਹੈ ਤਾਂ ਸਮਾਜ ਤਾਂ ਉਸ ਤੋਂ ਵਧੇਰੇ ਅਨਿਆਂ ਕਰਦਾ ਹੈ । ਇਸ ਵਿਚ ਉਨ੍ਹਾਂ ਦਾ ਤਾਂ ਕੋਈ ਕਸੂਰ ਨਹੀਂ ਹੈ, ਜਿਸ ਤਰ੍ਹਾਂ ਦਾ ਪਰਮਾਤਮਾ ਨੇ ਉਨ੍ਹਾਂ ਨੂੰ ਬਣਾ ਦਿੱਤਾ ਤੇ ਉਹ ਬਣ ਗਏ ਪਰ ਸਮਾਜ ਕਿਉਂ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ ?

ਇਹ ਵੀ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਕਹਾਣੀ ਵਿਚ ਨੂਰੀ ਦਾ ਬਾਪ ਵੀ ਆਪ ਹੀ ਕਿੰਨਰ ਡੇਰੇ ਤੱਕ ਪਹੁੰਚ ਕਰਕੇ ਉਸ ਨੂੰ ਚੁੱਕ ਕੇ ਲਿਜਾਣ ਦਾ ਸੁਨੇਹਾ ਪਹੁੰਚਾਉਂਦਾ ਹੈ , ਪਰ ਨੂਰੀ ਨੂੰ ਮਿਲਿਆ ਇਹ ਸੁਨੇਹਾ ਬੜਾ ਦੁੱਖ ਪਹੁੰਚਾਉਂਦਾ ਹੈ। ਉਹ ਬੜੇ ਪਿਆਰ ਨਾਲ ਉਸ ਕਿੰਨਰ ਬੱਚੇ ਦੀ ਮਾਂ ਨੂੰ ਸਮਝਾਉਂਦੀ ਹੋਈ ਕਹਿੰਦੀ ਹੈ ਕਿ-

> ਵੇਖ ਮਾਈ, ਮੈਨੂੰ ਵੀ ਕੋਈ ਇਸੇ ਤਰ੍ਹਾਂ ਚੁੱਕ ਕੇ ਲਿਆਇਆ ਸੀ । ਜੇ ਅਸੀਂ ਇਸ ਨੂੰ ਇੱਥੇ ਛੱਡ ਵੀ ਗਏ ਤਾਂ ਵੀ ਲੋਕਾਂ ਨੇ ਤੁਹਾਨੂੰ ਜਿਊਣ ਨਹੀਂ ਦੇਣਾ, ਪਰ ਸਾਡੇ ਕੋਲ ਇਹ ਸਭ ਤੋਂ ਵੱਧ ਖ਼ੁਸ਼ ਰਹੂ ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਵੀ ਤੁਹਾਡੇ ਵਾਂਗ ਘਰਾਂ ਵਿੱਚ ਰਹੀਏ, ਖੇਡੀਏ, ਨੌਕਰੀ ਕਰੀਏ ਪਰ ਸਮਾਜ ਹੀ ਸਾਨੂੰ ਅਧੂਰੇ ਮਨੁੱਖ ਸਮਝਦਾ ਹੈ । (144)

ਨੂਰੀ ਦੇ ਪਾਤਰ ਰਾਹੀਂ ਕਹਾਣੀਕਾਰ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ ਚਾਹੁੰਦਾ ਹੈ । ਉਹ ਸੋਚਦੀ ਹੈ ਕਿ ਆਖ਼ਰ ਕਦੋਂ ਤੱਕ ਇਹ ਸਿਲਸਿਲਾ ਚੱਲਦਾ ਰਹੇਗਾ । ਨੂਰੀ ਦੇ ਪਾਤਰ ਰਾਹੀਂ ਉੱਠਾਇਆ ਸਵਾਲ ਮੰਗ ਕਰਦਾ ਹੈ ਕਿ ਆਖ਼ਰ ਕਦੋਂ ਤੱਕ ਸਭਿਅਕ ਸਮਾਜ ਕਿੰਨਰਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚੋਂ ਬਾਹਰ ਧੱਕਦਾ ਰਹੇਗਾ?

ਕਹਾਣੀ 'ਵੇ ਸੋਨੇ ਦਿਆ ਕੰਗਣਾ' ਵਿਚੋਂ ਵੀ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਜਦੋਂ ਕਿੰਨਰ ਬੱਚੇ ਨੂੰ ਚੁੱਕ ਕੇ ਲੋਰੀਆਂ ਦਿੰਦੇ ਹਨ ਤਾਂ ਬੜੀ ਚਲਾਕੀ ਦੇ ਨਾਲ ਇਹ ਬੱਚੇ ਦਾ ਲਿੰਗ ਛੋਹ ਕੇ ਦੇਖ ਲੈਂਦੇ ਹਨ ਕਿ ਕਿਤੇ

ਬੱਚਾ ਸਾਡੀ ਬਰਾਦਰੀ ਵਿਚੋਂ ਤਾਂ ਨਹੀਂ ਹੈ। ਸਾਨੂੰ ਆਮ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਜਿਵੇਂ ਬਬਲੀ ਦੀ ਗੱਲਬਾਤ ਤੋਂ ਇਹ ਸੰਕੇਤ ਆਉਂਦੇ ਹਨ-

> ਨੱਚਦੇ-ਗਾਉਂਦੇ ਮਲਕੜੇ ਜਿਹੇ ਨਵੇਂ ਜੰਮੇ ਬਾਲ ਦਾ ਜਣਨ ਅੰਗ ਟੋਹ ਲੈਂਦੇ ਹਾਂ। ਬੱਚਾ ਰੋ ਪੈਂਦਾ ਏ । ਇਹ ਵੇਖਣ ਲਈ ਕਿ ਜੁਆਕ ਕਿਤੇ ਸਾਡੀ ਬਿਰਾਦਰੀ ਦਾ ਤਾਂ ਨੀਂ । ਸਾਡੇ ਵਰਗੀ ਤੀਸਰੀ ਕੌਮ । ਬੜੀ  ਚਲਾਕੀ ਨਾਲ ਅੱਖ ਬਚਾ ਕੇ ਇਹ ਕਾਰਜ ਕਰਦੇ ਹਾਂ ਲੋਕਾਂ ਨੂੰ ਨਹੀਂ ਪਤਾ ਚੱਲਦਾ ਕਿ ਕੀ ਕੀਤਾ ਅਸੀਂ । (116)

ਜੇ ਬੱਚਾ ਇਨ੍ਹਾਂ ਦੀ ਬਿਰਾਦਰੀ ਵਿਚੋਂ ਹੋਵੇ ਤਾਂ ਇਹ ਉਸ ਬੱਚੇ ਨੂੰ ਰਾਤ ਦੇ ਹਨੇਰੇ ਵਿਚ ਚੁੱਕ ਲਿਆਉਂਦੇ ਹਨ। ਇਸ ਕਹਾਣੀ ਵਿਚੋਂ ਹੀ ਇਹ ਸੰਕੇਤ ਦੇਖੇ ਜਾ ਸਕਦੇ ਹਨ-

> ਜੇ ਜੁਆਕ ਸਾਡੇ ਵਿਚੋਂ ਹੋਵੇ ਅਸੀਂ ਰਾਤ ਦੇ ਹਨੇਰੇ ਵਿਚ ਮਾਂ-ਪਿਉ ਤੋਂ ਲੈ ਕੇ ਜਾਂਦੇ ਹਾਂ । ਦੁੱਧ ਦੀ ਉਮਰੇ  ਮਾਂ ਦੀ ਆਂਦਰ ਨਾਲੋਂ ਤੋੜ ਕੇ । ਮਾਂ ਦੀ ਗੋਦੀ ਦਾ ਨਿੱਘ ਸਾਡੇ ਵਰਗਿਆਂ ਦਾ ਨਸੀਬ ਨਹੀਂ ਬਣਦਾ ।(116)

ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ' ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਹੀਜੜਾ ਆਬਦਾ ਨੇ ਵੀ ਇਸ ਦਾ ਖ਼ੁਲਾਸਾ ਆਪਣੀ ਇੰਟਰਵਿਊ ਵਿਚ ਕੀਤਾ ਹੈ ਕਿ-

> ਹਾਂ ਬਿਲਕੁਲ, ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਪਿੰਡ ਵਿਚ ਲੜਕਾ ਅਤੇ ਲੜਕੀ ਦੀ ਬਜਾਏ ਖਦੜਾ ਜਾਂ ਖਦੜੀ ਫ਼ਕੀਰ ਪੈਦਾ ਹੋਇਆ ਤਾਂ ਅਸੀਂ ਆਪਣੇ ਘਰ ਵਿਚ ਖ਼ੁਸ਼ੀ ਕਰਦੇ ਹਾਂ , ਗਾਣਾ ਵਜਾਉਣਾ ਕਰਦੇ ਹਾਂ , ਫਿਰ ਉਨ੍ਹਾਂ ਲੋਕਾਂ ਦੇ ਕੋਲ ਜਾਂਦੇ ਹਾਂ ਕਿ ਇਹ ਜਦੋਂ ਵੱਡਾ ਹੋ ਗਿਆ ਜਾਂ ਵੱਡੀ ਹੋ ਗਈ ਤਾਂ ਸਾਡੇ ਹਵਾਲੇ ਕਰੋਗੇ । ਜਦੋਂ ਉਹ ਵੱਡਾ/ਵੱਡੀ ਹੋਵੇਗੀ , ਉਨ੍ਹਾਂ ਨੂੰ ਸਾਡੇ ਹਵਾਲੇ ਨਹੀਂ ਕਰੋਗੇ ਤਾਂ ਅਸੀਂ ਕਾਨੂੰਨ ਦਾ ਸਹਾਰਾ ਲੈਂਦੇ ਹਾ । ਉਨ੍ਹਾਂ ਦੇ ਕੋਲ ਪੁਲਿਸ ਨੂੰ ਵੀ ਲੈ ਜਾਂਦੇ ਹਾਂ , ਜਾਂ ਉਨ੍ਹਾਂ ਨੂੰ ਪੈਸੇ ਦੇ ਕੇ ਖ਼ਰੀਦ ਲੈਂਦੇ ਹਾਂ , ਬਹਿਰਹਾਲ , ਉਸ ਨੂੰ ਹਰ ਹਾਲ ਵਿਚ ਹਾਸਿਲ ਕਰਦੇ ਹਾਂ ਕਿਉਂਕਿ ਸਾਡਾ ਨਸਲ ਜਾਂ ਪੀੜ੍ਹੀ ਤੋਂ ਹੁੰਦੇ ਹਨ ।(108)

ਇਕ ਪਾਸੇ ਜਦੋਂ ਕਿੰਨਰ ਵਰਗ ਦੇ ਲੋਕ ਆਪਣੀ ਬਰਾਦਰੀ ਦੇ ਬੱਚੇ ਨੂੰ ਚੁੱਕਣ ਲਈ ਜ਼ਬਰਦਸਤੀ ਕਰਦੇ ਹਨ ਤਾਂ ਦੂਜੇ ਪਾਸੇ ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ' ਵਿਚ ਅਜਿਹੇ ਬੱਚੇ ਨੂੰ ਆਪਣੇ ਘਰ ਵਿਚ ਰੱਖਣ ਲਈ ਕਾਨੂੰਨੀ ਲੜਾਈ ਲੜਨ ਦਾ ਬਿਰਤਾਂਤ ਪੇਸ਼ ਹੁੰਦਾ ਹੈ । ਇਹ ਨਾਵਲ ਕਿੰਨਰ ਦੇ ਰੂਪ ਵਿਚ ਮਨੁੱਖੀ ਜਾਮੇ ਵਿਚ ਪ੍ਰਵੇਸ਼ ਕਰਨ ਵਾਲੇ ਕੇਂਦਰੀ ਪਾਤਰ ਨੀਰੂ ਦੇ ਨਾਲ਼-ਨਾਲ਼ ਉਸ ਦੇ ਮਾਪਿਆਂ ਵੱਲੋਂ ਭੋਗੇ ਸੰਤਾਪ ਨੂੰ ਵੀ ਸੰਜੀਵ ਰੂਪ ਵਿਚ ਪੇਸ਼ ਕਰਦਾ ਹੈ । ਜੇਕਰ ਘਰ ਵਿਚ ਮੁੰਡਾ ਜਾਂ ਕੁੜੀ ਦੀ ਬਜਾਏ ਖੁਸਰਾ ਪੈਦਾ ਹੋਵੇ ਤੇ ਮਾਂ-ਬਾਪ ਨੂੰ ਕਿਸ ਤਰ੍ਹਾਂ ਨਮੋਸ਼ੀ ਦਾ ਸਾਹਮਣਾ ਸਮਾਜ ਵਿਚ ਕਰਨਾ ਪੈਂਦਾ ਹੈ । ਅਜਿਹਾ ਸੰਤਾਪ ਕਿਸੇ ਮਹਾਂਸੰਤਾਪ ਤੋਂ ਘੱਟ ਨਹੀਂ ਹੈ । ਕਿੰਨਰ ਆਪਣੀ ਜੈਵਿਕ ਬਣਤਰ ਕਾਰਨ ਆਮ ਮਨੁੱਖਾਂ ਦੀ ਤਰ੍ਹਾਂ ਜੀਵਨ ਕਿਉਂ ਨਹੀਂ ਜੀਅ ਸਕਦੇ । ਨਿਰੰਜਣ ਬੋਹਾ ਨੇ ' ਸ਼ਬਦ ' ਮੈਗਜ਼ੀਨ ਜੁਲਾਈ-ਸਤੰਬਰ, 2017, ਵਿਚ ਪ੍ਰਕਾਸ਼ਿਤ ਖੋਜ ਪੱਤਰ 'ਹਾਸ਼ੀਏ ਤੋ ਪਾਰ ਵਿਚਰਦੇ ਕਿੰਨਰ ਵਰਗ ਦੀ ਵੇਦਨਾ ਤੇ ਸੰਵੇਦਨਾ ( ਪੰਜਾਬੀ ਗਲਪ ਦੇ ਸੰਦਰਭ ਵਿਚ )' ਵਿਚ ਇਸ ਸਮਾਜਿਕ ਅਸਮਾਨਤਾ ਸੰਬੰਧੀ ਪ੍ਰਸ਼ਨ ਉਠਾਇਆ ਹੈ:

> ਨਾਵਲ ਸਭਿਅਕ ਸਮਾਜ ਤੋਂ ਇਹ ਸੁਆਲ ਉੱਚੀ ਸੁਰ ਵਿਚ ਪੁੱਛਦਾ ਹੈ ਕਿ ਹੀਜੜਾ ਲਿੰਗ ਧਾਰਨ ਕਰਨ ਵਾਲਾ ਜੀਵ ਆਪਣੀ ਮਰਜ਼ੀ ਨਾਲ ਮਨੁੱਖੀ ਤਰਜ਼ ਦੀ ਜ਼ਿੰਦਗੀ ਕਿਉਂ ਨਹੀਂ ਜੀਅ ਸਕਦਾ ? ਹੀਜੜਾ ਹੋਣ ਤੋਂ ਇਲਾਵਾ ਉਸ ਦੀ ਸਾਰੀ ਜੀਵ ਵਿਗਿਆਨ ਬਣਤਰ ਸਮੁੱਚੀ ਮਨੁੱਖੀ ਜਾਤੀ ਨਾਲ ਮਿਲਦੀ ਹੈ ਤਾਂ ਉਸ ਨੂੰ ਮਨੁੱਖੀ ਢੰਗ ਨਾਲ ਜਿਊਣ ਦਾ ਹੱਕ ਕਿਉਂ ਨਹੀਂ ਦਿੱਤਾ ਜਾਂਦਾ ? ਗੂੰਗੇ , ਬੋਲੇ , ਲੰਗੜੇ ਜਾਂ ਅੰਨ੍ਹੇ ਵੀ ਸਰੀਰਕ ਤੌਰ ਤੇ ਅਪੰਗ ਹੁੰਦੇ ਹਨ ਤਾਂ ਕੇਵਲ ਲਿੰਗਕ ਅਪੰਗਤਾ ਨੂੰ ਹੀ ਨਫ਼ਰਤ ਨਾਲ ਕਿਉਂ ਵੇਖਿਆ ਜਾਂਦਾ ਹੈ?(118)

ਹੁਣ ਜਦੋਂ ਮਾਣ ਯੋਗ ਸੁਪਰੀਮ ਕੋਰਟ ਵੱਲੋਂ ਕਿੰਨਰਾਂ ਨੂੰ ਤੀਸਰੇ ਲਿੰਗ ਦੇ ਰੂਪ ਵਿਚ ਦਰਜਾ ਮਿਲ ਚੁੱਕਿਆ ਹੈ , ਫਿਰ ਕਿੰਨਰਾਂ ਨੂੰ ਵੀ ਆਮ ਸਮਾਜ ਦੇ ਮਨੁੱਖਾਂ ਵਾਂਗ ਸਮਾਜ ਦਾ ਅੰਗ ਕਿਉਂ ਨਹੀਂ ਸਮਝਿਆ ਜਾਂਦਾ । ਜਦੋਂ ਕਿ ਨਵੇਂ ਕਾਨੂੰਨੀ ਸੰਦਰਭਾਂ ਵਿਚ ਮਨੁੱਖ ਦੀ ਆਪਣੇ ਅਨੁਸਾਰ ਸਮਾਜਿਕ ਜ਼ਿੰਦਗੀ ਜੀਣ ਦੀ ਇੱਛਾ ਨੂੰ ਪ੍ਰਮੁੱਖਤਾ ਮਿਲ ਚੁੱਕੀ ਹੈ । ਅੱਜ ਅਜ਼ਾਦ ਭਾਰਤ ਵਿਚ ਵਾਸ ਕਰਨ ਵਾਲੇ ਸਾਰੇ ਵਾਸੀਆਂ ਨੂੰ ਆਪਣੀ ਇੱਛਾ ਅਨੁਸਾਰ ਜੀਣ ਦਾ ਹੱਕ ਹੈ । ਸੰਵਿਧਾਨ ਵੱਲੋਂ ਮਿਲੀ ਕਾਨੂੰਨੀ ਮਾਨਤਾ ਨੂੰ ਸਮਾਜ ਹਾਲੇ ਵੀ ਮੰਨਣ ਲਈ

ਤਿਆਰ ਨਹੀਂ ਹੈ । ਹਿਜੜਿਆਂ ਨੂੰ ਸਮਾਜਿਕ ਜ਼ਿੰਦਗੀ ਜੀਣ ਦੇ ਰਾਹ ਵਿਚ ਅਖੌਤੀ ਸਮਾਜ ਵੱਡੀ ਰੁਕਾਵਟ ਬਣਿਆ ਹੋਇਆ ਹੈ । ਇਸ ਲਈ ਉਹ ਆਪਣਾ ਅਲੱਗ ਸਮਾਜ ਸਿਰਜ ਲੈਂਦੇ ਹਨ । ਇਸ ਅਲੱਗ ਸਿਰਜੇ ਸਮਾਜ ਦੇ ਆਪਣੇ ਰੀਤੀ-ਰਿਵਾਜ ਤੇ ਰਸਮਾਂ ਹੁੰਦੀਆਂ ਹਨ । ਇਹ ਸਭਿਅਕ ਸਮਾਜ ਨਾਲੋਂ ਬਿਲਕੁਲ ਆਪਣੇ ਸਮਾਜ ਨੂੰ ਤੋੜ ਲੈਂਦੇ ਹਨ । ਕਿੰਨਰ ਸਭਿਅਕ ਸਮਾਜ ਵਿਚ ਵੱਖਰਾ ਅੰਗ ਸਮਝੇ ਜਾਂਦੇ ਹਨ ਜੋ ਸਦੀਆਂ ਤੋਂ ਨਫ਼ਰਤ ਦੀ ਬਲੀ ਚੜ੍ਹ ਰਹੇ ਹਨ । ਕਿੰਨਰਾਂ ਦੀਆਂ ਬਣੀਆਂ ਸੰਸਥਾਵਾਂ ਵੀ ਕੁਦਰਤ ਵੱਲੋਂ ਦਿੱਤੀ ਇਸ ਸਜ਼ਾ ਦਾ ਬਦਲਾ ਆਮ ਮਨੁੱਖਾਂ ਤੋਂ ਲੈਣਾ ਚਾਹੁੰਦੀਆਂ ਹਨ । ਆਖ਼ਿਰ ਇਸ ਦੁਨੀਆ ਵਿਚ ਉਸ ਕਿੰਨਰ ਬੱਚੇ ਦਾ ਕੀ ਕਸੂਰ ਹੈ ? ਸਮਾਜ ਹੀ ਉਸ ਨੂੰ ਕਬੂਲ ਕਰਨ ਦੀ ਸਥਿਤੀ ਵਿਚ ਕਿਉਂ ਨਹੀਂ ? ਉਸ ਕਿੰਨਰ ਬੱਚੇ ਦਾ ਪਾਲਣ ਪੋਸ਼ਣ ਸਭਿਅਕ ਸਮਾਜ ਤੋਂ ਚੋਰੀਆਂ ਕੀਤਾ ਜਾਂਦਾ ਹੈ । ਇਹ ਭਲਾ ਕਿਹੜਾ ਸਮਾਜਿਕ ਕਾਨੂੰਨ ਹੈ ? ਅਸਲ ਵਿਚ ਖੁਸਰਾ ਇਕ ਅਜਿਹਾ ਸ਼ਬਦ ਹੈ , ਜੋ ਮਨੁੱਖ ਦੇ ਅੰਤਰੀਵ ਮਨਾ ਵਿਚ ਕਈ ਸ਼ੰਕੇ ਪੈਦਾ ਕਰਦਾ ਆਤਮ-ਗਿਲਾਨੀ ਵੀ ਭਰਦਾ ਹੈ । ਇਸ ਦਾ ਇਕ ਮਹੱਤਵਪੂਰਨ ਪੱਖ ਸਮਾਜਿਕ ਅਰਥਚਾਰਾ ਹੈ । ਸਭਿਅਕ ਸਮਾਜ ਵਿਚ ਖੁਸਰਾ ਜਾਤੀ ਨੂੰ ਕਦੇ ਵੀ ਸਤਿਕਾਰ ਦੀ ਨਜ਼ਰ ਨਾਲ਼ ਨਹੀਂ ਸਗੋਂ ਹਮੇਸ਼ਾ ਹੀ ਇਸ ਸਮਾਜ ਦੇ ਪੱਲੇ ਸਭਿਅਕ ਸਮਾਜ ਦੀ ਘ੍ਰਿਣਾ ਤੇ ਨਫ਼ਰਤ ਹੀ ਪੱਲੇ ਪੈਂਦੀ ਹੈ । ਇਸ ਨਫ਼ਰਤ ਦੇ ਕੋਹੜ ਨੂੰ ਬਲਜੀਤ ਪਪਨੇਜਾ ਆਪਣੇ ਨਾਵਲ ' ਸੰਤਾਪ ' ਵਿਚ ਨਵੀਨ ਰੂਪ ਦੇ ਕੇ ਇਸ ਦੇ ਅਰਥ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ ।

ਖੁਸਰੇ ਆਪਣੀ ਬਰਾਦਰੀ ਦੇ ਬੱਚੇ ਨੂੰ ਹਰ ਹੀਲੇ ਪ੍ਰਾਪਤ ਕਰਨਾ ਚਾਹੁੰਦੇ ਹਨ । ਬਚਪਨ ਵਿਚ ਤਾਂ ਮਾਪੇ ਇਹ ਗੱਲ ਛੁਪਾਉਣ ਵਿਚ ਕੁਝ ਹੱਦ ਤੱਕ ਕਾਮਯਾਬ ਹੋ ਜਾਂਦੇ ਹਨ । ਬੱਚੇ ਦੇ ਜਵਾਨ ਹੋਣ ਤੇ ਇਹ ਭੇਦ ਜੱਗ-ਜ਼ਹਿਰ ਹੋ ਜਾਂਦਾ ਹੈ । ਆਂਢ-ਗੁਆਂਢ ਵਿਚ ਵੀ ਨੀਰੂ ਦੀ ਦਿਖ ਤੋਂ ਸਭ ਨੂੰ ਸ਼ੱਕ ਹੋ ਗਿਆ ਸੀ । ਗੁਆਂਢ ਦੀਆਂ ਔਰਤਾਂ ਦੀ ਨਜ਼ਰ ਵਿਚ ਅੰਤਰ ਆ ਗਿਆ ਸੀ । ਖੁਸਰੇ ਵੀ ਨੀਰੂ ਦੀ ਹਰ ਗਤੀਵਿਧੀ ਤੇ ਨਜ਼ਰ ਰੱਖਦੇ ਹਨ । ਅਸਲ ਸਮਾਜ ਵਿਚ ਇਸ ਤਰ੍ਹਾਂ ਹੀ ਵਾਪਰਦਾ ਹੈ । ਨੀਰੂ ਦਾ ਪਿੱਛਾ ਕਰਦੇ ਹੋਏ ਉਸ ਦਿਨ ਤਾਂ ਖੁਸਰੇ ਚਲੇ ਜਾਂਦੇ ਹਨ ਪਰ ਜਾਣ ਵੇਲੇ ਉਹ ਪਰਿਵਾਰ ਨੂੰ ਚੁਕੰਨਾ ਕਰ ਜਾਂਦੇ ਹਨ ਤੇ ਧਮਕੀ ਦਿੰਦੇ ਕਿ-

> ਸਰਦਾਰਾ ! ਅੱਜ ਤਾਂ ਮੈਂ ਚਲੀ ਜਾਨੀ ਆ ਪਰ ਚੇਤੇ ਰੱਖੀਂ --- ਮੈਂ ਛੇਤੀ ਆਵਾਂਗੀ ਤੇ ਇਹਨੂੰ ਆਪਣੇ ਨਾਲ਼ ਲੈ ਕੇ ਜਾਵਾਂਗੀ --- ਇਹਦੇ ਲਈ ਮੈਨੂੰ ਭਾਵੇਂ ਜੋ ਮਰਜ਼ੀ ਕਰਨਾ ਪਵੇ --- ਗੁਲਾਬੋ ਬੋਲੀ ।(74)

ਸੋ ਕਿੰਨਰ ਸਮਾਜ ਦੇ ਲੋਕ ਆਪਣੀ ਬਰਾਦਰੀ ਦੇ ਬੱਚੇ ਨੂੰ ਆਪਣੇ ਸਮਾਜ ਵਿਚ ਸ਼ਾਮਿਲ ਕਰਨ ਲਈ ਹਰ ਹੀਲਾ ਵਰਤਦੇ ਹਨ । ਜੇਕਰ ਪਰਿਵਾਰ ਉਨ੍ਹਾਂ ਨਾਲ ਸਹਿਮਤ ਹੋ ਜਾਂਦਾ ਹੈ ਤਾਂ ਠੀਕ ਹੈ, ਨਹੀਂ ਤਾਂ ਕਿੰਨਰ ਸਮਾਜ ਦੇ ਲੋਕ ਪਰਿਵਾਰ ਨਾਲ ਜ਼ਬਰਦਸਤੀ ਵੀ ਕਰਦੇ ਹਨ । ਨਾਵਲ ਵਿਚ ਵੀ ਇਹੀ ਵਾਪਰਦਾ ਦਿਖਾਇਆ ਗਿਆ ਹੈ ਕਿ ਜ਼ਬਰਦਸਤੀ ਨਾਲ ਲਿਜਾਣ ਲਈ ਨੀਰੂ ਦੇ ਬਾਪ ਵੱਸਣ ਸਿੰਘ ਨੂੰ ਕਹਿੰਦੇ ਹਨ-

> ਸਰਦਾਰਾ ---ਕਾਰਨ ਤਾਂ ਤੈਨੂੰ ਪਤਾ ਹੀ ਹੋਣੇ---ਤੇ ਜੇ ਫਿਰ ਵੀ ਤੂੰ ਪੁੱਛਣਾ ਚਾਹੁਨੈ ਤਾਂ ਤੈਨੂੰ ਦੱਸ ਦਿਆਂ ਕਿ ਅਸੀਂ ਆਏ ਆ ਨੀਰੂ ਨੂੰ ਲੈਣ --- ਜਿਹਨੂੰ ਤੂੰ ਅੱਜ ਤੱਕ ਧੀ ਸਮਝ ਕੇ ਘਰ ਬਿਠਾਇਆ ਹੋਇਐ --- ਜਾਣਦਾ ਤੂੰ ਵੀ ਏਂ ਤੇ ਪਤਾ ਸਾਨੂੰ ਵੀ ਲੱਗ ਗਿਐ , ਪਰ ਹੁਣ ਤੂੰ ਉਹਨੂੰ ਘਰ ਨਹੀਂ ਰੱਖ ਸਕਦਾ --- ਜੇ ਤੂੰ ਚਾਹੇਂ ਕਿ ਤੇਰੀ ਇੱਜ਼ਤ ਦਾ ਤਮਾਸ਼ਾ ਨਾ ਬਣੇ ਤਾਂ ਚੁੱਪ ਕਰਕੇ ਉਸ ਨੂੰ ਸਾਡੇ ਨਾਲ ਤੋਰ ਦੇ ।(81)

ਵੱਸਣ ਸਿੰਘ ਲਈ ਇਹ ਗੱਲ ਹੁਣ ਅਸਹਿ ਬਣ ਜਾਂਦੀ ਹੈ । ਕੁਦਰਤ ਦੇ ਇਸ ਅਨਿਆਂ ਪ੍ਰਤੀ ਝੂਰਦੇ ਨੂੰ ਅਚਾਨਕ ਹੀ ਹਰਟ ਅਟੈਕ ਆ ਜਾਂਦਾ ਹੈ, ਜਿਸ ਨਾਲ਼ ਉਸ ਦੀ ਮੌਤ ਹੋ ਜਾਂਦੀ ਹੈ । ਚੌਦਾਂ ਸਾਲ ਵੱਸਣ ਸਿੰਘ ਅਤੇ ਚਰਨੋਂ ਇਸ ਗੱਲ ਨੂੰ ਛੁਪਾ ਕੇ ਰੱਖਦੇ ਪਰ ਨੀਰੂ ਦੀ ਜਵਾਨੀ ਨਾਲ ਇਹ ਗੱਲ ਜੱਗ-ਜ਼ਾਹਿਰ ਹੋ ਜਾਂਦੀ ਹੈ ਤੇ ਨੀਰੂ ਦੇ ਪਿਓ ਲਈ ਅਸਹਿ ਬਣਦੀ ਜਾਨ ਦਾ ਖੌ ਬਣ ਜਾਂਦੀ ਹੈ । ਵੱਸਣ ਸਹੁੰ ਸਮਾਜ ਦੀ ਨਮੋਸ਼ੀ ਦਾ ਸਤਾਇਆ ਧਰਤੀ ਵਿਚ ਹੀ ਗੱਡਿਆ ਜਾਂਦਾ ਹੈ । ਉਸ ਨੂੰ ਇਹ ਦੁੱਖ ਇਸ ਤਰ੍ਹਾਂ ਲੱਗ ਜਾਂਦਾ ਹੈ ਜਿਸ ਤਰ੍ਹਾਂ ਗਿੱਲੀ ਲੱਕੜ ਨੂੰ ਘੁਣ ਲੱਗ ਕੇ ਉਸ ਨੂੰ ਅੰਦਰੋਂ ਖੋਥਲਾ ਕਰ ਦਿੰਦਾ ਹੈ । ਇਹੀ ਵੱਸਣ ਸਿੰਘ ਜੋ ਛਾਤੀ ਤਾਣ ਕੇ ਤੁਰਦਾ ਸੀ, ਉਹ ਹੁਣ ਇਸ ਦੁੱਖ ਕਾਰਨ ਚੁੱਪ-ਚੁੱਪ ਰਹਿਣ ਲੱਗਦਾ ਹੈ । ਸਮਾਜ ਦੀ ਨਮੋਸ਼ੀ

ਦਾ ਸਤਾਇਆ ਵੱਸਣ ਸਿੰਘ ਆਪਣੀ ਜਾਨ ਤੋਂ ਵੀ ਹੱਥ ਧੋ ਲੈਂਦਾ ਹੈ। ਸੋ ਨਾਵਲ ਵਿਚਲੇ ਵੇਰਵੇ ਇਹੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ ਕਿ ਸਮਾਜ ਕਿੰਨਰ ਨੂੰ ਕਿੰਨੀ ਨਫ਼ਰਤ ਕਰਦਾ ਹੈ। ਇਸ ਨਫ਼ਰਤ ਦੀ ਸਜ਼ਾ ਜਿੱਥੇ ਇਕ ਕਿੰਨਰ ਬੱਚਾ ਭੋਗਦਾ ਹੈ , ਉੱਥੇ ਪਰਿਵਾਰ ਵੀ ਸਮਾਜ ਦੀ ਨਫ਼ਰਤ ਨਾਲ ਲੜਦਾ ਹੈ। ਘਟਨਾਕ੍ਰਮ ਇੱਥੇ ਹੀ ਸਮਾਪਤ ਨਹੀਂ ਹੁੰਦਾ ਸਗੋਂ ਖੁਸਰਿਆਂ ਵੱਲੋਂ ਨੀਰੂ ਦੇ ਪਰਿਵਾਰ ਨੂੰ ਅਦਾਲਤ ਦੇ ਸੰਮਨ ਪ੍ਰਾਪਤ ਹੁੰਦੇ ਹਨ। ਖੁਸਰਿਆਂ ਨੇ ਨੀਰੂ ਨੂੰ ਆਪਣੀ ਬਰਾਦਰੀ ਵਿਚ ਸ਼ਾਮਿਲ ਕਰਨ ਲਈ ਕਾਨੂੰਨ ਦੀ ਸਹਾਇਤਾ ਲਈ ਜਾਂਦੀ ਹੈ। ਖੁਸਰੇ ਇਕ ਅਦਾਲਤ ਵਿਚੋਂ ਕੇਸ ਹਾਰਨ ਤੋਂ ਬਾਅਦ ਸੈਸ਼ਨ ਅਦਾਲਤ ਵਿਚ ਕੇਸ ਕਰਦੇ ਹਨ। ਬਹਿਸ ਸਮੇਂ ਨੀਰੂ ਦਾ ਵਕੀਲ ਜੱਜ ਨੂੰ ਕਹਿੰਦਾ ਹੈ ਕਿ-

> ਜੱਜ ਸਾਹਿਬ ----ਜੇ ਨੀਰੂ ਆਮ ਇਨਸਾਨਾਂ ਵਾਂਗ ਜ਼ਿੰਦਗੀ ਜਿਊਣਾ ਚਾਹੁੰਦੀ ਹੇ ਤੇ ਇਸ ਨਾਲ ਆਸ ਪੜੋਸ ਨੂੰ ਜਾਂ ਸੁਸਾਇਟੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਤਾਂ ਕੀ ਵਜ੍ਹਾ ਹੈ ਇਸ ਰਵਾਇਤ ਨੂੰ ਨੀਰੂ ਉੱਤੇ ਜ਼ਬਰਦਸਤੀ ਥੋਪਿਆ ਜਾ ਰਿਹਾ।(95)

ਬੇਸ਼ੱਕ ਅੰਤ ਵਿਚ ਜੱਜ ਨੇ ਫ਼ੈਸਲਾ ਨੀਰੂ ਦੇ ਪੱਖ ਵਿਚ ਸੁਣਾ ਦਿੱਤਾ ਅਤੇ ਨੀਰੂ ਨੂੰ ਆਮ ਇਨਸਾਨਾਂ ਵਾਂਗ ਜੀਣ ਦਾ ਕਾਨੂੰਨੀ ਅਧਿਕਾਰ ਵੀ ਪ੍ਰਾਪਤ ਹੋ ਗਿਆ। ਇਹੀ ਇਸ ਨਾਵਲ ਦੀ ਪ੍ਰਾਪਤੀ ਹੈ ਕਿ ਇਹ ਨਾਵਲ ਸਾਨੂੰ ਸਮਾਜ ਦੀ ਮੁੱਖ-ਧਾਰਾ ਤੋਂ ਦੂਰ ਹੋ ਕੇ ਜੀਅ ਰਹੇ ਕਿੰਨਰ ਵਰਗ ਨੂੰ ਵੀ ਆਮ ਮਨੁੱਖਾਂ ਦੀ ਤਰ੍ਹਾਂ ਜ਼ਿੰਦਗੀ ਜੀਣ ਦਾ ਹੱਕ ਸਮਾਜ ਨੂੰ ਦੇਣ ਚਾਹੀਦਾ ਹੈ। ਨੀਰੂ ਦੇ ਪਰਿਵਾਰ ਦੀ ਤਰ੍ਹਾਂ ਹੀ ਹਰ ਪਰਿਵਾਰ ਕਿੰਨਰ ਬੱਚੇ ਨੂੰ ਜੀਣ ਦਾ ਅਧਿਕਾਰ ਦੇਵੇ ਪਰ ਸਮਾਜ ਦੀ ਸਮੱਸਿਆ ਇਹ ਹੈ ਕਿ ਇਸ ਕੰਡਿਆਲੇ ਰਾਹ ਤੇ ਚੱਲਣ ਦਾ ਹੌਸਲਾ ਕੋਈ ਦ੍ਰਿੜ੍ਹ ਇਰਾਦੇ ਵਾਲਾ ਇਨਸਾਨ ਹੀ ਕਰ ਸਕਦਾ ਹੈ। ਅਸਲ ਵਿਚ ਸੱਚ ਤਾਂ ਇਹ ਕਿ ਨੱਬੇ ਪ੍ਰਤੀਸ਼ਤ ਮਾਪੇ ਸਮਾਜਿਕ ਦਬਾਅ ਦੇ ਥੱਲੇ ਆ ਕੇ ਕਿੰਨਰ ਬੱਚਿਆਂ ਨੂੰ ਖੁਸਰਿਆਂ ਦੇ ਹਵਾਲੇ ਕਰ ਦਿੰਦੇ ਹਨ। ਜੇਕਰ ਸਮਾਜ ਵਿਚ ਇਸੇ ਤਰ੍ਹਾਂ ਇਹ ਸਿਲਸਿਲਾ ਚੱਲਦਾ ਰਿਹਾ ਤਾਂ ਕਿੰਨਰਾਂ ਨੂੰ ਕਦੇ ਵੀ ਮਨੁੱਖ ਹੋਣ ਦਾ ਦਰਜਾ ਸਮਾਜ ਵਿਚੋਂ ਪ੍ਰਾਪਤ ਨਹੀਂ ਹੋ ਸਕਦਾ। ਇਸ ਨਾਵਲ ਸੰਬੰਧੀ ਪ੍ਰੋਫੈਸਰ ਗੁਰਪਾਲ

ਸਿੰਘ ਸੰਧੂ ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਦੇ ਵਿਚਾਰ ਹਨ ਕਿ ਬਲਜੀਤ ਸਿੰਘ ਪਪਨੇਜਾ ਇਹ ਸਵਾਲ ਖੜ੍ਹਾ ਕਰਦਾ ਹੈ ਕਿ -

> ਜੇਕਰ ਗੂੰਗਿਆਂ ਦੀ ,ਬੋਲਿਆਂ ਦੀ , ਅੰਨ੍ਹਿਆਂ ਦੀ ਜਾਂ ਲੰਗੜਿਆਂ ਦੀ ਵੱਖਰੀ ਬਰਾਦਰੀ ਨਹੀਂ ਤਾਂ ਖੁਸਰਿਆਂ ਦੀ ਕਿਉਂ ਹੈ ? ਜੇਕਰ ਉਪਰੋਕਤ ਵੰਨਗੀਆਂ ਦੇ ਸਾਰੇ ਲੋਕ ਆਪਣੀ ਇੱਕ-ਇੱਕ ਜੀਵ ਵਿਗਿਆਨਕ ਵੱਖਰਤਾ ਨਾਲ ਉਸੇ ਸਮਾਜ ਵਿਚ ਰਹਿ ਸਕਦੇ ਹਨ ਤਾਂ ਖੁਸਰਿਆਂ ਨੂੰ ਆਪਣੀ ਵੱਖਰੀ ਬਰਾਦਰੀ ਅਤੇ ਨਿਵੇਕਲੇ ਆਚਾਰ ਵਿਵਹਾਰ ਵਾਲੀ ਜੀਵਨ ਸ਼ੈਲੀ ਨੂੰ ਅਪਣਾਉਣਾ ਕਿਉਂ ਜ਼ਰੂਰੀ ਹੈ ? ਇਸ ਸਵਾਲ ਨੂੰ ਨਾਵਲੀ ਕਥਾ ਵਿਚ ਤਿੰਨ ਸੰਦਰਭਾਂ ਵਿਚ ਵਿਸਤਾਰਿਆ ਗਿਆ ਹੈ –ਪਹਿਲਾ ਸਮਾਜ ਤੋਂ ਪ੍ਰਵਾਨਗੀ ਲੈਣ ਦਾ ਮਸਲਾ , ਦੂਜਾ ਕਾਨੂੰਨ ਤੋਂ ਪ੍ਰਵਾਨਗੀ ਲੈਣ ਦਾ ਮਸਲਾ ਅਤੇ ਤੀਜਾ ਹੈ ਕੁਦਰਤ ਦੇ ਨਿਆਂ ਨੂੰ ਮਾਨਤਾ ਦੇਣ ਦਾ ਮਸਲਾ ।(8)

ਸੋ ਨਾਵਲ ਦੀ ਪ੍ਰਾਪਤੀ ਵੀ ਇਹੀ ਹੈ ਕਿ ਪਰਿਵਾਰ ਕਿੰਨਰ ਬੱਚੇ ਨੂੰ ਪਾਲਣ ਦਾ ਹੌਸਲਾ ਕਰਦਾ ਹੈ । ਕਿੰਨਰ ਬੱਚੇ ਨੂੰ ਸਮਾਜ ਵਿਚ ਸਮਾਜਿਕ ਮਾਨਤਾ ਦੇਣ ਲਈ ਕਾਨੂੰਨ ਦਾ ਸਹਾਰਾ ਲਿਆ ਜਾਂਦਾ ਹੈ । ਕਾਨੂੰਨੀ ਮਾਨਤਾ ਦਿਵਾਉਣ ਵਿਚ ਤਾਂ ਨਾਵਲਕਾਰ ਸਫਲ ਰਹਿੰਦਾ ਹੈ ਪਰ ਸਮਾਜਿਕ ਮਾਨਤਾ ਪ੍ਰਾਪਤ ਕਰਨ ਲਈ ਕਿੰਨਰ ਵਰਗ ਨੂੰ ਖ਼ੁਦ ਸਮਾਜ ਅੱਗੇ ਆਉਣਾ ਪਵੇਗਾ । ਜਦੋਂ ਮਾਣਯੋਗ ਸੁਪਰੀਮ ਕੋਰਟ ਨੇ ਕਿੰਨਰਾਂ ਨੂੰ ਤੀਸਰੇ ਲਿੰਗ ਦੇ ਰੂਪ ਵਿਚ ਮਾਨਤਾ ਦੇ ਦਿੱਤੀ ਹੈ ਤਾਂ ਖੁਸਰਿਆਂ ਨੂੰ ਬਾਕੀ ਸਮਾਜ ਵਾਂਗ ਸਮਾਜ ਦੀ ਮੁੱਖ ਧਾਰਾ ਵਿਚ ਕਿਉਂ ਨਹੀਂ ਸ਼ਾਮਿਲ ਕੀਤਾ ਜਾਂਦਾ ? ਜਦੋਂ ਕਿ ਨਵੇਂ ਕਾਨੂੰਨੀ ਸੰਦਰਭਾਂ ਵਿਚ ਮਨੁੱਖ ਨੂੰ ਆਪਣੇ ਅਨੁਸਾਰ ਸਮਾਜਿਕ ਜ਼ਿੰਦਗੀ ਜੀਣ ਦੀ ਮਾਨਤਾ ਪ੍ਰਾਪਤ ਹੋ ਚੁੱਕੀ ਹੈ । ਅਜ਼ਾਦ ਮੁਲਕ ਵਿਚ ਵੱਸਣ ਵਾਲੇ ਸਾਰੇ ਵਾਸੀਆ ਨੂੰ ਆਪਣੀ ਇੱਛਾ ਅਨੁਸਾਰ ਜ਼ਿੰਦਗੀ ਜੀਣ ਦਾ ਹੱਕ ਹੈ । ਸੰਵਿਧਾਨ ਵੀ ਇਸ ਗੱਲ ਦੀ ਗਾਰੰਟੀ ਦਿੰਦਾ ਹੈ । ਕਿੰਨਰਾਂ ਨੂੰ ਸਮਾਜਿਕ ਜ਼ਿੰਦਗੀ ਜੀਣ ਦੇ ਰਾਹ ਵਿਚ ਅਖੌਤੀ ਸਮਾਜ ਵੱਡੀ ਰੁਕਾਵਟ ਬਣਿਆ ਹੋਇਆ ਹੈ । ਇਸ ਲਈ ਉਹ ਆਪਣਾ ਅਲੱਗ ਬੰਦ ਸਮਾਜ ਸਿਰਜ ਲੈਂਦੇ ਹਨ । ਕਿਸੇ ਵੀ ਕਿੰਨਰ ਨੂੰ ਸਮਾਜਿਕ ਜ਼ਿੰਦਗੀ ਜੀਣ ਦੇਣਾ ਹੀ ਇਸ ਨਾਵਲ ਦਾ ਮੁੱਖ ਉਦੇਸ਼ ਹੈ । ਬੇਸ਼ੱਕ ਕਿੰਨਰਾਂ ਨੂੰ ਸਮਾਜ ਦੀ

ਮੁੱਖ ਧਾਰਾ ਤੋਂ ਵੱਖ ਹੋ ਕੇ ਜ਼ਿੰਦਗੀ ਜਿਊਣ ਲਈ ਮਜਬੂਰ ਕੀਤਾ ਜਾਂਦਾ ਹੈ, ਉੱਥੇ ਕਿੰਨਰ ਸਮਾਜ ਦੇ ਬਾਸ਼ਿੰਦੇ ਵੀ ਆਪਣੀ ਗਿਣਤੀ ਵਧਾਉਣ ਦੇ ਲਈ ਸਮਾਜ ਦੇ ਲੋਕਾਂ ਨਾਲ ਧੱਕਾ ਕਰਦੇ ਹਨ। ਸੋ ਨਾਵਲ ਦੇ ਬਿਰਤਾਂਤ ਤੋਂ ਸਪਸ਼ਟ ਹੁੰਦਾ ਹੈ ਕਿ ਕਿਸ ਤਰ੍ਹਾਂ ਹੀਜੜੇ ਆਮ ਪਰਿਵਾਰਾਂ ਨਾਲ ਧੱਕਾ ਕਰਦੇ ਹਨ। ਨੀਰੂ ਦੀ ਮਾਂ ਵੀ ਕਿੰਨਰਾਂ ਦੁਆਰਾ ਕੀਤੇ ਜਾਂਦੇ ਧੱਕੇ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ ਕਿ-

> ਬੇੜਾ ਡੁੱਬ ਜਾਏ ਇਨ੍ਹਾਂ ਚੰਦਰਿਆਂ ਦਾ ਪਤਾ ਨਹੀਂ ਕਦੋਂ ਖਹਿੜਾ ਛੱਡਣਗੇ। ਇਕ ਅਦਾਲਤ ਵਿੱਚੋਂ ਹਾਰ ਕੇ ਵੀ ਇਨ੍ਹਾਂ ਨੂੰ ਮੱਤ ਨਹੀਂ ਆਈ ਜਿਹੜਾ ਦੂਜੀ ਅਦਾਲਤ ਵਿਚ ਕੇਸ ਪਾ ਦਿੱਤਾ। ਇਨ੍ਹਾਂ ਨੂੰ ਆਪ ਨੂੰ ਤਾਂ ਨੱਚਣ-ਟੱਪਣ ਤੋਂ ਇਲਾਵਾ ਕੰਮ ਕੋਈ ਨਹੀਂ ਤੇ ਸਾਡੀ ਜਾਨ ਨੂੰ ਵਖਤ ਪਾ ਛੱਡਿਐ ਇਨ੍ਹਾਂ ਨੇ-----।(87)

ਸਮਾਜ ਦੇ ਹਰ ਵਰਗ ਦੀ ਸੋਚ ਪੁਰਾਤਨਤਾ ਨੂੰ ਛੱਡ ਕੇ ਅਗਾਂਹ ਵਧੂ ਹੋ ਰਹੀ ਹੈ। ਕਿੰਨਰ ਸਮਾਜ ਦੇ ਮਹੰਤ ਵੀ ਇਹ ਸੋਚਣ ਲੱਗੇ ਹਨ ਕਿ ਜੇਕਰ ਕੋਈ ਮਾਪੇ ਆਪਣੇ ਖੁਸਰੇ ਬੱਚੇ ਨੂੰ ਆਪਣੇ ਅਨੁਸਾਰ ਪਾਲਣਾ ਚਾਹੁੰਦੇ ਹਨ ਤਾਂ ਕਿੰਨਰ ਸਮਾਜ ਨੂੰ ਇਸ ਉੱਤੇ ਕਿੰਤੂ-ਪਰੰਤੂ ਨਹੀਂ ਹੋਣਾ ਚਾਹੀਦਾ। ਅਸਲ ਵਿਚ ਸਭਿਅਕ ਸਮਾਜ ਵਿਚ ਯਥਾਰਥਕ ਪੱਧਰ ਉੱਤੇ ਇਸ ਤਰ੍ਹਾਂ ਵਾਪਰਦਾ ਨਹੀਂ ਹੈ। ਨਾਵਲ ਵਿਚ ਸਮਾਜ ਦੀ ਪੁਰਾਤਨ ਪਰੰਪਰਾ ਅਨੁਸਾਰ ਇਹੀ ਵਾਪਰਦਾ ਦਿਖਾਇਆ ਗਿਆ ਹੈ। ਨਾਵਲ ਵਿਚ ਕਿੰਨਰਾਂ ਦਾ ਮਹੰਤ ਵੀ ਭਾਵੇਂ ਅਠਾਰਾਂ ਸਾਲਾਂ ਬਾਅਦ ਨੀਰੂ ਨੂੰ ਆਪਣੀ ਬਰਾਦਰੀ ਵਿਚ ਲੈ ਕੇ ਆਉਣਾ ਠੀਕ ਨਹੀਂ ਸੀ ਸਮਝਦਾ ਸਗੋਂ ਉਸ ਦੀ ਸੋਚ ਸੀ ਕਿ ਨੀਰੂ ਨੂੰ ਉਹਦੀ ਦੀ ਜ਼ਿੰਦਗੀ ਜਿਊਣ ਦੇਣ ਚਾਹੀਦੀ ਹੈ। ਉਹ ਆਪਣਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਪ੍ਰਗਟ ਕਰਦਾ ਹੈ ਕਿ –

> ਇਹ ਸੁਣ ਕੇ ਮਹੰਤ ਜੀ ਵੀ ਬੜੇ ਹੈਰਾਨ ਹੋਏ। ਉਨ੍ਹਾਂ ਨੇ ਮਾਸੀ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ। ਇਕ ਵਾਰ ਤਾਂ ਉਨ੍ਹਾਂ ਦਾ ਦਿਲ ਕੀਤਾ ਕਿ ਜੇ ਅਜਿਹੇ ਹਾਲਾਤ ਵਿਚ ਵੀ ਮਾਂ-ਬਾਪ ਉਸ ਨੂੰ ਅਪਣਾਉਣ ਲਈ ਰਾਜ਼ੀ ਹਨ ਤਾਂ ਸਾਨੂੰ ਵੀ

> ਉਸ ਦੀ ਜ਼ਿੰਦਗੀ ਵਿਚ ਖ਼ਲਲ ਨਹੀਂ ਪਾਉਣਾ ਚਾਹੀਦਾ । ਬਲਕਿ ਉਸ ਨੂੰ ਇੱਜ਼ਤ ਨਾਲ ਜਿਊਣ ਦੇਣਾ ਚਾਹੀਦੇ । (80)

ਸਮਾਜਿਕ ਵਿਤਕਰੇ ਕਾਰਨ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ -ਗ੍ਰਹਿਣ ' ਦੀ ਕੇਂਦਰੀ ਪਾਤਰ ਅਮੀਰਾਂ ਆਪਣੀ ਚਾਹਤ ਨਾਲ ਹੀ ਕਿੰਨਰਾਂ ਨਾਲ ਜਾਣ ਲਈ ਤਿਆਰ ਹੋ ਜਾਂਦੀ ਹੈ । ਆਪਣੀ ਹੋਂਦ ਬਾਰੇ ਸਵਾਲ ਆਪਣੀ ਅੰਮੀ ਨੂੰ ਕਰਦੀ ਹੈ ਕਿ ਉਸ ਵਰਗਾ ਕੋਈ ਹੋਰ ਵੀ ਹੈ ? ਉਹ ਆਪਣੀ ਹੋਂਦ ਬਾਰੇ ਆਪਣੀ ਮਾਂ ਨੂੰ ਸਵਾਲ ਕਰਦੀ ਹੈ ਤਾਂ ਉਸ ਦੀ ਮਾਂ ਆਪਣੇ ਦਿਲ ਦੀ ਦੁਰਦਸ਼ਾ ਨੂੰ ਇੰਝ ਬਿਆਨ ਕਰਦੀ ਹੈ ਕਿ –

> ਹਾਂ ਬੱਚੀਏ, ਤੇਰੇ ਮਾਮੇ ਨੇ ਤਾਂ ਬਥੇਰਾ ਰੌਲ਼ਾ ਪਾਇਆ ਸੀ ਕਿ ਨਾ ਮੋਹ ਪਾਲ਼ , ਮਹੰਤਾਂ ਦੇ ਡੇਰੇ ਛੱਡ ਆ । ਇਸ ਦੇ ਮਨ ਦੀ ਧਰਤੀ ਦੇ ਮੇਚ ਉਹੀ ਥਾਂ ਆਵੇਗੀ । ਇੱਥੇ ਰੱਖ ਕੇ ਤੂੰ ਇਸ ਨਾਲ ਬੇਇਨਸਾਫ਼ੀ ਕਰ ਰਹੀ ਹੈ ----ਪਰ ਮੈਂ ਛੋਟੇ ਦਿਲ ਦੀ ਇਹ ਹੀਆ ਨਾ ਕਰ ਸਕੀ ।ਕਿਵੇਂ ਤੈਨੂੰ ਅਲੱਗ ਕਰ ਕੇ ਜਿਉਂ ਸਕਦੀ ਸੀ । ਮਾਂ ਦਾ ਦਿਲ ਤਾਂ ਅੱਲਾ ਹੀ ਜਾਣੇ ਔਲਾਦ ਲਈ ਕਿਵੇਂ ਤੜਪਦਾ ਮੇਰੀ ਰਾਣੀਏ ਧੀਏ ----।(17)

ਸਮਾਜ ਦੇ ਨਫ਼ਰਤ ਭਰੇ ਵਤੀਰੇ ਕਾਰਨ ਵੀ ਇਸ ਵਰਗ ਦੇ ਲੋਕ ਕਿੰਨਰ ਡੇਰਿਆਂ ਵਿਚ ਰਹਿਣ ਨੂੰ ਸਹੀ ਸਮਝਦੇ ਹਨ । ਸਮਾਜ ਵਿਚ ਕਿੰਨਰ ਵਰਗ ਦੇ ਨਾਲ ਥਾਂ-ਥਾਂ ਹੁੰਦਾ ਮਜ਼ਾਕ ਇਸ ਵਰਗ ਨੂੰ ਜ਼ਿੰਦਗੀ ਜੀਣ ਹੀ ਨਹੀਂ ਦਿੰਦਾ । ਲੋਕ ਇਸ ਤਬਕੇ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਦੇ ਹਨ । ਇਸ ਤਬਕੇ ਨੂੰ ਲੋਕ ਸਿਰਫ਼ ਮਨੋਰੰਜਨ ਦਾ ਪ੍ਰਗਟਾਵਾ ਕਰਨ ਵਾਲੇ ਸਮਝਦੇ ਹਨ । ਜਦੋਂ ਹੀ ਇਹ ਘਰਾਂ ਤੋਂ ਬਾਹਰ ਸਮਾਜ ਵਿਚ ਵਿਚਰਦੇ ਹਨ ਤਾਂ ਸਮਾਜ ਦੇ ਲੋਕ ਕਿਸ ਤਰ੍ਹਾਂ ਭੱਦੀ ਸ਼ਬਦਾਵਲੀ ਇਸ ਵਰਗ ਲਈ ਵਰਤਦੇ ਹਨ । ਨਾਵਲ ਦੀ ਕੇਂਦਰੀ ਪਾਤਰ ਵੀ ਇਸ ਦਾ ਸ਼ਿਕਾਰ ਹੁੰਦੀ ਹੈ ਕਿ -

> ਮੰਡੀਹਰ ਨੇ ਤਾੜੀਆਂ ਮਾਰ -ਮਾਰ ਕੇ ਬੋਲਣਾ ਸ਼ੁਰੂ ਕੀਤਾ ----ਛੱਕਾ ਓਏ , ਕੁੜੀ ਛੱਕਾ ਓਏ ----ਅਮੀਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗੀ । ਨੀਵੀਂ ਪਾਈ ਨਮੋਸ਼ੀ ਨਾਲ ਭਰੀ ਉਹ ਨਾਮ੍ਹੋ ਦੀ ਪਿੱਠ ਪਿੱਛੇ ਜਾ ਸੁੰਗੜ ਬੈਠੀ ।(20 )

ਇਸੇ ਤਰ੍ਹਾਂ ਹੋਰ ਵਿਅੰਗ ਵੀ ਕਸੇ ਜਾਂਦੇ ਕਿ -

> ਏ ਅਮੀਰਾਂ, ਪਰਸੋਂ ਆਪਣੇ ਲੰਬੜਾਂ ਦੇ ਨੱਚਣ ਆਓਣੇ ਨੇ ਤੇਰੇ ਵਰਗੇ , ਤੂੰ ਵੀ ਆਈ ਘੁੰਗਰੂ ਪਾ ਕੇ ।(21 )

ਅਮੀਰਾਂ ਨੂੰ ਇਹ ਬੋਲ ਮਾਨਸਿਕ ਤੌਰ ਤੇ ਪਰੇਸ਼ਾਨ ਕਰ ਦਿੰਦੇ । ਉਹ ਇਸ ਮਾਨਸਿਕ ਬੋਝ ਤੋਂ ਹਲਕਾ-ਫੁਲਕਾ ਹੋਣਾ ਚਾਹੁੰਦੀ ਸੀ । ਉਸ ਦੇ ਮਨ ਅੰਦਰ ਸਵਾਲਾਂ ਦੀ ਲੜੀ ਜੁੜਦੀ ਤੇ ਟੁੱਟਦੀ ਰਹਿੰਦੀ ਸੀ । ਉਹ ਇਸ ਮਾਨਸਿਕ ਦਵੰਦ ਵਿਚੋਂ ਬਾਹਰ ਨਿਕਲਣਾ ਚਾਹੁੰਦੀ ਹੈ । ਆਪਣੀ ਹੋਂਦ ਬਾਰੇ ਆਪਣੇ-ਆਪ ਨਾਲ ਉਲਝਦੀ ਹੈ । ਸਮਾਜ ਵਿਚ ਉਸ ਨੂੰ ਕੋਈ ਪਹਿਚਾਣ ਨਹੀਂ ਮਿਲਦੀ । ਉਸ ਦੇ ਦਿਲ ਵਿਚ ਆਪਣੀ ਹੋਂਦ ਬਾਰੇ ਇਕ ਤੜਫ਼ ਹੈ । ਉਹ ਆਪ ਹੀ ਸਵਾਲ ਕਰਦੀ ਤੇ ਆਪ ਹੀ ਉਨ੍ਹਾਂ ਦਾ ਜਵਾਬ ਦਿੰਦੀ ਸੀ । ਉਹ ਕਹਿੰਦੀ ਕਿ-

> ਹੈਂ ਨੀ ਅੰਮੜੀਏ , ਰੱਖ ਤਾਂ ਲੈਣਗੇ ਨਾ ? ਪਰ ਕਿਵੇਂ ਤੇ ਕਿਉਂ ਆਉ ਉਨ੍ਹਾਂ ਨੂੰ ਮੇਰਾ ਮੋਹ ।

ਆਪ ਹੀ ਇਨ੍ਹਾਂ ਸਵਾਲਾਂ ਦਾ ਜੁਆਬ ਦਿੰਦੀ ਤੇ ਕਹਿੰਦੀ ਕਿ-

> ਲੈ, ਉਨ੍ਹਾਂ ਕਿਹੜਾ ਢਿੱਡੋਂ ਜੰਮਣੇ ਹੁੰਦੇ ਨੇ ? ਮੇਰੇ ਤੇਰੇ ਵਰਗੇ ਥਾਈਂ-ਕੁਥਾਂਈਂ ਦੇ ਜੰਮੇ ਹੀ ਉਨ੍ਹਾਂ ਦੀ ਔਲਾਦ ਹੁੰਦੇ ਨੇ ਤੇ ਉਹ ਤੇਰੇ ਮੇਰੇ ਵਰਗੀਆਂ ‘ਤੇ ਹੀ ਪਿਆਰ ਨਿਛਾਵਰ ਕਰਦੇ ਹੋਣੇ ਨੇ ।(23 )

ਦੂਜੇ ਪਾਸੇ ਸਮਾਜ ਵਿਚ ਮਾਪੇ ਕਈ ਵਾਰ ਕਿੰਨਰਾਂ ਦੇ ਡੇਰੇ ਰਾਤ ਦੇ ਹਨੇਰੇ ਵਿਚ ਹੀ ਅਜਿਹੇ ਬੱਚਿਆ ਨੂੰ ਰੱਖ ਆਉਂਦੇ ਹਨ । ਕਿੰਨਰ ਸਮਾਜ ਦੇ ਵਿਚ ਜਦੋਂ ਨਵਾਂ ਬੱਚਾ ਦਾਖਲ ਹੁੰਦਾ ਹੈ ਤਾਂ ਇਸ ਸਮਾਜ ਦੀ ਪੀੜ੍ਹੀ ਅੱਗੇ ਵਧਦੀ ਹੈ । ਹਰਕੀਰਤ ਕੌਰ ਚਹਿਲ ਦੇ ਨਾਵਲ ‘ਆਦਮ-ਗ੍ਰਹਿਣ ‘ ਵਿਚ ਵੀ ਇਸ ਘਟਨਾ ਦਾ ਬਿਰਤਾਂਤ ਸ਼ਾਮਲ ਹੈ । ਨਾਵਲ ਵਿਚ ਪਲ ਰਹੀ ਮੰਨੂ ਨੂੰ ਵੀ ਉਸ ਦਾ ਪਿਓ ਰਾਤ ਦੇ ਹਨੇਰੇ ਵਿਚ ਚੋਰੀਓਂ ਕਿੰਨਰਾਂ ਦੇ ਡੇਰੇ ਤੇ ਰੱਖ ਕੇ ਮੁੜ ਗਿਆ ਸੀ । ਬੇਸ਼ੱਕ ਇਸ ਗੱਲ ਦਾ ਡੇਰੇ ਵਿਚਲੇ ਕਿੰਨਰਾਂ ਨੂੰ ਪਤਾ ਲੱਗ ਗਿਆ ਸੀ । ਇਸ ਸਮਾਜ ਦੇ ਲੋਕਾਂ ਨੂੰ ਬੜਾ ਦੁੱਖ ਹੁੰਦਾ ਹੈ ਜਦੋਂ ਸਮਾਜ ਦੇ ਲੋਕ ਚੋਰੀਓਂ ਇਸ ਤਰ੍ਹਾਂ ਦੇ

ਬੱਚਿਆਂ ਨੂੰ ਉਨ੍ਹਾਂ ਦੇ ਡੇਰੇ ਜਾਂ ਕਿਤੇ ਹੋਰ ਅਜਿਹੀ ਥਾਂ ਰੱਖਦੇ ਹਨ ਤਾਂ ਆਪਣਾ ਦੁੱਖ ਬਿਆਨ ਕਰਦੇ ਹੋਏ ਇਸ ਸਮਾਜ ਦੇ ਹਾਵ-ਭਾਵ ਦੇਖੇ ਜਾ ਸਕਦੇ ਹਨ ਕਿ-


> ਹਰਾਮ ਦਿਆਂ ਭੱਜਣ ਦੀ ਕੀ ਲੋੜ ਸੀ ? ਜੰਮਣ ਦਾ ਹੀ ਚਾਅ ਸੀ ਲੰਡਿਆਂ ? ਸਾਡੀ ਔਲਾਦ ਹੈ ਤਾਂ ਸਾਡੀ ਬੁੱਕਲ ਵਿਚ ਦੇ ਕੇ ਜਾਹ । ਅਸੀਂ ਵੀ ਤਾਂ ਰੱਬ ਦੇ ਬੰਦੇ ਆ ਲੁੱਚਿਆ । ਸਾਡੇ ਅੰਦਰ ਵੀ ਤਾਂ ਦਿਲ ਧੜਕਦੇ । ਕੀ ਹੋਇਆ ਜੇ ਅਸੀਂ ਤੇਰੇ ਕਮਾਊ ਪੁੱਤ ਵਾਂਗ ਨਹੀਂ ਹਾਂ ? ਲੱਖ ਲਾਹਨਤਾਂ ---ਨੰਨ੍ਹੀ ਜਾਨ ਦਿਆ ਦੁਸ਼ਮਣਾਂ , ਤੇਰੇ ਹਰ ਸਾਲ ਸਾਡੇ ਵਰਗਾ ਜੰਮੇ---ਹਾਏ-ਹਾਏ ਕਰਦੀ ਨੂਰੀ ਇਕ ਹੱਥ ਨਾਲ ਉਸ ਨੂੰ ਫੜੀ ਤੇ ਦੂਜੇ ਹੱਥ ਨਾਲ ਛਾਤੀ ਕੁੱਟ ਰਹੀ ਸੀ ।(40)

ਦੂਜੇ ਪਾਸੇ ਸਮਾਜ ਦੇ ਲੋਕ ਜਦੋਂ ਇਨ੍ਹਾਂ ਨੂੰ ਖ਼ੁਦ ਬੁਲਾ ਕੇ ਝੋਲੀ ਬੱਚਾ ਪਾਉਂਦੇ ਹਨ ਤਾਂ ਇਨ੍ਹਾਂ ਦੇ ਸਤਿਕਾਰ ਵਿਚ ਵਾਧਾ ਹੁੰਦਾ ਹੈ । ਹਸਪਤਾਲ ਵਿਚ ਜਨਮੇ ਬੱਚੇ ਨੂੰ ਜਦੋਂ ਮੀਰਾਂ ਦੀ ਝੋਲੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਬੜੀ ਖ਼ੁਸ਼ੀ ਮਿਲਦੀ ਹੈ ਕਿ ਸਾਡੀ ਬਰਾਦਰੀ ਦਾ ਬੱਚਾ ਸਾਡੇ ਕੋਲ ਆਇਆ ਹੈ । ਉਸ ਸਮੇਂ ਮੀਰਾਂ ਆਪਣੀ ਪੀੜ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ ਕਿ-

> ਚੱਲ ਬੱਲਿਆ, ਜਿਨ੍ਹਾਂ ਨੇ ਸਾਨੂੰ ਤਿਆਗਿਆ , ਰੱਬ ਉਨ੍ਹਾਂ ਦੇ ਘਰ ਫੇਰ ਲਾਲਾਂ ਦੀ ਜੋੜੀ ਦੇਵੇ । ਰੰਗ ਭਾਗ ਲੱਗਣ । ਆਪਾਂ ਤਾਂ ਸੋਹਣਿਆ ਪਰਿੰਦੇ ਹੁੰਨੇ ਆ । ਮਾਂ-ਬਾਪ ਆਪਾਂ ਬੋਟਾਂ ਨੂੰ ਜੰਮ ਕੇ ਬਿਗਾਨੇ ਅੰਬਰ ਦੀ ਹਿੱਕ ‘ਤੇ ਉੱਡਣ ਲਈ ਛੱਡ ਦਿੰਦੇ ਨੇ । ਚੱਲ ਭਲਾ ਹੋਵੇ, ਨੌ ਮਹੀਨੇ ਕੁੱਖ ਉਧਾਰੀ ਦੇ ਕੇ ਪੀੜ ਤਾਂ ਝੱਲਦੇ ਨੇ ---ਜਿਉਂਦੇ ਵੱਸਦੇ ਰਹਿਣ ਅਤੇ ਆਪਾਂ ਮਾਂ-ਪੁੱਤ ਆਪਦੀ ਨਗਰੀ ਵਸੀਏ ---ਚੱਲ ਚੱਲੀਏ ਆਪਣੀ ਗੋਰੀ ਕੋਠੀ ਉਡੀਕ ਰਹੀ ਏ ।(73 )

ਸਮਾਜ ਵਿਚ ਹਰ ਮਨੁੱਖ ਸਤਿਕਾਰ ਚਾਹੁੰਦਾ ਹੈ । ਕਿੰਨਰ ਵਰਗ ਨੂੰ ਇਨ੍ਹਾਂ ਦੀ ਬਰਾਦਰੀ ਦਾ ਬੱਚਾ ਸੌਂਪਣ ਵੇਲੇ ਵੀ ਸਮਾਜ ਨਿਆਂ ਨਹੀਂ ਕਰਦਾ । ਜੇਕਰ ਸਮਾਜ ਇਨ੍ਹਾਂ ਦੀ ਬਰਾਦਰੀ ਦੇ ਬੱਚੇ ਨੂੰ ਮਾਣ-ਸਤਿਕਾਰ ਨਾਲ ਝੋਲੀ ਪਾਏ ਤਾਂ ਇਸ ਵਰਗ ਨੂੰ ਚੰਗਾ ਲੱਗਦਾ ਹੈ । ਪਰਿਵਾਰਾਂ ਨਾਲ ਕਿੰਨਰ ਸਮਾਜ ਦੀ ਕਿੰਨੀ ਕੁ

ਸਾਂਝ ਬਣੀ ਰਹਿ ਸਕਦੀ ਹੈ , ਇਸ ਦਾ ਵਿਸ਼ਲੇਸ਼ਣ ਖੇਤਰੀ ਕਾਰਜ ਦੌਰਾਨ ਪੁੱਛੇ ਗਏ ਸਵਾਲਾਂ ਦੇ ਉੱਤਰਾਂ ਨੂੰ ਚਿੱਤਰ ਨੰ 3 ਵਿਚ ਦੇਖਿਆ ਜਾ ਸਕਦਾ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਪਰਿਵਾਰ ਛੱਡਣ ਤੋਂ ਬਾਅਦ ਲਗਭਗ ਇਹ ਆਪਣੇ ਪਰਿਵਾਰ ਤੋਂ ਦੂਰ ਹੋ ਜਾਂਦੇ ਹਨ । ਸਾਹਿਤਕ ਰਚਨਾਵਾਂ ਵੀ ਇਸ ਪੱਖ ਦਾ ਵਿਸ਼ਲੇਸ਼ਣ ਕਰਦੀਆਂ ਹਨ। ਇਨ੍ਹਾਂ ਪੱਖਾਂ ਨੂੰ ਖੇਤਰੀ ਕਾਰਜ ਦੌਰਾਨ ਕਿੰਨਰਾਂ ਨਾਲ ਗੱਲ-ਬਾਤ ਕਰ ਕੇ ਵੀ ਵਿਸ਼ਲੇਸ਼ਣ ਕੀਤਾ ਗਿਆ ਹੈ। ਜਿਸ ਦਾ ਵੇਰਵਾ ਹੇਠਲੇ ਚਿੱਤਰ ਨੂੰ ਦੇਖ ਕੇ ਲੱਗ ਸਕਦਾ ਹੈ ਕਿ ਪਰਿਵਾਰ ਨਾਲ ਇਨ੍ਹਾਂ ਦੀ ਸਾਂਝ ਕਿੰਨੀ ਕੁ ਬਣੀ ਰਹਿ ਸਕਦੀ ਹੈ। ਪਰਿਵਾਰ ਤੋਂ ਵਿਛੜਣ ਦੇ ਬਾਅਦ ਇਹ ਆਪਣੇ ਮਾਪਿਆਂ ਤੇ ਰਿਸ਼ਤੇਦਾਰਾ ਨਾਲ ਮਿਲਾਪ ਰੱਖਦੇ ਹਨ। ਰਿਸ਼ਤੇਦਾਰ ਕਿਹੋ-ਜਿਹਾ ਵਿਹਾਰ ਕਰਦੇ ਹਨ ਤੇ ਆਪਣੇ ਭੈਣ-ਭਰਾਵਾਂ ਦੀ ਸ਼ਾਦੀਆਂ ਵਿਚ ਸ਼ਾਮਲ ਹੁੰਦੇ ਹਨ। ਆਪਣੇ ਬੁਢਾਪੇ ਲਈ ਕੁਝ ਧਨ ਜੋੜਦੇ ਹਨ, ਆਦਿ ਪ੍ਰਸ਼ਨਾ ਦੇ ਉੱਤਰ ਸੰਬੰਧੀ ਕਿੰਨਰ ਸਮਾਜ ਦੇ ਲੋਕਾਂ ਦਾ ਸਪਸ਼ਟੀਕਰਨ ਚਿੱਤਰ 1 ਵਿਚ ਦੇਖ ਸਕਦੇ ਹਾਂ।




## ਕਿੰਨਰ ਸਮਾਜ ਦੇ ਸਮਾਜਿਕ ਸਰੋਕਾਰ ਸੰਬੰਧੀ ਅੰਕੜੇ

### ਕਿੰਨਰ ਸਮਾਜ: ਰੀਤੀ-ਰਿਵਾਜ

ਸਭਿਅਕ ਸਮਾਜ ਵਿਚ ਕਈ ਤਰ੍ਹਾਂ ਦੇ ਰੀਤੀ-ਰਿਵਾਜ ਪ੍ਰਚਲਿਤ ਹਨ। ਧਰਮ ਦੇ ਅਨੁਸਾਰ ਅਤੇ ਜਾਤੀ ਵਿਵਸਥਾ ਦੇ ਅਨੁਸਾਰ ਰੀਤੀ-ਰਿਵਾਜ ਵਿਚ ਅੰਤਰ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਕਿੰਨਰ ਸਮਾਜ ਦੇ ਵਿਚ ਵੀ ਕੁਝ ਰੀਤੀ-ਰਿਵਾਜ ਪ੍ਰਚਲਿਤ ਹਨ। ਡੇਰੇ ਵਿਚ ਜਦੋਂ ਨਵੇਂ ਕਿੰਨਰ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਉਹ ਸਭ ਤੋਂ ਪਹਿਲਾ ਗੁਰੂ ਨੂੰ ਚੁਣਦਾ ਹੈ ਫਿਰ ਉਸ ਦੀ ਚੇਲਾ ਬਣਾਉਣ ਦੀ ਰਸਮ ਕੀਤੀ ਜਾਂਦੀ ਹੈ। ਇਹ ਕਿੰਨਰ ਸਮਾਜ ਵਿਚ ਸ਼ਾਮਲ ਹੋਣ ਦਾ ਇਕ ਨਿਯਮ ਹੁੰਦਾ ਹੈ। ਲਕਸ਼ਮੀ ਨਰਾਇਣ ਤ੍ਰਿਪਾਠੀ ' ਸ਼ਬਦ

' ਮੈਗਜ਼ੀਨ ਜੁਲਾਈ-ਸਤੰਬਰ, 2017 ਵਿਚ ਪ੍ਰਕਾਸ਼ਿਤ ਆਪਣੇ ਖੋਜ ਪੱਤਰ ' ਹੀਜੜਿਆਂ ਦੇ ਇਤਿਹਾਸ ' ਵਿਚ ਸਪਸ਼ਟ ਕਰਦੀ ਹੈ ਕਿ -

> ਰੀਤ ਕਰਦੇ ਸਮੇਂ ਉਸ ਖ਼ਾਨਦਾਨ ਦਾ ਦੁਪੱਟਾ ਉਸ ਦੇ ਸਿਰ ਉੱਪਰ ਦਿੱਤਾ ਜਾਂਦਾ ਹੈ। ਇਕ ਸਾੜ੍ਹੀ ਦਿੱਤੀ ਜਾਂਦੀ ਹੈ। ਖ਼ਾਨਦਾਨ ਦੀ ਨਿਸ਼ਾਨੀ ਦਿਖਾਈ ਜਾਂਦੀ ਹੈ। ਨਿਯਮ ਸਮਝਾਏ ਜਾਂਦੇ ਹਨ ਤੇ ਫਿਰ ਸ਼ੁਰੂ ਹੋ ਜਾਂਦੀ ਹੈ ਸਿੱਖਿਆ, ਨਵੇਂ ਜੀਵਨ ਢੰਗ ਦੀ ਸਿੱਖਿਆ। (28)

ਕਿੰਨਰ ਸਮਾਜ ਉਸ ਨੂੰ ਆਪਣੇ ਸਮਾਜ ਵਿਚ ਰਹਿਣ ਦਾ ਢੰਗ-ਤਰੀਕਾ ਸਿਖਾਉਂਦਾ ਹੈ। ਉਸ ਨੂੰ ਨਾਚ-ਗਾਣਾ ਸਿਖਾਇਆ ਜਾਂਦਾ ਹੈ , ਤਾੜੀ ਕਿਵੇਂ ਮਾਰਨੀ ਹੈ ਅਤੇ ਬੋਲਣ ਦਾ ਢੰਗ ਤਰੀਕਾ ਵੀ ਸਿਖਾਇਆ ਜਾਂਦਾ ਹੈ। ਉੱਤਰ ਭਾਰਤ ਅਤੇ ਦੱਖਣੀ ਭਾਰਤ ਵਿਚ ਇਨ੍ਹਾਂ ਦੇ ਰਸਮ ਰਿਵਾਜ਼ਾਂ ਵਿਚ ਅੰਤਰ ਹੁੰਦਾ ਹੈ। ਇਹੀ ਅੰਤਰ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਪੰਜਾਬ ਵਿਚ ਜਦੋਂ ਨਵੇਂ ਕਿੰਨਰ ਨੂੰ ਡੇਰੇ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਦੇ ਹਾਰ-ਸ਼ਿੰਗਾਰ ਕਰਕੇ ਚੁੰਨੀ ਚੜ੍ਹਾਈ ਜਾਂਦੀ ਹੈ। ਬੇਸ਼ੱਕ ਉਸ ਕਿੰਨਰ ਬੱਚੇ ਦਾ ਪਾਲਣ-ਪੋਸ਼ਣ ਡੇਰੇ ਵਿਚ ਹੀ ਹੋਇਆ ਹੋਵੇ। ਚੁੰਨੀ ਚੜ੍ਹਾਉਣ ਦੀ ਰਸਮ ਉਸ ਦੇ ਜਵਾਨ ਹੋਣ ਤੇ ਹੀ ਕੀਤੀ ਜਾਂਦੀ ਹੈ। ਕਿੰਨਰਾਂ ਨੂੰ ਡੇਰੇ ਵਿਚ ਸ਼ਾਮਲ ਕਰਨ ਤੇ ਹੇਠ ਲਿਖੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿਵੇਂ-

**1.ਚੇਲੇ ਨੂੰ ਸਜਾਓਣ ਦੀ ਰਸਮ-**

**2. ਚੁੰਨੀ ਪਾਉਣ ਦੀ ਰਸਮ** -

**3. ਰੀਤ ਦੀ ਰਸਮ-**

**4. ਸ਼ਗਨ ਦੇਣਾ-**

ਰੀਤ ਕਰਨ ਤੋਂ ਬਾਅਦ ਕਈ ਘਰਾਇਆ ਵਿਚ ਲਿੰਗ ਛੇਦ ਕਰਨ ਦਾ ਰਿਵਾਜ ਵੀ ਹੈ। ਜਿਸ ਨੂੰ 'ਨਿਰਵਾਣ ਕਰਵਾਉਣਾ ' ਵੀ ਕਿਹਾ ਜਾਂਦਾ ਹੈ। ਨਿਰਵਾਣ ਕਰਾਉਣਾ ਸਾਰੇ ਖ਼ਾਨਦਾਨਾਂ ਦਾ ਨਿਯਮ

ਨਹੀਂ ਹੁੰਦਾ ਹੈ। ਕਿੰਨਰ ਸਮਾਜ ਦੇ ਵਿਚ ਜੋ ਚੇਲਾ ਬਣਨ ਦੀ ਕਸਮ ਲੈਂਦਾ ਹੈ। ਗੁਰੂ ਉਸ ਉੱਪਰ ਆਪਣੀ ਨਜ਼ਰ ਰੱਖਦੀ ਹੈ। ਗੁਰੂ ਨੂੰ ਮਾਂ ਦਾ ਦਰਜਾ ਵੀ ਦਿੱਤਾ ਜਾ ਸਕਦਾ ਹੈ। ਚੇਲੇ ਦੇ ਕੰਮ ਅਤੇ ਉਸ ਦੇ ਤੋਰ ਤਰੀਕੇ ਤੋਂ ਸੰਤੁਸ਼ਟ ਹੋਣ ਦੇ ਬਾਅਦ ਚੇਲੇ ਦੀ ‘ਨਲਬੰਦੀ’ ਕਰਨ ਦੀ ਤਿਆਰੀ ਕੀਤੀ ਜਾਂਦੀ ਹੈ। ਇਕ ਕਿੰਨਰ ਪਰਿਵਾਰ ਦੇ ਵਿਚ ਬੇਟੀਆਂ ,ਭੈਣਾਂ ਅਤੇ ਮਾਂ ਸ਼ਾਮਿਲ ਹੁੰਦੀ ਹੈ, ਕੋਈ ਪੁਰਸ਼ ਨਹੀਂ ਹੁੰਦਾ ਹੈ। ਮਰਦ ਦਾ ਸਰੀਰ ਨਾਰੀ ਦੇ ਹਾਵ-ਭਾਵ ਜਾਂ ਸਰੀਰਕ ਵਿਵਸਥਾ ਦੇ ਵਿਚ ਬਦਲਣ ਦੇ ਲਈ ਪੁਰਸ਼ ਦੇ ਲਿੰਗ ਨੂੰ ਕੱਟ ਦਿੱਤਾ ਜਾਂਦਾ ਹੈ। ਜਿਸ ਨੂੰ ‘ਨਿਰਵਾਣ’ ਕਿਹਾ ਜਾਂਦਾ ਹੈ। ਪੰਜਾਬ ਵਿਚ ਨਿਰਵਾਣ ਨੂੰ ‘ਸ਼ਿਵਰਨਾ ’ ਕਿਹਾ ਜਾਂਦਾ ਹੈ, ਜੋ ਨਿਰਵਾਣ ਪ੍ਰਾਪਤ ਨਹੀਂ ਕਰਦਾ ਉਸ ਨੂੰ ‘ਅਕਬਾ ’ ਕਿਹਾ ਜਾਂਦਾ ਹੈ। ਨਲਬੰਦੀ ਦੀ ਪ੍ਰਕਿਰਿਆ ਕੁਦਰਤੀ ਰੂਪ ਵਿਚ ਸੌਖੀ ਨਹੀਂ ਹੁੰਦੀ। ਇਸ ਨੂੰ ਓਪਰੇਸ਼ਨ ਦੁਆਰਾ ਕਰਵਾਇਆ ਜਾਂਦਾ ਹੈ। ਕੁਝ ਲੋਕ ਹਸਪਤਾਲ ਤੋਂ ਕਰਵਾਉਂਦੇ ਹਨ ਤੇ ਕੁਝ ਆਰਥਿਕ ਕਾਰਨਾਂ ਦੇ ਕਾਰਨ ਆਪਣੇ ਘਰਾਣੇ ਦੇ ਵਿਚ ਹੀ ਇਸ ਪ੍ਰਕਿਰਿਆ ਨੂੰ ਪੂਰਾ ਕਰਦੇ ਹਨ। ਕਾਫ਼ੀ ਦਿਨਾਂ ਦੇ ਬਾਅਦ ਪੂਰੀ ਦੇਖ-ਰੇਖ ਦੇ ਵਿਚ ਉਨ੍ਹਾਂ ਦੀ ਸਿਹਤ ਦੇ ਵਿਚ ਸੁਧਾਰ ਆਉਣ ਲੱਗਦਾ ਹੈ।

ਕਿੰਨਰ ਦੀ ਮੌਤ ਤੋਂ ਬਾਅਦ ਜਦੋਂ ਅੰਤਿਮ ਰਸਮ ਕੀਤੀ ਜਾਂਦੀ ਹੈ ,ਉਸ ਵਿਚ ਵੀ ਅਨੋਖਾਪਨ ਮੌਜੂਦ ਹੈ। ਕਿਸੇ ਕਿੰਨਰ ਦੀ ਮੌਤ ਤੋਂ ਬਾਅਦ ਉਸ ਦਾ ਅੰਤਿਮ ਸੰਸਕਾਰ ਵੀ ਬੜੇ ਹੀ ਗੁਪਤ ਤਰੀਕੇ ਨਾਲ ਕੀਤਾ ਜਾਂਦਾ ਹੈ। ਕਿੰਨਰ ਦੀ ਮੌਤ ਉਪਰੰਤ ਉਸ ਦਾ ਸਰੀਰ ਕਿਸੇ ਨੂੰ ਨਹੀਂ ਦਿਖਾਇਆ ਜਾਂਦਾ। ਇਸ ਦੇ ਪਿੱਛੇ ਕਿੰਨਰਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਦੇ ਨਾਲ ਮਰਨ ਵਾਲਾ ਅਗਲੇ ਜਨਮ ਦੇ ਵਿਚ ਕਿੰਨਰ ਪੈਦਾ ਨਹੀਂ ਹੁੰਦਾ। ਕਿੰਨਰ ਸਮਾਜ ਦੇ ਨਿਯਮ ਅਨੁਸਾਰ ਸਰੀਰ ਨੂੰ ਜਲਾਉਣ ਦੀ ਬਜਾਏ ਦਫ਼ਨਾਇਆ ਜਾਂਦਾ ਹੈ। ਦਫ਼ਨਾਉਣ ਤੋਂ ਪਹਿਲਾਂ ਮ੍ਰਿਤਕ ਸਰੀਰ ਨੂੰ ਰਾਤ ਦੇ ਸਮੇਂ ਹੀ ਲਿਜਾਇਆ ਜਾਂਦਾ ਹੈ। ਮ੍ਰਿਤਕ ਸਰੀਰ ਨੂੰ ਲਿਜਾਣ ਤੋਂ ਪਹਿਲਾਂ ਉਸ ਨੂੰ ਜੁੱਤੇ ਅਤੇ ਚੱਪਲਾਂ ਮਾਰੀਆਂ ਜਾਂਦੀਆਂ ਹਨ। ਲਾਸ਼ ਉੱਪਰ ਜੁੱਤੇ ਮਾਰਨ ਦੀ ਧਾਰਨਾ ਨੂੰ ਮਨੀਸ਼ਾ ਮਹੰਤ ਨੇ ‘ ਸ਼ਬਦ ’ ਮੈਗਜ਼ੀਨ ਜੁਲਾਈ–ਸਤੰਬਰ, 2017 ਵਿਚ ਪ੍ਰਕਾਸ਼ਿਤ ਆਪਣੀ ਇੰਟਰਵਿਊ ਵਿਚ ਇਸ ਗੱਲ ਨੂੰ ਨਕਾਰਿਆ ਹੈ , ਉਸ ਦੇ ਅਨੁਸਾਰ –

ਇਹ ਧਾਰਨਾ ਆਮ ਲੋਕਾਂ ਵੱਲੋਂ ਬਣਾਈ ਹੋਈ ਹੈ। ਇਹ ਸਿਰਫ਼ ਅਫ਼ਵਾਹ ਮਾਤਰ ਹੈ। ਕਿਸੇ ਕਿੰਨਰ ਦੀ ਮੌਤ ਜਾ ਇੰਤਕਾਲ ਹੋਣ 'ਤੇ ਉਸ ਨੂੰ ਉਸ ਦੇ ਪਰਿਵਾਰ ਅਤੇ ਉਸੇ ਦੀ ਮੌਜੂਦਗੀ ਵਿਚ ਦਫ਼ਨਾਇਆ ਜਾਂਦਾ ਹੈ ਜਾਂ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ। ਕਿਸੇ ਕਿੰਨਰ ਦੀ ਮੌਤ 'ਤੇ ਉਸ ਦੇ ਪਰਿਵਾਰ ਵਾਲੇ ਜਿਵੇਂ ਕਿ ਮਾਂ-ਬਾਪ, ਭੈਣ-ਭਰਾ ਸਭ ਨੂੰ ਬੁਲਾਇਆ ਜਾਂਦਾ ਹੈ, ਭਲਾ ਕੋਈ ਪਰਿਵਾਰ ਵਾਲਾ ਆਪਣੇ ਕਿਸੇ ਆਪਣੇ ਦੇ ਨਾਲ ਅਜਿਹਾ ਵਿਹਾਰ ਹੋਣ ਦੇਵੇਗਾ? ਜਿੱਥੇ ਕਿਸੇ ਕਿੰਨਰ ਦਾ ਡੇਰਾ ਹੁੰਦਾ ਹੈ, ਉੱਥੇ ਵੀ ਉਸੇ ਦੇ ਚਾਹੁਣ ਵਾਲੇ ਜਾਂ ਉਸੇ ਹੁੰਦੇ ਹਨ, ਭਲਾ ਕੋਈ ਕਿਸੇ ਚਾਹੁਣ ਵਾਲੇ ਦੇ ਨਾਲ ਇੰਝ ਕਿਵੇਂ ਹੋਣ ਦੇਵੇਗਾ? ਇਹ ਆਮ ਲੋਕਾਂ ਦੀ ਬਣਾਈ ਹੋਈ ਇਕ ਅਫ਼ਵਾਹ ਹੀ ਹੈ। ਸਿਰਫ਼ ਇਕ ਧਾਰਨਾ। ਕਿੰਨਰ ਇਕ ਸਾਧੂ-ਸੰਤ ਅਤੇ ਫ਼ਕੀਰ ਹੁੰਦਾ ਹੈ ਤਾਂ ਇਸ ਲਈ ਉਸ ਨੂੰ ਵੀ ਦੂਜੇ ਸਾਧੂ ਸੰਤਾਂ ਵਾਂਗ ਬਹੁਤ ਹੀ ਸਨਮਾਨ ਦੇ ਨਾਲ ਅੰਤਿਮ ਵਿਦਾਈ ਦਿੱਤੀ ਜਾਂਦੀ ਹੈ, ਜੋ ਕਿੰਨਰਾਂ ਦੇ ਡੇਰੇ ਤੋਂ ਦੂਰ ਰਹਿੰਦੇ ਹਨ, ਇਹ ਸਿਰਫ਼ ਉਨ੍ਹਾਂ ਦੀ ਸੁਣੀ-ਸੁਣਾਈ ਗੱਲ ਹੈ। (44)

ਕਿੰਨਰ ਸਮਾਜ ਦੀ ਇਹ ਇਕ ਬੜੀ ਵੱਡੀ ਵਿਸ਼ੇਸ਼ਤਾ ਹੈ ਕਿ ਕਿੰਨਰ ਦੀ ਮੌਤ ਦੇ ਉਪਰੰਤ ਇਹ ਲੋਕ ਸੋਗ ਨਹੀਂ ਮਨਾਉਂਦੇ। ਇਸ ਨਰਕ ਰੂਪੀ ਜ਼ਿੰਦਗੀ ਤੋਂ ਛੁਟਕਾਰੇ ਦੇ ਰੂਪ ਵਿਚ ਮੌਤ ਨੂੰ ਸਵੀਕਾਰ ਕਰਦੇ ਹਨ। ਇਸ ਲਈ ਕਿੰਨਰ ਸਮਾਜ ਮੌਤ ਦੇ ਬਾਅਦ ਖ਼ੁਸ਼ੀ ਮਨਾਉਂਦਾ ਹੈ। ਇਨ੍ਹਾਂ ਹੀ ਨਹੀਂ ਇਹ ਲੋਕ ਆਪਣੇ ਪੈਸੇ ਦੇ ਨਾਲ ਦਾਨ ਕਰਦੇ ਹਨ ਤਾਂ ਕਿ ਦੁਬਾਰਾ ਕਿੰਨਰ ਰੂਪੀ ਜਨਮ ਦੇ ਵਿਚ ਨਾ ਆਉਣ। ਕੁਝ ਵਰਗ ਇਸ ਨੂੰ ਵਹਿਮ ਵੀ ਮੰਨਦੇ ਹਨ।

ਉਪਰੋਕਤ ਰਸਮਾਂ ਨੂੰ ਸਾਹਿਤਕ ਅਧਿਐਨ ਦੌਰਾਨ ਵੱਖ-ਵੱਖ ਗਲਪਕਾਰ ਇਸ ਨੂੰ ਆਪਣੇ ਢੰਗ ਨਾਲ ਪੇਸ਼ ਕਰਦੇ ਹਨ। ਡੇਰੇ ਵਿਚ ਜਦੋਂ ਕੋਈ ਨਵਾਂ ਕਿੰਨਰ ਸ਼ਾਮਲ ਹੁੰਦਾ ਹੈ ਤਾਂ ਉਸ ਨੂੰ ਚੇਲਾ ਬਣਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣ ਮੈਂ ਕੌਣ?' ਵਿਚ ਪਤਾ ਚਲਦਾ ਹੈ ਕਿ ਜੁਗਨੂੰ ਨੂੰ ਜਦੋਂ ਡੇਰੇ ਵਿਚ ਸ਼ਾਮਲ ਹੋਣ ਉੱਤੇ ਚੇਲਾ ਬਣਾਇਆ ਗਿਆ ਤਾਂ ਉਸ ਨੂੰ ਇਸ ਵਿਧੀ ਵਿਚੋਂ ਗੁਜ਼ਰਨਾ ਪਿਆ। ਨਾਵਲ ਵਿਚੋਂ ਵੇਰਵੇ ਮਿਲਦੇ ਹਨ ਕਿ-

ਜੁਗਨੂੰ ਨੂੰ ਗੁਲਾਬ ਜਲ ਨਾਲ ਨੁਹਾ ਕੇ ਨਵੇਂ ਕੱਪੜੇ ਪੁਆਏ ਗਏ। ਉਘੜ-ਦੁੱਘੜ ਕੱਟੇ ਵਾਲਾਂ ਨੂੰ ਸੂਈਆਂ ਲਾ ਕੇ ਮੋਤੀਏ ਦੀਆਂ ਕਲੀਆਂ ਨਾਲ ਸ਼ਿੰਗਾਰਿਆ ਗਿਆ। ਜੁਗਨੂੰ ਨੂੰ ਦੋ ਜਣੀਆਂ ਫੜ ਕੇ ਲਿਆਈਆਂ। ਰਿਜ਼ਕ ਦੇਵਨੀ , ਸੰਕਟ ਹਰਣੀ ਬਹੁਚਰਾ ਮਾਂ ਦੀ ਜੈ ਦਾ ਜਕਾਰਾ ਲਾਇਆ। ਆਰਤੀ ਕੀਤੀ 'ਤੇ ਜੁਗਨੂੰ ਨੂੰ ਦਰੀ 'ਤੇ ਬਿਠਾਇਆ। ਸਾਰਿਆਂ ਦੀ ਸਹਿਮਤੀ ਲੈ ਜ਼ਰੀਨਾ ਅਹਿਮਦ ਨੇ ਪੰਜ ਸੂਟ, ਗਹਿਣਿਆਂ ਦੇ ਦੋ ਡੱਬੇ , ਚੂੜੀਆਂ ਅਤੇ ਗਿਆਰਾਂ ਹਜ਼ਾਰ ਰੁਪਏ ਦਾ ਸ਼ਗਨ ਜੁਗਨੂੰ ਦੀ ਝੋਲੀ ਪਾ ਉਸ ਦਾ ਮੂੰਹ ਜੁਠਾਇਆ। ਫਿਰ ਬਹੁਤ ਭਾਰੀ ਕਢਾਈ ਵਾਲੀ ਲਾਲ ਚੁੰਨੀ , ਜਿਸ ਦੇ ਪੱਲਿਆਂ ਅਤੇ ਕਿਨਾਰਿਆਂ ਤੇ ਲਾਲ ਚਿੱਟੇ ਮੋਤੀਆਂ ਦੀ ਝਾਲਰ ਬਣੀ ਹੋਈ ਸੀ , ਜੁਗਨੂੰ ਦੇ ਸਿਰ 'ਤੇ ਦਿੰਦਿਆਂ ਬੋਲੀ ,''ਸਭੀ ਮਾਈ ਭਾਈ ਸੁਣੋ, ਮੈਂ ਜ਼ਰੀਨਾ ਅਹਿਮਦ , ਚੰਪਾ ਨਾਇਕ ਕੀ ਚੇਲਾ , ਪਾਰੋ ਬੇਗ਼ਮ ਹਾਜੀ ਕੀ ਪੋਤੀ ਚੇਲਾ ਆਜ ਇਸ ਮੂਰਤ ਕੋ ਆਪਣੀ ਚੇਲਾ ਕਰਤੀ ਹੂੰ। ਆਜ ਸੇ ਯੇ ਇਸਕੇ ਸਭੀ ਮੁਆਮਲਾਤ ਮੇਰੇ ਸੇ ਸਬੰਧਤ ਹੋਂਗੇ। ਇਸ ਬਾਤ ਕੀ ਸਨਦ ਰਹੇ।(93)

ਇਕਬਾਲ ਹੀਜੜੇ ਨੇ ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਹਮਜਿਨਸ' ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਇਸ ਗੱਲ ਨੂੰ ਸਵੀਕਾਰ ਕੀਤਾ ਹੈ:

ਹਾਂ ਇਸ ਦੀ ਰਸਮ ਹੁੰਦੀ ਹੈ , ਸਾਰੀਆਂ ਥਾਵਾਂ ਤੇ ਦਾਅਵਤ ਪਹੁੰਚਦੀ ਹੈ ਤਾਂ ਕਿ ਸਾਰਿਆਂ ਨੂੰ ਪਤਾ ਲੱਗ ਜਾਏ ਕਿ ਇਸ ਦਾ ਚੇਲਾ ਹੈ , ਕੋਈ ਦੂਸਰਾ ਚੇਲਾ ਨਹੀਂ ਬਣਾਏਗਾ , ਉਸ ਨੂੰ। ਸਾਰੀਆਂ ਥਾਵਾਂ ਤੇ ਖ਼ਬਰ ਕਰ ਦਿੱਤੀ ਜਾਂਦੀ ਹੈ , ਦਿਨ ਤਾਰੀਖ਼ ਦਾ ਪਤਾ ਦਿੱਤਾ ਜਾਂਦਾ ਹੈ , ਸਾਰੇ ਖਦੜੇ ਆ ਗਏ , ਗੱਲਬਾਤ ਹੋਈ , ਕਲਾਮ-ਵਲਾਮ ਹੋਇਆ ਕਿ ਭਈ ਇਹ ਮੇਰਾ ਚੇਲਾ ਹੈ , ਜੇਕਰ ਕਿਸੇ ਹੋਰ ਨੇ ਉਸ ਨੂੰ ਚੇਲਾ ਬਣਾਇਆ ਤਾਂ ਏਨੇ ਹਜ਼ਾਰ ਦੰਡ ਉਸ ਤੋਂ ਲਿਆ ਜਾਏਗਾ। ਜੇਕਰ ਕੋਈ ਪੈਸੇ ਵਾਲਾ ਹੈ , ਉਸ ਦਾ ਦਿਲ ਮਿਲ ਗਿਆ ਤਾਂ ਉਹ , ਉਸ ਨੂੰ ਚੇਲਾ ਕਰ ਲਵੇਗਾ। ਉਸ ਦੀ ਕੀਮਤ , ਜੋ ਉਸ ਦੇ ਗੁਰੂ ਨੇ ਰੱਖੀ ਹੈ , ਉਹ ਦੇਣੀ ਪਵੇਗੀ ਉਸ ਨੂੰ , ਜਿਸ ਦਾ ਪਹਿਲਾ ਚੇਲਾ ਸੀ।(86)

ਡੇਰੇ ਅੰਦਰ ਦਾਖਲ ਹੋਣ ਸਮੇਂ ਇਸ ਰਸਮ ਨੂੰ ਨਿਭਾਇਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਤੇ ਚੇਲੇ ਦਾ ਰਿਸ਼ਤਾ ਜੁੜ ਜਾਂਦਾ ਹੈ। ਉਸ ਤੋਂ ਬਾਅਦ ਗੁਰੂ ਹੀ ਆਪਣੇ ਚੇਲੇ ਨੂੰ ਬੱਚਿਆਂ ਦੀ ਤਰ੍ਹਾਂ ਡੇਰੇ ਦਾ ਨਿਯਮਾਂ ਤੋਂ ਜਾਣੂ ਕਰਵਾਉਂਦਾ ਹੈ। ਗੁਰੂ ਦੀ ਆਗਿਆ ਤੋਂ ਬਿਨਾਂ ਚੇਲਾ ਕਿਤੇ ਵੀ ਆ-ਜਾ ਨਹੀਂ ਸਕਦਾ। ਇਸ ਰਸਮ ਦੌਰਾਨ ਹੀ ਨਵੇਂ ਬਣੇ ਚੇਲੇ ਦੇ ਨਾਂ ਦੀ ਤਬਦੀਲੀ ਕਰ ਦਿੱਤੀ ਜਾਂਦੀ ਹੈ।'ਕੀ ਜਾਣ ਮੈਂ ਕੌਣ?'ਦੀ ਪਾਤਰ ਜੁਗਨੂੰ ਦਾ ਪਹਿਲਾ ਪਰਿਵਾਰਕ ਨਾਮ ਸ਼ਰਨਜੀਤ ਕੌਰ ਸੀ ਫਿਰ ਜਦੋਂ ਪਰਿਵਾਰ ਤੋਂ ਉਸ ਨੂੰ ਡੇਰੇ ਵਿਚ ਲਿਆਂਦਾ ਗਿਆ ਤਾਂ ਛੰਨੋਂ ਰੱਖ ਦਿੱਤਾ ਗਿਆ। ਚੇਲਾ ਬਣਾਉਣ ਵੇਲੇ ਜੁਗਨੂੰ ਰੱਖ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਬੱਬੂ ਜਿਸ ਨੂੰ ਆਪਣੀ ਜੈਂਡਰ ਪਹਿਚਾਣ ਬਾਰੇ ਉਲਝਣ ਹੈ। ਡੇਰੇ ਵਾਲੇ ਉਸ ਨੂੰ ਚੁੱਕ ਲਿਆਉਂਦੇ ਹਨ। ਡੇਰੇ ਵਿਚ ਆਉਣ ਉੱਤੇ ਜਦੋਂ ਉਸ ਨੂੰ ਬਰਾਦਰੀ ਵਿਚ ਸ਼ਾਮਲ ਕਰਨ ਦੀ ਤਿਆਰੀ ਕੀਤੀ ਜਾਂਦੀ ਹੈ ਤਾਂ ਡੇਰੇ ਦੀ ਮਹੰਤ ਕਹਿੰਦੀ ਹੈ ਕਿ-

> ਆਪਣਾ ਅਸੂਲ ਹੈ ਕਿ ਕਿਸੇ ਨੂੰ ਨਾ ਤਾਂ ਜ਼ਬਰਦਸਤੀ ਉਸ ਦੇ ਮਾਪਿਆਂ ਤੋਂ ਖੋਹ ਕੇ ਲਿਆਉਣਾ ਹੈ, ਤੇ ਨਾ ਹੀ ਉਸ ਨੂੰ ਭੋਲੇ ਭਾਅ ਚੇਲਾ ਬਣਾਉਣਾ ਹੈ। ਸਾਰੇ ਨਿਯਮ, ਕਾਨੂੰਨ, ਅਸੂਲ, ਦੰਡ ਵਿਧਾਨ, ਸਭ ਕੁਝ ਸਮਝਾ ਕੇ ਤੇ ਪੂਰੀ ਬਰਾਦਰੀ ਸਾਹਮਣੇ ਚੁੰਨੀ ਚੜ੍ਹਾਵਾਂਗੇ। ਪਤਾ ਤਾਂ ਲੱਗੇ ਵੀਰੋ ਮਹੰਤ ਨੇ ਚੇਲਾ ਕੀਤਾ ਹੈ। (79)

ਇਸ ਤਰ੍ਹਾਂ ਸਾਰੀ ਬਰਾਦਰੀ ਉਸ ਨੂੰ ਡੇਰੇ ਵਿਚ ਸ਼ਾਮਲ ਕਰਨ ਲਈ ਕਾਹਲੀ ਸੀ। ਡੇਰੇ ਵਿਚ ਚੇਲਾ ਕਰਨ ਦੀ ਰਸਮ ਦੌਰਾਨ ਨਾਮ ਦੀ ਤਬਦੀਲੀ ਵੀ ਕਰ ਦਿੱਤੀ ਜਾਂਦੀ ਹੈ। ਨਾਵਲੀ ਬਿਰਤਾਂਤ ਵਿਚੋਂ ਸ਼ਪਸਟ ਹੁੰਦਾ ਹੈ ਕਿ-

> ਠੀਕ ਹੈ ਸਰਦਾਰ ਫਿਰ ਨਸੀਬੋਂ ਰੱਖ ਲੈਂਦੇ ਹਾਂ। ਉਹ ਵੀ ਪੰਜਾਬੀ ਹੈ ਮੇਰੇ ਵਾਂਗ, ਠੀਕ ਹੈ ਨਸੀਬੋਂ ਹੀ ਠੀਕ ਹੈ। ਬਾਕੀ ਰਸਮਾਂ ਫੇਰ ਕੁਝ ਚਿਰ ਪਾ ਕੇ ਕਰਾਂਗੇ। (80)

ਸਾਰੇ ਕਿੰਨਰਾਂ ਨੇ ਤਾੜੀ ਮਾਰ ਕੇ ਨਸੀਬੋਂ ਦੇ ਨਾਮਕਰਨ ਨੂੰ ਸਹਿਮਤੀ ਦੇ ਦਿੱਤੀ। ਬੱਬੂ ਸਹਿਮਤ ਹੋ ਕੇ ਵੀ ਉਲਝਣ ਜਿਹੀ ਵਿਚ ਬੈਠਾ ਰਿਹਾ। ਉਸ ਨੂੰ ਤਾਂ ਸਿਰਫ਼ ਢਿੱਡ ਭਰਨ ਲਈ ਖਾਣਾ ਮਿਲਣ ਦੀ ਹੀ ਖ਼ੁਸ਼ੀ ਸੀ।

ਇਸੇ ਤਰ੍ਹਾਂ ਦਾ ਜ਼ਿਕਰ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਵਿਚ ਵੀ ਦੇਖ ਸਕਦੇ ਹਾਂ ਕਿ 12-13 ਸਾਲਾ ਦੀ ਅਮੀਰਾਂ ਜਦੋਂ ਡੇਰੇ ਵਿਚ ਆਉਂਦੀ ਹੈ ਤਾਂ ਉਸ ਵਿਚ ਖੁਸਰਿਆਂ ਵਾਲਾ ਨਖ਼ਰਾ ਨਹੀਂ ਸੀ। ਉਹ ਸ਼ਰੀਫ਼ ਮਾਂ-ਬਾਪ ਦੀ ਧੀ ਲਗਦੀ ਸੀ। ਡੇਰੇ ਵਿਚ ਆਉਣ ਉੱਤੇ ਮਾਦਾ ਕਿੰਨਰ ਕਹਿੰਦੀ ਹੈ ਕਿ –

> ਵਗਾਹ ਮਾਰ ਬਾਪ ਦੀ ਇੱਜ਼ਤਦਾਰ ਧੀ ਹੋਣ ਦਾ ਭਾਰ ਸਿਰ ਤੋਂ----- ਸਾਡਾ ਨਹੀਂ ਕੋਈ ਵਾਹ ਵਾਸਤਾ ਇਸ ਦੁਨੀਆ ਦੇ ਪਾਖੰਡਾਂ ਨਾਲ, ਨਾ ਹੀ ਇਹ ਇੱਜ਼ਤਾਂ ਸਾਨੂੰ ਕਦੇ ਰਾਸ ਆਉਂਦੀਆਂ, ਨਾ ਹੀ ਸਾਡਾ ਢਿੱਡ ਭਰਦਾ। ਨਾਲੇ ਤੇਰਾ ਨਾਂ ਵੀ ਮੀਰਾ ਹੋਵੇਗਾ ਅੱਜ ਤੋਂ। (35)

ਡੇਰਿਆਂ ਵਿਚਲੇ ਕਿੰਨਰਾਂ ਨੂੰ ਜਦੋਂ ਪਰਿਵਾਰ ਤੋਂ ਵੱਖ ਕੀਤਾ ਜਾਂਦਾ ਹੈ। ਉਸ ਕਿੰਨਰ ਬੱਚੇ ਦੀ ਇੱਛਾ ਹੁੰਦੀ ਹੈ ਕਿ ਕਿਤੇ ਉਸ ਨੂੰ ਦੂਰ ਦੇ ਡੇਰੇ ਵਿਚ ਭੇਜ ਦਿੱਤਾ ਜਾਵੇ। ਕਿੰਨਰ ਬੱਚੇ ਸਮਾਜ ਵਿਚ ਆਪਣੇ ਮਾਪਿਆਂ ਦੀ ਇੱਜ਼ਤ ਬਾਰੇ ਵੀ ਸੋਚਦੇ ਹਨ। ਅਮੀਰਾਂ ਵੀ ਆਪਣੀ ਮਰਜ਼ੀ ਦੇ ਨਾਲ ਡੇਰੇ ਵਿਚ ਆਈ ਸੀ। ਉਸ ਨੂੰ ਡਰ ਸੀ ਕਿ ਕਿਤੇ ਮੇਰੇ ਮਾਪੇ ਮੈਨੂੰ ਇੱਥੋਂ ਲੈ ਨਾ ਜਾਣ ਜਾਂ ਮੇਰੇ ਕਾਰਨ ਮੇਰੇ ਮਾਪਿਆਂ ਦੀ ਇੱਜ਼ਤ ਨੂੰ ਢਾਅ ਲੱਗੇ। ਇਸ ਲਈ ਅਮੀਰਾਂ ਤੋਂ ਮੀਰਾਂ ਬਣੀ ਮੀਰਾਂ ਨੂੰ ਦੂਰ ਕਿਸੇ ਡੇਰੇ ਦੇ ਮਹੰਤ ਕੋਲ ਵੇਚ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਨਾਮ ਦੀ ਤਬਦੀਲੀ ਬਾਰੇ ਅਰੰਧੁਤੀ ਰਾਏ ਵੀ ਆਪਣੇ ਨਾਵਲ 'ਦਰਬਾਰਿ-ਖ਼ੁਸ਼ੀਆਂ ਬੇਪਨਾਹ' ਵਿਚ ਜ਼ਿਕਰ ਕਰਦੀ ਹੈ ਕਿ ਹਰ ਡੇਰੇ ਵਿਚ ਹੀ ਨਾਮ ਦੀ ਤਬਦੀਲੀ ਕੀਤੀ ਜਾਂਦੀ ਹੈ। ਆਫ਼ਤਾਬ ਵੀ ਆਪਣੇ ਘਰਦਿਆਂ ਤੋਂ ਚੋਰੀ ਕਿੰਨਰਾਂ ਦੀ ਖ਼ਵਾਹਗਾਹ ਵਿਚ ਪਹੁੰਚ ਗਿਆ। ਬੇਸ਼ੱਕ ਉਸ ਦੀ ਮਾਂ ਜਹਾਂਆਰਾ ਉਸ ਨੂੰ ਵਾਪਸ ਲੈਣ ਲਈ ਆਈ। ਉਸ ਦੇ ਇਨਕਾਰ ਕਰਨ ਉੱਤੇ ਡੇਰੇ ਦੀ ਮਹੰਤ ਤੋਂ ਵਾਅਦਾ ਲਿਆ ਗਿਆ ਕਿ ਉਹ ਇਸ ਨੂੰ ਹਰ ਐਤਵਾਰ ਮੁੰਡਿਆਂ ਵਾਲੇ ਕੱਪੜੇ ਪਹਿਨਾ ਕੇ ਘਰ ਭੇਜਿਆ ਕਰੇਗੀ। ਅਸਲ ਵਿਚ ਆਫ਼ਤਾਬ ਦੀ ਉਸ ਦੁਨੀਆ ਵਿਚ ਕੋਈ ਪਹਿਚਾਣ ਹੀ ਨਹੀਂ ਸੀ। ਆਪਣੀ ਪਹਿਚਾਣ ਨੂੰ ਪਾਉਣ ਦੀ ਖ਼ਾਤਰ ਹੀ ਉਹ ਕਿੰਨਰਾਂ ਦੀ ਖ਼ਵਾਬਗਾਹ ਵਿਚ ਪਹੁੰਚ ਜਾਂਦਾ ਹੈ। ਜਿੱਥੇ ਉਸ ਨੂੰ ਇਕ ਰਸਮ ਕਰ ਕੇ ਕਿੰਨਰਾਂ ਦੀ ਬਰਾਦਰੀ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ। ਨਾਵਲੀ ਬਿਰਤਾਂਤ ਵਿਚ ਸਪਸ਼ਟ ਹੈ ਕਿ-

ਉਸ ਨੂੰ ਸਾਦਾ ਜਿਹੀ ਰਸਮ ਵਿਚ ਖ਼ਵਾਬਗਾਹ ਦਾ ਸੁਰਖ਼ ਦੁਪੱਟਾ ਪਾਉਣ ਤੋਂ ਬਾਅਦ ਕਾਇਦਾ ਅਤੇ ਨੇਮ ਸਮਝਾ ਕੇ ਹੀਜੜਾ ਬਰਾਦਰੀ ਵਿਚ ਰਸਮੀ ਤੌਰ ਉੱਤੇ ਸ਼ਾਮਿਲ ਕਰ ਲਿਆ ਗਿਆ। ਆਫ਼ਤਾਬ ਦਿੱਲੀ ਘਰਾਣੇ ਦੀ ਉਸਤਾਦ ਕੁਲਸੂਮ ਬੀ ਦੀ ਮੁਰੀਦ ਅੰਜੁਮ ਬਣ ਗਈ। ਹੀਜੜਿਆਂ ਦੇ ਸੱਤ ਘਰਾਣਿਆਂ ਵਿਚੋਂ ਦਿੱਲੀ ਇੱਕ ਸੀ। ਹਰੇਕ ਘਰਾਣੇ ਦਾ ਮੁਖੀ ਨਾਇਕ ਸੀ ਅਤੇ ਸਾਰੇ ਘਰਾਣਿਆਂ ਦਾ ਮੁਖੀ ਸਭ ਤੋਂ ਵੱਡਾ ਸੀ। (25)

ਸੋ ਨਾਮ ਦੀ ਤਬਦੀਲੀ ਹਰ ਡੇਰੇ ਵਿਚ ਹੀ ਕੀਤੀ ਜਾਂਦੀ ਹੈ। ਇਸੇ ਤਰ੍ਹਾਂ 'ਮੈਂ ਸ਼ਿਖੰਡੀ ਨਹੀਂ' ਵਿਚ ਪ੍ਰਭਜੋਤ ਤੋਂ ਪੁਸ਼ਪਾ ਲਤਾ ਅਤੇ ਮੱਖਣ ਦਾ ਸ਼ਿਖੰਡੀ ਰੱਖ ਦਿੱਤਾ ਜਾਂਦਾ ਹੈ। ਇਹ ਡੇਰੇ ਦਾ ਨਿਯਮ ਹੈ ਜਿਸ ਨੂੰ ਹਰ ਡੇਰੇ ਵਾਲਾ ਨਿਭਾਉਂਦਾ ਹੈ। ਸਮਾਜਿਕ ਤੌਰ ਉੱਤੇ ਅਜਿਹਾ ਕਰਨਾ ਅਸਲ ਵਿਚ ਪਰਿਵਾਰਕ ਪਿਛੋਕੜ ਨੂੰ ਖ਼ਤਮ ਕਰਨਾ ਹੈ। ਕਈ ਕਿੰਨਰ ਤਾਂ ਡੇਰੇ ਵਿਚ ਜੰਮਦੇ ਹੀ ਛੱਡ ਦਿੱਤੇ ਜਾਂਦੇ ਹਨ। ਕਈਆਂ ਨੂੰ 12-13 ਸਾਲਾਂ ਦੀ ਉਮਰ ਵਿਚ ਲਿਆਂਦਾ ਜਾਂਦਾ ਹੈ। ਕਈ ਸਮਾਜਿਕ ਤ੍ਰਾਸਦੀ ਕਾਰਨ ਵੀ ਡੇਰਿਆਂ ਦੀ ਸ਼ਰਨ ਲੈਂਦੇ ਹਨ। ਕਈ ਕਿੰਨਰ ਅਜਿਹੇ ਹਨ ਜਿਹੜੇ ਆਪਣੀ ਆਰਥਿਕਤਾ ਕਾਰਨ ਡੇਰੇ ਵਿਚ ਸ਼ਾਮਲ ਹੋ ਜਾਂਦੇ ਹਨ। ਡੇਰੇ ਵਿਚ ਦਾਖ਼ਲ ਹੋਣ ਦੀਆਂ ਰਸਮਾਂ ਸਾਰਿਆਂ ਲਈ ਇੱਕੋ ਹੀ ਹਨ। ਹਰ ਡੇਰੇ ਦੇ ਆਪਣੇ ਅਸੂਲ ਤੇ ਨਿਯਮ ਹਨ, ਜਿਨ੍ਹਾਂ ਨੂੰ ਹਰ ਡੇਰਾ ਨਿਭਾਉਂਦਾ ਹੈ।

**ਮੌਤ ਸਮੇਂ ਨਿਭਾਈਆਂ ਜਾਂਦੀਆਂ ਰਸਮਾਂ-**

ਕਿੰਨਰਾਂ ਦੇ ਰਸਮੋ-ਰਿਵਾਜ਼, ਵੱਖਰੀ ਬੋਲ-ਚਾਲ, ਖਾਣ-ਪੀਣ ਦੀਆਂ ਆਦਤਾਂ ਵਿਆਹ ਪ੍ਰਣਾਲੀ, ਖੁੱਲ੍ਹਾਂ ਖ਼ਰਚ ਕਰਨ ਦੀ ਪ੍ਰਵਿਰਤੀ, ਮੁਰਦੇ ਨੂੰ ਦਫ਼ਨਾਉਣ ਦੀ ਪ੍ਰਕਿਰਿਆ, ਵਧੇਰੇ ਨਸ਼ਾ ਕਰਨ ਦਾ ਰੁਝਾਨ, ਲੜਾਈ ਝਗੜਿਆਂ ਕਤਲਾਂ ਤੱਕ ਦਾ ਨਿਪਟਾਰਾ ਕਰਦੀ ਲੋਕ ਅਦਾਲਤ ਦਾ ਵਿਧੀ ਵਿਧਾਨ ਆਦਿ ਵੇਰਵਿਆਂ ਨੂੰ ਬੜੀ ਬਾਰੀਕੀ ਨਾਲ ਸਾਹਿਤਕ ਰਚਨਾਵਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਮਰਨ ਸਮੇਂ ਇਸ ਸਮਾਜ ਦੀਆਂ ਆਪਣੀਆਂ ਰੀਤਾਂ-ਰਸਮਾਂ ਹਨ। ਇਸ ਉਪਰੰਤ ਕਿੰਨਰ ਸਮਾਜ ਵੱਖ- ਵੱਖ ਰਸਮਾਂ ਨੂੰ ਨਿਭਾਉਂਦਾ ਹੈ। ਕਿਸੇ ਕਿੰਨਰ ਦੀ ਮੌਤ ਉਪਰੰਤ ਇਸ ਸਮਾਜ ਦੇ ਲੋਕ ਵੀ

ਸਿਆਪਾ ਕਰਦੇ ਹਨ। ਜਿਸ ਦਾ ਦ੍ਰਿਸ਼ ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ '?ਵਿਚ ਦੇਖਿਆ ਜਾ ਸਕਦਾ ਹੈ:

ਦਾਦਾ ਗੁਰੂ ਦਾ ਤੀਜੇ ਨੰਬਰ ਵਾਲਾ ਚੇਲਾ ਯਾਨੀ ਜ਼ਰੀਨਾ ਅਹਿਮਦ ਹਾਜੀ ਦਾ ਜੇਠ ਗੁਰੂ ਆਪਣੇ ਚੇਲਿਆਂ ਨਾਲ ਆਇਆ ਤਾਂ ਸਾਰੇ ਇਕਦਮ ਗੋਲ ਘੇਰਾ ਜਿਹਾ ਬਣਾ ਕੇ ਖੜ੍ਹ ਗਏ। ਫੇਰ ਛਾਤੀ ਅਤੇ ਪੱਟਾਂ ਤੇ ਹੱਥ ਮਾਰਦੇ ਉੱਚੀ ਉੱਚੀ ਬੋਲਣ ਲੱਗੇ। ਦਾਦਾ ਗੁਰੂ ਮੇਸ਼ੀ ਮੂਹਰੇ ਬੋਲਦਾ , ਹਾਇ ! ਹਾਇ ! ਰਾਜਿਆਂ ! ਹਾਇ ਤੈਨੂੰ !

ਜੰਗਲ ਲਾ ਲੇ ਡੇਰੇ ਵੇ ਰਜਿਆਂ ਹਾਏ ਤੈਨੂੰ !

ਬਾਕੀ ਦੇ ਛਾਤੀ ਅਤੇ ਪੱਟਾਂ ' ਤੇ ਤਾਲ ਨਾਲ ਹੱਥ ਮਾਰਦੇ ' ਹਾਇ ਹਾਇ ' ਰਾਜਿਆਂ ਹਾਇ ਤੈਨੂੰ ' ਮੇਸ਼ੀ ਗੁਰੂ ਲਗਾਤਾਰ ਲੱਗਿਆ ਰਿਹਾ –

ਜੰਗਲ ਦਾ ਕੀ ਵਾਸ ਵੇ ਰਾਜਿਆ ਹਾਇ ਤੈਨੂੰ

ਹਾਇ ਹਾਇ ! ਰਾਜਿਆ ਹਾਏ ਤੈਨੂੰ !

ਰੋਂਦੀ ਸ਼ਹਿਜ਼ਾਦੀ ਵਾਲਿਆਂ ਰਾਜਿਆਂ ਹਾਇ ਤੈਨੂੰ

ਰੋਂਦੀ ਡਫਲੀ ਵਾਲਿਆਂ ਵੇ ਰਾਜਿਆ ਹਾਇ ਤੈਨੂੰ

ਰੋਂਦੀ ਜੁਗਨੂੰ ਵਾਲਿਆਂ ਵੇ ਰਾਜਿਆ ਹਾਇ ਤੈਨੂੰ !

ਰੋਂਦਿਆਂ ਸੱਜਣਾਂ ਵਾਲਿਆਂ ਵੇ ਰਾਜਿਆ ਹਾਇ ਤੈਨੂੰ !

ਰੋਂਦਿਆਂ ਚੇਲਿਆਂ ਵਾਲਿਆਂ ਵੇ ਰਾਜਿਆ ਹਾਇ ਤੈਨੂੰ !

ਤੇ ਫੇਰ ਉਨ੍ਹਾਂ ਨੇ ਇਕਦਮ ਹੀ ਤਾਲ ਬਦਲ ਦਿੱਤੀ ' ਹਾਇ ਹਾਇ '! ਚੋਣਵਾਂ !

ਸਾਰਿਆਂ ' ਚ ਚੋਣਵਾਂ !

ਸੱਜਣਾਂ ‘ ਚ ਚੋਣਵਾਂ !

‘ਹਾਇ ਹਾਇ’ ਚੋਣਵਾਂ!

ਚੇਲਿਆਂ ਦਾ  ਚੋਣਵਾਂ

ਵਿਹੜੇ ਵਿੱਚ‘ ਚ ਚੋਣਵਾਂ

‘ਹਾਇ ਹਾਇ’ ‘ਚ ਚੋਣਵਾਂ

‘ਹਾਇ ਹਾਇ’ ਫੁੱਲਾਂ ਵਾਲਾ!

ਸੱਜਣਾਂ ਦਾ ਫੁੱਲਾਂ ਵਾਲਾ !

‘ਹਾਇ ਹਾਇ’ ਫੁੱਲਾਂ ਵਾਲਾ!

ਚੇਲਿਆਂ ਦਾ ਫੁੱਲਾਂ ਵਾਲਾ !

‘ਹਾਇ ਹਾਇ’ ਫੁੱਲਾਂ ਵਾਲਾ!’ (160)

ਸਭਿਅਕ ਸਮਾਜ ਦੀ ਤਰ੍ਹਾਂ ਕਿੰਨਰ ਸਮਾਜ ਵੀ ਆਪਣੀਆਂ ਵੱਖਰੀਆਂ ਰਸਮਾਂ ਨੂੰ ਨਿਭਾਉਂਦਾ ਹੈ। ਮਰਨ ਤੋਂ ਬਾਅਦ ਵਿਚ ਜਿਸ ਤਰ੍ਹਾਂ ਸਭਿਅਕ ਸਮਾਜ ਵਿਚ ਕੋਈ ਆਪਣੇ ਜਿਉਂਦੇ-ਜੀਅ ਜਿਊਣ ਜੱਗ ਕਰਦਾ ਹੈ ਤਾਂ ਉਸ ਰਸਮ ਨੂੰ ਕਿੰਨਰ ਸਮਾਜ ਵਿਚ ‘ਰੋਟੀ’ ਦੀ ਰਸਮ ਕਿਹਾ ਜਾਂਦਾ ਹੈ। ਮਰਨ ਉਪਰੰਤ ਭੋਗ ਪਾਉਣ ਦੀ ਰਸਮ ਨੂੰ ‘ਘੜਾ’ ਦੀ ਰਸਮ ਕਿਹਾ ਜਾਂਦਾ ਹੈ। ਹਰਪਿੰਦਰ ਰਾਣਾ ਦੇ ਨਾਵਲ ‘ਕੀ ਜਾਣਾ ਮੈਂ ਕੌਣ?’ ਦੇ ਬਿਰਤਾਂਤ ਵਿਚੋਂ ਇਹ ਵੇਰਵੇ ਸਪਸ਼ਟੀਕਰਨ ਵਜੋਂ ਦੇਖੇ ਜਾ ਸਕਦੇ ਹਨ -

ਕਰਨਾਲ ਦੀ ‘ ਮਤਰਾਣਾ ਮੁਖੀ ’ ਨੇ ਆਪਣਾ ‘ ਜੀਵਨ ਮਰਨ ਘੜਾ ’(ਰੋਟੀ ) ਕਰਵਾਇਆ। ਸਾਂਝੇ ਜੰਞ ਘਰ ਇਸ ਸਮਾਗ਼ਮ ਲਈ ਬੁੱਕ ਕਰਵਾਏ ਗਏ ਸਨ। ਵਿਚਲੀ ਕੰਧ ਚੁਕਵਾ ਕੇ ਫਿਰ ਤੋਂ ਬਣਾਏ ਜਾਣ ਦਾ ਲਿਖਤੀ ਇਕਰਾਰਨਾਮਾ ਵੀ ਦਿੱਤਾ। ਅਜਿਹੇ ਸਮਾਗਮ ਭਾਈਚਾਰਾ ਮਿਲਣੀ ਦੇ ਸਬੱਬ ਤਾਂ

> ਬਣਦੇ ਹੀ ਹਨ , ਨਾਲ-ਨਾਲ ਆਪਸੀ ਸਾਂਝ ਦੇ ਰਿਸ਼ਤੇ ਵੀ ਮਜ਼ਬੂਤ ਹੁੰਦੇ। ਆਖ਼ਰੀ ਦਿਨ ਕਰਨਾਲ ਦੀ ਉਸ ਮਤਰਾਣਾ ਮੁਖੀ ਦਾ ' ਜੀਵਨ ਮਰਨ ਘੜਾ ' ਸੀ। ਆਪਣੇ ਜਿਉਂਦੇ ਜੀਅ ਹੀ ਆਪਣੀ ਮੌਤ 'ਤੇ ਕੀਤੀ ਜਾਣ ਵਾਲੀ ਰੋਟੀ ਅਤੇ ਪੁੰਨ - ਦਾਨ ਦੀ ਪ੍ਰਥਾ , ਇਸ ਅਨੋਖੀ ਮੂਰਤ ਨਗਰੀ ਦੀ ਸਭ ਤੋਂ ਅਹਿਮ ਪ੍ਰਥਾ ਹੈ (153)

ਸਭਿਅਕ ਸਮਾਜ ਵਿਚ ਜਿਸ ਤਰ੍ਹਾਂ ਵਿਆਹ ਸਮੇਂ ਨਿਉਂਦੇ ਦੀ ਰਸਮ ਅਦਾ ਕੀਤੀ ਜਾਂਦੀ ਹੈ। ਉਸੇ ਤਰ੍ਹਾਂ ਕਿੰਨਰ ਸਮਾਜ ਵਿਚ 'ਘੜੇ' ਦੀ ਰਸਮ ਵੀ ਆਰਥਿਕ ਥੁੜ ਦੇ ਉਦੇਸ਼ ਨਾਲ ਨਿਭਾਈ ਜਾਂਦੀ ਹੈ। ਇਸੇ ਤਰ੍ਹਾਂ ਦੇ ਵੇਰਵੇ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਜਿਵੇਂ ਕਿ ਨਾਵਲ ਵਿਚੋਂ ਸੰਕੇਤ ਮਿਲਦੇ ਹਨ ਕਿ-

> ਸਾਰੀਆਂ ਟੋਲੀਆਂ ਨੇ ਵਿੱਤ ਮੁਤਾਬਿਕ ਘੜੇ ਵਿਚ ਪੈਸੇ ਪਾਏ। ਇਹ ਇਕ ਤਰ੍ਹਾਂ ਨਿਉਂਦੇ ਦੀ ਰਸਮ ਰੀਤ ਹੈ ਜੋ ਕਿ ਆਰਥਿਕ ਸੰਕਟ ਨੂੰ ਪੂਰਨ ਲਈ ਕੀਤੀ ਜਾਂਦੀ ਹੈ। ਦਿਲ ਖੋਲ੍ਹ ਕੇ ਸਭ ਦਾਨ ਕਰਦੇ ਨੇ। ਜਿਵੇਂ ਕਿਤੇ ਇਹ ਪੁੰਨ ਸਿੱਧਾ ਦਰਗਾਹ ਦੇ ਨਾਮ ਹੋਵੇ।(77 )

ਮੌਤ ਉਪਰੰਤ ਕਿੰਨਰ ਭਾਈਚਾਰੇ ਨੂੰ ਸੂਚਿਤ ਕਰ ਦਿੱਤਾ ਜਾਂਦਾ ਹੈ।ਕਿੰਨਰ ਸਮਾਜ ਵਿਚ ਬਰਾਦਰੀ ਦੇ ਆਉਣ ਤੇ ਸਾਰੀਆ ਰਸਮਾਂ ਨਿਭਾਈਆਂ ਜਾਂਦੀਆਂ ਹਨ। ਨਿਯਮ ਅਨੁਸਾਰ ਦੂਜਿਆਂ ਦੇ ਆਉਣ ਤੋਂ ਪਹਿਲਾਂ ਗੁਰੂ ਦੇ ਚਰਨਾਂ ਕੋਲ ਬੈਠ ਜਾਂਦੇ ਹਨ ।

## ਰਿਸ਼ਤਾ-ਨਾਤਾ ਪ੍ਰਬੰਧ

ਬੁਨਿਆਦੀ ਰੂਪ ਵਿਚ ਮਨੁੱਖ ਇਕ ਕੜੀ ਦੇ ਰੂਪ ਵਿਚ ਇਕ ਦੂਜੇ ਨਾਲ ਬੱਝਿਆ ਹੋਇਆ ਹੈ। ਇਹ ਕੜੀ ਹੀ ਉਸ ਦੇ ਰਿਸ਼ਤਿਆਂ ਨੂੰ ਸਿਰਜਦੀ ਹੈ ਅਤੇ ਉਨ੍ਹਾਂ ਨੂੰ ਨਾਮਕਰਨ ਦਿੰਦੀ ਹੈ। ਇਸ ਨਾਮਕਰਨ ਨੂੰ ਹੀ ਰਿਸ਼ਤਾ -ਨਾਤਾ ਪ੍ਰਬੰਧ ਵਜੋਂ ਜਾਣਿਆ ਜਾਂਦਾ ਹੈ। ਮਨੁੱਖ ਸਮਾਜ ਦਾ ਹਿੱਸਾ ਹੈ ਅਤੇ ਮਨੁੱਖ ਤੋਂ ਬਿਨਾਂ ਸਮਾਜ ਦੀ ਕੋਈ ਹੋਂਦ ਨਹੀਂ ਹੈ। ਮਨੁੱਖੀ ਵਿਕਾਸ ਦੇ ਸਮਾਜਿਕ ਇਤਿਹਾਸ ਵਿਚ ਵਿਅਕਤੀ ਅਤੇ ਸਮਾਜ

ਦੋਵੇਂ ਹੀ ਪ੍ਰਧਾਨ ਹਨ । ਸਮਾਜ ਤੋਂ ਬਿਨਾਂ ਮਨੁੱਖ ਦੀ ਕੋਈ ਹੋਂਦ ਨਹੀਂ ਹੈ । ਸਮਾਜ ਵਿਚ ਹੀ ਰਿਸ਼ਤਾ-ਨਾਤਾ ਪ੍ਰਬੰਧ ਹੋਂਦ ਵਿਚ ਆਉਂਦਾ ਹੈ । ' ਰਿਸ਼ਤਾ-ਨਾਤਾ ' ਸ਼ਬਦ ਨੂੰ ਇਕ ਪ੍ਰਬੰਧ ਵਜੋਂ ਵਰਣਨ ਕਰਦਾ ਹੋਇਆ ਲੇਸ਼ਿਲ ਏ. ਵਾਈਟ ਲਿਖਦਾ ਹੈ ਕਿ-

> ਇਕ ਰਿਸ਼ਤਾ-ਨਾਤਾ ਪ੍ਰਬੰਧ ਵਿਅਕਤੀਆਂ ਦੇ ਸਮੂਹ ਨੂੰ ਬਰਾਦਰੀ ਅਤੇ ਨਾਤੇਦਾਰੀ ਦੇ ਬੰਧਨਾਂ ਦੇ ਆਧਾਰ ' ਤੇ ਸੰਗਠਿਤ ਕਰਨ ਅਤੇ ਅਨੇਕ ਸੰਦਰਭਾਂ ਵਿਚ ਉਨ੍ਹਾਂ ਦੇ ਅੰਤਰ ਸਾਕ ਵਰਤਾਓ ਨੂੰ ਨਿਰਦੇਸ਼ ਦੇਣ , ਨਿਰੰਤਰਤਾ ਪ੍ਰਦਾਨ ਕਰਨ ਅਤੇ ਨਿਯੰਤਰਨ ਵਿਚ ਰੱਖਣ ਵਾਲਾ ਸੰਸਥਾਨ ਹੈ ।('ਈਵਲੂਏਸ਼ਨ ਆਫ ਕਲਚਰ '107)

ਸੋ ਰਿਸ਼ਤਾ-ਨਾਤਾ ਪ੍ਰਬੰਧ ਹਰੇਕ ਸਮਾਜ ਨੂੰ ਇਕ ਸੁਚੱਜੇ ਢੰਗ ਨਾਲ ਬੰਨ੍ਹ ਕੇ ਠੀਕ ਦਿਸ਼ਾ ਵਿਚ ਤੋਰਨ ਦਾ ਅਧਾਰ ਬਣਦਾ ਹੈ । ਹਰ ਸਮਾਜਿਕ ਢਾਂਚਾ ਆਪਣੀ ਹੋਂਦ ਨੂੰ ਕਾਇਮ ਕਰਨ ਲਈ ਕੁਝ ਪ੍ਰਤੀਮਾਨ ਸਥਾਪਿਤ ਕਰਦਾ ਹੈ । ਸਮਾਜਿਕ ਨਿਯਮ ਸਮਾਜਿਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਬਣਾਏ ਜਾਂਦੇ ਹਨ । ਇਨ੍ਹਾਂ ਨਿਯਮਾਂ ਦੀ ਪਾਲਣਾ ਹਰ ਸਮਾਜ ਆਪਣੇ ਢੰਗ ਅਨੁਸਾਰ ਕਰਦਾ ਹੈ । ਕਿੰਨਰ ਸਮਾਜ ਦੇ ਵੀ ਆਪਣੇ ਪ੍ਰਤੀਮਾਨ ਹਨ । ਇਨ੍ਹਾਂ ਪ੍ਰਤੀਮਾਨਾਂ ਦੇ ਅਧਾਰ ਤੇ ਇਸ ਵਰਗ ਦੇ ਲੋਕ ਆਪਣੀ ਜ਼ਿੰਦਗੀ ਵਸਰ ਕਰਦੇ ਹਨ । ਰਿਸ਼ਤੇ ਸਮਾਜਿਕ ਪ੍ਰਬੰਧ ਦਾ ਕੇਂਦਰ ਬਿੰਦੂ ਹਨ । ਇਹ ਸਮਾਜਿਕ ਸੰਗਠਨ ਨੂੰ ਇਕ ਪ੍ਰਬੰਧ ਵਿਚ ਬੰਨ੍ਹ ਕੇ ਸਹੀ ਦਿਸ਼ਾ ਵਿਚ ਤੋਰਨ ਦਾ ਕੰਮ ਕਰਦੇ ਹਨ । ਭਾਈਚਾਰਕ ਅਤੇ ਸਮਾਜਿਕ ਜੀਵਨ ਜਿਊਣ ਲਈ ਮਨੁੱਖ ਸਮਾਜ ਦੀ ਸ਼ਰਨ ਵਿਚ ਆਉਂਦਾ ਹੈ । ਔਰਤ ਅਤੇ ਮਰਦ ਦੇ ਆਪਸੀ ਸੰਬੰਧਾਂ ਰਾਹੀਂ ਰਿਸ਼ਤਾ-ਨਾਤਾ ਪ੍ਰਬੰਧ ਹੋਂਦ ਵਿਚ ਆਉਂਦਾ ਹੈ । ਸਮਾਜ ਵਿਚ ਇਸੇ ਅਧਾਰ ਤੇ ਹੀ ਰਿਸ਼ਤੇ ਸਿਰਜੇ ਜਾਂਦੇ ਹਨ । ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਰਿਸ਼ਤਿਆਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ : ਲਹੂ ਦੇ ਰਿਸ਼ਤੇ ਅਤੇ ਅਲਹੂ ਦੇ ਰਿਸ਼ਤੇ । ਉਸ ਅਨੁਸਾਰ-

> ਲਹੂ ਦੇ ਰਿਸ਼ਤੇ ਮਨੁੱਖ ਨੂੰ ਰੱਬੋਂ ਦਾਨ ਵਜੋਂ ਮਿਲਦੇ ਹਨ ਜੋ ਕਿ ਸਹਿਜ ਭਾਵ ਵਿਚ ਹੀ ਉਸ ਦੇ ਜੀਵਨ ਦਾ ਅੰਗ ਬਣ ਜਾਂਦੇ ਹਨ ਪਰ ਅਲੂਹ ਦੇ ਰਿਸ਼ਤੇ ਖ਼ੁਦ ਸਿਰਜਦਾ ਹੈ ਅਤੇ ਜੀਵਨ

> ਵਿਚ ਰਚਾਂਦਾ ਹੈ ਪਹਿਲਿਆਂ ਨਾਲ ਉਹ ਜਨਮ ਸਦਕਾ ਬੱਝਿਆ ਹੁੰਦਾ ਹੈ ਅਤੇ ਦੂਜਿਆਂ ਨਾਲ ਮਨ ਸਦਕਾ। ('ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ '46)

ਸਮਾਜ ਔਰਤ ਤੇ ਮਰਦ ਤੋਂ ਇਲਾਵਾ ਕਿਸੇ ਤੀਜੀ ਧਿਰ ਦਾ ਜ਼ਿਕਰ ਹੀ ਨਹੀਂ ਕਰਦਾ ਕਿ ਇਸ ਤੀਜੀ ਧਿਰ ਦੇ ਰਿਸ਼ਤਿਆਂ ਦਾ ਕੀ ਅਧਾਰ ਹੋਵੇਗਾ ? ਕਿੰਨਰ ਸਮਾਜ ਤਾਂ ਲਹੂ ਦੇ ਰਿਸ਼ਤੇ ਤੋਂ ਪਰਿਵਾਰ ਨਾਲੋਂ ਟੁੱਟਣ ਵੇਲੇ ਹੀ ਵੱਖ ਹੋ ਜਾਂਦਾ ਹੈ। ਇਸ ਲਈ ਇਸ ਸਮਾਜ ਵਿਚ ਅਲਹੂ ਦੇ ਰਿਸ਼ਤੇ ਹੀ ਹੋਂਦ ਵਿਚ ਆਉਂਦੇ ਹਨ। ਪਰਿਵਾਰ ਨਾਲੋਂ ਟੁੱਟਣ ਵੇਲੇ ਹੀ ਇਨ੍ਹਾਂ ਦਾ ਗੋਤ ਖ਼ਤਮ ਹੋ ਜਾਂਦਾ ਹੈ। ਕਿੰਨਰ ਸਮਾਜ ਵਿਚ ਇਨ੍ਹਾਂ ਦੇ ਸੱਤ ਘਰਾਣੇ ਹੀ ਪਹਿਚਾਣ ਬਣਦੇ ਹਨ।

ਕਿੰਨਰ ਸਮਾਜ ਅਲੱਗ ਨਾ ਹੋ ਕੇ ਆਪਣੇ ਹੀ ਸਮਾਜ ਵਿਚ ਮਿਲ-ਜੁਲ ਕੇ ਰਹਿੰਦੇ ਹਨ। ਬੇਸ਼ੱਕ ਇਸ ਸਮਾਜ ਦੇ ਲੋਕਾਂ ਦਾ ਆਪਸੀ ਕੋਈ ਲਹੂ-ਮਾਸ ਦਾ ਰਿਸ਼ਤਾ ਨਹੀਂ ਹੁੰਦਾ। ਅਲੱਗ-ਅਲੱਗ ਪਰਿਵਾਰਾਂ ਵਿਚੋਂ ਆਏ ਹੋਏ ਆਪਣੇ ਇਸ ਸਮਾਜ ਵਿਚ ਇਕ ਪਰਿਵਾਰ ਦੀ ਤਰ੍ਹਾਂ ਰਹਿੰਦੇ ਹਨ। ਏਕਤਾ ਹੀ ਇਸ ਸਮਾਜ ਦੀ ਪਹਿਚਾਣ ਹੈ। ਸਮਾਜ ਤੋਂ ਵਿਛੁੰਨੇ ਗਏ ਕਿੰਨਰ ਇਕ ਸਮਾਜ ਬਣਾ ਕੇ ਆਪਣੀ ਵੱਖਰੀ ਦੁਨੀਆ ਵਿਚ ਵਾਸ ਕਰਦੇ ਹਨ। ਸਭਿਅਕ ਸਮਾਜ ਵਿਚ ਜਿਸ ਤਰ੍ਹਾਂ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਕਿੰਨਰ ਸਮਾਜ ਵਿਚ ਵੀ ਆਪਣੇ ਸਮਾਜ ਨੂੰ ਚਲਾਉਣ ਲਈ ਨਿਯਮਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਜਦੋਂ ਇਕ ਕਿੰਨਰ ਇਸ ਸਮਾਜ ਵਿਚ ਪ੍ਰਵੇਸ਼ ਕਰਦਾ ਹੈ ਤਾਂ ਕਿੰਨਰ ਸਮਾਜ ਨੂੰ ਬੇਟੀ ਦੇ ਰੂਪ ਵਿਚ ਸਵੀਕਾਰਤਾ ਦੇਣੀ ਅਤਿ ਜ਼ਰੂਰੀ ਹੈ। ਜੋ ਸਵੀਕਾਰ ਕਰਦਾ ਹੈ ਉਸ ਨੂੰ ਗੁਰੂ (ਮਾਂ)ਅਤੇ ਜਿਸ ਨੂੰ ਸਵੀਕਾਰ ਕੀਤਾ ਜਾਂਦਾ ਹੈ ਉਸ ਨੂੰ ਚੇਲਾ(ਬੇਟੀ) ਕਿਹਾ ਜਾਂਦਾ ਹੈ। ਇਕ ਕਿੰਨਰ ਸਮਾਜ ਦੇ ਵਿਚ ਰਹਿਣ ਵਾਲੇ ਕਿੰਨਰਾਂ ਦੇ ਸੱਤ ਗੋਤ ਹੁੰਦੇ ਹਨ। ਇਸ ਨੂੰ ਘਰ ਅਤੇ ਘਰਾਣਾ ਆਦਿ ਨਾਵਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ। ' ਇਹ ਸੱਤ ਘਰਾਣੇ ਹਨ ਜਿਵੇਂ ਭੈਂਦੀਬਜ਼ਾਰਵਾਲ, ਬੁਲਕਵਾਲਾ, ਲਲਨਵਾਲਾ, ਲਖਨਊ ਵਾਲਾ, ਪੂਨੇ ਵਾਲਾ, ਦਿੱਲੀ ਵਾਲਾ ਤੇ ਹੈਦਰ ਇਬਰਾਹੀਮ ਵਾਲਾ ਆਦਿ। ਇਹ ਘਰਾਣੇ ਸਾਰੇ ਭਾਰਤ ਦੇ ਹਨ। ਪੰਜਾਬ ਵਿਚ ਇਨ੍ਹਾਂ ਦੇ ਆਪਣੇ ਘਰਾਣੇ ਹਨ ਪਰ ਗਿਣਤੀ ਇਨ੍ਹਾਂ ਦੀ ਵੀ ਸੱਤ ਹੀ ਹੈ, ਜਿਵੇਂ ਸਾਜਨੀਏ, ਰਾਈਕੇ, ਮਤਰਾਣੇ,

ਟੱਪਕਈਏ, ਮੋਨੇ ਸਰਹੰਦੀਏ ਤੇ ਲਸ਼ਕਰੀਏ ਆਦਿ । ਘਰਾਣੇ ਮਿਲ ਕੇ ਇਕ ਗੁਰੂ ਦੀ ਚੋਣ ਕਰਦੇ ਹਨ । ਹਰੇਕ ਘਰਾਣੇ ਦੇ ਲਈ ਇਕ ਨਾਇਕ ਹੁੰਦਾ ਹੈ ਜੋ ਇਕ-ਇਕ ਘਰਾਣੇ ਦੀ ਗੱਲਬਾਤ ਨੂੰ ਗੁਰੂ ਤੱਕ ਪਹੁੰਚਾਉਂਦਾ ਰਹਿੰਦਾ ਹੈ । ਕਿੰਨਰ ਸਮਾਜ ਜਾਂ ਘਰਾਣੇ ਦੇ ਵਿਚ ਜੋ ਵੀ ਸਮੱਸਿਆਵਾਂ ਹਨ ,ਉਨ੍ਹਾਂ ਦਾ ਹੱਲ ਨਾਇਕ ਦੁਆਰਾ ਕੀਤਾ ਜਾਂਦਾ ਹੈ । ਸਭਿਅਕ ਸਮਾਜ ਦੀ ਤਰ੍ਹਾਂ ਕਿੰਨਰ ਸਮਾਜ ਵਿਚ ਵੀ ਪਰਿਵਾਰ ਦੀ ਵਿਵਸਥਾ ਮੌਜੂਦ ਹੁੰਦੀ ਹੈ । ਜਿਸ ਤਰ੍ਹਾਂ ਬੇਬੇ ਦਾਦੀ (ਦਾਦੀ ਮਾਂ ਦੀ ਮਾਂ ਦੀ ਗੁਰੂ),ਦਾਦਾ ਗੁਰੂ (ਦਾਦੀ ਮਾਂ ਦੇ ਗੁਰੂ) ,ਨਾਨਾ ਗੁਰੂ (ਗੁਰੂ ਦੇ ਗੁਰੂ) ,ਗੁਰੂ (ਮਾਂ),ਕਾਲਾ ਗੁਰੂ (ਗੁਰੂ ਦੀ ਭੈਣ ), ਗੁਰੂ ਭਾਈ (ਭੈਣ), ਵੱਡਾ ਗੁਰੂ(ਵੱਡੀ ਭੈਣ), ਛੋਟਾ ਗੁਰੂ ਭਾਈ (ਛੋਟੀ ਭੈਣ),ਚੇਲਾ (ਬੇਟੀ) ,ਨਾਟੀ ਚੇਲਾ (ਬੇਟੀ ਦੀ ਬੇਟੀ),ਚਾਂਦੀ ਚੇਲਾ (ਪੋਤੀ ਦੀ ਬੇਟੀ), ਸਾਦਕ ਚਾਟੀ (ਪੋਤੀ ਦੀ ਬੇਟੀ ਦੀ ਬੇਟੀ ) ਆਦਿ ।

ਕਿੰਨਰ ਸਮਾਜ ਰਿਸ਼ਤਿਆਂ ਦੇ ਲਈ  ਬਹੁਤ ਤੜਫ਼ਦਾ ਹੈ । ਜਨਮ ਤੋਂ ਬਾਅਦ ਮਾਪੇ ਉਨ੍ਹਾਂ ਨੂੰ ਕਿੰਨਰ ਡੇਰਿਆਂ ਤੱਕ ਪਹੁੰਚਾ ਦਿੰਦੇ ਹਨ ਪਰ ਪਰਿਵਾਰਕ ਰਿਸ਼ਤਿਆਂ ਦਾ ਮੋਹ ਉਨ੍ਹਾਂ ਨੂੰ ਜ਼ਿੰਦਗੀ ਭਰ ਤੜਫਾਉਂਦਾ ਹੈ । ਚਾਹ ਕੇ ਵੀ ਉਹ ਰਿਸ਼ਤਿਆਂ ਨੂੰ ਨਿਭਾ ਨਹੀਂ ਸਕਦੇ । ਡੇਰੇ ਵਿਚ ਆ ਕੇ ਉਨ੍ਹਾਂ ਦੇ ਨਵੇਂ ਰਿਸ਼ਤੇ ਬਣ ਜਾਂਦੇ ਹਨ । ਕਿੰਨਰ ਸਮਾਜ ਵਿਚ ਦੋ ਤਰ੍ਹਾਂ ਦੇ ਰਿਸ਼ਤੇ ਬਣ ਜਾਂਦੇ ਹਨ । ਖ਼ੂਨ ਦੇ ਰਿਸ਼ਤਿਆਂ ਵਿਚ ਉਨ੍ਹਾਂ ਦੇ ਪਰਿਵਾਰ ਦੇ ਰਿਸ਼ਤੇ ਆ ਜਾਂਦੇ ਹਨ । ਦੂਸਰੇ ਰਿਸ਼ਤੇ ਡੇਰਿਆਂ ਵਿਚ ਆ ਕੇ ਬਣਦੇ ਹਨ । ਡੇਰੇ ਵਿਚ ਗੁਰੂ ਤੇ ਚੇਲੇ ਦਾ ਰਿਸ਼ਤਾ ਅਹਿਮ ਮੰਨਿਆ ਜਾਂਦਾ ਹੈ । ਇਸ ਰਿਸ਼ਤੇ ਦੇ ਅਧਾਰ ਤੇ ਅੱਗੇ ਰਿਸ਼ਤੇ ਬਣਦੇ ਹਨ ।

ਜਸਵੀਰ ਰਾਣਾ  ਦੇ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦੀ ਵੀ ਦਿਲ ਹੁੰਦਾ ਹੈ' ਵਿਚ ਵੀਨਾ ਵਰਮਾ ਦੀ ਕਹਾਣੀ ' ਸਤੀ ' ਦੀ ਪਾਤਰ  ਕ੍ਰਿਸ਼ਨਾ ਦੀ ਰਿਸ਼ਤਿਆਂ ਪ੍ਰਤੀ ਤੜਫ਼ ਨੂੰ  ਬਿਆਨ ਕਰਦੀ ਹੈ । ਡੇਰਿਆਂ ਵਿਚ ਆਉਣ ਤੋਂ ਬਾਅਦ ਇਨ੍ਹਾਂ ਦਾ ਆਪਣੇ ਪਰਿਵਾਰ ਨਾਲ ਰਿਸ਼ਤਾ ਲਗਭਗ ਖ਼ਤਮ ਹੀ ਹੋ ਜਾਂਦਾ ਹੈ ਪਰ ਆਪਣਿਆਂ ਦੀ ਤੜਫ਼ ਤਾਂ ਹਮੇਸ਼ਾ ਰਹਿੰਦੀ ਹੈ । ਕ੍ਰਿਸ਼ਨਾ ਵੀ ਸਾਰੀ ਉਮਰ ਇਨ੍ਹਾਂ ਰਿਸ਼ਤਿਆਂ ਲਈ ਤੜਫ਼ਦੀ ਰਹੀ ਹੈ ਕਿ-

> ਹੀਜੜਿਆਂ ਦੇ ਕਿਹੜੇ ਮਾਂ ਪਿਓ ਹੁੰਦੇ ਨੇ ----। ਸਾਨੂੰ ਕਰਮਾਂ ਸੜਿਆਂ ਨੂੰ ਤਾਂ ਜੰਮਦਿਆਂ ਹੀ ਸਾਡੀ ਜਾਤ ਬਰਾਦਰੀ ਖੋਹ ਕੇ ਲੈ ਜਾਂਦੀ ਐ। ਮਾਂ-ਪਿਓ ਭਾਫ਼ ਨਹੀਂ ਕੱਢਦੇ ਬੀ ਸਾਡੇ ਘਰ ਖੁਸਰਾ ਜੰਮਿਐ। ਇਹ ਤਾਂ ਕਹਿੰਦੇ ਨੇ ਦਾਈਆਂ ਹੀ ਸਿਰ ਸੜੀਆਂ ਆਪ ਜਾ ਕੇ ਦੱਸ ਆਂਦੀਆਂ ਨੇ ਹਿਜੜਿਆਂ ਨੂੰ ਬੀ ਥੋੜੇ ਭਾਈਚਾਰੇ 'ਚ ਵਾਧਾ ਹੋਇਐ ----।ਤੇ ਫੇਰ ਪਤੈ ਮਾਸੀ ਅਗਲਿਆਂ ਨੂੰ ਤਾਂ ਮਸਾਂ ਲੱਭਦੈ ਇਹੋ 'ਜਾ ਭਾਈਬੰਦ। ਜਦੋਂ ਇਕ ਵਾਰੀ ਕੋਈ ਹਿਜੜਿਆਂ 'ਚ ਜਾ ਰਲਿਆ, ਤਾਂ ਫੇਰ ਜ਼ਿੰਦਗੀ ਭਰ ਨਰਕ ਭੋਗਦੈ। ਹਾਏ ਸਭ ਕਰਮਾਂ ਦੀਆਂ ਲਿਖੀਆਂ----।(63-64)

ਜਸਵੀਰ ਰਾਣਾ ਦੀ ਕਹਾਣੀ 'ਘੁੰਗਰੂ-ਕਥਾ ' ਵੀ ਪਿਆਰ ਅਤੇ ਹੋਰ ਰਿਸ਼ਤਿਆਂ ਵਿਚਲੀ ਤੜਫ਼ ਨੂੰ ਬਿਆਨ ਕਰਦੀ ਹੈ ਜੋ ਤੜਫ਼ ਆਮ ਆਦਮੀ ਅਤੇ ਔਰਤ ਦੀ ਹੁੰਦੀ ਹੈ। ਇਹ ਵੀ ਆਮ ਮਨੁੱਖ ਦੀ ਤਰ੍ਹਾਂ ਹੀ ਰਿਸ਼ਤੇ ਨਿਭਾਉਣੇ ਲੋਚਦੇ ਹਨ। ਜਿਵੇਂ ਕਿ ਕਹਾਣੀ ਵਿਚਲੀ ਮਾਦਾ ਕਿੰਨਰ ਮਹਿਸੂਸ ਕਰਦੀ ਹੈ ਕਿ-

> ਸ਼ਕਲਾਂ ਪਛਾਣਦਿਆਂ ਉਮਰ ਲੰਘ ਚੱਲੀ ਸੀ। ਪਰ ਕੋਈ ਰਿਸ਼ਤਾ ਨਾ ਲੱਭਾ। ਅੱਗ ਲਾਉਣੇ ਰਿਸ਼ਤਿਆਂ ਦੀ ਤਾਂਘ ਕੀ ਹੁੰਦੀ ਹੈ ! ਇਹ ਮੈਨੂੰ ਹੀ ਪਤਾ ਸੀ। ਮੇਰਾ ਵੀ ਦਿਲ ਕਰਦਾ ਸੀ ਕਿਸੇ ਦੀ ਘਰਵਾਲੀ ਹੋਵਾਂ ! ਕੋਈ ਮੇਰੀ ਉਡੀਕ ਕਰੇ। ਮੈਂ ਕਿਸੇ ਦੀ ਉਡੀਕ ਕਰਾਂ। ਆਟਾ ਗੁੰਨ੍ਹਾਂ। ਰੋਟੀ ਪਕਾਵਾਂ। ਕਿਸੇ ਦੇ ਰੱਖੜੀ ਬੰਨ੍ਹਾਂ। ਕੋਈ ਮੇਰਾ ਸਿਰ ਪਲੋਸੇ। (167)

ਉਪਰੋਕਤ ਵਿਚਾਰ ਕਿੰਨਰਾਂ ਦੀ ਮਾਨਸਿਕਤਾ ਨੂੰ ਬਿਆਨ ਕਰਦੇ ਹਨ। ਜੋ ਕਿੰਨਰ ਬੱਚੇ ਜਨਮ ਤੋਂ ਡੇਰੇ ਵਿਚ ਪੁਹੰਚ ਜਾਂਦੇ ਹਨ, ਉਹ ਵੀ ਇਸ ਮਾਨਸਿਕ ਸੰਤਾਪ ਨੂੰ ਭਾਵਨਾਤਮ ਰੂਪ ਵਿਚ ਹੰਢਾਉਂਦੇ ਹਨ। ਦੂਜੇ ਪਾਸੇ ਜੋ ਬੱਚੇ ਘਰਾਂ ਵਿਚ ਲੁਕਾ ਕੇ ਰੱਖ ਲਏ ਜਾਂਦੇ ਹਨ, ਉਹ ਕਿਵੇਂ ਆਪਣੇ ਅੰਤਰਮਨ ਅਤੇ ਸਮਾਜਿਕ ਪ੍ਰਸਥਿਤੀਆਂ ਦੇ ਦਵੰਦ ਵਿਚ ਉਲਝੇ ਰਹਿੰਦੇ ਹਨ। ਅਜਿਹੇ ਮਨੋਸੰਤਾਪ ਨੂੰ 'ਮਟਕਣ ਲਾਲ ਖੋਜਾ' , 'ਭੇਤਵਾਲੀ ਗੱਲ' , 'ਘੁੰਗਰੂ ਕਥਾ' ਅਤੇ 'ਰੇਤਲਾ' ਕਹਾਣੀ ਵਿਚ ਪੇਸ਼ ਕੀਤਾ ਗਿਆ ਹੈ। ਕਹਾਣੀ ਮਟਕਣ ਲਾਲ ਖੋਜਾ ਦਾ ਪਾਤਰ ਸਰੀਰਕ ਪੱਖੋਂ ਤਾਂ ਪੂਰਨ ਮਰਦ ਹੈ ਪਰ ਭਾਵਨਾਤਮਕ ਪੱਖੋਂ ਅਧੂਰਾ ਹੈ। ਇਸ ਕਾਰਨ ਉਹ ਮਾਨਸਿਕ ਸੰਤਾਪ ਵਿਚੋਂ ਗੁਜ਼ਰਦਾ ਹੈ,ਕਿਉਂਕਿ ਸਮਾਜ ਵਿਚ ਅਜਿਹੇ ਮਰਦਾਂ ਦੀ ਹੋਂਦ ਨੂੰ ਕੋਈ

ਮਾਨਤਾ ਨਹੀਂ ਹੈ। ਕਾਮੁਕਤਾ ਜਾਂ ਮਰਦਾਵੀ ਯੋਗਤਾ ਦੀ ਅਣਹੋਂਦ ਕਾਰਨ ਸਮਾਜ ਇਨ੍ਹਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਕਰਦਾ ਹੈ। ਮਟਕਣ ਖੋਜਾ ਇਸ ਪੱਖ ਤੋਂ ਚੇਤਨ ਤੌਰ ਉੱਤੇ ਸੋਝੀ ਰੱਖਦਾ ਹੈ ਕਿ ਉਸ ਦੀ ਕਾਮੁਕਤਾ ਮਰਦਾਵੀ ਨਾ ਹੋਣ ਕਾਰਨ ਸਮਾਜ ਵਿਚ ਉਸ ਦੇ ਖਾਨਦਾਨ ਦੀ ਨਮੋਸ਼ੀ ਹੋਵੇਗੀ। ਇਸ ਦਾ ਦੋਸ਼ ਉਹ ਆਪਣੇ ਮਾਪਿਆਂ ਤੇ ਲਗਾਉਂਦਾ ਹੈ। ਅਜਿਹੇ ਬੱਚੇ ਆਪਣੇ ਮਾਨਸਿਕ ਵਿਹਾਰ ਕਾਰਨ ਪਰਿਵਾਰ ਤੋਂ ਦੂਰ ਭੱਜਦੇ ਹਨ। ਪਰਿਵਾਰਕ ਸੰਬੰਧਾਂ ਵਿਚ ਪੂਰਨ ਮਹਿਸੂਸ ਨਹੀਂ ਕਰਦੇ। ਮਟਕਣ ਆਪਣੇ ਜਿਨਸੀ ਸੰਬੰਧੀ ਅਧੂਰੇਪਣ ਨੂੰ ਨਾ ਸਹਿਣ ਕਾਰਨ ਮਨੋਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਦੂਜੇ ਪਾਸੇ ਉਸ ਦੀ ਪਤਨੀ ਮਹੁਕਮ ਦੇਵੀ ਨੂੰ ਜਿਨਸੀ ਸੰਬੰਧਾਂ ਵਿਚ ਅਪੂਰਨਤਾ ਮਿਲਣ ਕਾਰਨ ਆਪਣੇ ਪਤੀ ਦੇ ਵਿਰੁੱਧ ਉਸ ਦੇ ਅਚੇਤ ਮਨ ਵਿਚ ਵਿਰੋਧ ਵਸਿਆ ਹੋਇਆ ਹੈ। ਜੋ ਸਥਾਨਾਂਤ੍ਰਣ ਹੋ ਕੇ ਸੱਸ ਤੇ ਨਿਕਲ ਜਾਂਦਾ ਹੈ। ਮਨੋਵਿਗਿਆਨ ਵਿਚ ਇਸ ਨੂੰ ਵਿਸਥਾਪਣ ਕਿਹਾ ਜਾਂਦਾ ਹੈ। ਮੁਹਕਮ ਦੇਵੀ ਆਪਣੇ ਪਤੀ ਦੇ ਅਧੂਰੇਪਣ ਨੂੰ ਅਸਵੀਕਾਰ ਕਰਦੀ ਹੋਈ ਆਪਣੇ ਭਾਵਾਂ ਨੂੰ ਕਿਸੇ ਹੋਰ ਪਾਸੇ ਲਾਉਣਾ ਚਾਹੁੰਦੀ ਹੈ। ਇਸ ਲਈ ਉਹ ਆਪਣੀ ਸੱਸ ਨੂੰ ਕਹਿੰਦੀ ਹੈ –

> ਮਾਂ ਜੀ ਮੇਰਾ ਘਰ ਵਿਹਲੀ ਬੈਠੀ ਦਾ ਜੀ ਨਹੀਂ ਲਗਦਾ। ਪਿਤਾ ਜੀ ਨੂੰ ਆਖੋ ਨਾ ਕਿ ਮੈਨੂੰ ਇਥੇ ਕਿਸੇ ਸਕੂਲ ਵਿਚ ਮਾਸਟਰਨੀ ਲਗਵਾ ਦੇਣ। ਪੇਕੀ ਵੀ ਤਾਂ ਮੈਂ ਇਕ ਪ੍ਰਾਈਵੇਟ ਸਕੂਲ਼ ਵਿਚ ਪੜ੍ਹਾਉਂਦੀ ਰਹੀ ਹਾਂ। (31)

ਇਸ ਤਰ੍ਹਾਂ ਮਹੁਕਮ ਦੇਵੀ ਦਾ ਸਕੂਲ ਵਿਚ ਮਾਸਟਰਨੀ ਲੱਗਣਾ ਵਾਸਤਵਿਕਤਾ ਤੋਂ ਪਲਾਇਨ ਕਰਨਾ ਹੈ। ਮਨੋਵਿਗਿਆਨ ਵਿਚ ਇਹੋ ਰੁਚੀ ਪਲਾਇਨਵਾਦ ਕਹਾਉਂਦੀ ਹੈ। ਇਸ ਪਲਾਇਨਵਾਦੀ ਪ੍ਰਕ੍ਰਿਆ ਨਾਲ ਵਿਅਕਤੀ ਆਪਣੇ ਆਪ ਨੂੰ ਵਾਧੂ ਪਰੇਸ਼ਾਨੀਆਂ ਤੋਂ ਸਰੁੱਖਿਅਤ ਰੱਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ।

'ਰੇਤਲਾ' ਕਹਾਣੀ ਦਾ ਮੁੱਖ ਪਾਤਰ ਮਨਿੰਦਰ ਮਾਨਸਿਕ ਤੌਰ ਤੇ ਉਨ੍ਹਾਂ ਵਿਅਕਤੀਆਂ ਦੀ ਸੂਚੀ ਵਿਚ ਆਉਂਦਾ ਹੈ ਜੋ ਜੈਵਿਕ ਪੱਧਰ ਤੇ ਤਾਂ ਮਰਦ ਹਨ, ਪਰ ਮਾਨਸਿਕ ਪੱਧਰ ਤੇ ਮਰਦ ਅਤੇ ਕਿੰਨਰਾਂ ਦੀ ਵਿਚਕਾਰਲੀ ਮਨੋਦਸ਼ਾ ਨੂੰ ਹੰਢਾ ਰਿਹਾ ਹੁੰਦਾ ਹੈ। ਮਨਿੰਦਰ ਸਮਾਜ ਦਾ ਅੰਗ ਹੋਣ ਦੇ ਨਾਤੇ ਸਮਲਿੰਗਤਾ ਵਾਲੇ ਲੋਕਾਂ ਨਾਲ ਕੋਈ ਰਿਸ਼ਤਾ ਨਹੀਂ ਬਣਾ ਸਕਦਾ ਕਿਉਂਕਿ ਸਮਾਜ ਇਸ ਨੂੰ ਮਾਨਤਾ ਨਹੀਂ ਦਿੰਦਾ। ਸਮਾਜ ਦੀ ਪਰਵਾਹ

ਕੀਤੇ ਬਿਨਾਂ ਉਹ ਆਪਣੇ ਪਰਿਵਾਰ ਨਾਲੋਂ ਮੋਹ ਤੋੜ ਕੇ ਕਿੰਨਰ ਪਾਤਰ ਸੀਮਾ ਨਾਲ ਭਾਵੁਕ ਸਾਂਝ ਸਥਾਪਿਤ ਕਰਦਾ ਹੈ ਜਿਵੇਂ-

> ਮੈਂ ਚਾਹੁੰਦਾ ਹਾਂ ਕਿ ਮੈਂ ਮੋਹ ਤੋੜਨ ਵਾਲੇ ਰਸਤੇ ਤੇ ਚਲਾ। ਜੇਕਰ ਮੈਂ ਅਮਰੀਕਾ ਜਾਂ ਇੰਗਲੈਂਡ ਹੁੰਦਾ ਤਾਂ ਮੈਂ ਇਨ੍ਹਾਂ ਲੋਕਾਂ ਦੇ ਸ਼ਹਿਰ ਵਿਚ ਰਹਿਣ ਲੱਗ ਪੈਂਦਾ (86)

ਮਨੋਵਿਗਿਆਨ ਵਿਚ ਮਨੁੱਖੀ ਮਨ ਦੀ ਇਸ ਕਿਰਿਆ ਨੂੰ ਸ੍ਵੈ-ਤਾਰਕੀਕਰਣ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਸ ਨਾਲ ਉਸ ਨੂੰ ਆਤਮ ਸੰਤੋਸ਼ ਮਿਲਦਾ ਹੈ। ਮਨਿੰਦਰ ਆਪਣੇ ਅਨੁਚਿਤ ਵਿਹਾਰ ਕਾਰਨ ਸਮਾਜ ਅਤੇ ਪਤਨੀ ਦੀਆਂ ਨਜ਼ਰਾਂ ਵਿਚ ਬੇਇੱਜ਼ਤ ਹੋਣ ਤੋਂ ਬਚ ਜਾਂਦਾ ਹੈ।

ਕਿੰਨਰ ਸਮਾਜ ਦੇ ਮੈਂਬਰ ਬੇਸ਼ੱਕ ਆਪ ਮਾਂ ਨਹੀਂ ਬਣ ਸਕਦੇ ਪਰ ਇਹ ਬੱਚਾ ਗੋਦ ਲੈ ਕੇ ਤਾਂ ਪਾਲ ਹੀ ਸਕਦੇ ਹਨ। ਸਮਾਜ ਵਿਚਰਦੇ ਹੋਏ ਇਨ੍ਹਾਂ ਅੰਦਰ ਵੀ ਮਾਂ ਬਨਣ ਦੀਆਂ ਭਾਵਨਾਵਾਂ ਕਾਰਜਸ਼ੀਲ ਹੁੰਦੀਆਂ ਹਨ। ਸਮਾਜ ਵਿਚ ਇਹ ਬੱਚੇ ਨੂੰ ਲੋਰੀਆਂ ਦਿੰਦੇ ਹਨ। ਬੇਸ਼ੱਕ ਕੁਦਰਤ ਨੇ ਮਾਂ ਬਣਨ ਦੀ ਯੋਗਤਾ ਕਾਇਮ ਨਹੀਂ ਕੀਤੀ ਪਰ ਅਜੋਕੇ ਸਮੇਂ ਵਿਚ ਕੁਝ ਕਿੰਨਰ ਡੇਰਿਆਂ ਵਿਚ ਗੋਦ ਲੈ ਕੇ ਬੱਚੇ ਪਾਲ ਰਹੇ ਹਨ। 'ਘੰਗਰੂੰ ਕਥਾ' ਕਹਾਣੀ ਦੀ ਪਾਤਰ ਰੀਨਾ ਇਸ ਇੱਛਾ ਨੂੰ 'ਕਲਪਨਾ ਉਡਾਰੀ' ਰਾਹੀਂ ਪੂਰਨ ਕਰਦੀ ਹੈ। ਫੈਂਟਸੀ ਬੇਸ਼ਕ ਸੁਪਨੇ ਨਹੀਂ ਪਰ ਸੁਪਨੇ ਨੇੜੇ ਢੁਕਦੀ ਮਾਨਸਿਕ ਕਿਰਿਆ ਜ਼ਰੂਰ ਹੈ। ਸੁਪਨੇ ਦਾ ਸੰਬੰਧ ਰਾਤ ਨਾਲ ਪਰ ਫੈਂਟਸੀ ਦਾ ਸੰਬੰਧ ਦਿਨ-ਸੁਪਨ ਤੇ ਕਲਪਨਾ ਨਾਲ ਹੈ। ਇਸ ਰਾਹੀਂ ਮਨੁੱਖ ਆਪਣੀਆ ਅਤ੍ਰਿਪਤ ਅਤੇ ਦਮਿਤ ਇਛਾਵਾਂ ਨੂੰ ਮਨ ਦੇ ਰਾਹੀਂ ਪੂਰਤੀ ਕਰਦਾ ਹੈ। ਰੀਨਾ ਅੰਦਰ ਮਾਂ ਬਣਨ ਦੀ ਇੱਛਾ ਇਸੇ ਮਾਨਸਿਕ ਪ੍ਰਕਿਰਿਆ ਦਾ ਹਿੱਸਾ ਹੋ ਨਿਬੜਦੀ ਹੈ –

> ਮੈਂ ਜਾਣ ਸਾਰ ਮੰਜੀ ਉੱਪਰ ਜਾ ਡਿਗਦੀ। ਜੈਲੇ ਵਾਂਗ ਕੋਈ ਮੇਰੀ ਹਿੱਕ 'ਤੇ ਆ ਚੜਦਾ। ਛਾਤੀ ਵਿਚ ਦੁੱਧ ਉੱਤਰ ਆਉਂਦਾ। ਬਾਹਵਾਂ ਵਿਚ ਜੁਆਕ ਖੇਡਣ ਲੱਗਦਾ। ---ਬੱਸ ਇਕ ਵਾਰੀ ਮਾਂ ਕਹਿ ਦੇ ਮੈਨੂੰ (163)

ਸਮਾਜ ਵਿਚ ਕਿੰਨਰ ਬੱਚੇ ਨੂੰ ਪ੍ਰਾਪਤ ਕਰਨ ਸਮੇਂ ਇਹ ਵਰਗ ਵੀ ਮਾਂ ਦੇ ਦੁੱਖ ਨੂੰ ਸਮਝਦਾ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ ' ਵੇ ਸੋਨੇ ਦਿਆ ਕੰਗਣਾ 'ਵਿਚ ਇਕ ਮਾਂ ਦੇ ਵਿਯੋਗ ਨੂੰ ਬਿਆਨ ਕੀਤਾ ਗਿਆ ਕਿ ਕਿਸ ਤਰ੍ਹਾਂ ਪੂਰਨ ਦੇ ਵਿਯੋਗ ਵਿਚ ਮਾਂ ਇੱਛਰਾਂ ਅੰਨ੍ਹੀ ਹੋ ਗਈ ਸੀ। ਪੁੱਤਰਾਂ ਦੇ ਵਿਯੋਗ ਵਿਚ ਮਾਵਾਂ ਤੜਫ਼ ਉੱਠਦੀਆਂ ਹਨ। ਇਕ ਕਿੰਨਰ ਬੱਚੇ ਦੀ ਮਾਂ ਕਿਸ ਤਰ੍ਹਾਂ ਕਿੰਨਰਾਂ ਨੂੰ ਬੱਚਾ ਦੇਣ ਵੇਲੇ ਤੜਫ਼ ਉੱਠਦੀ ਹੈ। ਉਸ ਸਮੇਂ ਬੱਚੇ ਨੂੰ ਜਨਮ ਦੇਣ ਵਾਲੀ ਮਾਂ ਦੀ ਹਾਲਤ ਤਰਸ ਯੋਗ ਹੁੰਦੀ ਹੈ। ਮਾਂ ਦੀਆਂ ਅੱਖਾਂ ਵਿਚ ਉੱਤਰਿਆਂ ਹੋਇਆ ਦਰਦ ਕਹਾਣੀ ਦਾ ਪਾਤਰ ਬਬਲੀ ਪੜ੍ਹ ਲੈਂਦਾ ਹੈ। ਜਦੋਂ ਲੋਰੀ ਦੇਣ ਵੇਲੇ ਬੱਚਾ ਫੜਾਇਆ ਤਾਂ ਸਾਥੋਂ ਅੱਖਾਂ ਚੁਰਾ ਲਈਆਂ ਮੈਂ ਦੇਖਿਆ ਕਿ-

> ਨੱਚਦਿਆਂ-ਨੱਚਦਿਆਂ ਹੀ ਮੈਂ ਬੱਚੇ ਦੇ ਜਣਨ ਅੰਗਾਂ ਤੇ ਹੱਥ ਮਾਰਿਆ। ਇਹ ਕੀ ਉੱਥੇ ਤਾਂ ਬੱਸ ਲਕੀਰ ਜਿਹੀ ਸੀ। ਮੈਂ ਮਾਂ ਵੱਲ ਵੇਖਿਆ, ਜਾਪਦਾ ਸੀ ਉਹ ਤਾਂ ਜਿਵੇਂ ਹੁਣ ਵਹਿ ਤੁਰੇਗੀ। ਉਸ ਨੂੰ ਤਾਂ ਜਿਵੇਂ ਧਰਤੀ ਵਿਹਲ ਨਾ ਦਿੰਦੀ ਹੋਵੇ ਵਿਚਾਰੀ ਪੰਜਾਂ ਧੀਆਂ ਦੀ ਮਾਂ। ਮੈਂ ਹੱਸ ਰਹੇ ਬੱਚੇ ਦੇ ਪੇਟ 'ਤੇ ਚੂੰਡੀ ਵੱਢੀ ਤਾਂ ਉਹ 'ਈਆਂ-ਈਆਂ' ਕਰਕੇ ਰੋਣ ਲੱਗ ਪਿਆ। ਵਧਾਈਆਂ ਮਾਏਂ ਤੈਨੂੰ ਵਧਾਈਆਂ ਨੀ ਆਖਦਿਆਂ ਮੈਂ ਬੱਚਾ ਮਾਂ ਦੀ ਗੋਦੀ ਵਿਚ ਵਾਪਸ ਪਾ ਦਿੱਤਾ ਸੀ।(117)

ਸਮਾਜ ਵਿਚ ਮਾਂ ਅਤੇ ਬੱਚੇ ਦਾ ਰਿਸ਼ਤਾ ਬੜਾ ਅਹਿਮ ਹੁੰਦਾ ਹੈ। ਮਾਂ ਹਮੇਸ਼ਾ ਆਪਣੇ ਬੱਚੇ ਨੂੰ ਆਪਣੀਆਂ ਅੱਖਾਂ ਸਾਹਮਣੇ ਰੱਖਣਾ ਚਾਹੁੰਦੀ ਹੈ। ਵੱਖ-ਵੱਖ ਨਾਵਲਕਾਰਾਂ ਅਤੇ ਕਹਾਣੀਕਾਰਾਂ ਨੇ ਮਾਂ ਨੂੰ ਆਪਣੇ ਕਿੰਨਰ ਬੱਚੇ ਲਈ ਤੜਫ਼ਦਾ ਦਿਖਾਇਆ ਗਿਆ ਹੈ। ਕਹਾਣੀ 'ਘੁੰਗਰੂ ਕਥਾ''ਵਿਚੋਂ ਇਕ ਕਿੰਨਰ ਬੱਚੇ ਦੀ ਮਾਂ ਦੇ ਸੰਤਾਪ ਨੂੰ ਵੀ ਬਿਆਨ ਕੀਤਾ ਗਿਆ ਹੈ। ਮਾਂ ਹਮੇਸ਼ਾ ਆਪਣੇ ਬੱਚੇ ਲਈ ਤੜਫ਼ਦੀ ਹੈ। ਮਾਂ ਦਾ ਪਿਆਰ ਆਪਣੇ ਬੱਚਿਆਂ ਲਈ ਸਮਾਨ ਹੁੰਦਾ ਹੈ। ਜਦੋਂ ਕਿੰਨਰ ਉਸ ਬੱਚੇ ਨੂੰ ਮਾਂ ਦੀ ਗੋਦ ਵਿਚੋਂ ਵੱਖ ਕਰਦੇ ਹਨ ਤਾਂ ਮਾਂ ਦੇ ਦਰਦ ਨਾਲ ਜੋ ਚੀਕ ਨਿਕਲਦੀ ਹੈ ਕਿ-

> ਵੇ ਨਾ ਲਿਜਾਓ ਜ਼ਾਲਮੋ ! ਮਸਾਂ ਦਸ ਸਾਲ ਬਾਅਦ ਔਲਾਦ ਦਾ ਮੂੰਹ ਵੇਖਿਆ !--- ਰੱਬ ਦਾ ਵਾਸਤਾ !--- ਮੈਂ ਹੱਥ ਬੰਨ੍ਹਦੀ ਆ ---! (172)

ਆਖ਼ਰ ਇਹ ਵੀ ਤਾਂ ਇਨਸਾਨ ਹਨ। ਫਿਰ ਕੀ ਹੋਇਆ ਜੇ ਕੁਦਰਤ ਨੇ ਹੀ ਇਨ੍ਹਾਂ ਨਾਲ ਧੋਖਾ ਕੀਤਾ ਹੈ ? ਇਹ ਵੀ ਮਨੁੱਖੀ ਜਾਮੇ ਵਿਚ ਹੀ ਪੈਦਾ ਹੋਏ ਹਨ। ਇਸ ਲਈ ਕਹਾਣੀ ਦਾ ਪਾਤਰ ਬਬਲੀ ਕਿੰਨਰ ਸੋਹਣੀ ਨੂੰ ਆਪਣੇ ਤੋਂ ਦੂਰ ਰਹਿਣ ਦਾ ਸੰਕੇਤ ਦਿੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਅਸੀਂ ਤਾਂ ਨਫ਼ਰਤ ਦੀ ਅੱਗ ਵਿਚ ਸੜ ਰਹੇ ਹਾਂ। ਉਹ ਸੋਹਣੀ ਨੂੰ ਆਪਣੇ ਦੂਰ ਕਰਨ ਲਈ ਤਾੜਦਾ ਹੋਇਆ ਕਹਿੰਦਾ , ਅੰਤ ਬਬਲੀ ਦੇ ਇਹ ਬੋਲ ਕਿ-

> ਡਾਹਢਿਆ, ਐਨਾ ਜ਼ੁਲਮ? ਐਡਾ ਜ਼ੁਲਮ ਨਾ ਕਰਦੇ। ਜੇ ਸਾਨੂੰ ਮਰਦ ਜਾਂ ਔਰਤ ਹੀ ਨਹੀਂ ਸੀ ਬਣਾਉਣਾ, ਸਾਡੇ ਅੰਦਰ ਦਿਲ ਤਾਂ ਨਾ ਰੱਖਦਾ। ਐਵੇਂ ਮਾਸ ਦਾ ਬੁੱਤ ਕੀ ਕਰਨਾ ਸੀ। ਹੁਣ ਸਾਡੇ ਕੋਲ ਦਿਲ ਤਾਂ ਹੈ ਪਰ ਸੌਦਾ ਕਿੱਥੇ ਹੈ ਸਾਡੇ ਕੋਲ? (119)

ਇਸ ਤਰ੍ਹਾਂ ਕਿੰਨਰਾਂ ਦੀ ਮਾਨਸਿਕਤਾ ਕਿਤੇ ਨਾ ਕਿਤੇ ਸਾਰੀ ਉਮਰ ਇਹ ਦੁਖਾਂਤ ਭੋਗਦੀ ਰਹਿੰਦੀ ਹੈ। ਆਖ਼ਰ ਉਹ ਵੀ ਮਨੁੱਖੀ ਨਸਲ ਵਿਚੋਂ ਹੀ ਹਨ। ਉਨ੍ਹਾਂ ਦੇ ਅੰਦਰ ਵੀ ਇਕ ਦਿਲ ਹੈ। ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ' ਵਿਚ ਕਿੰਨਰ ਪਾਤਰ ਨੀਰੂ ਦੀ ਮਾਂ ਕਿਸ ਤਰ੍ਹਾਂ ਨੀਰੂ ਲਈ ਤੜਫ਼ਦੀ ਹੈ, ਜਿੱਥੇ ਮਾਂ ਬੱਚੇ ਲਈ ਤੜਫ਼ਦੀ ਹੈ, ਉੱਥੇ ਕਿੰਨਰ ਬੱਚਾ ਵੀ ਆਪਣੀ ਮਾਂ ਦਾ ਪਿਆਰ ਪਾਉਣ ਵਾਸਤੇ ਸਾਰੀ ਜ਼ਿੰਦਗੀ ਤੜਫ਼ਦਾ ਹੈ। ਪਰਿਵਾਰ ਵਿਚੋਂ ਇੱਕੋ ਮਾਂ ਦਾ ਰਿਸ਼ਤਾ ਹੀ ਹੁੰਦਾ ਹੈ। ਮਾਂ ਲਈ ਸਾਰੇ ਬੱਚੇ ਸਮਾਨ ਹੁੰਦੇ ਹਨ। ਉਸ ਨੇ ਜਨਮ ਦੇਣ ਵੇਲੇ ਉਹੀ ਜਨਮ ਪੀੜਾ ਸਹੀਆਂ ਹੁੰਦੀਆਂ ਹਨ, ਜੋ ਦੂਜੇ ਬੱਚੇ ਦੇ ਜਨਮ ਵੇਲੇ ਸਹੀਆਂ ਸਨ। ਪਰਿਵਾਰ ਛੱਡਣ ਤੋਂ ਬਾਅਦ ਜੇਕਰ ਪਰਿਵਾਰ ਨਾਲ ਕੋਈ ਸਾਂਝ ਬਣਦੀ ਹੈ ਤਾਂ ਸਿਰਫ਼ ਮਾਂ ਕਰਕੇ ਹੀ ਹੈ। ਉਸ ਘਰ ਵਿਚ ਆਉਣ-ਜਾਣ ਮਾਂ ਕਰਕੇ ਹੀ ਬਣਦਾ ਹੈ। ' ਸੰਤਾਪ ' ਨਾਵਲ ਦੀ ਪਾਤਰ ਨੀਰੂ ਵੀ ਆਪਣੀ ਮਾਂ ਨੂੰ ਉੱਚਾ ਦਰਜਾ ਦਿੰਦੀ ਹੋਈ ਕਹਿੰਦੀ ਹੈ ਕਿ-

> ਮੇਰੀਏ ਮਾਏ , ਸ਼ਰਮਾਅ ਨਾ --- ਤੇਰੇ ਵਰਗੀ ਮਾਂ ਨੂੰ ਤਾਂ ਮੈਂ ਰੱਬ ਤੋਂ ਵੀ ਉੱਚਾ ਦਰਜਾ ਦੇਣਾ ਚਾਹੁੰਦੀ ਹਾਂ ਜਿਸ ਨੇ ਮੈਨੂੰ ਇਸ ਜਹਾਨ ਤੇ ਭੇਜਿਆ ਤਾਂ ਜ਼ਰੂਰ ਪਰ ਇਕ ਸਰਾਪ ਦੇ ਰੂਪ ਵਿਚ ਤੇ ਤੂੰ --- ਤੂੰ ਉਸ ਸਰਾਪ ਨੂੰ ਰੂਹ ਫੂਕੀ ਏ ਜਿਊਣ ਜੋਗਾ ਕੀਤਾ। ਕਿਉਂ ਨਾ ਕਹਾਂ ਤੇਰੇ ਵਰਗੀ ਮਾਂ ਤਾਂ ਰੱਬ ਸਭ ਨੂੰ ਦੇਵੇ --- ਵੇਖ ਮੇਰੇ ਵੱਲ ਜੋ ਕੁਝ ਤੂੰ ਮੇਰੇ ਤੋਂ , ਇਸ ਲੋਕਾਈ ਤੋਂ ਪੰਦਰਾਂ ਸਾਲ ਲੁਕਾ ਕੇ ਰੱਖਿਆ ਨਾ ---। ਮੈਨੂੰ ਸਭ ਪਤਾ ਲੱਗ ਗਿਐ , ਜਾਣ ਗਈ ਆ ਸਭ ਕੁਝ।(50)

ਖ਼ਾਸ ਕਰ ਉਹ ਮਾਂ ਜਿਸ ਨੇ ਆਪ ਆਪਣੀ ਕੁੱਖ ਵਿਚੋਂ ਜਨਮ ਦਿੱਤਾ ਹੁੰਦਾ ਹੈ ਤਾਂ ਉਹ ਵੀ ਇਸ ਪੀੜ ਨੂੰ ਸਾਰੀ ਉਮਰ ਸਹਿੰਦੀ ਹੈ। ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਵਿਚ ਮੀਰਾਂ ਦੀ ਮਾਂ ਆਪਣੀ ਬੱਚੀ ਦੀ ਤੜਫ਼ ਇੰਝ ਜ਼ਾਹਿਰ ਕਰਦੀ ਹੈ ਕਿ-

> ਚੰਦਰੀ ਮਰ ਮੁੱਕ ਜਾਂਦੀ , ਸਬਰ ਕਰ ਲੈਂਦੇ। ਨਮੋਹਰੀ ਦਾ ਖ਼ਿਆਲ ਚੱਲੋ ਪਹਿਰ ਪਰਛਾਈਂ ਵਾਂਗ ਘੁੰਮਦਾ ਬਰਕਤ ਦੇ ਅੱਬਾ।(67)

ਪਰਿਵਾਰਕ ਰਿਸ਼ਤੇ ਵਿਚ ਮਾਂ ਆਪਣੀ ਬੱਚੀ ਦਾ ਦਰਦ ਸਮਝਦੀ ਹੈ। ਰਿਸ਼ਤੇ ਵਿਚ ਮਾਂ ਹੀ ਇਕ ਹੁੰਦੀ ਹੈ ਜੋ ਆਪਣੇ ਬੱਚੇ ਨੂੰ ਸਮਝ ਸਕਦੀ ਹੈ। ਬਾਕੀ ਦੇ ਪਰਿਵਾਰਕ ਮੈਂਬਰਾਂ ਲਈ ਉਸ ਦਾ ਕੋਈ ਸਤਿਕਾਰ ਨਹੀਂ ਹੁੰਦਾ। ਮਾਂ ਆਪਣੀ ਮੁਹੱਬਤ ਦਾ ਵਾਸਤਾ ਪਾ ਕੇ ਮੀਰਾਂ ਨੂੰ ਕਹਿੰਦੀ ਹੈ ਕਿ-

> ਸਭ ਸਮਝਦੀ ਹਾਂ , ਮੈਂ ਕਿਹੜਾ ਨਿਆਣੀ ਹਾਂ , ਪੁੱਤ ? ਆਪਦੀ ਅੰਮੀ ਕਰ ਕੇ ਆਉਂਦੀ ਜਾਂਦੀ ਰਹੀ। ਮੇਰੇ ਸਾਹਾਂ ਦਾ ਵੀ ਕੀ ਭਰੋਸਾ ਹੈ ? ਮੇਰੇ ਮਰੀ ਮਗਰੋਂ ਭਾਵੇਂ ਪਿੰਡ ਦਾ ਮੂੰਹ ਨਾ ਦੇਖੀ। ਇਨ੍ਹਾਂ ਦੇ ਕਿਸੇ ਦੇ ਪੈਰ ਨਾ ਪਾਵੀ ਮੇਰੀ ਬੱਚੀ --- ।(98)

ਇਸੇ ਤਰ੍ਹਾਂ ਦੀ ਤੜਫ਼ ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ?' ਵਿਚ ਜੁਗਨੂੰ ਮਹੰਤ ਦੀ ਮਾਂ ਮਨਜੀਤ ਕੌਰ ਜਿਹੜੀ ਅੱਠ-ਦਸ ਸਾਲ ਆਪਣੀ ਬੱਚੀ ਦਾ ਪਾਲਣ-ਪੋਸ਼ਣ ਸਮਾਜ ਤੋਂ ਚੋਰੀਓਂ ਕਰਦੀ ਹੈ।

ਜਿੱਥੇ ਸਮਾਜ ਤਾਂ ਅਜਿਹੇ ਬੱਚਿਆ ਨਾਲ ਧੱਕਾ ਕਰਦਾ ਹੀ ਹੈ, ਉੱਥੇ ਘਰ ਦੇ ਪਰਿਵਾਰ ਵਾਲੇ ਵੀ ਮਨਜੀਤ ਨਾਲ ਧ੍ਰੋਹ ਕਮਾਉਂਦੇ। ਕਿਸ ਤਰ੍ਹਾਂ ਭੁਲੇਖੇ ਵਿਚ ਰੱਖ ਕੇ ਉਸ ਤੋਂ ਇਸ ਬੱਚੀ ਨੂੰ ਖੋਹ ਲਿਆ ਜਾਂਦਾ ਹੈ। ਸਮਾਜ ਵਿਚ ਉਹ ਆਪਣਾ ਦੁੱਖ ਵੀ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੀ ਸੀ। ਇਸ ਲਈ ਉਹ ਇਕ ਡਾਇਰੀ ਦਾ ਸਹਾਰਾ ਲੈਂਦੀ ਹੈ। ਆਪਣੇ ਸਾਰੇ ਜਜ਼ਬਾਤ ਉਸ ਡਾਇਰੀ ਵਿਚ ਦਰਜ ਕਰ ਦਿੰਦੀ ਹੈ। ਮਾਂ ਦੇ ਜੀਵਨ ਸੰਗਰਾਮ ਵਿਚ ਤਬਦੀਲੀ ਦਾ ਵਿਚਾਰ ਪੈਦਾ ਹੁੰਦਾ ਹੈ, ਜੋ ਆਧੁਨਿਕ ਸਮਾਜ ਅੰਦਰ ਥਰਡ-ਜੈਂਡਰ ਦੇ ਸਮਾਜਿਕ ਜਨ-ਸਮੂਹ ਲਈ ਤਬਦੀਲੀ ਦਾ ਵਾਹਕ ਬਣਦਾ ਹੈ। ਇਸ ਵਿਚਾਰ ਦੀ ਮਾਣਯੋਗ ਸਰਬ-ਉੱਚ ਅਦਾਲਤ ਦੇ ਇਤਿਹਾਸਕ ਫ਼ੈਸਲੇ ਨਾਲ ਅਤੇ ਕਿੰਨਰ ਸਮਾਜ ਦੇ ਜਨ-ਅੰਦੋਲਨ ਦੇ ਵਿਚਾਰ ਨਾਲ ਸਮਾਨਤਾ ਹੈ। ਨਾਵਲ ਦੀ ਕਥਾ ਤੋਂ ਜੇਕਰ ਪਿਛਾਂਹ ਹੋ ਕੇ ਸੋਚਿਆ ਜਾਵੇ ਤਾਂ ਵੀ ਮਾਂ ਭਾਰਤੀ ਸਮਾਜ ਵਿਚ ਇਕ ਅਜਿਹੀ ਹਸਤੀ ਹੈ, ਜਿਸ ਨੂੰ ਅਜੋਕੇ ਪੂੰਜੀਵਾਦੀ ਪ੍ਰਬੰਧ ਦੇ ਦਬਾਅ ਦੇ ਨਾਲ ਭਾਰਤੀ ਅਤੀਤ ਦੇ ਵਿਰਸੇ ਵੱਲੋਂ ਜਾਗੀਰੂ ਹਉਮੈਂ, ਘਮੰਡ ਅਤੇ ਪਿਤਰ-ਸਤਾ ਦਾ ਕੋਹੜ ਆਪਣੇ ਪਿੰਡੇ ਉੱਤੇ ਹੰਢਾਉਣਾ ਪੈਂਦਾ ਹੈ। ਇਸ ਨਾਵਲੀ ਕਥਾ ਵਿਚ ਜਦੋਂ ਵੀ ਉਹ ਆਪਣੇ ਪਤੀ-ਸੱਸ ਦੇ ਰਵੱਈਏ ਨੂੰ ਡਾਇਰੀ ਦੇ ਪੰਨਿਆਂ ਉੱਤੇ ਉਭਾਰਦੀ ਹੈ ਤਾਂ ਸਪਸ਼ਟ ਹੁੰਦਾ ਹੈ ਕਿ ਮਾਂ ਨੂੰ ਭਾਰਤੀ ਸਮਾਜ ਦਾ ਸਦੀਆਂ ਦਾ ਬੋਝ ਜਾਂ ਭਾਰ ਉਠਾਉਣਾ ਪੈ ਰਿਹਾ ਹੈ ਜੋ ਅੱਜ ਵੀ ਜਾਰੀ ਹੈ। ਨਾਵਲੀ ਬਿਰਤਾਂਤ ਵਿਚੋਂ ਮਾਂ ਦੇ ਵਲਵਲੇ ਸਪਸ਼ਟ ਉਜਾਗਰ ਹੁੰਦੇ ਹਨ। ਇਕ ਪਾਸੇ ਮਾਂ ਦਾ ਮੋਹ ਹੈ ਤੇ ਦੂਜੇ ਪਾਸੇ ਸਮਾਜ ਤੇ ਪਰਿਵਾਰ ਦਾ ਡਰ ਹੈ। ਮਾਂ ਦਾ ਦਰਦ ਸਪਸ਼ਟ ਹੁੰਦਾ ਹੈ-

> ਗੱਲਾਂ ਤਾਂ ਪੁੱਤਾਂ ਨਹੀਂ ਸੀ ਕਰਦੀ ਪਰ ਕਲਪਦੀ ਬਹੁਤ ਸੀ। ਜਦੋਂ ਆਈ ਆਈ ਸੀ ਤਾਂ ਸਾਰੇ ਡੰਗ ਉਸ ਦੀ ਰੋਟੀ ਜ਼ਰੂਰ ਪਕਾਉਂਦੀ। ਨਾਲੇ ਰੋਂਦੀ। ਫਿਰ ਉਸ ਨੂੰ ਦੰਦਲ ਪੈ ਜਾਣੀ। ਮੈਂ ਹੀ ਖੋਲ੍ਹਣੀ ਭਾਈ। ਜਦੋਂ ਸੁਰਤ ਸੰਭਲਣੀ ਤਾਂ ਉੱਠ ਕੇ ਉਹੀ ਰੋਟੀ ਕੁੱਤੇ ਨੂੰ ਪਾ ਦੇਣੀ। ਆਖਦੀ ਦਰਵੇਸ਼ਾਂ ਤੇਰੀ ਤਾਂ ਦਰਗਾਹ ਵਿਚ ਸੁਣੀ ਜਾਂਦੀ ਹੈ। ਮੇਰੀ ਵਿਥਿਆ ਪਹੁੰਚਾ ਦੇ ਰੱਬ ਕੋਲ ਹੋਰ ਕੋਈ ਮਾਂ ਨਾ ਤੜਫੇ ਮੇਰੇ ਵਾਂਗੂੰ।(95)

ਬੱਚੇ ਦਾ ਮਾਂ ਦੇ ਗਰਭ ਵਿਚ ਲਿੰਗ ਕੀ ਹੈ ? ਇਸ ਲਈ ਮਾਂ ਜ਼ੁੰਮੇਵਾਰ ਨਹੀਂ । ਇਹ ਮਨੁੱਖੀ ਸਮਾਜ ਦੀ ਸਾਂਝੀ ਜ਼ੁੰਮੇਵਾਰੀ ਹੈ ਪਰ ਵਿਡੰਬਨਾ ਇਹ ਹੈ ਕਿ ਸਮਾਜ ਪਹਿਲੇ ਨੰਬਰ ਤੇ ਮਾਂ ਨੂੰ ਦੋਸ਼ੀ ਸਮਝਦਾ ਹੈ । ਜੋ ਇਸ ਨੂੰ ਜਣਦੀ ਹੈ ਅਤੇ ਸਾਰੀ ਜ਼ਿੰਦਗੀ ਇਸ ਦਰਦ ਨੂੰ ਹੰਢਾਉਂਦੀ ਹੈ । ਨਾਵਲ ਵਿਚ ਜੁਗਨੂੰ ਦੀ ਮਾਂ ਨੂੰ ਵੀ ਮੁਜਰਮ ਸਮਝਿਆ ਗਿਆ । ਭਾਰਤ ਅੰਦਰ ਬਹੁਤ ਸਾਰੀਆਂ ਮਾਵਾਂ ਇਸ ਕਰਕੇ ਅੱਗ ਦੇ ਦਰਿਆ ਪਾਰ ਕਰਦੀਆਂ ਹਨ । ਉਹ ਮਾਵਾਂ ਦੇ ਬੱਚੇ ਜੋ ਤੀਸਰਾ ਲਿੰਗ ਹੰਢਾਉਂਦੇ ਅਤੇ ਉਨ੍ਹਾਂ ਨੂੰ ਉਕਤ ਅੱਗ ਦੇ ਦਰਿਆ 'ਚ ਡੁੱਬਣਾ ਪੈ ਰਿਹਾ ਹੈ । ਇਸ ਲਈ ਇਹ ਮਨੁੱਖੀ ਤ੍ਰਾਸਦੀ ਹੈ । ਨਾਵਲੀ ਬਿਰਤਾਂਤ ਵਿਚੋਂ ਮਾਂ ਦੇ ਵਲਵਲੇ ਸਪਸ਼ਟ ਉਜਾਗਰ ਹੁੰਦੇ ਹਨ ਕਿ-

> ਮੈਨੂੰ ਤਾਂ ਸਾਰੇ ਰਿਸ਼ਤੇ ਹੀ ਭੁੱਲ ਗਏ ਇਹਦੇ ਕਰਕੇ । ਮੇਰੇ ਅੰਦਰਲੀ ਪਤਨੀ ਤਾਂ ਉਦਣੇ ਹੀ ਮਰ ਮੁੱਕ ਗਈ ਸੀ , ਜਿਦੇ ਇਹਦੇ ਪਿਓ ਨੇ ਮੇਰੀ ਕੁੱਖ ਨੂੰ ਗਾਲ ਕੱਢੀ ਸੀ । ਹੁਣ ਮੈਂ ਸਿਰਫ਼ ਇਕ ਮਾਂ ਹਾਂ । ਉਹ ਵੀ ਡਰੀ ਹੋਈ । ਸਹਿਮੀ ਹੋਈ । ਕਿਤੇ ਕੋਈ ਮੇਰੀ ਸ਼ਰਨੋਂ ਨੂੰ ਖੋਹਕੇ ਨਾ ਲੈ ਜੇ ।(42)

ਇਕ ਹੋਰ ਦਾਦੀ ਮਾਂ ਦੇ ਪਾਤਰ ਦੇ ਰੂਪ ਵਿਚ ਔਰਤ ਮਾਂ ਆਪਣੀ ਧਿਰ ਬਦਲ ਲੈਂਦੀ ਹੈ । ਜਦੋਂ ਉਹ ਦਾਦੀ ਦੇ ਪਾਤਰ ਵਿਚ ਜਾਗੀਰੂ ਸਮਾਜ ਦੇ ਫ਼ਲਸਫ਼ੇ ਦੇ ਲਈ ਕਿਰਦਾਰ ਨਿਭਾਉਂਦੀ ਹੈ । ਦਾਦੀ ਜੇਕਰ ਨੂੰਹ ਪੋਤੇ ਨੂੰ ਜਨਮ ਦੇਵੇ ਤਾਂ ਉਹ ਨੂੰਹ ਨੂੰ ਪਿਆਰ ਕਰੇ ਨਾ ਕਰੇ ਪਰ ਪੋਤਰੇ ਨੂੰ ਬਹੁਤ ਪਿਆਰ ਕਰਦੀ ਹੈ । ਜੇਕਰ ਇਹੀ ਨੂੰਹ ਪੋਤੀ ਨੂੰ ਜਨਮ ਦਿੰਦੀ ਹੈ ਤਾਂ ਦਾਦੀ ਨੂੰਹ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਵੇਖਦੀ ਹੈ । ਪੋਤਰੀ ਨੂੰ ਵੀ ਪਿਆਰ ਨਹੀਂ ਕਰਦੀ । ਜਦੋਂ ਉਸ ਦੀ ਨੂੰਹ ਤੀਜੇ ਲਿੰਗ ਨੂੰ ਜਨਮ ਦੇ ਦੇਵੇ ਤਾਂ ਦਾਦੀ ਦਾ ਕਿਰਦਾਰ ਇਸ ਨਾਵਲ ਵਿਚ ਹਾਜ਼ਰ ਹੈ । ਇਹੀ ਕਿਰਦਾਰ ਜਾਗੀਰੂ ਤੇ ਗ਼ੁਲਾਮ ਫ਼ਲਸਫਿਆਂ ਦੇ ਇਕ ਪ੍ਰਤੀਕ ਵੱਜੋਂ ਪੇਸ਼ ਆਉਂਦਾ ਹੈ । ਮਾਂ ਦੀ ਤਾਂਘ ਆਪਣੀ ਧੀ ਦੇ ਭਵਿੱਖ ਨੂੰ ਲੈ ਕੇ ਉਕਤ ਜਾਗੀਰੂ ਵਿਚਾਰਧਾਰਾ ਜਾਂ ਗ਼ੁਲਾਮ ਪ੍ਰਵਿਰਤੀ ਵਿਚੋਂ ਮਾਂ ਦੇ ਮਸਤਕ ਵਿਚ ਕ੍ਰਾਂਤੀ ਦਾ ਵਿਚਾਰ ਜਨਮ ਲੈਂਦਾ ਹੈ । ਉਹ ਆਪਣੀ ਧੀ ਛੰਨੋਂ ਦੀ ਚੰਗੀ ਪਰਵਰਿਸ਼ ਲਈ ਤਾਂਘ ਰੱਖਦੀ ਹੈ । ਉਹ ਮਾਂ ਆਪਣੀ ਧੀ ਦੀ ਵਿੱਦਿਆ ਲਈ ਤੜਫ਼ਦੀ ਹੈ । ਉਹ ਮਾਂ

ਆਪਣੀ ਧੀ ਛੰਨੋਂ ਨੂੰ ਆਪਣੇ ਅੰਦਰਲਾ ਹੁਨਰ ਸੌਂਪ ਦੇਣਾ ਚਾਹੁੰਦੀ ਹੈ। ਉਹ ਚਾਹੁੰਦੀ ਹੈ ਕਿ ਉਸ ਦੀ ਧੀ ਉਹ ਕੰਮ ਨਾ ਕਰੇ ਜੋ ਕਿੰਨਰ ਸਮਾਜ ਆਪਣੇ ਮੈਂਬਰਾਂ ਨੂੰ ਸੌਂਪਦਾ ਹੈ। ਅੰਤ ਉਸ ਦੀ ਧੀ ਇਸ ਹੁਨਰ ਨੂੰ ਵਰਤ ਕੇ ਆਪਣੇ ਭਾਈਚਾਰੇ ਲਈ ਸੁਨੇਹਾ ਦਿੰਦੀ ਹੈ।

ਇਸੇ ਤਰ੍ਹਾਂ ਮਾਂ ਦੇ ਪਿਆਰ ਦੀ ਤੜਫ਼ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਵਿਚ ਵੀ ਦੇਖੀ ਦਾ ਸਕਦੀ ਹੈ। ਮਾਂ ਦੇ ਪਿਆਰ ਤੋਂ ਬਿਨਾਂ ਹੋਰ ਕੋਈ ਵੀ ਰਿਸ਼ਤਾ ਕਿੰਨਰ ਬੱਚੇ ਨੂੰ ਚੰਗਾ ਨਹੀਂ ਸਮਝਦਾ। ਪਰਿਵਾਰ ਵਿਚ ਮਾਂ ਹੀ ਆਪਣੀ ਬੱਚੀ ਦਾ ਦਰਦ ਸਮਝਦੀ ਹੈ। ਰਿਸ਼ਤੇ ਵਿਚ ਮਾਂ ਹੀ ਇਕ ਹੁੰਦੀ ਹੈ, ਜੋ ਆਪਣੇ ਬੱਚੇ ਨੂੰ ਸਮਝ ਸਕਦੀ ਹੈ। ਬਾਕੀ ਦੇ ਪਰਿਵਾਰਕ ਮੈਂਬਰਾਂ ਲਈ ਉਸ ਦਾ ਕੋਈ ਸਤਿਕਾਰ ਨਹੀਂ ਹੁੰਦਾ। ਮਾਂ ਆਪਣੀ ਮੁਹੱਬਤ ਦਾ ਵਾਸਤਾ ਪਾਉਂਦੀ ਹੈ ਕਿ ਜਿਨ੍ਹਾਂ ਚਿਰ ਮੈਂ ਜਿਊਂਦੀ ਹਾਂ, ਉਦੋਂ ਤਾਈ ਤਾਂ ਇਹ ਸਾਂਝ ਬਣੀ ਰਹਿ ਸਕਦੀ ਹੈ। ਉਸ ਤੋਂ ਬਾਅਦ ਪਰਿਵਾਰ ਕਿੰਨਰ ਬੱਚਿਆ ਨਾਲ ਕੋਈ ਸਾਂਝ ਨਹੀਂ ਰੱਖਦਾ ਹੈ। ਲੇਖਿਕਾ ਵੱਲੋਂ ਉਨ੍ਹਾਂ ਪੁੱਤਾਂ ਦੇ ਮੂੰਹ ਤੇ ਮਾਰੀ ਚਪੇੜ ਹੈ, ਜਿਸ ਕਾਰਨ ਮੀਰਾਂ ਨੂੰ ਆਪਣਾ ਘਰ ਛੱਡ ਕੇ ਕਿੰਨਰਾਂ ਦੇ ਡੇਰੇ ਰਹਿਣਾ ਪਿਆ। ਮੀਰਾਂ ਆਪਣੀ ਮਾਂ ਨੂੰ ਬੁਢਾਪੇ ਸਮੇਂ ਸੰਭਾਲਦੀ ਤੇ ਉਸ ਦੀ ਕੈਂਸਰ ਵਰਗੀ ਬਿਮਾਰੀ ਦਾ ਇਲਾਜ ਵੀ ਕਰਵਾਉਂਦੀ ਹੈ। ਉਸ ਸਮੇਂ ਮਾਂ ਦੇ ਇਹ ਪੁੱਤਰ ਨਹੀਂ ਸੋਚਦੇ ਕਿ ਉਸ ਨੇ ਕਿਹੜਾ ਘਰ ਵਿਚੋਂ ਕੋਈ ਜਾਇਦਾਦ ਦਾ ਹਿੱਸਾ ਲਿਆ। ਮੀਰਾਂ ਆਪਣੇ ਮਾਨਵੀ ਗੁਣਾਂ ਕਾਰਨ ਸਮਾਜ ਦੇ ਵਿਚ ਉੱਚਾ ਦਰਜਾ ਪ੍ਰਾਪਤ ਕਰ ਜਾਂਦੀ ਹੈ। ਫਿਰ ਸਮਾਜ ਕਿਉਂ ਕਿੰਨਰ ਬੱਚਿਆਂ ਨੂੰ ਇਸ ਤਰ੍ਹਾਂ ਦੀ ਤ੍ਰਾਸਦੀ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਕਰਦਾ ਹੈ। ਔਲਾਦ ਤੇ ਕਿੰਨਰ ਬੱਚੇ ਦਾ ਅੰਤਰ ਬਿਆਨ ਕਰਦੀ ਹੋਈ ਮੀਰਾਂ ਕਹਿੰਦੀ ਹੈ ਕਿ-

> ਆਹੋ ਮੁੰਡਿਆਂ ਕੋਲ ਤਾਂ ਆਪੇ ਟੈਮ ਨੀਂ ----ਪਲ ਗਏ , ਘਰ –ਬਾਰ ਸਾਂਭ ਲਏ , ਗ੍ਰਹਿਸਤੀਆਂ ਵਸਾ ਲਈਆਂ। ਹੁਣ ਮਾਂ ਦਾ ਕੀ ਕੰਮ ? ਮਾਂ ਤਾਂ ਪੁਰਾਣੇ ਸਮਾਨ ਵਾਂਗੂੰ ਘਰ ਦੇ ਖੂੰਜੇ ਲਾਈ ਪਈ ਐ।(107)

ਕਿੰਨਰ ਬੱਚਿਆਂ ਨੂੰ ਤਾਂ ਸਿਰਫ਼ ਮਾਂ-ਬਾਪ ਦਾ ਪਿਆਰ ਚਾਹੀਦਾ ਹੈ। ਉਹ ਕਿਹੜਾ ਮਾਂ-ਬਾਪ ਦੀ ਜਾਇਦਾਦ ਵਿਚੋਂ ਹਿੱਸਾ ਵੰਡਾਉਂਦੇ ਹਨ। ਸਮਾਜਿਕ ਤਾਣਾ-ਬਾਣਾ ਅਜਿਹਾ ਹੈ ਕਿ ਜੇ ਕੋਈ ਲੜਕੀ ਪਿਤਾ ਦੀ ਜਾਇਦਾਦ ਵਿਚੋਂ ਆਪਣਾ ਹੱਕ ਮੰਗ ਲਵੇ ਤਾਂ ਖ਼ੂਨ ਦੇ ਰਿਸ਼ਤੇ ਉਸੇ ਦਿਨ ਤਿੜਕ ਜਾਂਦੇ ਹਨ। ਸਮਾਜਿਕ ਤਬਦੀਲੀਆਂ ਲਈ ਜੱਦੋ-ਜਹਿਦ ਕਰਨ ਵਾਲੀਆਂ ਧਿਰਾਂ ਕਾਨੂੰਨ ਦੀ ਇਸ ਵੰਨਗੀ ਨੂੰ ਲਾਗੂ ਕਰਵਾਉਣ ਜਾਂ ਆਪਣੇ ਤੋਂ ਸ਼ੁਰੂ ਕਰਕੇ ਮਿਸਾਲ ਕਾਇਮ ਕਰਨ ਦੀ ਕੋਸ਼ਿਸ਼ ਵਿਚ ਦਿਖਾਈ ਨਹੀਂ ਦਿੰਦੀਆਂ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਪਿੱਤਰਸਤਾ ਦੇ ਵਿਰੋਧ ਵਿਚ ਅਸਲ ਵਿਦਿਆਰਥੀ ਨੂੰ ਮੁੰਡਾ ਜਾਂ ਕੁੜੀ ਸਮਝਣ ਦੇ ਬਜਾਏ ਵਿਦਿਆਰਥੀ ਸਮਝਣ ਦੀ ਸੀ। ਇਨਸਾਨੀ ਸਮਾਜ ਦਾ ਅੰਗ ਹੋਣ ਦੇ ਨਾਤੇ ਮੁੰਡਾ ਅਤੇ ਕੁੜੀ ਦੀ ਬਰਾਬਰੀ ਦਾ ਮਾਮਲਾ ਹੁਣ ਤੱਕ ਅਣਸੁਲਝਿਆ ਹੈ। ਕਿੰਨਰ ਸਮਾਜ ਵੀ ਦੂਜੇ ਲਿੰਗ ਤੋਂ ਬਾਅਦ ਬਰਾਬਰੀ ਦਾ ਹੱਕ ਲੈਣ ਲਈ ਕਤਾਰ ਵਿਚ ਲੱਗਾ ਗਿਆ ਹੈ। ਕਿੰਨਰ ਸਮਾਜ ਦੇ ਲੋਕ ਤਾਂ ਪਿਆਰ ਦੇ ਭੁੱਖੇ ਹੁੰਦੇ ਹਨ। ਸਮਾਜ ਉਨ੍ਹਾਂ ਨੂੰ ਇਹ ਪਿਆਰ ਵੀ ਨਹੀਂ ਬਖ਼ਸ਼ਦਾ। ਮਾਂ ਦੁਆਰੇ ਦਿੱਤੇ ਜਨਮ ਦੀ ਕੀਮਤ ਇਹ ਚੁਕਾਉਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਜਦੋਂ ਮੀਰਾਂ ਦੀ ਮਾਂ ਆਪਣੀ ਆਖ਼ਰੀ ਨਿਸ਼ਾਨੀ ਲਾ ਕੇ ਫੜਾਉਂਦੀ ਹੈ ਤਾਂ ਭਾਵੁਕ ਹੋਈ ਮੀਰਾਂ ਕਹਿੰਦੀ ਹੈ –

ਨੌਂ ਮਹੀਨੇ ਢਿੱਡ 'ਚ ਰੱਖ ਕੇ ਪਾਲਿਆ। ਆਪਦਾ ਖ਼ੂਨ ਮੇਰੇ ਵਿਚ ਪਾਇਆ , ਆਪਦਾ ਅੰਮ੍ਰਿਤ ਵਰਗਾ ਦੁੱਧ ਪਲਾਇਆ, ਲੋਕਾਂ ਵਾਂਗੂੰ ਜੰਮਦੀ ਨੂੰ ਨਹੀਂ ਧੱਕਿਆ। ਪਾਲਿਆ ਪਲੋਸਿਆ ਤੇ ਮੇਰਾ ਏਨਾ ਵੀ ਫ਼ਰਜ਼ ਨਹੀਂ ? ਇਹ ਵਾਲੀਆਂ ਤਾਂ ਸੁੱਖ ਨਾਲ ਤੂੰ ਆਪਦੀਆਂ ਪੋਤੀਆਂ ਦੋਹਤੀਆਂ ਨੂੰ ਦੇਵੀਂ। ਬਾਨੋਂ ਦੀ ਕੁੜੀ ਦੀ ਨਾਨਕ ਸ਼ੱਕ 'ਚ ਦੇ ਆਵੀ। ਸਾਡੇ ਕੋਲ ਕਿੱਥੇ ਘਾਟਾ ਇਹ ਚੀਜ਼ਾਂ ਦਾ ? ਮੈਨੂੰ ਤਾਂ ਤੂੰ ਚਾਹੀਦੀ ਏ ਮੇਰੀ ਸੋਹਣੀ ਅੰਮੀਏ ---ਬੱਸ ਜੇ ਥੋੜ੍ਹਾ ਟੈਮ ਹੋਰ--- ਕਹਿੰਦੀ ਮੀਰਾਂ ਪਹਿਲੀ ਵਾਰ ਅੰਮੀ ਸਲਮਾਂ ਮੂਹਰੇ ਉੱਚੀ-ਉੱਚੀ ਰੋਈ ਸੀ।(112)

ਕਿੰਨਰ ਸਮਾਜ ਦੇ ਲੋਕ ਦੁਨਿਆਵੀ ਰਿਸ਼ਤਿਆਂ ਤੋਂ ਦੂਰ ਹੋ ਜਾਂਦੇ ਹਨ। ਬੇਸ਼ੱਕ ਡੇਰੇ ਵਿਚ ਇਨ੍ਹਾਂ ਦੇ ਰਿਸ਼ਤੇ ਬਣ ਜਾਂਦੇ ਹਨ, ਪਰ ਜੰਮਣ ਵਾਲਿਆਂ ਦੀ ਪੀੜ ਲਈ ਇਹ ਹਮੇਸ਼ਾ ਤੜਫਦੇ ਹਨ। ਇਸੇ ਤਰ੍ਹਾਂ

ਨਾਵਲ ' ਕੀ ਜਾਣਾ ਮੈਂ ਕੌਣ? ਵਿਚਲੀ ਮਾਦਾ ਕਿੰਨਰ ਮਮਤਾ ਵੀ ਆਪਣੀ ਮਾਂ ਨੂੰ ਭਾਲ ਕੇ ਥੱਕ ਜਾਂਦੀ ਹੈ। ਉਸ ਦਾ ਕੁਝ ਵੀ ਪਤਾ ਨਹੀਂ ਚੱਲਦਾ ਤੇ ਅਖੀਰ ਉਹ ਜੁਗਨੂੰ ਨੂੰ ਹੀ ਆਪਣੀ ਭੈਣ ਜਾਂ ਮਾਂ ਦਾ ਦਰਜਾ ਦੇ ਦਿੰਦੀ ਹੈ। ਅਖੀਰ ਤੱਕ ਦੋਵੇਂ ਇਸ ਰਿਸ਼ਤੇ ਨੂੰ ਨਿਭਾਉਂਦੀਆਂ ਹਨ। ਡੇਰੇ ਵਿਚ ਵੀ ਕਈ ਚੰਗੇ ਰਿਸ਼ਤੇ ਕਾਇਮ ਹੋ ਜਾਂਦੇ ਹਨ । ਇਸੇ ਤਰ੍ਹਾਂ ਬੋਵੀ ਵੀ ਆਪਣੀ ਮਾਂ ਦੇ ਰਿਸ਼ਤੇ ਬਾਰੇ ਕਰਨੇ ਨੂੰ ਇੰਝ ਦੱਸਦੀ ਹੈ ਕਿ-

> ਉਹ ਮਾਵਾਂ ਵੀ ਕਦੇ ਭੁੱਲੀਆਂ ਕਮਲਿਆ ਮੁੰਡਿਆਂ। ਮੈਂ ਹਾਲੇ ਪਿਛਲੇ ਮਹੀਨੇ ਮਿਲ ਕੇ ਆਈ ਹਾਂ ਆਵਦੀ ਮਾਂ ਨੂੰ। ਵਿਚਾਰੀ ਮਰਨ ਕੰਢੇ ਪਈ ਆ। ਮੇਰਾ ਤਾਂ ਦਿਲ ਕਰਦਾ ਇੱਥੇ ਚੁੱਕ ਲਿਆਵਾਂ ਵਿਚਾਰੀ ਨੂੰ। ਉੱਥੇ ਜਾਂਦੀ ਆ ਤਾਂ ਮੇਰਾ ਭਰਾ ਚਾਰੇ ਖੁਰ ਚੁੱਕ , ਸੂਈ ਕੁੱਤੀ ਆਂਗੂੰ ਮਗਰ ਪੈ ਜਾਂਦਾ। ਆਖੂ ਤੂੰ ਸਾਡੀ ਬੇਇੱਜ਼ਤੀ ਕਰਾਉਣ ਆ ਗਈ। ਪਹਿਲਾ ਵੀਹ ਪੱਚੀ ਸਾਲ ਗਈ ਨਹੀਂ ਸੀ। ਹੁਣ ਆਹ ਦਸ ਕੁ ਸਾਲਾਂ ਤੋਂ ਆਉਂਦੀ ਜਾਂਦੀ ਹਾਂ ਪਰ ਚੋਰੀਓਂ। ਮੇਰੀ ਮਾਂ ਕਿਸੇ ਸਾਧ ਨੂੰ ਹੀ ਰੱਬ ਮੰਨਦੀ ਆ। ਉਸੇ ਦੇ ਡੇਰੇ ਆ ਕੇ ਮੈਨੂੰ ਫ਼ੋਨ ਕਰ ਦਿੰਦੀ ਆ। ਮੇਰੀ ਮਾਂ ਉਸੇ ਸਾਧ ਦੀ ਚੇਲੀ ਹੋਣ ਕਰਕੇ ਇੰਨੇ ਸਾਲਾਂ ਬਾਅਦ ਮੈਨੂੰ ਲੱਭ ਸਕੀ।--- ਉਂਅ ਭਰਾ ਤਾਂ ਮੇਰਾ ਚੰਗਾ ਪਰ ਭਰਜਾਈ ਮਗਰ ਲੱਗਦਾ। ਬਹੁਤ ਜਲੂਸ ਕੱਢਿਆ ਉਨ੍ਹਾਂ ਨੇ ਮੇਰਾ ਇਸ ਵਾਰੀ ਤਾਂ। (260)

ਪੂੰਜੀਵਾਦੀ ਅਤੇ ਖਪਤ ਵਾਦੀ ਸਭਿਆਚਾਰ ਨੇ ਮਨੁੱਖੀ ਰਿਸ਼ਤੇ-ਨਾਤਿਆਂ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਪਰਿਵਾਰਕ ਰਿਸ਼ਤਿਆਂ ਵਿਚ ਟੁੱਟ-ਭੱਜ ਹੋਣੀ ਸ਼ੁਰੂ ਹੋ ਗਈ ਹੈ। ਪੈਸੇ ਦੇ ਇਸ ਯੁੱਗ ਨੇ ਬੰਦੇ ਨੂੰ ਸਵਾਰਥੀ ਬਣਾ ਦਿੱਤਾ ਹੈ। ਪੂੰਜੀਵਾਦ ਨੇ ਬਜ਼ਾਰ ਵਿਚ ਜ਼ਰੂਰਤਮੰਦ ਅਤੇ ਗੈਰ-ਜ਼ਰੂਰਤਮੰਦ ਵਸਤੂਆਂ ਦੇ ਅੰਬਾਰ ਖੜੇ ਕਰ ਦਿੱਤਾ, ਜਿਸ ਕਾਰਨ ਮਨੁੱਖ ਇਨ੍ਹਾਂ ਵਸਤੂਆਂ ਦੀਆਂ ਚਕਾਚੌਂਧ ਵਿਚ ਕਿਤੇ ਗੁਆਚ ਗਿਆ ਹੈ। ਸਮਾਜ ਵਿਚ ਮਾਂ ਤੇ ਬੱਚੇ ਦਾ ਰਿਸ਼ਤਾ ਤਾਂ ਬੜਾ ਨਿੱਘਾ ਹੁੰਦਾ ਹੈ। ਉਸ ਲਈ ਸਾਰੇ ਬੱਚੇ ਸਮਾਨ ਹੁੰਦੇ ਹਨ। ਇਸ ਲਈ ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਸਕਦੇ ਹਨ ਮਾਂ ਕੁਮਾਂ ਨਹੀਂ ਹੋ ਸਕਦੀ। ਇਸ ਲਈ ਅਜਿਹੇ ਬੱਚਿਆਂ ਦੀ ਸਾਂਝ ਤਾਂ ਘਰ ਵਿਚ ਮਾਂ ਨਾਲ ਹੀ ਹੁੰਦੀ ਹੈ। ਜਦੋਂ ਤੱਕ ਮਾਂ ਹੁੰਦੀ ਹੈ ਇਹ ਸਾਂਝ ਬਣੀ

ਰਹਿੰਦੀ ਹੈ । ਬੋਵੀ ਮਹੰਤ ਦੇ ਡੇਰੇ ਵਿਚ ਭੋਲੇ ਬਾਦਸ਼ਾਹ ਵੀ ਰਿਸ਼ਤਿਆਂ ਦੀਆਂ ਤ੍ਰਾਸਦੀਆਂ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ-

> ਗ੍ਰੇਟ ਗਰੂਟ ਦਾ ਤਾਂ ਮੈਨੂੰ ਪਤਾ ਨਹੀਂ ਪਰ ਅਸੀਂ ਲੋਕ ਰਿਸ਼ਤੇ ਨਿਭਾਉਣਾ ਜਾਣਦੇ ਹਾਂ । ਮਾਂ ਪਿਓ ਜਾਏ ਭਾਵੇ ਭੁੱਲ ਜਾਣ ਪਰ ਅਸੀਂ ਹੱਥੀਂ ਸਹੇੜੇ ਰਿਸ਼ਤੇ ਨਿਭਾਉਂਦੇ ਹਾਂ । ਸੁਰੱਈਆ ਮਾਈ ਨੇ ਇਹਨੂੰ ' ਦੁੱਧ ਪਿਆਈ ' ਕਰ ਆਪਣੀ ਬੇਟੀ ਬਣਾਇਆ ਸੀ । ਇਸ ਨਾਤੇ ਇਹ ਮੇਰੀ ਭੈਣ ਹੋਈ । ਤੇ ---ਤੇ ----ਹੁਣ ਮੇਰੇ ਚੇਲਿਆਂ ਦੀ ਭੂਆ ,ਜਾਣੀ ਕਿ ਤੀਜੀ ਪੀੜ੍ਹੀ ਨਿਭਾ ਰਹੀ ਹੈ ਰਿਸ਼ਤਾ ।(262)

ਜਨਮ ਤੋਂ ਬਾਅਦ ਮਾਪੇ ਇਨ੍ਹਾਂ ਕਿੰਨਰ ਬੱਚਿਆ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਦੇ । ਇਨ੍ਹਾਂ ਬੱਚਿਆਂ ਨੂੰ ਕਿੰਨਰਾਂ ਦੇ ਡੇਰੇ ਤੱਕ ਪਹੁੰਚਾ ਕੇ ਉਹ ਆਪਣੇ-ਆਪ ਨੂੰ ਮੁਕਤ ਕਰ ਲੈਂਦੇ ਹਨ । ਬਾਅਦ ਵਿਚ ਇਨ੍ਹਾਂ ਦਾ ਕੀ ਭਵਿੱਖ ਬਣਦਾ ਹੈ ?। ਇਸ ਦਾ ਜ਼ਿੰਮੇਵਾਰ ਡੇਰਾ ਹੁੰਦਾ ਹੈ । ਕਿੰਨਰ ਸਮਾਜ ਵਿਚ ਮਾਂ ਦਾ ਰਿਸ਼ਤਾ ਗੁਰੂ ਹੀ ਨਿਭਾਉਂਦਾ ਹੈ । ਇਸ ਰਿਸ਼ਤੇ ਨੂੰ ਮਾਂ-ਧੀ ਦੇ ਰੂਪ ਵਿਚ ਨਿਭਾਉਣ ਲਈ ਕਿੰਨਰ ਸਮਾਜ ਵਿਚ ' ਦੁੱਧ ਭਲਾਈ ' ਦੀ ਰਸਮ ਕੀਤੀ ਜਾਂਦੀ ਹੈ । ਜਿਸ ਵਿਚ ਕੋਈ ਵੀ ਗੁਰੂ ਜਿਸ ਨੂੰ ਬੇਟੀ ਦੇ ਰੂਪ ਵਿਚ ਦਰਜਾ ਦੇਣਾ ਚਾਹੁੰਦਾ ਹੈ, ਉਹ ਡੇਰੇ ਵਿਚੋਂ ਬੇਟੀ ਦੀ ਚੋਣ ਕਰਕੇ ਇਸ ਰਸਮ ਨੂੰ ਨਿਭਾਉਂਦਾ ਹੈ । ਕਈ ਘਰਾਣਿਆਂ ਵਿਚ ਇਸ ਰਸਮ ਨੂੰ ਅਦਾ ਕੀਤਾ ਜਾਂਦਾ ਹੈ । ਨਾਵਲ ' ਕੀ ਜਾਣਾ ਮੈਂ ਕੌਣ ?' ਵਿਚ ਦੇਖ ਸਕਦੇ ਹਾਂ ਜੁਗਨੂੰ ਨੂੰ ਹਰ ਘਰਾਣਾ ਹੀ ਆਪਣੀ ਬੇਟੀ ਬਣਾਉਣਾ ਚਾਹੁੰਦਾ ਸੀ ਕਿ-

> ਅਖੀਰ ਵਜ਼ੀਦਰਕੇ ਘਰਾਣੇ ਦੀ ਸਭ ਤੋਂ ਅਮੀਰ ਕਿੰਨਰ ਜੌਨਪੁਰ ਵਾਲੀ ਹਮੀਦਾ ਬੇਗ਼ਮ ਨੂੰ ਇਹ ਮਾਣ ਮਿਲਿਆ । ਜੁਗਨੂੰ ਨੂੰ ਦੁਲਹਨ ਵਾਂਗ ਸ਼ਿੰਗਾਰਿਆ ਗਿਆ ਅਤੇ ਉਸ ਦੀ ਗੁਰੂ ਜ਼ਰੀਨਾ ਅਹਿਮਦ ਉਸ ਦੇ ਮਗਰ ਥਾਲ਼ੀ ਵਿਚ ਆਟੇ ਦਾ ਦੀਵਾ ਜਗਾ ਕੇ ਖੜ੍ਹੀ । ਹਮੀਦਾ ਬੇਗ਼ਮ ਦੀਆਂ ਅੱਖਾਂ 'ਤੇ ਕਾਲ਼ੀ ਪੱਟੀ ਬੰਨੀ ਗਈ । ਉਸ ਦੀਆਂ ਛਾਤੀਆਂ 'ਤੇ ਦੁੱਧ ਲਾ ਜੁਗਨੂੰ ਨੂੰ ਪਿਲਾਇਆ ਗਿਆ । ਸਾਰਿਆਂ ਨੇ ਤਾੜੀ ਮਾਰ੍ਹਕੇ ਇਸ ਰਸਮ ਨੂੰ ਮਾਨਤਾ ਦਿੱਤੀ । ਹਮੀਦਾ

> ਬੇਗ਼ਮ ਨੇ ਪੱਚੀ ਤੋਲੇ ਸੋਨਾ, ਪੰਜ ਕਿੱਲੋ ਚਾਂਦੀ ਅਤੇ ਇਕੱਤੀ ਸੂਟ ਜੁਗਨੂੰ ਦੀ ਝੋਲੀ ਪਾਏ । ਉਸਦੇ ਗੁਰੂ ਨੂੰ ਵੱਖਰੇ ਤੌਰ ' ਤੇ ਗਿਆਰਾ ਹਜ਼ਾਰ ਦਾ ਸ਼ਗਨ ਪਾਇਆ । ਜ਼ਰੀਨਾ ਨੇ ਵੀ ਅੱਗੇ ਓਵੇਂ ਹੀ ਹਮੀਦਾ ਅਤੇ ਉਸ ਦੀਆਂ ਸਾਰੀਆਂ ਚੇਲੀਆਂ ਨੂੰ ਸੋਨੇ ਦੀਆਂ ਮੁੰਦਰੀਆਂ ਅਤੇ ਸੂਟ ਦਿੱਤੇ । ਵੱਖ-ਵੱਖ ਸ਼ਹਿਰਾਂ ਅਤੇ ਰਾਜਾਂ ਦੇ ਡੇਰਾ ਮੁਖੀਆਂ ਵੱਲੋਂ ਵੀ ਜੁਗਨੂੰ ਨੂੰ ਤੋਹਫ਼ੇ ਦਿੱਤੇ ਗਏ । ਹਰ ਕੋਈ ਹੀ ਇਸ ਸਨਮਾਨ ਨੂੰ ਤਰਸਦਾ ਹੈ(153)

ਕਿੰਨਰ ਸਮਾਜ ਦੇ ਲੋਕ ਮਾਂ ਦੇ ਦਰਦ ਨੂੰ ਸਮਝਦੇ ਹਨ । ਸਮਾਜ ਵਿਚ ਮਾਂ ਦਾ ਦਰਜਾ ਬਹੁਤ ਵੱਡਾ ਹੁੰਦਾ ਹੈ । ਕਿੰਨਰ ਸਮਾਜ ਦੇ ਲੋਕ ਬੇਸ਼ੱਕ ਆਪ ਮਾਂ ਨਹੀਂ ਬਣ ਸਕਦੇ ਪਰ ਬੱਚਾ ਗੋਦ ਲੈ ਕੇ ਤਾਂ ਪਾਲ ਹੀ ਸਕਦੇ ਹਨ । ਅਜਿਹੀ ਹੀ ਮਿਸਾਲ ਸਮਾਜ ਵਿਚ ਸੋਨੀਆ ਕਿੰਨਰ ਨੇ ਪੈਦਾ ਕੀਤੀ । ਇਸੇ ਤਰ੍ਹਾਂ ਕੁਦਰਤ ਦੀ ਬੇਇਨਸਾਫ਼ੀ ਦੀ ਸ਼ਿਕਾਰ ਕਿੰਨਰ ਨੇ ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ ਲਿਖ ਦਿੱਤੀ । ਸੋਨੀਆ ਇਕ ਕਿੰਨਰ ਹੈ । 28 ਵਰ੍ਹੇ ਪਹਿਲਾਂ ਜਦੋਂ ਉਹ ਪੈਦਾ ਹੋਈ ਸੀ ਤਾਂ ਮਾਪਿਆਂ ਨੇ ਲੁਧਿਆਣਾ ਦੇ ਕਿੰਨਰ ਹਵਾਲੇ ਕਰ ਦਿੱਤਾ । ਲੰਬਾ ਸਮਾਂ ਉੱਥੇ ਰਹਿਣ ਤੋਂ ਬਾਅਦ ਪਹਿਲਾਂ ਉਹ ਦੀਨਾਨਗਰ ਫਿਰ ਹੌਲੀ-ਹੌਲੀ ਗੁਰਦਾਸਪੁਰ ਛਾਉਣੀ ਦੇ ਪਿੰਡ ਨੌਸ਼ਹਿਰਾ 'ਚ ਆਪਣੀ ਇਕ ਵੱਖਰੀ ਮੰਡਲੀ ਬਣਾ ਕੇ ਰਹਿਣ ਲੱਗੀ । ਸੋਨੀਆ ਨੇ ਦੱਸਿਆ ਕਿ ਪਰਿਵਾਰ ਨੇ ਖ਼ੂਨ ਦੇ ਸੰਬੰਧਾਂ ਤੋਂ ਦੂਰ ਰਹਿਣ ਕਾਰਨ ਪਰਿਵਾਰਕ ਮੋਹ ਤੋਂ ਅਣਜਾਣ ਸੀ । ਉਸ ਦੀ ਸਿਰਫ਼ ਢੋਲਕੀ ਤੇ ਘੁੰਗਰੂਆਂ ਨਾਲ ਹੀ ਸਾਂਝ ਕਾਇਮ ਸੀ । ਹੁਣ ਉਸ ਲਈ ਰਿਸ਼ਤਿਆਂ ਦੇ ਅਰਥ ਬਦਲ ਗਏ ਹਨ ।ਖ਼ੂਨ ਦੇ ਸੰਬੰਧਾਂ ਤੇ ਨਿੱਘ ਤੋਂ ਅਣਜਾਣ ਹੁਣ ਉਹ ਮਾਂ ਬਣ ਚੁੱਕੀ ਹੈ । ਇਕ ਅਜਿਹੀ ਬੱਚੀ ਦੀ ਮਾਂ , ਜਿਸ ਨੂੰ ਉਸ ਦੇ ਮਾਪੇ ਆਪਣੀ ਇੱਛਾ ਦੇ ਨਾਲ ਉਸ ਕੋਲ ਛੱਡ ਗਏ ਸਨ । ਪੰਜਾਬੀ ਅਖ਼ਬਾਰ ਰੋਜ਼ਾਨਾ ਅਜੀਤ ਮਿਤੀ 11 ਸਤੰਬਰ 2019 ਦੀ ਖ਼ਬਰ ਅਨੁਸਾਰ-

ਸੋਨੀਆ ਦੇ ਅਨੁਸਾਰ ਉਕਤ ਬੱਚੀ 10 ਅਗਸਤ 2015 ਨੂੰ ਪੈਦਾ ਹੋਈ ਮਾਪੇ ਇਸ ਬੱਚੀ ਨੂੰ ਕਿੰਨਰ ਸਮਝ ਉਸ ਕੋਲ ਛੱਡ ਗਏ । ਬੱਚੀ ਨੂੰ ਸੋਨੀਆ ਦੇ ਹਵਾਲੇ ਕਰਨ ਤੋਂ ਪਹਿਲਾਂ ਲਿਖਤੀ ਤੌਰ ਬਕਾਇਦਾ ਕਾਰਵਾਈ ਕੀਤੀ ਗਈ । ਸੋਨੀਆ ਅਨੁਸਾਰ ਅੱਠ ਦਿਨਾਂ ਬਾਅਦ ਜਦੋਂ ਉਕਤ ਬੱਚੀ 21 ਦਿਨਾਂ

ਦੀ ਹੋਈ ਤਾਂ ਉਸ ਨੇ ਦੇਖਿਆ ਕਿ ਉਹ ਪਿਸ਼ਾਬ ਦੇ ਰਸਤੇ ਮਲ ਤਿਆਗ ਰਹੀ ਹੈ। ਸੋਨੀਆ ਨੇ ਬੱਚੀ ਨੂੰ ਸਥਾਨਕ ਹਸਪਤਾਲ ਵਿਖੇ ਬਾਲ ਰੋਗਾਂ ਦੇ ਮਾਹਿਰ ਡਾ. ਐੱਸ. ਪੀ. ਐੱਸ. ਨੂੰ ਦਿਖਾਇਆ ਤਾਂ ਡਾ. ਨੇ ਕਿਹਾ ਕਿ ਬੱਚੀ ਕੋਈ ਕਿੰਨਰ ਨਹੀਂ , ਸਗੋਂ ਇਕ ਆਮ ਬੱਚੀ ਹੈ , ਜੋ ਐਨੋਰੈਕਟਲ ਮਾਲਫੋਮ੍ਰੇਸ਼ਨ ਬਿਮਾਰੀ ਨਾਲ ਜੂਝ ਰਹੀ ਹੈ। ਡਾਕਟਰ ਅਨੁਸਾਰ ਬੱਚੀ ਦੇ ਚਾਰ ਆਪ੍ਰੇਸ਼ਨਾਂ ' ਤੇ ਕੁਲ ਖ਼ਰਚ ਲਗਭਗ 1.75 ਲੱਖ ਰੁਪਏ ਆਵੇਗਾ।(3)

ਸੋਨੀਆ ਨੇ ਉਸ ਬੱਚੀ ਦਾ ਇਲਾਜ ਕਰਾਉਣ ਦਾ ਮਨ ਬਣਾ ਲਿਆ ਅਤੇ ਅੱਜ ਉਹ ਬੱਚੀ ਚਾਰ ਸਾਲਾਂ ਦੀ ਹੋ ਚੁੱਕੀ ਹੈ ਤੇ ਉਸ ਨੂੰ ਪੜਾ ਲਿਖਾ ਕੇ ਇਕ ਵੱਡਾ ਅਧਿਕਾਰੀ ਬਣਾਉਣਾ ਹੀ ਉਸ ਦੀ ਜ਼ਿੰਦਗੀ ਦਾ ਉਦੇਸ਼ ਬਣ ਗਿਆ ਹੈ। ਸੋ ਸੋਨੀਆ ਨੇ ਮਾਂ ਨਾ ਹੋਣ ਦੇ ਬਾਵਜੂਦ ਵੀ ਰਿਸ਼ਤਿਆਂ ਦੀ ਨਵੀਂ ਇਬਾਰਤ ਲਿਖ ਦਿੱਤੀ ਹੈ।

ਅਜਿਹੇ ਰਿਸ਼ਤੇ ਕਾਇਮ ਕਰਨ ਨਾਲ ਸਾਂਝ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਹਨ। ਬੇਸ਼ੱਕ ਕਿੰਨਰ ਡੇਰਿਆਂ ਵਿਚ ਖ਼ੂਨ ਦੇ ਰਿਸ਼ਤੇ ਨਹੀਂ ਹੁੰਦੇ ਤਾਂ ਅਜਿਹੇ ਰਿਸ਼ਤੇ ਇਨ੍ਹਾਂ ਨੂੰ ਜ਼ਿੰਦਗੀ ਜਿਊਣ ਲਈ ਆਸਰਾ ਦਿੰਦੇ ਹਨ। ਕਿਸੇ ਨੂੰ ਆਪਣਾ ਕਹਿਣ ਵਾਲੇ ਬਣਦੇ।

ਪਰਿਵਾਰਕ ਰਿਸ਼ਤਿਆਂ ਵਿਚੋਂ ਮਾਂ ਦੇ ਰਿਸ਼ਤੇ ਤੋਂ ਬਾਅਦ ਭਰਾ ਦਾ ਰਿਸ਼ਤਾ ਵੀ ਅਹਿਮ ਰੋਲ ਅਦਾ ਕਰਦਾ ਹੈ। ਮਾਂ ਦੇ ਰਿਸ਼ਤੇ ਤੋਂ ਬਾਅਦ ਹੀ ਭੈਣ-ਭਰਾਵਾਂ ਦੇ ਰਿਸ਼ਤੇ ਹੋਂਦ ਵਿਚ ਆਉਂਦੇ ਹਨ। ਬਲਜੀਤ ਪਪਨੇਜਾ ਦੇ ਨਾਵਲ' ਸੰਤਾਪ ' ਵਿਚ ਨੀਰੂ ਦੇ ਭਰਾ ਦੇ ਰਿਸ਼ਤਾ ਨੂੰ ਆਦਰਸ਼ਕ ਰੂਪ ਵਿਚ ਸਿਰਜਿਆ ਗਿਆ ਹੈ। ਸਮਾਜ ਵਿਚ ਯਥਾਰਥਕ ਪੱਧਰ ਤੇ ਇਹ ਵਾਪਰਦਾ ਨਹੀਂ ਦੇਖਿਆ ਜਾ ਸਕਦਾ। ਪਰਿਵਾਰ ਵਿਚੋਂ ਭਰਾ ਹੀ ਹੁੰਦਾ ਹੈ, ਜੋ ਇਸ ਰਿਸ਼ਤੇ ਨੂੰ ਸਭ ਤੋਂ ਵੱਧ ਨਫ਼ਰਤ ਕਰਦਾ ਹੈ। ਨਾਵਲਕਾਰ ਵੱਲੋਂ ਇਸ ਰਿਸ਼ਤੇ ਨੂੰ ਆਦਰਸ਼- ਬੋਧ ਨਾਲ ਸਿਰਜਣਾ ਪ੍ਰੇਰਨਾ ਦਾ ਸਰੋਤ ਹੋ ਨਿੱਬੜਦਾ ਹੈ। ਨੀਰੂ ਦਾ ਭਰਾ ਜੋ ਨੀਰੂ ਦੀ ਖ਼ਾਤਰ ਜ਼ਮਾਨੇ ਨਾਲ ਟੱਕਰ ਲੈਂਦਾ ਹੈ। ਨੀਰੂ ਆਪਣਾ ਕਿੰਨਰ ਹੋਣ ਦਾ ਦੁੱਖ ਆਪਣੇ ਭਰਾ ਦੇ ਰੱਖੜੀ ਬੰਨ੍ਹਣ ਵਾਲੇ ਦਿਨ ਉਸ ਦੀਆਂ ਅੱਖਾਂ ਵਿਚੋਂ ਇਸ ਤਰ੍ਹਾਂ ਉਜਾਗਰ ਹੁੰਦਾ ਹੈ –

> ਭਰਾ ਦੇ ਮੂੰਹੋਂ ' ਭੈਣ ' ਉਹਦੀਆਂ ਸੁਣ ਕੇ ਨੀਰੂ ਫੁੱਟ-ਫੁੱਟ ਰੋ ਪਈ ਤੇ ਵੀਰ ਦੇ ਗੱਲ ਲੱਗ ਗਈ।---ਮਰ ਗਈ ਤੇਰੀ ਭੈਣ --- ਜੋ ਤੇਰੇ ਸੋਹਣੇ ਜਿਹੇ ਗੁੱਟ ਤੇ ਰੱਖੜੀ ਸਜਾਉਂਦੀ ਹੁੰਦੀ ਸੀ। ਨਹੀਂ ਰਹੀਂ ਤੇਰੀ ਭੈਣ --- ਭੁੱਲ ਜਾ ਵੀਰਾ --- ਤੇਰੀ ਕੋਈ ਭੈਣ ਹੁੰਦੀ ਸੀ। (53)

ਦੀਪੇ ਵਰਗੇ ਭਰਾ ਦੇ ਸਦਕਾ ਨੀਰੂ ਪਰਿਵਾਰ ਅਤੇ ਸਮਾਜ ਵਿਚ ਰਿਸ਼ਤਿਆਂ ਦੇ ਨਿੱਘ ਨੂੰ ਮਾਣਦੀ ਹੈ। ਉਹ ਆਪਣੇ ਪਰਿਵਾਰ ਵਿਚ ਮਾਂ ਦਾ ਰਿਸ਼ਤਾ, ਪਿਉ ਦਾ ਰਿਸ਼ਤਾ, ਭਰਾ ਦਾ ਰਿਸ਼ਤਾ ਇੱਥੋਂ ਤੱਕ ਕਿ ਭਾਬੀ ਦੇ ਰਿਸ਼ਤੇ ਦਾ ਵੀ ਅਨੰਦ ਮਾਣਦੀ ਹੈ। ਉਨ੍ਹਾਂ ਵੱਲੋਂ ਮਿਲਿਆ ਪਿਆਰ ਉਸ ਦੀ ਜ਼ਿੰਦਗੀ ਵਿਚ ਖ਼ੁਸ਼ੀ ਭਰ ਦਿੰਦਾ ਹੈ। ਭਾਬੀ ਦਾ ਰਿਸ਼ਤਾ ਤਾਂ ਸਾਡੇ ਸਭਿਆਚਾਰ ਵਿਚ ਅਕਸਰ ਹੀ ਕੁੜੱਤਣ ਭਰਿਆ ਹੁੰਦਾ ਪਰ ਬੀਰ੍ਹੀ ਨੇ ਇਸ ਰਿਸ਼ਤੇ ਵਿਚ ਅਪਣੱਤ ਦੀ ਭਾਵਨਾ ਭਰ ਦਿੱਤੀ। ਜੇਕਰ ਕਿੰਨਰ ਸਮਾਜ ਦੇ ਵਿਚ ਪਰਿਵਾਰ ਦੇ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਇਹ ਸਮਾਜ ਪਰਿਵਾਰ ਦੇ ਇਨ੍ਹਾਂ ਰਿਸ਼ਤਿਆਂ ਵਿਚੱਲੀ ਅਪਣੱਤ ਨੂੰ ਮਾਣ ਹੀ ਨਹੀਂ ਸਕਦਾ। ਪਰਿਵਾਰ ਛੱਡਣ ਤੋਂ ਬਾਅਦ ਇਹ ਰਿਸ਼ਤੇ ਲਗਭਗ ਖ਼ਤਮ ਹੀ ਹੋ ਜਾਂਦੇ ਹਨ। ਪਰਿਵਾਰ ਵਿਚ ਜਦੋਂ ਇਸ ਤਰ੍ਹਾਂ ਦੇ ਬੱਚੇ ਦੀ ਸੱਮਸਿਆਂ ਸਾਹਮਣੇ ਆਉਂਦੀ ਹੈ ਤਾਂ ਪਰਿਵਾਰ ਦੇ ਹਰ ਮੈਂਬਰ ਦੇ ਰਿਸ਼ਤੇ ਨੂੰ ਦੁੱਖ ਪਹੁੰਚਦਾ ਹੈ। ਨਾਵਲ ਵਿਚ ਦੇਖਦੇ ਹਾਂ ਕਿ ਨੀਰੂ ਦਾ ਭਰਾ ਦੀਪਾ ਵੀ ਦੁੱਖ ਨਾਲ ਗਹਿਰੀ ਸੋਚ ਵਿਚ ਗ਼ਰਕ ਜਾਂਦਾ ਹੈ। ਉਹ ਸੋਚਦਾ ਹੈ ਕਿ ਬੇਸ਼ੱਕ ਕੁਦਰਤ ਨੇ ਉਸ ਨਾਲ ਬੜਾ ਕੋਝਾ ਮਜ਼ਾਕ ਕੀਤਾ ਹੈ। ਇਸ ਲਈ ਉਹ ਨੀਰੂ ਦੇ ਲਈ ਜ਼ਮਾਨੇ ਨਾਲ ਟੱਕਰ ਲੈਣ ਲਈ ਹਮੇਸ਼ਾ ਤਿਆਰ ਰਹੇਗਾ। ਉਹ ਆਪਣੇ ਇਸ ਵਚਨ ਨੂੰ ਨਿਭਾਉਂਦਾ ਵੀ ਹੈ। ਇਸ ਲਈ ਉਹ ਨੀਰੂ ਨੂੰ ਧਰਵਾਸ ਦਿੰਦਾ ਹੋਇਆ ਕਹਿੰਦਾ ਹੈ ਕਿ-

> ਇਹ ਠੀਕ ਹੈ ਕਿ ਕੁਦਰਤ ਨੇ ਤੇਰੇ ਨਾਲ ਬੜਾ ਕੋਝਾ ਮਜ਼ਾਕ ਕੀਤੈ। ਹੋ ਸਕਦੈ ਹੈ ਕਿ ਜ਼ਮਾਨੇ ਦੀਆਂ ਨਜ਼ਰਾਂ ਵਿਚ ਫ਼ਰਕ ਆ ਜਾਵੇ।--- ਹੋ ਸਕਦੈ ਕਿ ਤੈਨੂੰ ਹੁਣ ਜ਼ਮਾਨੇ ਵਿਚ ਵਿਚਰਨਾ ਕੁਝ ਔਖਾ ਲੱਗੇ ---ਪਰ--- ਇਹ ਤੇਰਾ ਵੀਰ ਹਾਲੇ ਵੀ ਤੈਨੂੰ ਭੈਣ ਹੀ ਸਮਝਦੈ --- ਹਾਲੇ ਵੀ ਮੇਰੀਆਂ ਨਜ਼ਰਾਂ ਵਿਚ ਕੋਈ ਫ਼ਰਕ ਨਹੀਂ ਆਇਆ--- ਤੇਰੇ ਲਈ ਮੈਂ ਜ਼ਮਾਨੇ ਨਾਲ ਵੀ ਟੱਕਰ ਲੈਣ ਦੀ ਹਿੰਮਤ ਰੱਖਣਾ ---

> ਤੇ ਇਹ ਤੇਰੇ ਵੀਰ ਦਾ ਵਾਅਦਾ ਰਿਹਾ ਕਿ ਮੈਂ ਤੈਨੂੰ ਜ਼ਮਾਨੇ ਵਿਚ ਮਜ਼ਾਕ ਨਹੀਂ ਬਣਨ ਦਿਆਂਗਾ ਤੇ ਤੈਨੂੰ ਇੱਜ਼ਤ ਨਾਲ ਜਿਊਣ ਦੀ ਜਾਂਚ ਸਿਖਾਵਾਂਗਾ ।(55)

ਸਮਾਜ ਵਿਚ ਭੈਣ-ਭਰਾ ਦਾ ਰਿਸ਼ਤਾ ਬਹੁਤ ਪਵਿੱਤਰ ਹੁੰਦਾ ਹੈ । ਦੀਪਾ ਵੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਕਿ ਉਸ ਦੀ ਭੈਣ ਖੁਸਰਾ ਹੈ । ਕਚਹਿਰੀ ਵਿਚ ਚੱਲਦੇ ਕੇਸ ਅਧੀਨ ਉਹ ਇਹ ਸਵਾਲ ਵੀ ਪੁੱਛਦਾ ਹੈ ਕਿ ਮੈਂ ਨਹੀਂ ਮੰਨਦਾ ਮੇਰੀ ਭੈਣ ਖੁਸਰਾ ਹੈ । ਸਮਾਜ ਵਿਚ ਦੇਖਦੇ ਹਾਂ ਖੁਸਰਿਆਂ ਵਿਚ ਸਰੀਰਕ ਪੱਖ ਤੋਂ ਕਈ ਨੁਕਸ ਨਹੀਂ ਹੁੰਦਾ । ਇਹ ਵੀ ਆਮ ਮਨੁੱਖਾਂ ਦੀ ਤਰ੍ਹਾਂ ਉਨ੍ਹਾਂ ਹੀ ਕੰਮ ਕਰ ਸਕਦੇ ਹਨ ਜਿਨ੍ਹਾਂ ਕਿ ਆਮ ਮਨੁੱਖ । ਇਸੇ ਪੱਖ ਦੀ ਤਾਕੀਦ ਜੱਜ ਸਾਹਮਣੇ ਦੀਪਾ ਇਉਂ ਕਰਦਾ ਹੈ ਕਿ –

> ਮੇਰੀ ਭੈਣ ਫ਼ੈਕਟਰੀ ਵਿਚ ਇਕੱਲੀ ਛੇ ਆਦਮੀਆਂ ਜਿਨ੍ਹਾਂ ਕੰਮ ਕਰਦੀ ਹੈ, ਜੇ ਇਹ (ਖੁਸਰੇ) ਨਹੀਂ ਮੰਨਦੇ ਤਾਂ ਇਨ੍ਹਾਂ ਨੂੰ ਕਹੋ ਕਿ ਮੈਨੂੰ ਛੇ ਵਰਕਰਾਂ ਦਾ ਪ੍ਰਬੰਧ ਕਰ ਦੇਣ ਤੇ ਲੈ ਜਾਣ ਮੇਰੀ ਭੈਣ ਨੂੰ----।(86)

ਨਾਵਲਕਾਰ ਪਾਠਕਾਂ ਨੂੰ ਜੋ ਦਿਖਾਉਣਾ ਚਾਹੁੰਦਾ, ਉਹ ਯਥਾਰਥਕ ਪੱਧਰ ਤੇ ਵਾਪਰਦਾ ਨਜ਼ਰ ਨਹੀਂ ਆਉਂਦਾ ਹੈ । ਇਹ ਸਾਰਾ ਕੁਝ ਅਸਲੀ ਜੀਵਨ ਦੀਆਂ ਹਕੀਕਤਾਂ ਦਾ ਪ੍ਰਤਿਰੂਪ ਨਹੀਂ ਹੈ ਜਾਂ ਘੱਟੋ-ਘੱਟ ਅਜਿਹਾ ਵਰਤਾਰਾ ਨਹੀਂ ਹੈ, ਜਿਸ ਨੂੰ ਪੰਜਾਬੀ ਜੀਵਨ ਦਾ ਪ੍ਰਤੀਨਿਧ ਜਾਂ ਆਮ ਰੂਪ ਕਿਹਾ ਜਾ ਸਕਦਾ ਹੋਵੇ । ਇਸ ਲਈ ਉੱਪਰੋਕਤ ਵੇਰਵੇ ਗਲਪ ਜਗਤ ਯਥਾਰਥ-ਅਨੁਭਵ ਦੀ ਪੇਸ਼ਕਾਰੀ ਨਹੀਂ ਕਰਦੇ ਸਗੋਂ ਆਦਰਸ਼ ਬੋਧ ਦੇ ਜ਼ਾਵੀਏ ਤੋਂ ਯਥਾਰਥ ਨੂੰ ਕੱਟਦਾ ਛਾਂਟਦਾ ਪ੍ਰਤੀਤ ਹੁੰਦਾ ਹੈ । ਇਸੇ ਵਿਉਂਤਕਾਰੀ ਵਿਚ ਨਾਵਲ ਦਾ ਮਹੱਤਵ ਵੀ ਸਮੋਇਆ ਹੋਇਆ ਹੈ । ਦੀਪਾ ਆਪਣੀ ਭੈਣ ਨੀਰੂ ਖ਼ਾਤਰ ਸਮਾਜ ਦੇ ਹਰ ਖ਼ਤਰੇ ਨਾਲ ਟਕਰਾਉਣ ਲਈ ਤਿਆਰ ਹੈ । ਉਹ ਆਪਣੀ ਭੈਣ ਨੀਰੂ ਨੂੰ ਹਰ ਉਹ ਖ਼ੁਸ਼ੀ ਦੇਣੀ ਚਾਹੁੰਦਾ ਹੈ, ਜੋ ਇਕ ਭਰਾ ਆਪਣੀ ਭੈਣ ਲਈ ਕਰਦਾ ਹੈ । ਬੇਸ਼ੱਕ ਅਦਾਲਤੀ ਲੜਾਈ ਵਿਚ ਬਹੁਤ ਸਾਰੇ ਅਗਾਂਹ-ਵਧੂ ਲੋਕਾਂ ਦੀ ਹਮਦਰਦੀ ਪਰਿਵਾਰ ਨਾਲ ਹੈ, ਫਿਰ ਵੀ ਪਰਿਵਾਰ ਦੇ ਅੰਦਰ ਇਹ ਡਰ ਛੁਪਿਆ ਹੋਇਆ ਕਿ ਘਰ ਵਿਚ ਕਿੰਨਰ ਮੈਂਬਰ ਹੋਣ ਕਾਰਨ ਕੋਈ ਉਨ੍ਹਾਂ ਨਾਲ ਵਿਆਹ-ਸ਼ਾਦੀ ਦਾ ਰਿਸ਼ਤਾ ਨਹੀਂ ਜੋੜੇਗਾ । ਇਸ ਨਮੋਸ਼ੀ

ਕਾਰਨ ਪਿਤਾ ਦਾ ਸਾਇਆ ਵੀ ਸਿਰ ਤੋਂ ਉੱਠ ਗਿਆ । ਨਾਵਲ ਵਿਚ ਦੀਪੇ ਦੇ ਵਿਆਹ ਦੀ ਗੱਲ ਛੇੜਨਾ ਸੰਕੇਤ ਕਰਦਾ ਕਿ ਕਿਸ ਤਰ੍ਹਾਂ ਸਾਡੇ ਸਮਾਜ ਵਿਚ ਉਸ ਪਰਿਵਾਰ ਨੂੰ ਵਿਆਹ ਕਰਨ ਵਿਚ ਮੁਸ਼ਕਿਲ ਆਉਂਦੀ ਹੈ, ਜਿਸ ਘਰ ਕਿੰਨਰ ਬੱਚਾ ਪੈਦਾ ਹੁੰਦਾ ਹੈ । ਦਲੀਪ ਸਿੰਘ ਪੜ੍ਹਿਆ ਲਿਖਿਆ, ਹੋਣਹਾਰ ਤੇ ਕਮਾਊ ਪੁੱਤ ਹੈ । ਇਸ ਲਈ ਨਰਾਇਣ ਸਿੰਘ ਦਾ ਪਰਿਵਾਰ ਉਸ ਨੂੰ ਆਪਣੀ ਧੀ ਬੀਰ੍ਹੀ ਲਈ ਯੋਗ ਵਰ ਸਮਝਦਾ ਹੈ । ਜਦੋਂ ਉਨ੍ਹਾਂ ਨੂੰ ਦਲੀਪ ਸਿੰਘ ਦੀ ਭੈਣ ਦੇ ਕਿੰਨਰ ਹੋਣ ਤੇ ਕਿੰਨਰਾਂ ਨਾਲ ਕੇਸ ਚੱਲਣ ਦੀ ਗੱਲ ਦਾ ਪਤਾ ਲੱਗਦਾ ਹੈ । ਉਹ ਪਰਿਵਾਰ ਨਾਲ ਰਿਸ਼ਤਾ ਜੋੜਨ ਨੂੰ ਲੈ ਕੇ ਡੂੰਘੇ ਦਵੰਦ ਵਿਚ ਘਿਰ ਜਾਂਦੇ ਹਨ । ‘ ਲੋਕ ਕੀ ਕਹਿਣਗੇ ‘ ਦੀ ਧਾਰਨਾ ਦੋਵਾਂ ਪਰਿਵਾਰਾਂ ਦੇ ਰਿਸ਼ਤੇ ਜੋੜਨ ਵਿਚ ਰੁਕਾਵਟ ਬਣ ਜਾਂਦੀ ਹੈ । ਇਸ ਸਮੱਸਿਆ ਦਾ ਹੱਲ ਕਰਨ ਲਈ ਨਾਵਲਕਾਰ ਨਵੀਂ ਸੋਚ ਉਭਾਰਦਾ ਹੈ । ਉਹ ਨਵੀਂ ਸੋਚ ਬੀਰ੍ਹੀ ਦੇ ਪਾਤਰ ਰਾਹੀਂ ਸਾਹਮਣੇ ਆਉਂਦੀ ਹੈ । ਦੀਪੇ ਦੇ ਰਿਸ਼ਤੇ ਵਿਚ ਅਜਿਹੀ ਕੋਈ ਰੁਕਾਵਟ ਨਹੀਂ ਪੈਂਦੀ । ਦੀਪੇ ਦਾ ਜਿਸ ਘਰ ਨਾਲ ਰਿਸ਼ਤਾ ਜੁੜਦਾ ਹੈ , ਬੇਸ਼ੱਕ ਕੁੜੀ ਵਾਲੇ ਦੀਪੇ ਦੇ ਪਰਿਵਾਰ ਦੀ ਪੂਰੀ ਜਾਂਚ ਪੜਤਾਲ ਕਰਦੇ ਹਨ । ਨੀਰੂ ਦਾ ਸੱਚ ਵੀ ਉਨ੍ਹਾਂ ਨੂੰ ਪਤਾ ਹੈ, ਤਾਂ ਵੀ ਉਹ ਆਪਣੀ ਕੁੜੀ ਦਾ ਵਿਆਹ ਦੀਪੇ ਨਾਲ ਕਰਨ ਲਈ ਤਿਆਰ ਹੋ ਜਾਂਦੇ ਹਨ । ਇਸ ਮੌਕੇ ਉਹ ਕੁੜੀ ਬੜੀ ਦਲੇਰੀ ਦਿਖਾਉਂਦੀ ਹੈ, ਕਿ ਜਿਹੜਾ ਮੁੰਡਾ ਕਿੰਨਰਾਂ ਨਾਲ ਲੜਾਈ ਲੜ ਸਕਦਾ ਹੈ । ਇਸ ਤੋਂ ਚੰਗਾ ਮੁੰਡਾ ਦੁਨੀਆ ਤੇ ਕਿਹੜਾ ਹੋ ਸਕਦਾ ਹੈ । ਬੀਰ੍ਹੀ ਦੇ ਦੀਪੇ ਬਾਰੇ ਵਿਚਾਰ ਹਨ ਕਿ-

> ਦੁਨੀਆਂ ਨੇ ਉਨ੍ਹਾਂ ਦਾ ਕੀ ਵਿਗਾੜ ਲਿਆ ? ਬਲਕਿ ਚਾਚਾ ਜੀ ਦੱਸਣ ਮੁਤਾਬਿਕ ਦੁਨੀਆਂ ਤਾਂ ਉਨ੍ਹਾਂ ਦੇ ਨਾਲ ਖਲੋਤੀ ਐ---- ਅਦਾਲਤਾਂ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਤੇ ਮੇਰੇ ਖ਼ਿਆਲ ਵਿਚ ਗੱਲ ਹੁੰਦੀ ਐ ਹਿੰਮਤ ਦੀ । ਮੈ ਕਹਿਨੀਂ ਕਿ ਉਸ ਤੋਂ ਵੱਡਾ ਹਿੰਮਤ ਵਾਲਾ ਇਨਸਾਨ ਹੋਰ ਕੌਣ ਹੋਵੇਗਾ ਜਿਸ ਨੇ ਸਾਰੀ ਦੁਨੀਆ ਦੀ ਪਰਵਾਹ ਨਹੀਂ ਕੀਤੀ ਤੇ ਆਪਣੀ ਭੈਣ ਦੀ ਖ਼ਾਤਰ ਖੁਸਰਿਆਂ ਸਾਹਮਣੇ ਦੀਵਾਰ ਬਣ ਕੇ ਖੜ੍ਹਾ ਹੋ ਗਿਆ ।(53 )

ਸੋ ਸਮਾਜ ਦੀ ਸੋਚ ਬਦਲਣ ਦੇ ਨਾਲ ਹੀ ਇਸ ਵਰਗ ਨੂੰ ਸਮਾਜ ਦੇ ਵਿਚ ਸਨਮਾਨ ਪ੍ਰਾਪਤ ਹੋ ਸਕਦਾ ਹੈ । ਜੇਕਰ ਦੀਪੇ ਅਤੇ ਬੀਰ੍ਹੀ ਵਰਗੇ ਇਨਸਾਨ ਕਿੰਨਰ ਵਰਗ ਲਈ ਇਸ ਤਰ੍ਹਾਂ ਦੀ ਸੋਚ ਰੱਖ ਸਕਦੇ ਹਨ ਤਾਂ ਸਾਰਾ ਸਮਾਜ ਹੀ ਅਜਿਹੀ ਸੋਚ ਦਾ ਧਾਰਨੀ ਬਣ ਸਕਦਾ ਹੈ । ਜਦੋਂ ਬੀਰ੍ਹੀ ਵਿਆਹ ਕੇ ਆਪਣੇ ਸਹੁਰੇ ਘਰ ਆਉਂਦੀ ਤਾਂ ਚਰਨੋਂ ਨੇ ਮਾਂ ਵਾਲਾ ਸ਼ਗਨ ਕਰਕੇ ਨਵੀਂ ਵਿਆਹੀ ਵਹੁਟੀ ਨੂੰ ਘਰ ਵਿਚ ਪ੍ਰਵੇਸ਼ ਕਰਵਾਇਆ ਅਤੇ ਬਿਸ਼ਨੀ ਨੇ ਵੀ ਘਰ ਆਈ ਨਵੀਂ ਵਹੁਟੀ ਦਾ ਸਵਾਗਤ ਕੀਤਾ । ਨੀਰੂ ਆਪਣੀ ਹੀਣ ਭਾਵਨਾ ਕਾਰਨ ਸਾਰਿਆ ਦੇ ਸਾਹਮਣੇ ਆਉਣ ਤੋਂ ਝਿਜਕ ਰਹੀ ਸੀ । ਉਹ ਚੁੱਪ ਖੜ੍ਹੀ ਸੀ, ਕਿ ਘਰ ਆਈ ਨਵੀਂ ਭਾਬੀ ਦਾ ਉਹ ਕਿਵੇਂ ਸਵਾਗਤ ਕਰੇ? ਬੀਰ੍ਹੀ ਆਦਰਸ਼ਕ-ਬੋਧ ਦੇ ਰਾਹੀਂ ਸਾਰੀ ਸਮੱਸਿਆਵਾਂ ਨੂੰ ਹੱਲ ਕਰ ਦਿੰਦੀ ਹੈ । ਉਹ ਨੀਰੂ ਨੂੰ ਇਸ ਤਰ੍ਹਾਂ ਮਿਲਦੀ ਹੈ ਜਿਵੇਂ ਉਹ ਆਮ ਹੀ ਇਨਸਾਨ ਹੋਵੇ । ਬੀਰ੍ਹੀ ਅਤੇ ਨੀਰੂ ਦਾ ਮਿਲਾਪ ਦੇਖ ਕੇ ਸਾਰੇ ਹੈਰਾਨ ਰਹਿ ਜਾਂਦੇ ਹਨ –

> ਨੀਰੂ ਨੂੰ ਇਸ ਤਰ੍ਹਾਂ ਚੁੱਪ ਖੜ੍ਹਾ ਵੇਖ ਕੇ ਬੀਰ੍ਹੀ ਥੋੜ੍ਹਾ ਜਿਹਾ ਅੱਗੇ ਵਧੀ ਤੇ ਉਸ ਨੇ ਨੀਰੂ ਲਈ ਆਪਣੀਆਂ ਦੋਵੇਂ ਬਾਂਹ੍ਵਾਂ ਫੈਲਾ ਦਿੱਤੀਆਂ ਇਉਂ ਲੱਗ ਰਿਹਾ ਸੀ ਜਿਵੇਂ ਉਹ ਨੀਰੂ ਨੂੰ ਆਪਣੇ ਆਗੋਸ਼ ਵਿਚ ਸਮਾ ਲੈਣਾ ਚਾਹੁੰਦੀ ਹੋਵੇ । ਭਰਜਾਈ ਵੱਲੋਂ ਵਿਖਾਈ ਅਪਣੱਤ ਵੇਖ ਕੇ ਭਾਵੁਕ ਹੋਈ ਨੀਰੂ ਭੱਜ ਕੇ ਭਰਜਾਈ ਦੇ ਗਲ ਲੱਗ ਗਈ । (14 )

ਨਾਵਲ ਵਿਚ ਦੀਪਾ ,ਬੀਰ੍ਹੀ ਅਤੇ ਉਸ ਦਾ ਪਰਿਵਾਰ ਆਦਰਸ਼ ਬੋਧ ਤੋਂ ਸਿਰਜੇ ਪਾਤਰ ਹਨ ਪਰ ਯਥਾਰਥਕ ਪੱਧਰ ਉਤੇ ਕਿਤੇ ਸਮਾਜ ਵਿਚ ਨਜ਼ਰ ਨਹੀਂ ਆਉਂਦਾ । ਇਸ ਤਰ੍ਹਾਂ ਕਿੰਨਰਾਂ ਨੂੰ ਕਦੇ ਵੀ ਮਨੁੱਖ ਰੂਪ ਵਿਚ ਜਨਮ ਲੈ ਕੇ ਰਿਸ਼ਤਿਆਂ ਦੀ ਅਣਹੋਂਦ ਮਹਿਸੂਸ ਨਹੀਂ ਹੋਵੇਗੀ । ਬੇਸ਼ੱਕ ਪਰਿਵਾਰਕ ਸਹਿਯੋਗ ਸਦਕਾ ਨੀਰੂ ਹਰ ਰਿਸ਼ਤੇ ਨੂੰ ਮਾਣਦੀ ਹੈ , ਫਿਰ ਵੀ ਕੁਦਰਤ ਵੱਲੋਂ ਮਿਲੀ ਅਪੂਰਨਤਾ ਕਾਰਨ ਉਹ ਆਪਣੇ ਆਪ ਨੂੰ ਦੋਸ਼ੀ ਮੰਨਦੀ ਹੈ ਤੇ ਆਪਣੀ ਮਾਂ ਨੂੰ ਕਹਿੰਦੀ ਹੈ ਕਿ-

> ਨਾ ਬੀਬੀ ਨਾ --- ਅੱਜ ਮੇਰੇ ਜੰਮਣ ਤੋਂ ਇਕ ਅਰਸੇ ਬਾਅਦ ਇਸ ਘਰ ਵਿਚ ਖ਼ੁਸ਼ੀ ਦਾ ਦਿਨ ਆਇਐ ਤੇ ਮੇਰੇ ਕਰਕੇ ਇਸ ਖ਼ੁਸ਼ੀ ਵਿਚ ਕੋਈ ਵਿਘਨ ਪਵੇ ਇਹ ਮੈਨੂੰ ਚੰਗਾ ਨਹੀਂ ਲੱਗਦਾ ਸੋ ਮੇਰੇ ਕਰਕੇ ਤੈਨੂੰ

> ਨਮੋਸ਼ ਹੋਣ ਦੀ ਲੋੜ ਨਹੀਂ । ਮੈਨੂੰ ਕਿਸੇ ਨਾਲ ਕੋਈ ਗਿਲਾ ਨਹੀਂ--- ਮੈਂ ਤੇ ਰੱਬ ਨਾਲ ਵੀ ਗਿਲਾ ਨਹੀਂ ਕਰ ਸਕਦੀ । ਗਿਲਾ ਹੈ ਤਾਂ ਸਿਰਫ਼ ਇਸ ਗੱਲ ਦਾ ਕਿ ਇਨਸਾਨੀ ਜਾਮੇ ਵਿਚ ਆ ਕੇ ਵੀ ਮੈਂ ਇਨਸਾਨਾਂ ਵਿਚ ਵਿਚਰ ਨਹੀਂ ਸਕਦੀ । (100 )

ਦੂਸਰੇ ਪਾਸੇ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਦੀ ਪਾਤਰ ਆਪਣੇ ਭਰਾਵਾਂ ਦੇ ਨਫ਼ਰਤ ਭਰੇ ਵਤੀਰੇ ਕਾਰਨ ਘਰ ਛੱਡਣ ਲਈ ਮਜਬੂਰ ਹੋ ਜਾਂਦੀ ਹੈ । ਅੰਤ ਉਹ ਕਿੰਨਰਾਂ ਦੇ ਕੰਨੀ ਗੱਲ ਪਾਉਣ ਲਈ ਆਪਣੇ ਭਰਾ ਦੇ ਹਾੜੇ ਘੱਤਦੀ ਹੈ ਤੇ ਕਹਿੰਦੀ ਹੈ ਕਿ -

> ਨਾ ਵੇ ਵੀਰੇ , ਪਿੰਡ ਵਾਲਿਆਂ ਲਈ ਮੈਂ ਮੇਰੇ ਅੱਬਾ ਦੀ ਧੀ ਧਿਆਣੀ ਹਾਂ । ਤੁਹਾਡੇ ਸ਼ਮਲੇ ਦੀ ਇੱਜ਼ਤ ਹਾਂ ਵੀਰੇ । ਇਉਂ ਤਾਂ ਮੇਰਾ ਹੌਸਲਾ ਨਹੀਂ ਪੈਂਦਾ । ਜਿਊਣ ਜੋਗਿਆਂ ਪਰ ਜੇ ਤੂੰ ਮੇਰਾ ਇਹ ਕੰਮ ਕਰਦੇ ਤਾਂ ਤੈਨੂੰ ਸੱਤ ਜਨਮਾਂ ਦੀ ਢੋਈ ਮਿਲੇ । ਤੇਰਾ ਅਹਿਸਾਨ ਮੈਂ ਸਾਰੀ ਉਮਰ ਯਾਦ ਰੱਖੂੰ । ਡਰ ਨਾ , ਇਹ ਰਾਜ਼ ਤੇਰੇ ਤੇ ਮੇਰੇ ਵਿਚ ਹੀ ਰਹੂ ਵੀਰਾ----ਉੱਠ ਮੇਰਾ ਵੀਰ ਬਣ ਕੇ ---ਅੱਜ ਦਾ ਖੁੰਝਿਆ ਦਿਨ ਫੇਰ ਪਤਾ ਨਹੀਂ ਹੱਥ ਆਊ ਕਿ ਨਹੀਂ ।(27)

ਅਸਲ ਵਿਚ ਭਰਾ ਵੀ ਚਾਹੁੰਦਾ ਸੀ ਕਿ ਉਹ ਇੱਜ਼ਤ ਦੇ ਨਾਲ ਜੀਅ ਸਕੇ । ਉਹ ਇਹ ਗੱਲ ਪਿੰਡ ਆਏ ਕਿੰਨਰਾਂ ਦੇ ਕੰਨ ਵਿਚ ਪਾ ਦਿੰਦਾ ਹੈ । ਬੇਸ਼ੱਕ ਕਿੰਨਰਾਂ ਦੇ ਨਾਲ ਜਾਣ ਦਾ ਫ਼ੈਸਲਾ ਅਮੀਰਾਂ ਦਾ ਆਪਣਾ ਸੀ ਪਰ ਉਹ ਮਾਪੇ ਕਿਸ ਤਰ੍ਹਾਂ ਆਪਣੇ ਢਿੱਡ ਦੇ ਜਾਏ ਨੂੰ ਵੱਖ ਕਰਨ । ਅਮੀਰਾਂ ਤਕੜੇ ਦਿਲ ਨਾਲ ਆਪਣੇ ਅੱਬਾ ਨੂੰ ਕਹਿੰਦੀ ਹੈ ਕਿ-

> ਦੇਖ ਅੱਬਾ , ਮੈਂ ਤੈਥੋਂ ਕਿਹੜਾ ਦਾਜ , ਧਨ , ਦੌਲਤ ਜਾਂ ਮਰਜ਼ੀ ਦੀ ਵਰ ਮੰਗਣਾ ? ਬੱਸ ਮਰਜ਼ੀ ਦੀ ਜ਼ਿੰਦਗੀ ਜਿਊਣ ਲਈ ਆਜ਼ਾਦ ਕਰ ਦੇ ----ਮੇਰਾ ਏਥੇ ਦਮ ਘੁੱਟਦਾ । ਅਮੀਰਾਂ ਆਖ਼ਰੀ ਫ਼ੈਸਲਾ ਸੁਣਾਉਂਦੀ ਬੋਲੀ ।(30)

ਪਰਿਵਾਰ ਨਾਲੋਂ ਵਿੱਛੜ ਕੇ ਜਦੋਂ ਵਰ੍ਹਿਆਂ ਬਾਅਦ ਕਿੰਨਰ ਸਮਾਜ ਦੇ ਮੈਂਬਰ ਆਪਣੇ ਪਰਿਵਾਰ ਨੂੰ ਮਿਲਣ ਜਾਂਦੇ ਹਨ, ਤਾਂ ਪਰਿਵਾਰ ਨੂੰ ਮਿਲ ਕੇ ਬੜਾ ਦੁੱਖ ਮਹਿਸੂਸ ਕਰਦੇ ਹਨ। ਕਈ ਕਿੰਨਰ ਬੱਚਿਆ ਨੂੰ ਤਾਂ ਆਪਣੇ ਪਰਿਵਾਰ ਬਾਰੇ ਜਾਣਕਾਰੀ ਵੀ ਨਹੀਂ ਹੁੰਦੀ। ਉਹ ਪਰਿਵਾਰ ਜਿੱਥੇ ਉਸ ਦਾ ਬਚਪਨ ਬੀਤਿਆ ਤੇ ਮਾਪਿਆਂ ਦੇ ਨਿੱਘ ਨੂੰ ਵੀ ਮਹਿਸੂਸ ਕੀਤਾ। ਨਾਵਲ ਵਿਚ  ਵਰ੍ਹਿਆਂ ਬਾਅਦ ਜਦੋਂ ਮੀਰਾਂ ਆਪਣੇ ਪੇਕਿਆਂ ਦੀ ਫੁਲਵਾੜੀ ਨੂੰ ਦੇਖਣ ਜਾਂਦੀ ਹੈ, ਤਾਂ ਉਸ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਮਨ ਦੇ ਵਲਵਲੇ ਬਿਆਨ ਕਰਦੀ ਹੈ ਕਿ-

> ਮੀਰਾਂ ਨੇ ਛੇਤੀ ਖਿਸਕਣ ਵਿਚ ਹੀ ਬਿਹਤਰੀ ਸਮਝੀ , ਉਹ ਦਰ ਘਰ ਜਿੱਥੇ ਕਦੇ ਬਾਬਲ ਦਾ ਰਾਜ ਸੀ , ਅੱਜ ਸਭ ਨੇ ਮਨਾਂ ਦੇ ਬੂਹੇ ਭੇੜ ਰੱਖੇ ਸਨ। ਓਪਰੇਪਣ ਦੀ ਪੌਣ ਵਗ ਰਹੀ ਸੀ। ਚੱਲ ਮਨਾਂ , ਕਿਸੇ ਨੇ ਨਹੀਂ ਅਪਨਾਉਣਾ ਬਲਕਿ ਤੇਰੇ ਕਾਰਨ ਨਮੋਸ਼ੀ ਹੀ ਮੰਨਣਗੇ ਮਨੋ ਮਨ ਕਹਿੰਦੀ ਮੀਰਾ ਜੁਗਨੂੰ ਨੂੰ ਲੈ ਕੇ ਉੱਠ ਖੜ੍ਹੀ। ਭਾਵੁਕਤਾ ਦੇ ਵਹਿਣ ਵਿਚ ਲਿਆ ਪਿੰਡ ਆਉਣ ਦਾ ਆਪਦਾ ਫ਼ੈਸਲਾ ਉਸ ਨੂੰ ਗ਼ਲਤ ਲੱਗਿਆ।(98)

ਪਰਿਵਾਰ ਮਾਂ-ਪਿਓ ਅਤੇ ਭੈਣ-ਭਰਾਵਾਂ ਦੇ ਮਿਲਾਪ ਨਾਲ ਬਣਦਾ ਹੈ। ਕਿੰਨਰ ਸਮਾਜ ਦੇ ਬੱਚੇ ਤਾਂ ਜੰਮਦੇ ਹੀ ਪਰਿਵਾਰ ਤੋਂ ਵੱਖ ਹੋ ਜਾਂਦੇ ਹਨ। ਪਰਿਵਾਰ ਵਿਚ ਰਹਿ ਕੇ ਹੀ ਬੱਚੇ ਦਾ ਸਮਾਜਿਕ ਵਿਕਾਸ ਹੁੰਦਾ ਹੈ। ਸਭਿਅਕ ਸਮਾਜ ਕਿੰਨਰ ਸਮਾਜ ਦੇ ਬੱਚਿਆ ਤੋਂ ਪਰਿਵਾਰ ਦਾ ਹੱਕ ਖੋ ਲੈਂਦਾ ਹੈ। ਪ੍ਰਕਾਸ਼ ਸਿੰਘ ਜੰਮੂ ਆਪਣੀ ਕਿਤਾਬ 'ਮਨੁੱਖੀ ਸਮਾਜ' ਵਿਚ ਵਿਅਕਤ ਵਿਚਾਰ ਕਿੰਗਜ਼ਲੇ ਡੇਵਿਸ ਅਨੁਸਾਰ –

> ਪਰਿਵਾਰ ਬੱਚਿਆਂ ਤੇ ਮਾਪਿਆਂ ਦੁਆਰਾ ਬਣਦਾ ਹੈ। ਇਹ ਸਭ ਤੋਂ ਛੋਟਾ ਰਿਸ਼ਤੇਦਾਰੀ ਜੁੱਟ ਹੈ। ਇਸ  ਦੀ ਫੈਲਣ ਯੋਗਤਾ ਬਾਕੀ ਸਾਰੇ ਸਾਕਾਦਾਰੀ ਜੁੱਟਾਂ ਨਾਲੋਂ ਵਧੇਰੇ ਸੀਮਤ ਹੁੰਦੀ ਹੈ।(469)

ਪਰਿਵਾਰ ਛੱਡਣ ਤੋਂ ਬਾਅਦ ਇਸ ਸਮਾਜ ਦੀਆਂ ਸਾਰੀਆਂ ਰਿਸ਼ਤੇਦਾਰੀਆਂ  ਹੀ ਖ਼ਤਮ ਹੋ ਜਾਂਦੀਆਂ ਹਨ। ਰਿਸ਼ਤੇਦਾਰ ਵੀ ਇਸ ਸਮਾਜ ਦੇ ਬੱਚਿਆਂ ਨੂੰ ਚੰਗਾ ਨਹੀਂ ਸਮਝਦਾ। ਇਸੇ ਤਰ੍ਹਾਂ ਨਾਵਲ ' ਕੀ ਜਾਣਾ ਮੈਂ ਕੌਣ ?' ਵਿਚ ਵੀ ਕਰਨਾ ਸ਼ਰਨਜੀਤ ਕੌਰ ਜੋ ਬਾਅਦ ਵਿਚ ਜੁਗਨੂੰ ਮਹੰਤ ਬਣਦੀ ਹੈ, ਨੂੰ ਲੱਭ ਕੇ ਆਪਣੇ

ਭਰਾ ਹੋਣ ਦਾ ਫ਼ਰਜ਼ ਨਿਭਾਉਂਦਾ ਹੈ। ਉਹ ਆਪਣੀ ਮਾਂ ਦੀ ਲਿਖੀ ਡਾਇਰੀ ਵਿਚੋਂ ਸਾਰਾ ਕੁਝ ਪੜ੍ਹ ਕੇ ਇਸ ਸਚਾਈ ਨੂੰ ਸਮਝਣ ਦਾ ਯਤਨ ਕਰਦਾ ਅਤੇ ਬਚਪਨ ਤੋਂ ਵਿੱਛੜੀ ਹੋਈ ਆਪਣੀ ਕਿੰਨਰ ਭੈਣ ਨੂੰ ਲੱਭ ਲਿਆਉਂਦਾ ਹੈ। ਜੁਗਨੂੰ ਦਾ ਪ੍ਰਸ਼ਨ ਵੀ ਵਿਚਾਰਧਾਰਾ ਦਾ ਸੰਕੇਤ ਦਿੰਦਾ ਹੈ ਕਿ ਇਕ ਸਵਾਲ ਉਹ ਆਪਣੇ ਵੀਰ ਨੂੰ ਕਰਦੀ ਹੈ। ਵੀਰ ਨੂੰ ਪ੍ਰਸ਼ਨ-

> ਜੇ ਮੈਂ ਤੈਨੂੰ ਕਿਸੇ ਚਕਲੇ ਵਿਚ ਜਾਂ ਸੜਕ 'ਤੇ ਧੰਦਾ ਕਰਦੇ ਮਿਲਦੀ ਤਾਂ ਕੀ ਤੂੰ ਫਿਰ ਵੀ ਮੈਨੂੰ ਇਹੀ ਕਹਿੰਦਾ ''ਆ ਚੱਲ ਭੈਣੇ ਘਰ ਚੱਲੀਏ? (303)

ਇਸ ਨਾਵਲ ਦਾ ਪਾਤਰ ਕਰਨਾ ਸਮਾਜ ਲਈ ਸੁਨੇਹਾ ਦਿੰਦਾ ਹੈ ਕਿ ਕਿੰਨਰ ਸਮਾਜ ਦੇ ਲੋਕ ਵੀ ਆਮ ਸਾਡੇ ਵਰਗੇ ਹੀ ਇਨਸਾਨ ਹਨ। ਸਮਾਜ ਦੇ ਵਿਚ ਇਨ੍ਹਾਂ ਨੂੰ ਵੀ ਸਨਮਾਨ ਮਿਲਣਾ ਚਾਹੀਦਾ ਹੈ। ਇਸੇ ਤਰ੍ਹਾਂ ਦਾ ਸੁਨੇਹਾ ' ਸੰਤਾਪ ' ਨਾਵਲ ਦਾ ਪਾਤਰ ਦੀਪਾ ਵੀ ਆਪਣੀ ਕਿੰਨਰ ਭੈਣ ਲਈ ਕਾਨੂੰਨੀ ਲੜਾਈ ਲੜ ਕੇ ਦਿੰਦਾ ਹੈ।

ਕਿੰਨਰ ਸਮਾਜ ਵਿਚ ਗੁਰੂ ਤੇ ਚੇਲੇ ਦਾ ਰਿਸ਼ਤਾ ਬੜਾ ਅਹਿਮ ਮੰਨਿਆ ਜਾਂਦਾ ਹੈ। ਇਹ ਰਿਸ਼ਤਾ ਮਾਂ-ਬਾਪ ਤੇ ਬੱਚੇ ਦੇ ਰਿਸ਼ਤੇ ਵਾਂਗ ਹੀ ਹੁੰਦਾ ਹੈ। ਗੁਰੂ ਦੇ ਰਿਸ਼ਤੇ ਦੇ ਅਧਾਰ ਤੇ ਹੀ ਅੱਗੇ ਰਿਸ਼ਤੇ ਬਣਦੇ ਹਨ। ਚੇਲਾ ਆਪਣੇ ਗੁਰੂ ਦੇ ਸਾਹਮਣੇ ਉੱਚੀ ਅਵਾਜ਼ ਵਿਚ ਗੱਲ ਨਹੀਂ ਕਰਦਾ। ਜੇਕਰ ਗੁਰੂ ਉੱਚੀ ਥਾਂ ਤੇ ਬੈਠਾ ਹੈ ਤਾਂ ਚੇਲਾ ਉਸ ਦੇ ਬਰਾਬਰ ਨਹੀਂ ਬੈਠੇਗਾ ਬਲਕਿ ਉਸ ਤੋਂ ਨੀਵੀਂ ਥਾਂ ਤੇ ਬੈਠੇਗਾ। ਸਤਿਕਾਰ ਵਜੋਂ ਗੁਰੂ ਦੇ ਹਰ-ਰੋਜ਼ ਪੈਰੀਂ ਪੈਣਾ। ਖਾਣਾ ਖਾਣ ਤੋਂ ਪਹਿਲਾਂ ਗੁਰੂ ਨੂੰ ਖਾਣਾ ਦੇਣਾ। ਖਾਣਾ ਖਾਣ ਤੋਂ ਬਾਅਦ ਗੁਰੂ ਦੇ ਬਰਤਨ ਚੁੱਕਣੇ। ਆਪਣੀ ਕਮਾਈ ਵਿਚੋਂ ਗੁਰੂ ਨੂੰ ਹਿੱਸਾ ਦੇਣਾ ਆਦਿ। ਕਿੰਨਰ ਸਮਾਜ ਵਿਚ ਗੁਰੂ ਦਾ ਬਹੁਤ ਸਤਿਕਾਰ ਹੁੰਦਾ ਹੈ। ਉੱਤਰ-ਆਧੁਨਿਕਤਾ ਦੇ ਦੌਰ ਵਿਚ ਪਰੰਪਰਕ ਰਿਸ਼ਤੇ ਟੁੱਟ ਰਹੇ ਹਨ। ਰਿਸ਼ਤਿਆਂ ਵਿਚ ਨਿੱਘ ਦੀ ਥਾਂ ਲਾਲਚ ਵੱਧਦਾ ਜਾ ਰਿਹਾ ਹੈ। ਸਭਿਅਕ ਸਮਾਜ ਵਿਚ ਵੀ ਇਹ ਪਰਿਵਰਤਨ ਦੇਖੇ ਜਾ ਸਕਦੇ ਹਨ। ਉਸੇ ਤਰ੍ਹਾਂ ਕਿੰਨਰ ਸਮਾਜ ਵਿਚ ਵੀ ਇਸ ਤਬਦੀਲੀ ਨੂੰ ਗੁਰੂ ਤੇ ਚੇਲੇ ਦੇ ਰਿਸ਼ਤੇ ਦੇ ਪਰਿਪੇਖ ਵਿਚ ਵਾਚਿਆ ਜਾ ਸਕਦਾ ਹੈ। ਅੱਜ ਕਿੰਨਰ ਸਮਾਜ ਵਿਚ ਚੇਲਾ ਆਪਣੇ ਗੁਰੂ ਨੂੰ

ਬਾਗ਼ੀ ਸੁਰ ਵਿਚ ਸਵਾਲ ਕਰਦਾ ਹੈ । ਜਿਸ ਦੀ ਝਲਕ ਬਲਜੀਤ ਪਪਨੇਜਾ ਦੇ ਨਾਵਲ 'ਸੰਤਾਪ-ਦਰ-ਸੰਤਾਪ' ਵਿਚ ਦੇਖੀ ਜਾ ਸਕਦੀ ਹੈ। ਕਿੰਨਰ ਗੁਲਾਬੋ ਵੱਲੋਂ ਆਪਣੇ ਗੁਰੂ ਨੂੰ ਸਵਾਲ ਕਰਨਾ ਸੰਕੇਤ ਕਰਦਾ ਹੈ ਕਿ ਕਿੰਨਰਾਂ ਵਿਚ ਵੀ ਹੁਣ ਚੇਤਨਤਾ ਪੈਦਾ ਹੋ ਰਹੀ । ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੇ ਹਨ । ਕਿੰਨਰ ਗੁਲਾਬੋ ਇਸ ਤਰ੍ਹਾਂ ਕਰਦੀ ਹੈ-

> ਗੁਰੂ ਜੀ ---ਮੈਂ ਤੁਹਾਡੇ ਕੋਲੋਂ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਤਾਂ ਆਪਣੀ ਉਮਰ ਹੰਢਾ ਲਈ ।--- ਤੁਸੀਂ ਵੀ ਸਾਨੂੰ ਸਾਡੇ ਮਾਂ-ਬਾਪ ਤੋਂ ਅਲੱਗ ਕੀਤਾ ਸੀ ---ਕੀ ਇਹ ਨਾ-ਇਨਸਾਫ਼ੀ ਨਹੀਂ ਸੀ ? ਜਾਂ ਅਸੀਂ ਇਹ ਸਮਝ ਲਈਏ ਕਿ ਸਾਨੂੰ ਸਾਡੇ ਮਾਂ-ਬਾਪ ਤੋਂ ਅਲੱਗ ਕਰਨਾ ਤੁਹਾਡੀ ਮਜਬੂਰੀ ਸੀ ? ਖ਼ੁਦਗ਼ਰਜ਼ੀ ਸੀ ਤੁਹਾਡੀ ? ---ਤਾਂ ਕਿ ਅੱਜ ਉਮਰ ਦੇ ਜਿਸ ਪੜਾਅ ਤੇ ਤੁਸੀਂ ਖਲੋਤੇ ਹੋ ----ਤੁਹਾਨੂੰ ਵੀ ਕੋਈ ਕਮਾ ਕੇ ਖੁਆਉਣ ਜੋਗਾ ਹੋਵੇ!

> ਗੁਰੂ ਜੀ , ਮੈਂ ਤੁਹਾਨੂੰ ਪੁੱਛਦੀ ਹਾਂ ----ਤੁਸੀਂ ਕਦੇ ਇਹ ਵੀ ਸੋਚਿਐ ਕਿ ਜਦੋਂ ਅਸੀਂ ਤੁਹਾਡੇ ਵਾਂਗ ਉਮਰ ਦੀ ਅਖੀਰਲੀ ਪੌੜੀ 'ਤੇ ਹੋਵਾਂਗੇ ਤਾਂ ਸਾਨੂੰ ਰੋਟੀ ਕਮਾ ਕੇ ਕੌਣ ਖੁਆਏਗਾ ? ---ਕੌਣ ਪਿਲਾਏਗਾ ਪਾਣੀ ਸਾਨੂੰ? --- (60)

ਅਸਲ ਵਿਚ ਗੁਲਾਬੋ ਦਾ ਇਸ ਤਰ੍ਹਾਂ ਸੋਚਣਾ ਸੁਭਾਵਿਕ ਸੀ, ਕਿਉਂਕਿ ਬੁਢਾਪੇ ਵਿਚ ਕਿੰਨਰ ਹੀ ਕਿੰਨਰ ਦਾ ਸਹਾਰਾ ਹੁੰਦਾ ਹੈ । ਕਿੰਨਰ ਸਮਾਜ ਦੀ ਇਸੇ ਤਰ੍ਹਾਂ ਗਿਣਤੀ ਘਟਦੀ ਗਈ ਤਾਂ ਬੁਢਾਪੇ ਵਿਚ ਕਿੰਨਰਾਂ ਦਾ ਸਹਾਰਾ ਕੌਣ ਬਣੇਗਾ ? ਗੁਰੂ ਲਈ ਚੇਲਾ ਉਸ ਦਾ ਸਭ ਕੁਝ ਹੁੰਦਾ ਹੈ, ਉਹੀ ਉਸ ਦਾ ਪੁੱਤਰ ,ਧੀ ਅਤੇ ਨੂੰਹ । ਇਕ ਕਿੰਨਰ ਇਨ੍ਹਾਂ ਸਾਰਿਆਂ ਰਿਸ਼ਤਿਆਂ ਨੂੰ ਨਿਭਾਉਂਦਾ ਹੈ । ਇਹ ਕਿੰਨਰ ਸਮਾਜ ਦੀ ਬੜੀ ਵੱਡੀ ਸਾਂਝ ਹੈ । ਖ਼ੂਨ ਦੇ ਰਿਸ਼ਤੇ ਤਾਂ ਉਨ੍ਹਾਂ ਵਿਚ ਨਹੀਂ ਹੁੰਦੇ ਹੀ । ਕਿੰਨਰ ਸਮਾਜ ਵਿਚ ਬਣੇ ਗੁਰੂ -ਚੇਲੇ ਦੇ ਰਿਸ਼ਤਿਆਂ ਦੀ ਸਾਂਝ ਸਾਡੇ ਖ਼ੂਨ ਦੇ ਰਿਸ਼ਤਿਆਂ ਵਾਂਗ ਹੀ ਹੁੰਦੀ ਹੈ । ਅੱਜ ਸਮਾਜ ਵਿਚ ਲਾਲਚ ਖ਼ਾਤਰ ਮਾਂ ਦਾ ਕਤਲ , ਪਿਉ ਦਾ ਕਤਲ ਆਦਿ ਹੋ ਰਹੇ ਹਨ । ਭਰਾਵਾਂ ਵਿਚ ਜ਼ਮੀਨਾਂ ਪਿੱਛੇ ਝਗੜੇ ਦਿਨੋਂ ਦਿਨ ਵੱਧ ਰਹੇ ਹਨ।

ਮਾਂ-ਬਾਪ ਬੁਢਾਪੇ ਵਿਚ ਇਕੱਲਤਾ ਭੋਗ ਰਹੇ ਹਨ। ਅੱਜ ਸਮਾਜ ਵਿਚ ਬਿਰਧ ਆਸ਼ਰਮਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਗੁਰੂ ਚੇਲੇ ਦੀ ਪਰੰਪਰਾ ਸੰਬੰਧੀ ਡਾ. ਐਮ. ਫ਼ਿਰੋਜ਼ ਅਹਿਮਦ ਅਤੇ ਮੋ ਸ਼ਮੀਮ, ਵੱਲੋਂ 'ਸ਼ਬਦ 'ਮੈਗਜ਼ੀਨ ਜੁਲਾਈ-ਸਤੰਬਰ, 2017, ਵਿਚ ਪ੍ਰਕਾਸ਼ਿਤ ਇੰਟਰਵਿਊ ਦੇ ਅਨੁਸਾਰ ਮਨੀਸ਼ਾ ਮਹੰਤ ਦੇ ਵਿਚਾਰ ਹਨ-

ਗੁਰੂ ਚੇਲੇ ਦੀ ਪਰੰਪਰਾ ਬਾਰੇ ਪੁੱਛੇ ਗਏ ਸਵਾਲ ਵਿਚ ਮਨੀਸ਼ਾ ਨੇ ਦੱਸਿਆ ਕਿ ਜੇ ਤੁਸੀਂ ਭਾਰਤਵਾਸੀ ਹੋਂ ਤਾਂ ਤੁਹਾਨੂੰ ਗੁਰੂ-ਚੇਲਾ ਪਰੰਪਰਾ ਬਾਰੇ ਕੁਝ ਪੁੱਛਣ ਦੀ ਜ਼ਰੂਰਤ ਨਹੀਂ ਕਿਉਂਕਿ ਭਾਰਤੀ ਸੰਸਕ੍ਰਿਤੀ ਦੇ ਇਤਿਹਾਸ ਵਿਚ ਗੁਰੂ –ਸ਼ਿਸ਼ ਦੀ ਪਰੰਪਰਾ ਦੇ ਕਈ ਉਦਾਹਰਨ ਮੌਜੂਦ ਹਨ , ਪਰ ਸਾਡੇ ਲਈ ਸਾਡੇ ਗੁਰੂ ਅਤੇ ਉਨ੍ਹਾਂ ਦਾ ਹੁਕਮ ਸਭ ਤੋਂ ਉੱਤਮ ਤੇ ਮਹਾਨ ਹੁੰਦਾ ਹੈ। ਅਸੀਂ ਆਪਣੇ ਗੁਰੂ ਨੂੰ ਹੀ ਮਾਤਾ –ਪਿਤਾ ਅਤੇ ਭਗਵਾਨ ਦਾ ਦਰਜਾ ਦਿੰਦੇ ਹਾਂ। ਇਸੇ ਲਈ ਸਾਡੇ ਵੱਲੋਂ ਕੀਤਾ ਜਾਣ ਵਾਲਾ ਸ਼ਿੰਗਾਰ ਵੀ ਗੁਰੂ ਨੂੰ ਸਮਰਪਿਤ ਹੁੰਦਾ ਹੈ , ਮੰਗਲਸੂਤਰ ਪਹਿਨਣਾ , ਮਾਂਗ ਭਰਨਾ ਚੂੜੀਆਂ ਪਾਉਣਾ ਸਭ ਅਸੀਂ ਗੁਰੂ ਦੀ ਲੰਬੀ ਉਮਰ ਦੀ ਕਾਮਨਾ ਵਾਸਤੇ ਕਰਦੇ ਹਾਂ।(43 )

ਬਲਜੀਤ ਪਪਨੇਜਾ ਦੇ 'ਸੰਤਾਪ ਦਰ ਸੰਤਾਪ 'ਨਾਵਲ ਵਿਚ ਗੁਲਾਬੋ ਅਤੇ ਚਮੇਲੀ ਦਾ ਗੁਰੂ ਧੀਮੀ ਸੁਰ ਵਿਚ ਨੀਰੂ ਨੂੰ ਆਪਣੀ ਇੱਛਾ ਅਨੁਸਾਰ ਜ਼ਿੰਦਗੀ ਜਿਊਣ ਦੇਣ ਦੇ ਹੱਕ ਵਿਚ ਭੁਗਤਦਾ ਨਜ਼ਰ ਆਉਂਦਾ ਹੈ ਪਰ ਉਹ ਸਿੱਧੇ ਤੋਰ ਉੱਤੇ ਗੁਲਾਬੋ ਤੇ ਚਮੇਲੀ ਦਾ ਵਿਰੋਧ ਨਹੀਂ ਕਰਦਾ। ਨਾਵਲ ਇਹ ਸਵਾਲ ਮੂਲ ਰੂਪ ਵਿਚ ਖੜ੍ਹਾ ਕਰਦਾ ਹੈ ਕਿ ਜੇਕਰ ਭਵਿੱਖ ਵਿਚ ਕਿੰਨਰ ਬੱਚੇ ਪਰਿਵਾਰਾਂ ਵਿਚ ਰਹਿਣ ਲੱਗ ਪਏ ਤਾਂ ਡੇਰੇ ਵਾਲੇ ਕਿੰਨਰਾਂ ਦਾ ਬੁਢਾਪੇ ਵਿਚ ਕੀ ਬਣੇਗਾ ?ਜੇਕਰ ਕੋਈ ਅਜਿਹੀ ਸਥਿਤੀ ਪੈਦਾ ਹੋ ਜਾਂਦੀ ਹੈ ਤਾਂ ਗੁਰੂ ਬੜੇ ਪਿਆਰ ਨਾਲ ਆਪਣੇ ਚੇਲੇ ਨੂੰ ਸਮਝਾਉਂਦੇ ਹਨ। ਇਸ ਲਈ ਗੁਲਾਬੋ ਦੇ ਗੁਰੂ ਆਪਣੇ ਚੇਲੇ ਨੂੰ ਪਿਆਰ ਨਾਲ ਕਹਿੰਦੇ ਹਨ ਕਿ-

> ਗੁਲਾਬੋ ਦੇ ਸਿਰ 'ਤੇ ਹੱਥ ਧਰ ਕੇ ਬੋਲੇ --- ਮੇਰੀ ਬੱਚੀ ---ਮੈਂ ਤੇਰੇ ਦਿਲ ਦੀ ਹਾਲਤ ਸਮਝ ਸਕਦਾ ਵਾਂ ਪਰ ਇਸ ਜ਼ਮੀਨ ਵਿਚ ਤੂੰ ਜੋ ਕੁਝ ਟੋਲ ਰਹੀਂ ਏ ਸਾਡੇ ਲਈ ਕੁਝ ਵੀ ਨਹੀਂ ਸਿਵਾਏ ਦੋ ਗਜ਼ ਟੋਟੇ ਦੇ ---ਤੇ ਰਹੀ ਗੱਲ ਮੇਰੇ ਤੋਂ ਨਜ਼ਰਾਂ ਚੁਰਾਉਣ ਦੀ ---- ।(66)

ਗੁਰੂ ਗੁਲਾਬੋ ਦੀ ਸਥਿਤੀ ਨੂੰ ਸਮਝ ਰਹੇ ਸਨ । ਉਸ ਦਾ ਇਸ ਤਰ੍ਹਾਂ ਸਵਾਲ ਕਰਨਾ ਜਾਇਜ਼ ਸੀ , ਜੋ ਕਿ ਅੱਜ ਤੱਕ ਕਿਸੇ ਚੇਲੇ ਨੇ ਆਪਣੇ ਗੁਰੂ ਨੂੰ ਇਸ ਤਰ੍ਹਾਂ ਪ੍ਰਸ਼ਨ ਕਰਨ ਦੀ ਹਿੰਮਤ ਨਹੀਂ ਸੀ ਵਿਖਾਈ । ਉੱਧਰ ਗੁਰੂ ਵੀ ਪੂਰੇ ਸੂਝਵਾਨ ਹਨ, ਜੋ ਗੁਲਾਬੋ ਨੂੰ ਕੋਈ ਸਜ਼ਾ ਦੇਣ ਦੀ ਬਜਾਏ, ਉਸ ਦੇ ਦਿਲ ਦੀ ਹਾਲਤ ਨੂੰ ਸਮਝ ਰਹੇ ਹਨ । ਜੇਕਰ ਕਿੰਨਰ ਸਮਾਜ ਵਿਚ ਕੋਈ ਚੇਲਾ ਗ਼ਲਤੀ ਕਰਦਾ ਹੈ ਤਾਂ ਗੁਰੂ ਵੱਲੋਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ , ਪਰ ਗੁਲਾਬੋ ਦੇ ਗੁਰੂ ਉਸ ਨੂੰ ਪਿਆਰ ਨਾਲ ਸਮਝਾਉਂਦੇ ਹਨ ਕਿ-

> ਗੁਲਾਬੋ---ਮੇਰੀ ਬੱਚੀ ---ਤੇਰੇ ਸਾਰੇ ਸੁਆਲ ਜਾਇਜ਼ ਸਨ ---- ਤੂੰ ਜੋ ਕੁਝ ਵੀ ਭਰੀ ਅਦਾਲਤ ਵਿਚ ਪੁੱਛਿਆ , ਸਭ ਜ਼ਇਜ਼ ਸੀ , ਤੂੰ ਆਪਣੀ ਜਗ੍ਹਾ ਬਿਲਕੁਲ ਠੀਕ ਸੀ ---ਪਰ---ਅਫ਼ਸੋਸ ਕਿ ਮੇਰੇ ਕੋਲ ਸਿਵਾਏ ਚੁੱਪ ਦੇ ਹੋਰ ਕੁਝ ਵੀ ਨਹੀਂ ---ਮੈਂ ਤਾਂ ਕੀ , ਸਾਡੇ ਦੇਸ਼ ਵਿਚ ਇਸ ਸੁਆਲ ਦਾ ਜੁਆਬ ਸ਼ਾਇਦ ਕਿਸੇ ਵੀ ਗੁਰੂ ਕੋਲ ਨਾ ਮਿਲੇ ,--- ਇਸ ਕਰਕੇ ਤੈਨੂੰ ਮੇਰੇ ਕੋਲੋਂ ਨਜ਼ਰਾਂ ਚੁਰਾਉਣ ਦੀ ਲੋੜ ਨਹੀਂ ਬਲਕਿ ਮੈਂ ਤਾਂ ਤੇਰੀ ਹਿੰਮਤ ਦੀ ਦਾਦ ਦਿੰਨਾਂ ਕਿ ਜੋ ਅੱਜ ਤੱਕ ਕਿਸੇ ਨਹੀਂ ਕੀਤਾ ਤੂੰ ਉਹ ਕਰ ਵਿਖਾਇਆ । ਉੱਠ ਮੇਰੀ ਬੱਚੀ ---ਉੱਠ ---ਰੋਟੀ ਨਾਲ ਕਾਹਦਾ ਗ਼ੁੱਸਾ ?---ਚਲ ਮੇਰੇ ਨਾਲ ।(67 )

ਸਮਾਜ ਵਿਚ ਚੇਤਨਤਾ ਆਉਣ ਕਾਰਨ ਗੁਰੂ ਤੇ ਚੇਲੇ ਦੇ ਰਿਸ਼ਤੇ ਵਿਚ ਵੀ ਪਰਿਵਰਤਨ ਦੇਖੇ ਜਾ ਸਕਦੇ ਹਨ । ਗੁਲਾਬੋ ਦਾ ਆਪਣੇ ਗੁਰੂ ਨੂੰ ਸਵਾਲ ਕਰਨਾ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਹੀ ਹੈ । ਅੱਜ 21ਵੀ ਸਦੀ ਵਿਚ ਕਿੰਨਰ ਵਰਗ ਦੇ ਲੋਕ ਵੀ ਚੇਤੰਨ ਹੋ ਗਏ ਹਨ । ਉਹ ਆਪਣੇ ਸਮਾਜ ਦੇ ਲੋਕਾਂ ਲਈ ਕੁਝ ਕਰਨਾ ਚਾਹੁੰਦੇ ਹਨ । ਨਾਵਲ 'ਕੀ ਜਾਣਾ ਮੈਂ ਕੌਣ?'ਦੀ ਜੁਗਨੂੰ ਮਹੰਤ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਹੋਰ ਕੰਮ ਧੰਦਿਆਂ ਵਿਚ ਲਗਾਉਣਾ ਚਾਹੁੰਦੀ ਹੈ ਤਾਂ ਜੋ ਇਸ ਸਮਾਜ ਦੇ ਲੋਕ ਵੀ ਆਪਣੀ

ਕਾਬਲੀਅਤ ਨੂੰ ਦਿਖਾ ਸਕਣ । ਓਸਦੀ ਮਾਂ ਦਾ ਸੁਪਨਾ ਵੀ ਸੀ ਕਿ ਮੈਂ ਆਪਣੀ ਧੀ ਨੂੰ ਹੱਥਾਂ ਦੀ ਸਚਿਆਰੀ ਬਣਾਵਾਂਗੀ । ਉਹ ਆਪਣੀ ਮਾਂ ਦਾ ਸੁਪਨਾ ਪੂਰਾ ਵੀ ਕਰਦੀ ਹੈ । ਇਹ ਮੰਗੇਗੀ ਨਹੀਂ ਆਪ ਕਮਾਏਗੀ । ਜੁਗਨੂੰ ਮਹੰਤ ਡੇਰੇ ਦੀ ਪਰੰਪਰਾ ਨੂੰ ਤੋੜਦੀ ਹੋਈ , ਟੈਕਸਟਾਈਲ ਮਿੱਲ ਖੋਲ੍ਹਦੀ ਹੈ । ਨਾਵਲ ਦਾ ਪਾਤਰ ਕਰਨਾ ਵੀ ਇਸ ਦਾ ਜ਼ਿਕਰ ਕਰਦਾ ਹੈ ਕਿ-

> ਤੂੰ ਕਹਿੰਦੀ ਸੀ ਨਾ ਕਿ ਖੁਸਰਿਆਂ ਕੋਲ ਦੋ ਹੀ ਕੰਮ ਹੁੰਦੇ ਆ , ਮੰਗਣਾ ਤੇ ਧੰਦਾ ਕਰਨਾ । ਆਹ ਵੇਖ ਮੇਰੀ ਫੇਸ ਬੁੱਕ ' ਤੇ ਸ਼ੇਅਰ ਕੀਤਾ ਮੈਂ ਅੱਜ ਅਗਲਿਆਂ ਨੇ ਟੈਕਸਟਾਈਲ ਮਿੱਲ ਖੋਲ੍ਹੀ ਆ ।(294)

ਸਮੇਂ ਦੇ ਪਰਿਵਰਤਨ ਨਾਲ ਬਦਲਦੀਆਂ ਕਦਰਾਂ-ਕੀਮਤਾਂ ਅਤੇ ਇਨ੍ਹਾਂ ਦੇ ਬਦਲਣ ਦਾ ਮਨੁੱਖ ਉੱਪਰ ਪ੍ਰਭਾਵ ਦੇਖਿਆ ਜਾ ਸਕਦਾ ਹੈ । ਮਨੁੱਖੀ ਸੰਬੰਧ ਨਿਰੰਤਰ ਬਦਲਦੇ ਰਹੇ ਹਨ । ਲੇਖਿਕਾ ਬਦਲਦੀਆਂ ਪਰਿਸਥਿਤੀਆਂ ਵਿਚ ਸਥਿਰ ਹੋ ਚੁੱਕੀ ਮਾਨਸਿਕਤਾ ਦੇ ਦੁਖਾਂਤ ਨੂੰ ਪੇਸ਼ ਕਰਨ ਦਾ ਯਤਨ ਕਰਦੀ ਹੈ । ਭੋਲੀ ਜੁਗਨੂੰ ਕਿਸ ਤਰ੍ਹਾਂ ਵਾਰ-ਵਾਰ ਆਪਣੀ ਗੁਰੂ ਤੋਂ ਮਾਰ ਖਾਂਦੀ ਹੈ । ਗੁਰੂ ਨੂੰ ਤਾਂ ਪਹਿਲਾ ਹੀ ਉਹ ਆਪਣੇ ਜੱਦੀ ਕਿੱਤੇ ਤੋਂ ਬਾਗ਼ੀ ਹੁੰਦੀ ਨਜ਼ਰ ਆ ਰਹੀ ਸੀ । ਕਿਸ ਤਰ੍ਹਾਂ ਗੁਰੂ ਉਸ ਦੀ ਮਾਸੂਮ ਜਿਹੀ ਗ਼ਲਤੀ ਨੂੰ ਜਰੀਆਂ ਬਣਾ ਕੇ, ਉਸ ਦੀ ਹਰ ਕਲਾ ਕਿਰਤ ਨੂੰ ਡੰਡੇ ਨਾਲ ਭੰਨ ਦਿੰਦੀ ਸੀ । ਤਕਨੀਕੀ ਵਿਕਾਸ ਅਤੇ ਵਿਗਿਆਨਕ ਕਾਢਾਂ ਸਦਕਾ ਮਨੁੱਖ ਦੇ ਜਿਊਣ ਦੇ ਵਸੀਲਿਆਂ ਦਾ ਵਿਕਾਸ ਹੋਇਆ । ਮਨੁੱਖ ਆਪਣੀ ਜ਼ਿੰਦਗੀ ਨੂੰ ਆਰਾਮਦਾਇਕ ਬਣਾਉਣ ਲਈ ਸ਼ੁਰੂ ਤੋਂ ਹੀ ਸੰਘਰਸ਼ ਕਰਦਾ ਆਇਆ ਹੈ । ਇਸ ਸੰਘਰਸ਼ ਦੇ ਰਾਹ ਨੂੰ ਪਾਉਣ ਲਈ ਦਿਨ-ਰਾਤ ਮਿਹਨਤ ਦੇ ਰਸਤੇ ਤੇ ਤੁਰਿਆ ਹੈ । ਇਸ ਰੂਪਾਂਤਰਨ ਵੱਲ ਸੰਕੇਤ ਕਰਦੇ ਹੋਏ ਕਿਸ਼ਨ ਸਿੰਘ ਲਿਖਦਾ ਹੈ :

> ਜ਼ਿੰਦਗੀ ਵਾਸਤੇ ਜੱਦੋ- ਜਹਿਦ ਦਾ ਨਗਾਰਾ ਹਰ ਜੀਵ ਵਾਸਤੇ ਵੱਜਦਾ ਰਹਿੰਦਾ ਹੈ । ਜੱਦੋ-ਜਹਿਦ ਦੀਆਂ ਲੋੜਾਂ ਲੋੜੀਂਦੇ ਸੰਦ ਤੇ ਵਸੀਲੇ ਪੈਦਾ ਕਰਦੀਆਂ ਹਨ ।----ਜੀਵ ਵੀ ਅੰਦਰਲੀ , ਬਾਹਰਲੀ ਕੁੱਲ ਹਰਕਤ ਜੱਦੋ-ਜਹਿਦ ਦੇ ਵੇਗ ਦੀਆਂ ਮੰਗਾਂ ਦਾ ਹੁੰਗਾਰਾ , ਵੰਗਾਰਾਂ ਦਾ ਜਵਾਬ , ਉਨ੍ਹਾਂ ਦੀ ਪੂਰਤੀ ਅਤੇ ਉਨ੍ਹਾਂ ਦੇ ਕਾਬੂ ਦਾ ਰੂਪ ਹੈ । ਜ਼ਿੰਦਗੀ ਵਾਸਤੇ ਜੱਦੋ-ਜਹਿਦ ਜਿਊਂਦਿਆਂ ਦੀ ਜਾਨ ਦੀ

ਰਾਖੀ , ਅਗਲੀ ਪੀੜ੍ਹੀ ਦੀ ਉਤਪਤੀ ਅਤੇ ਸਭ ਵਾਸਤੇ ਖ਼ੁਰਾਕ ਪੈਦਾ ਕਰਨ ਦਾ ਯਤਨ ਹੈ । ਆਪਣੇ ਚੌਗਿਰਦੇ ਵਿਚ ਕਿਸੇ ਨਸਲ ਦੀ ਵਧਦੀ ਜਾਂ ਘਟਦੀ ਗਿਣਤੀ , ਉਸ ਨਸਲ ਦੀ ਜੱਦੋ-ਜਹਿਦ ਦੀ ਕਾਮਯਾਬੀ ਜਾਂ ਨਾਂ ਕਾਮਯਾਬੀ ਦਾ ਨਾਪ ਹੁੰਦੀ ਹੈ । ('ਸਾਹਿਤ ਦੇ ਸੋਮੇ '11)

ਮਨੁੱਖ ਆਪਣੇ ਵਿਅਕਤੀਗਤ ਯਤਨਾਂ ਦੇ ਸਦਕਾ ਅੱਗੇ ਨਿਕਲਣਾ ਚਾਹੁੰਦਾ ਹੈ । ਵਿਰੋਧ-ਵਿਕਾਸ ਦੇ ਮਾਡਲ ਨੂੰ ਅਪਣਾ ਕੇ ਪੁਰਾਣੀਆਂ ਅਤੇ ਬੋਦੀਆਂ ਹੋ ਚੁੱਕੀਆਂ ਵਸਤਾਂ ਨੂੰ ਤਿਆਗਣ ਅਤੇ ਨਵੀਆਂ ਨੂੰ ਸਵੀਕਾਰਨ ਦੀ ਪ੍ਰਵਿਰਤੀ ਅਤੇ ਤਬਦੀਲੀ ਦੀ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ । ਸਾਹਿਤ ਸਿਰਜਨਾ ਸਮਾਜਿਕ ਪ੍ਰਬੰਧ ਦੇ ਅਨੁਸਾਰ ਹੋਣ ਕਾਰਨ ਸਮਾਜਿਕ ਪੱਧਰ ਉੱਪਰ ਪੂਰੀ ਤਰ੍ਹਾਂ ਨਿਰਭਰ ਹੁੰਦੀ ਹੈ । ਸਾਹਿਤਕਾਰ ਸਮਾਜਿਕ ਪ੍ਰਬੰਧ ਦਾ ਇਕ ਹਿੱਸਾ ਹੁੰਦਾ ਹੈ । ਉਹ ਸਮਾਜ ਦੀ ਅਜਿਹੀ ਧਿਰ ਨਾਲ ਜੁੜਿਆ ਹੁੰਦਾ ਹੈ ਜੋ ਮਨੁੱਖ ਅਤੇ ਸਮਾਜ ਨੂੰ ਅਗਾਂਹਵਧੂ ਰੂਪ ਵਿਚ ਪੇਸ਼ ਕਰਦੀ ਹੈ । ਸੰਤ ਸਿੰਘ ਸੇਖੋਂ ਦੇ ਅਨੁਸਾਰ -

ਇਸ ਸਮੇਂ ਵਿਚ ਸਾਡੇ ਦੇਸ਼ ਉੱਤੇ ਵੀ ਇਸ ਅੰਗਰੇਜ਼ੀ ਪੂੰਜੀਵਾਦ ਨੇ ਆਪਣਾ ਸਾਮਰਾਜੀ ਅਧਿਕਾਰ ਸਥਾਪਤ ਕਰ ਲਿਆ ਸੀ । ਇਸ ਤੋਂ ਪਹਿਲਾਂ ਵੀ ਪੁਰਾਣੇ ਜਾਗੀਰਦਾਰੀ ਪ੍ਰਬੰਧ ਦਾ ਤਜਰਬਾ ਅਸਾਡੇ ਲੋਕਾਂ ਲਈ ਕੋਈ ਸੰਤੋਖਦਾਇਕ ਨਹੀਂ ਸੀ । ਪਰ ਤਾਂ ਵੀ ਉੱਨੀਵੀਂ ਦੇ ਅਖੀਰ ਤੱਕ ਅਸਾਡੇ ਲੋਕਾਂ ਨੂੰ ਅੰਗਰੇਜ਼ੀ ਪੂੰਜੀਵਾਦੀ ਸਾਮਰਾਜ ਦੀ ਚੋਭ ਪ੍ਰਤੀਤ ਹੋਣ ਲੱਗ ਪਈ ਸੀ । ('ਸਾਹਿਤਿਆਰਥ'125)

ਨਾਵਲ ਨੂੰ ਜ਼ਿੰਦਗੀ ਦਾ ਸੱਚ ਆਖਿਆ ਜਾਂਦਾ ਹੈ । ਨਵਾਂ ਪੰਜਾਬੀ ਨਾਵਲ ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਆਏ ਪਰਿਵਰਤਨਾਂ ਨੂੰ ਬਾਖ਼ੂਬੀ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ । ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ'? ਦੀ ਵੀ ਇਹੀ ਪ੍ਰਾਪਤੀ ਹੈ ਕਿ ਕਿੰਨਰ ਸਮਾਜ ਲਈ ਨਵੀ ਸੰਭਾਵਨਾ ਪੈਦਾ ਕੀਤੀ ਗਈ । ਇਸ ਵਰਗ ਦੇ ਲੋਕ ਵੀ ਸਮਾਜ ਦੇ ਮਨੁੱਖਾਂ ਵਾਂਗ ਉਹ ਸਾਰੇ ਕੰਮ ਕਰ ਸਕਦੇ ਹਨ, ਜੋ ਇਕ ਆਮ ਮਨੁੱਖ ਕਰ ਸਕਦਾ ਹੈ । ਸਰੀਰਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਕਮੀ ਨਹੀਂ ਹੁੰਦੀ । ਨਾਵਲ ਦੀ ਨਾਇਕ ਕਿੰਨਰ ਸਮਾਜ ਲਈ ਆਦਰਸ਼ਕ ਪਾਤਰ ਵਜੋਂ ਸਾਹਮਣੇ ਆਉਂਦੀ ਹੈ । ਉਹ ਆਪਣੇ ਹੱਥਾਂ ਦੀ ਕਿਰਤ ਨੂੰ

ਪਹਿਚਾਣਦੀ ਹੈ । ਘੁੰਗਰੂ ਦੀ ਪ੍ਰਥਾ ਨੂੰ ਤੋੜ ਕੇ ਕਿੰਨਰ ਸਮਾਜ ਲਈ ਅਗਵਾਈ ਬਣਦੀ ਹੈ । ਨਾਵਲ ਦਾ ਅੰਤ ਵੀ ਬੜੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਹੈ ਕਿ ਛੰਨੋਂ ਜਦੋਂ ਪਿੰਡ ਵਾਪਸ ਆਪਣੀ ਮਾਂ ਨੂੰ ਮਿਲਣ ਆਉਂਦੀ ਹੈ ਤਾਂ ਮਾਵਾਂ-ਧੀਆਂ ਦਾ ਮੁੜ ਵਿਰਲਾਪ ਦਾ ਬਿਰਤਾਂਤ ਐਨੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਕਿ ਪਾਠਕ ਵੀ ਭਾਵੁਕ ਹੋ ਜਾਂਦਾ ਹੈ । ਛੰਨੋਂ ਆਪਣੇ ਅਸਤਿਤਵ ਨੂੰ ਸਵੀਕਾਰ ਕਰਦੀ ਹੋਈ ਆਪਣੀ ਮਾਂ ਨੂੰ ਕਹਿੰਦੀ ਹੈ ਕਿ-

> ਮਾਂ! ਤੈਨੂੰ ਪਤਾ ਘਰੋਂ ਕੱਢਿਆਂ ਨੂੰ ਢੋਈ ਘੱਟ ਈ ਮਿਲਦੀ ਆ । ਜੇ ਮੈਨੂੰ ਵੀ ਪੈਰਾਂ ਵਿਚ ਘੁੰਗਰੂ ਬੰਨ੍ਹਣੇ ਪੈਂਦੇ ਤਾਂ ਕੀ ਤੂੰ ਦੁਬਾਰਾ ਵੀ ਮੂੰਹ ਫੇਰ ਲੈਂਦੀ । )314)

ਮਾਂ ਕੋਲ  ਕਿੰਨਰ ਧੀ ਦੇ ਸਵਾਲ ਦਾ ਜਵਾਬ ਨਹੀਂ ਹੈ । ਉਹ ਤਾਂ ਆਪ ਧੀ ਦੀ ਖ਼ਾਤਰ ਪਰਿਵਾਰ ਅਤੇ ਸਮਾਜ ਅੱਗੇ ਬੇਵੱਸ ਹੋ ਗਈ ਸੀ । ਮਾਂ ਲਈ ਇਹ ਪ੍ਰਮੁੱਖ ਨਹੀਂ ਕਿ ਉਸ ਨੇ ਪੁੱਤਰ/ਧੀ ਜਾਂ ਇਨ੍ਹਾਂ ਦੋਹਾਂ ਤੋਂ ਕਿਸੇ ਅਲੱਗ ਹਸਤੀ ਨੂੰ ਜਣਿਆ ਹੈ । ਉਸ ਲਈ ਇਹ ਮਹੱਤਵਪੂਰਨ ਹੈ ਕਿ ਮਾਂ ਦੇ ਜਿਸਮ ਵਿਚੋਂ ਕੁਝ ਉਪਜਿਆ ਹੈ, ਜਿਸ ਕਾਰਜ ਲਈ ਉਸ ਨੇ ਬਰਾਬਰ ਹੀ ਦੀ ਪੀੜਾ ਸਹੀ ਹੈ । ਇਸ ਲਈ ਉਸ ਦੀ ਮਮਤਾ ਮਹਾਨ ਹੈ ਅਤੇ ਸਰਬੋਤਮ ਹੈ । ਇਹ ਮੁਕਾਮ ਮਾਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਹਾਸਿਲ ਨਹੀਂ ਹੋ ਸਕਦਾ । ਦੂਜੇ ਪਾਸੇ ਜੁਗਨੂੰ ਨੂੰ  ਮਾਂ ਤੋਂ ਵਿਰਸੇ ਵਿਚ ਮਿਲਿਆ ਵਿਚਾਰ ਕਿੰਨਰ ਸਮਾਜ ਲਈ ਕ੍ਰਾਂਤੀ ਦਾ ਵਿਚਾਰ ਬਣ ਜਾਂਦਾ ਹੈ । ਅੰਤ ਉਹ ਡੇਰੇ ਨੂੰ ਹੀ ਆਪਣੀ ਜ਼ਿੰਦਗੀ ਸਮਰਪਿਤ ਕਰਨ ਦਾ ਐਲਾਨ ਕਰ ਦਿੰਦੀ ਹੈ ਕਿ-

> ਨਹੀਂ ਮਾਂ ਰਹੂੰਗੀ ਤਾਂ ਮੈਂ ਡੇਰੇ ਹੀ । ਉਹ ਮੇਰੀ ਕਰਮਭੂਮੀ ਆ । ਮੇਰੀ ਜ਼ਿੰਦਗੀ ਡੇਰੇ ਨਾਲ ਜੁੜੀ ਹੈ ਅਤੇ ਕਈਆਂ ਦੀ ਜ਼ਿੰਦਗੀ ਨਾਲ ਜੁੜੀ ਆ । ਉਹੀ ਮੇਰਾ ਅਸਲੀ ਘਰ ਹੈ, ਜਿੱਥੇ ਮੈਂ ਜ਼ਿੰਦਗੀ ਦੇ ਦੁੱਖ ਸੁੱਖ ਕੱਟੇ ਆ ।(315)

ਕਿੰਨਰ ਵਰਗ ਦਾ ਸਮਾਜ ਵਿਚ ਆਪਣੀ ਹੋਂਦ ਨੂੰ ਸਵੀਕਾਰ ਕਰਾਉਣਾ ਹੀ ਉਨ੍ਹਾਂ ਦੇ ਸਮਾਜਿਕ ਅਸਤਿਤਵ ਦਾ ਸਵਾਲ ਹੈ । ਜਿਸ ਤੇ ਛੰਨੋਂ ਪੂਰੀ ਉੱਤਰਦੀ ਹੈ । ਛੰਨੋਂ ਦੀ ਮਾਂ ਵੀ ਜਦੋਂ ਪਿੰਡ ਦੀ ਜ਼ਨਾਨੀ ਮਾਸੀ ਦੇਬੋ ਦੇ

ਪੁੱਛਣ 'ਤੇ ਕਿ ਨਾ ਵਿਆਹ ਨਾ ਮੰਗਣਾ ਇਹ ਖੁਸਰੇ ਕਿਉਂ ਆਏ ਨੇ ਤਾਂ ਮਾਂ ਛੰਨੋਂ ਦੀ ਹੋਂਦ ਨੂੰ ਸਾਰੇ ਪਿੰਡ ਸਾਹਮਣੇ ਇਨ੍ਹਾਂ ਸ਼ਬਦਾਂ 'ਚ ਸਵੀਕਾਰ ਕਰਦੀ ਹੈ –

> ਪਿੰਡ ਆਲ਼ਿਓਂ ਜੀਹਨੂੰ ਤੁਸੀਂ ਖੁਸਰਾ ਸਮਝਦੇ ਹੋ ਨਾ ਇਸ ਨੂੰ ਮੈਂ ਹੀ ਜੰਮਿਆ ਹੈ ਪਰ ਮੈਂ ਆਪਣੇ ਘਰਦਿਆਂ ਤੋਂ ਅਤੇ ਮੇਰੇ ਘਰ ਦੇ ਸਮਾਜ ਤੋਂ ਡਰਦੇ ਸੀ ਤਾਂ ਹੀ ਹੱਥੀਂ ਫੜਾਈ ਸੀ ਮਹੰਤਾਂ ਨੂੰ। ਹੁਣ ਮੈਂ ਪ੍ਰਵਾਨ ਕਰਦੀ ਹਾਂ ਆਪਣੀ ਧੀ ਨੂੰ। ਜਿਵੇਂ ਮੇਰਾ ਪੁੱਤ ਕਰਨਾ ਓਵੇਂ ਮੇਰੀ ਧੀ ਛੰਨੋਂ। (317)

ਸੋ ਕਿੰਨਰ ਸਮਾਜ ਦੇ ਲੋਕ ਆਪਣੀ ਹੋਂਦ ਦੀ ਪਹਿਚਾਣ ਲਈ ਲੜ ਰਹੇ ਹਨ। ਕਿੰਨਰਾਂ ਦੀ ਇਤਿਹਾਸਕ ਮਾਨਤਾ ਹੈ। ਬੇਸ਼ੱਕ ਅੱਜ ਉੱਤਰ-ਆਧੁਨਿਕਤਾ ਦੇ ਯੁੱਗ ਵਿਚ ਬਹੁਤ ਸਾਰੇ ਕਿੰਨਰ ਪੜ੍ਹ-ਲਿਖ ਕੇ ਆਪਣਾ ਜੱਦੀ-ਪੁਸ਼ਤੀ ਕਿੱਤਾ ਵਧਾਈ ਛੱਡ ਕੇ ਨੌਕਰੀਆਂ ਕਰਨ ਲੱਗੇ ਹਨ। ਸਮਾਜ ਵਿਚ ਲੜਾਈ ਇਨ੍ਹਾਂ ਦੀ ਪਹਿਚਾਣ ਦੀ ਹੈ। ਇਸ ਤੋਂ ਬਿਨਾਂ ਜੋ ਕਿੰਨਰ ਆਪਣੀ ਡੇਰਾਦਾਰ ਪਰੰਪਰਾ ਨੂੰ ਨਿਭਾਉਣਾ ਚਾਹੁੰਦੇ ਹਨ। ਉਹ ਨਿਭਾ ਸਕਦੇ ਹਨ। ਨਾਵਲ ਦੀ ਨਾਇਕਾ ਵੀ ਡੇਰੇ ਵਿਚ ਰਹਿ ਕੇ ਹੀ ਆਪਣੇ ਵਰਗ ਦੇ ਲੋਕਾਂ ਲਈ ਇਕ ਮਿਸਾਲ ਕਾਇਮ ਕਰਦੀ ਹੈ।

ਪਰਿਵਾਰ ਛੱਡਣ ਤੋਂ  ਬਾਅਦ ਕਿੰਨਰ ਬੱਚਾ ਜਦੋਂ ਡੇਰੇ ਵਿਚ ਦਾਖਲ ਹੁੰਦਾ ਹੈ, ਤਾਂ ਪਰਿਵਾਰ ਨਾਲ ਉਸ ਦਾ ਕੋਈ ਵਾਹ-ਵਾਸਤਾ ਨਹੀਂ ਰਹਿੰਦਾ। ਜੇਕਰ ਸਭਿਅਕ ਸਮਾਜ ਵਿਚੋਂ ਕੋਈ ਮੈਂਬਰ ਇਨ੍ਹਾਂ ਨਾਲ ਸਾਂਝ ਪਾਉਣੀ ਚਾਹੁੰਦਾ ਹੈ, ਤਾਂ ਇਨ੍ਹਾਂ ਨੂੰ ਬੜੀ ਤੜਫ਼ਣਾ ਹੁੰਦੀ ਹੈ। ਇਸੇ ਤੜਫ਼ ਨੂੰ  ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ਵਿਚ ਅਮੀਰਾਂ ਤੋਂ ਮੀਰਾਂ ਬਣੀ ਪਾਤਰ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀ ਹੈ। ਡੇਰੇ ਵਿਚ ਮੀਰਾਂ ਬਣੀ ਅਮੀਰਾਂ ਆਪਣੇ ਭਰੇ ਪਰਿਵਾਰ ਨੂੰ ਛੱਡ ਕੇ ਆਈ ਸੀ। ਜਦੋਂ ਸ਼ਹਿਰ ਦੀ ਦੁਕਾਨ ਵਿਚਲਾ ਮੰਗਤ ਰਾਮ ਆਪਣੀ ਮੁਹੱਬਤ ਦਾ ਇਜ਼ਹਾਰ ਕਰਦਾ ਹੈ, ਤਾਂ ਮੀਰਾਂ ਬੜੇ ਭਾਵੁਕ ਮਨ ਨਾਲ ਕਹਿੰਦੀ ਹੈ ਕਿ-

> ਜੇ ਦੁਨਿਆਵੀ ਰਿਸ਼ਤਿਆਂ ਦੀ ਬੇੜੀ ਵਿਚ ਸਵਾਰ ਹੋਣਾ ਸੀ ਤਾਂ ਜੰਮਣਾ ਵਾਲਿਆਂ ਨੂੰ ਕਿਉਂ ਛੱਡ ਕੇ ਆਉਂਦੀ ? ਮੁਹੱਬਤ ਕਰਨ ਵਾਲੇ ਦੇ ਘਰ ਕਿਵੇਂ ਉੱਲੂ ਬੋਲਣ ਲਾ ਦਿਆਂ ? ਮੈਂ ਸਵਾਰਥੀ ਨਹੀਂ ਹਾਂ ---ਮੇਰੀ ਨੀਤ ਤੇ ਸ਼ੱਕ ਨਾ ਕਰੀ ---।(64)

ਰਿਸ਼ਤਿਆਂ ਵਿਚਲੀ ਤੜਫ਼ ਨੂੰ ਨਾਵਲ ' ਕੀ ਜਾਣਾ ਮੈਂ ਕੌਣ ? ' ਵਿਚ ਵੀ ਦੇਖਿਆ ਜਾ ਸਕਦਾ ਹੈ। ਇਸ ਨਾਵਲ ਵਿਚ ਮਹੰਤ ਕਿੰਦਰੀ ਕਿਸ ਤਰ੍ਹਾਂ ਰਿਸ਼ਤਿਆਂ ਲਈ ਤੜਫ਼ਦਾ ਹੈ। ਇਸ ਨਾਵਲ ਦਾ ਪਾਤਰ ਕਰਨਾ ਜਦੋਂ ਉਸ ਨੂੰ ਜਾ ਕੇ ਮਿਲਦਾ ਹੈ ਤਾਂ ਉਹ ਮਹਿਸੂਸ ਕਰਦਾ ਹੈ ਕਿ ਸਾਡੇ ਨਾਲ ਤਾਂ ਕੋਈ ਬੋਲਣਾ ਹੀ ਨਹੀਂ ਚਾਹੁੰਦਾ ਪਰ ਤੂੰ ਕਿਵੇਂ ਸਾਡੇ ਡੇਰੇ ਚਰਨ ਪਾਏ। ਉਸ ਦੇ ਅੰਦਰਲੇ ਜਜ਼ਬਾਤ ਬਾਹਰ ਆਉਂਦੇ ਹਨ ਤੇ ਉਹ ਕਹਿੰਦਾ ਹੈ ਕਿ -

> ਓ ਭਲਿਓ ਲੋਕੋ ਅਸੀਂ ਤਾਂ ਤਰਸਦੇ ਹਾਂ। ਲੋਕਾਂ ਦੀਆਂ ਧੀਆਂ ਤੁਰਦੀਆਂ ਵੇਖ ਸਾਡੇ ਵੀ ਕਾਲਜੇ ਧੂਹ ਪੈਂਦੀ ਆ। ਅਸੀਂ ਕਿਸੇ ਦੇ ਘਰ ਨੂੰਹ ਆਈ ਤੇ ਨੱਚਣ ਜਾਂਦੇ ਤਾਂ ਸਾਡਾ ਵੀ ਦਿਲ ਕਰਦੈ ਬਈ ਇਹੋ ਜਿਹੀਆਂ ਖ਼ੁਸ਼ੀਆਂ ਹੋਣ ਸਾਡੇ ਵੀ ----- ਸਾਨੂੰ ਕਦੇ ਜੰਞ ਤਾਂ ਲੈ ਕੇ ਨੀਂ ਗਏ। ਸਾਨੂੰ ਕਦੇ ਮੰਗਣੇ ਤੇ ਤਾਂ ਬੁਲਾਇਆ ਨੀਂ। ਨਾ ਕਦੇ ਕਿਸੇ ਨੇ ਸਾਨੂੰ ਆਵਦੇ ਜਵਾਕ ਦਾ ਖਿਡਾਵਾ ਈ ਰੱਖਿਆ। ਹੁਣ ਉਦੋਂ ਕਿਹੜੀ ਸਾਨੂੰ ਖੁਰਕ ਪਈ ਹੁੰਦੀ ਆ ?(100)

ਸੋ ਕਿੰਦਰੀ ਮਹੰਤ ਦੀ ਅਵਾਜ਼ ਸਮੁੱਚੇ ਕਿੰਨਰ ਸਮਾਜ ਦੀ ਅਵਾਜ਼ ਹੈ। ਮਾਪੇ ਤਾਂ ਢਿੱਡੋਂ ਜੰਮ ਕੇ ਧੱਕ ਦਿੰਦੇ ਹਾਂ ਫਿਰ ਰੱਬ ਆਸਰੇ ਹੀ ਜ਼ਿੰਦਗੀ ਚੱਲਦੀ ਹੈ ਕਿ ਕਿਸੇ ਨੂੰ ਕੋਈ ਚੰਗਾ ਰਿਸ਼ਤਾ ਮਿਲ ਜਾਵੇ ਨਿਭਾਉਣ ਵਾਲਾ ਠੀਕ ਹੈ , ਨਹੀਂ ਤਾਂ ਸਾਰੀ ਉਮਰ ਤੜਫਦਿਆਂ ਹੀ ਲੰਘ ਜਾਂਦੀ ਹੈ। ਇਸ ਸਮਾਜ ਦੇ ਵਿਚ ਵੀ ਰਿਸ਼ਤੇ ਨਿਭਾਏ ਜਾਂਦੇ ਹਨ ਜਿਸ ਤਰ੍ਹਾਂ ਜੁਗਨੂੰ ਤੇ ਮਮਤਾ ਦਾ ਆਪਸੀ ਮਾਂ-ਧੀ ਤੇ ਭੈਣ-ਭੈਣ ਦਾ ਰਿਸ਼ਤਾ ਬਣ ਜਾਂਦਾ ਹੈ। ਇਸ ਨਾਵਲ ਵਿਚੋਂ ਕਿੰਦਰੀ ਮਹੰਤ ਦੀ ਗੱਲਬਾਤ ਤੋਂ ਸ਼ਪੱਸਟ ਹੁੰਦਾ ਹੈ ਕਿ ਇਸ ਸਮਾਜ ਦੇ ਲੋਕ ਵੀ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਕੇ ਲੜ ਰਹੇ ਹਨ ਜਿਵੇਂ ਕਿ-

> ਹੱਲ ਤਾਂ ਮੱਲਾ ਹੁਣ ਮਾਪਿਆਂ ਨੇ ਈ ਕੱਢਣੇ ਆ। ਜਾਂ ਥੋਡੇ ਵਰਗੇ ਨੌਜੁਆਨ ਕੱਢਣ। ਊਂ ਤਾਂ ਸਾਡੀ ਨਵੀਂ ਪੀੜ੍ਹੀ ਚੋਂ ਈ ਕਈ ਆ ਜਿਹੜੇ ਲੱਗੇ ਪਏ ਆ ਯਤਨ ਕਰਨ ਪਰ ਉਹ ਕੱਲੇ ਵੀ ਕੀ ਕਰ ਸਕਦੇ ਆ।(102)

ਤਕਨੀਕੀ ਵਿਕਾਸ ਅਤੇ ਵਿਗਿਆਨਕ ਸੂਝ ਸਦਕਾ ਮਨੁੱਖ ਦੇ ਜਿਊਣ ਵਸੀਲਿਆਂ ਦਾ ਵਿਕਾਸ ਹੋਇਆ ਹੈ ਤੇ ਉਸ ਦੀ ਚੇਤਨਾ ਵਧੇਰੇ ਵਿਕਸਤ ਹੋਈ। ਕਿੰਦਰੀ ਮਹੰਤ ਦੁਆਰਾ ਦਿੱਤੀ ਜਾਣਕਾਰੀ ਬਿਲਕੁਲ ਸਹੀ ਹੈ ਕਿ ਹੁਣ ਇਸ ਸਮਾਜ ਦੇ ਲੋਕ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਕੇ ਲੜ ਰਹੇ ਹਨ। ਸਮਾਜ ਵਿਚ ਇਸ ਦੀਆਂ ਅਨੇਕਾਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ। ਇਸ ਸਮਾਜ ਦੇ ਲੋਕਾਂ ਦੀ ਸੋਚ ਹੈ ਕਿ ਅਸੀਂ ਤਾਂ ਆਪਣੀ ਜ਼ਿੰਦਗੀ ਕੱਟ ਲਈ ਪਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੁਝ ਕਰਨਾ ਚਾਹੁੰਦੇ ਹਾਂ ਤਾਂ ਜੋ ਸਮਾਜ ਵਿਚ ਉਹ ਮਾਨਵੀ ਹੱਕਾਂ ਨੂੰ ਮਾਣ ਸਕਣ। ਅੱਜ 21ਵੀਂ ਸਦੀ ਵਿਚ ਕਿੰਨਰ ਸਮਾਜ ਦੇ ਲੋਕ ਆਪਣੇ ਹੱਕਾਂ ਲਈ ਚੇਤੰਨ ਹੋ ਕੇ ਅੱਗੇ ਆ ਰਹੇ ਹਨ, ਜਿਵੇਂ ਲਕਸ਼ਮੀ ਨਰਾਇਣ ਤ੍ਰਿਪਾਠੀ ਜੀ ਅਤੇ ਧੰਨਜੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਮਹੰਤ ਮਨੀਸ਼ਾ ਆਦਿ। ਇਸ ਰੂਪਾਂਤਰਨ ਵੱਲ ਸੰਕੇਤ ਕਰਦੇ ਹੋਏ ਰਵਿੰਦਰ ਰਵੀ ਆਖਦੇ ਹਨ-

> ਕੁਦਰਤ ਨਾਲ ਸਮਾਜਿਕ ਮਨੁੱਖੀ ਚੇਤਨਾ ਦਾ ਦਵੰਦਾਤਮਿਕ ਰਿਸ਼ਤਾ ਸਭਿਆਚਾਰ ਦੀ ਸਿਰਜਣਾ ਦਾ ਮੂਲ ਆਧਾਰ ਹੈ। ਨਿਰੰਤਰ ਸਮਾਜਿਕ ਮਨੁੱਖੀ ਅਮਲ ਰਾਹੀਂ ਹੌਲੀ-ਹੌਲੀ ਮਨੁੱਖ ਆਪਣੇ ਸਰੀਰਕ ਅਤੇ ਚੇਤਨਾਗਾਤ ਵਿਕਾਸ ਦੇ ਇਕ ਪੜਾਅ ਉੱਤੇ ਅਪੜਦਾ ਹੈ, ਜਿੱਥੋਂ ਅੱਗੇ ਮਨੁੱਖੀ ਚੇਤਨਾ ਅਤੇ ਕੁਦਰਤ ਦਾ ਸੰਬੰਧ ਸਾਧਾਰਨ ਵਿਰੋਧ ਵਾਲਾ ਨਾ ਰਹਿ ਕੇ ਗੁੰਝਲਦਾਰ ਦਵੰਦਾਤਮਿਕ ਰਿਸ਼ਤੇ ਦਾ ਰੂਪ ਧਾਰਨ ਕਰ ਲੈਂਦਾ ਹੈ।('ਵਿਰਸਾ ਤੇ ਵਰਤਮਾਨ'55)

ਕਿੰਨਰ ਸਮਾਜ ਨੂੰ ਕਾਨੂੰਨੀ ਤੌਰ ਉੱਤੇ ਥਰਡ-ਜੈਂਡਰ ਦੇ ਰੂਪ ਵਿਚ ਮਾਨਤਾ ਵੀ 2014 ਵਿਚ ਮਿਲ ਗਈ ਸੀ ਪਰ ਸਮਾਜਿਕ ਮਾਨਤਾ ਲੈਣ ਲਈ ਸੰਘਰਸ਼ ਕਰ ਰਿਹਾ ਹੈ। ਇਨ੍ਹਾਂ ਦਾ ਸੰਘਰਸ਼ ਇਕ ਤਾਂ ਆਪਣੇ-ਆਪ ਨਾਲ ਹੈ ਤੇ ਦੂਜਾ ਸਮਾਜ ਵਿਚ ਆਪਣੀ ਹੋਂਦ ਨੂੰ ਸਵੀਕਾਰ ਕਰਵਾਉਣ ਦਾ ਹੈ। ਸਮਾਜ ਵਿਚ ਵਿਚਰਦੇ ਇਹ ਲੋਕ ਵੀ ਸਮਾਜ ਦੇ ਲੋਕਾਂ ਨਾਲ ਰਿਸ਼ਤਾ ਨਿਭਾਂਉਣਾ ਲੋਚਦੇ ਹਨ ਬੇਸ਼ੱਕ ਆਰਥਿਕ ਤੌਰ ਉੱਤੇ ਇਹ ਜਿਆਦਾ ਅਮੀਰ ਨਹੀਂ ਹੁੰਦੇ। ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ

ਵੀ ਦਿਲ ਹੁੰਦਾ ਹੈ' ਵਿਚ ਨਵਤੇਜ ਪੁਆਧੀ ਦੀ ਕਹਾਣੀ ' ਉੱਚਾ ਬੁਰਜ ਲਾਹੌਰ ਦਾ ' ਵਿਚ ਅਜਿਹੇ ਸੰਬੰਧਾਂ ਨੂੰ ਉਜਾਗਰ ਕਰਨਾ ਹੈ । ਇਸ ਕਹਾਣੀ ਵਿਚ ਇਕ ਪਾਸੇ ਕਲਾਕਾਰ ਦਾ ਚਰਿੱਤਰ ਹੈ ਅਤੇ ਦੂਜੇ ਪਾਸੇ ਪਾਰਖੂ ਦੇ ਰੂਪ ਵਿਚ ਇਕ ਕਿੰਨਰ ਦਾ । ਕਲਾ ਕਲਾ ਹੁੰਦੀ ਹੈ । ਕਲਾ ਵਰਗ, ਜਾਤੀ ਅਤੇ ਲਿੰਗ ਭੇਦਾਂ ਤੋਂ ਉੱਪਰ ਹੁੰਦੀ ਹੈ । ਜਿਸ ਤਰ੍ਹਾਂ ਪਾਰਖੂ ਦੇ ਲਈ ਜ਼ਰੂਰੀ ਨਹੀਂ ਕਿ ਉਹ ਅਮੀਰ ਹੈ, ਗ਼ਰੀਬ ਹੈ, ਧਰਮੀ ਹੈ, ਪੁਰਸ਼ ਹੈ ਜਾਂ ਇਸਤਰੀ ਹੈ , ਇਕ ਕਿੰਨਰ ਵੀ ਇਸ ਦੀ ਪਰਖ ਕਰ ਸਕਦਾ ਹੈ । ਇਸ ਕਹਾਣੀ ਵਿਚ ਸ਼ਬੋ ਕਿੰਨਰ ਜੀਊਣਾ ਸਿੰਘ ਦੀ ਸਹਾਇਤਾ ਇਸ ਲਈ ਕਰਦਾ ਹੈ ਕਿਉਂਕਿ ਉਸ ਦੀ ਗਾਇਕੀ ਉਸ ਦੇ ਹਿਰਦੇ ਵਿਚ ਵੱਸਦੀ ਸੀ । ਅਸਲ ਵਿਚ ਇਕ ਕਿੰਨਰ ਦੁਬਾਰਾ ਉਸ ਦੀ ਪਰਖ ਇਹ ਵੀ ਸਿੱਧ ਕਰਦੀ ਸੀ ਕਿ ਬੇਸ਼ੱਕ ਕਿੰਨਰ ਸਮਾਜ ਵਿਚ ਇਕ ਅਲੱਗ ਦੁਨੀਆ ਵਸਾ ਕੇ ਰਹਿੰਦੇ ਹਨ ਪਰੰਤੂ ਉਨ੍ਹਾਂ ਦੀ ਸੰਵੇਦਨਸ਼ੀਲਤਾ ਇਕ ਆਮ ਮਨੁੱਖ ਦੀ ਤਰ੍ਹਾਂ ਹੀ ਹੁੰਦੀ ਹੈ । ਕਹਾਣੀ ਵਿਚ ਜਦੋਂ ਜੀਊਣਾ ਆਪਣੀ ਜ਼ਮੀਨ ਦਾ ਮੁਕੱਦਮਾ ਅਗਲੀ ਅਦਾਲਤ ਵਿਚ ਕਰਨ ਲਈ ਲਾਹੌਰ ਜਾਂਦਾ ਹੈ ਤਾਂ ਰਾਤ ਕੱਟਣ ਲਈ ਉਨ੍ਹਾਂ ਨੂੰ ਕੋਈ ਜਗਾ ਨਹੀਂ ਲੱਭਦੀ । ਅਚਾਨਕ ਇਕ ਕਿੰਨਰਾਂ ਦੀ ਟੋਲੀ ਆਉਂਦੀ ਹੈ ਜਿਸ ਵਿਚੋਂ ਸ਼ਬੋ ਜਿਊਂਣੇ ਨੂੰ ਪਹਿਚਾਣ ਲੈਂਦੀ ਹੈ ਤੇ ਕਹਿੰਦੀ ਕਿ –

> ਮੈਂ ਮਰਗੀ ਕਿਆ ਮੂਏਂ? ਚਲੋ ਸਾਡੇ ਨਾਲ । (22)

ਸੋ ਸ਼ਬੋ ਦੀ ਮਾਨਸਿਕਤਾ ਦਾ ਅਧਿਐਨ ਕੀਤਿਆ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਉਹ ਨਿਰਸਵਾਰਥ ਹੋ ਕੇ ਜੀਊਣੇ ਦੀ ਸਹਾਇਤਾ ਕਰਦੀ ਹੈ । ਬੇਸ਼ਕ ਓਹ ਚੇਤਨ ਤੌਰ ਉੱਤੇ ਜਾਣਦੀ ਹੈ ਕਿ ਜੀਊਣਾ ਉਸ ਸਮਾਜ ਦਾ ਹਿੱਸਾ ਹੈ , ਜਿਸ ਸਮਾਜ ਨੇ ਉਨ੍ਹਾਂ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਹੈ । ਦੂਜੇ ਪਾਸੇ ਬੇਸ਼ਕ ਸਮਾਜ ਨੇ ਉਨ੍ਹਾਂ ਨੂੰ ਮਨੁੱਖ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਪਰ ਉਹ ਮਾਨਸਿਕ ਤੌਰ ਉੱਤੇ ਸਮਾਜ ਦਾ ਹਿੱਸਾ ਬਣੀ ਹੈ । ਇਸ ਤਰ੍ਹਾਂ ਸ਼ਬੋ ਆਪਣੇ ਮਨੋਭਾਵਾਂ ਨੂੰ ਉਦਾਤੀਕਰਨ ਦੀ ਪ੍ਰਕਿਰਿਆ ਰਾਹੀਂ ਪਰਉਪਕਾਰ ਦੇ ਰੂਪ ਵਿਚ ਬਾਹਰ ਕੱਢਦੀ ਹੈ । ਇਸ ਤਰ੍ਹਾਂ ਸ਼ਬੋ ਵੱਲੋਂ ਕੀਤੀ ਸਹਾਇਤਾ ਕਾਰਨ ਜਿਊਣਾ ਉਸ ਨੂੰ ਮਨੁੱਖ ਨਾਲੋਂ ਉੱਚਾ ਦਰਜਾ ਦਿੰਦਾ ਹੈ -

ਮਣਸਾਂ ਨਾਲੋਂ ਚੰਗੇ ਲੋਕ । (22)

ਕਹਾਣੀ ਮੂੰਹ ਬੋਲੇ ਰਿਸ਼ਤਿਆਂ ਲਈ ਕੁਰਬਾਨੀ ਦਾ ਭਾਵਨਾ ਨੂੰ ਪੇਸ਼ ਕਰਦੀ ਹੈ । ਵੀਨਾ ਵਰਮਾ ਦੀ ਕਹਾਣੀ 'ਸਤੀ' ਵਿਚ ਵੀ ਪਿਆਰ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਕਿੰਨਰਾਂ ਦੇ ਜੀਵਨ ਦਾ ਉਹ ਪੱਖ ਜੋ ਆਮ ਤੌਰ 'ਤੇ ਸਮਾਜ ਦੁਆਰਾ ਦੇਖਿਆ ਅਤੇ ਸਮਝਿਆਂ ਜਾਂਦਾ ਹੈ, ਉਸ ਦੇ ਉਲਟ ਉਨ੍ਹਾਂ ਦਾ ਨਿੱਜੀ ਜੀਵਨ ਵੀ ਹੁੰਦਾ ਹੈ । ਪਿਆਰ ਮਨੁੱਖ ਦੇ ਮਾਨਵੀ ਗੁਣਾਂ ਵਿਚੋਂ ਸਭ ਤੋਂ ਮਹਾਨ ਹੈ । ਨਾਮਦੇਵ ਦੇ ਪਿਆਰ ਵਿਚ ਪਈ ਹੋਈ ਕ੍ਰਿਸ਼ਨਾ ਸਮਾਜ ਦੇ ਵਿਰੋਧ ਦਾ ਸਾਹਮਣਾ ਕਰਦੀ ਹੋਈ ਆਪਣੀ ਜਾਨ ਦੇ ਦਿੰਦੀ ਹੈ । ਇਸ ਸੰਦਰਭ ਵਿਚ ਕ੍ਰਿਸ਼ਨਾ ਦੀ ਮਾਨਸਿਕ ਹਾਲਤ ਨੂੰ ਬਿਆਨ ਕਰਦੀ ਕਹਾਣੀ ਹੈ । ਕ੍ਰਿਸ਼ਨਾ ਨੂੰ ਪਰਮਾਤਮਾ ਨੇ ਹੁਸਨ ਤਾਂ ਬਹੁਤ ਦਿੱਤਾ ਸੀ । ਪਿੰਡ ਦੀਆਂ ਔਰਤਾਂ ਉਸ ਬਾਰੇ ਗੱਲਾਂ ਕਰਦੀਆਂ ਜਿਵੇਂ-

> ਕੀ ਸੋਹਣੀ ਕੁੜੀ ਐ ਪਰੀਆਂ ਵਰਗੀ। ਪਰ ਰੱਬ ਨੇ ਕਰਮ ਕੈਸੇ ਲਿਖੇ--- ਆਹੋ ਭੈਣੇ । ਭਾਗ ਹੱਸੇ, ਰੂਪ ਰੋਵੇ । ਰੂਪ ਦੀ ਕਦਰ ਕੋਈ ਨਹੀਂ ਪੈਂਦੀ । ਕਰਮਾਂ ਦਾ ਲਿਖਿਆ ਭੁਗਤ ਦਾ ਬੰਦਾ ।ਹਾਏ ਨੀ । ਪਤਾ ਨੀ ਕਿਹੜੇ ਸ਼ਰੀਫ਼ ਮਾਂ ਪਿਉ ਦੀ ਧੀ ਹੋਣੀ । ਕਿਵੇਂ ਸੜਕਾਂ ਤੇ ਨੱਚਦੀ ਫਿਰਦੀ ਐ । ਹਾਏ ਕਿਸੇ ਖ਼ਾਨਦਾਨ ਦੀ ਲਾਜ । ਕਿਸੇ ਸ਼ਰੀਫ਼ ਘਰ ਦੀ ਇੱਜ਼ਤ ਧੀ-ਧਿਆਣੀ । (63)

ਕ੍ਰਿਸ਼ਨਾ ਵੀ ਆਮ ਔਰਤ ਦੀ ਤਰ੍ਹਾਂ ਜ਼ਿੰਦਗੀ ਜੀਣਾ ਚਾਹੁੰਦੀ ਸੀ । ਉਸ ਦੀ ਖ਼ਾਹਿਸ਼ ਹੈ ਕਿ ਉਸ ਦਾ ਆਪਣਾ ਪਰਿਵਾਰ ਹੋਵੇ ਪਰੰਤੂ ਉਸ ਲਈ ਇਹ ਜ਼ਿੰਦਗੀ ਇਕ ਸਜ਼ਾ ਸੀ । ਜਿਸ ਨੂੰ ਉਹ ਕੱਟ ਰਹੀ ਸੀ । ਉਸ ਦੇ ਅੰਦਰੋਂ ਨਿਕਲੀ ਇਹ ਚੀਸ ਉਸ ਦੀਆਂ ਮਨੋਂ ਸੰਵੇਦਨਾ ਨੂੰ ਤਰਜਮਾਨੀ ਕਰਨ ਦੇ ਸਮਰੱਥ ਹੈ-

> ਕੀ ਕਮੀ ਐ ਮੇਰੇ ਵਿੱਚ? ਉਹ ਆਪਣੇ ਜਿਸਮ ਨੂੰ ਫਰੋਲਦੀ। ਕਿੰਨੀ ਖ਼ੂਬਸੂਰਤ ਆ। ਪਿੰਡ ਵਿੱਚ ਮੇਰੇ ਜਿੰਨੀ ਸੋਹਣੀ ਕੁੜੀ ਨ੍ਹੀ ਹੋਣੀ। ਫੇਰ ਮੇਰੇ ਨਾਲ ਇਹ ਬੇਇਨਸਾਫ਼ੀ ਕਿਉਂ? ਕਿਉਂ ਮੈ ਸੜਕਾਂ 'ਤੇ ਨੱਚਣ ਲਈ ਮਜਬੂਰ ਆ? ਕਿਉਂ ਨਹੀਂ ਮੈ ਘਰ ਵਸਾ ਸਕਦੀ? ਕਿਉਂ ਨਹੀਂ

> ਹੀਜੜਿਆਂ ਦੇ ਇਸ ਵੱਗ ਵਿੱਚੋਂ ਮੇਰਾ ਛੁਟਕਾਰਾ ਹੋ ਜਾਂਦਾ? ਕਿਉਂ ਨਹੀਂ ਇਸ ਚੁਬਾਰੇ ਵਿੱਚੋਂ ਮੇਰੀ ਡੋਲੀ ਉੱਠਦੀ? (64)

ਇਸ ਤਰ੍ਹਾਂ ਕ੍ਰਿਸ਼ਨਾ ਦੇ ਪਾਤਰ ਰਾਹੀਂ ਇਕ ਮਾਦਾ ਕਿੰਨਰ ਦੇ ਦਿਲ ਦੀਆਂ ਭਾਵਨਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਕ੍ਰਿਸ਼ਨਾ ਵਰਗੀਆਂ ਕਿੰਨੀਆਂ ਹੀ ਮਾਦਾ ਕਿੰਨਰ ਆਪਣੇ ਦਿਲ ਦੀਆਂ ਭਾਵਨਾਵਾਂ ਦੇ ਖ਼ਿਲਾਫ਼ ਲੜਾਈ ਲੜਦੀਆਂ ਹਨ। ਉਨ੍ਹਾਂ ਅੰਦਰ ਵੀ ਆਮ ਔਰਤ ਹੋਣ ਵਰਗੇ ਗੁਣ ਮੌਜੂਦ ਹੁੰਦੇ ਹਨ। ਬੇਸ਼ੱਕ ਉਹ ਬੱਚਾ ਪੈਦਾ ਨਹੀਂ ਕਰ ਸਕਦੀਆਂ ਪਰ ਬਾਕੀ ਪਿਆਰ ਦੀਆਂ ਭਾਵਨਾਵਾਂ ਤਾਂ ਆਮ ਮਨੁੱਖਾਂ ਵਰਗੀਆਂ ਹੀ ਹੁੰਦੀਆਂ ਹਨ। ਨਾਮਦੇਵ ਦਾ ਉਸ ਦੀ ਜ਼ਿੰਦਗੀ ਵਿਚ ਆਉਣ ਨਾਲ ਮਾਨਸਿਕ ਤ੍ਰਿਪਤੀ ਹੁੰਦੀ ਹੈ। ਇਸ ਦਾ ਪ੍ਰਮਾਣ ਉਸ ਦੇ ਆਪਣੇ ਬੋਲਾਂ ਤੋਂ ਹੁੰਦਾ ਹੈ-

> ਹਰਾਮ ਦੀਓ ਰੋਲਾ ਨਾ ਪਾਓ। ਮੇਰਾ ਆਦਮੀ ਸੁੱਤਾ ਪਿਐ ---ਉਹ ਬਾਹਰ ਆ ਕੇ ਉਹਨਾਂ ਨੂੰ ਡਾਂਗ ਵਰਗੀ ਗਾਲ ਕੱਢਦੀ।(69)

ਭਾਵੇਂ ਕਿ ਨਾਮਦੇਵ ਸਮਾਜ ਦੇ ਨਜ਼ਰੀਏ ਤੋਂ ਉਸ ਦਾ ਆਦਮੀ ਨਹੀਂ ਬਣ ਸਕਦਾ ਪਰ ਆਪਣੀਆਂ ਭਾਵਨਾਵਾਂ ਵੱਸ ਪੈ ਕੇ ਉਹ ਨਾਮਦੇਵ ਨੂੰ ਪਿਆਰ ਕਰਨ ਲੱਗਦੀ ਹੈ। ਜਿਸ ਨਾਲ ਉਸਦੀ ਮਾਨਸਿਕ ਤ੍ਰਿਪਤੀ ਹੁੰਦੀ ਹੈ। ਉਹ ਨਾਮਦੇਵ ਦੀ ਵਿਧਵਾ ਬਣ ਸਾਰੇ ਰੀਤੀ ਰਿਵਾਜ਼ਾਂ ਨੂੰ ਨਿਭਾਉਂਦੀ ਹੈ। ਗਾਲ੍ਹਾਂ ਦੇ ਰੂਪ ਵਿਚ ਆਪਣੇ ਅਚੇਤ ਮਨ ਦੇ ਦੁਖਦਾਈ ਭਾਵਾਂ ਦਾ ਕਥਾਰਸਿਸ ਕਰਦੀ ਹੈ।

ਰਿਸ਼ਤਿਆਂ ਦੀ ਨਵੀਂ ਮਿਸਾਲ ਜਗਤਾਰ ਭੁੱਲਰ ਦੀ ਕਹਾਣੀ 'ਸੁੱਚੀ-ਸਾਂਝ' ਵਿਚ ਵੀ ਦੇਖੀ ਜਾ ਸਕਦੀ ਹੈ। ਜਿਸ ਵਿਚ ਪਰੀ ਨਾਂ ਦੀ ਮਾਦਾ ਕਿੰਨਰ ਜਿਸ ਨੂੰ ਸਾਗਰ ਆਪਣੇ ਪਿਆਰ ਦਾ ਵਾਸਤਾ ਪਾ ਕੇ ਵਿਆਹ ਕਰਾਉਣ ਦੀ ਗੱਲ ਕਰਦਾ ਹੈ। ਪਰੀ ਆਪਣਾ ਸੱਚ ਦੱਸਦੀ ਹੈ ਤਾਂ ਸਾਗਰ ਉਸ ਨੂੰ ਕਹਿੰਦਾ ਹੈ –

> ਜੇਕਰ ਆਪਾਂ ਇਕ ਦੂਸਰੇ ਦਾ ਸਰੀਰਕ ਸੁੱਖ ਅਤੇ ਨਿੱਘ ਨਹੀਂ ਮਾਣ ਸਕਦੇ ਤਾਂ ਕੀ ਹੋਇਆ। ਇਕ ਦੂਸਰੇ ਦੀ ਆਤਮਾ ਦੇ ਪਿਆਰ ਦਾ ਨਿੱਘ ਤਾਂ ਮਾਣ ਹੀ ਸਕਦੇ ਹਾਂ ਜੋ ਸਾਰੀ ਜ਼ਿੰਦਗੀ

> ਕੱਟਣ ਲਈ ਕਾਫ਼ੀ ਹੈ ---ਆਪਾਂ ਵੀ ਕੋਈ ਬੱਚਾ ਗੋਦ ਲੈ ਕੇ ਉਸ ਦੀ ਜ਼ਿੰਦਗੀ ਸੰਵਾਰਗੇ ।
> (‘ਦਹਿਸ਼ਤ ਦੇ ਪਰਛਾਵੇਂ’103)

ਇਸ ਤਰ੍ਹਾਂ ਯਥਾਰਥਕ ਪਰਿਪੇਖ ਵਿਚ ਕੁਝ ਸਹੀ ਨਹੀਂ ਜਾਪਦਾ ਹੈ। ਬੇਸ਼ੱਕ ਇਹ ਵਰਗ ਸੰਤਾਨ ਉਤਪਤੀ ਨਹੀਂ ਕਰ ਸਕਦਾ ਪਰ ਬੱਚਾ ਤਾਂ ਗੋਦ ਲੈ ਕੇ ਪਾਲ ਹੀ ਸਕਦਾ ਹੈ। ਇਸ ਵਰਗ ਦੇ ਲਈ ਅਜਿਹਾ ਸੋਚਣਾ ਅਗਾਂਹ-ਵਧੂ ਤੇ ਨਵੀਨ ਕਦਮ ਹੈ । ਸਾਗਰ ਦੇ ਮਾਂ-ਬਾਪ ਉਸ ਦੇ ਅਜਿਹਾ ਕਰਨ ਨਾਲ ਪੂਰਨ ਤੌਰ ਤੇ ਆਪਣਾ ਰਿਸ਼ਤਾ ਉਸ ਨਾਲੋਂ ਤੋੜ ਲੈਂਦੇ ਹਨ । ਸਮਾਜ ਹਾਲੇ ਵੀ ਇਸ ਵਰਗ ਨਾਲ ਰਿਸ਼ਤਾ ਜੋੜਨ ਲਈ ਤਿਆਰ ਨਹੀਂ । ਜਦੋਂ ਕਿ ਅੱਜ ਉਤਰ-ਆਧੁਨਿਕਤਾ ਦੇ ਦੌਰ ਵਿਚ ਰਿਸ਼ਤਿਆਂ ਵਿਚ ਪਰਿਵਰਤਨ ਦੇਖਿਆ ਜਾ ਸਕਦਾ ਹੈ। ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਲਿੰਗ ਬਰਾਬਰੀ ਅਤੇ ਸਮਾਜ ਦੀ ਪਿਛਾਂਹ ਖਿੱਚੂ ਸੋਚ ਦੇ ਖ਼ਿਲਾਫ਼ ਸਾਰਥਿਕ ਯਤਨ ਕੀਤੇ ਜਾ ਰਹੇ ਹਨ। ਰੋਜ਼ਾਨਾ ਪੰਜਾਬੀ ਟ੍ਰਿਬਿਊਨ 2 ਜਨਵਰੀ 2019 ਦੀ ਖ਼ਬਰ ਅਨੁਸਾਰ ਅਜਿਹਾ ਹੀ ਲਿੰਗ ਬਰਾਬਰੀ ਦਾ ਸੁਨੇਹਾ ਕੇਰਲਾ ਵਿਚ ‘ ਮਨੁੱਖੀ ਕੰਧ ’ ਬਣਾ ਕੇ ਦਿੱਤਾ ਗਿਆ।

> ਕੇਰਲਾ ਵਿਚ ਲੱਖਾਂ ਔਰਤਾਂ ਨੇ ਮੋਢੇ ਨਾਲ ਮੋਢਾ ਜੋੜ ਕੇ ਖੜਦਿਆਂ 620 ਕਿੱਲੋਮੀਟਰ ਲੰਮੀ ਮਨੁੱਖੀ ਕੰਧ ਬਣਾਉਂਦਿਆਂ ਲਿੰਗ ਬਰਾਬਰੀ ਦੇ ਹੱਕ ਵਿਚ ਸੁਨੇਹਾ ਦਿੱਤਾ । ਇਸ ਕੰਧ ਕਸਰਾਗੋੜ ਦੇ ਉੱਤਰੀ ਸਿਰੇ ਤੋਂ ਦੱਖਣੀ ਸਿਰੇ ਤੱਕ ਕੌਮੀ ਮਾਰਗ ਤੇ ਬਣਾਈ ਗਈ । ਇਸ ਮਨੁੱਖ ਦੀਵਾਰ ਨੂੰ ਰਾਜ ਸਰਕਾਰ ਦੀ ਹਮਾਇਤ ਸੀ। (10)

ਸੋ ਇਸ ਦਾ ਉਦੇਸ਼ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਤਿਆਗਣਾ ਸੀ , ਜੋ ਸਮਾਜ ਨੂੰ ਪਿਛਾਂਹ ਖਿੱਚੂ ਬਣਾਉਂਦੀਆਂ ਹਨ । ਇਸ ਇਕੱਠ ਵਿਚ ਸਮਾਜ ਦੇ ਹਰ ਵਰਗ ਦਾ ਵਿਅਕਤੀ ਸ਼ਾਮਲ ਸੀ, ਜਿਸ ਵਿਚ ਮਹਿਲਾਂ, ਲੇਖਕਾਂ, ਅਥਲੀਟਾਂ, ਅਦਾਕਾਰਾਂ, ਸਿਆਸਦਾਨਾਂ, ਤਕਨੀਕੀ ਮਹਿਰਾਂ, ਸਰਕਾਰੀ ਅਧਿਕਾਰੀਆਂ ਤੇ ਸੁਆਣੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਸੀ । ਐਨੇ ਵਰਗਾਂ ਦਾ ਇਸ ਤਰ੍ਹਾਂ ਸ਼ਾਮਲ ਹੋਣਾ ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣ ਦਾ ਸੁਨੇਹਾ ਬਣ ਨਿੱਬੜਦਾ ਹੈ। ਸ਼ਬਰੀਮਾਲਾ ਮੰਦਰ ਵਿਚ

ਔਰਤਾਂ ਦੇ ਦਾਖ਼ਲੇ ਉੱਤੇ ਰੋਕ ਲਗਾਉਣਾ ਅੱਜ 21 ਵੀਂ ਸਦੀ ਵਿਚ ਹੋ ਰਹੇ ਵਿਤਕਰੇ ਨੂੰ ਚਣੌਤੀ ਦੇਣਾ ਹੈ। ਇਸ ਤਰ੍ਹਾਂ ਸਮਾਜ ਵਿਚ ਦੂਜਾ ਜੈਂਡਰ ਵੀ ਹਾਲੇ ਸਮਾਜਿਕ ਵਿਤਕਰਿਆਂ ਨੂੰ ਹੰਢਾ ਰਿਹਾ ਹੈ। ਰਿਸ਼ਤਿਆਂ ਵਿਚਲੀ ਸਾਂਝ ਨੂੰ ਚਿੱਤਰ 1 ਵਿਚ ਵੀ ਸਮਝਿਆ ਜਾ ਸਕਦਾ ਹੈ।

**ਪਹਿਰਾਵਾ-**

ਕਿੰਨਰਾਂ ਦਾ ਪਹਿਰਾਵਾ ਆਮ ਤੌਰ ਉੱਤੇ ਸਲਵਾਰ-ਸੂਟ ਹੀ ਹੁੰਦਾ ਹੈ। ਇਹ ਪਹਿਰਾਵਾ ਥੋੜ੍ਹਾ ਜ਼ਿਆਦਾ ਭੜਕੀਲਾ ਹੁੰਦਾ ਹੈ। ਆਮ ਤੌਰ ਉੱਤੇ ਸਲਵਾਰ-ਸੂਟ ਹੀ ਪਹਿਨਿਆਂ ਜਾਂਦਾ ਹੈ। ਖ਼ੁਸ਼ੀ ਤੇ ਗਮੀ ਸਮੇਂ ਪਹਿਰਾਵੇ ਵਿਚ ਅੰਤਰ ਦੇਖਿਆ ਜਾ ਸਕਦਾ ਹੈ। ਇਨ੍ਹਾਂ ਦੇ ਚਿਹਰੇ ਉਪਰ ਜ਼ਿਆਦਾ ਮੇਕਅਪ ਕੀਤਾ ਹੁੰਦਾ ਹੈ। ਸਮਾਜ ਵਿਚ ਵਿਚਰਦੇ ਸਮੇਂ ਆਮ ਤੌਰ ਤੇ ਮਜ਼ਾਕੀਆ ਸੁਭਾਅ ਨਾਲ ਹੀ ਗੱਲਬਾਤ ਕਰਦੇ ਹਨ। ਗੱਲਬਾਤ ਕਰਦੇ ਸਮੇਂ ਤਾੜੀ ਵੀ ਮਾਰਦੇ ਹਨ। ਸਰੀਰਕ ਬਣਤਰ ਕਾਰਨ ਹੀ ਲੋਕਾਂ ਦੀਆਂ ਨਜ਼ਰਾਂ ਵਿਚ ਆ ਜਾਂਦੇ ਹਨ। ਬਲਜੀਤ ਸਿੰਘ ਪਪਨੇਜਾ ਦੇ ਨਾਵਲ 'ਸੰਤਾਪ-ਦਰ-ਸੰਤਾਪ ' ਦੇ ਬਿਰਤਾਂਤ ਵਿਚੋਂ ਖੁਸਰਿਆਂ ਦੇ ਮਜ਼ਾਕ ਬਾਰੇ ਵੀ ਜਾਣਕਾਰੀ ਮਿਲਦੀ ਹੈ। ਚਮੇਲੀ ਦੇ ਨੱਚਣ ਤੋਂ ਬਾਅਦ ਜ਼ਨਾਨੀਆਂ ਵਿਚੋਂ ਇਕ ਜਾਣੀ ਕਹਿਣ ਲੱਗੀ ਕਿ ਥੋੜ੍ਹਾ ਜਿਹਾ ਹੋਰ ਨੱਚ ਲਵੇ ਤਾਂ ਚਮੇਲੀ ਉਸ ਨੂੰ ਛੇੜਦੀ ਹੋਈ ਕਹਿੰਦੀ ਹੈ ਕਿ-

> ਨੀ ਤੈਨੂੰ ਬੜਾ ਸ਼ੌਕ ਐ ਤਾਂ ਇਕ ਦੋ ਨਿਆਣੇ ਹੋਰ ਜੰਮ ਲੈ ਤੇ ਫੇਰ ਜਿਨ੍ਹਾਂ ਮਰਜ਼ੀ ਨਚਾ ਲਈ ----ਨਾਲ ਹੀ ਉਸ ਜ਼ਨਾਨੀ ਦਾ ਹੱਥ ਫੜ੍ਹ ਕੇ ਆਪਣੇ ਨਾਲ ਨਚਾਉਣ ਲਈ ਖਿੱਚਣ ਲੱਗ ਪਈ ---ਆ ਜਾ ਦੋ ਠੁਮਕੇ ਤੂੰ ਵੀ ਲੈ ਤੇ ਉਹ ਜ਼ਨਾਨੀ ਗੁਲਾਬੋ ਦੀ ਗੱਲ ਤੋਂ ਕੱਚੀ ਹੋਈ ਆਪਣਾ ਹੱਥ ਛੁਡਾ ਕੇ ਪਿੱਛੇ ਹਟ ਗਈ। (131)

ਇਸ ਤਰ੍ਹਾਂ ਕਿੰਨਰ ਜਦੋਂ ਵਧਾਈ ਲੈਣ ਆਉਂਦੇ ਹਨ। ਪਿੰਡ ਦੀਆਂ ਔਰਤਾਂ ਨਾਲ ਮਜ਼ਾਕ ਕਰ ਕੇ ਆਪਣਾ ਵੀ ਦਿਲ ਪਰਚਾਉਂਦੇ ਹਨ ਤੇ ਹੋਰਨਾਂ ਨੂੰ ਵੀ ਮਜ਼ਾਕ ਵਿਚ ਛੇੜਦੇ ਰਹਿੰਦੇ ਹਨ। ਬਿਸ਼ਨੀ ਦੇ ਘਰ ਜਦੋਂ ਕਿੰਨਰ ਵਧਾਈ ਮੰਗਣ ਆਏ ਤਾਂ ਮੁੰਡੇ ਨੂੰ ਲੋਰੀ ਇਸ ਤਰ੍ਹਾਂ ਦਿੰਦੇ ਹਨ ਕਿ-

ਬਿਸ਼ਨੀ ਮੁੰਡੇ ਨੂੰ ਅੰਦਰੋਂ ਚੁੱਕ ਲਿਆਈ । ਬਿਸ਼ਨੀ ਦੇ ਹੱਥੋਂ ਮੁੰਡੇ ਨੂੰ ਫੜ ਕੇ ਉਸ ਨੇ ਨੱਚਦੀ ਹੋਈ ਨੇ ਦੋ-ਤਿੰਨ ਗੇੜੇ ਦਿੱਤੇ ਅਤੇ ਲੋਰੀ ਦੇਣ ਲਈ ਗੀਤ ਛੋਹਿਆ---

ਆ ਜਾ ਬਬੂਆ ਵੇ ਤੈਨੂੰ ਲੋਰੀ ਸੁਣਾਵਾਂ ।

ਆ ਜਾ ਨਿੱਕੂਆ ਵੇ ਤੈਨੂੰ ਲੋਰੀ ਸੁਣਾਵਾਂ ।।

ਲੋਰੀ ਸੁਣਾਵਾਂ , ਤੈਨੂੰ ਦੁੱਧ ਵੀ ਪਿਲਾਵਾਂ

ਆ ਜਾ ਬਬੂਆ ਵੇ ਤੈਨੂੰ ਲੋਰੀ ਸੁਣਾਵਾਂ ।।

ਲੋਰੀ ਦਿੰਦੀ ਹੋਈ ਉਹ ਬੱਚੇ ਨੂੰ ਆਪਣੀਆਂ ਛਾਤੀਆਂ ਨਾਲ ਲਾ ਕੇ ਦੁੱਧ ਪਿਲਾਉਣ ਦਾ ਅਹਿਸਾਸ ਕਰਵਾਉਂਦੀ ਹੈ । ਹਾਸੇ –ਠੱਠੇ ਵਿਚ ਅੱਖਾਂ ਮਟਕਾਉਂਦੀ ਬੋਲੀ ----ਲੈ ਵੇ ਫੜ੍ਹ , ਇਕ ਮੰਮਾ ਤੇਰਾ ਤੇ ਇਕ ਤੇਰੇ ਪਿਓ ਦਾ ।(132)

ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ' ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ' ਵਿਚ ਸ਼ਾਮਿਲ ਡਾ.ਹਰਜੀਤ ਕੌਰ ਦੀ ਕਹਾਣੀ' ਮਲਕਾ 'ਵਿਚ ਮਲਕਾ ਦੇ ਪਾਤਰ ਰਾਹੀਂ ਇਹ ਜਾਣਕਾਰੀ ਮਿਲਦੀ ਹੈ ਕਿ ਕਿੰਨਰ ਬੜੇ ਸੋਹਣੇ ਵੀ ਹੁੰਦੇ ਹਨ । ਬੇਸ਼ੱਕ ਸਾਡੇ ਮਨ ਵਿਚ ਇਨ੍ਹਾਂ ਪ੍ਰਤੀ ਇਹ ਵਿਚਾਰ ਬਣਿਆ ਹੁੰਦਾ ਹੈ ਕਿ ਕਿਸ ਤਰ੍ਹਾਂ ਇਹ ਭੜਕੀਲਾ ਮੇਕਅਪ ਕਰਕੇ ਆਪਣੀਆਂ ਸ਼ਕਲਾਂ ਨੂੰ ਅਜੀਬ ਜਿਹਾ ਰੂਪ ਦਿੰਦੇ ਹਨ । ਮਲਕਾ ਤਾਂ ਬਹੁਤ ਸੁੰਦਰ ਹੈ । ਉਸ ਦੀ ਤਾਰੀਫ਼ ਵਿਚ ਅੰਜੂ ਨੇ ਬੜੇ ਪਿਆਰ ਨਾਲ ਕਿਹਾ ਕਿ –

> ਮੈਂ ਹੁਣ ਤੱਕ ਮੋਟੇ ਕਾਲੇ ਭੱਦੀਆਂ ਸ਼ਕਲਾਂ ਆਵਾਜ਼ਾਂ ਵਾਲ਼ੇ ਖੁਸਰੇ ਹੀ ਦੇਖੇ ਸੀ, ਉੱਤੋਂ ਗੋਟੇ ਕਿਨਾਰੀਆਂ ਵਾਲੇ ਰੰਗ ਬਿਰੰਗੇ ਭੜਕੀਲੇ ਕੱਪੜੇ ਤੇ ਉਹੋ ਜਿਹੇ ਭੜਕੀਲੇ ਰੰਗਾਂ ਨਾਲ ਲਿੱਪਿਆ ਮੂੰਹ ਸਿਰ । ਤੈਨੂੰ ਦੇਖ ਕੇ ਮੈਨੂੰ ਯਕੀਨ ਨਹੀਂ ਸੀ ਹੁੰਦਾ ਬਈ ਕੋਈ ਖੁਸਰਾ ਵੀ ਐਨਾ ਸੋਹਣਾ ਹੋ ਸਕਦੈ । ਤੂੰ ਬਹੁਤ ਸੋਹਣੀ ਐ ।(95)

ਸੋ ਖੇਤਰੀ ਕਾਰਜ ਦੌਰਾਨ ਵੀ ਅਜਿਹੇ ਇਕ ਦੋ ਕਿੰਨਰ ਦੇਖੇ ਜੋ ਬਹੁਤ ਸੋਹਣੇ ਸੀ। ਉਨ੍ਹਾਂ ਦੀਆਂ ਸ਼ਕਲਾਂ ਨੂੰ ਦੇਖ ਕੇ ਨਹੀਂ ਸੀ ਲੱਗਦਾ ਕਿ ਇਹ ਕਿੰਨਰ ਹਨ । ਗੱਲਬਾਤ ਕਰਨ ਦਾ ਬਹੁਤ ਸਲੀਕਾ ਵੀ ਸੀ । ਸੋ ਕਹਾਣੀਕਾਰ ਦੁਆਰਾ ਮਲਕਾ ਦੇ ਪਾਤਰ ਰਾਹੀਂ ਕਿੰਨਰ ਦੀ ਸੁੰਦਰਤਾ ਨੂੰ ਵਡਿਆਉਣਾ ਠੀਕ ਲੱਗਦਾ । ਬੇਸ਼ੱਕ ਸਾਰੇ ਕਿੰਨਰਾਂ ਨੂੰ ਤਾਂ ਇਸ ਸ੍ਰੇਣੀ ਵਿਚ ਨਹੀਂ ਰੱਖ ਸਕਦੇ । ਇਨ੍ਹਾਂ ਵਿਚੋ ਬਹੁਤੇ ਤਾਂ ਜ਼ਿਆਦਾ ਭੜਕੀਲਾ ਮੇਕਅਪ ਕਰਕੇ ਹੀ ਆਪਣੀ ਪਹਿਚਾਣ ਸਥਾਪਤ ਕਰਦੇ ਹਨ।

**ਕਿੰਨਰਾਂ ਦੀ ਭਾਸ਼ਾ ਜਾਂ ਬੋਲੀ**

ਭਾਸ਼ਾ ਹੀ ਮਨੁੱਖ ਨੂੰ ਪਸ਼ੂ ਤੋਂ ਵੱਖਰਾ ਕਰਦੀ ਹੈ ਕਿਉਂਕਿ ਪਸ਼ੂ ਤੋਂ ਵਿਕਾਸ ਕਰਕੇ ਹੀ ਮਨੁੱਖ ਹੋਂਦ ਵਿਚ ਆਇਆ ਹੈ । ਮਨੁੱਖ ਵਿਚ ਸੂਝ ਹੁੰਦੀ ਹੈ । ਮਨੁੱਖ ਪਹਿਲਾ ਇਸ਼ਾਰਿਆ ਨਾਲ ਆਪਣੀ ਗੱਲ ਸਮਝਾਉਂਦਾ ਸੀ ਫਿਰ ਹੌਲੀ-ਹੌਲੀ ਦੂਸਰਿਆਂ ਤੱਕ ਆਪਣੇ ਵਿਚਾਰ ਪਹੁੰਚਾਉਣ ਲਈ ਭਾਸ਼ਾ ਨੂੰ ਵਰਤਣ ਦੇ ਯਤਨ ਸ਼ੁਰੂ ਹੋਏ । ਇਕੱਲਾ ਮਾਨਵ ਹੀ ਹੈ, ਜਿਹੜਾ ਬੋਲੀ ਰਾਹੀਂ ਸਭਿਅਤਾ ਤੇ ਸਭਿਆਚਾਰ ਦੇ ਉੱਚੇ ਦਰਜੇ ਤੇ ਪੁੱਜ ਗਿਆ । ਭਾਸ਼ਾ ਰਾਹੀਂ ਹੀ ਮਨੁੱਖੀ ਸੋਚ ਵਿਕਸਿਤ ਹੁੰਦੀ ਹੈ । ਇਸ ਲਈ ਮਨੁੱਖ ਕੋਲ ਆਪਣੀ ਸੋਚ ਨੂੰ ਸਾਂਝਿਆਂ ਕਰਨ ਲਈ ਵਧੀਆ ਸਾਧਨ ਭਾਸ਼ਾ ਹੀ ਹੈ । ਭਾਸ਼ਾ ਤੋਂ ਬਿਨਾਂ ਸੋਚ ਦਾ ਵਜੂਦ ਸੰਭਵ ਨਹੀਂ । ਪਰਮਜੀਤ ਸਿੰਘ ਸਿੱਧੂ ਅਨੁਸਾਰ, ' ਸਮਾਜ ਵਿਚ ਭਾਸ਼ਾ ਹੀ ਇਕ ਅਜਿਹਾਂ ਮਾਧਿਅਮ ਹੈ, ਜਿਸ ਰਾਹੀਂ ਸਮੂਹ ਵਿਚ ਵਿਅਕਤੀ ਆਪਣੀਆਂ ਭਾਵਨਾਵਾਂ ਨੂੰ ਸੰਚਾਰਿਤ ਕਰਦਾ ਹੈ ਅਤੇ ਸਮਾਜ ਦੇ ਜ਼ਿੰਦਗੀ ਪ੍ਰਤੀ ਵਤੀਰੇ ਨੂੰ ਸਮਝ ਸਕਦਾ ਹੈ'।('ਮਾਨਵ ਵਿਗਿਆਨ ਤੇ ਭਾਸ਼ਾ ਵਿਗਿਆਨ'208 )

ਮਨੁੱਖ ਨੂੰ ਇਕ ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ ਨੇ ਭਾਸ਼ਾ ਵਿਚ ਜਿਉਣਾ ਹੁੰਦਾ ਹੈ । ਭਾਸ਼ਾ ਮਨੁੱਖੀ ਜਾਤੀ ਦਾ ਦੁਰਲੱਭ ਸਰਮਾਇਆ ਹੈ । ਭਾਸ਼ਾ ਇਕ ਸਮੇਂ ਸਮਾਜ ਦੇ ਵਿਸ਼ਵਾਸ, ਰੀਤਾਂ-ਰਿਵਾਜ਼ਾਂ , ਰਸਮਾਂ, ਸਮਾਜਿਕ ਪ੍ਰਵਿਰਤੀਆਂ, ਸੁਭਾਵਾਂ ਅਤੇ ਸਮੁੱਚੇ ਮੁਹਾਵਰੇ ਦਾ ਇਕ ਸੰਗ੍ਰਹਿ ਹੁੰਦੀ ਹੈ । ਭਾਸ਼ਾ ਜਿੱਥੇ ਧਰਮ, ਰਾਜਨੀਤੀ, ਵਿਗਿਆਨ ਜਾਂ ਹੋਰ ਪ੍ਰਾਪਤੀਆਂ ਨੂੰ ਅਗਾਂਹ ਤੋਰਦੀ ਹੈ, ਉੱਥੇ ਇਨ੍ਹਾਂ ਸਭ ਵਿਸ਼ਿਆਂ ਨੂੰ ਆਪਣੇ ਵਿਚ ਸਮੋ ਕੇ ਮਨੁੱਖ ਨੇ ਭਾਵਨਾਵਾਂ ਨੂੰ ਪੇਸ਼ ਕਰਨ ਅਤੇ ਪਾਸਾਰ ਕਰਨ ਦਾ

ਆਧਾਰ ਸਾਹਿਤ ਰਾਹੀਂ ਹੀ ਕਰਨਾ ਹੁੰਦਾ ਹੈ । ਸਾਹਿਤ ਦਾ ਆਧਾਰ ਸ਼ਬਦ ਹੁੰਦੇ ਹਨ । ਸਾਹਿਤ ਪਰਿਵਾਰਕ ਰਿਸ਼ਤਿਆਂ ਤੋਂ ਲੈ ਕੇ ਵਿਸ਼ਵ ਤਕ ਦੇ ਆਪਸੀ ਰਿਸ਼ਤਿਆਂ ਨੂੰ ਆਪਣਾ ਆਧਾਰ ਬਣਾ ਕੇ ਸਿਰਜਣਾ ਕਰਦਾ ਹੈ । ਇਸ ਤਰ੍ਹਾਂ ਸਾਹਿਤ , ਭਾਸ਼ਾ ਅਤੇ ਰਿਸ਼ਤਿਆਂ ਦਾ ਇਤਿਹਾਸ ਇੱਕੋ ਜਿਨ੍ਹਾਂ ਹੀ ਪੁਰਾਣਾ ਹੈ । ਸੋ ਜਿਵੇਂ-ਜਿਵੇਂ ਸਮਾਜ ਨੇ ਵਿਕਾਸ ਕੀਤਾ ਤਾਂ ਭਾਸ਼ਾ ਵੀ ਵਿਕਸਿਤ ਹੋਈ। ਕਿੰਨਰ ਸਮਾਜ ਦੀ ਵੀ ਆਪਣੀ ਬੋਲੀ ਹੈ । ਸਾਹਿਤਕ ਪੱਖ ਵਿਚ ਦੇਖੀਏ ਤਾਂ ਕਿਸੇ ਵੀ ਸਾਹਿਤਕਾਰ ਨੇ ਕਿੰਨਰਾਂ ਦੀ ਗੁਪਤ ਭਾਸ਼ਾ ਬਾਰੇ ਕੋਈ ਗੱਲ ਨਹੀਂ ਕੀਤੀ ਹੈ। ਗਲਪ ਦੀ ਵਿਧਾ ਵਿਚ ਕੇਵਲ ਹਰਪਿੰਦਰ ਰਾਣਾ ਦੇ ਨਾਵਲ ' ਕੀ ਜਾਣਾ ਮੈਂ ਕੌਣ ? ' ਵਿਚ ਕੁਝ ਜਾਣਕਾਰੀ ਭਾਸ਼ਾ ਸੰਬੰਧੀ ਮਿਲਦੀ ਹੈ। ਜਿਵੇਂ ਕਿ –

ਅਰੇ ਦੀਕਰਾ ! ਰਾਖੀ ਤੂੰ ਅਭੀ ਅਗਲੇ ਮਹੀਨੇ ਹੈ ।(262)

ਹੁਣ ਉੱਥੇ ਬੈਠ ਕੱਚੀਆਂ ਨਾ ਕਰਿਓ , ਨਹੀਂ ਤਾਂ ਖੋਮੜ ਸੇਕ ਹੋ ਜੂ(263)

ਓਏ ਕੀ ਹੋ ਗਿਆ ਤੁਫ਼ਾਨਾਂ ? ਹੈ ਭੂਏ ਚੜ੍ਹੀਐ। ਠੱਪ ਜਾ (ਬਹਿ ਜਾ)(199)

ਓ ---ਹੋ--- ਤੁਹਾਡੀਆਂ 'ਚਾਮਨੀਆਂ (ਅੱਖਾਂ)ਤਾਂ ' ਅੜੀਲ(ਬਹੁਤ)'ਚੀਸਾ(ਖ਼ੂਬਸੂਰਤ) ਨੇ ।

ਹੇ ਲੋਰੀ ! ਕੜੇ ਕੜਾਜੋ (ਚੁੱਪ ਕਰ ਜਾ) ਬੋਲ ਕਿੰਨੇ ' ਠੱਪਰ (ਪੈਸੇ)ਲੈਣੇ ਆ ਤੂੰ ।

ਓਏ ---ਹੋਏ ਪੂਰਾ ਈ ' ਕਾਟਕਾ( ਹਜ਼ਾਰ) ਦੇ ਦੋ

ਹਾਂ ਜੀ , ਮੇਰੇ ਤੋਂ ' ਖੋਮੜ ਚਾਮ (ਸ਼ੀਸ਼ਾ )ਟੁੱਟ ਗਿਆ (200)

ਅੱਛਾ ! ਸ਼ਕਲ ਤੋਂ ਤਾਂ ਡੰਗੋਰ ਲੱਗਦਾ ਹੈ।

ਹੇ ਲੋਰੀ , ਕੜੇ ਕੜਾਜੋ ( ਹੇ ਕੁੜੀਏ , ਚੁੱਪ ਕਰ ਜਾ)(217)

ਹਾਂ ਜੀ ! ਇਹੀ ਨਾ ਕਿ ਡੰਗੋਰ ਕੀ ਹੁੰਦੈ ? ਮਿੱਤਰਾਂ ਅਸੀਂ ਤਾਂ ਪੁਲਸੀਆਂ ਨੂੰ ਡੰਗੋਰ ਕਹਿੰਦੇ ਆ ।(220)

ਨਹੀਂ ‘ ਦਿਕਰਾ ’ (ਬੇਟਾ)

ਕਿੰਨਰ ਸਭਿਅਕ ਸਮਾਜ ਤੋਂ ਕਿਨਾਰਾ ਕਰਕੇ ਆਪਣੀ ਵੱਖਰੀ ਦੁਨੀਆ ਵਿਚ ਵਾਸ ਕਰ ਲੈਂਦਾ ਹੈ। ਆਲੋਚਕ ਮਨਮੋਹਨ ਨੇ ‘ਹੁਣ’ ਮੈਗਜ਼ੀਨ 44ਜਨਵਰੀ-ਅਪ੍ਰੈਲ, 2020, ਵਿਚ ਪ੍ਰਕਾਸ਼ਿਤ ਆਪਣੇ ਖੋਜ-ਪੱਤਰ ਵਿਚ ਇਸ ਸਮਾਜ ਦੀ ਭਾਸ਼ਾ ਬਾਰੇ ਦੱਸਦੇ ਹਨ ਕਿ-

> ਇਨ੍ਹਾਂ ਲੋਕਾਂ ਦੀ ਭਾਸ਼ਾ ਦੀ ਵਰਤੋਂ ਕਾਰਨ ਇਹ ਪੂਰੀ ਤਰ੍ਹਾਂ ਸਥਾਪਤ ਹੁੰਦਾ ਹੈ ਕਿ ਇਨ੍ਹਾਂ ਦੀ ਦੁਨੀਆ, ਇਸ ਦੁਨੀਆ ਅੰਦਰ ਇਕ ਹੋਰ ਦੁਨੀਆ ਹੈ। ਜਦੋਂ ਨਾਵਲਕਾਰਾਂ ਇਨ੍ਹਾਂ ਦੀ ਭਾਸ਼ਾ ਨੂੰ ਬਿਰਤਾਂਤ ਅੰਦਰ ਫੈਲਾਉਂਦੀ ਹੈ ਤਾਂ ਇਸ ਦੀ ਭਾਸ਼ਾ ਮਿਖਾਇਲ ਬਾਖ਼ਤਿਨ ਦੇ ਵਿਚਾਰ ਅਨੁਸਾਰ ਆਪਣੇ ਚਿਹਨਾਤਮਕਤਾ ‘ਚ ਬਹੁਧੁਨੀਆਤਮਕ (POLYPHONIC) ਹੋ ਨਿੱਬੜਦੀ ਹੈ। (190)

ਭਾਸ਼ਾ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਕ ਵਿਅਕਤੀ ਦੀ ਭਾਸ਼ਾ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਬਦਲਦੀ ਰਹਿੰਦੀ ਹੈ। ਸਮਾਜਕ ਰੁਤਬੇ ਅਨੁਸਾਰ ਇਕ ਵਿਅਕਤੀ ਦੀ ਭਾਸ਼ਾ ਦੇ ਬਦਲਵੇਂ ਰੂਪਾਂਤਰ ਹੁੰਦੇ ਹਨ। ਪੰਜਾਬ ਵਿਚ ਸਮਾਜ ਦੇ ਵੱਖ-ਵੱਖ ਵਰਗ ਵਿਸ਼ੇਸ਼ ਭਾਸ਼ਾਈ ਵੰਨਗੀਆਂ ਦੀ ਵਰਤੋਂ ਕਰਦੇ ਹਨ। ਉਮਰ ,ਰੁਤਬਾ, ਲਿੰਗ, ਕਿੱਤਾ ਤੇ ਵਾਤਾਵਰਨ ਆਦਿ ਇਸ ਦੇ ਅਨੇਕਾਂ ਕਾਰਨ ਹਨ। ਕਿਸੇ ਵਿਅਕਤੀ ਦੀ ਭਾਸ਼ਾ ਵਿਲੱਖਣਤਾ ਨੂੰ ਨਿਰਧਾਰਿਤ ਕਰਨ ਵਿਚ ਉਸ ਦੀ ਉਮਰ, ਲਿੰਗ, ਜਾਤ, ਧਰਮ, ਕਿੱਤਾ, ਸਮਾਜਿਕ ਪੱਧਰ , ਵਿੱਦਿਆ ਤੇ ਘਰੋਗੀ ਵਾਤਾਵਰਨ ਮੋਹਰੀ ਰੋਲ ਨਿਭਾਉਂਦੇ ਹਨ। ਸੀਮਤ ਵਿਅਕਤੀ ਸਮੂਹਾਂ ਦੀ ਇਕ ਹੋਰ ਭਾਸ਼ਾ ਵੰਨਗੀ ‘ਗੁਪਤ ਭਾਸ਼ਾ’ ਹੈ। ਗੁਪਤ ਭਾਸ਼ਾ ਵੀ ਸਧਾਰਨ ਭਾਸ਼ਾ ਵਿਚੋਂ ਵਿਕਸਤ ਹੋਈ ਪ੍ਰਤੀਕਾਤਮਿਕ ਭਾਸ਼ਾ ਹੁੰਦੀ ਹੈ। ਇਸ ਦੀ ਵਰਤੋਂ ਸੰਬੰਧਿਤ ਭਾਸ਼ਾਈ ਸਮੂਹ ਆਪਣੀ ਗੱਲਬਾਤ ਨੂੰ ਦੂਸਰੇ ਲੋਕਾਂ ਤੋਂ ਗੁਪਤ ਰੱਖਣ ਲਈ ਕਰਦਾ ਹੈ। ਜਿਵੇਂ ਫ਼ੌਜ ਵਿਚ ਲੜਾਈ ਸਮੇਂ ਗੁਪਤ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਵਿਚ ਨਿਹੰਗਾਂ ਸਿੰਘ ਵੀ ਗੁਪਤ ਭਾਸ਼ਾ ਦੀ ਵਰਤੋਂ ਕਰਦੇ ਹਨ। ਪੰਜਾਬ ਵਿਚ ਜਿਹੜੇ ਵੀ ਕਬੀਲੇ ਬਣੇ ਲਗਭਗ ਹਰ ਕਬੀਲੇ ਵਿਚ ਗੁਪਤ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਬਾਜ਼ੀਗਰ ਕਬੀਲੇ ਦੀ ਆਪਣੀ ਗੁਪਤ ਭਾਸ਼ਾ ਹੈ, ਉਸੇ ਤਰ੍ਹਾਂ ਬਾਕੀ ਹੋਰ ਕਬੀਲੇ ਜਿਵੇਂ ਗੱਡੀ ਲਾਹੌਰ।

ਕਿੰਨਰ ਸਮਾਜ ਦੀ ਵੀ ਆਪਣੀ ਇਕ ਗੁਪਤ ਭਾਸ਼ਾ ਹੈ। ਸਮਾਜ ਵਿਚ ਵਿਚਰਦੇ ਸਮੇਂ ਮਨੁੱਖ ਗ਼ਲਤ, ਭੱਦੀ, ਗਾਲ਼ੀ-ਗਲੋਚ ਵਾਲੀ ਭਾਸ਼ਾ ਦੀ ਵਰਤੋਂ ਅਕਸਰ ਲੜਾਈ ਸਮੇਂ ਕਰਦਾ ਹੈ। ਦੂਸਰੇ ਪਾਸੇ ਸਭਿਅਕ ਸਮਾਜ ਦੇ ਮਨੁੱਖ ਜਾਣ-ਬੁੱਝ ਕੇ ਕਿਸੇ ਆਰਥਿਕ , ਸਮਾਜਿਕ, ਜਾਤੀਗਤ ਪੱਖੋਂ ਅਜਿਹੇ ਤਬਕੇ ਲਈ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨਾ ਆਪਣਾ ਸ਼ੁਗ਼ਲ ਸਮਝਦੇ ਹਨ। ਪ੍ਰੇਮ ਪ੍ਰਕਾਸ਼ ਅਨੁਸਾਰ ਇਸ ਭੱਦੀ ਸ਼ਬਦਾਵਲੀ ਨੂੰ ਭਾਸ਼ਾ ਵਿਗਿਆਨ ਵਿਚ ਅਪਭਾਸ਼ਾ ਕਿਹਾ ਜਾਂਦਾ ਹੈ।'ਅਪ' ਉਪਸਰਗ(prefix) ਹੈ, ਜਿਸ ਦਾ ਅਰਥ ਨੀਵਾਂ, ਹੀਣਾ, ਭੈੜੇ ਆਦਿ ਹੁੰਦਾ ਹੈ।'('ਸਿਧਾਂਤਕ ਭਾਸ਼ਾ ਵਿਗਿਆਨ' 183 )

ਅਪਭਾਸ਼ਾ ਦਾ ਸੰਕਲਪ ਸਮਾਜ ਭਾਸ਼ਾ ਵਿਗਿਆਨ ਦੇ ਖੇਤਰ ਨਾਲ ਸੰਬੰਧ ਰੱਖਦਾ ਹੈ। ਸਮਾਜ ਭਾਸ਼ਾ ਦੇ ਅਨੇਕਾਂ ਰੂਪ ਜਿਵੇਂ ਵਿਅਕਤੀ ਭਾਸ਼ਾ, ਉਪਭਾਸ਼ਾ, ਰਜਿਸਟਰ, ਪਿਜਿਨ, ਕ੍ਰਿਉਲ, ਅਪਭਾਸ਼ਾ। ਸ਼ੈਰੀ ਤੇ ਬ੍ਰਮਜਗਦੀਸ਼ ਸਿੰਘ ਦੇ ਅਨੁਸਾਰ 'ਅਪਭਾਸ਼ਾ' ਦਾ ਅਰਥ ਹੈ, ਨੀਵੇਂ ਪੱਧਰ ਦੀ ਭਾਸ਼ਾ।('ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ'58)

ਅਪਭਾਸ਼ਾ ਨੂੰ ਅੰਗਰੇਜ਼ੀ ਵਿਚ ਸਲੈਂਗ ਕਿਹਾ ਜਾਂਦਾ ਹੈ। ਅਪਭਾਸ਼ਾ ਦੀ ਵਰਤੋਂ ਆਮ ਭਾਸ਼ਾ ਵਿਚ ਵਰਤੀ ਵਰਤੀ ਜਾਂਦੀ ਭਾਸ਼ਾ ਦਾ ਇਕ ਅਹਿਮ ਹਿੱਸਾ ਹੈ। ਇਸ ਰਾਹੀਂ ਸਮਾਜ ਦੇ ਵੱਖ-ਵੱਖ ਤਬਕਿਆਂ ਦੇ ਲੋਕ ਆਪਣੇ ਗ਼ੁੱਸੇ, ਨਫ਼ਰਤ, ਈਰਖਾ, ਪਿਆਰ, ਛੇੜਖ਼ਾਨੀ ਆਦਿ ਨੂੰ ਅਭਿਵਿਅਕਤ ਕਰਦੇ ਹਨ। ਕਪੂਰ ਕੌਰ ਜੱਗੀ ਅਨੁਸਾਰ 'ਅਪਭਾਸ਼ਾ ਦੀ ਦੋ ਕਿਸਮਾਂ ਹਨ। ਪ੍ਰਵਾਨਿਤ ਤੇ ਅਪ੍ਰਵਾਨਿਤ ਅਪਭਾਸ਼ਾ। ਸਿੱਠਣੀਆਂ, ਬੋਲੀਆਂ, ਅਖਾਣਾਂ ਵਿਚ ਵਰਤੀ ਅਪਭਾਸ਼ਾ ਨੂੰ ਸਮਾਜਿਕ ਪ੍ਰਵਾਨਿਕਤਾ ਹਾਸਲ ਹੈ। ਅਪਭਾਸ਼ਾ ਦਾ ਦੂਸਰਾ ਰੂਪ ਅਪ੍ਰਵਾਣਿਤ ਮੰਨਿਆ ਜਾਂਦਾ ਹੈ ਜਿਵੇਂ ਕਿ ਗਾਲ੍ਹਾਂ। ਇਹ ਗਾਲ੍ਹਾਂ ਗ਼ੁੱਸੇ ਕਾਰਨ, ਹੀਣਾ ਦਿਖਾਉਣ ਲਈ, ਮੌਤ ਨਾਲ ਸੰਬੰਧਿਤ, ਸੰਤਾਨ ਹੀਣਤਾ, ਅਨੁਚਿਤ ਲਿੰਗ-ਸੰਬੰਧਾਂ ਆਦਿ ਬਾਰੇ ਹੁੰਦੀਆਂ ਹਨ।'('ਮਲਵਈ ਅਪਭਾਸ਼ਾ : ਇਕ ਅਧਿਐਨ '6)

ਉਪਰੋਕਤ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜ ਵਿਚ ਗਾਲ੍ਹਾਂ ਦੀ ਮਾਨਤਾ ਨਹੀਂ ਹੈ। ਅਪਭਾਸ਼ਾ ਦੀ ਵਰਤੋਂ ਨਿੱਤ ਦੇ ਜੀਵਨ ਵਿਹਾਰ ਵਿਚ ਤਾਂ ਮਨੁੱਖ ਵੱਲੋਂ ਹੀ ਕੀਤੀ ਜਾਂਦੀ ਹੈ। ਸਾਹਿਤਕ ਵਿਧਾ ਵਿਚ ਜਦੋਂ ਸਾਹਿਤਕਾਰ ਕਿਸੇ ਵਿਸ਼ੇਸ਼ ਤਬਕੇ ਲਈ ਸਲੈਂਗ ਦੇ ਵਿਹਾਰਕ ਪੱਖ ਨੂੰ ਗਲਪੀ ਰੂਪ ਦਿੰਦਾ ਹੈ ਤਾਂ ਅਪਭਾਸ਼ਾ

ਦੀ ਵਰਤੋਂ ਦੇ ਵੱਖ-ਵੱਖ ਪ੍ਰਸੰਗ ਦ੍ਰਿਸ਼ਟੀਗੋਚਰ ਹੁੰਦੇ ਹਨ। ਅਪਭਾਸ਼ਾ ਦਾ ਆਪਣਾ ਸਾਹਿਤਕ ਸਭਿਆਚਾਰ ਹੁੰਦਾ ਹੈ ਪਰ ਇਹ ਮਹਾਨਤਾ ਦੀ ਬਜਾਏ ਹਾਸਾ-ਠਾਠਾ, ਮਖ਼ੌਲ ਅਤੇ ਅਸ਼ਲੀਲਤਾ ਤੇ ਗ਼ੁੱਸੇ ਦਾ ਭਾਵ ਪੈਦਾ ਕਰਦਾ ਹੈ। ਨਾਵਲ ਵਿਚ ਜਿਸ ਕਦਰ ਕਿੰਨਰ ਵਰਗ ਲਈ ਅਪਭਾਸ਼ਾ ਦੀ ਵਰਤੋਂ ਇਨ੍ਹਾਂ ਦੇ ਪਰਿਵਾਰ, ਸਮਾਜਿਕ ਸੰਸਥਾਵਾਂ, ਡੇਰਿਆਂ, ਸਮਾਜ ਵਿਚਲੇ ਲੋਕਾਂ ਅਤੇ ਖ਼ੁਦ ਇਸ ਵਰਗ ਵੱਲੋਂ ਆਪਣੇ ਲਈ ਕੀਤੀ ਜਾਂਦੀ ਹੈ। ਉਸ ਨੂੰ ਪੜ੍ਹ ਜਾਂ ਸੁਣ ਕੇ ਪਾਠਕ ਭਾਵੁਕ ਹੋ ਜਾਂਦਾ ਹੈ, ਦੂਜੇ ਪਾਸੇ ਇਸ ਵਰਗ ਦੇ ਲੋਕ ਜੋ ਇਨ੍ਹਾਂ ਸ਼ਬਦਾਂ ਨੂੰ ਸੁਣਨ ਦੇ ਆਦੀ ਬਣ ਗਏ, ਉਨ੍ਹਾਂ ਦੀ ਮਾਨਸਿਕ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸਮਾਜ ਵਿਚ ਇਨ੍ਹਾਂ ਦੇ ਸੰਬੋਧਨ ਲਈ ਖੁਸਰੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਹਰਪਿੰਦਰ ਰਾਣਾ 'ਕੀ ਜਾਣਾ ਮੈਂ ਕੌਣ? ਵਿਚ ਖੁਸਰੇ ਦਾ ਅਰਥ ਸਪਸ਼ਟ ਕਰਦੀ ਹੈ ਕਿ-

ਜਿੰਨਾ ਦੇ ਆਪਣੇ ਖੁੱਸ ਜਾਣ ਉਹ ਖੁਸਰੇ ਹੁੰਦੇ ਹਨ (229)

ਇਸ ਤਰ੍ਹਾਂ ਸਪਸ਼ਟ ਹੈ ਕਿ ਜਿਹੜੀ ਅਪਭਾਸ਼ਾ ਇਸ ਵਰਗ ਦੇ ਲਈ ਵਰਤੀ ਜਾਂਦੀ ਹੈ ਉਹ ਸਤਿਕਾਰਤ ਨਹੀਂ ਹੈ। ਸਮਾਜ ਵਿਚ ਇਸ ਭਾਸ਼ਾ ਦੀ ਵਰਤੋਂ ਬਗੈਰ ਕਿਸੇ ਭੈਅ ਜਾਂ ਕਾਨੂੰਨ ਤੋਂ ਅਕਸਰ ਇਸ ਵਰਗ ਲਈ ਕੀਤੀ ਜਾਂਦੀ ਹੈ। ਨਾਵਲ ਦੇ ਫਲੈਸ਼ ਕਵਰ ਤੇ ਲਿਖਿਆ ਵਾਕ ਕਿ-

ਕੀ ਤੁਸੀਂ ਕਿਸੇ ਨੂੰ ਓਏ ਮਰਦਾ ਜਾਂ ਓਏ ਜ਼ਨਾਨੀਏ ਕਹਿ ਕੇ ਅਵਾਜ਼ ਮਾਰੀ ਹੈ? ਫਿਰ ਮੇਰੀ ਵਾਰੀ ਓਏ ਖੁਸਰਿਆਂ ਕਿਓ?

ਉਪਰੋਕਤ ਫ਼ਿਕਰਾਂ ਖ਼ੁਦ ਇਸ ਵਰਗ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ ਕਿ ਕਿਸੇ ਨੂੰ ਉਸ ਦੇ ਜੈਂਡਰ ਪਹਿਚਾਣ ਨਾਲ ਸੰਬੋਧਨ ਕਰਨਾ ਸਰਾਸਰ ਗ਼ਲਤ ਹੈ। ਮਨੁੱਖੀ ਸਮਾਜ ਵਿਚ ਹਰ ਕਿਸੇ ਨੂੰ ਕਿਸੇ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ ਪਰ ਕਿੰਨਰ ਵਰਗ ਨਾਮ ਵਿਹੂਣੀ ਜ਼ਿੰਦਗੀ ਵਾਸ ਕਰਦੇ ਹਨ। ਭਾਸ਼ਾਈ ਪੱਖ ਤੋਂ ਇਸ ਵਰਗ ਦੇ ਲਈ ਕੀਤਾ ਗਿਆ ਵਿਹਾਰ ਕਿਨ੍ਹਾਂ ਕੁ ਸਹੀ ਹੈ। ਨਾਵਲੀ ਬਿਰਤਾਂਤ ਵਿਚ ਬੇਸ਼ੁਮਾਰ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਵੇਂ -

ਪਿਓ ਆਪਣੀ ਕਿੰਨਰ ਔਲਾਦ ਲਈ 'ਢਾਈਵੀ' ਜਾਤ ਵਰਗੇ ਸ਼ਬਦ ਦੀ ਵਰਤੋਂ ਕਰਦਾ ਹੈ।

ਚੁੱਕੀ ਵੀ ਕਾਹਦੀ, ਮੂੰਹ ਤਾਂ ਇਉਂ ਬਣਾਇਆ ਜਿਵੇਂ ਕੋਈ ਗੰਦ ਦੀ ਪੋਟਲੀ ਚੁੱਕਣੀ ਪਈ ਹੋਵੇ। (19)

ਪਹਿਲਾ ਕਿਹੜਾ ਹੀਰਾ ਜੰਮ ਤਾਂ। ਪਹਿਲਾਂ ਵਾਂਗੂੰ ਕੋਈ ਬਿੱਛੂ ਬੂਟੀ ਮੱਥੇ ਮਾਰੂ ਮੇਰੇ ਕਲਹਿਣੀ। (20)

ਸੋ ਇਕ ਪਿਓ ਉਪਰੋਕਤ ਸ਼ਬਦ ਆਪਣੀ ਕਿੰਨਰ ਧੀ ਲਈ ਵਰਤਦਾ ਹੈ। ਇਸ ਵਿਚ ਉਸ ਬੱਚੀ ਜਾਂ ਮਾਂ ਦਾ ਕੀ ਕਸੂਰ ਹੈ? ਮਾਂ ਲਈ ਤਾਂ ਹਰ ਬੱਚਾ ਸਮਾਨ ਹੈ। ਬਿੱਛੂ-ਬੂਟੀ ਕਹਿਣਾ ਉਸ ਦੀ ਗਿਣਤੀ ਕੀੜੇ-ਮਕੌੜਿਆਂ ਵਿਚ ਕਰਨਾ ਗੈਰ ਮਾਨਵੀ ਵਰਤਾਰਾ ਹੈ। ਸਮਾਜ ਜਿੱਥੇ ਅਜਿਹੇ ਬੱਚੇ ਨੂੰ ਮਾਨਤਾ ਨਹੀਂ ਦਿੰਦਾ, ਉੱਥੇ ਮਾਂ ਨੂੰ ਵੀ ਦੋਸ਼ੀ ਮੰਨਿਆ ਜਾਂਦਾ ਹੈ। ਪਰਿਵਾਰ ਤੋਂ ਬਾਅਦ ਸਮਾਜ ਵਿਚ ਵੀ ਅਜਿਹਾ ਵਰਤਾਰਾ ਇਸ ਵਰਗ ਦੇ ਲੋਕਾਂ ਨਾਲ ਵਾਪਰਦਾ ਹੈ। ਸਮਾਜ ਵਿਚ ਜੋ ਤ੍ਰਿਸਕਾਰ, ਫਿਟਕਾਰਾਂ, ਟਿੱਚਰਾਂ, ਅਸ਼ਲੀਲ ਸ਼ਬਦਾਵਲੀ ਇਨ੍ਹਾਂ ਲਈ ਸੁਣਨ ਨੂੰ ਮਿਲਦੀ ਹੈ। ਪਾਤਰ ਖ਼ੁਦਾ ਬਖ਼ਸ਼ ਬਿਆਨ ਕਰਦਾ ਹੈ ਕਿ-

ਜੱਗ ਵੀ ਕੀੜਿਆਂ ਵਾਲਾ ਭੌਣ ਹੈ, ਪਲ-ਪਲ ਚੋਭਾਂ ਸਹਾਰਦੇ ਹਾਂ। (229)

ਚੋਭਾਂ ਸ਼ਬਦ ਵੀ ਅਪਭਾਸ਼ਾ ਦਾ ਹੀ ਰੂਪ ਹੈ ਜੋ ਸਮਾਜ ਵਿਚ ਇਸ ਵਰਗ ਦੀ ਦੁਰਗਤੀ ਨੂੰ ਪੇਸ਼ ਕਰਦਾ ਹੈ। ਚੋਭਾਂ ਸ਼ਬਦ ਦਾ ਭਾਵ ਹੈ ਕਿ ਸੂਈ ਵਾਂਗ ਚੁੰਬਣਾ। ਅਜਿਹੇ ਸ਼ਬਦ ਇਸ ਵਰਗ ਦੀ ਰੂਹ ਨੂੰ ਕੰਬਾ ਦਿੰਦੇ ਹਨ। ਇਸ ਤੋਂ ਬਿਨਾਂ ਪੜ੍ਹਿਆ ਲਿਖਿਆ ਵਰਗ ਵੀ ਇਨ੍ਹਾਂ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ। ਕਰਨਾ ਜਦੋਂ ਆਪਣੀ ਦੋਸਤ ਨਾਲ ਆਪਣੀ ਜਾਣਕਾਰੀ ਸਾਂਝੀ ਕਰਦਾ ਕਿ ਉਹ ਆਪਣੀ ਭੈਣ ਨੂੰ ਲੱਭ ਰਿਹਾ ਤਾਂ ਉਸ ਦੀ ਪੜ੍ਹੀ-ਲਿਖੀ ਦੋਸਤ ਝੱਟ ਕਹਿੰਦੀ ਹੈ ਕਿ-

ਕੁੜੀ ਕਿ ਕਿੰਨਰ (197)

ਕਰਨਾ ਜਦੋਂ ਤੀਸਰੇ ਜੈਂਡਰ ਦੇ ਅਧਿਕਾਰਾਂ ਬਾਰੇ ਗੱਲ ਕਰਦਾ ਹੈ ਤਾਂ ਉਸ ਦੀ ਦੋਸਤ ਵਿਸ਼ਵ ਕਹਿੰਦੀ ਹੈ ਕਿ-

ਹੁਣ ਤਾਂ ਇਨ੍ਹਾਂ ਨੂੰ ਤੀਸਰੀ ਜਿਨਸ ਦੇ ਰੂਪ ਵਿਚ ਮਾਨਤਾ ਮਿਲ ਗਈ ਹੈ। (197)

‘ ਜਿਨਸ ’ ਸ਼ਬਦ ਦਾ ਸੰਬੋਧਨ ਇਸ ਵਰਗ ਲਈ ਕਰਨਾ ਕਿਨ੍ਹਾਂ ਕੁ ਜਾਇਜ਼ ਹੈ। ਜੇਕਰ ਅਸੀਂ ਜਿਨਸ ਸ਼ਬਦ ਦੇ ਅਰਥ ਨੂੰ ਵਾਚੀਏ ਤਾਂ ਸਪਸ਼ਟ ਹੁੰਦਾ ਹੈ ਕਿ ਮੰਡੀ ਵਿਚ ਜੋ ਵਸਤਾਂ ਖ਼ਰੀਦੀਆਂ ਤੇ ਵੇਚੀਆਂ ਜਾਂਦੀਆਂ ਹਨ , ਉਨ੍ਹਾਂ ਨੂੰ ਜਿਨਸ ਕਿਹਾ ਜਾਂਦਾ ਹੈ। ਡੇਰਿਆਂ ਵਿਚਲੇ ਮਾਦਾ ਕਿੰਨਰਾਂ ਨੂੰ ਵੀ ਜਿਨਸਾਂ ਦੀ ਤਰ੍ਹਾਂ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਵੇਚ ਦਿੱਤਾ ਜਾਂਦਾ ਹੈ। ਅਜਿਹੇ ਸ਼ਬਦਾਂ ਦਾ ਸੰਬੋਧਨ ਇਸ ਵਰਗ ਲਈ ਪੂਰੀ ਤਰ੍ਹਾਂ ਗੈਰ ਮਨੁੱਖੀ ਹੈ। ਪਰਿਵਾਰ, ਸਮਾਜ, ਡੇਰਿਆਂ ਅਤੇ ਸਮਾਜਿਕ ਸੰਸਥਾਵਾਂ ਵਿਚ ਇਸ ਵਰਗ ਨਾਲ ਹੁੰਦੇ ਵਿਤਕਰੇ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਹੈ। ਉੱਪਰੋਕਤ ਅਦਾਰਿਆਂ ਵੱਲੋਂ ਅਪਭਾਸ਼ਾਈ ਸ਼ਬਦਾਵਲੀ ਦੀ ਵਰਤੋਂ ਕਰਨਾ ਤਾਂ ਸਮਝ ਆਉਂਦਾ ਹੈ ਪਰ ਤ੍ਰਾਸਦੀ ਹੈ ਕਿ ਇਹ ਵਰਗ ਵੀ ਇਸ ਅਨਿਆਂ ਨੂੰ ਚੁੱਪ-ਚਾਪ ਸਵੀਕਾਰ ਕਰ ਰਿਹਾ ਹੈ। ਸਮਾਜ ਇਨ੍ਹਾਂ ਨਾਲ ਚੰਗਾ ਵਿਹਾਰ ਨਹੀਂ ਕਰਦਾ ਤਾਂ ਇਹ ਵਰਗ ਵੀ ਆਪਣੇ ਹੀ ਮਾਪਦੰਡਾਂ ਅਨੁਸਾਰ ਜ਼ਿੰਦਗੀ ਵਸਰ ਕਰ ਰਿਹਾ ਹੈ। ਸਮਾਜ ਜੇਕਰ ਇਨ੍ਹਾਂ ਲਈ ਜਨਾਨੇ, ਮਨੁੱਖੀ ਰੂਹ, ਢਾਇਵੀ ਜਾਤ, ਤੀਸਰੀ ਜਿਨਸ ਆਦਿ ਨਕਾਰਾਤਮਿਕ ਸ਼ਬਦ ਵਰਤਦਾ ਹੈ ਤਾਂ ਇਹ ਵਰਗ ਵੀ ਆਪਣੀ ਹੋਣੀ ਨੂੰ ਇਨ੍ਹਾਂ ਅਪਭਾਸ਼ਾਈ ਸ਼ਬਦਾਂ ਰਾਹੀ ਸਾਕਾਰ ਕਰਦੇ ਹਨ। ਕਪੂਰ ਕੌਰ ਜੱਗੀ ਅਨੁਸਾਰ ‘ਭੈਅ, ਘਿਰਣਾ, ਦਮਨ, ਕੰਠਤਾ ਆਦਿ ਕਾਰਨ ਜਦੋਂ ਸਾਡੇ ਵਿਚ ਹੀਣਤਾ ਦੀ ਭਾਵਨਾ ਆਉਂਦੀ ਹੈ ਤਾਂ ਇਸ ਅਵਸਥਾ ਵਿਚ ਅਸੀਂ ਲੋਕਾਂ ਦੁਆਰਾ ਆਪਣੇ ਉਪਰ ਕਈ ਤਰ੍ਹਾਂ ਦੇ ਦੋਸ਼ਾਂ ਦੀ ਕਲਪਨਾ ਕਰ ਲੈਂਦੇ ਹਾਂ। ਅਜਿਹੀ ਅਵਸਥਾ ਵਿਚ ਅਸੀਂ ਆਪਣੇ ਖੰਡਿਤ ਵਿਅਕਤਿਤਵ ਨੂੰ ਆਪਣੇ ਸੰਪਰਕ ਵਿਚ ਊਣ ਵਾਲੇ ਵਿਅਕਤੀਆਂ ਦੇ ਪ੍ਰਤੀਕ ਦੇ ਰੂਪ ਵਿਚ ਵੇਖਦੇ ਹਾਂ ਅਤੇ ਉਸਦੇ ਉੱਤਰ ਜਾਂ ਵਿਰੋਧ ਦੇ ਰੂਪ ਵਿਚ ਬੇ-ਤਰਤੀਬ ਜਿਹੀ ਭਾਸ਼ਾ ਦਾ ਪ੍ਰਯੋਗ ਕਰਦੇ ਹਾਂ। ਇਸ ਵਿਚ ਗਾਲ੍ਹਾਂ, ਉਲਾਂਭਾ, ਤਨਜ਼, ਮਿਹਣਾ , ਵਿਅੰਗ ਆਦਿ ਦੇ ਤੱਤ ਪਾਏ ਜਾਂਦੇ ਹਨ।’(‘ਮਲਵਈ ਅਪਭਾਸ਼ਾ : ਇਕ ਅਧਿਐਨ’37)

ਸਮਾਜ ਕਿੰਨਰਾਂ ਨੂੰ ਮਾਨਵੀ ਹੱਕ ਨਹੀਂ ਦਿੰਦਾ ਹੈ। ਜੇਕਰ ਸਮਾਜ ਦੀ ਨਜ਼ਰ ਵਿਚ ਇਹ ਮਨੁੱਖ ਨਹੀਂ ਹਨ ਤਾਂ ਇਹ ਕੌਣ ਹਨ। ਇਹ ਵਰਗ ਆਪ ਵੀ ਆਪਣੇ ਲਈ ਅਜਿਹੇ ਸੰਬੋਧਨੀ ਸ਼ਬਦਾਂ ਦੀ ਵਰਤੋਂ ਕਰਦਾ ਹੈ। ਹਰਪਿੰਦਰ ਰਾਣਾ ਦੇ ਨਾਵਲ ‘ਕੀ ਜਾਣਾ ਮੈਂ ਕੌਣ? ਦੇ ਪਾਤਰ ਕਿੰਦਰੀ ਮਹੰਤ ਦੀ ਕਰਨੇ ਨਾਲ

ਗੱਲਬਾਤ ਵੇਲੇ ਸਪਸ਼ਟ ਹੁੰਦਾ ਹੈ, ਜਦੋਂ ਕਰਨਾ ਕਹਿੰਦਾ ਹੈ ਕਿ ਹੁਣ ਤੁਹਾਨੂੰ ਵੀ ਤੀਸਰੇ ਜੈਂਡਰ ਦਾ ਦਰਜਾ ਮਿਲ ਗਿਆ ਹੈ ਤਾਂ ਕਿੰਦਰੀ ਮਹੰਤ ਆਪ-ਮੁਹਾਰੇ ਇਹ ਸ਼ਬਦ ਉਚਾਰਦਾ ਕਹਿੰਦਾ ਹੈ-

> ਵੇਖ ਮੇਰੀ ਮਾਂ ਨੇ, ਮੇਰੇ ਪੀਰ ਓ ਮੁਰਸ਼ਦ ਨੇ ਕਿੰਨੀ ਸੋਹਣੀ ਸੁਣੀਆਂ। ਸਾਡੀ ਬੇ-ਨਿਸ਼ਾਨ ਜਾਤ ਨੂੰ ਮਾਣ ਦਿਵਾਇਆ। (38)

'ਬੇ-ਨਿਸ਼ਾਨ' ਸ਼ਬਦ ਸਮਾਜ ਦੀ ਘੜਤ ਹਨ ਪਰ ਕਿੰਨਰ ਵਰਗ ਇਨ੍ਹਾਂ ਸ਼ਬਦਾਂ ਨੂੰ ਇਸੇ ਤਰ੍ਹਾਂ ਸਵੀਕਾਰ ਕਰ ਰਿਹਾ ਹੈ। ਹਸਪਤਾਲ ਵਿਚ ਜਦ ਮੋਰਾ ਵਾਰ-ਵਾਰ ਛੰਨੋਂ ਦਾ ਨਾਮ ਲੈਂਦੀ ਹੈ ਤਾਂ ਡਾਕਟਰ ਉਸ (ਛੰਨੋਂ) ਬਾਰੇ ਪੁੱਛਦਾ ਹੈ ਤੇ ਨਸੀਬੋਂ ਵੀ ਆਖਦੀ ਹੈ –

> ਦੁਖੀਆਂ ਜੀਅ ਹੋਊ।

> ਜੁਗਨੂੰ ਬਾਰੇ ਵੀ ਨਸੀਬੋਂ ਕਹਿੰਦੀ ਹੈ ਕਿ-

> ਸਾਡੇ ਚੋਂ ਈ ਆ ਬੇ-ਨਿਸ਼ਾਨ ਰੂਹ ਪਰ ਸਾਡੇ ਲਈ ਨਿਸ਼ਾਨਦੇਹੀ ਕਰਦੇ ਆ ਜੀ। (56)

ਇਸੇ ਤਰ੍ਹਾਂ ਨਾਵਲ 'ਆਦਮ-ਗ੍ਰਹਿਣ' ਵਿਚ ਵੀ ਡੇਰੇ ਦੇ ਮਹੰਤ ਅਨੁਸਾਰ ਵਰਤੀ ਗਈ ਭਾਸ਼ਾ ਵਿਚ ਪਿਆਰ-ਸਤਿਕਾਰ ਨਜ਼ਰ ਆਉਂਦਾ ਹੈ। ਡੇਰੇ ਦੇ ਮਹੰਤ ਦੀ ਪਦਵੀ ਡੇਰੇ ਵਿਚੋਂ ਸਭ ਤੋਂ ਵੱਡੀ ਹੁੰਦੀ ਹੈ। ਉਹ ਡੇਰੇ ਨੂੰ ਆਪਣੇ ਨਿਯਮਾਂ ਅਨੁਸਾਰ ਚਲਾਉਂਦਾ ਹੈ। ਡੇਰੇ ਦੇ ਮਹੰਤ ਦੀ ਭਾਸ਼ਾ ਦੇ ਵੱਖ-ਵੱਖ ਰੂਪ ਦੇਖ ਸਕਦੇ ਹਾਂ ਕਿ ਕਿਤੇ ਉਸ ਦੀ ਭਾਸ਼ਾ ਪਿਆਰ ਤੇ ਸਤਿਕਾਰ ਵਾਲੀ ਹੈ ਅਤੇ ਕਿਤੇ ਵਿਅੰਗ ਭਰਪੂਰ ਹੈ। ਹਰਕੀਰਤ ਕੌਰ ਚਹਿਲ ਦੇ ਨਾਵਲੀ ਬਿਰਤਾਂਤ ਵਿਚੋਂ ਦੇਖ ਸਕਦੇ ਹਾ:

> ਦੇਖ ਬਿਲੋ ਰਾਣੀ, ਸਾਡਾ ਜਹਾਨ ਤਾਂ ਆਹ ਦੁਨੀਆ ਹੀ ਹੈ। ਮੋਹ ਮੁਹੱਬਤ, ਕੰਮ –ਕਾਰ, ਲੈਣ-ਦੇਣ, ਗਿਲੇ-ਸ਼ਿਕਵੇ, ਚਾਅ=ਰੀਝਾਂ, ਖ਼ੁਸ਼ੀਆਂ –ਗ਼ਮੀਆਂ ਸਭ ਅੱਜ ਤੋਂ ਬਾਅਦ ਇਸ ਚਾਰੁਦਆਰੀ ਦੇ ਗਲ ਲੱਗ ਕੇ ਹੀ ਪੂਰਨੀਆਂ ਨੇ। ਪੂਰੀ ਸ਼ਿੱਦਤ ਨਾਲ ਮਾਂ ਵਰਗੇ ਰਿਸ਼ਤੇ ਤੇ ਪੂਰੀ ਉੱਤਰਾਂਗੀ ਤੇ ਤੇਰੇ ਤੋਂ ਵੀ ਔਲਾਦ ਵਰਗੇ ਮੋਹ ਤੇ ਮਾਣ ਦੀ ਆਸ ਰੱਖਾਂਗੀ। (52)

ਇਸੇ ਤਰ੍ਹਾਂ ਜਿੱਥੇ ਗੁਰੂ ਦੀ ਭਾਸ਼ਾ ਵਿਚ ਪਿਆਰ-ਸਤਿਕਾਰ ਦੀ ਭਾਵਨਾ ਹੈ, ਉੱਥੇ ਦੂਜੇ ਪਾਸੇ ਡੇਰੇ ਦੇ ਨਿਯਮ ਸਿੱਖਾਉਣ ਲਈ ਥੋੜ੍ਹਾ ਵਿਅੰਗ ਵੀ ਸ਼ਾਮਲ ਹੋ ਜਾਂਦਾ ਹੈ ਜਿਵੇਂ-

> ਵੇਖ ਮੀਰਾ, ਅਸੀਂ ਗਲੀ-ਮੁਹੱਲੇ, ਮੋੜਾਂ 'ਤੇ ਖੜ੍ਹ ਕੇ ਲੱਚਰਪੁਣਾ ਨਹੀਂ ਖਿੰਡਾਉਣਾ, ਬਿਨਾਂ ਵਜ੍ਹਾ ਤਾੜੀ ਨਹੀਂ ਮਾਰਨੀ ਤੇ ਨਾ ਹੀ ਵਧਾਈ ਵਾਲੇ ਘਰ ਅੜੀ ਕਰਨੀ ਹੈ, ਪਤਾ ਨਹੀਂ ਅਗਲਾ ਕਿਹੜੇ ਹਾਲੇ ਦਿੰਦੇ, ਜੋ ਖ਼ੁਸ਼ੀ ਨਾਲ ਝੋਲੀ ਪਾਵੇ, ਦੁਆਵਾਂ ਦੇ ਕੇ ਪਰਤ ਆਉਣਾ। ਹਾਂ ਸੱਚ ਇਕ ਗੱਲ ਹੋਰ ਮੇਰੀ ਬਿੱਲੋ ਰਾਣੀ, ਆਪਣੀ ਜ਼ੁਬਾਨ ਤੋਂ ਕਦੇ ਬਦ-ਦੁਆ ਨਾ ਦੇਈਂ ----ਦੁਨੀਆ ਚਾਰ ਦਿਨਾਂ ਦਾ ਮੇਲਾ ਏ। ਬਦ –ਦੁਆ ਤਾਂ ਆਪਾਂ ਰੱਬ ਨੂੰ ਨਹੀਂ ਦਿੰਦੇ ਜਿਸ ਨੇ ਕੱਚੇ ਪਿੱਲੇ ਘੜਿਆ ਸਾਨੂੰ। (54)

ਇਸ ਦੇ ਉਲਟ ਜਦੋਂ ਇਹ ਵਰਗ ਸਭਿਅਕ ਸਮਾਜ ਨਾਲ ਸੰਵਾਦ ਰਚਾਉਂਦੇ ਹਨ, ਇਨ੍ਹਾਂ ਦੀ ਭਾਸ਼ਾ ਗ਼ੁੱਸੇ ਵਾਲੀ ਤੇ ਵਿਅੰਗ ਭਰਪੂਰ ਬਣ ਜਾਂਦੀ ਹੈ-

> ਮਾਈ ਤੇਰੇ ਆਹ ਖੇਖਣ ਝੱਲਣ ਦਾ ਟਾਈਮ ਨਹੀਂ ਸਾਡੇ ਕੋਲੋਂ, ਆਥਣ ਹੋਇਆ ਪਿਆ। ਖ਼ਾਲੀ ਅਸੀਂ ਮੁੜਨਾ ਨਹੀਂ, ਸੋ ਸਾਡਾ ਜੀਅ ਸਾਡੇ ਹਵਾਲੇ ਕਰ ਦੇ। ਫੇਰ ਨਾ ਕਹੀਂ ਤੰਬੂ ਲਾ ਕੇ ਬਹਿ ਗਏ ਖੁਸਰੇ। (29)

ਸਪਸ਼ਟ ਹੋ ਜਾਂਦਾ ਹੈ ਕਿ ਕਿੰਨਰ ਸਮਾਜ ਦੇ ਸਥਾਪਿਤ ਬੁਲਾਰੇ ਦਾ ਭਾਸ਼ਾਈ ਲਹਿਜ਼ਾ ਪਦਵੀ ਅਨੁਸਾਰ ਬਦਲ ਜਾਂਦਾ ਹੈ। ਇਕ ਗੁਰੂ ਦਾ ਆਪਣੇ ਡੇਰੇ ਦੇ ਮੈਂਬਰਾਂ ਨੂੰ ਅਸੂਲ ਸਮਝਾਉਣ ਲਈ ਅਤੇ ਆਪਣੇ ਵਰਗ ਦੇ ਆਗੂਆਂ ਨੂੰ ਜਾਗਰੂਕ ਕਰਨ ਵੇਲੇ ਬੋਲਣ ਦਾ ਲਹਿਜ਼ਾ ਵੱਖਰਾ-ਵੱਖਰਾ ਹੈ। ਇਸ ਤੋਂ ਇਲਾਵਾ ਜਦੋਂ ਸਮਾਜ ਵਿਚ ਵਿਚਰਦੇ ਸਮੇਂ ਕਿਸੇ ਧਿਰ ਵੱਲੋਂ ਇਨ੍ਹਾਂ ਦਾ ਹੱਕ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਬੋਲ ਵਿਚ ਤਲਖ਼ੀ ਆ ਜਾਂਦੀ ਹੈ। ਮੁੱਖਧਾਰਾ ਤੋ ਟੁੱਟੇ ਹੋਣ ਦੀ ਚੀਸ ਇਨ੍ਹਾਂ ਦੀ ਭਾਸ਼ਾ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਹੈ। ਇਨ੍ਹਾਂ ਦੀ ਭਾਸ਼ਾ ਵਿਚ ਵਿਅੰਗ , ਟਿੱਚਰ, ਗਾਲ੍ਹਾਂ, ਮਜ਼ਾਕ, ਰੁੱਖਾਪਣ ਦੇਖਿਆ ਜਾ ਸਕਦਾ ਹੈ। ਕਿੰਨਰ ਸਭਿਅਕ ਸਮਾਜ ਨਾਲ ਵਧਾਈ ਲੈਣ ਦੇ ਸਮੇਂ ਸੰਵਾਦ ਰਚਾਉਂਦੇ ਹਨ। ਜਦੋਂ ਮੁੱਖਧਾਰਾ ਦੇ ਲੋਕ ਇਨ੍ਹਾਂ

ਦੀ ਆਸ ਤੋਂ ਘੱਟ ਵਧਾਈ ਦੇਣ ਤੋਂ ਮਨਾ ਕਰਦੇ ਹਨ ਤਾਂ ਇਨ੍ਹਾਂ ਦੀ ਭਾਸ਼ਾ ਵਿਚ ਭੱਦਾਪਣ ਤੇ ਰੁੱਖਾਪਣ ਆ ਜਾਂਦਾ ਹੈ। ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ 'ਵਿਚ ਸ਼ਾਮਲ ਵੀਨਾ ਵਰਮਾ ਦੀ ਕਹਾਣੀ 'ਸਤੀ ' ਵਿਚ ਦੇਖਿਆ ਜਾ ਸਕਦਾ ਹੈ:

> ਆਪਣੇ ਉੱਥੇ ਦੇ ਲੋ ਇਹਨਾਂ ਨੂੰ ਜਿੱਥੋਂ ਮੁੰਡਾ ਕੱਢਿਆ ਸੀ--- । ਹਰਾਮ ਦੀਆਂ ਮੁੰਡੇ ਵੀ ਜੰਮਦੀਆਂ ਨੇ ਤੇ ਕੰਜੂਸੀਆਂ ਵੀ ਕਰਦੀਆਂ ਨੇ । ਮੈਂ ਕੋਈ ਮੰਗਤੀ ਆ? ਆਪਣਾ ਹੱਕ ਲੈਨੀ ਆ । ਥੋਨੂੰ ਵਧਾਈਆਂ ਦਿੱਤੀਆਂ ਨੇ ---। ਵੇਲ ਵਧਾਈ ਐ ਥੋਡੋ ਘਰ ਦੀ ।ਕਈ ਭੀਖ ਨਹੀਂ ਮੰਗਦੀ ਫਿਰਦੀ ਮੈਂ। ਰੱਬ ਕਿਸੇ ਨੂੰ ਏਸ ਜੂਨ 'ਚ ਨਾ ਪਾਵੇ। ਨਹੀਂ ਥੋਡੇ ਵਰਗੀਆਂ ਨੂੰ ਤਾਂ ਮੈਂ ਪੈਰਾਂ ਦੀ ਮਾਲਸ਼ ਕਰਨ ਨੂੰ ਵੀ ਨਾ ਰੱਖਾ। ਆਗੀਆਂ ਵੱਡੀਆਂ ਸਠਾਨੀਆਂ ---। (62)

ਇਸ ਤਰ੍ਹਾਂ ਕਿੰਨਰ ਵਰਗ ਸਮਾਜ ਵਿਚ ਵਿਚਰਦੇ ਸਮੇਂ ਪਦਵੀ, ਰੁਤਬੇ ਅਨੁਸਾਰ ਆਪਣੇ ਭਾਸ਼ਾਈ ਰੂਪਾਂ ਨੂੰ ਬਦਲ ਲੈਂਦੇ ਹਨ । ਇਸ ਤੋਂ ਬਿਨਾ ਸਮਾਜ ਵਿਚ ਵਿਚਰਦੇ ਸਮੇਂ ਸਮਾਜਿਕ ਸਥਿਤੀ ਅਨੁਸਾਰ ਵੀ ਇਹ ਆਪਣੇ ਭਾਸ਼ਾਈ ਰੂਪਾਂ ਵਿਚ ਪਰਿਵਰਤਨ ਕਰ ਲੈਂਦੇ ਹਨ। ਸਮਾਜਿਕ ਯਥਾਰਥ ਦੇ ਰੂਪ ਵਿਚ ਕਿੰਨਰਾਂ ਦੀ ਭਾਸ਼ਾ ਵਿਚ ਵਿਅੰਗ, ਤਲਖ਼ ਅਸ਼ਲੀਲਤਾ ਅਤੇ ਰੁੱਖਾਪਣ ਆਦਿ ਰੂਪ ਵਧੇਰੇ ਦੇਖਣ ਨੂੰ ਮਿਲਦੇ ਹਨ । ਮੁੱਖਧਾਰਾ ਵਿਚ ਆਪਣੀ ਹੋਂਦ ਦੇ ਲਈ ਸੰਘਰਸ਼ ਕਰਦਾ ਇਹ ਵਰਗ ਭਾਸ਼ਾ ਰਾਹੀਂ ਆਪਣਾ ਵਿਰੋਧ ਅਭਿਵਿਅਕਤ ਕਰਦਾ ਹੈ । ਇਹ ਵੀ ਸੱਚ ਨਹੀਂ ਹੈ ਕਿ ਕਿੰਨਰ ਹਮੇਸ਼ਾ ਹੀ ਵਿਅੰਗ ਭਰਪੂਰ ਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਸਮਾਜ ਵਿਚ ਵਿਚਰਨ ਸਮੇਂ ਜਦੋਂ ਇਸ ਵਰਗ ਨੂੰ ਵਧੇਰੇ ਪਿਆਰ ਤੇ ਸਤਿਕਾਰ ਮਿਲੇ ਤਾਂ ਇਨ੍ਹਾਂ ਦੇ ਭਾਸ਼ਾਈ ਰੂਪਾਂ ਵਿਚ ਪਿਆਰ, ਸਤਿਕਾਰ, ਦੁਆਵਾਂ ਅਤੇ ਅਸੀਸਾਂ ਦੇ ਸ਼ਬਦ ਭਾਰੂ ਹੋ ਜਾਂਦੇ ਹਨ। ਗਲਪੀ ਸਾਹਿਤ ਵਿਚ ਇਹ ਦੋਨੋਂ ਪੱਖ ਕਾਰਜਸ਼ੀਲ ਹਨ –

> ਵੇਖ ਮਾਈ, ਮੈਨੂੰ ਵੀ ਕੋਈ ਇਸੇ ਤਰ੍ਹਾਂ ਚੁੱਕ ਲਿਆਇਆ ਸੀ। ਜੇ ਅਸੀਂ ਇਸ ਨੂੰ ਇੱਥੇ ਛੱਡ ਵੀ ਗਏ ਤਾਂ ਵੀ ਲੋਕਾਂ ਨੇ ਤੁਹਾਨੂੰ ਜਿਊਣ ਨਹੀਂ ਦੇਣ ----ਰੱਬ ਨੇ ਇਹਦਾ ਇਹੋ ਟਿਕਾਣਾ ਬਣਾਇਆ ਏ। ਅਸੀਂ ਇਹ ਨਹੀਂ ਸੋਚਦੇ ---ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਵੀ ਤੁਹਾਡੇ ਵਾਂਗ

ਘਰਾਂ ਵਿਚ ਰਹੀਏ, ਖੇਡੀਏ, ਪੜ੍ਹੀਏ, ਨੌਕਰੀ ਕਰੀਏ ਪਰ ਸਮਾਜ ਹੀ ਸਾਨੂੰ ਅਧੂਰੇ ਮਨੁੱਖ ਸਮਝਦਾ ਹੈ। (182)

ਉਪਰੋਕਤ ਹਵਾਲੇ ਤੋਂ ਬਗੈਰ ਕਿੰਨਰ ਵਰਗ ਦੀ ਵੇਦਨਾ ਦਾ ਜਿਹੜਾ ਭਾਸ਼ਾਈ ਰੂਪ ਸਾਹਮਣੇ ਆਉਂਦਾ ਹੈ, ਜਿਸ ਵਿਚ ਇਨ੍ਹਾਂ ਦੇ ਪੜ੍ਹਨ-ਲਿਖਣ, ਨੌਕਰੀ ਕਰਨ ਤੇ ਮੁੱਖਧਾਰਾ ਨਾਲ ਜੁੜੇ ਰਹਿਣ ਦੀ ਭਾਵਨਾ ਸ਼ਾਮਲ ਹੈ। ਇਸੇ ਤਰ੍ਹਾਂ ਦੇ ਭਾਵ ਨਾਵਲ ਕੀ ਜਾਣਾ ਮੈਂ ਕੌਣ? ਵਿਚ ਵੀ ਦੇਖੇ ਜਾ ਸਕਦੇ ਹਨ। ਕਿਸ ਤਰ੍ਹਾਂ ਵਧਾਈ ਲੈਣ ਸਮੇਂ ਇਨ੍ਹਾਂ ਦੇ ਬੋਲ ਨਿਮਰਤਾ ਭਰਪੂਰ ਤੇ ਮਿਠਾਸ ਵਾਲੇ ਬਣ ਜਾਂਦੇ ਹਨ ਕਿ -

ਲਿਆ ਵੇ ਸਰਦਾਰਾ! ਹੁਣ ਸਾਡਾ ਨੇਗ ਗ਼ਰੀਬਾਂ ਦਾ।ਸੁੱਖ ਨਾਲ ਪੁੱਤ ਆਲਾ ਬਣਿਆ ਤੂੰ! ਪੂਰਾ ਇੱਕੀ ਹਜ਼ਾਰ ਲੈ ਕੇ ਜਾਊ ਅੱਜ ਤਾਂ ਨਸੀਬੋ! ਸੁੱਖ ਨਾਲ ਰੱਬ ਦਾ ਦਿੱਤਾ ਬਥੇਰਾ ਤੇਰੇ ਕੋਲ! ਭੰਡਾਰੇ ਭਰੇ ਰਹਿਣ, ਚੁਬਾਰੇ ਖੜ੍ਹੇ ਰਹਿਣ, ਸਬਾਤਾਂ ਉੱਚੀਆਂ ਰਹਿਣ ਤੇ ਨੀਤਾਂ ਸੁੱਚੀਆਂ ਰਹਿਣ। (26)

ਜਦੋਂ ਮੁੱਖਧਾਰਾ ਦੇ ਲੋਕ ਇਨ੍ਹਾਂ ਦੀ ਬਰਾਦਰੀ ਦੇ ਬੱਚੇ ਨੂੰ ਚੋਰੀਏ ਡੇਰੇ ਦੇ ਗੇਟ ਉੱਤੇ ਰੱਖ ਜਾਂਦੇ ਤਾਂ ਇਨ੍ਹਾਂ ਦੇ ਭਾਸ਼ਾਈ ਰੂਪ ਵਿਚ ਗਾਲ੍ਹਾਂ ਅਤੇ ਰੋਹ ਦੇ ਭਾਵ ਨਾਵਲ 'ਆਦਮ ਗ੍ਰਹਿਣ' ਵਿਚ ਦੇਖੇ ਜਾ ਸਕਦੇ ਹਨ –

ਹਰਾਮ ਦਿਆਂ ਭੱਜਣ ਦੀ ਕੀ ਲੋੜ ਸੀ? ਜੰਮਣ ਦਾ ਹੀ ਚਾਅ ਸੀ ਲੰਡਿਆਂ? ਸਾਡੀ ਔਲਾਦ ਹੈ ਤਾਂ ਸਾਡੀ ਬੁੱਕਲ ਵਿਚ ਦੇ ਕੇ ਜਾਹ। ਅਸੀਂ ਵੀ ਤਾਂ ਰੱਬ ਦੇ ਬੰਦੇ ਆ ਲੁੱਚਿਆ। (40)

ਇਸੇ ਤਰ੍ਹਾਂ ਦੇ ਭਾਵ ਡਾ. ਹਰਜੀਤ ਕੌਰ ਦੀ ਕਹਾਣੀ 'ਸਤੀ' ਵਿਚ ਵੀ ਦੇਖੇ ਜਾ ਸਕਦੇ ਹਨ ਕਿ-

ਚੱਲੋ ਨੀ---। ਇਹਨਾਂ ਭੁੱਖਿਆਂ ਤੋਂ ਕੀ ਮੰਗਦੀਓ ਤੁਸੀਂ। ਖੋਹਲ ਦੋ ਨਾਲੇ---। ਕੱਢੋ ਇਹਨਾਂ ਦਾ ਜਲੂਸ ---ਹੋ ਜੋ ਨੰਗੀਆਂ ---। ਰੱਬ ਕਰਕੇ ਅਗਲੇ ਸਾਲ ਇਹਨਾਂ ਦਾ ਘਰ ਵੀ ਸਾਡੇ ਵਰਗਾ ਜੰਮੇ ---। 60)

ਉਪਰੋਕਤ ਹਵਾਲੇ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਆਪਣਾ ਹੱਕ ਲੈਣ ਦੀ ਖ਼ਾਤਰ ਕਿਸ ਹੱਦ ਤੱਕ ਜਾ ਸਕਦੇ ਹਨ। ਸਮਾਜ ਵਿਚ ਵਿਚਰਦੇ ਸਮੇਂ ਅਕਸਰ ਅਸੀਂ ਇਹ ਰੂਪ ਕਿੰਨਰਾਂ ਦੀ ਭਾਸ਼ਾ ਵਿਚ ਦੇਖ ਸਕਦੇ ਹਾਂ।

ਡੇਰੇ ਵਿਚ ਆਏ ਨਵੇਂ ਕਿੰਨਰ ਨੂੰ ਡੇਰੇ ਦੇ ਨਿਯਮ ਸਮਝਾਉਣ ਲਈ ਕਿਸ ਤਰ੍ਹਾਂ ਇਹ ਵਰਗ ਗੁੱਸੇ ਤੇ ਸਿੱਖਿਆ ਦੇ ਰਲੇਵੇ ਭਰੀ ਸ਼ਬਦਾਵਲੀ ਨਾਲ ਸੰਬੋਧਨ ਕਰਦਾ ਹੈ। ਹਰਕੀਰਤ ਕੌਰ ਚਹਿਲ ਦੇ ਨਾਵਲ'ਆਦਮ ਗ੍ਰਹਿਣ' ਦੇ ਬਿਰਤਾਂਤ ਤੋਂ ਸਪਸ਼ਟ ਹੈ:

> ਆਹ ਕੀ ਘੁਮਿਆਰ ਦਿਓ ਲਿੱਦ ਚੱਕ ਲਿਆਂਦੀ? ਨਾ ਨਖ਼ਰਾ ਨਾ ਅੜ? ਇਸ ਨੂੰ ਕਹੋ ਜੇ ਇੱਥੇ ਰਹਿਣਾ ਤਾਂ ਤਾੜੀ ਮਾਰਨੀ, ਅੱਡੀ ਮਾਰਨੀ, ਅੱਖ ਮਾਰਨੀ ਤੇ ਲੱਕ ਮਟਕਾਉਣਾ ਸਿੱਖੇ ---ਬੱਬਰ ਭਰਨਾ ਸੌਖਾ ਨਹੀਂ ---ਇਹ ਸਤੀ ਸਵਿੱਤਰੀ ਤਾਂ ਸਾਨੂੰ ਵੀ ਭੁੱਖੇ ਮਾਰੂ ਨਹੀਂ ਤਾਂ ਹਾਂਅ। (36)

ਉਪਰੋਕਤ ਗਲਪੀ ਵੇਰਵੇ ਕਿੰਨਰਾਂ ਦੀ ਭਾਸ਼ਾ ਦੇ ਵੱਖ-ਵੱਖ ਸਮਾਜਿਕ ਸਥਿਤੀਆਂ ਅਤੇ ਵਿਅਕਤੀਆਂ ਅਨੁਸਾਰ ਭਾਸ਼ਾਈ ਸ਼ਬਦਾਵਲੀ ਨੂੰ ਪੇਸ਼ ਕਰਦੇ ਹਨ। ਇਸ ਤੋਂ ਬਿਨਾਂ ਜੇਕਰ ਅਸੀਂ ਕਿੰਨਰ ਵਰਗ ਦੀ ਸਰੀਰਕ ਬਣਤਰ ਅਨੁਸਾਰ ਇਨ੍ਹਾਂ ਦੇ ਹਾਵ-ਭਾਵ ਸੰਬੰਧੀ ਵਾਚੀਏ ਤਾਂ ਸਪਸ਼ਟ ਹੁੰਦਾ ਹੈ ਕਿ ਇਹ ਜ਼ਿਆਦਾਤਰ ਇਸਤਰੀ ਨੁਮਾ ਹੁੰਦੀ ਹੈ। ਇਨ੍ਹਾਂ ਦੀ ਸਰੀਰਕ ਬਣਤਰ ਦਾ ਅਸਰ ਇਨ੍ਹਾਂ ਦੀ ਭਾਸ਼ਾ ਉੱਪਰ ਵੀ ਦੇਖਿਆ ਜਾ ਸਕਦਾ ਹੈ। ਕਿੰਨਰਾਂ ਵੱਲੋਂ ਵਰਤੇ ਜਾਂਦੇ ਸੰਬੋਧਨੀ ਰੂਪਾਂ ਦੀ ਵਰਤੋਂ ਪੰਜਾਬੀ ਗਲਪ ਵਿਚ ਸੁਭਾਵਿਕ ਰੂਪ ਵਿਚ ਮਿਲ ਜਾਂਦੀ ਹੈ। ਇਨ੍ਹਾਂ ਸੰਬੋਧਨੀ ਸ਼ਬਦਾਂ ਵਿਚ ਹਾਏ ਨੀਂ ਮੈਂ ਮਰਜ਼ਾਂ, ਹਾਂਅ, ਹਾਏ ਹਾਏ ਵੇ, ਮੇਰੀ ਜਾਨ, ਮੂਆਂ, ਹਾਏ ਆਦਿ ਮਿਲਦੇ ਹਨ। ਇਸ ਤੋਂ ਬਿਨਾਂ ਔਰਤਾਂ ਦੀ ਭਾਸ਼ਾ ਦੇ ਨਮੂਨੇ ਵੀ ਸੰਕੇਤਾਂ ਦੇ ਰੂਪ ਵਿਚ ਮਿਲ ਜਾਂਦੇ ਹਨ, ਜਿਵੇਂ ਅੱਡੀ ਮਾਰਨਾ, ਅੱਖਾਂ ਮਟਕਾਉਣਾ, ਲੱਕ ਹਿਲਾਉਣਾ, ਤਾੜੀ ਮਾਰਨਾ ਆਦਿ ਰੂਪ ਪੰਜਾਬੀ ਗਲਪ ਵਿਚ ਮਿਲਦੇ ਹਨ। ਕਿੰਨਰਾਂ ਦੀ ਮਾਨਸਿਕ ਵੇਦਨਾ ਅਤੇ ਇਸ ਵਰਗ ਦੀਆਂ ਅੰਦਰੂਨੀ ਪਰਤਾਂ ਵੀ ਭਾਸ਼ਾ ਦੇ ਮਾਧਿਅਮ ਰਾਹੀਂ ਉਜਾਗਰ ਹੁੰਦੀਆਂ ਹਨ। ਕਿੰਨਰ ਸਮਾਜ ਦੀ ਆਪਣੀ ਇਕ ਬਣਤਰ ਹੈ। ਇਨ੍ਹਾਂ ਦੀਆਂ ਭਾਵਨਾਵਾਂ ਇਸਤਰੀਆਂ ਵਾਲੀਆਂ ਹੁੰਦੀਆਂ ਹਨ। ਇਸ ਦਾ ਪ੍ਰਭਾਵ ਇਨ੍ਹਾਂ ਦੀ ਭਾਸ਼ਾ ਉੱਪਰ ਵੀ ਦੇਖਿਆ ਜਾ ਸਕਦਾ ਹੈ। ਇਨ੍ਹਾਂ ਦੀ ਭਾਸ਼ਾਈ ਸ਼ਬਦਾਵਲੀ ਔਰਤਾਂ ਵਾਲੀ ਹੀ ਹੁੰਦੀ ਹੈ। ਇਸ ਤਰ੍ਹਾਂ ਕਿੰਨਰ ਵਰਗ ਦੀ ਭਾਸ਼ਾ ਵਿਚ ਕਈ ਭਾਸ਼ਾਈ ਵੰਨਗੀਆਂ ਨੂੰ ਦੇਖਿਆ ਜਾ ਸਕਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਡੇਰੇ ਵਿਚ ਇਸ ਵਰਗ ਦਾ ਕੋਈ ਖ਼ੂਨ ਦਾ ਰਿਸ਼ਤਾ ਨਹੀਂ ਹੁੰਦਾ ਹੈ। ਵੱਖ-ਵੱਖ ਰਾਜਾਂ ਤੇ ਇਲਾਕਿਆਂ ਵਿਚੋਂ ਕਿੰਨਰਾਂ ਨੂੰ ਪੈਸਿਆਂ ਦੇ ਰੂਪ ਵਿਚ ਖ਼ਰੀਦਿਆਂ ਤੇ ਵੇਚਿਆਂ ਜਾਂਦਾ ਹੈ।

ਸੋ ਇਨ੍ਹਾਂ ਦੀ ਭਾਸ਼ਾ ਦੇ ਵਿਚ ਵੀ ਰਲੇਵਾਂ ਮਿਲਦਾ ਹੈ। ਇਨ੍ਹਾਂ ਦੀ ਭਾਸ਼ਾ ਦਾ ਸਪਸ਼ਟੀਕਰਨ ਇਨ੍ਹਾਂ ਦੇ ਗੱਲਬਾਤ ਦੇ ਲਹਿਜ਼ੇ ਤੋਂ ਹੁੰਦਾ ਹੈ । ਇਸ ਤਰ੍ਹਾਂ ਕਿੰਨਰ ਵਰਗ ਵੀ ਅਪਭਾਸ਼ਾਈ ਰੂਪਾਂ ਨੂੰ ਆਪਣੇ ਲਈ ਸਵੀਕਾਰ ਕਰਦਾ ਆ ਰਿਹਾ ਹੈ। ਇਸ ਸਮਾਜ ਦਾ ਵਿਦਰੋਹ ਹੀ ਅਜਿਹੀ ਭਾਸ਼ਾਈ ਸ਼ਬਦਾਵਲੀ ਨੂੰ ਰੋਕ ਸਕਦਾ ਹੈ। ਇਸ ਤਰ੍ਹਾਂ ਬਹੁਤ ਸਾਰੇ ਸ਼ਬਦ ਜਿਵੇਂ ਮੰਗ ਖਾਣੀ ਜਾਤ , ਮੂਰਤਾਂ , ਖ਼ਸਮ, ਛੱਕਾ, ਲੈਲਾ ਨਚਾਰ, ਹਿੰਸਕ, ਤਾੜੀ ਮਾਰਨੇ, ਜਨਾਨੇ, ਖੁਸਰੇ, ਹੀਜੜੇ, ਕਿੰਨਰ, ਸਰਾਪੀਆਂ ਰੂਹਾਂ, ਜਿਨਸ, ਬੇ-ਨਿਸ਼ਾਨ, ਬੇਲ-ਬੂਟ, ਭੀਖ ਮੰਗਣੇ, ਵਧਾਈ ਲੈਣੇ ਖੋਜਾਂ, ਖੁਸਰੀ, ਨਚਾਰ ,ਛੱਕਾ ਆਦਿ ਸ਼ਬਦ ਅਪਭਾਸ਼ਾਈ ਰੂਪ ਵਿਚ ਇਸ ਵਰਗ ਲਈ ਵਰਤੇ ਜਾਂਦੇ ਹਨ। ਕਿੰਨਰ ਸਮਾਜ ਮੁੱਖ ਧਾਰਾ ਨਾਲੋਂ ਟੁੱਟੇ ਹੋਣ ਕਰਕੇ ਭਾਸ਼ਾ ਅਤੇ ਸਭਿਆਚਾਰਕ ਪੱਖੋਂ ਅਣਗੌਲੇ ਰਹੇ ਹਨ।

ਸਾਹਿਤਕ ਪੱਖ ਤੋਂ ਬਹੁਤ ਘੱਟ ਜਾਣਕਾਰੀ ਗਲਪੀ ਸਾਹਿਤ ਦਾ ਹਿੱਸਾ ਬਣੀ ਹੈ। ਜਦੋਂ ਇਸ ਸਮਾਜ ਨੂੰ ਭਾਸ਼ਾ ਵਿਚੋਂ ਹੀ ਖ਼ਾਰਜ ਕਰ ਦਿੱਤਾ ਗਿਆ ਤਾਂ ਸਭਿਅਕ ਸਮਾਜ ਇਨ੍ਹਾਂ ਦੇ ਦੁੱਖਾਂ-ਦਰਦਾਂ ਨੂੰ ਕਦੋਂ ਸੁਣਦਾ ਹੈ। ਸਭਿਅਕ ਸਮਾਜ ਇਸ ਵਰਗ ਨੂੰ ਸਭਿਆਚਾਰ ਵਿਚੋਂ ਬੇਦਖ਼ਲ ਕਰ ਦਿੰਦਾ ਹੈ ਤਾਂ ਮੁੱਖਧਾਰਾ ਸਮਾਜ ਦੀ ਇਸ ਵਰਗ ਵਿਚ ਕੋਈ ਦਿਲਚਸਪੀ ਨਹੀਂ ਬਣੇਗੀ। ਇਹ ਵਰਗ ਦੂਜੇ ਵਿਮਰਸ਼ਾਂ ਨਾਲੋਂ ਭਿੰਨ ਹੈ ਜਿਵੇਂ ਦਲਿਤ ਤੇ ਨਾਰੀ। ਨਾਰੀ ਦਾ ਸ੍ਰਿਸ਼ਟੀ ਦੀ ਰਚਨਹਾਰਤਾਂ ਵਿਚ ਸ਼ਮੂਲੀਅਤ ਹੋਣ ਕਾਰਨ ਸਮਾਜ ਇਨ੍ਹਾਂ ਨੂੰ ਮਾਨਤਾ ਦਿੰਦਾ ਹੈ। ਕਿੰਨਰ ਸਮਾਜ ਇਸ ਪੱਖ ਤੋਂ ਵਾਂਝਾ ਹੋਣ ਕਾਰਨ ਸਮਾਜ ਵਿਚ ਵਿਤਕਰੇ ਦਾ ਸ਼ਿਕਾਰ ਹੁੰਦਾ ਹੈ।

**ਕਿੰਨਰਾਂ ਦੀ ਗੁਪਤ ਭਾਸ਼ਾ-**

ਕਿੰਨਰ ਆਪਣੀਆਂ ਨਿੱਜੀ ਮਹਿਫ਼ਲਾਂ ਵਿਚ ਆਪਣੀ ਭਾਸ਼ਾ ਵਿਚ ਗੱਲਬਾਤ ਕਰਨਾ ਪਸੰਦ ਕਰਦੇ ਹਨ । ਜਦੋਂ ਇਨ੍ਹਾਂ ਨੇ ਆਪਣੀ ਕੋਈ ਖ਼ਾਸ ਗੱਲ ਕਰਨੀ ਹੁੰਦੀ ਹੈ ਤਾਂ ਉਹ ਆਪਣੀ ਖ਼ਾਸ ਬੋਲੀ ਦੀ ਵਰਤੋਂ ਕਰਦੇ ਹਨ । ਆਮ ਸਮਾਜ ਵਿਚ ਲੋਕਾਂ ਨਾਲ ਗੱਲ ਕਰਨ ਵੇਲੇ ਇਹ ਆਮ ਹੀ ਭਾਸ਼ਾ ਦੀ ਵਰਤੋਂ ਕਰਦੇ ਹਨ । ਕਿੰਨਰਾਂ ਨੇ ਆਪਣੀ ਖ਼ਾਸ ਬੋਲੀ ਦੇ ਹਵਾਲੇ ਨਾਲ ਸ਼ਬਦ ਘੜੇ ਹਨ । ਉਨ੍ਹਾਂ ਵਿਚੋਂ ਬਹੁਤ ਸ਼ਬਦ ਅੱਜਕੱਲ੍ਹ

ਸਾਡੀ ਨਿੱਤ ਦੀ ਬੋਲੀ ਵਿਚ ਸ਼ਾਮਿਲ ਹਨ। ਹਰਬੰਸ ਸਿੰਘ ਧੀਮਾਨ ਅਨੁਸਾਰ 'ਖ਼ਸਰਿਆਂ ਦੀ ਬੋਲੀ ਦਾ ਨਾਂ ਫ਼ਾਰਸੀ ਚਾਂਡ (ਚੰਦਰਨਾ) ਹੈ। ਜਿਸ ਵਿਚ ਬਹੁਤ ਹਜ਼ਾਰਾਂ ਦੇ ਕਰੀਬ ਸ਼ਬਦ ਹਨ, ਜਿਨ੍ਹਾਂ ਦੀ ਵਰਤੋਂ ਇਹ ਆਪਣੀ ਨਿੱਤ ਦੀ ਬੋਲ-ਚਾਲ ਵੇਲੇ ਕਰਦੇ ਹਨ। ਕਈਆਂ ਸ਼ਬਦ ਦੇ ਅਰਥ ' ਜੇਰ ' ' ਜ਼ਬਰ ' ਨਾਲ ਬਦਲ ਜਾਂਦਾ ਹੈ। ਇਸ ਦਾ ਮੁੱਢਲਾ ਪੱਕਾ ਕਾਰਨ ਖੁਸਰੇ ਇਹ ਦੱਸਦੇ ਹਨ ਕਿ ਜਦੋਂ ਕਦੀ ਅਸੀਂ ਕਿਸੇ ਮਹਿਫ਼ਲ ਵਿਚ ਆਪਸ ਵਿਚ ਕੋਈ ਗੱਲ ਕਰਦੇ ਹਾਂ ਮਹਿਫ਼ਲ ਵਿਚ ਹਾਜ਼ਰ ਕੋਈ ਸਿਆਣਾ ਮਨੁੱਖ ਹੀ ਇਸ ਦਾ ਮਤਲਬ ਸਮਝ ਸਕਦਾ ਹੈ। ਇਸ ਲਈ ਅਸੀਂ ਇਸ ਤਰ੍ਹਾਂ ਲੋਕਾਂ ਨੂੰ ਧੋਖਾ ਦੇਣ ਲਈ ਜ਼ੇਰ ਜ਼ਬਰ ਦਾ ਫ਼ਰਕ ਨਾਲ ਇਸ ਤਰ੍ਹਾਂ ਦੇ ਸ਼ਬਦ ਬੋਲਦੇ ਹਾਂ ਕਿ ਕੋਈ ਦੂਸਰਾ ਇਨਸਾਨ ਇਨ੍ਹਾਂ ਦਾ ਮਤਲਬ ਨਹੀਂ ਸਮਝ ਸਕਦਾ।('ਤੀਸਰੀ ਜਿਨਸ' 54)

ਖੇਤਰੀ ਕਾਰਜ ਦੌਰਾਨ ਪੂਰੀ ਕੋਸ਼ਿਸ਼ ਕੀਤੀ ਕਿ ਕਿੰਨਰਾਂ ਦੀ ਬੋਲੀ ਬਾਰੇ ਵੱਧ ਤੋਂ ਵੱਧ ਸ਼ਬਦ ਇਕੱਠੇ ਕੀਤੇ ਜਾਣ। ਬੇਸ਼ੱਕ ਹਰ ਕਿੰਨਰ ਗੱਲ ਕਰਨ ਲਈ ਤਿਆਰ ਹੋ ਜਾਂਦਾ ਸੀ ਪਰ ਜਦੋਂ ਗੱਲ ਭਾਸ਼ਾ ਤੇ ਆਉਂਦੀ ਕਿ ਤੁਹਾਡੀ ਕੋਈ ਵੱਖਰੀ ਬੋਲੀ ਵੀ ਹੈ ਤਾਂ ਇਹ ਜਵਾਬ ਵਿਚ ਕਹਿੰਦੇ ਹਨ ਕਿ ਹੋਰ ਕੁਝ ਮਰਜ਼ੀ ਪੁੱਛ ਲਵੋ । ਅਸੀਂ ਆਪਣੀ ਭਾਸ਼ਾ ਬਾਰੇ ਨਹੀਂ ਦੱਸ ਸਕਦੇ। ਬੋਲੀ ਸੰਬੰਧੀ ਜਾਣਕਾਰੀ ਦੇਣ ਲਈ ਕੋਈ ਵੀ ਕਿੰਨਰ ਤਿਆਰ ਨਹੀਂ ਹੁੰਦਾ ਸੀ।


| ਸ਼ਬਦ (ਫ਼ਾਰਸੀ ਚਾਂਡ ਬੋਲੀ) | ਅਨੁਵਾਦ (ਪੰਜਾਬੀ ਬੋਲੀ) |
|---|---|
| ਢਾਮਰੇ | ਭਾਂਡੇ |
| ਸਾਂਤਲੇ | ਕੱਪੜਿਆਂ |
| ਠੱਪਰ | ਪੈਸਿਆਂ |
| ਚੀਸਾ | ਜ਼ਿਆਦਾ ਖ਼ੁਸ਼ੀ |
| ਬੀਲਾ | ਜ਼ਿਆਦਾ ਦੁਖੀ |
| ਠੀਸਪਨ | ਸਤਿਕਾਰ |
| ਉਗਾਲ ਦਾਨ | ਸਿਗਰਟ ਬੀੜੀ ਪੀ ਕੇ ਸੁੱਟਣਾ |

| | |
|---|---|
| ਢਾਮਰੀ | ਕੜਛੀ |
| ਢਾਮਰਾ | ਚਮਚੇ |
| ਨਿਆਰੋ | ਮੁਟਿਆਰ |
| ਟੂਰਨਾ | ਗੱਭਰੂ |
| ਸੁੱਢੀ | ਬੁੱਢੀ |
| ਸੁੰਡਾ | ਬਜ਼ੁਰਗ |
| ਖਦ | ਬੁੱਢੇ |
| ਡੰਗੋਰ | ਪੂਰੀ ਪੁਲਿਸ ਟੀਮ |
| ਡੰਗੋਰੀਆਂ | ਇਕ ਪੁਲਿਸ ਮੈਨ |
| ਕਾਜ਼ੀ | ਜ਼ਿਮੀਂਦਾਰ |
| ਤਿਆਰੀ | ਕੁੜੀਆਂ |
| ਤਿਆਰ | ਮੁੰਡੇ |
| ਹਾਨੇ ਹੋ ਜਾਂ | ਚੁੱਪ ਹੋ ਜਾਂ |
| ਧਿਆਨਾ | ਜ਼ਿਮੀਂਦਾਰ |
| ਫੱਕੜ ਹੋ ਗਏ | ਝਗੜਾ ਕਰਨਾ |
| ਬਾਲੀਕੁਮ | ਸਵਾਗਤ ਲਈ |
| ਸਲਾਮ | ਇਕ ਦੂਜੇ ਨੂੰ ਬੁਲਾਉਣਾ |
| ਸੁਗਲੇ ਬਾਜ਼ੀ | ਆਪਸੀ ਮਜ਼ਾਕ ਕਰਨਾ |
| ਕਲਾਮ ਚੀਸੀ | ਰੁੱਸੇ ਨੂੰ ਮਨਾਉਣ ਲਈ |
| ਜਨਾਜ਼ਾ | ਅਰਥੀ |
| ਛਮਕਣਾ | ਨੱਚਣ ਜਾਣਾ |
| ਟੀਡਣਾ | ਵਾਲ ਕੱਟਣਾ |

| | |
|---|---|
| ਦੰਡ | ਸਜ਼ਾ |
| ਹੁੱਕਾ ਪਾਣੀ ਬੰਦ ਕਰਨਾ | ਸਮਾਜਿਕ ਬਾਈਕਾਟ |
| ਇਲਾਕਾ | ਇਲਾਕਾ |
| ਪੱਤੀ | ਹਿੱਸਾ |
| ਖੇਲਵਾ | ਸ਼ਰਾਬ ਪੀਤੀ ਹੋਣਾ |
| ਠੱਪਰ ਕਲਾਮ | ਪੈਸੇ ਮੰਗਣਾ |
| ਖਾਬੜੀ | ਚਾਲ ਚੱਲਣ ਠੀਕ ਨਾ ਹੋਣਾ |
| ਕਲਾਮ ਚੀਸੀ ਕਰੋ | ਗੱਲ ਸਪਸ਼ਟ ਕਰੋ |
| ਫੱਕੜ ਬਾਜ਼ੀ | ਝਗੜਾ ਕਰਨਾ |
| ਢਾਲਾ | ਰੁਪਏ |
| ਖਿਲ਼ਪਣਾ | ਹੱਸਣਾ |
| ਬੀਲਾ | ਚਲਾਕ |
| ਖੁਰ ਛਮਕਾਣੇ | ਨੱਚਣਾ |
| ਰੂਹਦਾਰੀ | ਖ਼ੁਸ਼ੀ ਦਾ ਸੰਦੇਸ਼ |
| ਹਾਨੋ ਕਲਾਮ | ਦੁੱਖ ਵਾਲੀ ਖ਼ਬਰ |
| ਟੂਲਨੀ | ਦੁਲਹਨ( ਸੋਹਣੀ) |
| ਖੇਲਵਾ ਤਾਲ | ਸ਼ਰਾਬ ਲਈ |
| ਪਵਕਾ /ਭਵਕਾ | ਮੇਕਅਪ ਕਰਨਾ |
| ਬੜਮੀ | ਸੋ ਦਾ ਨੋਟ (100) |
| ਪਾਨਕੀ | ਦਸ ਦਾ ਨੋਟ(10) |
| ਪੰਜ ਬੜਮੀ | ਪੰਜ ਸੋ ਦਾ ਨੋਟ(500) |
| ਕਾੜਕਾ | ਹਜ਼ਾਰ ਦਾ ਨੋਟ(1000) |

| | |
|---|---|
| ਖ਼ਜ਼ਾਨਾ | ਸਿੱਕੇ (ਕੋਈ ਵੀ ਸਿੱਕਾ ਹੋਵੇ ) |
| ਮੰਡਵਾ | ਮੌਤ ਸਮੇਂ ਭੋਗ ਲਈ |
| ਸ਼ਰੀਕ | ਸੌਂਕਣਾਂ |
| ਕਲਾਮ | ਬਾਤ-ਚੀਤ |
| ਕਲਾਮ ਸੱਜਲ | ਝਗੜਾ ਨਿਬੇੜਨਾ |
| ਚਟਾਈ | ਪੰਚਾਇਤ |

ਖੇਤਰੀ ਕਾਰਜ ਦੌਰਾਨ ਜੋ ਸ਼ਬਦ ਇਕੱਠੇ ਕੀਤੇ ਹਨ । ਉਪਰੋਕਤ ਵੇਰਵਾ ਖੇਤਰੀ ਕਾਰਜ ਦੌਰਾਨ ਮਿਲੀ ਸੂਚਨਾ ਅਨੁਸਾਰ ਹੈ । ਭਾਸ਼ਾ ਦੇ ਪੱਖ ਤੋਂ ਇਹ ਸਮਾਜ ਕੋਈ ਵੀ ਗੱਲਬਾਤ ਕਰਨ ਲਈ ਤਿਆਰ ਨਹੀਂ ਹੈ । ਇਸ ਸੰਬੰਧੀ ਬਹੁਤ ਥੋੜ੍ਹੀ ਗੱਲਬਾਤ ਕਰਦੇ ਹਨ । ਹਰ ਕਿੰਨਰ ਇਸ ਪੱਖ ਨੂੰ ਛੁਪਾਉਣ ਦਾ ਯਤਨ ਕਰਦਾ ਹੈ । ਖੇਤਰੀ ਕਾਰਜ ਦੌਰਾਨ ਵੀ ਇਹ ਗੱਲਬਾਤ ਸਾਹਮਣੇ ਆਈ ਕਿ ਕਿੰਨਰ ਸਮਾਜ ਦੇ ਲੋਕ ਕਹਿ ਦਿੰਦੇ ਸਨ ਕਿ ਸਾਡੀ ਕੋਡ ਭਾਸ਼ਾ ਹੁੰਦੀ ਹੈ ਪਰ ਅਸੀਂ ਇਸ ਸੰਬੰਧੀ ਕੁਝ ਵੀ ਨਹੀਂ ਦੱਸ ਸਕਦੇ । ਇਸ ਤੋਂ ਬਿਨਾਂ ਕੋਈ ਹੋਰ ਗੱਲ ਪੁੱਛ ਲਵੋ । ਬੜੀ ਮੁਸ਼ਕਿਲ ਨਾਲ ਹੀ ਉਪਰੋਕਤ ਸ਼ਬਦ ਇਕੱਠੇ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਖੇਤਰ ਕਾਰਜ ਦੌਰਾਨ ਵੀ ਕਿੰਨਰਾਂ ਨੇ ਆਪਣੀ ਗੁਪਤ ਭਾਸ਼ਾ ਨੂੰ ਸਵੀਕਾਰ ਕੀਤਾ ਹੈ, ਜਿਸ ਦਾ ਵੇਰਵਾ ਚਿੱਤਰ 2 ਵਿਚ ਵੀ ਦੇਖਿਆ ਜਾ ਸਕਦਾ ਹੈ । ਕਿੰਨਰ ਸਮਾਜ ਦੀ ਆਪਣੀ ਗੁਪਤ ਭਾਸ਼ਾ ਹੁੰਦੀ ਹੈ ਅਤੇ ਇਸ ਨੂੰ ਲਗਭਗ ਬਹੁਤੇ ਕਿੰਨਰਾਂ ਨੇ ਸਵੀਕਾਰ ਕੀਤਾ ਹੈ ।




## ਕਿੰਨਰ ਸਮਾਜ ਦੇ ਸਭਿਆਚਾਰ ਸੰਬੰਧੀ ਅੰਕੜੇ

## ਵਿਵਹਾਰਕ ਅਧਿਐਨ-

ਪੰਜਾਬੀ ਕਿੰਨਰ ਸਮਾਜ ਦਾ ਵਿਸ਼ਲੇਸ਼ਣ ਕਰਨ ਲਈ ਵੱਖ-ਵੱਖ ਨਾਵਲਕਾਰਾਂ ਅਤੇ ਕਹਾਣੀਕਾਰਾਂ ਨੇ ਵਿਭਿੰਨ ਪੱਖ ਪੇਸ਼ ਕੀਤੇ ਹਨ। ਇਸ ਸਮਾਜ ਨੂੰ ਸਮਝਣ ਦੇ ਲਈ ਇਨ੍ਹਾਂ ਪੱਖਾਂ ਤੇ ਵਿਚਾਰ-ਚਰਚਾ ਕਰਦੇ ਹੋਏ ਸਾਹਿਤਕ ਤੇ ਵਿਵਹਾਰਕ ਪੱਖਾਂ ਦਾ ਤੁਲਨਾਤਮਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਇਹ ਇਕ ਬੰਦ ਸਮਾਜ ਹੈ। ਸਭਿਅਕ ਸਮਾਜ ਨਾਲੋਂ ਟੁੱਟਿਆ ਹੋਇਆ ਹੈ। ਸਮਾਜ ਵਿਚ ਇਸ ਦਾ ਦਾਖਲ ਸਿਰਫ਼ ਖ਼ੁਸ਼ੀਆਂ ਦੇ ਮੌਕੇ ਨੱਚ-ਗਾ ਕੇ ਵਧਾਈ ਮੰਗਣ ਤੱਕ ਸੀਮਤ ਹੈ। ਇਸ ਸਮਾਜ ਦੇ ਆਪਣੇ ਰੀਤੀ-ਰਿਵਾਜ ਅਤੇ ਰਸਮਾਂ ਹਨ। ਗੁਰੂ-ਚੇਲੇ ਦੀ ਪਰੰਪਰਾ ਦਾ ਬਹੁਤ ਮਹੱਤਵ ਹੈ। ਇਸ ਦੇ ਅਧਾਰ ਤੇ ਹੀ ਰਿਸ਼ਤੇ ਨਾਤੇ ਬਣਦੇ ਹਨ। ਸਾਹਿਤ ਦੀ ਵਿਧਾ ਗਲਪ ਦੇ ਖੇਤਰ ਵਿਚ ਵੱਖ-ਵੱਖ ਨਾਵਲਕਾਰਾਂ ਅਤੇ ਕਹਾਣੀਕਾਰਾਂ ਨੇ ਇਸ ਸਮਾਜ ਦੇ ਸਮਾਜਿਕ ਸਭਿਆਚਾਰਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਪੱਖ ਆਪਣੀਆਂ ਰਚਨਾਵਾਂ ਵਿਚ ਪੇਸ਼

ਕੀਤੇ ਹਨ । ਇਹੀ ਪੱਖ ਵਿਵਹਾਰਕ ਜੀਵਨ ਦੇ ਪ੍ਰਸੰਗ ਵਿਚ ਵੀ ਜਾਣੇ ਗਏ । ਵਿਵਹਾਰਕ ਪੱਖ ਤੋਂ ਕੀ ਸਮਾਨਤਾਵਾਂ ਤੇ ਅਸਮਾਨਤਾਵਾਂ ਮਿਲਦੀਆਂ ਹਨ ।

ਸਾਹਿਤਕ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਕਿੰਨਰ ਸਮਾਜ ਵਿਚ ਮਰਨ ਉਪਰੰਤ ਰੋਣ ਨੂੰ ਚੰਗਾ ਨਹੀਂ ਮੰਨਿਆ ਜਾਂਦਾ ਹੈ। ਦਫ਼ਨਾਉਣ ਵੇਲੇ ਲਾਸ਼ ਨੂੰ ਘਸੀਟ ਕੇ ਲੈ ਜਾਂਦੇ ਹਨ । ਇਸ ਦਾ ਵਿਸ਼ਲੇਸ਼ਣ ਰਾਮ ਸਰੂਪ ਰਿਖੀ ਦੇ ਨਾਵਲ' ਮੈਂ ਸਿਖੰਡੀ ਨਹੀਂ' ਅਤੇ ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ?'ਵਿਚ ਮਿਲਦਾ ਹੈ। ਇਸ ਤੋਂ ਅੱਗੇ ਨਾਵਲਕਾਰ ਹਰਕੀਰਤ ਕੌਰ ਚਹਿਲ ਦੇ ਨਾਵਲ ਆਦਮ-ਗ੍ਰਹਿਣ ਦੇ ਨਾਵਲੀ ਬਿਰਤਾਂਤ ਤੋਂ ਪਤਾ ਲੱਗਦਾ ਹੈ ਕਿ ਇਹ ਬੜੇ ਸਤਿਕਾਰ ਨਾਲ ਲੈ ਕੇ ਜਾਂਦੇ ਹਨ। ਇਸ ਨਾਵਲ ਵਿਚ ਵੀ ਲੇਖਿਕਾਂ ਨੇ ਰਸਮਾਂ ਦਾ ਥੋੜ੍ਹਾ ਸੰਕੇਤ ਦਿੰਦੇ ਹੋਏ ਨਾਮ ਬਗੈਰਾ ਦੱਸਣ ਤੱਕ ਹੀ ਸੀਮਤ ਕੀਤਾ ਹੈ । ਜਿਸ ਤਰ੍ਹਾਂ ਇਸ ਨਾਵਲ ਵਿਚ ' ਘੜੇ ' ਦੀ ਰਸਮ ਦਾ ਜ਼ਿਕਰ ਮਿਲਦਾ ਹੈ। ਮ੍ਰਿਤਕ ਦੇ ਮਰ ਜਾਣ ਦੀ ਰਸਮ ਨੂੰ ਕਿੰਨਰ ਸਮਾਜ ਨਿਭਾਉਂਦਾ ਕਿਵੇਂ ਹੈ । ਇਸ ਦੀ ਕਿਤੇ ਵੀ ਕੋਈ ਚਰਚਾ ਨਹੀਂ ਹੈ। ਉਪਰੋਕਤ ਵਿਸ਼ਲੇਸ਼ਣ ਸਾਹਿਤਕ ਪੱਖ ਤੋਂ ਵੱਖ-ਵੱਖ ਗਲਪਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ । । ਸਹਿਤ ਦੇ ਵਿਚ ਸਾਹਿਤਕਾਰਾਂ ਨੇ ਸਿਰਫ਼ ਇਸ਼ਾਰੇ ਹੀ ਕੀਤੇ ਹਨ ਅਤੇ ਕਿਤੇ ਵੀ ਕੋਈ ਵਿਸ਼ਲੇਸ਼ਣ ਨਹੀਂ ਕੀਤਾ ਮਿਲਦਾ । ਬੇਸ਼ੱਕ ਇਹ ਧਾਰਨਾਵਾਂ ਹੋਰ ਖੋਜ ਪੜਤਾਲ ਦੀ ਮੰਗ ਕਰਦੀਆਂ ਹਨ, ਕਿਉਂਕਿ ਬਹੁਤੇ ਕਿੰਨਰ ਇਸ ਧਾਰਨਾ ਨੂੰ ਲੋਕਾਂ ਵੱਲੋਂ ਫੈਲਾਈ ਗਈ ਅਫ਼ਵਾਹ ਬਿਆਨ ਕਰਦੇ ਹਨ । ਡਾ. ਐਮ ਫ਼ਿਰੋਜ਼ ਅਹਿਮਦ ਅਤੇ ਡਾ. ਮੋ. ਸਮੀਮ ਵੱਲੋਂ ' ਸ਼ਬਦ' ਮੈਗਜ਼ੀਨ ਜੁਲਾਈ-ਸਤੰਬਰ, 2017 ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਮਨੀਸ਼ਾ ਮਹੰਤ ਨਾਲ ਕੀਤੀ ਗਈ ਮੁਲਾਕਾਤ ਵਿਚ ਉਨ੍ਹਾਂ ਦੁਆਰਾ ਪੁੱਛੇ ਗਏ ਇਸ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਹੈ:

ਨਹੀਂ, ਨਹੀਂ ਅਜਿਹਾ ਕੁਝ ਨਹੀਂ ਹੈ । ਇਹ ਧਾਰਨਾ ਆਮ ਲੋਕਾਂ ਵੱਲੋਂ ਬਣਾਈ ਹੋਈ ਹੈ । ਇਹ ਸਿਰਫ਼ ਅਫ਼ਵਾਹ ਮਾਤਰ ਹੈ। ਕਿਸੇ ਕਿੰਨਰ ਦੀ ਮੌਤ ਜਾਂ ਇੰਤਕਾਲ ਹੋਣ 'ਤੇ ਉਸ ਨੂੰ ਉਸਦੇ ਪਰਿਵਾਰ ਅਤੇ ਉਹਦੀ ਮੌਜੂਦਗੀ ਵਿਚ ਦਫ਼ਨਾਇਆ ਜਾਂਦਾ ਹੈ ਜਾਂ ਅੰਤਿਮ ਸਸਕਾਰ ਕੀਤਾ ਜਾਂਦਾ ਹੈ । ਕਿਸੇ ਕਿੰਨਰ ਦੀ

ਮੌਤ ਹੋਣ 'ਤੇ ਉਸਦੇ ਪਰਿਵਾਰ ਵਾਲੇ ਜਿਵੇਂ ਕਿ ਮਾਂ-ਬਾਪ, ਭੈਣ-ਭਰਾ ਸਭ ਨੂੰ ਬੁਲਾਇਆ ਜਾਂਦਾ ਹੈ , ਭਲਾ ਕੋਈ ਪਰਿਵਾਰ ਵਾਲਾ ਆਪਣੇ ਕਿਸੇ ਆਪਣੇ ਦੇ ਨਾਲ ਅਜਿਹਾ ਵਿਹਾਰ ਹੋਣ ਦੇਵੇਗਾ ।(44-45 )

ਅਸਲ ਵਿਚ ਕਿੰਨਰ ਸਮਾਜ ਦੇ ਬਾਰੇ ਖੋਜ ਕਾਰਜ ਘੱਟ ਹੋਣ ਕਾਰਨ ਇਸ ਤਰ੍ਹਾਂ ਦੀਆਂ ਧਾਰਨਾਵਾਂ ਸਮਾਜ ਵਿਚ ਬਣੀਆਂ ਹੋਈਆ ਹਨ । ਇਸ ਸੰਬੰਧੀ ਖੇਤਰੀ ਕਾਰਜ ਦੌਰਾਨ ਬਹੁਤ ਸਾਰੇ ਕਿੰਨਰਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ । ਉਨ੍ਹਾਂ ਵਿਚੋਂ ਕਿਸੇ ਵੀ ਕਿੰਨਰ ਨੇ ਅਜਿਹੀ ਗੱਲ ਨੂੰ ਸਵੀਕਾਰ ਨਹੀਂ ਕੀਤਾ । ਚਿੱਤਰ 6 ਵਿਚ ਵੀ ਇਸ ਦਾ ਸਪਸ਼ਟੀਕਰਨ ਦੇਖਿਆ ਜਾ ਸਕਦਾ ਹੈ । ਇਸ ਸੰਬੰਧੀ ਮੋਨਾ ਮਹੰਤ ਲੁਧਿਆਣਾ ਦੇ ਅਨੁਸਾਰ ਇਹ ਪੁਰਾਣੇ ਸਮੇਂ ਦੀ ਗੱਲ ਹੈ । ਇਨ੍ਹਾਂ ਗੱਲਾਂ ਨੂੰ ਸਦੀਆਂ ਬੀਤ ਚੁੱਕੀਆਂ ਹਨ । ਹੋ ਸਕਦਾ ਹੈ ਕਿ ਅੱਜ ਤੋਂ ਪਹਿਲਾਂ ਦੇ ਰੀਤੀ ਰਿਵਾਜ਼ਾਂ ਵਿਚ ਕੋਈ ਅਜਿਹੀ ਰਸਮ ਸ਼ਾਮਿਲ ਹੋਵੇ । ਅੱਜ ਦੇ ਸਮਾਜ ਵਿਚ ਹੁਣ ਅਜਿਹਾ ਕੁਝ ਵੀ ਨਹੀਂ ਦੇਖਿਆ ਸਗੋਂ ਪੂਰੇ ਮਾਣ ਸਨਮਾਨ ਦੇ ਨਾਲ ਉਸ ਦੇ ਧਰਮ ਅਨੁਸਾਰ ਹੀ ਸਸਕਾਰ ਕੀਤਾ ਜਾਂਦਾ ਹੈ । ਕਈ ਤਾਂ ਬੈਂਡ ਵਾਜੇ ਵੀ ਵਜਾਉਂਦੇ ਹਨ । ਇਹ ਛਿੱਤਰ ਮਾਰਨ ਵਾਲੀ ਗੱਲ ਸਮਾਜ ਨੇ ਐਵੇਂ ਹੀ ਫੈਲਾਈ ਹੋਈ ਹੈ । ਇਸ ਵਿਚ ਬਿਲਕੁਲ ਵੀ ਸਚਾਈ ਨਹੀਂ ਹੈ ।ਮੈਂ ਵੀ ਆਪਣੀ ਉਮਰ ਦੇ ਵਿਚ ਅਜਿਹਾ ਕੁਝ ਨਹੀਂ ਦੇਖਿਆਂ । ਜੇਕਰ ਸਾਡੇ ਸਮਾਜ ਵਿਚ ਅਜਿਹਾ ਕੁਝ ਹੁੰਦਾ ਤਾਂ ਅਸੀਂ ਵੀ ਤਾਂ ਕਿਤੇ ਦੇਖਦੇ ।

ਸੋ ਜਿਵੇਂ-ਜਿਵੇਂ ਕਿੰਨਰਾਂ ਦੇ ਨਾਲ ਸੰਬੰਧਿਤ ਸਾਹਿਤ ਲਿਖਿਆ ਜਾ ਰਿਹਾ ਹੈ । ਉਸੇ ਤਰ੍ਹਾਂ ਇਸ ਸਮਾਜ ਦੀਆਂ ਰਸਮਾਂ ਤੇ ਰਵਾਇਤਾਂ ਬਾਰੇ ਵੀ ਵਿਸ਼ਲੇਸ਼ਣ ਹੋ ਰਿਹਾ ਹੈ । ਖੇਤਰੀ ਕਾਰਜ ਦੌਰਾਨ ਵੀ ਇਹੀ ਤੱਥ ਨਿਕਲ ਕੇ ਬਾਹਰ ਆਏ ਕਿ ਹੁਣ ਅਜਿਹਾ ਕੁਝ ਨਹੀਂ ਕੀਤਾ ਜਾਂਦਾ । ਸੋ ਇਸ ਬੰਦ ਸਮਾਜ ਨੂੰ ਸਮਝਣ ਦੇ ਲਈ ਹਾਲੇ ਵੀ ਹੋਰ ਖੋਜ ਪੜਤਾਲ ਦੀ ਜ਼ਰੂਰਤ ਹੈ ਤਾਂ ਜੋ ਸਹੀ ਜਾਣਕਾਰੀ ਸਮਾਜ ਸਾਹਮਣੇ ਪੇਸ਼ ਕੀਤੀ ਜਾ ਸਕੇ । ਸੋ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਛਿੱਤਰ ਮਾਰਨ ਵਾਲੀ ਘਟਨਾ ਦਾ ਹਰ ਲੇਖਕ ਨੇ ਲਗਭਗ ਜ਼ਿਕਰ ਕੀਤਾ ਹੈ ਜੋ ਕਿ ਗ਼ਲਤ ਹੈ । ਇਹ ਸਾਰਾ ਕੁਝ ਪਹਿਲਾਂ ਹੁੰਦਾ ਸੀ । ਹੁਣ ਅਜਿਹਾ ਕੁਝ ਨਹੀਂ ਹੁੰਦਾ । ਸਗੋਂ ਬੜੇ ਅਦਬ ਦੇ ਨਾਲ ਇਹ ਲੈ ਕੇ ਜਾਂਦੇ ਹਨ । ਜ਼ਿਆਦਾਤਰ ਲਾਸ਼ ਨੂੰ ਦਫ਼ਨਾਉਂਦੇ ਹਨ । ਅਗਨੀ ਤਾਂ ਉਸ ਨੂੰ ਦਿੱਤੀ ਜਾਂਦੀ ਹੈ ਜਿਸ ਨੂੰ ਬਰਾਦਰੀ ਕਿੰਨਰ ਨਹੀਂ ਮੰਨਦੀ । ਸਵਾਲ ਇਹ ਹੈ ਕਿ ਲਾਸ਼ ਨੂੰ

ਦਫ਼ਨਾਉਂਦੇ ਕਿੱਥੇ ਹਨ। ਜਿਸ ਦਾ ਸਾਹਿਤ ਦੇ ਵਿਚ ਕੋਈ ਸੰਕੇਤ ਨਹੀਂ ਮਿਲਦਾ। ਖੇਤਰੀ ਕਾਰਜ ਦੌਰਾਨ ਕਈਆਂ ਨੇ ਕਿਹਾ ਕਿ ਅਸੀਂ ਡੇਰੇ ਦੇ ਅੰਦਰ ਹੀ ਦਫ਼ਨਾਉਂਦੇ ਹਾਂ ਅਤੇ ਕਈਆਂ ਨੇ ਨਕਾਰਿਆਂ ਵੀ ਇਸ ਗੱਲ ਨੂੰ। ਅਸਲ ਵਿਚ ਖੇਤਰੀ ਕਾਰਜ ਦੌਰਾਨ ਦੇਖਿਆ ਕਿ ਹਰ ਡੇਰੇ ਦੀ ਥਾਂ ਬਹੁਤ ਹੀ ਸੀਮਤ ਸੀ। ਇਸ ਲਈ ਜਿਹੜੇ ਬਜ਼ੁਰਗ ਕਿੰਨਰ ਹੁੰਦੇ ਹਨ, ਉਨ੍ਹਾਂ ਨੂੰ ਡੇਰਿਆਂ ਦੇ ਅੰਦਰ ਦਫ਼ਨਾਇਆ ਜਾਂਦਾ ਸੀ। ਇਹ ਇਸ ਲਈ ਕੀਤਾ ਜਾਂਦਾ ਸੀ ਕਿ ਬਾਅਦ ਵਿਚ ਉਸ ਦੇ ਨਾਮ ਦਾ ਚਿਰਾਗ਼ ਵੀ ਲਾਇਆ ਜਾਂਦਾ ਸੀ। ਖੇਤਰੀ ਕਾਰਜ ਦੌਰਾਨ ਮਾਨਸਾ ਦੇ ਡੇਰੇ ਵਿਚ ਡੇਰੇ ਦੇ ਅੰਦਰ ਹੀ ਦਫ਼ਨਾਇਆ ਗਿਆ ਸੀ। ਆਪ ਉਸ ਮਹੰਤ ਨੇ ਦੱਸਿਆ ਕਿ ਇਹ ਮੇਰਾ ਗੁਰੂ ਸੀ। ਇਸ ਦੀ ਇੱਛਾ ਸੀ ਕਿ ਮੈਂ ਇਸ ਨੂੰ ਡੇਰੇ ਦੇ ਅੰਦਰ ਹੀ ਦਫ਼ਨ ਕਰਾਂ। ਹੁਣ ਇਨ੍ਹਾਂ ਦੇ ਨਾਮ ਦਾ ਹਰ ਰੋਜ਼ ਚਿਰਾਗ਼ ਲਗਾਇਆ ਜਾਂਦਾ ਹੈ। ਬਾਕੀ ਕਿੰਨਰਾਂ ਨੂੰ ਕਬਰਸਤਾਨ ਵਿਚ ਦਫ਼ਨਾਇਆ ਜਾਂਦਾ ਹੈ। ਪਹਿਲਾ ਸਮਾਜ ਦੇ ਵਿਚ ਖੁੱਲ੍ਹੀਆਂ ਥਾਵਾਂ ਬਹੁਤ ਪਈਆਂ ਹੁੰਦੀਆ ਸਨ। ਕਿਸੇ ਖ਼ਾਲੀ ਥਾਂ ਤੇ ਵੀ ਪਿੰਡ ਤੋਂ ਬਾਹਰ ਸੁੰਨੀ ਜਿਹੀ ਜਗਾ ਦੇਖ ਟੋਆ ਪੁੱਟ ਕੇ ਦਫ਼ਨਾ ਦਿੰਦੇ ਸਨ। ਮਰਨ ਸਮੇਂ ਦੀਆਂ ਰਸਮਾਂ ਤੋਂ ਇਲਾਵਾ ਡੇਰੇ ਵਿਚ ਦਾਖਲ ਹੋਣ ਸਮੇਂ ਵੀ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿਵੇਂ-

**ਨਾਈ ਧੋਈਂ ਦੀ ਰਸਮ-**

ਜਦੋਂ ਨਵੇਂ ਕਿੰਨਰ ਨੂੰ ਡੇਰੇ ਵਿਚ ਚੇਲਾ ਬਣਾਇਆ ਜਾਂਦਾ ਹੈ ਤਾਂ ਸਭ ਤੋਂ ਪਹਿਲਾ ਗੁਰੂ ਦੀ ਹਾਜ਼ਰੀ ਵਿਚ ਉਸ ਦੀ ਨਾਈ ਧੋਈਂ ਕੀਤੀ ਜਾਂਦੀ ਹੈ।

**ਚੇਲਾ ਕਰਨ ਦੀ ਰਸਮ (ਦੁਲਹਨ ਦੀ ਤਰ੍ਹਾਂ ਸਜਾਉਣਾ)-**

ਨਵੇਂ ਕਿੰਨਰ ਨੂੰ ਜਦੋਂ ਡੇਰੇ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾ ਉਸ ਨੂੰ ਦੁਲਹਨ ਦੀ ਤਰ੍ਹਾਂ ਸਜਾਇਆ ਜਾਂਦਾ ਹੈ। ਚੇਲੇ ਦੀ ਉਮਰ ਭਾਵੇਂ ਕਿੰਨੀ ਵੀ ਹੋਵੇ। ਇਸ ਸਮੇਂ ਉਮਰ ਦਾ ਤਕਾਜ਼ਾ ਨਹੀਂ ਰੱਖਿਆ ਜਾਂਦਾ। ਚੌਂਕੀ ਤੇ ਬਿਠਾ ਕੇ ਸਜਾਉਂਦੇ ਹਨ। ਸੰਬੰਧਿਤ ਡੇਰਿਆਂ ਦੇ ਮਹੰਤਾਂ ਨੂੰ ਇਸ ਰਸਮ ਵਿਚ ਸ਼ਾਮਲ ਹੋਣ ਲਈ ਸੱਦਾ-ਪੱਤਰ ਭੇਜਿਆ ਜਾਂਦਾ ਹੈ। ਦੂਰ ਨੇੜੇ ਦੇ ਜਿੰਨੇ ਵੀ ਕਿੰਨਰਾਂ ਨੂੰ


ਸੱਦਿਆ ਜਾ ਸਕਦਾ ਹੈ। ਇਹ ਸੱਦਾ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਅਸੀਂ ਵਿਆਹ ਸਮੇਂ ਰਿਸ਼ਤੇਦਾਰਾਂ ਨੂੰ ਵਿਆਹ ਦਾ ਕਾਰਡ ਭੇਜਦੇ ਹਾਂ।

**ਗੋਦ ਭਰਾਈ ਦੀ ਰਸਮ-**

ਗੋਦ ਭਰਾਈ ਦੀ ਰਸਮ ਵਿਚ ਸਭ ਤੋਂ ਪਹਿਲਾ ਗੁਰੂ ਵੱਲੋਂ ਸ਼ਗਨ ਦਿੱਤਾ। ਇਸ ਸ਼ਗਨ ਵਿਚ ਪੈਸੇ, ਸੂਟ ਬਗੈਰਾ ਅਤੇ ਮੇਕਅਪ ਦਾ ਸਾਮਾਨ ਵੀ ਦਿੱਤਾ ਜਾਂਦਾ ਹੈ। ਇਸ ਦੇ ਨਾਲ ਬਹੁਚਰਾ ਮਾਤਾ ਦੀ ਤਸਵੀਰ ਵੀ ਹੁੰਦੀ ਹੈ। ਮਾਤਾ ਦੇ ਨਾਂ ਦੀ ਬਿੰਦੀ ਤੇ ਚੂੜਾ ਵੀ ਪਾਇਆ ਜਾਂਦਾ ਹੈ।

**ਚੁੰਨੀ ਦੇਣ ਦੀ ਰਸਮ-**

ਜਿਹੜੇ ਵੀ ਗੁਰੂ ਦਾ ਚੇਲਾ ਬਣਦਾ ਹੈ ਤਾਂ ਸੰਬੰਧਿਤ ਗੁਰੂ ਉਸ ਚੇਲੇ ਤੇ ਚੁੰਨੀ ਪਾਉਣ ਦੀ ਰਸਮ ਅਦਾ ਕਰਦਾ ਹੈ। ਲਾਲ ਰੰਗ ਦੀ ਚੁੰਨੀ ਪਾ ਕੇ ਸ਼ਗਨ ਮਨਾਇਆ ਜਾਂਦਾ ਹੈ। ਇਸ ਖ਼ੁਸ਼ੀ ਵਿਚ ਸਾਰੇ ਕਿੰਨਰ ਤਾੜੀ ਮਾਰਦੇ ਹਨ। ਖ਼ੁਸ਼ੀ ਦੇ ਨਾਲ ਮੁਬਾਰਕ ਹੋ, ਮੁਬਾਰਕ ਹੋ ਕਹਿੰਦੇ ਹਨ ਅਤੇ ਆਪਸ ਵਿਚ ਗਲੇ ਮਿਲਦੇ ਹਨ। ਅੱਜ ਤੋਂ ਇਹ ਚੇਲਾ ਹੈ ਤੇ ਤੁਸੀਂ ਇਸ ਦੇ ਗੁਰੂ ਹੋ।



## ਗੁਰੂ ਵੱਲੋਂ ਚੁੰਨੀ ਦੇਣਾ

**ਨਾਮ ਦੀ ਤਬਦੀਲੀ ਕਰਨ ਦੀ ਰਸਮ-** ਜਦੋਂ ਵੀ ਚੇਲਾ ਕੀਤਾ ਜਾਂਦਾ ਹੈ ਤਾਂ ਗੁਰੂ ਚੇਲੇ ਦਾ ਪਹਿਲਾ ਵਾਲਾ ਨਾਮ ਤਬਦੀਲ ਕਰ ਦਿੰਦਾ ਹੈ। ਨਾਮ ਦੀ ਤਬਦੀਲੀ ਇਸ ਲਈ ਕੀਤੀ ਜਾਂਦੀ ਹੈ ਕਿਉਂਕਿ ਡੇਰੇ ਵਿਚ ਆਉਣ ਤੇ ਉਸ ਦੀ ਨਵੀਂ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ ਅਤੇ ਪਿਛਲੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ ਰਹਿੰਦਾ।

**ਰੀਤ ਦੀ ਰਸਮ** – ਇਸ ਰਸਮ ਵਿਚ ਨਵੇਂ ਬਣੇ ਚੇਲੇ ਤੋਂ ਸ਼ਗਨ ਵਾਰ ਕੇ ਦੂਸਰੀ ਬਰਾਦਰੀ ਦੇ ਕਿੰਨਰਾਂ ਨੂੰ ਦਿੱਤਾ ਜਾਂਦਾ ਹੈ। ਦੂਸਰੇ ਕਿੰਨਰਾਂ ਨੂੰ ਇਹ ਸ਼ਗਨ ਵਾਰ ਕੇ ਇਸ ਲਈ ਦਿੱਤਾ ਜਾਂਦਾ ਹੈ ਤਾਂ ਜੋ ਕੋਈ

ਗੁਰੂ ਜਾਂ ਚੇਲਾ ਮੁੱਕਰ ਨਾ ਜਾਵੇ । ਇਹ ਇਕ ਰੂਪ ਵਿਚ ਗਵਾਹੀ ਹੁੰਦੀ ਹੈ ।



## ਰੀਤ ਦਾ ਸ਼ਗਨ

ਕਿੰਨਰਾਂ ਦੇ ਵਿਚ ਇਹ ਪ੍ਰਥਾ ਪ੍ਰਚਲਿਤ ਹੈ ਕਿ ਕੱਲ੍ਹ ਨੂੰ ਜੇਕਰ ਕੋਈ ਮੁੱਕਰਦਾ ਹੈ ਤਾਂ ਕਿਹਾ ਜਾ ਸਕਦਾ ਹੈ ਕਿ ਕਿਸ ਨੇ ਇਸ ਦੀ ਰੀਤ ਖਾਂਦੀ ਹੈ। ਉਸ ਨੂੰ ਪੇਸ਼ ਕਰੋ।

**ਸ਼ਗਨ-** ਨਵੇਂ ਬਣੇ ਹੋਏ ਚੇਲੇ ਦੀ ਝੋਲੀ ਵਿਚ ਸਾਰੇ ਕਿੰਨਰ ਆਪਣੀ-ਆਪਣੀ ਸਮਰੱਥਾ ਅਨੁਸਾਰ ਸ਼ਗਨ ਪਾਉਂਦੇ ਹਨ।



## ਨਵੇਂ ਬਣੇ ਚੇਲੇ ਨੂੰ ਸ਼ਗਨ ਦਿੰਦੇ ਹੋਏ

**ਸਜ਼ਾ, ਦੰਡ ਵਿਧਾਨ ਦੇ ਨਿਯਮ-**

**ਟਕਾ ਭਰਨਾ-** ਡੇਰੇ ਵਿਚਲੇ ਕਿੰਨਰਾਂ ਨੂੰ ਲਾਲਚ ਦੀ ਖ਼ਾਤਰ ਇਕ ਤੋਂ ਦੂਜੇ ਡੇਰੇ ਵਿਚ ਵੇਚ ਦਿੱਤਾ ਜਾਂਦਾ ਹੈ, ਜਿਸ ਨੂੰ ਕਿੰਨਰਾਂ ਦੀ ਭਾਸ਼ਾ ਵਿਚ 'ਟਕਾ ਭਰਨਾ' ਕਿਹਾ ਜਾਂਦਾ ਹੈ।

**ਦੰਡ ਦੇਣਾ-** ਡੇਰੇ ਵਿਚ ਜੇਕਰ ਕੋਈ ਕਿੰਨਰ ਡੇਰੇ ਦੇ ਨਿਯਮ ਅਨੁਸਾਰ ਨਹੀਂ ਚੱਲਦਾ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਇਹ ਸਜ਼ਾ ਸਰੀਰਕ ਰੂਪ ਤੋਂ ਇਲਾਵਾ ਪੈਸਿਆਂ ਦੇ ਵਿਚ ਜੁਰਮਾਨਾ ਭਰਨ ਦੀ ਵੀ ਹੋ ਸਕਦੀ ਹੈ। ਜੇਕਰ ਕਿਸੇ ਦਾ ਕੋਈ ਝਗੜਾ ਹੋ ਜਾਂਦਾ ਹੈ ਤਾਂ ਚਟਾਈ ਵਿਚ ਇਸ ਦਾ ਫ਼ੈਸਲਾ ਕੀਤਾ ਹੈ ਅਤੇ ਬਕਾਇਦਾ ਉਸ ਨੂੰ ਦੰਡ ਭਰਨਾ ਪੈਂਦਾ ਹੈ।

**ਚਟਾਈ ਬੈਠਣਾ-** ਇਹ ਕਿੰਨਰਾਂ ਦੀ ਪੰਚਾਇਤ ਹੁੰਦੀ ਹੈ। ਜਿਸ ਵਿਚ ਸਾਰੇ ਘਰਾਣਿਆਂ ਦੇ ਵੱਡੇ ਕਿੰਨਰ ਸ਼ਾਮਲ ਹੋ ਕੇ ਝਗੜੇ ਦਾ ਨਿਪਟਾਰਾ ਕਰਦੇ ਹਨ। ਕਿਸੇ ਦਾ ਕੋਈ ਵੀ ਝਗੜਾ ਹੈ, ਉਸ ਦਾ ਨਿਪਟਾਰਾ ਚਟਾਈ ਰਾਹੀਂ ਹੀ ਕੀਤਾ ਜਾਂਦਾ ਹੈ।

**ਗੁਰੂ ਪੂਰਨਿਮਾ ਦਾ ਤਿਉਹਾਰ-** ਕਿੰਨਰ ਸਮਾਜ ਵਿਚ ਗੁਰੂ ਪੂਰਨਿਮਾ ਦੇ ਤਿਉਹਾਰ ਦਾ ਖ਼ਾਸ ਮਹੱਤਵ ਹੈ। ਇਹ ਤਿਉਹਾਰ ਗੁਰੂ ਤੇ ਚੇਲੇ ਦੇ ਰਿਸ਼ਤੇ ਨੂੰ ਮੁੱਖ ਰੱਖ ਕੇ ਮਨਾਇਆ ਜਾਂਦਾ ਹੈ। ਕਿੰਨਰ ਡੇਰਿਆਂ ਵਿਚ ਗੁਰੂ ਤੇ ਚੇਲੇ ਦੇ ਰਿਸ਼ਤੇ ਨੂੰ ਅਹਿਮ ਮੰਨਿਆ ਜਾਂਦਾ ਹੈ। ਇਸ ਤਿਉਹਾਰ ਨੂੰ ਚੜ੍ਹਦੇ ਸਾਵਣ ਦੇ ਮਹੀਨੇ ਮਨਾਇਆ ਜਾਂਦਾ ਹੈ। ਗੁਰੂ ਆਪਣੇ ਚੇਲੇ ਨੂੰ ਚੂੜੀਆਂ ਪਹਿਨਾਉਂਦਾ ਹੈ। ਚੂੜੀਆਂ ਲਾਲ ਜਾਂ ਹਰੇ ਰੰਗ ਦੀਆਂ ਚੜਾਈਆ ਜਾਂਦੀਆਂ ਹਨ। ਪੰਜਾਬ ਵਿਚ ਇਸ ਤਿਉਹਾਰ ਦੀ ਐਨੀ ਮਾਨਤਾ ਨਹੀਂ ਹੈ। ਭਾਰਤ ਦੇ ਦੂਜੇ ਰਾਜਾਂ ਵਿਚ ਇਸ ਤਿਉਹਾਰ ਨੂੰ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

**ਕਰਵਾ ਚੌਥ ਦਾ ਵਰਤ -** ਵਿਆਹੀਆਂ ਔਰਤਾਂ ਦੀ ਤਰ੍ਹਾਂ ਕਿੰਨਰ ਵੀ ਆਪਣੇ ਗੁਰੂ ਦਾ ਕਰਵਾ ਚੌਥ ਰੱਖਦੇ ਹਨ। ਗੁਰੂ ਆਪਣੇ ਚੇਲੇ ਨੂੰ ਸਰਘੀ ਦਿੰਦਾ ਹੈ। ਜਿਸ ਤਰ੍ਹਾਂ ਸਭਿਅਕ ਸਮਾਜ ਵਿਚ ਵਿਆਹੀਆਂ ਔਰਤਾਂ ਆਪਣੇ ਪਤੀ ਨੂੰ ਸਮਰਪਿਤ ਵਰਤ ਰੱਖਦੀਆਂ ਹਨ, ਉਸੇ ਤਰ੍ਹਾਂ ਕਿੰਨਰ ਵਰਗ ਵੀ ਆਪਣੇ ਗੁਰੂ ਨੂੰ ਸਮਰਪਿਤ ਇਹ ਸਾਰਾ ਕੁਝ ਕਰਦਾ ਹੈ। ਚੇਲਾ ਵੀ ਆਪਣੇ ਗੁਰੂ ਨੂੰ ਇਸ ਬਦਲੇ ਦਕਸ਼ਣਾ ਦਿੰਦਾ ਹੈ।

ਉਪਰੋਕਤ ਰਸਮਾਂ ਵਿਚੋਂ ਬਹੁਤ ਸਾਰੀਆਂ ਰਸਮਾਂ ਦਾ ਜ਼ਿਕਰ ਸਾਹਿਤਕਾਰ ਕਰਦੇ ਹਨ। ਡੇਰੇ ਵਿਚ ਦਾਖਲ ਹੋਣ ਸਮੇਂ ਚੇਲਾ ਬਣਾਉਣ ਦੀ ਰਸਮ, ਟਕਾ ਭਰਨਾ,ਚਟਾਈ ਦਾ ਬੈਠਣਾ, ਦੰਡ ਦੇਣ ਦੇ ਨਿਯਮ ਆਦਿ। ਇਨ੍ਹਾਂ ਦਾ ਵਿਸ਼ਲੇਸ਼ਣ ਹਰ ਸਾਹਿਤਕਾਰ ਕਰਦਾ ਹੈ ਪਰ ਅੱਗੋਂ ਇਹ ਨਿਭਾਈਆ ਕਿਵੇਂ ਜਾਂਦੀਆਂ ਹਨ, ਉਸ ਦਾ ਕੋਈ ਬਹੁਤਾ ਵਰਣਨ ਨਹੀਂ ਹੈ। ਵੱਖ-ਵੱਖ ਗਲਪਕਾਰਾਂ ਨੇ ਕਿੰਨਰ ਸਮਾਜ ਦੇ ਰਿਸ਼ਤਿਆਂ ਵਿਚਲੀ ਤੜਫ਼ ਨੂੰ ਬਿਆਨ ਕੀਤਾ ਹੈ। ਵਿਵਹਾਰਕ ਪੱਧਰ ਤੇ ਦੇਖਦੇ ਹਾਂ ਕਿ ਕਿੰਨਰ ਸਮਾਜ ਰਿਸ਼ਤਿਆਂ ਲਈ ਬਹੁਤ ਤੜਫ਼ਦਾ ਹੈ। ਕਿੰਨਰ ਵਰਗ ਦੇ ਲੋਕਾਂ ਦਾ ਬਚਪਨ ਤੇ ਜ਼ਬਾਨੀ ਤਾਂ ਗੁਜ਼ਰ ਜਾਂਦੀ ਹੈ। ਅੰਤ ਸਮੇਂ ਬੁਢਾਪਾ ਬਹੁਤ ਮਾੜਾ ਹੁੰਦਾ ਹੈ। ਜਬਾਨ ਉਮਰ ਵਿਚ ਤਾਂ ਵਿਅਕਤੀ ਆਪਣੇ ਸਰੀਰਕ ਬਲ ਦੇ ਸਹਾਰੇ ਆਪਣੇ ਸਾਰੇ

ਕਾਰਜ ਕਰਦਾ ਹੈ ਪਰ ਬੁਢਾਪੇ ਵਿਚ ਬਹੁਤ ਤਰਸਯੋਗ ਹਾਲਤ ਹੋ ਜਾਂਦੀ ਹੈ। ਇਸ ਦਾ ਸਪੱਸ਼ਟੀਕਰਨ ਖੇਤਰੀ ਕਾਰਜ ਦੇ ਸਰਵੇਖਣ ਸਮੇਂ ਪੁੱਛੇ ਗਏ ਜਵਾਬ ਦੇ ਸੰਬੰਧ ਵਿਚ ਲਗਾਇਆ ਜਾ ਸਕਦਾ ਕਿ ਕਿੰਨਰ ਸਮਾਜ ਆਪਣੇ ਬੁਢਾਪੇ ਲਈ ਧਨ ਜੋੜਦਾ ਹੈ ਜਾਂ ਨਹੀਂ।ਇਸ ਲਈ ਚਿੱਤਰ 1 ਵਿਚ ਦੇਖਿਆ ਜਾ ਸਕਦਾ ਹੈ।

ਸਾਹਿਤਕ ਪੱਖ ਤੋਂ ਹਰਪਿੰਦਰ ਰਾਣਾ ਦੇ ਨਾਵਲ ਦੇ ਪਾਤਰ ਕਿੰਦਰੀ ਮਹੰਤ ਰਾਹੀਂ ਇਹ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ । ਅੰਤ ਸਮੇਂ ਕਿਸ ਤਰ੍ਹਾਂ ਇਨ੍ਹਾਂ ਦੀ ਸੰਭਾਲ ਕਰਨ ਵਾਲਾ ਨਹੀਂ ਹੁੰਦਾ । ਉਸ ਦੀ ਇਕ ਲੱਤ ਖ਼ਰਾਬ ਹੈ । ਉਹ ਘਰ ਦੇ ਘਰੇਲੂ ਕੰਮ ਆਪ ਹੀ ਕਰਦਾ ਹੈ । ਜੇਕਰ ਕੋਈ ਚੇਲਾ ਚੰਗਾ ਮਿਲ ਜਾਵੇ ਤਾਂ ਠੀਕ ਹੈ ਨਹੀਂ ਤਾਂ ਅੰਤਲਾ ਸਮਾਂ ਬਹੁਤ ਮਾੜਾ ਹੁੰਦਾ ਹੈ । ਇਕ ਹੋਰ ਪਾਤਰ ਭੋਲਾ ਬਾਦਸ਼ਾਹ ਉਹਦੀ ਦੀ ਵੀ ਸਿਹਤ ਠੀਕ ਨਹੀਂ ਹੈ ਪਰ ਉਸ ਦੇ ਡੇਰੇ ਵਿਚ ਚੇਲੇ ਚੰਗੇ ਹੋਣ ਕਾਰਨ ਉਸ ਦੀ ਸੰਭਾਲ ਵਧੀਆ ਹੋ ਜਾਂਦੀ ਹੈ । ਨਾਵਲ ਆਦਮ-ਗ੍ਰਹਿਣ ਵਿਚ ਵੀ ਮੀਰਾਂ ਆਪਣੀ ਗੁਰੂ ਦੀ ਸੰਭਾਲ ਚੰਗੀ ਤਰ੍ਹਾਂ ਕਰਦੀ ਹੈ । ਖੇਤਰੀ ਕਾਰਜ ਦੌਰਾਨ ਵੀ ਇਹੀ ਵੇਰਵੇ ਸਾਹਮਣੇ ਆਉਂਦੇ ਹਨ । ਸੋ ਇਸ ਪੱਖ ਤੋਂ ਸਾਹਿਤਕ ਤੇ ਵਿਵਹਾਰਕ ਪੱਖ ਵਿਚ ਸਮਾਨਤਾ ਮਿਲਦੀ ਹੈ । ਆਪਣੇ ਖੇਤਰੀ ਕਾਰਜ ਦੌਰਾਨ ਬੁਢਾਪੇ ਪ੍ਰਤੀ ਮਹੰਤ ਨੀਲਮ ਮਨੀਮਾਜਰਾ ਦੇ ਅਨੁਸਾਰ ਇਕ ਕਿੰਨਰ ਉਮਰ ਭਰ ਮਾਂ-ਬਾਪ ਦੀ ਸੇਵਾ ਕਰ ਸਕਦਾ ਹੈ । ਉਹ ਆਪਣੇ ਮਾਂ-ਬਾਪ ਦੇ ਬੁਢਾਪੇ ਦੀ ਲਾਠੀ ਬਣ ਸਕਦਾ ਹੈ । ਕੁੜੀ ਤਾਂ ਵਿਆਹ ਕਰ ਕੇ ਆਪਣੇ ਸਹੁਰੇ ਘਰ ਚਲੀ ਜਾਂਦੀ ਤੇ ਮੁੰਡਾ ਵਿਆਹ ਕਰਵਾ ਕੇ ਆਪਣੇ ਪਰਿਵਾਰ ਵਿਚ ਮਗਨ ਹੋ ਜਾਂਦਾ ਹੈ । ਇਕ ਕਿੰਨਰ ਬੱਚੇ ਦਾ ਤਾਂ ਇਹ ਸਭ ਕੁਝ ਨਹੀਂ ਹੋ ਸਕਦਾ । ਇਸ ਲਈ ਉਹ ਆਪਣੇ ਮਾਂ-ਬਾਪ ਨੂੰ ਬੁਢਾਪੇ ਵਿਚ ਵਧੀਆ ਤਰੀਕੇ ਨਾਲ ਸੰਭਾਲ ਸਕਦਾ । ਕਿੰਨਰ ਦਾ ਬੁਢਾਪਾ ਵੀ ਬਹੁਤ ਬੁਰਾ ਹੁੰਦਾ ਹੈ । ਬੁਢਾਪੇ ਵਿਚ ਉਸ ਦਾ ਕੋਈ ਸਹਾਰਾ ਨਹੀਂ ਹੁੰਦਾ । ਸਰਕਾਰਾਂ ਵੀ ਇਸ ਪ੍ਰਤੀ ਕੁਝ ਨਹੀਂ ਸੋਚਦੀਆਂ । ਜਵਾਨੀ ਵਿਚ ਤਾਂ ਉਹ ਨੱਚ-ਗਾ ਕੇ ਵਧਾਈਆਂ ਲੈ ਲੈਂਦੇ ਹਨ । ਉਮਰ ਢਲਨ ਦੇ ਕਾਰਨ ਇਹ ਕਾਰਜ ਸਾਰੀ ਉਮਰ ਤਾਂ ਅਸੀਂ ਨਹੀਂ ਕਰ ਸਕਦੇ ਤਾਂ ਬੁਢਾਪੇ ਵਿਚ ਸਾਡਾ ਸਹਾਰਾ ਕੌਣ ਬਣੇਗਾ ? ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਬੁਢਾਪੇ ਵਿਚ ਆਮ ਨਾਗਰਿਕਾਂ ਨੂੰ ਬੁਢਾਪਾ ਪੈਨਸ਼ਨ ਮਿਲਦੀ ਹੈ, ਉਸੇ ਤਰ੍ਹਾਂ ਸਾਡੇ ਲਈ ਵੀ ਬੁਢਾਪਾ ਪੈਨਸ਼ਨ ਦਾ

ਪ੍ਰਬੰਧ ਹੋਣਾ ਚਾਹੀਦਾ ਹੈ । ਸਾਡੇ ਲੋਕਾਂ ਦੀ ਵੀ ਵੋਟ ਬਣੀ ਹੁੰਦੀ ਹੈ । ਅਸੀਂ ਲੋਕ ਵੀ ਸਰਕਾਰ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦੇ ਹਾਂ। ਇਸ ਲਈ ਸਰਕਾਰਾਂ ਨੂੰ ਇਸ ਪ੍ਰਤੀ ਸੋਚਣਾ ਚਾਹੀਦਾ ਹੈ । ਪਰਿਵਾਰਕ ਰਿਸ਼ਤਿਆਂ ਵਿਚੋਂ ਬੱਚੇ ਅਤੇ ਮਾਂ ਦਾ ਰਿਸ਼ਤਾ ਬੜਾ ਅਹਿਮ ਮੰਨਿਆ ਜਾਂਦਾ ਹੈ । ਪਰਿਵਾਰ ਛੱਡਣ ਤੋਂ ਬਾਅਦ ਜੇਕਰ ਪਰਿਵਾਰ ਨਾਲ ਰਿਸ਼ਤਾ ਜੁੜਦਾ ਹੈ ਤਾਂ ਸਿਰਫ਼ ਮਾਂ ਕਰਕੇ ਹੀ ਹੈ । ਮਾਂ ਲਈ ਆਪਣੇ ਬੱਚੇ ਸਮਾਨ ਹੁੰਦੇ ਹਨ ਚਾਹੇ ਉਹ ਆਮ ਬੱਚਾ ਹੈ ਜਾਂ ਕਿੰਨਰ । ਮਾਂ ਦੀ ਤੜਫ਼ ਹਮੇਸ਼ਾ ਬੱਚਿਆ ਲਈ ਹੁੰਦੀ ਹੈ । ਹਰ ਸਾਹਿਤਕਾਰ ਨੇ ਮਾਂ ਦੇ ਰਿਸ਼ਤੇ ਨੂੰ ਪੇਸ਼ ਕੀਤਾ ਹੈ । ਹਰਕੀਰਤ ਕੌਰ ਚਹਿਲ ਦੇ ਨਾਵਲ ਵਿਚ ਅਮੀਰਾਂ ਆਪਣੀ ਮਾਂ ਲਈ ਤੜਫ਼ਦੀ ਹੈ । ਹਰਪਿੰਦਰ ਰਾਣਾ ਦੇ ਨਾਵਲ ਵਿਚ ਜੁਗਨੂੰ ਮਹੰਤ ਤੇ ਬੋਵੀ ਵੀ ਮਾਂ ਦੇ ਰਿਸ਼ਤੇ ਵਿਚਲੀ ਤੜਫ਼ ਨੂੰ ਹੰਢਾਉਂਦੇ ਹਨ ।  ਕਿੰਨਰ ਸਮਾਜ ਬਾਰੇ ਖੇਤਰੀ ਕਾਰਜ ਦੌਰਾਨ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬੱਚੇ ਲਈ ਮਾਂ ਹਮੇਸ਼ਾ ਤੜਫ਼ਦੀ ਹੈ । ਇਸ ਸੰਬੰਧੀ ਮਹੰਤ ਮੋਨਾ ਲੁਧਿਆਣਾ ਦੇ ਅਨੁਸਾਰ ਜਦੋਂ ਇਕ ਬੱਚੇ ਨੂੰ ਮਾਂ ਤੋਂ ਵੱਖ ਕੀਤਾ ਜਾਂਦਾ ਹੈ ਤਾਂ ਮਾਂ ਦਾ ਕਲੇਜਾ ਤਾਂ ਪਾੜਦਾ ਹੀ ਹੈ । ਮਾਂ ਤਾਂ ਜਾਨਵਰ ਦੀ ਵੀ ਤੜਫ਼ਦੀ ਹੈ । ਮਾਂ ਸਮਾਜ ਦੀਆਂ ਬੰਦਿਸ਼ਾਂ ਅੱਗੇ ਮਜਬੂਰ ਹੋ ਜਾਂਦੀ ਹੈ । ਉਹ ਚਾਹ ਕੇ ਵੀ ਆਪਣੇ ਬੱਚੇ ਲਈ ਕੁਝ ਨਹੀਂ ਕਰ ਸਕਦੀ । ਮਾਂ ਅਤੇ ਬੱਚਾ ਦੋਵੇਂ ਹੀ ਸਾਰੀ ਉਮਰ ਇਕ ਦੂਜੇ ਲਈ ਤੜਫਦੇ ਰਹਿੰਦੇ ਹਨ ।  ਮਹੰਤ ਨੀਲਮ ਮਨੀਮਾਜਰਾ ਦੇ ਵਿਚਾਰ ਰਿਸ਼ਤਿਆਂ ਪ੍ਰਤੀ ਕਿ ਸਾਨੂੰ ਪਰਿਵਾਰ ਅਲੱਗ ਨਜ਼ਰ ਨਾਲ ਦੇਖਦਾ ਹੈ । ਜੇਕਰ ਪਰਿਵਾਰ ਦੇ ਕਿਸੇ ਸਮਾਗਮ ਤੇ ਜਾਣ ਦਾ ਮੌਕਾ ਮਿਲੇ ਤਾਂ ਉੱਥੇ ਜਾ ਕੇ ਮਹਿਸੂਸ ਹੁੰਦਾ ਹੈ ਕਿ ਮੈਂ ਇੱਥੇ ਕਿਉਂ ਆਈ । ਪਰਿਵਾਰ ਵਾਲੇ ਪਹਿਚਾਣਦੇ ਹੀ ਨਹੀਂ । ਮੈਨੂੰ ਆਪਣੇ ਭਤੀਜੇ-ਭਤੀਜੀ ਦੇ ਵਿਆਹ ਉਪਰ ਬੁਲਾਇਆ । ਭਤੀਜੀ ਨੇ ਕਿਹਾ ਕਿ ਇਹ ਕੌਣ ਹੈ ? ਭਰਾ ਵੀ ਕਹਿੰਦਾ ਤੂੰ ਹੁਣ ਇੱਥੇ ਨਾ ਆਇਆ ਕਰ । ਵਾਪਸ ਆ ਕੇ ਮੈਂ ਬਹੁਤ ਰੋਈ । ਮੈਨੂੰ ਬਹੁਤ ਦੁੱਖ ਹੋਇਆ ਕਿ ਆਖ਼ਰ ਅਸੀਂ ਵੀ ਤਾਂ ਇਨਸਾਨ ਹਾਂ । ਸਾਨੂੰ ਵੀ ਉਸ ਰੱਬ ਨੇ ਹੀ ਬਣਾਇਆ ਹੈ । ਗੱਲਬਾਤ ਦੌਰਾਨ ਮਹੰਤ ਦੀਆਂ ਅੱਖਾਂ ਵਿਚੋਂ ਹੰਝੂ ਵਗ ਤੁਰੇ । ਅਸੀਂ ਸੋਚ ਵੀ ਨਹੀਂ ਸਕਦੇ ਕਿ ਇਨਸਾਨ ਐਨਾ ਗਿਰ ਜਾਂਦਾ ਹੈ । ਅਸੀਂ ਪਰਿਵਾਰ ਵਿਚ ਜਾ ਕੇ ਕੋਈ ਤਾੜੀ ਤਾਂ ਨਹੀਂ ਮਾਰਦੇ । ਪਰਿਵਾਰ ਦੀ ਇੱਜ਼ਤ ਦੀ ਸਾਨੂੰ ਵੀ ਪ੍ਰਵਾਹ ਹੈ । ਅਸਲ ਵਿਚ ਜਦ ਤੱਕ ਮਾਂ ਹੁੰਦੀ ਪਰਿਵਾਰ ਵਾਲਿਆਂ ਨਾਲ ਵੀ ਉਦੋਂ ਤੱਕ ਹੀ ਸਾਂਝ ਹੁੰਦੀ ਹੈ । ਮਾਂ ਹੀ

ਸੋਚਦੀ ਹੈ ਕਿ ਆਖ਼ਰ ਇਹ ਵੀ ਮੇਰਾ ਬੱਚਾ ਹੈ ਚਾਹੇ ਕਿਸੀ ਵੀ ਹਾਲਤ ਵਿਚ ਹੋਵੇ। ਮਾਂ ਦੀ ਖ਼ਾਤਰ ਹੀ ਸਭ ਕੁਝ ਕਰਨਾ ਪੈਂਦਾ ਹੈ ਨਹੀਂ ਤਾਂ ਆਪਣੀ ਬਰਾਦਰੀ ਵਿਚ ਰਹੋ। ਇਸ ਸਮਾਜ ਦੇ ਬੱਚਿਆਂ ਦਾ ਭਵਿੱਖ ਬਣਾਉ। ਆਪਣਾ ਤਾਂ ਕੋਈ ਅਪਣਾਉਂਦਾ ਨਹੀਂ ਹੈ। ਕਿੰਨਰ ਸਮਾਜ ਦੇ ਲੋਕ ਹੀ ਸਭ ਕੁਝ ਬਣ ਜਾਂਦੇ ਹਨ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਹਰ ਕੋਈ ਆਪਣੇ ਲਈ ਹੀ ਸੋਚਦਾ ਹੈ। ਕਿੰਨਰ ਸਭ ਲਈ ਸੋਚਦੇ ਹਨ। ਉਹ ਹਰ ਇੱਕ ਦੀ ਭਲਾਈ ਦੇ ਲਈ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ। ਅੱਜ ਜਿਸ ਕੋਲ ਦੌਲਤ ਹੈ, ਉਹ ਵੀ ਪਛਤਾ ਰਿਹਾ ਹੈ ਅਤੇ ਜਿਸ ਕੋਲ ਨਹੀਂ ਹੈ, ਉਹ ਵੀ ਪਛਤਾ ਰਿਹਾ ਹੈ। ਨੀਲਮ ਮਹੰਤ ਦੇ ਦੱਸਣ ਅਨੁਸਾਰ ਅਸਲ ਵਿਚ ਭਰਾ ਹੀ ਕਿੰਨਰ ਭੈਣ ਨੂੰ ਪਰਿਵਾਰ ਨਾਲ ਵਰਤਣ ਵਿਚ ਵੱਡੀ ਰੁਕਾਵਟ ਹੈ। ਮੇਰੇ ਭਰਾ ਨੇ ਮੈਨੂੰ ਸਾਫ਼ ਕਹਿ ਦਿੱਤਾ ਸੀ ਕਿ ਤੂੰ ਹੁਣ ਸਾਡੇ ਘਰ ਨਾ ਆਇਆ ਕਰ।

ਸਾਹਿਤ ਵਿਚ ਹਰ ਲੇਖਕ ਨੇ ਵਿਚਾਰ ਪੇਸ਼ ਕੀਤਾ ਹੈ ਕਿ ਕਿੰਨਰ ਸਮਾਜ ਦੇ ਲੋਕ ਡੇਰਿਆਂ ਦੀ ਗਿਣਤੀ ਵਧਾਉਣ ਲਈ ਸਮਾਜ ਦੇ ਲੋਕਾਂ ਨਾਲ ਧੱਕਾ ਕਰਦੇ ਹਨ। ਅਜਿਹੇ ਬੱਚਿਆਂ ਨੂੰ ਪ੍ਰਾਪਤ ਕਰਨ ਲਈ ਪਰਿਵਾਰ ਨਾਲ ਜ਼ਬਰਦਸਤੀ ਕਰਦੇ ਹਨ। ਖੇਤਰੀ ਕਾਰਜ ਦੌਰਾਨ ਇਹ ਪੱਖ ਸਾਹਮਣੇ ਆਇਆ ਕਿ ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ ਜਾਂਦਾ। ਸਮਾਜ ਹੀ ਅਜਿਹੇ ਬੱਚੇ ਨੂੰ ਰੱਖ ਕੇ ਰਾਜੀ ਨਹੀਂ ਹੁੰਦਾ। ਇਸ ਸੰਬੰਧੀ ਮਹੰਤ ਮੋਨਾ ਲੁਧਿਆਣਾ ਦਾ ਪ੍ਰਤੀਕਰਮ ਹੈ ਕਿ ਮਾਂ-ਬਾਪ ਸਾਰੀ ਉਮਰ ਤਾਂ ਬੈਠੇ ਨਹੀਂ ਰਹਿ ਸਕਦੇ। ਭੈਣ-ਭਰਾਵਾਂ ਦੀ ਆਪਣੀ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਅਜਿਹੇ ਬੱਚੇ ਦਾ ਸਹਾਰਾ ਕੌਣ ਬਣੇਗਾ ? ਕਿਥੋਂ ਖਾਏਗਾ ? ਆਖੀਰ ਉਸ ਨੂੰ ਕਿੰਨਰ ਸਮਾਜ ਵਿਚ ਆਉਣਾ ਹੀ ਪੈਂਦਾ ਹੈ। ਅਜਿਹਾ ਬੱਚਾ ਆਮ ਮਨੁੱਖਾਂ ਦੇ ਵਿਚ ਆਪਣੇ-ਆਪ ਨੂੰ ਠੀਕ ਮਹਿਸੂਸ ਨਹੀਂ ਕਰਦਾ। ਉਸ ਦਾ ਸਹਾਰਾ ਕਿੰਨਰ ਸਮਾਜ ਹੀ ਬਣਦਾ ਹੈ। ਮਾਨਸਾ ਤੋਂ ਮਹੰਤ ਸੀਮਾ ਦਾ ਇਸ ਬਾਰੇ ਕਹਿਣਾ ਸੀ ਕਿ ਅਸੀਂ ਕਿਸੇ ਨਾਲ ਕੋਈ ਜ਼ਬਰਦਸਤੀ ਨਹੀਂ ਕਰਦੇ। ਸਾਨੂੰ ਹੁਣੇ ਪਤਾ ਲੱਗਿਆ ਹੈ ਕਿ ਕਿਸੇ ਫਲਾਣੇ ਪਿੰਡ ਵਿਚ ਕਿੰਨਰ ਬੱਚਾ ਪੈਦਾ ਹੋਇਆ ਹੈ। ਅਸੀਂ ਜਾ ਕੇ ਪਰਿਵਾਰ ਨੂੰ ਮਿਲੇ ਤੇ ਪੈਸੇ ਵੀ ਦੇ ਕੇ ਆਏ। ਪਰਿਵਾਰ ਸਾਡੇ ਨਾਲ ਸਹਿਮਤ ਸੀ। ਮਹੰਤ ਨੀਲਮ ਮਨੀਮਾਜਰਾ ਵੀ ਇਸ ਨਾਲ ਸਹਿਮਤ ਹੁੰਦੀ ਹੋਈ ਕਹਿੰਦੀ ਹੈ ਕਿ ਜੇਕਰ ਕੋਈ ਮਾਂ-ਬਾਪ ਆਪਣੇ ਬੱਚੇ ਨੂੰ ਪੜ੍ਹਾ-ਲਿਖਾ ਕੇ ਕਿਸੇ ਨੌਕਰੀ ਦੇ ਯੋਗ ਬਣਾਉਣਾ ਚਾਹੁੰਦਾ ਹੈ ਤਾਂ ਕਿੰਨਰ ਸਮਾਜ ਨੂੰ ਇਸ ਨਾਲ ਕੋਈ ਫ਼ਰਕ

ਨਹੀਂ ਪੈਂਦਾ । ਇਸ ਤਰ੍ਹਾਂ ਪਰਿਵਾਰ ਨਾਲ ਧੱਕਾ ਕਰਨਾ ਤਾਂ ਬਿਲਕੁਲ ਹੀ ਠੀਕ ਨਹੀਂ । ਅਸਲ ਵਿਚ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਕੋਈ ਕਿੰਨਰ ਬੱਚੇ ਨੂੰ ਆਪਣੇ ਘਰ ਵਿਚ ਰੱਖੇ । ਹੁਣ ਸਮਾਜ ਬਦਲ ਰਿਹਾ ਹੈ । ਕਿੰਨਰ ਵੀ ਪੜ੍ਹਨ-ਲਿਖਣ ਵੱਲ ਧਿਆਨ ਦੇ ਰਹੇ ਹਨ । ਭਵਿੱਖ ਵਿਚ ਕੋਈ ਇਸ ਤਰ੍ਹਾਂ ਸੋਚ ਸਕਦਾ ਹੈ । ਜ਼ਬਰਦਸਤੀ ਕਿਸੇ ਕਿੰਨਰ ਬੱਚੇ ਨਾਲ ਨਹੀਂ ਕੀਤੀ ਜਾਂਦੀ । ਹਰ ਇਕ ਨੂੰ ਆਪਣੀ ਜ਼ਿੰਦਗੀ ਜੀਣ ਦਾ ਅਧਿਕਾਰ ਹੈ । ਖੇਤਰੀ ਕਾਰਜ ਦੇ ਸਰਵੇਖਣ ਤੋਂ ਚਿੱਤਰ 1 ਵਿਚ ਵੀ ਇਸ ਦਾ ਵਿਸ਼ਲੇਸ਼ਣ ਮਿਲਦਾ ਹੈ ।

ਹਰ ਸਾਹਿਤਕਾਰ ਨੇ ਇਹ ਪੱਖ ਵੀ ਪੇਸ਼ ਕੀਤਾ ਹੈ ਕਿ ਕਿੰਨਰ ਸਮਾਜ ਦੇ ਲੋਕ ਵਧਾਈ ਮੰਗਣ ਲਈ ਲੋਕਾਂ ਨਾਲ ਧੱਕਾ ਕਰਦੇ ਹਨ । ਖੇਤਰੀ ਕਾਰਜ ਦੌਰਾਨ ਇਸ ਪ੍ਰਸ਼ਨ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਤਾਂ ਡੇਰੇਦਾਰਾਂ ਕਿੰਨਰਾਂ ਦਾ ਕਹਿਣਾ ਸੀ ਕਿ ਜੋ ਕਿੰਨਰ ਡੇਰੇ ਵਿਚ ਰਹਿੰਦੇ ਹਨ । ਉਹ ਅਸਲ ਵਿਚ ਜਨਮ ਤੋਂ ਕਿੰਨਰ ਹਨ । ਉਹ ਕਦੇ ਵੀ ਸਮਾਜ ਦੇ ਲੋਕਾਂ ਨਾਲ ਧੱਕਾ ਨਹੀਂ ਕਰਨਗੇ । ਜੋ ਦਿੱਤਾ ਜਾਂਦਾ ਹੈ, ਉਸ ਨੂੰ ਸਵੀਕਾਰ ਕੀਤਾ ਜਾਂਦਾ ਹੈ । ਬੱਸਾਂ-ਗੱਡੀਆਂ ਵਿਚ ਮੰਗਣ ਵਾਲੇ ਕਿੰਨਰ ਅਸਲੀ ਕਿੰਨਰ ਨਹੀਂ ਹੁੰਦੇ । ਇਹ ਲਾਲਚ ਦੀ ਖ਼ਾਤਰ ਕਿੰਨਰ ਸਮਾਜ ਵਿਚ ਦਾਖਲ ਹੋ ਜਾਂਦੇ ਹਨ । ਪਰਿਵਾਰਾਂ ਦੇ ਸੀਮਤ ਆਕਾਰ ਨੇ ਇਨ੍ਹਾਂ ਦੀ ਆਮਦਨ ਨੂੰ ਢਾਹ ਲਾਈ ਹੈ । ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਥੋੜ੍ਹਾ ਲਾਲਚ ਤਾਂ ਹੁੰਦਾ ਹੈ ਕਿ ਅਸੀਂ ਵੱਧ ਤੋਂ ਵੱਧ ਆਪਣਾ ਹੱਕ ਲੈ ਸਕੀਏ । ਇਹ ਪਰਿਵਾਰ ਦੀ ਆਰਥਿਕਤਾ ਤੇ ਵੀ ਨਿਰਭਰ ਕਰਦਾ ਹੈ । ਜੇ ਚੰਗਾ ਪਰਿਵਾਰ ਹੈ ਤਾਂ ਵਧਾਈ ਦੀ ਵਧੇਰੇ ਉਮੀਦ ਹੁੰਦੀ ਹੈ । ਇਨ੍ਹਾਂ ਦੀ ਕਮਾਈ ਦਾ ਸਾਧਨ ਹੀ ਵਧਾਈ ਮੰਗਣਾ ਹੈ । ਸੋ ਉਪਰੋਕਤ ਵਿਚਾਰ ਡੇਰੇ ਦੇ ਕਿੰਨਰਾਂ ਦੀ ਪ੍ਰਤੀਨਿਧਤਾ ਕਰਦੇ ਹਨ ।

ਡੇਰਿਆਂ ਵਿਚ ਤਾਂ ਨਾਚ-ਗਾਣਾ ਸਿਖਾ ਕੇ ਵਧਾਈ ਵਾਲੀ ਟੋਲੀ ਲਈ ਤਿਆਰ ਕੀਤਾ ਜਾਂਦਾ ਹੈ । ਵਧਾਈ ਮੰਗਣ ਵੇਲੇ ਜਦੋਂ ਇਹ ਘਰਾਂ ਵਿਚ ਆਉਂਦੇ ਹਨ ਤਾਂ ਸਭ ਤੋਂ ਪਹਿਲਾ ਕਿਹੜਾ ਗੀਤ ਗਾਉਂਦੇ ਹਨ । ਸੋ ਆਪਣੇ ਖੇਤਰੀ ਕਾਰਜ ਦੌਰਾਨ ਵੀ ਇਕ ਮਹੰਤ ਨੂੰ ਪੁੱਛਿਆ ਕਿ ਉਹ ਵਧਾਈ ਲੈਣ ਵੇਲੇ ਪਹਿਲਾਂ ਤੇ

ਅੰਤਿਮ ਗੀਤ ਕਿਹੜਾ ਗਾਉਂਦੇ ਹਨ। ਜਵਾਬ ਵਿਚ ਉਸ ਨੇ ਸਾਨੂੰ ਇਹ ਗੀਤ ਸੁਣਾਇਆ ਜੋ ਸਤੀ ਕਹਾਣੀ ਦੀ ਪਾਤਰ ਕ੍ਰਿਸ਼ਨਾ ਗਾਉਂਦੀ ਹੈ ਜਿਵੇ-

ਕੋਠੇ ਉੱਤੇ ਮੋਰ

ਮੁੰਡਾ ਜੰਮੇ ਹੋਰ

ਸਾਲ ਨੂੰ ਫੇਰ ਆਵਾਂ

ਵਧਾਈਆਂ ਲੈਂਦੀ ਜਾਵਾਂ

ਤੇਰੇ ਜੀਵੇ ਬੱਚਾ

ਸਾਡਾ ਆਉਣਾ ਅੱਛਾ

ਕੋਠੇ ਉੱਤੇ ਮੋਰ

ਇਕ ਮੁੰਡਾ ਹੋਰ ਹੋਵੇ

ਰੱਬ ਜੋੜੀ ਬਣਾਵੇ

ਜੋੜੇ-ਜੋੜੇ ਜੰਮਣ

ਦਾਦੀ ਦਾ ਢੂਆ ਭੰਨਣ (ਖੇਤਰੀ ਕਾਰਜ)

ਜਦੋਂ ਕਿੰਨਰ ਵਧਾਈ ਲੈਣ ਲਈ ਜਾਂਦੇ ਹਨ ਤਾਂ ਸਭ ਤੋਂ ਪਹਿਲਾਂ ਉਹ ਨੰਦੀ ਮਾਈ ਦੀ ਭੇਟਾਂ ਗਾਉਂਦੇ ਹਨ। ਆਪਣੇ ਖੇਤਰੀ ਕਾਰਜ ਦੌਰਾਨ ਮਹੰਤ ਤੋ ਸੁਣੀ ਨੰਦੀ ਮਾਈ ਦੀ ਭੇਟਾਂ ਹੈ –

ਜਾਗ ਮਾਈ ਰੇ

ਦੇਵਾਂ ਦੇਵਾਂ ਰੇ ਪਰਵਾਨੀ ਮਾਂ

ਜੋ ਤੈਨੂੰ ਚਾਹਵੇ

ਉਹੀ ਫਲ ਪਾਵੇ

ਤੇਰੇ ਦੁਆਰੇ ਮਾਤਾ ਖ਼ਾਲੀ ਨਾ ਜਾਵੇ

ਪੁੱਤਰਾਂ ਦੇ ਕਾਰਨ ਦੇਵਾਂ ਸਿਮਰਨ ਮਾਵਾਂ

ਭੈਣਾਂ ਨੂੰ ਵੀਰ ਪਿਆਰੇ

ਦੇਵਾਂ ਦੇਵਾਂ ਰੇ ਪਰਵਾਨੀ ਮਾਂ

ਉੱਚੀ ਪਹਾੜੀ ਦੇਵਾਂ ਮੰਦਰ ਮਾਂ ਤੇਰਾਂ

ਜਗਦੀਆਂ ਜੋਤਾਂ ਦੂਰੋਂ ਦਿਖਦਾ ਹੈ ਡੇਰਾ

ਸੰਤ(ਕਿੰਨਰਾਂ ) ਨੇ ਹੋਮਨ ਰਚਾਇਆ

ਦੇਵਾਂ ਦੇਵਾਂ ਰੇ ਪਰਵਾਨੀ ਮਾਂ

ਨੰਗੇ-ਨੰਗੇ ਪੈਰੀਂ ਦੇਵਾਂ ਅਕਬਰ ਆਇਆ

ਸੋਹਣੇ ਦਾ ਸ਼ਤਰ ਚੜ੍ਹਾਇਆ

ਦੇਵਾਂ ਦੇਵਾਂ ਰੇ ਪਰਵਾਨੀ ਮਾਂ

ਕੱਚੀ –ਕੱਚੀ ਖੂਹੀ ਠੰਢਾ ਜਲ ਪਾਣੀ

ਹੋਮ ਰਚਾਇਆ

ਦੇਵਾਂ ਦੇਵਾਂ ਰੇ ਪਰਵਾਨੀ ਮਾਂ

ਆਓ ਮਾਈ ਜੀ ਭਲਾ ਤੁੰਮ

ਜਾਗੋ ਮਾਈ ਜੀ , ਮੰਗਲ

ਗਾਵਾਂ , ਚੌਂਕ ਪਰਾਵਾ ਤੁਝੇ

ਮਨਾਵਾਂ ਜੀ

ਬੱਚਾ ਜੀਵੇ ਜੱਚਾ ਜੀਵੇ

ਸੰਤਾਂ ਨੇ ਹੋਮ ਰਚਾਇਆ

ਦੇਵਾਂ ਦੇਵਾਂ ਰੇ ਪਰਵਾਨੀ ਮਾਂ ----

ਸੋ ਨੰਦੀ ਮਾਈ ਦੀ ਭੇਟਾਂ ਗਾਉਣ ਤੋਂ ਬਾਅਦ ਕਿੰਨਰ ਬੱਚੇ ਨੂੰ ਲੋਰੀ ਦਿੰਦੇ। ਬੱਚੇ ਨੂੰ ਗੋਦ ਵਿਚ ਚੁੱਕ ਕੇ ਲੋਰੀ ਇਸ ਤਰ੍ਹਾਂ ਦਿੰਦੇ ਹਨ –

ਆ ਕਾਕਾ ਤੈਨੂੰ ਦੇਵਾਂ ਲੋਰੀਆਂ

ਲੱਖ-ਲੱਖ ਸ਼ਗਨ ਮਨਾਵਾਂ

ਵੱਡੀਆਂ ਉਮਰਾਂ ਵਾਲੇ ਹੋਵੇ

ਮੈਂ ਵਿਆਹ ਤੇਰੇ ਤੇ ਆਵੇ

ਸ਼ਗਨਾਂ ਦੀ ਲੋਰੀ ਤੇਰੀ

ਦਾਦੀ ਦੇਵੇ

ਦਾਦਾ ਵੰਡੇ ਦੰਮਾਂ ਦੀਆਂ ਬੋਰੀਆਂ

ਵੱਡੀਆਂ ਉਮਰਾਂ ਵਾਲਾ ਹੋਵੇ

ਸ਼ਗਨਾਂ ਦੀ ਲੋਰੀ ਤੇਰੀ

ਚਾਚੀ ਦੇਵੇ

ਚਾਚਾ ਵੰਡੇ ਦੰਮਾਂ ਦੀਆਂ ਬੋਰੀਆਂ -------(ਖੇਤਰੀ ਕਾਰਜ )

ਕਿੰਨਰ ਮਾਂ ਦੀ ਭੇਟਾਂ ਤੋਂ ਲੈ ਕੇ ਬੱਚੇ ਨੂੰ ਲੋਰੀਆਂ ਦਿੰਦੇ ਹਨ ਤੇ ਅੰਤ ਵਿਚ ਗੀਤ ਗਾਉਂਦੇ ਹਨ । ਬੇਸ਼ੱਕ ਮਨੋਰੰਜਨ ਦੇ ਲਈ ਲੋਕਾਂ ਦੀ ਫ਼ਰਮਾਇਸ਼ 'ਤੇ ਵੱਖ –ਵੱਖ ਫ਼ਿਲਮੀ ਗੀਤ ਵੀ ਗਾਏ ਜਾਂਦੇ ਹਨ । ਆਮ ਤੌਰ 'ਤੇ ਕਿੰਨਰ ਕੋਈ ਵੀ ਗੀਤ ਪੂਰਾ ਨਹੀਂ ਗਾਉਂਦੇ । ਹਰ ਗੀਤ ਦਾ ਇਕ-ਇਕ ਪਹਿਰਾ ਗਿਆ ਜਾਂਦਾ ਹੈ । ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਕਿੰਨਰ ਪੜੇ-ਲਿਖੇ ਤਾਂ ਹੁੰਦੇ ਨਹੀਂ ਤੇ ਇਨ੍ਹਾਂ ਨੂੰ ਗੀਤ ਯਾਦ ਕਰਨ ਵਿਚ ਮੁਸ਼ਕਿਲ ਆਉਂਦੀ ਹੈ । ਬੇਸ਼ੱਕ ਅੱਜਕੱਲ੍ਹ ਮੀਡੀਆ ਦੀ ਵਰਤੋਂ ਨੇ ਇਨ੍ਹਾਂ ਦੀ ਇਸ ਸੱਮਸਿਆਂ ਨੂੰ ਹੱਲ ਕਰ ਦਿੱਤਾ ਹੈ । ਮੀਡੀਆ ਕਾਰਨ ਅੱਜ ਇਹ ਵਧੇਰੇ ਨਵੇਂ-ਨਵੇਂ ਗੀਤ ਪੇਸ਼ ਕਰਦੇ ਹਨ ।

ਕਿੰਨਰ ਸਮਾਜ ਦੇ ਵਿਚ ਮਰਨ ਸਮੇਂ ਜੋ ਰਸਮਾਂ ਨਿਭਾਈਆਂ ਜਾਂਦੀਆਂ ਹਨ । ਆਪਣੇ ਖੇਤਰੀ ਕਾਰਜ ਦੌਰਾਨ ਕਿੰਨਰਾਂ ਦੀਆਂ ਰਸਮਾਂ ਸੰਬੰਧੀ ਜੋ ਜਾਣਕਾਰੀ ਇਕੱਠੀ ਕੀਤੀ ਹੈ । ਰੇਖਾ ਚਿੱਤਰ 2 ਵਿਚ ਵੇਖਿਆ ਜਾ ਸਕਦਾ ਹੈ ਕਿ ਇਹ ਵਰਗ ਵੱਖ-ਵੱਖ ਰਸਮਾਂ ਨੂੰ ਨਿਭਾਉਂਦਾ ਹੈ । ਉਨ੍ਹਾਂ ਵਿਚੋਂ ਕਿੰਨਰ ਸਮਾਜ ਮੌਤ ਸਮੇਂ ਹੇਠ ਲਿਖੀਆਂ ਰਸਮਾਂ ਨੂੰ ਨਿਭਾਉਂਦਾ ਹੈ -

**ਮੰਜੇ ਤੋਂ ਹੇਠਾਂ ਲਾਉਣਾ** - ਜਦੋਂ ਕੋਈ ਕਿੰਨਰ ਆਪਣੇ ਪ੍ਰਾਣ ਤਿਆਗ ਦਿੰਦਾ ਹੈ ਤਾਂ ਉਸ ਨੂੰ ਉਦੋਂ ਤੱਕ ਮੰਜੇ ਤੋਂ ਨਹੀਂ ਲਾਇਆ ਜਾਂਦਾ ਜਦੋਂ ਤੱਕ ਕਿੰਨਰਾਂ ਦੀ ਸਾਰੀ ਬਰਾਦਰੀ ਇਕੱਠੀ ਨਾ ਹੋ ਜਾਵੇ । ਬਰਾਦਰੀ ਦੀ ਹਾਜ਼ਰੀ ਵਿਚ ਹੀ ਮਰੇ ਹੋਏ ਕਿੰਨਰ ਨੂੰ ਹੇਠਾਂ ਲਾਇਆ ਜਾਂਦਾ ਹੈ ।

**ਨਹਾਉਣ ਦੀ ਰਸਮ** -ਉਸ ਤੋਂ ਬਾਅਦ ਮ੍ਰਿਤਕ ਦੀ ਨਹਾਉਣ ਦੀ ਰਸਮ ਕੀਤੀ ਜਾਂਦੀ ਹੈ । ਕਫ਼ਨ ਦੇ ਰੂਪ ਵਿਚ ਚਿੱਟੇ ਕੱਪੜੇ ਪਹਿਨਾਏ ਜਾਂਦੇ ਹਨ । ਸਤਿਕਾਰ ਵਜੋਂ ਚਿੱਟੀ ਚਾਦਰ ਵੀ ਪਾਈ ਜਾਂਦੀ ਹੈ । ਜਿਸ ਦਾ ਵੀ ਗੁਰੂ ਹੁੰਦਾ ਹੈ, ਉਹ ਚੇਲਾ ਮੱਥਾ ਟੇਕਦਾ ਹੈ । ਚੇਲੇ ਦੇ ਵਾਲ ਖੋਲ੍ਹ ਦਿੱਤੇ ਜਾਂਦੇ ਹਨ । ਚੇਲਾ ਵਿਧਵਾ ਦਾ ਰੂਪ ਧਾਰਨ ਕਰ ਲੈਂਦਾ ਹੈ । ਉਸ ਤੋਂ ਬਾਅਦ ਦੀ ਸਾਰੀ ਕਾਰਵਾਈ ਕਾਜ਼ੀ ਕਰਦਾ ਹੈ ।

**ਘੜੇ ਦੀ ਰਸਮ** - ਇਹ ਰਸਮ ਘੱਟੋ-ਘੱਟ ਚਾਲੀ ਵੇਂ ਦਿਨ ਕੀਤੀ ਜਾਂਦੀ ਹੈ। ਸਵਾ ਮਹੀਨਾ ਅਫ਼ਸੋਸ ਕਰਨ ਆਉਂਦੇ ਜਾਂਦੇ ਰਹਿੰਦੇ ਹਾਂ। ਚਾਲੀ ਵੇਂ ਦਿਨ ਘੜੇ ਦੀ ਰਸਮ ਕਰਨੀ ਲਾਜ਼ਮੀ ਹੁੰਦੀ ਹੈ। ਇਸ ਰਸਮ ਦੌਰਾਨ ਮੰਜੇ ਜਾਂ ਬੈੱਡ ਨਹੀਂ ਲਗਾਏ ਜਾਂਦੇ ਹਨ। ਇਲਾਕੇ ਦੇ ਕਿੰਨਰਾਂ ਤੋਂ ਇਲਾਵਾ ਦੂਸਰੇ ਰਾਜਾਂ ਦੇ ਕਿੰਨਰ ਵੀ ਬੁਲਾਏ ਜਾਂਦੇ ਹਨ। ਜਿਸ ਵਿਚ ਕਿੰਨੀ ਗੁੰਜਾਇਸ਼ ਹੈ, ਉਹ ਖ਼ਰਚ ਕਰਦਾ ਹੈ। ਕਈ ਵਾਰ ਪੈਲੇਸ ਵੀ ਬੁੱਕ ਕਰ ਲਏ ਜਾਂਦੇ ਹਨ। ਕਈ ਵਾਰ ਰੋਟੀ ਅਤੇ ਘੜੇ ਦੀ ਰਸਮ ਇਕੱਠੀ ਵੀ ਕਰ ਲਈ ਜਾਂਦੀ ਹੈ। ਇਹ ਬਰਾਦਰੀ ਦੀ ਗੁੰਜਾਇਸ਼ ਤੇ ਨਿਰਭਰ ਕਰਦੀ ਹੈ। ਇਸ ਤੋਂ ਕਿੰਨਰ ਬਰਾਦਰੀ ਵਿਚੋਂ ਇਕੱਠੀਆਂ ਹੋਈਆਂ ਸੌਂਕਣਾਂ ਚੌਥੇ, ਪੰਜਵੇਂ, ਸੱਤਵੇਂ ਜਾਂ ਨੌਵੇਂ ਦਿਨ ਟੋਲੀ ਵਧਾਈ ਸ਼ੁਰੂ ਕਰ ਦਿੰਦੀਆਂ ਹਨ। ਸੌਂਕਣਾਂ ਸ਼ਬਦ ਦੀ ਵਰਤੋਂ ਸ਼ਰੀਕੇ ਲਈ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾ ਕੋਈ ਵੀ ਵਧਾਈ ਮੰਗਣ ਨਹੀਂ ਜਾਂਦਾ।

**ਰੋਟੀ ਦੀ ਰਸਮ** - ਇਹ ਦੋਵੇਂ ਰਸਮਾਂ ਹੀ ਘੜਾ ਅਤੇ ਰੋਟੀ ਮੌਤ ਨਾਲ ਸੰਬੰਧਿਤ ਹਨ ਪਰ ਦੋਨਾਂ ਵਿਚ ਥੋੜ੍ਹਾ ਅੰਤਰ ਹੈ । ਘੜੇ ਦੀ ਰਸਮ ਮੌਤ ਤੋਂ 40ਵੇਂ ਦਿਨ ਕੀਤੀ ਲਾਜ਼ਮੀ ਹੈ । ਰੋਟੀ ਦੀ ਰਸਮ ਕਦੋਂ ਵੀ ਕੀਤੀ ਜਾ ਸਕਦੀ ਹੈ। ਇਹ ਰਸਮ ਤਿੰਨ ਦਿਨ ਤੋਂ ਲੈ ਕੇ ਸੱਤ ਦਿਨ ਤੱਕ ਚੱਲਦੀ ਰਹਿੰਦੀ ਹੈ । ਜਿਸ ਬਰਾਦਰੀ ਵਿਚ ਜਿੰਨੀ ਗੁੰਜਾਇਸ਼ ਹੁੰਦੀ ਹੈ, ਉਸ ਨੂੰ ਓਨੇ ਦਿਨ ਹੀ ਚਲਾਇਆ ਜਾਂਦਾ ਹੈ । ਸਾਲ ਜਾਂ ਦਸ ਸਾਲ ਅਤੇ ਪੰਜ਼ੀ ਸਾਲ ਬਾਅਦ ਵੀ ਕੀਤੀ ਜਾ ਸਕਦੀ ਹੈ । ਇਸ ਦੌਰਾਨ ਚਟਾਈ ਵੀ ਬੈਠਦੀ ਹੈ । ਜਿਸ ਵਿਚ ਕਿਸੇ ਦਾ ਜੋ ਵੀ ਝਗੜਾ ਹੁੰਦਾ ਹੈ, ਉਸ ਦਾ ਨਿਪਟਾਰਾ ਕੀਤਾ ਜਾਂਦਾ ਹੈ । ਇਸ ਤੋਂ ਇਲਾਵਾ ਦੋ ਕਿੰਨਰਾਂ ਨੂੰ ਦੁੱਲ੍ਹਾ ਅਤੇ ਦੁਲਹਨ ਦੀ ਤਰ੍ਹਾਂ ਤਿਆਰ ਕਰਕੇ ਸ਼ਹਿਰ ਵਿਚ ਉਨ੍ਹਾਂ ਦੀ ਸੋਭਾ ਯਾਤਰਾ ਕੱਢੀ ਜਾਂਦੀ ਹੈ । ਇਹ ਰਸਮ ਮਨੋਰੰਜਨ ਦੇ ਲਈ ਹੀ ਕੀਤੀ ਜਾਂਦੀ ਹੈ । ਮਰਗ ਤੋਂ ਬਾਅਦ ਇਸ ਰਸਮ ਨੂੰ ਕਰਨ ਨਾਲ ਖ਼ੁਸ਼ੀ ਦਾ ਮਾਹੌਲ ਬਣ ਜਾਂਦਾ ਹੈ ਭਾਵ ਮੌਤ ਤੋਂ ਬਾਅਦ ਇਕ ਤਰ੍ਹਾਂ ਦਾ ਖ਼ੁਸ਼ੀ ਦਾ ਸ਼ਗਨ ਹੀ ਹੁੰਦਾ ਹੈ ।

**ਪਾਤ ਭਰਨਾ**- ਰਿਸ਼ਤੇ ਵਜੋਂ ਧੀ ਦੇ ਪੇਕੇ ਇਹ ਰਸਮ ਨੂੰ ਨਿਭਾਉਂਦੇ ਹਨ । ਇਸ ਰਸਮ ਵਿਚ ਕੱਪੜੇ ਵੀ ਲੈ ਕੇ ਆਉਂਦੇ । ਇਸ ਤੋਂ ਬਿਨਾਂ ਟੂੰਬ-ਛੱਲਾ,ਕੱਪੜੇ ਅਤੇ ਨਗਦ ਵੀ ਦਿੱਤਾ ਜਾਂਦਾ ਹੈ । ਇਸ ਨੂੰ ' ਦਾਜੀ ' ਦੇਣਾ ਵੀ ਕਿਹਾ ਜਾਂਦਾ ਹੈ । ਇਹ ਰਸਮ ਲਗਭਗ ਚਾਲੀ ਕੁ ਦਿਨ ਚਲਦੀ ਹੈ । ਇਸ ਰਸਮ ਵਿਚ ਸਾਰੇ ਕਿੰਨਰ ਸ਼ਾਮਲ ਹੁੰਦੇ ਹਨ । ਇਹ ਰਸਮ ਸਭਿਅਕ ਸਮਾਜ ਦੀ ਨਾਨਕ ਛੱਕ ਨਾਲ ਮਿਲਦੀ-ਜੁਲਦੀ ਹੈ । ਇਸ ਵਿਚ ਜੋ ਕਿੰਨਰ ਦੀ ਮਾਂ ਬਣੀ ਹੁੰਦੀ ਹੈ , ਉਸ ਦੀ ਗੁਰੂ ਇਸ ਰਸਮ ਨੂੰ ਨਿਭਾਉਂਦੀ ਹੈ । ਕਈ ਵਾਰ ਇਸ ਰਸਮ ਵਿਚ ਇਲਾਕੇ(ਵਧਾਈ ਮੰਗਣ ਲਈ ਖੇਤਰ) ਵੀ ਤੋਹਫ਼ੇ ਦੇ ਰੂਪ ਵਿਚ ਦਿੱਤੇ ਜਾਂਦੇ ਹਨ ।

**ਸਿੱਕਾ ਵੰਡਣਾ**- ਇਸ ਰਸਮ ਵਿਚ ਬਾਹਰੋਂ ਆਏ ਮਹੰਤਾਂ ਨੂੰ ਸਾਬਣਾਂ ਅਤੇ ਬਰਤਨ ਬਗੈਰਾ ਦਿੱਤੇ ਜਾਂਦੇ ਹਨ । ਇਹ ਰਸਮ ਵੀ ਮਰਨ ਉਪਰੰਤ ਹੀ ਹੁੰਦੀ ਹੈ । ਇਹ ਰਸਮ ਜਿਸ ਮਹੰਤ ਦੀ ਮੌਤ ਹੁੰਦੀ ਹੈ, ਉਸ ਵਰਗ ਵੱਲੋਂ ਹੀ ਨਿਭਾਈ ਜਾਂਦੀ ਹੈ । ਜਿਸ ਮਹੰਤ ਨੂੰ ਸਿੱਕਾ ਨਹੀਂ ਦਿੱਤਾ ਜਾਂਦਾ । ਇਸ ਵਿਚ ਉਸ ਦੀ ਬਹੁਤ ਤੌਹੀਨ ਹੁੰਦੀ ਹੈ । ਇਹ ਰਸਮ ਉਸ ਤਰ੍ਹਾਂ ਹੈ, ਜਿਸ ਤਰ੍ਹਾਂ ਸਭਿਅਕ ਸਮਾਜ ਵਿਚ ਕਿਸੇ ਪਰਿਵਾਰ ਨੂੰ ਮਾਨ-ਸਨਮਾਨ ਨਾ ਦਿੱਤਾ ਜਾਵੇ ।

**ਚਟਾਈ** – ਇਹ ਰਸਮ ਜਦੋਂ ਸਾਰਾ ਕਿੰਨਰ ਭਾਈਚਾਰਾ ਇਕੱਠ ਹੁੰਦਾ ਹੈ ਤਾਂ ਉਸ ਸਮੇਂ ਨਿਭਾਈ ਜਾਂਦੀ ਹੈ । ਇਸ ਰਸਮ ਵਿਚ ਕਿੰਨਰਾਂ ਦਾ ਜੋ ਵੀ ਝਗੜਾ ਹੁੰਦਾ ਹੈ, ਉਸ ਦਾ ਫ਼ੈਸਲਾ ਕੀਤਾ ਜਾਂਦਾ ਹੈ । ਇਸ ਰਸਮ ਵਿਚ ਬਕਾਇਦਾ ਪੰਚਾਇਤ ਅਤੇ ਪੰਚ ਬੈਠਦੇ ਹਨ, ਜੋ ਕਿੰਨਰਾਂ ਦੇ ਝਗੜਿਆਂ ਦਾ ਨਿਪਟਾਰਾ ਕਰਦੇ ਹਨ । ਕਿੰਨਰਾਂ ਦੇ ਇਕੱਠੇ ਹੋਣ ਨੂੰ ਹੀ 'ਚਟਾਈ ' ਕਹਿ ਦਿੱਤਾ ਜਾਂਦਾ ਹੈ । ਜਿਸ ਵਿਚ ਘੱਟੋ-ਘੱਟ 20-30 ਕਿੰਨਰ ਹੋਣੇ ਚਾਹੀਦੇ ਹਨ । ਇਸ ਵਿਚ ਕਿਸੇ ਵੀ ਕਿੰਨਰ ਦਾ ਕਲਾਮ ਭਾਵ ਜੋ ਝਗੜਾ ਹੁੰਦਾ ਹੈ, ਉਸ ਦਾ ਨਿਬੇੜਾ ਕਰਵਾਇਆ ਜਾਂਦਾ ਹੈ । ਕਲਾਮ ਤੋਂ ਭਾਵ ਬਾਤ-ਚੀਤ ਕਰਨਾ ਵੀ ਕਿਹਾ ਜਾ ਸਕਦਾ ਹੈ । ਕਲਾਮ ਸੱਜਲ ਹੋ ਗਿਆ ਭਾਵ ਝਗੜੇ ਦਾ ਨਿਬੇੜਾ ਹੋ ਗਿਆ । ਬੈਠੀ ਹੋਈ ਚਟਾਈ ਵਿਚੋਂ ਇਕ ਜਾਣਾ ਅਵਾਜ਼ ਦੇਵੇਗਾ ਕਿ ਫਲਾਣੀ ਮਹੰਤ ਦਾ ਕਲਾਮ ਸੱਜਲ ਭਾਵ ਨਾਮ ਲੈ ਕੇ ਕਿਹਾ ਜਾਂਦਾ ਹੈ

ਕਿ ਇਸ ਨਾਲ ਹੋ ਗਿਆ। ਹੁਣ ਇਸ ਨੂੰ ਐਨੇ ਰੁਪਏ ਦੰਡ ਵਜੋਂ ਦੇਣੇ ਪੈਣਗੇ। ਦੰਡ ਦੇਣਾ ਜ਼ਰੂਰੀ ਮੰਨਿਆ ਜਾਂਦਾ ਹੈ।

ਮ੍ਰਿਤਕ ਦੇ ਮਰ ਜਾਣ ਤੇ ਕਿੰਨਰ ਸਮਾਜ ਵਿਚ ਜੋ ਵੈਣ ਪਾਏ ਜਾਂਦੇ ਹਨ -

ਹਾਏ -ਹਾਏ ਜ਼ੁਲਮੀ ਮੌਤ ਬੁਰੀ

ਇੱਟਾਂ ਦਾ ਸਿਰਹਾਣਾ ਟੁੱਟੀ ਗਈ ਕੱਚੀ ਕਲੀ

ਚੇਲਿਆ ਨਾਤਿਆਂ ਵਾਲਾ ਨੀ

ਜ਼ੁਲਮੀ ਮੌਤ ਬੁਰੀ

ਇੱਟਾਂ ਦਾ ਸਿਰਹਾਣਾ ਟੁੱਟ ਗਈ ਕੱਚੀ ਕਲੀ

ਮਾਂ ਦੇ ਜਾਇਆ ਮੱਖਣਾਂ ਟੁੱਟ ਗਈ ਕੱਚੀ ਕਲੀ

ਦੋਹਤਿਆ -ਪੋਤਿਆ ਵਾਲਾ ਟੁੱਟ ਗਈ ਕੱਚੀ ਕਲੀ

ਇੱਟਾਂ ਦਾ ਸਿਰਹਾਣਾ ਟੁੱਟ ਗਈ ਕੱਚੀ ਕਲੀ ---

(ਖੇਤਰੀ ਕਾਰਜ 1 ਜੂਨ 2019)

ਆਪਣੇ ਚੇਲਿਆ ਨੂੰ ਛੱਡ ਗਿਆ ਬਾਬਲਾ

ਤੇਰੇ ਬਿਨਾਂ ਔਖੇ ਗੁਜ਼ਾਰੇ ਬਾਬਲਾ

ਤੂੰ ਸਾਡੇ ਸਿਰ ਦਾ ਸਾਈ ਸੀ ਬਾਬਲਾ

ਮੇਰੇ ਚਿੱਟੇ ਕੱਪੜੇ ਪਾਉਣ ਦੀ ਉਮਰ

ਨਹੀਂ ਸੀ ਬਾਬਲਾ

ਤੇਰਾ ਵਿਛੋੜਾ ਝੱਲ ਨਹੀਂ ਹੋਣਾ ਬਾਬਲਾ

ਕਿੱਥੇ ਛੱਡ ਕੇ ਚੱਲ ਗਿਆ

ਮੇਰੇ ਸਿਰ ਦਿਆਂ ਸਾਂਈਆਂ---

(ਖੇਤਰੀ ਕਾਰਜ, 29ਜੂਨ 2020)

ਬਹੁਤ ਘੱਟ ਸਾਹਿਤਕਾਰਾਂ ਨੇ ਇਨ੍ਹਾਂ ਰਸਮਾਂ ਦਾ ਵਿਸ਼ਲੇਸ਼ਣ ਕੀਤਾ ਹੈ। ਜੇਕਰ ਕਿਸੇ ਰਸਮ ਦਾ ਜ਼ਿਕਰ ਆਇਆ ਤਾਂ ਸਿਰਫ਼ ਉਸ ਦਾ ਨਾਂ ਹੀ ਲਿਖਿਆ ਗਿਆ। ਅੱਗੇ ਇਹ ਰਸਮ ਕਿਵੇਂ ਨਿਭਾਈ ਜਾਂਦੀ ਹੈ। ਇਸ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਹੈ। ਇਸ ਰਸਮ ਵਿਚ ਵੀ ਅੱਗੇ ਇਹ ਰਸਮਾਂ ਨਿਭਾਈਆਂ ਜਾਂਦੀਆਂ ਹਨ -

**ਮੰਜਾ ਸਜਾਉਣਾ** -ਇਸ ਦਿਨ ਮ੍ਰਿਤਕ ਦਾ ਮੰਜਾ ਸਜਾਇਆ ਜਾਂਦਾ ਹੈ, ਜਿਸ ਵਿਚ ਪੰਜ ਭਾਂਡੇ, ਬਿਸਤਰਾ, ਨੱਕ-ਕੰਨ ਦਾ ਗਹਿਣਾ, ਚੱਪਲਾਂ ਆਦਿ ਸਮਾਨ ਹੁੰਦਾ ਹੈ।

**ਰੂਹ ਦੀ ਵਿਦਾ** - ਇਸ ਰਸਮ ਵਿਚ ਮ੍ਰਿਤਕ ਦਾ ਮੇਕਅਪ ਦਾ ਸਮਾਨ ਸ਼ਾਮਲ ਹੁੰਦਾ ਹੈ। ਰੂਹ ਦੀ ਵਿਦਾਈ ਲਈ ਪਿੰਡ ਤੋਂ ਬਾਹਰ ਲੈ ਕੇ ਜਾਂਦੇ ਹਾਂ। ਇਸ ਸਮੇਂ ਮੌਲਵੀ ਵੀ ਨਾਲ ਹੁੰਦਾ ਹੈ। ਪਿੰਡ ਦੀ ਜੂਹ ਤੋਂ ਬਾਹਰ ਜਾ ਕੇ ਘੜਾ ਭੰਨ ਆਉਂਦੇ ਹਾਂ। ਸਜਾਏ ਹੋਏ ਮੰਜੇ ਨੂੰ ਚਾਰ ਜਾਣੇ ਚੁੱਕ ਕੇ ਲੈ ਜਾਂਦੇ ਹਨ। ਸਜਾਇਆ ਹੋਇਆ ਮੰਜਾ ਮੌਲਵੀ ਨੂੰ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾ ਇਕ ਘਰਾਣਾ ਅਵਾਜ਼ ਦਿੰਦਾ ਹੈ ਕਿ ਘੜਾ ਖੋਲ ਦਿੱਤਾ ਜਾਵੇ ਤਾਂ ਸਾਰੀ ਇਕੱਠੀ ਹੋਈ ਬਰਾਦਰੀ ਘੜੇ ਵਿਚ ਕੁਝ ਨਾ ਕੁਝ ਪੈਸਿਆਂ ਦੇ ਰੂਪ ਵਿਚ ਆਰਥਿਕ ਮਦਦ ਦੇ ਲਈ ਪਾਉਂਦੇ ਹਨ। ਇਹ ਇਕ ਤਰ੍ਹਾਂ ਨਿਉਂਦੇ ਦੇਣ ਦੀ ਰਸਮ ਵਾਂਗ ਰਸਮ ਹੁੰਦੀ ਹੈ। ਇਸ ਰਸਮ ਦੌਰਾਨ ਹੀ ਚੇਲੇ ਦੇ ਵਾਲ ਬੰਨ੍ਹ ਦਿੱਤੇ ਜਾਂਦੇ ਅਤੇ ਉਸ ਦੇ ਨੱਕ ਵਿਚ ਵੀ ਕੋਕਾ ਪਵਾ ਦਿੱਤਾ ਜਾਂਦਾ ਹੈ। ਇਹ ਸਾਰਾ ਕੰਮ ਬਰਾਦਰੀ ਹੀ ਕਰਦੀ ਹੈ।

**ਅੰਤਰ-ਸੰਬੰਧਿਤ**

ਕਿੰਨਰ ਸਮਾਜ ਆਪਣੀ ਬਰਾਦਰੀ ਦੇ ਬੱਚੇ ਨੂੰ ਚੁੱਕਣ ਲਈ ਜ਼ਬਰਦਸਤੀ ਕਰਦੇ । ਇਸ ਲਈ ਸਾਹਿਤਕ ਪੱਖ ਤੇ ਲੇਖਕਾਂ ਦੇ ਵਿਚ ਇਸ ਤੱਥ ਸੰਬੰਧੀ ਸਮਾਨਤਾ ਪਾਈ ਗਈ ਹੈ । ਅੱਜ ਤੋਂ ਕੁੱਝ ਸਦੀਆਂ ਪਹਿਲਾ ਤਾਂ ਸਮਾਜ ਦੇ ਲੋਕਾਂ ਵਿਚ ਇਨ੍ਹਾਂ ਬਾਰੇ ਬੜਾ ਗ਼ਲਤ ਪੇਸ਼ ਕੀਤਾ ਜਾਂਦਾ ਸੀ ਕਿਉਂਕਿ ਸਮਾਜ ਦੇ ਲੋਕਾਂ ਨਾਲ ਇਨ੍ਹਾਂ ਦੀ ਕੋਈ ਸਾਂਝ ਨਹੀਂ ਹੁੰਦੀ ਸੀ । ਕਿੰਨਰ ਸਮਾਜ ਦੀ ਆਪਣੀ ਵੱਖਰੀ ਦੁਨੀਆ ਹੁੰਦੀ ਸੀ । ਆਪਣੀ ਬਰਾਦਰੀ ਦੇ ਬੱਚੇ ਨੂੰ ਸ਼ਾਮਲ ਕਰਨ ਲਈ ਇਹ ਹਰ ਹੀਲਾ ਵਰਤਦੇ ਸੀ । ਇਸ ਲਈ ਬੇਸ਼ੱਕ ਇਨ੍ਹਾਂ ਨੂੰ ਕਾਨੂੰਨੀ ਲੜਾਈ ਵੀ ਲੜਨੀ ਪਈ । ਨਾਵਲ 'ਸੰਤਾਪ' ਵੀ ਇਸੇ ਕਾਨੂੰਨੀ ਲੜਾਈ ਦੀ ਘਟਨਾ ਨੂੰ ਬਿਆਨ ਕਰਦਾ ਹੈ ਕਿ ਨੀਰੂ ਦੇ ਮਾਪੇ ਬੇਸ਼ੱਕ ਉਸ ਨੂੰ ਆਪਣੇ ਘਰ ਰੱਖਣਾ ਚਾਹੁੰਦੇ ਸਨ ਪਰ ਕਿੰਨਰ ਸਮਾਜ ਇਸ ਗੱਲ ਨਾਲ ਸਹਿਮਤ ਨਹੀਂ ਸੀ । ਉਸ ਨੂੰ ਪ੍ਰਾਪਤ ਕਰਨ ਲਈ ਇਹ ਕਿਸ ਤਰ੍ਹਾਂ ਨੀਰੂ ਦੇ ਮਾਪਿਆਂ ਨੂੰ ਧਮਕੀਆਂ ਦਿੰਦੇ ਸਨ । ਹੁਣ ਜਦੋਂ 15 ਅਪ੍ਰੈਲ 2014 ਨੂੰ ਥਰਡ ਜੈਂਡਰ ਵਜੋਂ ਮਾਨਤਾ ਮਿਲ ਗਈ ਹੈ ਤਾਂ ਇਸ ਸਮਾਜ ਦੀ ਸੋਚ ਵਿਚ ਥੋੜ੍ਹਾ ਬਹੁਤ ਪਰਿਵਰਤਨ ਆਇਆ ਹੈ । ਇਸ ਸਮਾਜ ਦੀ ਸੋਚ ਹੈ ਕਿ ਜੇਕਰ ਕੋਈ ਮਾਂ-ਬਾਪ ਪੜ੍ਹਾ-ਲਿਖਾ ਕੇ ਅਜਿਹੇ ਬੱਚੇ ਨੂੰ ਰੱਖਣਾ ਚਾਹੁੰਦਾ ਹੈ ਤਾਂ ਕਿੰਨਰ ਸਮਾਜ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ' ਸੰਤਾਪ ' ਨਾਵਲ ਵਿਚ ਕਿੰਨਰਾਂ ਦਾ ਮਹੰਤ ਅਦਾਲਤ ਵਿਚ ਪੁੱਛੇ ਗਏ ਜਵਾਬ ਦੇ ਵਿਚ ਵੀ ਆਪਣੇ ਸਮਾਜ ਦੇ ਆਗੂਆਂ ਨੂੰ ਕਹਿੰਦਾ ਹੈ ਕਿ ਜੇਕਰ ਕੋਈ ਪਰਿਵਾਰ ਅਜਿਹੇ ਬੱਚੇ ਨੂੰ ਰੱਖਣਾ ਚਾਹੁੰਦਾ ਹੈ ਤਾਂ ਸਾਡੀ ਬਰਾਦਰੀ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ । ਮਹੰਤ ਦਾ ਇਸ ਤਰ੍ਹਾਂ ਕਹਿਣਾ ਕਿੰਨਰ ਸਮਾਜ ਦੇ ਆਗੂਆਂ ਦੀ ਅਗਾਂਹ-ਵਧੂ ਸੋਚ ਦਾ ਪ੍ਰਤੀਕ ਹੈ । ਇਸ ਸਮਾਜ ਦੇ ਲੋਕ ਵੀ ਹੁਣ ਪੜ੍ਹ-ਲਿਖ ਗਏ ਹਨ ਅਤੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋ ਰਹੇ ਹਨ । ਇਹ ਇਕ ਸਮਾਜਿਕ ਸੱਚ ਹੈ ਕਿ ਅੱਜ ਤੱਕ ਕਿਸੇ ਵੀ ਕਿੰਨਰ ਬੱਚੇ ਨੂੰ ਆਮ ਘਰਾਂ ਵਿਚ ਨਹੀਂ ਦੇਖਿਆ ਹੈ । ਭਵਿੱਖ ਵਿਚ ਹੋ ਸਕਦਾ ਹੈ ਕਿ ਕੋਈ ਇਸ ਤਰ੍ਹਾਂ ਦੀ ਨਵੀਂ ਸੰਭਾਵਨਾ ਬਣ ਜਾਵੇ । ਕਿੰਨਰਾਂ ਦੇ ਲਈ ਸਭ ਤੋਂ ਪਹਿਲਾ ਸਿੱਖਿਆ ਦਾ ਪ੍ਰਬੰਧ ਹੋਵੇ । ਜੋ ਕਿੰਨਰ ਪੜ੍ਹ-ਲਿਖ ਕੇ ਨੌਕਰੀ ਕਰਨਾ ਚਾਹੁੰਦੇ ਹਨ, ਉਹ ਕਰ ਸਕਦੇ ਹਨ । ਜੇਕਰ ਕਿੰਨਰਾਂ ਦੀ ਸਿੱਖਿਆ ਹੋਵੇਗੀ

ਤਾਂ ਉਹ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੋਣਗੇ। ਇਸ ਲਈ ਉਨ੍ਹਾਂ ਦੇ ਵਿਚ ਜਾਗਰੂਕਤਾ ਫੈਲਾਉਣ ਦੀ ਲੋੜ ਹੈ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ। ਬਹੁਤ ਸਾਰੇ ਕਿੰਨਰ ਭਾਈਚਾਰੇ ਦੇ ਲੋਕ ਇਸ ਕੰਮ ਵਿਚ ਲੱਗੇ ਹੋਏ ਹਨ। ਸਮਾਜ ਵਿਚ ਇਹ ਧਾਰਨਾ ਬਣੀ ਹੋਈ ਹੈ ਕਿ ਕਿੰਨਰ ਸਮਾਜ ਆਪਣੀ ਬਰਾਦਰੀ ਦੇ ਬੱਚੇ ਨੂੰ ਆਪਣੇ ਵਿਚ ਸ਼ਾਮਲ ਕਰਨ ਲਈ ਹਰ ਹੀਲਾ ਵਰਤਦਾ ਹੈ। ਲਗਭਗ ਹਰ ਸਾਹਿਤਕਾਰ ਇਸ ਤੱਥ ਨੂੰ ਪੇਸ਼ ਕਰ ਰਿਹਾ ਹੈ। ਖੇਤਰੀ ਕਾਰਜ ਦੌਰਾਨ ਇਹ ਵਿਚਾਰ ਸਾਹਮਣੇ ਆਇਆ ਹੈ ਕਿ ਕਿੰਨਰ ਬੱਚਿਆਂ ਨੂੰ ਡੇਰੇ ਵਿਚ ਆਉਣਾ ਹੀ ਪੈਂਦਾ ਹੈ। ਸਮਾਜ ਕਦੋਂ ਇਸ ਤਰ੍ਹਾਂ ਦੇ ਬੱਚਿਆ ਨੂੰ ਆਪਣੇ ਘਰਾਂ ਵਿਚ ਰੱਖਦਾ ਹੈ। ਲਗਭਗ ਹਰ ਕਿੰਨਰ ਦਾ ਇਹੀ ਵਿਚਾਰ ਸੀ।

ਕਿੰਨਰ ਬੱਚਿਆਂ ਦੇ ਬਾਰੇ ਇਸ ਤਬਕੇ ਨੂੰ ਕਿਥੋਂ ਜਾਣਕਾਰੀ ਮਿਲਦੀ ਹੈ ? ਸਾਹਿਤਕ ਪੱਖ ਤੋਂ ਇਲਾਕੇ ਦੀ ਵੰਡ ਬਾਰੇ ਦੱਸਿਆ ਗਿਆ ਹੈ। ਖੇਤਰੀ ਕਾਰਜ ਦੌਰਾਨ ਇਸ ਪੱਖ ਤੇ ਗੱਲਬਾਤ ਕੀਤੀ ਕਿ ਇਸ ਸਮਾਜ ਦੇ ਲੋਕਾਂ ਨੂੰ ਕਿੰਨਰ ਬੱਚੇ ਦਾ ਕਿਵੇਂ ਪਤਾ ਲੱਗਦਾ ਹੈ? ਡੇਰੇ ਵਿਚਲੇ ਕਿੰਨਰਾਂ ਦਾ ਕਹਿਣਾ ਸੀ ਕਿ ਵਧਾਈਆਂ ਮੰਗਣ ਲਈ ਆਪਸੀ ਇਲਾਕੇ ਦੀ ਵੰਡ ਕੀਤੀ ਹੁੰਦੀ ਹੈ। ਇਸ ਲਈ ਸਮਾਜ ਦੇ ਹਰ ਗਲੀ ਮੁਹੱਲੇ ਉੱਤੇ ਨਜ਼ਰ ਰੱਖਦੇ ਹਨ ਕਿ ਕਿਸ ਘਰ ਵਿਆਹ ਹੋਇਆ ਹੈ ? ਕਿਸ ਘਰ ਮੁੰਡੇ ਦਾ ਜਨਮ ਹੋਇਆ ਹੈ ? ਪਰਮਾਤਮਾ ਨੇ ਇਨ੍ਹਾਂ ਨੂੰ ਇੱਕੋ ਕੰਮ ਤਾਂ ਸੌਂਪਿਆ ਹੈ, ਉਹ ਵੀ ਵਧਾਈਆਂ ਮੰਗਣ ਦਾ। ਇਸ ਲਈ ਹਰ ਗਲੀ-ਮੁਹੱਲੇ ਵਿਚੋਂ ਲੰਘਦੇ ਕਿਸੇ ਤੋਂ ਪੁੱਛ ਵੀ ਲੈਂਦੇ ਹਨ। ਕਈ ਵਾਰ ਹਸਪਤਾਲਾਂ ਦਾ ਰਿਕਾਰਡ ਵੀ ਚੈੱਕ ਕਰ ਲੈਂਦੇ ਹਨ। ਇਹ ਸਮਾਜ ਦਾ ਇਕ ਸਮਾਜਿਕ ਸੱਚ ਹੈ ਕਿ ਅਸਲ ਵਿਚ ਮਾਪੇ ਹੀ ਅਜਿਹੇ ਬੱਚਿਆ ਨੂੰ ਨਹੀਂ ਰੱਖਦੇ। ਸੋ ਸਾਹਿਤਕਾਰਾਂ ਦੁਆਰਾ ਪੇਸ਼ ਕੀਤੇ ਵਿਚਾਰਾ ਦੀ ਤੇ ਵਿਵਹਾਰਕ ਪੱਖ ਦੇ ਵਿਸ਼ਲੇਸ਼ਣ ਵਿਚ ਅਸਮਾਨਤਾ ਹੈ। 99% ਤਾਂ ਮਾਪੇ ਅਜਿਹੇ ਬੱਚਿਆ ਨੂੰ ਆਪ ਹੀ ਕਿੰਨਰ ਡੇਰਿਆਂ ਤੱਕ ਛੱਡ ਦਿੰਦੇ ਹਨ। ਅੱਜ ਤੋਂ ਪਹਿਲਾ ਇਸ ਸਮਾਜ ਦੇ ਲੋਕ ਅਜਿਹੇ ਬੱਚੇ ਨੂੰ ਪ੍ਰਾਪਤ ਕਰਨ ਲਈ ਜ਼ੋਰ ਜ਼ਬਰਦਸਤੀ ਵੀ ਕਰਦੇ ਸਨ। ਇਸ ਸਮਾਜ ਦੀ ਪੀੜ੍ਹੀ ਤਾਂ ਇਸੇ ਤਰ੍ਹਾਂ ਹੀ ਅੱਗੇ ਵਧਦੀ ਹੈ। ਜੇਕਰ ਸਭਿਅਕ ਸਮਾਜ ਦੇ ਲੋਕ ਇਸੇ ਤਰ੍ਹਾਂ ਘਰਾਂ ਵਿਚ ਬੱਚੇ ਰੱਖਣ ਲੱਗ ਪਏ ਤਾਂ ਇਸ ਸਮਾਜ ਦਾ ਕੀ ਬਣੇਗਾ ? ਅੱਜ ਦੇ ਜ਼ਮਾਨੇ ਵਿਚ ਵਿਚ ਇਹ ਕੋਈ ਜ਼ੋਰ ਜ਼ਬਰਦਸਤੀ ਨਹੀਂ ਕਰਦੇ ਸਗੋਂ ਮਾਪੇ ਹੀ ਅਜਿਹੇ ਬੱਚਿਆ ਨੂੰ ਰੱਖ ਕੇ ਰਾਜੀ ਨਹੀਂ ਹੁੰਦੇ।

ਸਮਾਜ ਦੇ ਨਫ਼ਰਤ ਭਰੇ ਵਤੀਰੇ ਕਾਰਨ ਮਾਨਸਿਕ ਤੌਰ ਤੇ ਪਰੇਸ਼ਾਨ ਹੋ ਕੇ ਵੀ ਅਜਿਹੇ ਬੱਚੇ ਡੇਰਿਆਂ ਦੀ ਸ਼ਰਨ ਲੈ ਲੈਂਦੇ ਹਨ ।

ਖੇਤਰੀ ਕਾਰਜ ਦੌਰਾਨ ਵਿਚਾਰ-ਚਰਚਾ ਕਰਦਿਆਂ ਇਹ ਤੱਥ ਸਾਹਮਣੇ ਆਇਆ ਹੈ ਕਿ ਡੇਰੇ ਵਿਚ ਦਾਖਲ ਹੋਣ ਤੇ ਕਿੰਨਰ ਬੱਚੇ ਦਾ ਨਾਮ ਸਭ ਤੋਂ ਪਹਿਲਾ ਤਬਦੀਲ ਕੀਤਾ ਜਾਂਦਾ ਹੈ । ਇਹ ਡੇਰੇ ਦੀ ਰਸਮ ਹੈ ਕਿ ਚੇਲਾ ਬਣਾਉਣ ਵੇਲੇ ਨਾਂ ਬਦਲਿਆਂ ਜਾਣਾ ਹੈ । ਇਹ ਗੱਲ ਬਿਲਕੁਲ ਸੱਚ ਹੈ । ਇਸ ਤੱਥ ਨੂੰ ਹਰ ਸਾਹਿਤਕਾਰ ਨੇ ਇਵੇਂ ਹੀ ਪੇਸ਼ ਕੀਤਾ ਜਿਵੇਂ' ' ਮੈਂ ਸ਼ਿਖੰਡੀ ਨਹੀਂ' ਵਿਚ ਮੱਖਣ ਤੋਂ ਸ਼ਿਖੰਡੀ , ਪ੍ਰਭਜੋਤ ਤੋਂ ਪੁਸ਼ਪ ਲਤਾ , ਇਸੇ ਤਰ੍ਹਾਂ ਹਰਕੀਰਤ ਕੌਰ ਚਹਿਲ ਦਾ ਨਾਵਲ ' ਆਦਮ-ਗ੍ਰਹਿਣ ' ਵਿਚ ਮੀਰਾ ਤੋਂ ਅਮੀਰਾਂ , ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ' ਵਿਚ ਸ਼ਰਨ ਕੌਰ ਤੋਂ ਜੁਗਨੂੰ ਮਹੰਤ, ਬੇਵੀ ਤੋਂ ਨਸੀਬ । ਕਹਾਣੀ ਵਿਧਾ ਦੇ ਅੰਦਰ ਵੀ ਡਾ.ਹਰਜੋਤ ਕੌਰ ਦੀ ਕਹਾਣੀ ' ਮਲਕਾ ' ਵਿਚ ਮਲਕਾ ਤੋਂ ਸਵਿੱਤਰੀ ਆਦਿ । ਜੇਕਰ ਅਸੀਂ ਵਿਵਹਾਰਕ ਪੱਖ ਤੋਂ ਵੇਖੀਏ ਤਾਂ ਬਿਲਕੁਲ ਸਹੀ ਹੈ । ਡੇਰੇ ਵਿਚ ਦਾਖਲ ਹੋਣ ਤੇ ਉਸ ਦਾ ਨਾਮ ਜ਼ਰੂਰ ਤਬਦੀਲ ਕੀਤਾ ਜਾਂਦਾ ਹੈ । ਪਰਿਵਾਰ ਵਿਚ ਉਸ ਬੱਚੇ ਦਾ ਨਾਮ ਹੋਰ ਹੁੰਦਾ ਹੈ ਤੇ ਡੇਰੇ ਵਿਚ ਉਸ ਨੂੰ ਹੋਰ ਨਾਮ ਨਾਲ ਬੁਲਾਇਆ ਜਾਂਦਾ ਹੈ । ਇਹ ਇਸ ਲਈ ਵੀ ਕੀਤਾ ਜਾਂਦਾ ਹੈ ਕਿਉਂਕਿ ਡੇਰੇ ਵਿਚ ਆਉਣ ਤੇ ਉਸ ਬੱਚੇ ਦੀ ਇਕ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ । ਉਸ ਕਿੰਨਰ ਬੱਚੇ ਦੇ ਪਿਛਲੇ ਪਿਛੋਕੜ ਨੂੰ ਛਪਾਉਣ ਲਈ ਉਸ ਦੇ ਨਾਮ ਦੀ ਤਬਦੀਲੀ ਕੀਤੀ ਜਾਂਦੀ ਹੈ । ਸੋ ਇਸ ਪੱਖ ਤੋਂ ਸਾਹਿਤਕ ਤੇ ਵਿਵਹਾਰਕ ਪੱਖ ਵਿਚ ਸਮਾਨਤਾ ਪਾਈ ਜਾਂਦੀ ਹੈ ।

ਸੋ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਕਿੰਨਰ ਸਮਾਜ ਇਕ ਬੰਦ ਸਮਾਜ ਹੈ । ਸਭਿਅਕ ਸਮਾਜ ਨਾਲ ਇਸ ਦੀ ਕੋਈ ਸਾਂਝ ਨਹੀਂ ਹੈ । ਸਮਾਜ ਵਿਚ ਸਿਰਫ਼ ਖ਼ੁਸ਼ੀਆਂ ਦੇ ਮੌਕੇ ਹੀ ਭਾਵ ਮੁੰਡੇ ਦੇ ਜਨਮ ਅਤੇ ਵਿਆਹ ਸਮੇਂ ਹੀ ਇਹ ਸਮਾਜ ਦੇ ਲੋਕ ਵਧਾਈ ਲੈਣ ਆਉਂਦੇ ਹਨ । ਸਮਾਜ ਦੇ ਬਾਕੀ ਮੌਕੇ ਕਿਸੇ ਵੀ ਦੁੱਖ-ਸੁੱਖ ਵਿਚ ਸ਼ਾਮਲ ਨਹੀਂ ਹੁੰਦਾ । ਜਦੋਂ ਕਿੰਨਰ ਸਮਾਜ ਦੀ ਕੋਈ ਸਭਿਅਕ ਸਮਾਜ ਨਾਲ ਸਾਂਝ ਹੀ ਨਹੀਂ ਤਾਂ ਅਸੀਂ ਇਨ੍ਹਾਂ ਦੀ ਜੀਵਨ ਸ਼ੈਲੀ ਤੋਂ ਅਣਜਾਣ ਹਾਂ । ਇਸ ਸਮਾਜ ਦੀਆਂ ਕੀ ਰਸਮਾਂ-ਰੀਤਾਂ ਹਨ ਤੇ ਇਹ ਕਿਵੇਂ

ਇਨ੍ਹਾਂ ਨੂੰ ਨਿਭਾਉਂਦਾ ਹੈ ? ਜੇਕਰ ਸਮਾਜ ਕਿੰਨਰਾਂ ਨਾਲ ਕੋਈ ਵਿਵਹਾਰ ਕਰੇਗਾ ਤਾਂ ਹੀ ਇਸ ਸਮਾਜ ਨੂੰ ਸਮਝ ਸਕੇਗਾ। ਕਿੰਨਰ ਸਮਾਜ ਰਿਸ਼ਤਿਆਂ ਲਈ ਬਹੁਤ ਤੜਫ਼ਦਾ ਹੈ । ਪਰਿਵਾਰ ਛੱਡਣ ਤੋਂ ਬਾਅਦ ਖ਼ੂਨ ਦੇ ਰਿਸ਼ਤੇ ਤਾਂ ਖ਼ਤਮ ਹੀ ਹੋ ਜਾਂਦੇ ਹਨ। ਡੇਰੇ ਵਿਚ ਆ ਕੇ ਗੁਰੂ ਤੇ ਚੇਲੇ ਦਾ ਰਿਸ਼ਤਾ ਬਣਦਾ ਹੈ । ਡੇਰੇ ਵਿਚ ਇਸ ਰਿਸ਼ਤੇ ਦੀ ਬੜੀ ਅਹਿਮੀਅਤ ਹੈ। ਖੇਤਰੀ ਕਾਰਜ ਦੌਰਾਨ ਕਿੰਨਰ ਡੇਰਿਆਂ ਵਿਚ ਗਈ। ਇਸ ਸਮਾਜ ਨਾਲ ਗੱਲਬਾਤ ਕੀਤੀ। ਕਿੰਨਰ ਸਮਾਜ ਦੇ ਲੋਕ ਛੇਤੀ ਕਿਤੇ ਕੁਝ ਦੱਸਣ ਲਈ ਤਿਆਰ ਨਹੀਂ ਹੁੰਦੇ। ਸ਼ੁਰੂ ਵਿਚ ਬੇਸ਼ੱਕ ਇਨ੍ਹਾਂ ਤੱਕ ਪਹੁੰਚ ਕਰਨ ਲਈ ਬੜੀ ਮੁਸ਼ਕਿਲ ਆਈ। ਇਸ ਸਮਾਜ ਦੇ ਡੇਰੇ ਅੰਦਰ ਸਿੱਧਾ ਜਾ ਕੇ ਗੱਲਬਾਤ ਕਰਨੀ ਬੜੀ ਮੁਸ਼ਕਿਲ ਸੀ। ਇਸ ਲਈ ਕੋਈ ਅਜਿਹਾ ਵਿਅਕਤੀ ਭਾਲਦੀ ਜੋ ਇਨ੍ਹਾਂ ਨੂੰ ਜਾਣਦਾ ਹੋਵੇ । ਉਸ ਵਿਅਕਤੀ ਰਾਹੀਂ ਕਿੰਨਰਾਂ ਦੇ ਡੇਰੇ ਸੰਪਰਕ ਬਣਾਇਆ ਜਾਂਦਾ। ਇਸ ਸਮਾਜ ਨਾਲ ਗੱਲਬਾਤ ਕਰਨ ਸਮੇਂ ਸਭ ਤੋਂ ਵੱਡੀ ਮੁਸ਼ਕਿਲ ਆਉਂਦੀ ਹੈ ਕਿ ਇਹ ਵਰਗ ਕੁਝ ਵੀ ਦੱਸਣ ਲਈ ਤਿਆਰ ਨਹੀਂ ਹੁੰਦਾ। ਗੁਰੂ ਦੀ ਆਗਿਆ ਤੋਂ ਬਿਨਾਂ ਚੇਲਾ ਗੱਲ ਨਹੀਂ ਕਰ ਸਕਦਾ। ਜਿਸ ਦਾ ਜਵਾਬ ਉਸ ਨੇ ਨਾ ਦੇਣਾ ਹੋਵੇ ਤਾਂ ਕਹਿਣਗੇ ਇਹ ਤਾਂ ਗੁਰੂ ਤੋਂ ਪੁੱਛ ਲਵੋ। ਸਮਾਜ ਵਿਚ ਇਹ ਧਾਰਨਾ ਬਣੀ ਹੋਈ ਹੈ ਕਿ ਇਸ ਵਰਗ ਦੀ ਭਾਸ਼ਾ ਵਿਚ ਹਮੇਸ਼ਾ ਖਾਰਾਪਣ, ਕੌੜਾ-ਕਸੈਲਾ, ਵਿਅੰਗ, ਗਾਲ੍ਹਾਂ ਤੇ ਗੁੱਸੇ ਭਰੀ ਸ਼ਬਦਾਵਲੀ ਹੁੰਦੀ ਹੈ। ਇਸ ਵਰਗ ਦੇ ਲੋਕ ਹਮੇਸ਼ਾ ਲੜਾਈ ਕਰਨ ਲਈ ਤਿਆਰ ਹੋ ਜਾਂਦੇ ਹਨ। ਜਦੋਂ ਇਨ੍ਹਾਂ ਗੱਲਾਂ ਨੂੰ ਗਲਪੀ ਸਾਹਿਤ ਵਿਚ ਕਿੰਨਰ ਵਰਗ ਦੀ ਭਾਸ਼ਾ ਨਾਲ ਵਾਚਦੇ ਹਾਂ ਤਾਂ ਸਮਾਜ ਵੱਲੋਂ ਬਣਾਈ ਗਈ ਧਾਰਨਾ ਟੁੱਟਦੀ ਨਜ਼ਰ ਆਉਂਦੀ ਹੈ। ਪੰਜਾਬੀ ਗਲਪ ਸਾਹਿਤ ਵਿਚ ਪੇਸ਼ ਕਿੰਨਰ ਵਰਗ ਦੀਆਂ ਵੱਖੋ-ਵੱਖਰੀਆਂ ਭਾਸ਼ਾਈ ਵੰਨਗੀਆਂ ਵਿਚ ਸ਼ਾਮਲ ਸ਼ਬਦਾਂ ਦੀ ਭਰਮਾਰ ਜਿਵੇਂ ਪਿਆਰ ਸਤਿਕਾਰ, ਵੱਡਿਆਂ ਦਾ ਆਦਰ ਕਰਨਾ, ਛੋਟਿਆਂ ਨੂੰ ਪਿਆਰ, ਮਾਂ ਦੀ ਮਮਤਾ ਆਦਿ ਭਾਸ਼ਾਈ ਰੂਪ ਵਿਚ ਮਿਲਦੇ ਹਨ। ਖੇਤਰੀ ਕਾਰਜ ਦੌਰਾਨ ਇਨ੍ਹਾਂ ਦੀ ਗੁਪਤ ਭਾਸ਼ਾ ਦੇ ਕੁਝ ਸ਼ਬਦ ਇਕੱਠੇ ਕੀਤੇ ਹਨ। ਕਿੰਨਰ ਵਰਗ ਛੇਤੀ ਕਿਤੇ ਆਪਣੀ ਭਾਸ਼ਾ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੁੰਦਾ। ਹਰ ਪੱਖ ਨੂੰ ਬਾਰੀਕੀ ਨਾਲ ਘੋਖਣ ਦੀ ਕੋਸ਼ਿਸ਼ ਕੀਤੀ ਹੈ।

ਭਾਰਤੀ ਸਾਹਿਤ ਲੰਮਾ ਸਮਾਂ ਕਿੰਨਰ ਸਮਾਜ ਲਈ ਬੰਜਰ ਭੂਮੀ ਦੀ ਤਰ੍ਹਾਂ ਹੀ ਰਿਹਾ ਹੈ। ਅੱਜ 21ਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੇ ਹਾਂ। ਸਾਹਿਤਕਾਰ ਵੀ ਇਸ ਵਰਗ ਪ੍ਰਤੀ ਅਵੇਸਲੇ ਹੀ ਰਹੇ। ਜਿਸ ਤਰ੍ਹਾਂ ਹੋਰ ਵਿਸ਼ਿਆਂ ਨੂੰ ਸਾਹਿਤ ਵਿਚ ਹਰ ਸਾਹਿਤਕਾਰ ਨੇ ਸ਼ਿੱਦਤ ਨਾਲ ਬਿਆਨ ਕਰਨ ਦਾ ਯਤਨ ਕੀਤਾ ਹੈ। ਉਸ ਦੇ ਮੁਕਾਬਲੇ ਲਿੰਗ ਭੇਦ ਵਾਲੇ ਕਿੰਨਰ ਸਮਾਜ ਲਈ ਸਾਹਿਤ ਵਿਚ ਉਹ ਸਥਾਨ ਨਹੀਂ ਬਣਿਆ ਹੈ। ਬੇਸ਼ੱਕ ਸਾਹਿਤ ਵਿਚ ਅੱਜ ਉੱਤਰ-ਆਧੁਨਿਕਤਾ ਦੇ ਯੁੱਗ ਵਿਚ ਇਸ ਹਾਸ਼ੀਏ ਤੇ ਧੱਕੇ ਹੋਏ ਵਰਗ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਵਰਗ ਦੀਆਂ ਭਾਵਨਾਵਾਂ ਨੂੰ ਪੇਸ਼ ਕਰਨ ਵਾਲੇ ਲੇਖਕ ਸਿਰਫ਼ ਉਂਗਲਾਂ ਤੇ ਹੀ ਗਿਣੇ ਜਾ ਸਕਦੇ ਹਨ। ਭਾਰਤੀ ਸਾਹਿਤਕਾਰਾਂ ਨੇ ਵੀ ਕਿੰਨਰ ਵਰਗ ਦੀਆਂ ਭਾਵਨਾਵਾਂ ਨੂੰ ਸਮਝਣ ਦਾ ਕੋਈ ਬਹੁਤਾ ਉਪਰਾਲਾ ਨਹੀਂ ਕੀਤਾ ਹੈ। ਸਾਹਿਤਕਾਰ ਵੀ ਸਮਾਜ ਦੇ ਹੋਰ ਵਰਗਾਂ ਦੇ ਦੁੱਖਾਂ-ਤਕਲੀਫ਼ਾਂ ਵੱਲ ਹੀ ਝੁਕੇ ਰਹੇ। ਸਮਾਜ ਵਿਚ ਹੁਣ ਹੌਲ਼ੀ-ਹੌਲੀ ਸੋਝੀ ਆਉਣ ਦੇ ਕਾਰਨ ਸਾਹਿਤ ਵਿਚ ਇਸ ਹਾਸ਼ੀਏ ਤੇ ਧੱਕੇ ਹੋਏ ਸਮਾਜ ਨੂੰ ਸਮਝਣ ਦਾ ਯਤਨ ਕਰਨ ਲੱਗੇ ਹਾਂ। ਜਿਨ੍ਹਾਂ ਸਾਹਿਤਕਾਰਾਂ ਨੇ ਕਿੰਨਰ ਸਮਾਜ ਦੇ ਦੁੱਖਾਂ-ਤਕਲੀਫ਼ਾਂ ਨੂੰ ਸਮਝਣ ਦਾ ਪ੍ਰਯਤਨ ਕੀਤਾ ਹੈ। ਉਨ੍ਹਾਂ ਸਾਹਿਤਕਾਰਾਂ ਨੇ ਹੀ ਇਸ ਵਰਗ ਨੂੰ ਸਾਹਿਤ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕਰਵਾਇਆ ਹੈ। ਕਿੰਨਰ ਸਮਾਜ ਨੂੰ ਵਿਸ਼ੇਸ਼ ਇਤਿਹਾਸਕ ਮਾਨਤਾ ਪ੍ਰਾਪਤ ਹੈ ,ਪਰ ਅੱਜ ਲੋੜ ਹੈ ਇਤਿਹਾਸਕ ਪੱਖ ਤੋਂ ਸਮਝਣ ਦੀ ਬਜਾਏ ਇਸ ਵਰਗ ਦੀਆਂ ਵਰਤਮਾਨ ਸਮੱਸਿਆਵਾਂ ਨੂੰ ਸਮਾਜ ਦੇ ਸਾਹਮਣੇ ਲਿਆਂਦਾ ਜਾਵੇ। ਸਮਾਜ ਵਿਚ ਸਾਹਿਤ ਅਤੇ ਖੋਜ ਕਾਰਜਾਂ ਵਿਚ ਕਿੰਨਰ ਜੀਵਨ ਦੇ ਸੰਵੇਦਨਾਤਮਿਕ ਪਹਿਲੂਆਂ ਬਾਰੇ ਅਨੇਕਾਂ ਪੱਖ ਬਾਹਰ ਆ ਰਹੇ ਹਨ , ਇਸੇ ਤਰ੍ਹਾਂ ਭਵਿੱਖ ਵਿਚ ਉਮੀਦ ਕੀਤੀ ਜਾ ਸਕਦੀ ਹੈ ਕਿ ਇਸ ਵਰਗ ਦੀ ਜੀਵਨ-ਸ਼ੈਲੀ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਹੋਵੇਗੀ।

# ਅਧਿਆਇ ਤੀਜਾ

# ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਆਰਥਿਕ ਅਧਿਐਨ

ਆਦਿ ਕਾਲ ਵਿਚ ਮਨੁੱਖ ਆਪਣਾ ਗੁਜ਼ਰ-ਵਸਰ ਲਈ ਸ਼ਿਕਾਰ ਕਰਿਆ ਕਰਦੇ ਸਨ । ਸਮਾਜਿਕ ਤਬਦੀਲੀਆ ਦੇ ਸਦਕਾ ਬਾਅਦ ਵਿਚ ਆਪਣੀ ਉਪਜੀਵਕਾ ਲਈ ਪਸ਼ੂ-ਪਾਲਣਾ ਸ਼ੁਰੂ ਕਰ ਦਿੰਦੇ ਹਨ, ਜੋ ਕਿ ਸਮੂਹਿਕਤਾਂ ਦੇ ਰੂਪ ਵਜੋਂ ਕਾਰਜਸ਼ੀਲ ਸੀ । ਜਿਵੇਂ-ਜਿਵੇਂ ਮਨੁੱਖ ਨੇ ਸਮੂਹ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਲਈ ਇਕ ਵਿਕਸਿਤ ਸਮਾਜ ਹੋਂਦ ਵਿਚ ਆਇਆ । ਮਨੁੱਖ ਆਪਣਾ ਜੀਵਨ ਨਿਰਬਾਹ ਕਰਨ ਲਈ ਕੋਈ-ਨਾ - ਕੋਈ ਪੇਸ਼ੇ ਵਰ ਕੰਮ-ਧੰਦਾ ਜ਼ਰੂਰ ਕਰਦਾ ਹੈ । ਉਪਜੀਵਕਾ ਤੋਂ ਭਾਵ ਜੀਵਨ ਨਿਰਬਾਹ ਕਰਨ ਲਈ ਵਰਤਿਆ ਗਿਆ ਧੰਦਾ ਹੈ। ਧੰਦੇ ਵਿਸ਼ੇਸ਼ ਤੌਰ ਉੱਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ ਜਿਵੇਂ ਖੇਤੀਬਾੜੀ , ਵਪਾਰ ਅਤੇ ਨੌਕਰੀ ਪੇਸ਼ਾ । ਇਸ ਤੋਂ ਬਿਨਾਂ ਵੀ ਦੁਕਾਨਦਾਰੀ ਦਸਤਕਾਰੀ ਅਤੇ ਮਜ਼ਦੂਰੀ ਆਦਿ ਛੋਟੇ-ਛੋਟੇ ਧੰਦੇ ਹਨ । ਇਹ ਧੰਦੇ ਮੁੱਖ ਸ਼੍ਰੇਣੀਆ ਦੇ ਹੀ ਆ ਜਾਂਦੇ ਹਨ । ਇਸ ਤੋਂ ਇਲਾਵਾ ਸਮਾਜ ਵਿਚ ਹੋਰ ਕਈ ਸ਼੍ਰੇਣੀਆ ਵੀ ਇਨ੍ਹਾਂ ਮੁੱਖ ਸ਼੍ਰੇਣੀਆਂ ਨਾਲ ਜੁੜੀਆਂ ਹੁੰਦੀਆਂ ਹਨ । ਉਨ੍ਹਾਂ ਸ਼੍ਰੇਣੀਆਂ ਦੇ ਵਿਚੋਂ ਜਿਵੇਂ ਲੁਹਾਰ ਜੱਟਾਂ ਲਈ ਖੇਤੀਬਾੜੀ ਦੇ ਸੰਦ ਤਿਆਰ ਕਰਦਾ, ਘੁਮਿਆਰ ਪਾਣੀ ਲਈ ਘੜੇ ਬਣਾਉਂਦ ,ਤਰਖਾਣ ਮਕਾਨ ਉਸਾਰਨ , ਮੰਜੇ-ਮੰਜੀਆਂ ਬਣਾਉਂਦਾ , ਤੇਲੀ ਤੇਲ ਕੱਢਦਾ ਅਤੇ ਜੁਲਾਹੇ ਕੱਪੜਾ ਬੁਣਨ ਦਾ ਧੰਦਾ ਕਰਦੇ । ਕਿਸੇ ਵੀ ਦੇਸ਼ ਜਾਂ ਕੌਮ ਦੇ ਲੋਕਾਂ ਦੀ ਉਪਜੀਵਕਾ ਦੇ ਢੰਗ ,ਸਾਧਨ ਤੇ ਕਿਸਮ ਨੂੰ ਉਸ ਖ਼ਿੱਤੇ ਦੀਆਂ ਭੂਗੋਲਿਕ ਹਾਲਤਾਂ ਅਨੁਸਾਰ ਦੇਖਿਆ ਜਾਂਦਾ ਹੈ । ਪੰਜਾਬ ਦੀ ਉਪਜਾਊ ਮਿੱਟੀ ਹੋਣ ਸਦਕਾ ਇੱਥੋਂ ਦਾ ਮੁੱਖ ਧੰਦਾ ਖੇਤੀਬਾੜੀ ਹੀ ਹੈ । ਪੰਜਾਬ ਵਿਚ ਬਾਕੀ ਧੰਦਿਆਂ ਦੇ ਮੁਕਾਬਲੇ ਖੇਤੀਬਾੜੀ ਧੰਦੇ ਦੀ ਵਿਸ਼ੇਸ਼ ਮਾਨਤਾ ਹੈ । ਹਰ ਜਾਤੀ ਦਾ ਕੋਈ-ਨਾ-ਕੋਈ ਧੰਦਾ ਹੈ ।

ਜੇਕਰ ਲਿੰਗ ਦੇ ਅਧਾਰ ਉੱਤੇ ਪੰਜਾਬੀ ਧੰਦਿਆਂ ਦੀ ਗੱਲ ਕਰੀਏ ਤਾਂ ਔਰਤ ਅਤੇ ਮਰਦ ਦੇ ਵੀ ਵੱਖਰੇ-ਵੱਖਰੇ ਧੰਦੇ ਹਨ । ਮਰਦ ਦੇ ਹਿੱਸੇ ਬਾਹਰੋਂ ਕਮਾ ਕੇ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ,ਉੱਥੇ ਔਰਤ ਨੂੰ ਬੱਚੇ ਪੈਦਾ ਕਰਨਾ ਅਤੇ ਘਰ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ । ਘਰ ਦੀਆਂ ਔਰਤਾਂ ਦਰੀਆਂ , ਖੇਸ ਬੁਣਨੇ , ਨਾਲੇ ,

ਨਵਾਰ ਬੁਣਨਾ , ਕੱਪੜੇ ਸਿਉਣੇ , ਬਾਲਣ ਲਈ ਗੋਹਾ ਪੱਥਣਾ , ਭੋਜਨ ਤਿਆਰ ਕਰਨਾ , ਕੱਚੇ ਘਰਾਂ ਨੂੰ ਲਿੱਪਣਾ ,ਚੱਕੀ , ਚਰਖਾ ਆਦਿ ਅਨੇਕਾਂ ਧੰਦੇ ਔਰਤਾਂ ਨਾਲ ਜੁੜੇ ਹੋਏ ਹਨ । ਪੁਰਸ਼ ਅਤੇ ਔਰਤ ਨੂੰ ਪਰੰਪਰਕ ਰੂਪ ਵਿਚ ਕੀਤੀ ਵੰਡ ਦੇ ਆਧਾਰ ਤੇ ਸਭ ਕੁਝ ਮਿਲਿਆ ਭਾਵ ਮਰਦ-ਔਰਤ ਦੇ ਧੰਦਿਆਂ ਦੀ ਵਰਗ ਵੰਡ ਜਨਮ ਤੋਂ ਹੀ ਮੌਜੂਦ ਸੀ । ਸਮਾਜ ਵਿਚ ਉਨ੍ਹਾਂ ਦੀ ਉਪਜੀਵਕਾ ਲਈ ਪਹਿਲਾ ਹੀ ਸਭ ਕੁਝ ਨਿਸ਼ਚਿਤ ਸੀ । ਇਸ ਦੇ ਮੁਕਾਬਲੇ ਕਿੰਨਰ ਵਰਗ ਨੂੰ ਕਿਸੇ ਵੀ ਕੰਮ-ਧੰਦੇ ਦੇ ਘੇਰੇ ਵਿਚ ਕੋਈ ਨਿਸ਼ਚਿਤ ਥਾਂ ਨਾ ਦਿੱਤੀ ਗਈ । ਸਰੀਰਕ ਤੇ ਮਾਨਸਿਕ ਪੱਖ ਤੋਂ ਕੋਈ ਵੀ ਊਣਤਾਈ ਇਸ ਵਰਗ ਦੇ ਲੋਕਾਂ ਵਿਚ ਨਜ਼ਰ ਨਹੀਂ ਆਉਂਦੀ । ਕਿੰਨਰ ਸਮਾਜ ਦੇ ਲੋਕ ਬੇਸ਼ੱਕ ਸੰਤਾਨ ਉਤਪਤੀ ਨਹੀਂ ਕਰ ਸਕਦੇ ਪਰ ਬਾਕੀ ਤਾਂ ਉਹ ਸਾਰੇ ਕੰਮ ਕਰ ਸਕਦੇ ਹਨ ਜੋ ਇਕ ਆਮ ਮਨੁੱਖ ਕਰਦਾ ਹੈ । ਇਤਿਹਾਸ ਉੱਪਰ ਨਜ਼ਰ ਮਾਰੀਏ ਤਾਂ ਮੁਗ਼ਲਾਂ ਦੇ ਸਮੇਂ ਕਿੰਨਰਾਂ ਨੂੰ ਹਰਮਾਂ ਵਿਚ ਰਾਣੀਆਂ ਦੀ ਰਖਵਾਲੀ ਲਈ ਰੱਖਿਆ ਜਾਂਦਾ ਸੀ । ਇਸ ਵਿਚ ਵੀ ਸਮਾਜ ਦਾ ਆਪਣਾ ਹੀ ਲਾਲਚ ਛੁਪਿਆ ਹੋਇਆ ਸੀ । ਮਨੁੱਖ ਹੋਣ ਦੇ ਨਾਤੇ ਇਸ ਵਰਗ ਦੇ ਲੋਕਾਂ ਨੂੰ ਵੀ ਆਪਣੀ ਉਪਜੀਵਕਾ ਕਮਾਉਣ ਲਈ ਕਿਸੇ ਧੰਦੇ ਦੀ ਜ਼ਰੂਰਤ ਹੈ । ਹਰ ਜਾਤੀ ਦਾ ਧੰਦਾ ਨਿਸ਼ਚਿਤ ਹੈ । ਕਿੰਨਰ ਸਮਾਜ ਦੇ ਲਈ ਕਿਸੇ ਵੀ ਧੰਦੇ ਦਾ ਜ਼ਿਕਰ ਸਮਾਜ ਵਿਚ ਨਹੀਂ ਹੈ । ਇਨ੍ਹਾਂ ਦੇ ਹਿੱਸੇ ਨੱਚ-ਗਾ ਕੇ ਵਧਾਈ ਮੰਗਣ ਦਾ ਧੰਦਾ ਹੀ ਆਇਆ ਹੈ । ਅੱਜ ਉੱਤਰ-ਆਧੁਨਿਕਤਾ ਦੇ ਯੁੱਗ ਵਿਚ ਜੱਦੀ ਪੁਸ਼ਤੀ ਕਿੱਤੇ ਬਦਲ ਰਹੇ ਹਨ । ਜੱਦੀ ਪੁਸ਼ਤੀ ਕਿੱਤਾ ਬੰਦੇ ਦੀ ਸਮਾਜਿਕ ਸਥਿਤੀ ਨੂੰ ਨਿਰਧਾਰਿਤ ਕਰਦਾ ਹੈ । ਕਿੱਤੇ ਨੂੰ ਬਦਲ ਕੇ ਮਨੁੱਖ ਕਿਸੇ ਹੱਦ ਤੱਕ ਆਪਣੀ ਸਮਾਜਿਕ ਸਥਿਤੀ ਨੂੰ ਬਦਲ ਸਕਦਾ ਹੈ । ਸਮਾਜ ਵਿਚ ਹਰ ਵਰਗ ਆਪਣੀ ਉਪਜੀਵਕਾ ਕਮਾਉਣ ਲਈ ਕੋਈ ਨਾ ਕੋਈ ਕਾਰਜ ਕਰਦਾ ਹੈ । ਇਹ ਕੰਮ-ਧੰਦਾ ਹੀ ਉਸ ਦਾ ਆਰਥਿਕ ਅਧਾਰ ਬਣਦਾ ਹੈ । ਹਰ ਵਰਗ ਆਪਣੇ ਕਿੱਤੇ ਅਨੁਸਾਰ ਹੀ ਆਪਣਾ ਕੰਮ-ਧੰਦਾ ਕਰਦਾ ਹੈ । ਦੁਨੀਆ ਭਰ ਦੇ ਕਿਰਤੀ ਇਕ ਮਈ ਨੂੰ ਕਿਰਤ ਦਿਵਸ ਵਜੋਂ ਮਨਾਉਂਦੇ ਹਨ । ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਰਤ ਨੂੰ ਪ੍ਰਮੁੱਖ ਮਨੁੱਖੀ ਗੁਣ ਦੱਸਦਿਆਂ ਕਿਹਾ ਹੈ ਕਿ -

'ਘਾਲ ਖਾਇ ਕਿਛੁ ਹਥਹੁ ਦੇਇ ।।

ਨਾਨਕ ਰਾਹੁ ਪਛਾਣਹਿ ਸੇਇ ।। (1245)

ਕਿਰਤ ਤੋਂ ਬਿਨਾਂ ਖ਼ੁਸ਼ਹਾਲੀ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ । ਇਸ ਲਈ ਹਰ ਵਰਗ ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕਿਰਤ ਕਰਦਾ ਹੈ । ਗੁਰੂ ਸਾਹਿਬਾਂ ਦੀ ਬਾਣੀ ਵਿਚ ਵੀ ਕਿਰਤ ਨੂੰ ਮਹੱਤਵ ਦਿੱਤਾ ਗਿਆ ਹੈ ।‘ ਕਿਰਤ ਕਰੋ , ਨਾਮ ਜਪੋ ਅਤੇ ਵੰਡ ਕੇ ਛਕੋ ’ ਦੇ ਸਿਧਾਂਤ ਨੂੰ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਮਾਨਤਾ ਹੈ । ਸੋ ਆਪਣੀ ਉਪਜੀਵਕਾ ਕਮਾਉਣ ਲਈ ਕਿੰਨਰ ਵਰਗ ਵਧਾਈ ਮੰਗਣ ਲਈ ਖ਼ੁਸ਼ੀ ਦੇ ਸਮੇਂ ਘਰਾਂ ਵਿਚ ਜਾਂਦਾ ਹੈ । ਇਸ ਵਰਗ ਦਾ ਪ੍ਰਮੁੱਖ ਕਿੱਤਾ ਖ਼ੁਸ਼ੀ ਦੇ ਮੌਕੇ ( ਖ਼ਾਸ ਕਰਕੇ ਮੁੰਡਾ ਜੰਮਣ ਅਤੇ ਮੁੰਡੇ ਦੇ ਵਿਆਹ ਸਮੇਂ) ਤੇ ਨੱਚਣਾ ਅਤੇ ਵਧਾਈ ਮੰਗਣਾ ਹੈ । ਲੋਕ ਨੰਗੇ ਪੈਰੀਂ ਨੱਚ ਕੇ ਆਪਣੇ ਡੇਰਿਆਂ ਨੂੰ ਚਲਾਉਂਦੇ ਹਨ । ਸਮਾਜ ਇਸ ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕੰਮ ਦੇ ਮੌਕੇ ਨਹੀਂ ਦਿੰਦਾ ।

ਕਿੰਨਰ ਵਰਗ ਦੇ ਲੋਕ ਆਪਣੀ ਆਮਦਨ ਨੱਚ-ਗਾ ਕੇ ਪ੍ਰਾਪਤ ਕਰਦੇ ਹਨ । ਸਮਾਜ ਦੇ ਵਿਚ ਮੁੰਡੇ ਦੇ ਜਨਮ ਤੇ ਵਿਆਹ ਸਮੇਂ ਕਿੰਨਰਾਂ ਨੂੰ ਸੱਦਾ ਭੇਜਿਆ ਜਾਂਦਾ ਹੈ ਤਾਂ ਜੋ ਆ ਕੇ ਆਪਣਾ ਅਸ਼ੀਰਵਾਦ ਦੇਣ । ਵਧਾਈ ਦੇ ਰੂਪ ਵਿਚ ਉੱਥੋਂ ਧਨ ਅਤੇ ਕੱਪੜੇ ਬਗੈਰਾ ਇਕੱਠਾ ਕਰਦੇ ਹਨ । ਇਹ ਵਰਗ ਸਮਾਜ ਦੇ ਵਿਆਹ ਜਾਂ ਜਨਮ ਦੀ ਖ਼ਬਰ ਪਿੰਡ ਅਤੇ ਸ਼ਹਿਰਾਂ ਦੇ ਵਿਚ ਬਣੀਆਂ ਦਾਈਆ ਤੋਂ ਵੀ ਇਕੱਠੀ ਕਰ ਲੈਂਦੇ ਹਨ ਜਾਂ ਫਿਰ ਅੱਜ-ਕੱਲ੍ਹ ਨਗਰ ਪਰਿਸ਼ਦਾ ਦੇ ਰਿਕਾਰਡ ਤੋਂ ਵੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ । ਵਿਆਹ ਦੇ ਬਾਰੇ ਵੱਖ-ਵੱਖ ਪ੍ਰਕਾਰ ਦੀਆਂ ਧਰਮਸ਼ਾਲਾ ਅਤੇ ਮੈਰਿਜ ਪੈਲੇਸ ਦੀ ਬੁਕਿੰਗ ਤੋਂ ਵੀ ਪਤਾ ਲਗਾ ਲੈਂਦੇ ਹਨ । ਦੱਖਣੀ ਭਾਰਤ ਦੇ ਮੁਕਾਬਲੇ ਵਧਾਈ ਲੈਣ ਦੀ ਪ੍ਰਕਿਰਿਆ ਉੱਤਰ ਭਾਰਤ ਵਿਚ ਵਧੇਰੇ ਪ੍ਰਚਲਿਤ ਹੈ । ਇਸ ਸੰਬੰਧੀ ਡਾ.ਐਮ. ਫ਼ਿਰੋਜ਼ ਅਹਿਮਦ ਅਤੇ .ਮੋ ਸ਼ਮੀਮ ,ਵੱਲੋਂ ‘ ਸ਼ਬਦ ’ ਮੈਗਜ਼ੀਨ ਜੁਲਾਈ-ਸਤੰਬਰ, 2017 ਵਿਚ ਪ੍ਕਾਸ਼ਿਤ ਇੰਟਰਵਿਊ ਵਿਚ ਦੱਸਿਆ :

ਨੇਗ ਦੇ ਇਲਾਵਾ ਕਿੰਨਰਾਂ ਦੇ ਕੋਲ ਹੋਰ ਕਿਹੜਾ ਸਾਧਨ ਆਮਦਨ ਦਾ ਹੈ , ਹੋਰ ਕਿਹੜਾ ਜ਼ਰੀਆਂ ਹੈ ਆਪਣਾ ਅਤੇ ਆਪਣੇ ਸਮਾਜ ਦੇ ਲੋਕਾਂ ਦਾ ਪੇਟ ਭਰਨ ਦਾ । ਕੀ ਉਨ੍ਹਾਂ ਕੋਲ ਖੇਤੀਬਾੜੀ ਹੈ ? ਕੀ ਕੋਈ ਬਿਜ਼ਨੈੱਸ ਜਾਂ ਕਾਰੋਬਾਰ ਹੈ ? ਕੀ ਕੋਈ ਨੌਕਰੀ ਹੈ ? ਕੀ ਹੈ ਉਂਨ੍ਹਾ ਕੋਲ ? ਤੁਹਾਡੇ ਦਿੱਤੇ ਹੋਏ ਨੇਗ ਨਾਲ ਹੀ ਉਹ ਦੋ ਵਕਤ ਦੀ ਰੋਟੀ ਖਾਂਦੇ ਹਨ ਅਤੇ ਵਧਾਈ ਕਿਹੜਾ ਹਰ ਰੋਜ਼ ਹੁੰਦੀ ਹੈ । ਕਦੋਂ ਬੱਚਾ ਪੈਦਾ ਹੁੰਦਾ ਹੈ ਅਤੇ ਕਦੋਂ 20-25 ਸਾਲ ‘ਚ ਉਸ ਦੀ ਸ਼ਾਦੀ ਹੁੰਦੀ ਹੈ , ਤਦ ਕਿਤੇ ਜਾ ਕਰ ਉਨ੍ਹਾਂ ਨੂੰ ਵਧਾਈ ਨਸੀਬ ਹੁੰਦੀ

ਹੈ ---- ਸਾਰੀ ਉਮਰ ਤੁਹਾਡੇ ਲਈ ਦੁਆ ਹੀ ਤਾਂ ਮੰਗ- ਮੰਗ ਕੇ ਉਨ੍ਹਾਂ ਨੂੰ ਵਧਾਈ ਨਸੀਬ ਹੁੰਦੀ ਹੈ ਤਾਂ ਉਹ ਕਿਵੇਂ ਕਹਿ ਦੇਣ ਕਿ ਇਹ ਮੇਰਾ ਹੱਕ ਨਹੀਂ । ਹਾਂ ਇਹ ਮੇਰਾ ਅਧਿਕਾਰ ਹੈ ---। (47)

ਅੱਜ ਉੱਤਰ-ਆਧੁਨਿਕਤਾ ਦੇ ਦੌਰ ਵਿਚ ਬੇਸ਼ੱਕ ਬਹੁਤ ਸਾਰੇ ਕਿੰਨਰ ਪੜ੍ਹ-ਲਿਖ ਗਏ ਹਨ ਅਤੇ ਹੋਰ ਕੰਮ-ਧੰਦਿਆਂ ਨੂੰ ਵੀ ਅਪਣਾ ਰਹੇ ਹਨ। ਭਾਰਤੀ ਕਿੰਨਰ ਸਮਾਜ ਦੀ ਗੱਲ ਤੋਰੀਏ ਤਾਂ ਇਨ੍ਹਾਂ ਦੀ ਕਮਾਈ ਦਾ ਸਾਧਨ ਵਧਾਈ ਤੋਂ ਇਲਾਵਾ ਹੋਰ ਵੀ ਹੈ ,ਜਿਵੇਂ ਸੈਕਸ ਵਰਕਰ ਦੇ ਰੂਪ ਵਿਚ ਕੰਮ ਕਰਨਾ । ਆਮ ਤੌਰ ਉੱਤੇ ਵੱਡੇ-ਵੱਡੇ ਮਹਾਂ ਨਗਰਾਂ ਵਿਚ ਇਹ ਧੰਦਾ ਬੜੇ ਜ਼ੋਰ-ਸ਼ੋਰ ਨਾਲ ਚੱਲਦਾ ਹੈ । ਪੰਜਾਬ ਦੇ ਡੇਰੇ ਵਿਚਲੇ ਕਿੰਨਰ ਤਾਂ ਵਧਾਈ ਮੰਗਣ ਤੱਕ ਹੀ ਸੀਮਤ ਹਨ । ਇਹ ਵਧਾਈ ਹੀ ਇਨ੍ਹਾਂ ਦੀ ਕਮਾਈ ਦਾ ਸਾਧਨ ਹੈ । ਪਰਿਵਾਰਾਂ ਦੇ ਸੀਮਤ ਆਕਾਰ ਨੇ ਇਨ੍ਹਾਂ ਦੀ ਕਮਾਈ ਨੂੰ ਢਾਹ ਲਾਈ ਹੈ । ਪਹਿਲਾ ਪੰਜਾਬੀ ਸਭਿਆਚਾਰ ਵਿਚ ਸੰਯੁਕਤ ਪਰਿਵਾਰ ਹੁੰਦੇ ਸਨ । ਇਕ ਪਰਿਵਾਰ ਤੋਂ ਇਨ੍ਹਾਂ ਨੂੰ ਚਾਰ ਤੋਂ ਛੇ ਤੱਕ ਵੀ ਵਧਾਈਆਂ ਮਿਲ ਜਾਂਦੀਆਂ ਸਨ । ਪਰਿਵਾਰਾਂ ਦੇ ਸੀਮਤ ਆਕਾਰ ਕਾਰਨ ਹੁਣ ਇਨ੍ਹਾਂ ਨੂੰ ਇਕ ਪਰਿਵਾਰ ਵਿਚੋਂ ਸਿਰਫ਼ ਇਕ ਹੀ ਵਧਾਈ ਮਿਲਦੀ ਹੈ । ਇਕ ਪਰਿਵਾਰ ਵਿਚ ਇਹ 25-20 ਸਾਲ ਤੋਂ ਬਾਅਦ ਜਾਂਦੇ ਹਨ । ਕਿੰਨਰ ਸਮਾਜ ਆਪਣੇ ਡੇਰੇ ਵਿਚਲੀ ਗਿਣਤੀ ਦੇ ਅਨੁਸਾਰ ਟੋਲੀਆਂ ਬਣਾ ਕੇ ਆਪਣੇ-ਆਪਣੇ ਇਲਾਕੇ ਵਿਚ ਹਰ ਰੋਜ਼ ਵਧਾਈ ਮੰਗਣ ਲਈ ਜਾਂਦਾ ਹੈ । ਹਰ ਵਰਗ ਹੀ ਆਪਣੀ ਉਪਜੀਵਕਾ ਕਮਾਉਣ ਲਈ ਘਰੋਂ ਬਾਹਰ ਨਿਕਲਦਾ ਹੈ । ਇਸੇ ਤਰ੍ਹਾਂ ਇਸ ਵਰਗ ਦੇ ਲੋਕ ਵੀ ਆਪਣੀ ਉਪਜੀਵਕਾ ਕਮਾਉਣ ਲਈ ਆਪਣੇ ਇਲਾਕੇ ਵਿਚ ਵਧਾਈ ਮੰਗਣ ਜਾਂਦੇ ਹਨ । ਵਧਾਈ ਮੰਗਣ ਲਈ ਇਹ ਵਿਸ਼ੇਸ਼ ਤੌਰ ਉੱਤੇ ਤਿਆਰ ਹੋ ਕੇ ਜਾਂਦੇ ਹਨ । ਇਸ ਸਮੇਂ ਇਨ੍ਹਾਂ ਦਾ ਪਹਿਰਾਵਾ ਥੋੜ੍ਹਾ ਭੜਕੀਲਾ ਹੀ ਹੁੰਦਾ ਹੈ । ਚਿਹਰੇ ਉੱਪਰ ਪੂਰਾ ਮੇਕਅਪ ਕੀਤਾ ਜਾਂਦਾ ਹੈ । ਆਪਣੇ ਇਲਾਕੇ ਵਿਚ ਜਾਣ ਵਾਸਤੇ ਇਹ ਗੱਡੀ ਦੀ ਵਰਤੋਂ ਕਰਦੇ ਹਨ । ਵਧਾਈ ਵਾਲੀ ਟੋਲੀ ਦੇ ਨਾਲ ਕਿੰਨਰਾਂ ਤੋਂ ਬਿਨਾਂ ਢੋਲਕੀ ਵਾਲਾ ,ਗੱਡੀ ਵਾਲਾ ਅਤੇ ਸਾਮਾਨ ਚੁੱਕਣ ਵਾਲਾ ਵੀ ਸ਼ਾਮਲ ਹੁੰਦਾ ਹੈ । ਹਰ ਪਰਿਵਾਰ ਨਾਲ ਗੱਲਬਾਤ ਕਰਕੇ ਇਹ ਸਮਾਂ ਨਿਸ਼ਚਿਤ ਕਰਦੇ ਹਨ ਅਤੇ ਜਦੋਂ ਪਰਿਵਾਰ ਇਨ੍ਹਾਂ ਨੂੰ ਬੁਲਾਉਂਦਾ ਹੈ ਤਾਂ ਪੂਰੀ ਟੋਲੀ ਉਸ ਘਰ ਪਹੁੰਚ ਜਾਂਦੀ , ਜਿਸ ਘਰ ਤੋਂ ਵਧਾਈ ਲੈਣੀ ਹੋਵੇ । ਉਹ ਪਰਿਵਾਰ ਆਪਣੇ ਆਂਢ-ਗੁਆਂਢ ਵਿਚ ਸੱਦਾ ਦਿੰਦਾ ਹੈ ਕਿ ਅੱਜ ਉਨ੍ਹਾਂ ਦੇ ਘਰ ਕਿੰਨਰਾਂ ਨੇ ਵਧਾਈ ਲੈਣ ਆਉਣਾ ਹੈ । ਇਸ ਮੌਕੇ ਆਂਢ-ਗੁਆਂਢ ਦੀਆਂ ਔਰਤਾਂ ਆਪਣੇ ਨਾਲ ਗੁੜ ਤੇ

ਦਾਣੇ ਥਾਲ਼ ਵਿਚ ਲੈ ਕੇ ਆਉਂਦੀਆਂ ਹਨ। ਪਰਿਵਾਰ ਇਨ੍ਹਾਂ ਦਾਣਿਆਂ ਨੂੰ ਇਕ ਥਾਂ ਇਕੱਠਾ ਕਰਕੇ ਕਿੰਨਰਾਂ ਨੂੰ ਦੇ ਦਿੰਦਾ ਹੈ। ਹਰ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਵਧਾਈ ਦਿੰਦਾ ਹੈ। ਕਈ ਵਾਰ ਵਧਾਈ ਲੈਣ ਸਮੇ ਇਸ ਵਰਗ ਦੇ ਲੋਕ ਧੱਕਾ ਵੀ ਕਰਦੇ ਹਨ।

ਨਿਰਧਾਰਿਤ ਸਾਹਿਤਕ ਕਾਰਜ ਦੇ ਅਧਿਐਨ ਵਿਚੋਂ ਕਿੰਨਰ ਸਮਾਜ ਦਾ ਜੋ ਮੁੱਖ ਆਰਥਿਕ ਵਸੀਲਾ ਉੱਭਰ ਕੇ ਸਾਹਮਣੇ ਆਇਆ। ਉਹ ਵਧਾਈ ਮੰਗ ਕੇ ਜੀਵਨ ਨਿਰਬਾਹ ਕਰਨ ਦਾ ਹੀ ਮਿਲਦਾ ਹੈ। ਇਨ੍ਹਾਂ ਨੂੰ ਸਿਰਫ਼ ਖ਼ੁਸ਼ੀ ਵਾਲੇ ਘਰ ਵਿਚੋਂ ਹੀ ਵਧਾਈ ਪ੍ਰਾਪਤ ਨਹੀਂ ਹੁੰਦੀ ਬਲਕਿ ਆਂਢ-ਗੁਆਂਢ ਤੇ ਰਿਸ਼ਤੇਦਾਰ ਵੀ ਆਪਣੀ ਹੈਸੀਅਤ ਅਨੁਸਾਰ ਇਸ ਵਰਗ ਨੂੰ ਖ਼ੁਸ਼ ਕਰਨ ਦਾ ਯਤਨ ਕਰਦੇ। ਇਹ ਵਧਾਈ ਕੇਵਲ ਪੈਸਿਆਂ ਰੂਪ ਵਿਚ ਹੀ ਨਹੀਂ ਮਿਲਦੀ ਬਲਕਿ ਵਸਤੂਆਂ ਜਿਵੇਂ ਦਾਣੇ , ਗੁੜ ਆਦਿ ਵੀ ਭੇਂਟ ਕੀਤੇ ਜਾਂਦੇ।

ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਵਿਚ ਸ਼ਾਮਿਲ ਵੀਨਾ ਵਰਮਾ ਦੀ ਕਹਾਣੀ ' ਸਤੀ ' ਵਿਚੋਂ ਸੰਕੇਤ ਮਿਲਦੇ ਹਨ ਕਿ ਜਦੋਂ ਕਿੰਨਰ ਕਿਸੇ ਘਰ ਵਧਾਈ ਲੈਣ ਜਾਂਦੇ ਤਾਂ ਲੋਕ ਬੜੀ ਖ਼ੁਸ਼ੀ ਦੇ ਨਾਲ ਉਨ੍ਹਾਂ ਨੂੰ ਆਪਣੀ ਹੈਸੀਅਤ ਦੇ ਅਨੁਸਾਰ ਵਧਾਈ ਦਿੰਦੇ ਸਨ। ਸਮਾਜ ਵਿਚ ਕਿੰਨਰਾਂ ਦੇ ਨੱਚਣ ਆਉਣ ਉੱਤੇ ਸਾਰਾ ਆਂਢ-ਗੁਆਂਢ ਇਕੱਠਾ ਹੋ ਜਾਂਦਾ ਸੀ। ਸਭਿਆਚਾਰ ਵਿਚ ਇਨ੍ਹਾਂ ਦੇ ਨੱਚਣ-ਗਾਉਣ ਦੀ ਮਾਨਤਾ ਹੈ। ਇਸ ਕਹਾਣੀ ਦੀ ਮਾਦਾ ਕਿੰਨਰ ਕ੍ਰਿਸ਼ਨਾ ਦਾ ਨਾਚ ਦੇਖਣ ਲਈ ਸਾਰਾ ਪਿੰਡ ਇਕੱਠਾ ਹੋ ਜਾਂਦਾ ਸੀ। ਪਿੰਡ ਦੀਆਂ ਔਰਤਾਂ ਕ੍ਰਿਸ਼ਨਾ ਦਾ ਨਾਚ ਦੇਖਣ ਲਈ ਆ ਜੁੜਦੀਆਂ ਸਨ ਜਿਵੇਂ –

> ਅੱਜ ਕ੍ਰਿਸ਼ਨਾ ਦਾ ਨਾਚ ਹੋਊਗਾ ---- ਸਾਰੇ ਮੁਹੱਲੇ ਦੀਆਂ ਔਰਤਾਂ ਦਾਣੇ , ਆਟਾ , ਕੱਪੜੇ ਤੇ ਪੈਸਾ ਲੈ ਕੇ ਆ ਜੁੜਦੀਆਂ (62)

ਪੰਜਾਬੀ ਸਭਿਆਚਾਰ ਵਿਚ ਕਿੰਨਰਾਂ ਨੂੰ ਸਤਿਕਾਰ ਵਜੋਂ ਖ਼ੁਸ਼ੀ ਦੇ ਸਮੇਂ ਵਧਾਈ ਦੇਣ ਦੀ ਮਾਨਤਾ ਹੈ। ਹਰ ਵਰਗ ਇਨ੍ਹਾਂ ਨੂੰ ਆਪਣੀ ਸਥਿਤੀ ਅਨੁਸਾਰ ਖ਼ੁਸ਼ ਰੱਖਣ ਦਾ ਯਤਨ ਕਰਦਾ ਹੈ। ਵਧਾਈ ਦੇ ਰੂਪ

ਵਿਚ ਸੂਟ, ਖੇਸ, ਦਾਣੇ, ਆਟਾ ਅਤੇ ਪੈਸੇ ਆਦਿ ਦਿੱਤੇ ਜਾਂਦੇ ਹਨ। ਕਹਾਣੀ 'ਘੁੰਗਰੂ ਕਥਾ' ਵਿਚ ਬਿਆਨ ਕੀਤਾ ਗਿਆ ਹੈ ਕਿ ਕਿੰਨਰਾਂ ਦੀ ਕਮਾਈ ਦਾ ਸਾਧਨ ਨੱਚਣਾ-ਗਾਉਣਾ ਤੇ ਵਧਾਈ ਮੰਗਣਾ ਹੈ। ਆਪਣੇ ਦੁਆਰਾ ਕਮਾਈ ਹੋਈ ਕਮਾਈ ਵਿਚੋਂ ਗੁਰੂ ਨੂੰ ਹਿੱਸਾ ਦੇਣਾ ਪੈਂਦਾ ਹੈ। ਜੇਕਰ ਕੋਈ ਅਜਿਹਾ ਨਹੀਂ ਕਰਦਾ ਤਾਂ ਉਸ ਨੂੰ ਗੁਰੂ ਵੱਲੋਂ ਸਜ਼ਾ ਦਿੱਤੀ ਜਾਂਦੀ ਹੈ।

ਕਿੰਨਰ ਸਮਾਜ ਦੇ ਵਿਚ ਵੀ ਆਪਸੀ ਸ਼੍ਰੇਣੀ ਵੰਡ ਹੁੰਦੀ ਹੈ। ਇਹ ਵਰਗ ਵੀ ਉੱਚੇ ਤੇ ਨੀਵੇਂ ਘਰਾਣਿਆਂ ਵਿਚ ਵੰਡਿਆਂ ਹੁੰਦਾ ਹੈ। ਜੋ ਨੀਵੇਂ ਘਰਾਣੇ ਦੇ ਲੋਕ ਹੁੰਦੇ ਹਨ। ਉਹ ਵਧਾਈ ਮੰਗਣ ਵੇਲੇ ਅੜ ਵੀ ਜਾਂਦੇ ਹਨ। ਪਰ ਉੱਚ ਘਰਾਣੇ ਦੇ ਲੋਕ ਅਜਿਹਾ ਨਹੀਂ ਕਰਦੇ। ਜਿਵੇਂ ਕਿ ਕਹਾਣੀ ਵਿਚੋਂ ਸੰਕੇਤ ਦੇਖੇ ਜਾ ਸਕਦੇ ਹਨ -

ਸਾਡੇ ਵਿਚ ਕਈ ਐਸੇ ਵੀ ਹੈਗੇ ਨੇ !--- ਉਹ ਸਭ ਤੋਂ ਨੀਵੀਂ ਜ਼ਾਤ ਐ !---ਪਰ ਅਸੀਂ ਤਾਂ ਵਜ਼ੀਰ ਬਾਬਿਆਂ ਵਿੱਚੋਂ ਆ !-- ਇਹ ਸਭ ਤੋਂ ਉੱਚੀ ਜ਼ਾਤ ਐ !---ਜਦੋਂ ਕੁਨਬੇ ਵਿੱਚ ਕੋਈ ਜਸ਼ਨ ਹੋਵੇ !---ਵਜ਼ੀਰ ਬਾਬਿਆਂ ਦੀ ਉਡੀਕ ਕੀਤੀ ਜਾਂਦੀ ਐ !--- ਜਦੋਂ ਤੱਕ ਉਹ ਨਾ ਪਹੁੰਚਣ ! ਰੋਟੀ ਤੋਂ ਕੱਪੜਾ ਨਹੀਂ ਚੁੱਕਿਆ ਜਾਂਦਾ !--- ਸਾਡੇ ਪਹੁੰਚਣ \''ਤੇ ਰੋਟੀ ਸ਼ੁਰੂ ਕੀਤੀ ਜਾਂਦੀ ਐ !-- ਜੇ ਨਾ ਪਹੁੰਚੀਏ ! ਭਾਵੇਂ ਲੱਖਾਂ ਲੱਗੇ ਹੋਣ ! ਰੋਟੀ ਸ਼ੁਰੂ ਨਹੀਂ ਕੀਤੀ ਜਾਂਦੀ !--- ਮੰਦਰ ਗੁਰਦੁਆਰੇ ਚੜ੍ਹਾ ਆਉਂਦੇ ਨੇ। (65)

ਸੋ ਖ਼ੁਸ਼ੀ ਦੇ ਸਮੇਂ ਲੋਕਾਂ ਦੇ ਘਰਾਂ ਵਿਚ ਨੱਚ-ਗਾ ਕੇ ਕਿੰਨਰ ਸਮਾਜ ਦੇ ਲੋਕ ਆਪਣੀ ਉਪਜੀਵਕਾ ਕਮਾਉਂਦੇ ਹਨ। ਸਮਾਜਿਕ ਪਰਿਵਰਤਨ ਸਦਕਾ ਇਹ ਵਰਗ ਵੀ ਲਾਲਚ ਦੀ ਖ਼ਾਤਰ ਸਮਾਜ ਦੇ ਲੋਕਾਂ ਨਾਲ ਧੱਕੇ ਕਰਦੇ ਹਨ। ਪਰਿਵਾਰਾਂ ਦੇ ਸੀਮਤ ਆਕਾਰ ਨੇ ਇਸ ਵਰਗ ਦੀ ਕਮਾਈ ਨੂੰ ਧੱਕਾ ਲਾਇਆ। ਕਿੰਨਰ ਵਰਗ ਵਿਚ ਲਾਲਚ ਵਧਣ ਕਾਰਨ ਹਰ ਪਿੰਡ-ਪਿੰਡ ਪੰਚਾਇਤ ਦੁਆਰਾ ਇਨ੍ਹਾਂ ਦੇ ਰੇਟ ਬੰਨ੍ਹ ਦਿੱਤੇ ਗਏ। ਇਸ ਵਰਗ ਦੇ ਲੋਕ ਪੂਰੀ ਠੋਕ ਵਜਾ ਕੇ ਵਧਾਈ ਲੈਂਦੇ ਹਨ। ਕਹਾਣੀ ' ਸਤੀ ' ਵਿਚ ਦੇਖਦੇ ਹਾਂ ਕਿ ਕ੍ਰਿਸ਼ਨਾ ਨੂੰ ਇਸ ਨਾਲ ਕੋਈ ਮਤਲਬ ਨਹੀਂ ਉਹ ਤਾਂ ਪੂਰੀ ਠੋਕ ਵਜਾ ਕੇ ਵਧਾਈ ਲੈਂਦੀ ਸੀ। ਉਸ ਦਾ ਰੇਟ ਨਿਸ਼ਚਿਤ ਸੀ। ਜੇਕਰ ਕੋਈ ਵਾਧ-ਘਾਟ ਕਰਦਾ ਤਾਂ ਉਹ ਕਹਿੰਦੀ ਕਿ-

ਸ਼ਰਮ ਨਹੀਂ ਆਦੀ ? ਐਨੇ ਵੱਡੇ ਸੇਠ ਹੋ ਕੇ ਹੀਜੜਿਆਂ ਦੇ ਹੱਕ ਮਾਰਦੇ ਓ----(62)

ਸੋ ਵਧਾਈ ਨੂੰ ਕਿੰਨਰ ਆਪਣੀ ਕਮਾਈ ਦਾ ਸਾਧਨ ਸਮਝਦੇ ਹਨ। ਜੇਕਰ ਕੋਈ ਪਰਿਵਾਰ ਇਨ੍ਹਾਂ ਦੀ ਮੰਗ ਅਨੁਸਾਰ ਵਧਾਈ ਨਾ ਦਿੰਦਾ ਤਾਂ ਇਹ ਆਪਣੇ ਅਸਲੀ ਰੂਪ ਤੇ ਉਤਰ ਆਉਂਦੇ। ਕਹਾਣੀ ਦੀ ਪਾਤਰ ਕ੍ਰਿਸ਼ਨਾ ਪਿੰਡ ਦੀਆਂ ਔਰਤਾਂ ਨਾਲ ਕੌੜਾ-ਕਸੈਲ਼ਾ ਬੋਲਦੀ ਹੋਈ ਕਹਿੰਦੀ -

ਆਪਣੇ ਉੱਥੇ ਦੇ ਲੋ ਇਨ੍ਹਾਂ ਨੂੰ ਜਿੱਥੋਂ ਮੁੰਡਾ ਕੱਢਿਆ ਸੀ ----। ਹਰਾਮ ਦੀਆਂ ਮੁੰਡੇ ਵੀ ਜੰਮਦੀਆਂ ਨੇ ਤੇ ਕੰਜੂਸੀਆਂ ਵੀ ਕਰਦੀਆਂ ਨੇ। ਮੈਂ ਕੋਈ ਮੰਗਤੀ ਆ ? ਆਪਣਾ ਹੱਕ ਲੈਨੀ ਆ। ਥੋਨੂੰ ਵਧਾਈਆਂ ਦਿੱਤੀਆਂ ਨੇ ---। ਵੇਲ ਵਧਾਈ ਐ ਥੋਡੇ ਘਰ ਦੀ। ਕੋਈ ਭੀਖ ਨਹੀਂ ਮੰਗਦੀ ਫਿਰਦੀ ਮੈਂ। ਰੱਬ ਕਿਸੇ ਨੂੰ ਏਸ ਜੂਨ 'ਚ ਨਾ ਪਾਵੇ। ਨਹੀਂ ਥੋਡੇ ਵਰਗੀਆਂ ਨੂੰ ਤਾਂ ਮੈ ਪੈਰਾਂ ਦੀ ਮਾਲਸ਼ ਕਰਨ ਨੂੰ ਵੀ ਨਾ ਰੱਖਾਂ। ਆਗੀਆਂ ਵੱਡੀਆਂ ਸਠਾਨੀਆਂ।(62)

ਸੋ ਲੋਕ ਇਨ੍ਹਾਂ ਦੇ ਸਰਾਫ਼ ਤੋਂ ਬਚਣ ਲਈ ਕਿੰਨਰਾਂ ਨੂੰ ਮੂੰਹ ਮੰਗੀ ਵਧਾਈ ਦਿੰਦੇ। ਸਭਿਅਕ ਸਮਾਜ ਦੇ ਵਿਚ ਵਿਸ਼ਵਾਸ ਬਣਿਆ ਹੋਇਆਂ ਹੈ ਕਿ ਕਿੰਨਰਾਂ ਨੂੰ ਨਰਾਜ਼ ਨਹੀਂ ਕਰੀਦਾ। ਇਸੇ ਵਿਸ਼ਵਾਸ ਨੂੰ ਲੋਕ ਪੂਰੀ ਸ਼ਰਧਾ ਦੇ ਨਾਲ ਨਿਭਾਉਂਦੇ ਹਨ। ਕਦੇ ਸਮਾਜ ਵਿਚ ਸੁਣਿਆ ਨਹੀਂ ਹੈ ਕਿ ਕਿਸੇ ਨੇ ਕਿੰਨਰ ਨੂੰ ਨਰਾਜ਼ ਕੀਤਾ ਹੋਵੇ। ਲੋਕ ਕਿੰਨਰਾਂ ਦੇ ਸਰਾਪ ਤੋਂ ਡਰਦੇ ਇਨ੍ਹਾਂ ਦੀ ਮੰਗ ਨੂੰ ਪੂਰੀ ਕਰਦੇ। ਕਹਾਣੀ 'ਸਤੀ' ਵਿਚੋਂ ਇਹ ਸੰਕੇਤ ਦੇਖੇ ਜਾ ਸਕਦੇ ਹਨ ਕਿ -

ਨਾ ਨਾ--- । ਐਂ ਨਾ ਕਰਿਓ--- । ਐਸਾ ਜ਼ੁਲਮ ਨਾ ਕਰੀਓ----। ਨੰਗੀਆਂ ਨਾ ਹੋਇਓ। ਅਸੀਂ ਇੱਜ਼ਤ ਆਲ਼ੇ ਬੰਦੇ ਆ ---- ।(62)

ਇਸ ਤਰ੍ਹਾਂ ਸਭਿਅਕ ਸਮਾਜ ਦੇ ਲੋਕ ਇਨ੍ਹਾਂ ਦੀ ਇਸ ਤਰ੍ਹਾਂ ਦੀ ਹਰਕਤ ਤੋਂ ਘਬਰਾ ਜਾਂਦੇ ਤੇ ਇਨ੍ਹਾਂ ਨੂੰ ਮੂੰਹ ਮੰਗੀ ਰਕਮ ਦੇ ਦਿੰਦੇ। ਲੋਕ ਆਪਣੀ-ਆਪਣੀ ਸਮਰੱਥਾਂ ਅਨੁਸਾਰ ਇਨ੍ਹਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਵਧਾਈ ਮੰਗਣ ਨੂੰ ਆਪਣਾ ਅਧਿਕਾਰ ਸਮਝਦੇ ਹਨ। ਡਾ.ਹਰਜੀਤ ਕੌਰ ਦੀ ਕਹਾਣੀ 'ਮਲਕਾ'

ਵਿਚ ਵੀ ਸੰਕੇਤ ਮਿਲਦੇ ਹਨ ਕਿ ਇਹ ਵਰਗ ਆਮ ਘਰਾਂ ਵਿਚ ਮੰਗਣ ਲਈ ਮਜਬੂਰ ਹੈ । ਮਲਕਾ ਵੀ ਆਪਣੀ ਆਰਥਿਕਤਾ ਬਾਰੇ ਬਿਆਨ ਕਰਦੀ ਹੋਈ ਕਹਿੰਦੀ ਹੈ ਕਿ-

> ਦੀਦੀ ਕੀ ਕਰੀਏ ਅੱਗੇ ਅਸੀਂ ਲੋਕ ਘਰਾਂ ਵਿਚ ਵਧਾਈ ਲੈਣ ਜਾਂਦੇ ਸੀ, ਜਦੋਂ ਕਿਸੇ ਘਰ ਮੁੰਡਾ ਜੰਮਿਆ ਜਾਂ ਵਿਆਹ ਹੋਇਆ । ਲੋਕ ਦਿੰਦੇ ਵੀ ਬਹੁਤ ਸੀ, ਪੈਸੇ, ਕੱਪੜੇ, ਚੀਜ਼ਾਂ, ਦਾਣੇ ਤੇ ਕਈ ਤਾਂ ਸੋਨੇ ਦੇ ਗਹਿਣੇ ਵੀ ਪਾ ਦਿੰਦੇ ਸੀ । (93)

ਵਧਾਈ ਦੇ ਰੂਪ ਵਿਚ ਜੋ ਵੀ ਇਨ੍ਹਾਂ ਨੂੰ ਮਿਲਦਾ ਹੈ, ਉਹੀ ਇਨ੍ਹਾਂ ਦੀ ਮੁੱਖ ਕਮਾਈ ਹੁੰਦੀ ਹੈ । ਵਧਾਈ ਮੰਗ ਕੇ ਹੀ ਇਹ ਆਪਣਾ ਪੇਟ ਭਰਦੇ ਹਨ । ਗੁਰਮੀਤ ਕੜਿਆਲਵੀ ਦੀ ਕਹਾਣੀ ' ਵੇ ਸੋਨੇ ਦਿਆ ਕੰਗਣਾ ' ਵਿਚ ਵੀ ਕਿੰਨਰਾਂ ਦੇ ਵਧਾਈ ਮੰਗਣ ਸਮੇਂ ਲਾਲਚ ਦੇ ਬਾਰੇ ਇਹ ਸੰਕੇਤ ਮਿਲਦੇ ਹਨ ਕਿ ਹੁਣ ਸਮਾਜ ਵੀ ਬਹੁਤ ਬਦਲ ਗਿਆ ਹੈ । ਜਿੱਥੇ ਪਹਿਲਾਂ ਲੋਕ ਬੜੀ ਖ਼ੁਸ਼ੀ ਦੇ ਨਾਲ ਜੋ ਕਿੰਨਰਾਂ ਨੂੰ ਦਿੰਦੇ ਇਹ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰ ਲੈਂਦੇ । ਅੱਜ ਲੋਕ ਇਨ੍ਹਾਂ ਦੇ ਸਰਾਪ ਤੋਂ ਡਰਦੇ ਇਨ੍ਹਾਂ ਦੁਆਰਾ ਮੰਗੀ ਰਕਮ ਨੂੰ ਦੇਣ ਲਈ ਮਜਬੂਰ ਹਨ । ਹੁਣ ਕਿੰਨਰਾਂ ਦੇ ਵਿਚ ਵਧਾਈ ਲੈਣ ਸਮੇਂ ਲਾਲਚ ਬਹੁਤ ਵਧ ਗਿਆ ਹੈ । ਸ਼ਹਿਰਾਂ-ਪਿੰਡਾਂ ਵਿਚ ਕਿੰਨਰਾਂ ਦੇ ਆਪਣੇ ਰੇਟ ਬੰਨ੍ਹੇ ਹੋਏ ਹਨ । ਕਹਾਣੀ ਵਿਚੋਂ ਬਬਲੀ ਦੀ ਗੱਲਬਾਤ ਤੋਂ ਸੰਕੇਤ ਦੇਖੇ ਜਾ ਸਕਦੇ ਹਨ ਕਿ-

> ਹੁਣ ਕਿੱਥੇ ਵਕਤ ਐ ਦੁਨੀਆ ਕੋਲੇ । ਹੁਣ ਤਾਂ ਪਿੰਡ-ਪਿੰਡ ਰੇਟ ਬੰਨੀ ਜਾਂਦੇ ਨੇ ਸਾਡਾ । ਲੋਕਾਂ ਦੇ ਦਰਾਂ ਦੀ ਸੁੱਖ ਮੰਗਣ ਵਾਲੇ ਅਸੀਂ ਲੋਕ ਵੀ ਹੁਣ ਫ਼ੱਕਰ ਨਹੀਂ ਰਹੇ , ਮਾਇਆ ਪਿੱਛੇ ਦੌੜਦੇ ਹਾਂ । ਕੋਈ ਵਕਤ ਸੀ ਮਾਇਆ ਸਾਡੇ ਪਿੱਛੇ ਦੌੜਦੀ ਸੀ ਤੇ ਅਸੀਂ ਮਾਇਆ ਤੋਂ ਦੌੜਦੇ ਸਾਂ , ਪਰ ਹੁਣ ---? ਹੁਣ ਤਾਂ ਅਸੀਂ ਮੂੰਹ ਪਾੜ ਹੋਈ ਜਾਂਦੇ ਹਾਂ । ਸਰਾਪ ਦੇਣ ਦਾ ਹਊਆ ਲੋਕਾਂ ਦੇ ਮਨਾਂ ਅੰਦਰ ਭਰਦੇ ਹਾਂ । ਲੋਕ ਡਰਦੇ ਨੇ ਕਿ ਮਹੰਤ ਸਾਡੇ ਦਰ ਤੋਂ ਨਾਰਾਜ਼ ਤੁਰ ਗਿਆ ਤਾਂ ਸਾਨੂੰ ਸਰਾਪ ਲੱਗ ਜਾਊ । ਝੱਲਿਆ--- ਗ਼ਰੀਬਾਂ ਦੇ ਘਰਾਂ ਦੀਆਂ ਤਾਂ ਅਸੀਂ ਖ਼ੁਸ਼ੀਆਂ ਹੀ ਨਹੀਂ ਮੰਗਦੇ । ਹੁਣ ਸਾਨੂੰ ਕੌਣ ਪਿਆਰ ਕਰਦਾ ਐ ---? (116)

ਪਾਤਰ ਬਬਲੀ ਦੀ ਗੱਲਬਾਤ ਤੋਂ ਸਪਸ਼ਟ ਹੁੰਦਾ ਹੈ ਕਿ ਹੁਣ ਕਿੰਨਰ ਸਮਾਜ ਦੇ ਲੋਕਾਂ ਵਿਚ ਵੀ ਲਾਲਚ ਬਹੁਤ ਵੱਧ ਗਿਆ ਹੈ । ਗ਼ਰੀਬ ਘਰਾਂ ਵਿਚ ਜਾਣ ਨੂੰ ਤਾਂ ਇਹ ਚੰਗਾ ਹੀ ਨਹੀਂ ਸਮਝਦੇ ਕਿਉਂਕਿ ਉਨ੍ਹਾਂ ਦੇ ਘਰਾਂ ਵਿਚੋਂ ਕਿੰਨਰਾਂ ਨੂੰ ਘੱਟ ਪੈਸੇ ਮਿਲਦੇ ਹਨ । ਵਧਾਈ ਲੈਣ ਦੌਰਾਨ ਕਿੰਨਰਾਂ ਵੱਲੋਂ ਕੀਤੀ ਜਾਣ ਵਾਲੀ ਧੱਕਾਸ਼ਾਹੀ ਨੂੰ ਨਜਾਇਜ਼ ਦਰਸਾਉਂਦੀ ' ਸ਼ਬਦ ' ਮੈਗਜ਼ੀਨ ਜੁਲਾਈ-ਸਤੰਬਰ ,2017, ਵਿਚ ਪ੍ਰਕਾਸ਼ਿਤ ਇੰਟਰਵਿਊ ਵਿਚ ਮਹੰਤ ਮਨੀਸ਼ਾ ਦੱਸਦੀ ਹੈ ਕਿ -

> ਜੀ, ਬਿਲਕੁਲ । ਮੈਂ ਇਹ ਗੱਲ ਮੰਨਦੀ ਹਾਂ ਕਿ ਜਦੋਂ ਕੋਈ ਕਿੰਨਰ ਕਿਸੇ ਦੇ ਘਰ 'ਚ ਵਧਾਈ ਲੈਣ ਜਾਂਦਾ ਹੈ ਤਾਂ ਕਈ ਵਾਰ ਛੋਟੀ-ਮੋਟੀ ਨੋਕ ਝੋਕ ਹੋ ਜਾਂਦੀ ਹੈ । ਕਦੇ ਵਧਾਈ ਦੇਣ ਵਾਲੇ ਵੱਲੋਂ ਤੇ ਕਦੇ ਕਿਸੇ ਕਿੰਨਰ ਵੱਲੋਂ । ਕਈ ਵਾਰ ਕਿੰਨਰ ਵੀ ਜ਼ਿੱਦ ਕਰ ਲੈਂਦੇ ਹਨ । ਵੱਧ ਨੇਗ ਦੀ ਜੋ ਕਿ ਗ਼ਲਤ ਹੈ ।(48)

ਇਸ ਤੋਂ ਬਿਨਾਂ ਕਿੰਨਰਾਂ ਨੇ ਘਰਾਂ ਤੋਂ ਬਾਹਰ ਬਾਜ਼ਾਰਾਂ, ਬੱਸਾਂ-ਗੱਡੀਆਂ ਆਦਿ ਵਿਚ ਮੰਗਣਾ ਸ਼ੁਰੂ ਕਰ ਦਿੱਤਾ ਹੈ । ਕਹਾਣੀ 'ਮਲਕਾ' ਵਿਚ ਮਲਕਾ ਦੀ ਗੱਲਬਾਤ ਵਿਚੋਂ ਸੰਕੇਤ ਦੇਖੇ ਜਾ ਸਕਦੇ ਹਨ ਕਿ-

> ਅਸੀਂ ਕੀ ਕਰੀਏ ਸਾਨੂੰ ਤਾਂ ਰੱਬ ਨੇ ਈ ਮੰਗ ਖਾਣ ਲਈ ਬਣਾਇਆ । ਹੁਣ ਅਸੀਂ ਘਰਾਂ ਵਿਚ ਬਹੁਤਾ ਨਹੀਂ ਜਾਂਦੇ । ਪੜ੍ਹੇ ਲਿਖੇ ਅਮੀਰ ਘਰਾਂ ਵਿਚ ਬੱਚੇ ਈ ਇਕ ਦੋ ਹੁੰਦੇ ਐ ਤੇ ਗ਼ਰੀਬ ਘਰ ਜਿੱਥੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਐ ਉੱਥੇ ਉਨ੍ਹਾਂ ਨੂੰ ਖਾਣ ਵਾਸਤੇ ਕੁਝ ਨਹੀਂ ਮਿਲਦਾ ਸਾਨੂੰ ਕਿਸੇ ਨੇ ਕੀ ਦੇਣੈ । ਇਸ ਲਈ ਹੁਣ ਅਸੀਂ ਬਜ਼ਾਰਾਂ ਵਿਚ , ਗੱਡੀਆਂ ਬੱਸਾਂ ਵਿਚ ਮੰਗਦੇ ਹਾਂ । ਪਹਿਲਾ ਆਪੋ ਆਪਣੇ ਪਿੰਡ , ਗਲੀ , ਮੁਹੱਲੇ ਵੰਡੇ ਹੋਏ ਸੀ ਹੁਣ ਆਹ ਗੱਡੀਆਂ ਬੱਸਾਂ ਬਜ਼ਾਰ ਵੰਡੇ ਹੋਏ ਨੇ ।(93)

ਅਸਲ ਵਿਚ ਇਹ ਡੇਰੇਦਾਰ ਕਿੰਨਰਾਂ ਦੀ ਪਰੰਪਰਾ ਅਨੁਸਾਰ ਬੱਸਾਂ-ਗੱਡੀਆਂ ਵਾਲੇ ਅਸਲੀ ਕਿੰਨਰ ਨਹੀਂ ਹੁੰਦੇ ਹਨ। ਅੱਜ ਕਿੰਨਰਾਂ ਦੇ ਵਿਚ ਮਰਯਾਦਾ ਦਾ ਪਾਲਣ ਨਹੀਂ ਕੀਤਾ ਜਾਂਦਾ ਹੈ । ਕਿੰਨਰ ਇਸ ਪਰੰਪਰਾ ਨੂੰ ਤੋੜ ਕੇ ਬਾਗ਼ੀ ਹੋ ਰਹੇ ਹਨ । ਜੋ ਕਿ ਕਿੰਨਰਾਂ ਦੇ ਸਤਿਕਾਰ ਨੂੰ ਸਮਾਜ ਵਿਚ ਘਟਾਉਂਦਾ ਹੈ । ਅਜਿਹੀਆਂ

ਥਾਵਾਂ ਤੇ ਇਹ ਸਮਾਜ ਦੇ ਲੋਕਾਂ ਨਾਲ ਧੱਕਾ ਕਰਦੇ ਵੀ ਦੇਖੇ ਜਾ ਸਕਦੇ ਹਨ । ਅੱਜ ਸਮਾਜ ਵਿਚ ਨਕਲੀ ਕਿੰਨਰਾਂ ਦਾ ਮੁੱਦਾ ਕਾਫ਼ੀ ਭਖਿਆ ਹੋਇਆ ਹੈ । ਰੋਜ਼ਾਨਾ ਪੰਜਾਬੀ ਜਾਗਰਣ 4 ਅਪ੍ਰੈਲ 2019 ਦੀ ਖ਼ਬਰ ਅਨੁਸਾਰ ਇਸ ਸੰਬੰਧੀ ਸਰਹਿੰਦ ਤੋਂ ਕਿੰਨਰ ਸਮਾਜ ਦੀ ਮਹੰਤ ਦੇ ਵਿਚਾਰ ਹਨ ਕਿ-

> ਅਸਲੀ ਤੇ ਨਕਲੀ ਕਿੰਨਰਾਂ ਸੰਬੰਧੀ ਸਰਹਿੰਦ ਤੋਂ ਮਹੰਤ ਸ਼ੀਲਾ, ਮਹੰਤ ਸਲਮਾ ਅਤੇ ਬੰਟੀ ਮਹੰਤ ਨੇ ਕਿਹਾ ਕਿ ਉਹ ਸਰਕਾਰ ਤੋਂ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਸਰਕਾਰੀ ਮਾਨਤਾ ਵਾਲਾ ਕਾਰਡ ਬਣਾ ਕੇ ਦਿੱਤਾ ਜਾਵੇ ਕਿਉਂਕਿ ਕੁਝ ਨਕਲੀ ਕਿੰਨਰ ਬਣ ਕੇ ਘੁੰਮਦੇ ਹਨ , ਅਜਿਹੇ ਕਿੰਨਰਾਂ ‘ਤੇ ਨਕੇਲ ਪਾਈ ਜਾਵੇ । ਉਨ੍ਹਾਂ ਦੀ ਸਰਕਾਰ ਤੋਂ ਮੰਗ ਹੈ ਕਿ ਜੇ ਅਸੀਂ ਕਿਸੇ ਤੋਂ ਵਧਾਈ ਮੰਗਦੇ ਹਾਂ ਉਸ ਤੇ ਕੋਈ ਰੋਕ ਨਾ ਲਗਾਈ ਜਾਵੇ ਕਿਉਂਕਿ ਅਸੀਂ ਦੋ ਵਧਾਈਆਂ ਹੀ ਲੈਂਦੇ ਹਾਂ ਇਕ ਮੁੰਡੇ ਦੇ ਵਿਆਹ ‘ਤੇ ਇਕ ਮੁੰਡਾ ਦੇ ਜਨਮ ਹੋਣ ਤੇ । ਇਸ ਤੋਂ ਬਿਨਾਂ ਅਸੀਂ ਹੋਰ ਕੋਈ ਵਧਾਈ ਨਹੀਂ ਮੰਗਦੇ ਅਤੇ ਨਾ ਹੀ ਸੜਕਾਂ ‘ਤੇ ਘੁੰਮਦੇ ਹਾਂ ।(3)

ਇਸੇ ਤਰ੍ਹਾਂ ਦੇ ਸੰਕੇਤ ਪਰਮਜੀਤ ਢੀਂਗਰਾ ਦੀ ਕਹਾਣੀ ‘ਚੁੱਪ ਮਹਾਂਭਾਰਤ’ ਦੀ ਕਿੰਨਰ ਪਾਤਰ ਨਿਰੰਜਣਾ ਵੀ ਬੱਸਾਂ-ਗੱਡੀਆ ‘ਚ ਮੰਗਦੀ ਦ੍ਰਿਸ਼ਟਮਾਨ ਹੁੰਦੀ ਹੈ । ਉਸ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਜਨਮ –ਵਿਆਹ ਦੇ ਮੌਕਿਆਂ ਤੇ ਕਿੰਨਰਾਂ ਨੂੰ ਨੇਗ ਘੱਟ ਪ੍ਰਾਪਤ ਹੋਣ ਲੱਗਾ, ਜੋ ਕਮਾਈ ਹੁੰਦੀ ਅੱਗੋਂ ਉਸ ਵਿਚੋਂ ਗੁਰੂ ਨੂੰ ਵੀ ਹਿੱਸਾ ਦੇਣਾ ਪੈਂਦਾ ਹੈ । ਇਸ ਲਈ ਨਿਰੰਜਣਾ ਵਰਗੀਆਂ ਪਾਤਰਾਂ ਨੇ ਆਪਣੇ ਪੱਕੇ ਟਿਕਾਣੇ ਸਥਾਪਿਤ ਕਰ ਲਏ ਤਾਂ ਜੋ ਉਹ ਵੱਧ ਤੋਂ ਵੱਧ ਕਮਾਈ ਕਰਕੇ ਆਪਣਾ ਗੁਜ਼ਾਰਾ ਚੰਗੀ ਤਰ੍ਹਾਂ ਕਰ ਸਕਣ । ਨਿਰੰਜਣਾ ਵਰਗੀਆਂ ਪਾਤਰ ਆਪਣੀ ਆਰਥਿਕਤਾ ਦੀ ਦੁਹਾਈ ਦਿੰਦੀਆਂ ਹਨ -

> ਅੱਜ ਕੱਲ੍ਹ ਵਿਆਹਾਂ ਵਿਚ ਨੇਗ ਘੱਟ ਮਿਲਣ ਲੱਗ ਪਿਆ ਸੀ । ਜਿਹੜਾ ਮਿਲਦਾ ਸੀ ਉਹਦੇ ਏਨੇ ਹਿੱਸੇ ਹੋ ਜਾਂਦੇ ਕਿ ਗੁਜ਼ਾਰਾ ਕਰਨਾ ਔਖਾ ਹੋ ਗਿਆ ਸੀ । ਹੋਰ ਕੋਈ ਉਗਰਾਹੀ ਹੁੰਦੀ ਨਹੀਂ ਸੀ । ਏਸੇ ਕਰਕੇ ਸਮਰਾਲੇ ਚੌਂਕ ਵਿਚ ਆਪਣਾ ਅਧਿਕਾਰ ਜਮਾ ਲਿਆ ਸੀ ਤੇ ਹਰ ਬੱਸ ਗੱਡੀ ਵਿਚੋਂ ਉਹਨੂੰ ਚੰਗੀ ਉਗਰਾਹੀ ਹੋਣ ਲੱਗੀ ਸੀ ।--- ਮਹੰਤ ਨੂੰ ਉਹਦਾ ਹਿੱਸਾ ਉਹ ਬਕਾਇਦਾ

ਦੇਂਦੀ ਸੀ ।(21)

ਬੱਸਾਂ-ਗੱਡੀਆਂ ਵਿਚ ਮੰਗਣ ਵਾਲੇ ਕਿੰਨਰਾਂ ਨੂੰ ਡੇਰੇਦਾਰ ਕਿੰਨਰ ਅਸਲੀ ਕਿੰਨਰ ਨਹੀਂ ਮੰਨਦੇ । ਇਹ ਕਿੰਨਰ ਲਾਲਚ ਕਾਰਨ ਅਜਿਹਾ ਕਰਦੇ ਆਮ ਹੀ ਸਮਾਜ ਵਿਚ ਦੇਖੇ ਜਾ ਸਕਦੇ ਹਨ । ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ' ਵਿਚ ਛਪੀ ਇੰਟਰਵਿਊ ਵਿਚ ਇਸ ਸੰਬੰਧੀ ਹੀਜੜੇ (ਬਾਲੀ) ਨਾਲ ਇੰਟਰਵਿਉ ਲੈਣ ਸਮੇਂ ਦੱਸਿਆ ਕਿ ਅਜਿਹੇ ਕਿੰਨਰ ਅਸਲੀ ਕਿੰਨਰ ਨਹੀਂ ਹੁੰਦੇ ਇਹ ਲੋਕ ਲਾਲਚ ਦੀ ਖ਼ਾਤਰ ਸਾਰਾ ਕੁਝ ਕਰਦੇ ਹਨ -

> ਜਨਾਬ, ਇਹੀ ਤਾਂ ਮਸਲਾ ਹੈ । ਜੇਕਰ ਮੇਰਾ ਉਨ੍ਹਾਂ ਨਾਲ ਵਾਸਤਾ ਹੋਵੇ ਤਾਂ ਮੇਰਾ ਘਰ ਉਨ੍ਹਾਂ ਨਾਲ ਭਰਿਆ ਹੋਵੇ , ਪਰ ਨਹੀਂ , ਕਿਉਂਕਿ ਮੇਰੇ ਉੱਤੇ ਤਾਂ ਬੀਤੀ ਹੋਈ ਹੈ ਨਾ, ਤਾਂ ਮੈਨੂੰ ਤਾਂ ਪਤਾ ਹੈ ਨਾ , ਹੁਣ ਇਹ ਉਨ੍ਹਾਂ ਦਾ ਮਸਲਾ ਤਾਂ ਇਹ ਹੈ ਨਾ ਕਿ ਸਵੇਰੇ ਉਨ੍ਹਾਂ ਨੇ ਕਮਾਇਆ, ਸਾਰਾ ਦਿਨ ਕਮਾਇਆ , ਸ਼ਾਮ ਨੂੰ ਆਪਣੀਆਂ 'ਮੜ੍ਹੀਆਂ ' ਵਿਚ ਚਲੇ ਗਏ , ਵਿਚ ਹੀ ਸ਼ਾਦੀ-ਸ਼ੁਦਾ ਵੀ ਹਨ ,ਬਾਲ ਬੱਚੇਦਾਰ ਵੀ ਹਨ । ਉਨ੍ਹਾਂ ਨੇ ਇਕ ਰਵੱਈਆ ਬਣਾਇਆ ਹੋਇਆ ਹੈ, ਸਵੇਰੇ ਉਹ ਨਿਕਲ ਗਏ , ਸ਼ਾਮ ਨੂੰ ਕਮਾਇਆ ਅਤੇ ਆਪਣੇ ਘਰ , ਪਰ ਸਾਡੇ ਜਿਹੇ ਕਿਥੇ ਜਾਣ ।(104)

ਪਹਿਲੇ ਸਮੇਂ ਵਿਚ ਕਿੰਨਰ ਮੁੰਡੇ ਦੇ ਜਨਮ ਤੇ ਵਿਆਹ ਵੇਲੇ ਹੀ ਵਧਾਈ ਮੰਗਣ ਜਾਂਦੇ ਸਨ । ਹਰ ਪਰਿਵਾਰ ਵਿਚ ਤਿੰਨ-ਚਾਰ ਬੱਚੇ ਹਰ ਇਕ ਦੇ ਹੁੰਦੇ ਸਨ । ਅੱਜ ਦੇ ਸਮਾਜ ਵਿਚ ਹਰ ਇਕ ਪਰਿਵਾਰ ਵਿਚ ਇਕ ਜਾਂ ਦੋ ਹੀ ਬੱਚੇ ਹਨ । ਜਿਸ ਕਾਰਨ ਵਧਾਈ ਮੰਗਣ ਵਿਚ ਇਨ੍ਹਾਂ ਦੀ ਆਮਦਨ ਘਟਣ ਲੱਗੀ । ਇਹ ਹੁਣ ਮੁੰਡੇ ਦੇ ਜੰਮਣ ਤੇ ਵਿਆਹ ਤੱਕ ਸੀਮਤ ਨਹੀਂ ਰਹੇ ਬਲਕਿ ਹਰ ਤਿਉਹਾਰ ਭਾਵ ਦੀਵਾਲੀ , ਲੋਹੜੀ , ਨਵਾਂ ਸਾਲ ਦੇ ਮੌਕੇ ਵੀ ਘਰਾਂ ਵਿਚ ਆਉਣ ਲੱਗੇ । ਸਾਰੇ ਬਜ਼ਾਰ ਮੁਹੱਲੇ ਮੰਗਣ ਨੂੰ ਇਨ੍ਹਾਂ ਨੇ ਆਪਣਾ ਧੰਦਾ ਹੀ ਬਣਾ ਲਿਆ । ਜਨਮਜਾਤ ਕਿੰਨਰ ਵੀ ਆਪਣੀ ਆਰਥਿਕਤਾ ਕਾਰਨ ਆਪਣਾ ਦੁੱਖ ਬਿਆਨ ਕਰਦੇ ਹਨ । ਜਦੋਂ ਧਨਾਢ ਲੋਕ ਵੀ ਕਿੰਨਰਾਂ ਨੂੰ ਉਨ੍ਹਾਂ ਦੀ ਮੂੰਹ ਮੰਗੀ ਵਧਾਈ ਦੇਣ ਤੋਂ ਇਨਕਾਰ ਕਰਦੇ ਹਨ । ਉਹ ਵੀ ਅਜਿਹੇ ਅਮੀਰ ਪਰਿਵਾਰ ਜਿਨ੍ਹਾਂ ਕੋਲ ਸਭ ਕੁਝ ਹੁੰਦਾ ਹੈ । ਨਾਵਲ ' ਮੈਂ ਸ਼ਿਖੰਡੀ ਨਹੀਂ ' ਦਾ ਪਾਤਰ ਮੱਘਰ

ਕਿੰਨਰ ਵੀ ਆਰਥਿਕਤਾ ਦੀ ਦੁਹਾਈ ਦਿੰਦਾ ਹੋਇਆ ਕਹਿੰਦਾ ਹੈ –

> ਆਹ ਜਿਹੜੀਆਂ ਦੋ ਕੁੜੀਆਂ ਤੇਰੇ ਬੂਹੇ ਅੱਗੇ ਦੋ ਘੰਟਿਆਂ ਤੋਂ ਨੱਚ ਰਹੀਆਂ ਇਹ ਮੇਰੀਆਂ ਧੀਆਂ ਨੇ ਤੇਰੀ ਧੀ ਦੀ ਤਰ੍ਹਾਂ ਮੇਰੇ ਘਰ ਦੀ ਇੱਜ਼ਤ ਤੂੰ ਐਂ ਕਰੀਂ ਇਕ ਵਾਰੀ ਘੁੰਗਰੂ ਬੰਨ੍ਹ ਕੇ ਭੰਡਾਰੇ ਸਮੇਂ ਆਪਣੀ ਕੁੜੀ ਨੂੰ ਹਵੇਲੀ ਦੇ ਅੱਗੋਂ ਦੀ ਲੰਘਾ ਦੇਈਂ । ਮੈਂ ਕੁੜੀ ਨੂੰ ਸੋਨੇ ਨਾਲ ਲੱਦ ਦਿਓ । ਬੱਸ ਉਹ ਦਿਨ ਜਾਹ ਤੇ ਆਹ ਦਿਨ ਆ ਮੱਘਰ ਨੇ ਸਾਰੇ ਇਲਾਕੇ ਵਿਚ ਕਦੇ ਕਿਸੇ ਤੋਂ ਵਧਾਈ ਮੰਗ ਕੇ ਲੈਣ ਤੋਂ ਤੋਬਾ ਕਰ ਦਿੱਤੀ ।(122)

ਇਸ ਦੇ ਉਲਟ ਜਦੋਂ ਇਨ੍ਹਾਂ ਨੂੰ ਚੰਗੀ ਵਧਾਈ ਮਿਲ ਜਾਂਦੀ ਤਾਂ ਬੜੇ ਖ਼ੁਸ਼ ਹੁੰਦੇ । ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ?' ਵਿਚ ਨਸੀਬੋਂ ਨੂੰ ਕਿਨ੍ਹੀਂ ਮਾਨਸਿਕ ਸੰਤੁਸ਼ਟੀ ਮਿਲਦੀ , ਜਦੋਂ ਕਿਸੇ ਘਰੋਂ ਇਨ੍ਹਾਂ ਨੂੰ ਚੰਗੀ ਵਧਾਈ ਮਿਲਦੀ ਹੈ । ਇਸ ਲਈ ਉਹ ਕਹਿੰਦੀ ਹੈ ਕਿ-

> ਲੈ ਵੇ ਨੂਰਿਆ ਤੇ ਰਾਮਿਆ ਆ ਚੱਕੋ ਸੋਲ੍ਹਾਂ ਸੌ ਤੁਸੀਂ ਲੈ ਜੋ । ਨਾਲ ਆਹ ਸਾਰਾ ਸੁੱਕਾ ਸੀਧਾ ਵੀ ਲੈ ਜੋ । ਹੁਣ ਜਾਣਾ ਹੋਇਆ ਸੱਦ ਲੂੰ ਆਪੇ । ਮੈਂ ਤਾਂ ਕੱਲ੍ਹ ਨੂੰ ਮਾਈ ਨੂੰ ਵੱਡੇ ਹਸਪਤਾਲ ਲੈ ਕੇ ਜਾਣਾ ਮੋਗੇ । ਕਿੰਨੇ ਦਿਨਾਂ ਦੀ ਮੰਜੀ 'ਤੇ ਪਈ ਤੜਫੀ ਜਾਂਦੀ ਹੈ ਤਾਪ ਨਾਲ । ਕਿਤੇ ਵੀਹੀਂ ਦਿਨੀਂ ਜਾ ਕੇ ਪੈਸੇ ਦਾ ਮੂੰਹ ਵੇਖਿਆ । ਦਵਾਈ ਦੁਆ ਕੇ ਲਿਆਵਾਂ ਵਿਚਾਰੀ ਦਰਵੇਸ਼ ਨੂੰ । ਚੱਲ ਮਨਾਂ , ਕੋਈ ਨਾ ਰੱਬ ਭਲੀ ਕਰੂ ।(27)

ਪੁਰਾਤਨ ਪੰਜਾਬੀ ਸਮਾਜ ਵਿਚ ਖ਼ੁਸ਼ੀ ਦੇ ਮੌਕੇ ਮੁੰਡੇ ਦੇ ਜਨਮ ਅਤੇ ਵਿਆਹ ਦੇ ਸ਼ੁੱਭ ਦਿਹਾੜੇ ਉੱਤੇ ਕਿੰਨਰ ਨੱਚਣ ਆਉਂਦੇ ਅਤੇ ਆਪਣੀ ਵਧਾਈ ਲੈ ਜਾਂਦੇ । ਅਜੋਕੇ ਸਮਾਜ ਵਿਚ ਸਮਾਜਿਕ ਪਰਿਵਰਤਨ ਸਦਕਾ ਮੁੰਡੇ ਦੇ ਨਾਲ-ਨਾਲ ਕੁੜੀਆਂ ਦੇ ਜਨਮ ਮੌਕੇ ਵੀ ਖ਼ੁਸ਼ੀਆਂ ਮਨਾਉਣੀਆਂ ਪਰਿਵਾਰ ਵੱਲੋਂ ਸ਼ੁਰੂ ਹੋਈਆ ਹਨ । ਰਾਮ ਸਰੂਪ ਰਿਖੀ ਵੀ ਇਸ ਪਰਿਵਰਤਨ ਨੂੰ ਆਪਣੇ ਨਾਵਲ 'ਮੈਂ ਸ਼ਿਖੰਡੀ ਨਹੀਂ' ਵਿਚ ਪੇਸ਼ ਕਰਦਾ ਹੈ । ਨਾਵਲ ਵਿਚ ਹਰਨੰਦ ਨੇ ਰਿਸ਼ਮ ਦੇ ਜਨਮ ਵੇਲੇ ਆਪ ਬੁਲਾ ਕੇ ਵਧਾਈ ਦੇ ਰੂਪ ਵਿਚ ਮੁਰਕੀਆਂ ਦਿੱਤੀਆਂ ਸਨ ।

ਬੇਸ਼ੱਕ ਸਮਾਜ ਵਿਚ ਅਜਿਹਾ ਬਹੁਤ ਘੱਟ ਪਰਿਵਾਰਾਂ ਵਿਚ ਕੀਤਾ ਜਾਂਦਾ ਹੈ। ਨਾਵਲਕਾਰ ਵੀ ਆਦਰਸ਼ ਬੋਧ ਦੇ ਪੱਖ ਤੋਂ ਇਸ ਪਰਿਵਰਤਨ ਨੂੰ ਪੇਸ਼ ਕਰਦਾ ਹੈ। ਉਂਜ ਯਥਾਰਥਕ ਪੱਧਰ ਉੱਤੇ ਕੁਝ ਵਾਪਰਦਾ ਨਹੀਂ ਦੇਖਿਆ ਜਾ ਸਕਦਾ।

ਕਿੰਨਰਾਂ ਤੋਂ ਇਲਾਵਾ ਦੂਸਰੇ ਵਰਗ ਦੇ ਲੋਕ ਵੀ ਆਰਥਿਕ ਤੰਗੀ ਜਾਂ ਮੰਦਹਾਲੀ ਦੀ ਹਾਲਤ ਵਿਚ ਇਸ ਧੰਦੇ ਨੂੰ ਅਪਣਾਉਂਦੇ ਨਜ਼ਰ ਆਉਂਦੇ ਹਨ ਪਰ ਇਸ ਧੰਦੇ ਨੂੰ ਅਪਣਾਉਣ ਦੀ ਆਗਿਆ ਉਨ੍ਹਾਂ ਨੂੰ ਆਪਣੀ ਪ੍ਰਾਕ੍ਰਿਤਕ ਹੋਂਦ ਨੂੰ ਤਿਆਗ ਕੇ ਇਨ੍ਹਾਂ ਜਿਹਾ ਹੋ ਕੇ ਹੀ ਪ੍ਰਾਪਤ ਹੁੰਦੀ ਹੈ। ਸਾਹਿਤਕ ਅਧਿਐਨ ਦੌਰਾਨ ਅਜਿਹੇ ਵੇਰਵੇ ਪ੍ਰਾਪਤ ਹੁੰਦੇ। ਰਾਮ ਸਰੂਪ ਰਿਖੀ ਦੇ ਨਾਵਲ ‘ ਮੈਂ ਸ਼ਿਖੰਡੀ ਨਹੀਂ ’ ਵਿਚ ਆਪਣੀ ਆਰਥਿਕਤਾ ਦੇ ਸਤਾਏ ਦੋ ਪਾਤਰ ਮੱਖਣ ਅਤੇ ਦਾਦਾ ਗੁਰੂ ਕੇਸ਼ਵ ਕਿੰਨਰ ਸਮਾਜ ਵਿਚ ਸ਼ਾਮਲ ਹੁੰਦੇ ਹਨ। ਆਪਣੀ ਆਰਥਿਕਤਾ ਕਾਰਨ ਕਿੰਨਰ ਸਮਾਜ ਵਿਚ ਸ਼ਾਮਲ ਹੋਣ ਵਾਲੇ ਮਨੁੱਖ ਤਾਂ ਮਾਨਸਿਕ ਤੌਰ ਤੇ ਦੁੱਖ ਝੱਲਦੇ ਹੀ ਹਨ , ਓਧਰ ਪਰਿਵਾਰ ਤੇ ਵੀ ਕਹਿਰ ਟੁੱਟ ਪੈਂਦਾ ਹੈ, ਜਦੋਂ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਗ਼ਰੀਬੀ ਕਾਰਨ ਸਾਡਾ ਪੁੱਤਰ ਕਿੰਨਰਾਂ ਦੇ ਵਿਚ ਸ਼ਾਮਲ ਹੋ ਗਿਆ। ਮੱਖਣ ਦਾ ਪਿਓ ਕਾਰਾ ਵੀ ਆਪਣੀ ਗ਼ਰੀਬੀ ਦੇ ਦਿਨ ਯਾਦ ਕਰਦਾ ਹੈ। ਆਪਣੀ ਗ਼ਰੀਬੀ ਕਾਰਨ ਹੀ ਮੱਖਣ ਦੇ ਪਿਓ ਕਰਤਾਰ ਦਾਸ ਨੂੰ ਖੁਸਰੀ ਦਾ ਸੰਗੀਤ ਮਾਸਟਰ ਲੱਗਣ ਲਈ ਮਜਬੂਰ ਹੋਣਾ ਪਿਆ ਸੀ। ਮੱਖਣ ਦੇ ਕਿੰਨਰਾਂ ਵਿਚ ਸ਼ਾਮਲ ਹੋ ਜਾਣ ਤੇ ਤਾਇਆ ਮੱਖਣ ਦੇ ਪਿਓ ਨੂੰ ਹੌਸਲਾ ਦਿੰਦਾ ਹੋਇਆ ਕਹਿੰਦਾ ਹੈ ਕਿ-

> ਕਿੰਨਰ ਵੀ ਤਾਂ ਰੱਬ ਦੇ ਜੀਅ ਹੁੰਦੇ ਐ , ਕਾਰਿਆ ! ਇਨ੍ਹਾਂ ‘ਚ ਵੀ ਆਪਣੇ ਵਰਗੀ ਜਾਨਐ। ਕੀ ਗੁਨਾਹ ਐ ਉਨ੍ਹਾਂ ਨੂੰ ਰਾਗ ਵਿੱਦਿਆ ਦੇਣਾ। ਨਾਲੇ ਤੈਨੂੰ ਘਰ ਬੈਠੇ ਨੂੰ ਚੜ੍ਹੇ ਮਹੀਨੇ ਪੰਜ ਹਜ਼ਾਰ ਮਿਲ ਜਾਂਦੇ ਐ। ਕਿਸੇ ਅੱਗੇ ਹੱਥ ਅੱਡਣ ਦੀ ਲੋੜ ਨ੍ਹੀ। ਜੇ ਇਵੇਂ ਜਿਵੇਂ ਗਾਉਂਦਾ ਰਿਹਾ ਤਾਂ ਤੇਰੇ ਰੋਣੇ ਧੋਣੇ ਦੋ ਦੂ।(150)

ਮੱਖਣ ਇਸ ਸਥਿਤੀ ਵਿਚ ਇਸ ਤਰ੍ਹਾਂ ਡੂੰਘਾ ਫਸਦਾ ਹੈ ਕਿ ਉਸ ਲਈ ਕੋਈ ਰਾਹ ਵੀ ਖੁੱਲ੍ਹਾਂ ਨਹੀਂ। ਇਸ ਲਈ ਮੱਖਣ ਇਕ ਸੰਘਰਸ਼ ਤਾਂ ਆਪਣੇ ਅੰਦਰਲੇ ਨਾਲ ਕਰਦਾ ਹੈ ਅਤੇ ਦੂਸਰਾ ਬਾਹਰ ਸਮਾਜ ਨਾਲ ਕਰਦਾ ਹੈ, ਜਿਸ ਵਿਚ ਉਹ ਵਿਚਰਦਾ ਹੈ। ਇਹ ਬਾਹਰਲੇ ਸਮਾਜ ਵਿਚ ਕਿੰਨਰ ਸਮਾਜ ਅਤੇ ਸਭਿਅਕ ਸਮਾਜ

ਦੋਵਾਂ ਨਾਲ ਲੜਦਾ ਹੈ। ਅਸਲ ਵਿਚ ਮੱਖਣ ਦੇ ਨਾਲ ਵਧੀਕੀਆਂ ਮਹੰਤ ਚੰਦ ਕੌਰ ਅਤੇ ਦਾਦਾ ਗੁਰੂ ਕੇਸ਼ਵ ਆਪਣੇ- ਆਪਣੇ ਲਾਲਚ ਲਈ ਕਰਦੇ ਹਨ। ਚੰਦਕੁਰ ਨੇ ਰਮਨ ਤੋਂ ਇਸ ਕੰਮ ਦੇ ਪੂਰੇ ਪੰਜਾਹ ਹਜ਼ਾਰ ਨਕਦ ਅਤੇ ਆਪਣੀ ਹਵੇਲੀ ਨਾਲ ਲਗਦਾ ਪਲਾਟ ਲੈਣਾ ਕੀਤਾ ਸੀ। ਗੁਰੂ ਕੇਸ਼ਵਦਾਸ ਮੱਖਣ ਨੂੰ ਦੋ ਕਾਰਨਾਂ ਕਰਕੇ ਲਾਲਚ ਦਿੰਦਾ ਹੈ। ਇਕ ਤਾਂ ਉਹ ਆਪਣਾ ਵਿਸ਼ਵਾਸ ਪਾਤਰ ਬਣਾ ਕੇ ਉਸਨੂੰ ਕਿੰਨਰ ਸਮਾਜ ਦਾ ਅੰਗ ਬਣਾਉਣਾ ਚਾਹੁੰਦਾ ਹੈ। ਦੂਜੇ ਪਾਸੇ ਉਸ ਦੇ ਗਾਉਣ ਹੁਨਰ ਨੂੰ ਵਰਤ ਕੇ ਆਪਣੇ ਡੇਰੇ ਨੂੰ ਦੱਖਣੀ ਭਾਰਤ ਵਿਚ ਅਹਿਮ ਦਰਜਾ ਦਿਵਾਉਣਾ ਚਾਹੁੰਦਾ ਹੈ। ਬੇਸ਼ੱਕ ਮੱਖਣ ਨਾਲ ਕੀਤੀ ਇਹ ਵਧੀਕੀ ਮਹੰਤ ਚੰਦਕੁਰ ਅਤੇ ਕੇਸ਼ਵ ਆਪਣੇ ਲਾਲਚ ਹਿਤ ਕਰਦੇ ਹਨ ਪਰ ਅਸ਼ੱਪਸਟ ਰੂਪ ਵਿਚ ਇਹ ਸਮਾਜ ਵੱਲੋਂ ਆਪਣੇ ਪ੍ਰਤੀ ਦਿਖਾਈ ਨਿਰਦੈਤਾ ਦਾ ਬਦਲਾ ਲੈ ਰਹੇ ਪ੍ਰਤੀਤ ਹੁੰਦੇ ਹਨ। ਇਹ ਸਥਿਤੀ ਕਿੰਨਰਾਂ ਵਿਚ ਆਮ ਇਨਸਾਨਾਂ ਵਾਲੇ ਚੰਗੇ-ਮਾੜੇ, ਲਾਲਚੀ, ਦੰਭੀ ਅਤੇ ਪਰਉਪਕਾਰੀ ਦੋਵੇਂ ਤਰ੍ਹਾਂ ਦੇ ਗੁਣਾਂ-ਔਗੁਣਾਂ ਦਾ ਸਪਸ਼ਟੀਕਰਨ ਦਿੰਦੀ ਪ੍ਰਤੀਤ ਹੁੰਦੀ ਹੈ। ਇਸ ਤਰ੍ਹਾਂ ਕਾਰਾ ਜਦੋਂ ਮੱਖਣ ਦੀ ਸਚਾਈ ਤਾਏ ਨੂੰ ਦੱਸਦਾ ਹੈ ਕਿ ਮੱਖਣ ਨੇ ਆਪਣਾ ਸਭ ਕੁਝ ਕਿੰਨਰਾਂ ਨੂੰ ਲੁਟਾ ਦਿੱਤਾ ਹੈ। ਉਹ ਕਹਿੰਦਾ ਹੈ ਕਿ –

ਉਹਦਾ ' ਪਰੇਸ਼ਨ ਕਰਕੇ ਕਿੰਨਰ ਬਣਾਇਆ ਪਿਆ ਸੀ। ਲਿੰਗ---।(151)

ਆਰਥਿਕਤਾ ਕਾਰਨ ਕਿੰਨਰ ਡੇਰਿਆਂ ਵਿਚ ਰਹਿਣ ਵਾਲੇ ਲੋਕ ਤਾਂ ਕਿੰਨਰਾਂ ਵੱਲੋਂ ਕੀਤੀ ਜ਼ਿਆਦਤੀ ਭੋਗਦੇ ਹੀ ਹਨ। ਇਸ ਤੋਂ ਜ਼ਿਆਦਾ ਸੰਤਾਪ ਉਸ ਦੇ ਘਰ ਵਾਲੇ ਭੋਗਦੇ, ਮੱਖਣ ਦੀ ਦਾਦੀ ਆਪਣੇ ਪੋਤਰੇ ਨੂੰ ਬਗੈਰ ਮਿਲੇ ਹੀ ਇਸ ਜਹਾਨ ਤੋਂ ਤੁਰ ਜਾਂਦੀ ਹੈ। ਗ਼ਰੀਬੀ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀ। ਗੁਰੂ ਕੇਸ਼ਵ ਦੀ ਆਰਥਿਕ ਮਜਬੂਰੀ ਉਸਨੂੰ ਕਿੰਨਰ ਬਣਾ ਦਿੰਦੀ ਹੈ। ਕਿੰਨਰ ਬਣੇ ਮੱਖਣ ਨੂੰ ਹੌਂਸਲਾਂ ਦੇਣ ਲਈ ਦਾਦਾ ਗੁਰੂ ਕੇਸ਼ਵ ਵੀ ਆਪਣੀ ਆਰਥਿਕਤਾ ਬਾਰੇ ਬਿਆਨ ਕਰਦਾ ਹੈ ਕਿ -

> ਮੈਂ ਤਾਂ ਜੋ ਕਸ਼ਟ ਝੱਲਿਆ ਪਰ ਆਪ ਤੋਂ ਛੋਟੇ ਭਰਾਵਾਂ ਦੀ ਜ਼ਿੰਦਗੀ ਬਣਾ ਤੀ। ਜਗਰਾਵਾਂ ਵਾਲੀ ਸੜਕ ਤੇ ਪਟਰੋਲ ਪੰਪ ਲਾਪਤਾ ਉਹ ਵੀ ਸਿਆਣੇ, ਨਿਕਲੇ ਉਨ੍ਹਾਂ ਨੇ ਅੱਗੇ ਸੇਵਾ ਬੱਸ ਕੰਪਨੀ ਬਣਾ ਲਈ। ਸਾਡੇ ਪਿੰਡ 'ਭੁੱਟੇ ਹਰ ਸਾਲ ਮੇਰੇ ਜਨਮ ਦਿਨ ਤੇ ਉਹ ਪਿੰਡ ਦੇ ਗ਼ਰੀਬਾਂ

> ਦੀਆਂ ਕੁੜੀਆਂ ਦੇ ਵਿਆਹ ਕਰ ਦਿੰਦੇ ਐ ਜਾਂ ਫੇਰ ਕੋਈ ਸਾਂਝੇ ਕੰਮ ਵਿਚ ਮੇਰੇ ਨਾਂ ਤੇ ਵੱਡੀ ਰਕਮ ਦਾਨ ਕਰ ਦਿੰਦੇ ਐ ।(161)

ਕੇਸ਼ਵ ਤੇ ਮੱਖਣ ਦੋਵਾਂ ਦੇ ਕਿੰਨਰ ਸਮਾਜ ਵਿਚ ਸ਼ਾਮਿਲ ਹੋਣ ਦਾ ਇੱਕੋ ਇਕ ਕਾਰਨ ਉਨ੍ਹਾਂ ਦੀ ਆਰਥਿਕਤਾ ਹੀ ਸੀ । ਉਹ ਆਪਣੀ ਨਿੱਜੀ ਜ਼ਿੰਦਗੀ ਖ਼ਤਰੇ ਵਿਚ ਪਾ ਕੇ ਆਪਣੇ ਪਰਿਵਾਰਾਂ ਲਈ ਕੁਝ ਕਰਨਾ ਲੋਚਦੇ ਸਨ । ਕੇਸ਼ਵ ਵਰਗੇ ਮਹੰਤਾਂ ਦੀਆਂ ਚਾਲਾਂ ਵਿਚ ਫਸ ਕੇ ਜ਼ਬਰਦਸਤੀ ਬਣਾਏ ਗਏ ਕਿੰਨਰ ਮੱਖਣ ਨੂੰ ਆਪਣੀ ਜ਼ਿੰਦਗੀ ਦਾ ਹਮੇਸ਼ਾ ਪਛਤਾਵਾ ਰਹਿੰਦਾ ਹੈ । ਮੱਖਣ ਤੇ ਗੁਰੂ ਕੇਸ਼ਵ ਦੀ ਕਹਾਣੀ ਇਕ ਹੀ ਸੀ । ਦੋਵਾਂ ਨੂੰ ਹੀ ਆਪਣੀ ਆਰਥਿਕਤਾ ਕਾਰਨ ਇਹ ਜ਼ਿੰਦਗੀ ਜਿਊਣ ਲਈ ਮਜਬੂਰ ਹੋਣਾ ਪਿਆ । ਇਸ ਨਾਵਲ ਵਿਚ ਦੁਖਾਂਤ ਉਸ ਸਮੇਂ ਵਾਪਰਦਾ ਹੈ, ਜਦੋਂ ਮੱਖਣ ਵਰਗੇ ਪਾਤਰਾਂ ਨੂੰ ਆਪਣੀ ਆਰਥਿਕ ਮੰਦਹਾਲੀ ਦੀਆਂ ਅਲਾਮਤਾਂ ਕਾਰਨ ਆਪਣੇ ਮਰਦਊ ਤੋਂ ਵੀ ਹੱਥ ਧੋਣੇ ਪੈਂਦੇ ਹਨ । ਨਾਵਲਕਾਰ ਨੇ ਮੱਖਣ ਵਰਗੇ ਪਾਤਰਾਂ ਨੂੰ ਸਿਰਜ ਕੇ ਉਨ੍ਹਾਂ ਦੇ ਸਮਾਜਿਕ ,ਆਰਥਿਕ, ਮਾਨਸਿਕ, ਸਰੀਰਕ ਆਦਿ ਪੱਖਾਂ ਨੂੰ ਯਥਾਰਥਕ ਰੂਪ ਵਿਚ ਸਿਰਜਣ ਦਾ ਯਤਨ ਕੀਤਾ ਹੈ । ਇਸ ਨਾਵਲ ਵਿਚ ਸਭ ਤੋਂ ਦੁਖਾਂਤਕ ਪਾਤਰ ਮੱਖਣ ਹੈ , ਜੋ ਮੀਤੇ ਸਫ਼ੈਦਪੋਸ਼ ਦਾ ਪੋਤਰਾ ਅਤੇ ਕਾਰੇ ਗਾਇਕ ਦਾ ਮੁੰਡਾ ਹੈ । ਕਾਰਾ ਖ਼ੁਦ ਇਕ ਚੰਗਾ ਗਾਇਕ ਹੁੰਦਾ ਹੈ ਪਰ ਉਸ ਦੀ ਚੜ੍ਹਤ ਨੂੰ ਨਾਲ ਦੇ ਗਵੱਈਆ ਨੇ ਈਰਖਾ ਵਸ ਸੰਧੂਰ ਪਿਲਾ ਕੇ ਉਸ ਦਾ ਗਲਾ ਖ਼ਰਾਬ ਕਰ ਦਿੱਤਾ ਸੀ । ਜਿਸ ਤੋਂ ਬਾਅਦ ਉਹ ਨਾ ਗਾ ਸਕਿਆ । ਕਾਰਾ ਆਪਣੇ ਪੁੱਤਰ ਮੱਖਣ ਦੀ ਬਚਪਨ ਤੋਂ ਹੀ ਸੁਰੀਲੀ ਆਵਾਜ਼ ਕਾਰਨ ਉਸ ਦੇ ਚੰਗੇ ਗਾਇਕ ਬਣਨ ਦੇ ਸੁਪਨੇ ਵੇਖਦਾ ਹੈ ਪਰ ਘਰ ਦੀ ਗ਼ਰੀਬੀ ਕਾਰਨ ਮੱਖਣ ਨੂੰ ਖੁਸਰਿਆਂ ਦੇ ਨਾਲ ਗਾਉਣਾ ਕਬੂਲ ਕਰਨਾ ਪੈਂਦਾ ਹੈ । ਇੱਥੇ ਹੀ ਉਸ ਦੇ ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਵਾਪਰਦਾ ਹੈ । ਉਸ ਨੂੰ ਪਹਿਲਾ ਤਰ੍ਹਾਂ-ਤਰ੍ਹਾਂ ਦੀਆਂ ਜੜੀਆਂ ਬੂਟੀਆਂ ਪਿਲਾ ਕੇ ਨਾਮਰਦ ਬਣਾਇਆ ਜਾਂਦਾ ਹੈ । ਨਾਵਲੀ ਬਿਰਤਾਂਤ ਵਿਚੋਂ ਮੱਖਣ ਦੇ ਅੰਦਰਲੇ ਮਰਦ ਨੂੰ ਖ਼ਤਮ ਕਰਨ ਦੀਆਂ ਕਾਰਜ਼ੁਗਾਰੀਆਂ ਦੇਖੀਆਂ ਜਾ ਸਕਦੀਆਂ ਹਨ –

> ਕਾਮ ਦਾ ਵੇਗ ਮਨੁੱਖ ਅੰਦਰ ਬੜਾ ਕੁੱਝ ਘਟਾਉਂਦਾ ਹੈ । ਇਸ ਤੋਂ ਬਿਨਾਂ

> ਸ਼ਾਇਦ ਮਨੁੱਖ- ਮਨੁੱਖ ਨਹੀਂ ਰਹਿੰਦਾ । ਮੱਖਣ ਵਿਚੋਂ ਇਸ ਦੈਂਤ ਨੂੰ ਕੱਢਣ ਦੇ ਯਤਨ ਆਰੰਭ ਦਿੱਤੇ ਗਏ । ਠੋਸ ਅਤੇ ਤਰਲ ਪਦਾਰਥ , ਭਸਮਾਂ ਅਤੇ ਹੋਰ ਜੜ੍ਹੀਂ-ਬੂਟੀਆਂ ਦੇ ਰਸ ਪਿਲਾ ਪਿਲਾ ਕੇ ਮੱਖਣ ਵਿਚੋਂ ਕਾਮ , ਸ਼ੁਕਰਾਣੂਆਂ ਨੂੰ ਨਿਰਜਿੰਦ ਕਰ ਦਿੱਤਾ ਗਿਆ । ਹਰ ਤਰ੍ਹਾਂ ਦੇ ਨਸ਼ੇ ਦੀ ਵਰਤੋਂ ਦੇ ਨਾਲ ਨਾਲ ਧਨੀਏ ਦੀ ਕਾਂਜੀ , ਧਨੀਏ ਦੀ ਪੰਜੀਰੀ , ਦੇਣ ਤੋਂ ਮਗਰੋਂ ਸੁਰਮਾ ਰਗੜ ਕੇ ਪਿਆ ਦਿੱਤਾ ਗਿਆ - - - ਉਸ ਦੀ ਇੰਦਰੀ ਮਰਦਊ ਪੂਣਾ ਛੱਡਦੀ ਇਕ ਦਿਨ ਬਿਲਕੁਲ ਲਟਕ ਗਈ। ਇਹ ਉਸ ਨੂੰ ਨਿਰਜਿੰਦ ਲਟਕ ਦਾ ਵਾਧੂ ਮਾਸ ਜਾਪਣ ਲੱਗ ਪਈ---। ਮੱਖਣ ਕੋਲ ਚੌਵੀ ਘੰਟਿਆਂ ਵਿਚ ਇਕ ਪਲ ਵੀ ਅਜਿਹਾ ਨਹੀਂ ਸੀ ਬਚਿਆ ਜਦੋਂ ਉਹ ਨਸ਼ੇ ਵਿਚ ਨਾ ਹੋਵੇ ।(127)

ਕਿੰਨਰਾਂ ਵਿਚ ਰਹਿਣ ਦੇ ਢੰਗ ਤਰੀਕੇ ਮੱਖਣ ਪਹਿਲਾ ਹੀ ਸਿੱਖ ਚੁੱਕਿਆਂ ਸੀ । ਉਹ ਖੁਸਰਿਆਂ ਵਾਂਗ ਤਾੜੀ ਮਾਰਨਾ , ਅੱਡੀ ਮਾਰਨਾ , ਬੋਲਣਾ- ਚੱਲਣਾ ਭਾਵ ਹਰ ਤਰ੍ਹਾਂ ਦੀ ਅਦਾਕਾਰੀ ਕਰਨ ਵਿਚ ਭੋਰਾ ਸ਼ਰਮ ਨਹੀਂ ਮਹਿਸੂਸ ਕਰਦਾ ਸੀ। ਉਹ ਕਿੰਨਰ ਸੰਸਾਰ ਵਿਚ ਖਚਿਤ ਹੋ ਕੇ ਅਸਲ ਸੰਸਾਰ ਨੂੰ ਭੁੱਲ ਚੁੱਕਿਆ ਸੀ । ਆਰਥਿਕਤਾ ਦੇ ਸਤਾਏ ਲੋਕ ਕਿੰਨਰ ਡੇਰਿਆਂ ਦੀ ਸ਼ਰਨ ਲੈਂਦੇ ਹਨ । ਉਹ ਡੇਰਿਆਂ ਵਿਚ ਸ਼ਾਮਲ ਹੋਣ ਤੋਂ ਬਾਅਦ ਮਾਨਸਿਕ ਤੌਰ 'ਤੇ ਵੀ ਆਪਣੇ-ਆਪ ਨੂੰ ਸੰਤੁਸ਼ਟ ਮਹਿਸੂਸ ਨਹੀਂ ਕਰਦੇ । ਇਸ ਲਈ ਮੱਖਣ ਆਪਣੇ ਸ਼ਿਖੰਡੀ ਬਣੇ ਰੂਪ ਨੂੰ ਸਵੀਕਾਰ ਨਹੀਂ ਕਰਦਾ । ਕਿੰਨਰ ਸਮਾਜ ਦੇ ਆਗੂਆਂ ਦਾ ਕਹਿਣਾ ਹੈ ਕਿ ਕਿਸੇ ਨਾਲ ਉਸ ਦੀ ਮਰਜ਼ੀ ਤੋਂ ਬਿਨਾਂ ਕੁਝ ਨਹੀਂ ਕੀਤਾ ਜਾਂਦਾ ਹੈ ।ਇਸ ਦਾ ਪ੍ਰਮਾਣ ਅਰੁੰਧਤਿ ਰਾਏ ਦੇ ਨਾਵਲ 'ਦਰਬਾਰਿ –ਖੁਸ਼ੀਆਂ ਬੇਪਨਾਹ' ਵਿਚ ਪਾਤਰ ਕੁਲਸੂਮ ਬੀ ਦੇ ਉੱਤਰ ਵਿਚ ਦੇਖਿਆ ਜਾ ਸਕਦਾ ਹੈ -

> ਦੁਨੀਆ ਵਿਚ ਬਦ ਅਮਲੀ ਵਾਲੀਆਂ ਬੇਅਮਲੀ ਫੈਲਦੀਆਂ ਹਨ ਕਿ ਹੀਜੜੇ ਛੋਟੇ ਬਾਲਾਂ ਨੂੰ ਚੁੱਕ ਲੈਂਦੇ ਹਨ ਅਤੇ ਉਨ੍ਹਾਂ ਨੂੰ ਖ਼ੱਸੀ ਕਰ ਦਿੰਦੇ ਹਨ । ਉਹ ਕਿਸੇ ਹੋਰ ਥਾਂ ਉੱਤੇ ਅਜਿਹਾ ਹੋਣ ਜਾਂ ਨਾ ਹੋਣ ਬਾਬਤ ਤਾਂ ਕੁਝ ਨਹੀਂ ਕਹਿ ਸਕਦੀ ਪਰ ਖ਼ੁਦਾ ਗਵਾਹ ਸੀ ਕਿ ਕਦੇ ਖ਼ਵਾਹਗਾਹ ਵਿਚ ਮਨਜ਼ੂਰੀ ਤੋਂ ਬਿਨਾਂ ਕੁਝ ਨਹੀਂ ਹੋਇਆ ।(56)

ਨਾਵਲਕਾਰ ਧਰਮ ਕੰਮੇਆਣਾ ਦਾ ਨਾਵਲ 'ਉਖੜੇ ਸੁਰ ' ਵੀ ਆਰਥਿਕਤਾ ਦੇ ਸਤਾਏ ਲੋਕਾਂ ਨੂੰ ਕਿੰਨਰਾਂ ਦੇ ਡੇਰਿਆਂ 'ਚ ਪਹੁੰਚਣ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ । ਨਾਵਲ ਵਿਚ ਕਿੰਨਰਾਂ ਦੇ ਸਮਾਜਿਕ ਯਥਾਰਥ ਬਾਰੇ ਅਹਿਮ ਮਸਲਾ ਉਭਾਰਿਆ ਗਿਆ ਹੈ, ਜਿਹੜਾ ਉਨ੍ਹਾਂ ਦੀ ਸਮਾਜਿਕ ਦਰਜਾਬੰਦੀ ਵਿਚ ਸਭਿਆਚਾਰਕ ਅਤੇ ਮਨੋਵਿਗਿਆਨਕ ਪੱਖ ਨਾਲ ਸੰਬੰਧਿਤ ਹੈ । ਪੰਜਾਬੀ ਅਵਚੇਤਨ ਵਿਚ ਕਿੰਨਰ ਦੀ ਨਾਰਾਜ਼ਗੀ ਨੂੰ ਅਪਸ਼ਗਨ ਸਮਝਿਆ ਜਾਂਦਾ ਹੈ । ਇਸ ਕਾਰਨ ਉਨ੍ਹਾਂ ਦੇ ਬਚਨਾਂ ਨੂੰ ਸਮਾਜ ਵਿਚ ਸਤਿਕਾਰ ਦੇਣ ਦਾ ਰੁਝਾਨ ਭਾਰੂ ਹੈ । ਆਪਣੀ ਇਸ ਸਭਿਆਚਾਰਕ ਸ਼ਕਤੀ ਕਾਰਨ ਕਿੰਨਰਾਂ ਵਿਚ ਵਿਕਾਰ ਆਉਣੇ ਸ਼ੁਰੂ ਹੋ ਗਏ । ਵਧਾਈ ਮੰਗਣ ਵੇਲੇ ਸਮਾਜ ਦੇ ਲੋਕਾਂ ਨਾਲ ਧੱਕਾ ਕਰਨਾ ਅਤੇ ਆਪਣੀ ਬਦ-ਅਸੀਸ ਦਾ ਡਰਾਵਾ ਦੇਣ ਵਰਗੀਆਂ ਅਲਾਮਤਾਂ ਕਾਰਨ ਸਮਾਜ ਵਿਚ ਕਿੰਨਰਾਂ ਦਾ ਪਹਿਲਾਂ ਵਰਗਾ ਸਤਿਕਾਰ ਨਹੀਂ ਰਿਹਾ ਹੈ । ਰੌਣਕੀ ਵੀ ਇਸੇ ਰਾਹ ਨੂੰ ਹੀ ਅਪਣਾਉਂਦਾ ਹੈ । ਬੇਸ਼ੱਕ ਰੌਣਕੀ ਵਰਗੇ ਲੋਕ ਆਪਣੇ ਪਿੰਡ ਛੱਡਣ ਦਾ ਵੈਰਾਗ ਤੇ ਮਾਪਿਆ ਤੋਂ ਬਣੀ ਦੂਰੀ ਨੂੰ ਵੀ ਸਹਿੰਦੇ ਹਨ । ਉੱਥੇ ਰੌਣਕੀ ਨੂੰ ਕਿੰਨਰਾਂ ਦੇ ਡੇਰੇ ਵਿਚ ਮਿਲਿਆ ਸੁੱਖ ਚੰਗਾ ਲੱਗਦਾ । ਉਸ ਅਨੁਸਾਰ -

> ਉਹ ਸਵੇਰੇ ਉੱਠ ਕੇ ਨਾਹ-ਧੋ ਕੇ , ਪ੍ਰੈੱਸ ਕੀਤੇ ਸਾਫ਼ ਕੱਪੜੇ ਪਹਿਣ ਲੈਂਦਾ ਅਤੇ ਸਿਰ ਦੇ ਕੱਟੇ ਹੋਏ ਵਾਲਾਂ ਨੂੰ ਸਰ੍ਹੋਂ ਦਾ ਤੇਲ ਲਾ ਕੇ ਪਟੇ ਚੋਪੜ ਲੈਂਦਾ । ਬਾਅਦ ਵਿਚ ਉਹਦਾ ਕੰਮ ਵੱਡੇ ਖੁਸਰੇ , ਜਿਸ ਨੂੰ ਸਾਰੇ ਮਹੰਤ ਜੀ ਆਖ ਕੇ ਬਣਾਉਂਦੇ ਸਨ ,ਦੀਆਂ ਲੱਤਾਂ-ਬਾਹਵਾਂ-ਘੁੱਟਣਾਂ , ਉਹਦਾ ਹੁੱਕਾ ਅੱਗ , ਪਾਣੀ ਤੇ ਤੰਬਾਕੂ ਪਾ ਕੇ ਤਿਆਰ ਕਰਨਾ ਜਾਂ ਬਜ਼ਾਰੋਂ ਕੋਈ ਜ਼ਰੂਰੀ ਚੀਜ਼ ਵਸਤ ਲਿਆਉਣਾ ਹੁੰਦਾ ਸੀ । ਜਿਸ ਦਿਨ ਖੁਸਰੇ ਕਿਧਰੇ ਵਧਾਈ ਮੰਗਣ ਜਾਂਦੇ ਤਾਂ ਰੌਣਕ ਨੂੰ ਵੀ ਨਾਲ ਲੈ ਜਾਂਦੇ । ਲੋਕ ਪੈਸਿਆਂ ਦੇ ਨਾਲ ਵਧਾਈ ਵਜੋਂ ਅਨਾਜ ਗੁੜ , ਸੂਟ , ਖੇਸ ,ਕੰਬਲ ਆਦਿ ਵੀ ਦਿੰਦੇ ਤੇ ਇਸ ਸਮਾਨ ਦੀ ਬੰਨ੍ਹੀ ਹੋਈ ਗੰਠੜੀ ਰੌਣਕ ਜਾਂ ਸਿਰ ਉੱਤੇ ਚੁੱਕ ਲੈਂਦਾ ਜਾਂ ਆਪਣੇ ਮੋਢਿਆਂ ' ਤੇ ਮਗਰੀ ਮਾਰ ਲੈਂਦਾ ।(17)

ਇਸ ਤਰ੍ਹਾਂ ਰੌਣਕੀ ਕਿੰਨਰਾਂ ਦੇ ਲਈ ਕੰਮ ਕਰਨ ਵਾਲਾ ਬਣ ਗਿਆ । ਰੌਣਕੀ ਦਾ ਇਸ ਤਰ੍ਹਾਂ ਕਿੰਨਰਾ ਦੇ

ਨਾਲ ਰਲ ਜਾਣਾ ਸੰਕੇਤ ਕਰਦਾ ਹੈ ਕਿ ਕਿਸ ਤਰ੍ਹਾਂ ਇਹ ਲੋਕ ਸਭਿਅਕ ਸਮਾਜ ਤੋਂ ਪਾਸੇ ਹੋ ਜਾਂਦੇ ਹਨ। ਰੌਣਕੀ ਦੀ ਸੁਰੀਲੀ ਅਵਾਜ਼ ਇਕ ਦਿਨ ਮਹੰਤ ਜੀ ਦੇ ਕੰਨੀ ਪੈਂਦੀ ਹੈ ਤਾਂ ਉਹ ਰੌਣਕੀ ਨੂੰ ਸੰਗੀਤ ਸਿੱਖਣ ਉਸਤਾਦ ਜੀ ਕੋਲ ਲਾ ਦਿੰਦਾ ਹੈ। ਕਿੰਨਰ ਸਮਾਜ ਵਿਚ ਮਹੰਤ ਦਾ ਦਰਜਾ ਬੜਾ ਅਹਿਮ ਮੰਨਿਆ ਜਾਂਦਾ ਹੈ ਤਾਂ ਰੌਣਕੀ ਮਹੰਤ ਜੀ ਦੀ ਸੇਵਾ ਕਰਕੇ ਉਸ ਦਾ ਮਨ ਜਿੱਤ ਲੈਂਦਾ ਹੈ। ਮਹੰਤ ਜੀ ਹਮੇਸ਼ਾ ਰੌਣਕੀ ਦੀਆਂ ਤਾਰੀਫ਼ਾਂ ਕਰਦੇ ਥੱਕਦੇ ਨਹੀਂ ਸਨ । ਕਿੰਨਰਾ ਦੇ ਡੇਰੇ ਵਿਚ ਹੀ ਰੇਖਾ ਕਿੰਨਰ ਦੇ ਨਾਲ ਰੌਣਕੀ ਦਾ ਵਿਆਹ ਕਰ ਦਿੱਤਾ। ਕਿੰਨਰ ਰੇਖਾ ਦੇ ਨਾਲ ਹੋਣ ਵਾਲੇ ਵਿਆਹ ਵਿਚ ਰੌਣਕੀ ਦੀ ਖ਼ੁਸ਼ੀ ਘੱਟ ਤੇ ਮਜਬੂਰੀ ਵਧੇਰੇ ਝਲਕਦੀ ਹੈ। ਬੇਸ਼ੱਕ ਉਹ ਆਰਥਿਕ ਤੌਰ ਤੇ ਆਪਣੇ ਆਪ ਨੂੰ ਸੁਖਾਲਾ ਮਹਿਸੂਸ ਕਰਦਾ ਹੈ ਤੇ ਆਪਣੇ ਬੁੱਢੇ ਤੇ ਗ਼ਰੀਬ ਮਾਂ-ਬਾਪ ਦੀ ਕੁੱਝ ਮਦਦ ਕਰਨ ਵਿਚ ਵੀ ਸਫਲ ਰਹਿੰਦਾ ਹੈ। ਰੌਣਕੀ ਆਪਣੇ ਘਰਦਿਆਂ ਵਾਸਤੇ ਜਦੋਂ ਵੀ ਪਿੰਡ ਆਉਂਦਾ ਲੋੜੀਂਦਾ ਸਮਾਨ ਲੈ ਕੇ ਆਉਂਦਾ -

> ਉਹ ਘਰਦਿਆਂ ਵਾਸਤੇ ਨਵੇਂ ਕੱਪੜੇ, ਖੇਸ , ਕੰਬਲ ਤੇ ਹੋਰ ਚੀਜ਼ ਵਸਤ ਵੀ ਜ਼ਰੂਰ ਲੈ ਕੇ ਆਉਂਦੇ। ਇਹ ਚੀਜ਼-ਵਸਤ ਉਸੇ ਸਮਾਨ ਵਿਚੋਂ ਹੁੰਦੀ ਸੀ ਜੋ ਉਨ੍ਹਾਂ ਨੂੰ ਵਧਾਈਆਂ ਦੇ ਤੌਰ ‘ਤੇ ਮਿਲਿਆ ਹੁੰਦਾ ਸੀ। (18)

ਰੌਣਕੀ ਆਪਣੇ ਮਾਪਿਆਂ ਦੀ ਆਰਥਿਕ ਰੂਪ ਦੇ ਵਿਚ ਮਦਦ ਕਰਕੇ ਆਪਣੇ-ਆਪ ਨੂੰ ਇਕ ਕਮਾਊ ਪੁੱਤ ਹੋਣ ਦਾ ਅਹਿਸਾਸ ਕਰਵਾਉਂਦਾ। ਇਹ ਅਹਿਸਾਸ ਉਸ ਨੂੰ ਮਾਨਸਿਕ ਤੌਰ ‘ਤੇ ਸੰਤੁਸ਼ਟੀ ਦਿੰਦਾ ਸੀ। ਰੌਣਕੀ ਦੇ ਪਾਤਰ ਰਾਹੀਂ ਸੰਕੇਤ ਮਿਲਦਾ ਹੈ ਕਿ ਖੁਸਰਿਆਂ ਦੇ ਨਾਲ ਰਲ਼ ਕੇ ਬੇਸ਼ੱਕ ਉਹ ਆਰਥਿਕ ਤੌਰ ਤੇ ਆਪਣੇ –ਆਪ ਨੂੰ ਤਸੱਲੀ ਦਿੰਦੇ ਹਨ। ਸਮਾਜ ਵਿਚ ਅਜਿਹੇ ਵਿਅਕਤੀ ਸਮਾਜ ਨਾਲੋਂ ਟੁੱਟ ਕੇ ਜ਼ਿੰਦਗੀ ਬਤੀਤ ਕਰਦੇ ਹਨ। ਇਕ ਸਮਾਜ ਲਈ ਇਸ ਤੋਂ ਵੱਡੀ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ? ਸਮਾਜ ਦੇ ਲੋਕਾਂ ਵੱਲੋਂ ਮਿਹਨਤ ਕਰਨ ਦੀ ਥਾਂ ਪੈਸੇ ਕਮਾਉਣ ਦੀ ਇੱਛਾ ਨਾਲ ਕਿੰਨਰਾਂ ਦੇ ਵਿਚ ਸ਼ਾਮਲ ਹੋਣ ਕਾਰਨ ਦੇ ਮਸਲੇ ਨੂੰ ਖ਼ੂਬ ਉਭਾਰਿਆ ਹੈ। ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ ਵਿਚ ਸ਼ਾਮਲ ਕਹਾਣੀ ‘ਮਲਕਾ ’ ਵਿਚੋਂ ਇਹ ਨਿਮਨਲਿਖਤ ਵਾਰਤਾਲਾਪ ਤੋਂ ਵੀ ਸੰਕੇਤ ਦੇਖੇ ਜਾ ਸਕਦੇ ਹਨ-

> ਹਾਂ ਇਹ ਠੀਕ ਐ ਸਾਡੀਆਂ ਟੋਲੀਆਂ ਵਿਚ ਸਾਰੇ ਖੁਸਰੇ ਨਹੀਂ ਹੁੰਦੇ । ਕਈ ਵਾਰੀ ਗ਼ਰੀਬੀ ਦੇ ਮਾਰੇ ਬੰਦੇ ਵੀ ਸਾਡੇ ਨਾਲ ਆ ਰਲਦੇ ਨੇ । ਸਾਡੇ ਨਾਲ ਜਿਹੜਾ ਢੋਲਕੀ ਵਜਾਉਂਦਾ ਹੈ ਉਹ ਖੁਸਰਾ ਨਹੀਂ ਪਰ ਇਹ ਆਪਣੀ ਮਰਜ਼ੀ ਨਾਲ ਸਾਡੇ ਨਾਲ ਨੇ ਤੇ ਇਹ ਸਾਨੂੰ ਬੁਰਾ ਨਹੀਂ ਸਮਝਦੇ । ਦੀਦੀ ਹੈ ਤਾਂ ਅਸੀਂ ਵੀ ਇਨਸਾਨ ਦੀ ਔਲਾਦ ਹੀ ਪਰ ਆਦਮੀ ਔਰਤ ਦੀ ਜਾਤ ਨਹੀਂ ਇਸੇ ਲਈ ਘਰਾਂ ਚ ਦੁਰਕਾਰੇ ਹੋਏ ਹਾਂ ।(94)

ਮਲਕਾ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਸਮਾਜ ਦੇ ਲੋਕ ਆਪਣੀ ਆਰਥਿਕਤਾ ਦੇ ਕਾਰਨ ਖੁਸਰਿਆਂ ਦੇ ਡੇਰਿਆਂ ਦੀ ਸ਼ਰਨ ਲੈ ਲੈਂਦੇ ਹਨ । ਕਿਵੇਂ ਇਹ ਵਰਗ ਅਜੇ ਵੀ ਆਪਣੇ ਜੀਵਨ ਨੂੰ ਚੰਗੇਰਿਆਂ ਬਣਾਉਣ ਦਾ ਯਤਨ ਖ਼ਤਮ ਹੁੰਦੇ ਦੇਖ ਰਿਹਾ ਹੈ । ਸਾਧਾਰਨ ਅਤੇ ਪ੍ਰੰਪਰਾਈ ਪ੍ਰਗਤੀਵਾਦੀ ਸੂਝ ਅਜਿਹੇ ਮੁੱਦਿਆਂ ਨੂੰ ਪਿਛਾਂਹ-ਖਿੱਚੂ ਅਤੇ ਨਿਰਾਸ਼ਾਵਾਦੀ ਦੇ ਵਿਚਾਰ ਅਧੀਨ ਵਿਚਾਰੇਗੀ ਪਰ ਸਾਹਿਤ ਵਿਚਲੀ ਮਹੱਤਤਾ ਹਾਸ਼ੀਏ ਉੱਤੇ ਹੋਏ ਇਸ ਵਰਗ ਦੀਆਂ ਕਾਮਨਾਵਾਂ ਅਤੇ ਘਾਲਨਾਵਾਂ ਨਾਲ ਜੋੜਦੀ ਹੈ । ਉਨ੍ਹਾਂ ਦੇ ਹੀ ਪੱਧਰ ਉੱਤੇ , ਉਨ੍ਹਾਂ ਦੀ ਭਾਸ਼ਾ ਵਿਚ ਯਥਾਰਥ ਦਾ ਵਰਣਨ ਕੀਤਾ ਗਿਆ ਹੈ , ਜਿਸ ਤੋਂ ਅੱਜ ਵੀ ਬਹੁਗਿਣਤੀ ਦੇ ਜੀਵਨ ਬਾਰੇ ਸੱਚ ਦਾ ਭਰਵਾਂ ਗਿਆਨ ਹੁੰਦਾ ਹੈ । ਇਹ ਬੜਾ ਵੱਡਾ ਸਵਾਲ ਸਮਾਜ ਦੇ ਅੱਗੇ ਖੜ੍ਹਾ ਹੈ ਕਿ ਬੇਸ਼ੱਕ ਸਮਾਜ ਕਿੰਨਰਾਂ ਦੇ ਨਾਲ ਹੋਰ ਕਿਸੇ ਤਰ੍ਹਾਂ ਦੀ ਸਾਂਝ ਨਹੀਂ ਪਾਉਂਦਾ ਫਿਰ ਸਮਾਜ ਦੇ ਲੋਕ ਕਿਸ ਤਰ੍ਹਾਂ ਆਪਣੀ ਗ਼ਰੀਬੀ ਕਾਰਨ ਇਨ੍ਹਾਂ ਡੇਰਿਆਂ ਨਾਲ ਆਪਣੀ ਸਾਂਝ ਪਾਉਣ ਨੂੰ ਉਚਿੱਤ ਸਮਝਦੇ ਹਨ ।

ਸਾਹਿਤਕ ਅਧਿਐਨ ਦੌਰਾਨ ਪ੍ਰਾਪਤ ਹੋਏ ਵੇਰਵਿਆਂ ਵਿਚੋਂ ਸਪਸ਼ਟ ਹੁੰਦਾ ਹੈ ਕਿ ਸਿਰਫ਼ ਆਪਣੀ ਮਰਜ਼ੀ ਨਾਲ ਕਿੰਨਰ ਡੇਰਿਆਂ ਵਿਚ ਸ਼ਾਮਿਲ ਹੋਣ ਤੋਂ ਬਿਨਾਂ ਕਿੰਨਰਾਂ ਵੱਲੋਂ ਵੀ ਕੁਝ ਲੋਕਾਂ ਨੂੰ ਡੇਰੇ ਵਿਚ ਸ਼ਾਮਿਲ ਕਰਦ ਦੇ ਸੰਕੇਤ ਅਨੇਮਨ ਸਿੰਘ ਦੀ ਕਹਾਣੀ ' ਨੂਰੀ' ਵਿਚ ਰੂਪਮਾਨ ਹੁੰਦੇ ਹਨ । ਕਿੰਨਰ ਸਮਾਜ ਦੇ ਲੋਕ ਕਿਸ ਤਰ੍ਹਾਂ ਰਾਜੀ ਨੂੰ ਉਸ ਦੀ ਆਰਥਿਕਤਾ ਕਾਰਨ ਕਿੰਨਰ ਬਣਾ ਦਿੰਦੇ ਹਨ । ਰਾਜੀ ਕੋਲ ਵੀ ਕੋਈ ਚਾਰਾ ਨਹੀਂ ਸੀ । ਆਖ਼ਰ ਕਿੰਨਰਾਂ ਦੀ ਇਸ ਮੰਗ ਨੂੰ ਉਸ ਨੇ ਸਵੀਕਾਰ ਕੀਤਾ ਸੀ । ਉਹ ਆਪਣੀ

ਗ਼ਰੀਬੀ ਕਾਰਨ ਹੋਰ ਕਿਤੇ ਜਾ ਵੀ ਨਹੀਂ ਸਕਦਾ ਸੀ। ਬੇਸ਼ੱਕ ਇਸ ਦੇ ਮੁਕਾਬਲੇ ਮਾਦਾ ਕਿੰਨਰ ਨੂਰੀ ਜੀਤੇ ਨੂੰ ਅਜਿਹਾ ਕਰਨ ਤੋਂ ਵਰਜਦੀ ਹੈ। ਉਹ ਆਪਣੀ ਮਾਨਵਵਾਦੀ ਸੋਚ ਨੂੰ ਅਪਣਾਉਂਦੀ ਹੋਈ ਜੀਤੇ ਨੂੰ ਕਹਿੰਦੀ ਹੈ ਕਿ -

> ਵੇਖ ਜੀਤੇ , ਸਾਡੇ ਤਾਂ ਰੱਬ ਨੇ ਕਰਮ ਹੀ ਅਜਿਹੇ ਬਣਾਏ ਹਨ ----ਪਰ ਤੂੰ ਕਿਉਂ ਆਪਣੇ ਕਰਮਾਂ ਨੂੰ ਨਰਕ ਚ ਠੇਲ੍ਹਦਾ ਏ।(136)

ਨੂਰੀ ਆਪਣੀ ਮਾਨਵਵਾਦੀ ਸੋਚ ਦੀ ਧਾਰਨੀ ਹੋਣ ਕਾਰਨ ਜੀਤੇ ਦਾ ਆਪਣੇ ਹੱਥੀ ਵਿਆਹ ਕਰਕੇ ਉਸ ਨੂੰ ਆਮ ਸਭਿਅਕ ਸਮਾਜ ਦਾ ਹਿੱਸਾ ਬਣਾਉਂਦੀ ਹੈ। ਮਨੁੱਖ , ਮਨੁੱਖ ਇਸ ਕਰਕੇ ਹੈ ਕਿ ਉਹ ਇਕ ਸਮਾਜ ਵਿਚ ਰਹਿੰਦਾ ਹੈ , ਉਹ ਸਮਾਜ ਜਿਹੜਾ ਉਸ ਨੂੰ ਅਪਣਾਉਂਦਾ ਹੈ ਅਤੇ ਜਿਸ ਨੂੰ ਉਹ ਮਨੁੱਖ ਅਪਣਾਉਂਦਾ ਹੈ। ਇਹ ਇਕ ਦੁਵੱਲੀ ਪਛਾਣ ਹੈ , ਜਿਹੜੀ ਜੇ ਖ਼ਤਮ ਹੋ ਜਾਏ ਤਾਂ ਮਨੁੱਖ ਨੂੰ ਆਪਣੀ ਹਸਤੀ ਨਿਰਾਰਥਕ ਲੱਗਦੀ ਹੈ। ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ 'ਮਨੁੱਖ ਦੀ ਹਸਤੀ ਦਾ ਅਧਾਰ ਹੱਡ-ਮਾਸ ਦਾ ਸਰੀਰ ਨਹੀਂ ਸਗੋਂ ਮਨੁੱਖੀ ਰਿਸ਼ਤਿਆਂ ਦਾ ਉਹ ਤਾਣਾ ਪੇਟਾ ਹੈ, ਜਿਹੜਾ ਉਸ ਹਸਤੀ ਦੇ ਦੁਆਲੇ ਵਲਿਆ ਜਾਂਦਾ ਹੈ।'('ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ'115)

ਨੂਰੀ ਮਾਨਵਵਾਦੀ ਸੋਚ ਦੀ ਧਾਰਨੀ ਹੋਣ ਕਾਰਨ ਹੀ ਜੀਤੇ ਦੇ ਹਰ ਰਿਸ਼ਤੇ ਵਿਚ ਆਪਣੀ ਸਾਂਝ ਦੇਖਦੀ ਹੈ। ਇਸ ਦੇ ਮੁਕਾਬਲੇ ਮਾਦਾ ਕਿੰਨਰ ਪਾਸ਼ੀ ਆਪਣੀ ਮਾਨਵ-ਵਿਦਰੋਹੀ ਸੋਚ ਦੀ ਧਾਰਨ ਹੋਣ ਕਾਰਨ ਰਾਜੀ ਨੂੰ ਆਪਣੇ ਸਮਾਜ ਵਿਚ ਸ਼ਾਮਲ ਕਰ ਲੈਂਦੀ ਹੈ। ਪਾਸ਼ੀ ਦੀ ਸੋਚ ਹੈ ਕਿ ਉਹ ਆਪ ਅਜਿਹਾ ਕੁਝ ਨਹੀਂ ਕਰਦੀ ਅਸਲ ਵਿਚ ਆਪਣੀ ਆਰਥਿਕਤਾ ਕਾਰਨ ਲੋਕ ਆਪ ਅਜਿਹਾ ਕੁਝ ਕਰਨ ਲਈ ਤਿਆਰ ਹੁੰਦੇ ਹਨ। ਸਾਡੇ ਸਮਾਜ ਲਈ ਤਾਂ ਚੰਗੀ ਗੱਲ ਹੈ, ਜਦੋਂ ਸਾਡੇ ਨਾਲ ਰਹਿੰਦੇ ਹਨ ਤਾਂ ਸਾਡੀ ਜੀਵਨ ਸ਼ੈਲੀ ਨੂੰ ਤਾਂ ਅਪਣਾਉਣਾ ਹੀ ਚਾਹੀਦਾ ਹੈ। ਅਨੇਮਨ ਸਿੰਘ ਦੀ ਕਹਾਣੀ ' ਨੂਰੀ' ਵਿਚ ਇਸ ਤਰ੍ਹਾਂ ਦੇ ਸੰਕੇਤ ਪਾਤਰ ਪਾਸ਼ੀ ਦੀ ਗੱਲਬਾਤ ਵਿਚੋਂ ਦੇਖੇ ਜਾ ਸਕਦੇ ਹਨ -

> ਜਦੋਂ ਸਾਡੇ ਚ ਰਹਿੰਦੇ ਨੇ , ਖਾਂਦੇ -ਪੀਂਦੇ ਨੇ ----ਕਮਾਉਂਦੇ ਨੇ -----ਫਿਰ ਸਾਡੇ ਚ ਸ਼ਾਮਲ ਹੋ

ਜਾਣਾ ਕਿੱਥੋਂ ਦਾ ਪਾਪ ਹੋਇਆ ।(137 )

ਕਿੰਨਰ ਸਮਾਜ ਦੇ ਲੋਕ ਸਮਾਜ ਦੇ ਬਾਸ਼ਿੰਦਿਆਂ ਨਾਲ ਅਜਿਹਾ ਕਰਦੇ ਹਨ , ਜਿਸ ਤਰ੍ਹਾਂ ਰਾਜੀ ਆਪਣੀ ਆਰਥਿਕਤਾ ਕਾਰਨ ਤਾਂ ਅਜਿਹਾ ਕੁਝ ਕਰ ਬੈਠਦਾ ਹੈ । ਅਸਲ ਵਿਚ ਉਹ ਅੰਦਰੋਂ ਮਾਨਸਿਕ ਤੌਰ ਤੇ ਆਪਣੇ ਨਾਲ ਪਛਤਾਵਾ ਕਰਦਾ ਹੈ ਕਿ ਉਸ ਨੇ ਅਜਿਹਾ ਕਰਕੇ ਗ਼ਲਤ ਕੀਤਾ ਹੈ । ਰਾਜੀ ਦੀ ਗੱਲਬਾਤ ਵਿਚੋਂ ਸੰਕੇਤ ਦੇਖੇ ਜਾ ਸਕਦੇ ਹਨ -

ਜੀਤੇ ਮੈਨੂੰ ਲੱਗਦੈ , ਮੈਂ ਆਪਣੇ ਆਪ ਨਾਲ ਧੋਖਾ ਕੀਤੈ , ਕੁਦਰਤੀ ਦਾਤ ਨੂੰ ਨਸ਼ਟ ਕੀਤਾ ਹੈ ।(138 )

ਇਸੇ ਤਰ੍ਹਾਂ ਦੇ ਸੰਕੇਤ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ 'ਵਿਚ ਵੀ ਦੇਖੇ ਜਾ ਸਕਦੇ ਹਨ । ਆਪਣੀ ਆਰਥਿਕਤਾ ਮੰਦਹਾਲੀ ਕਾਰਨ ਕਿੰਨਰਾਂ ਦੇ ਡੇਰੇ ਦੀ ਸ਼ਰਨ ਲੈ ਲੈਂਦੇ ਹਨ । ਇਸ ਨਾਵਲ ਵਿਚ ਵੀ ਮਹੰਤ ਲੈਚੀ ਦੇ ਡੇਰੇ ਅੰਬੂ ਤੇ ਉਸ ਦੀ ਪਤਨੀ ਸੋਧਾ ਪਿਛਲੇ ਵੀਹ ਸਾਲਾਂ ਤੋਂ ਹੀ ਡੇਰੇ ਦੇ ਲੰਗਰ ਦੀ ਸੇਵਾ ਦਾ ਕੰਮ ਸੰਭਾਲ ਰਹੇ ਹਨ । ਅੰਬੂ ਦੀਆਂ ਤਿੰਨ ਧੀਆਂ ਦੇ ਹੱਥ ਪੀਲੇ ਵੀ ਡੇਰੇ ਦਾ ਮਹੰਤ ਲੈਚੀ ਕਰਦਾ ਹੈ । ਇਸ ਲਈ ਇਹ ਪਰਿਵਾਰ ਸਦਾ ਲਈ ਡੇਰੇ ਦਾ ਬਾਸ਼ਿੰਦਾ ਬਣ ਗਿਆ । ਇਸੇ ਤਰ੍ਹਾਂ ਮਹੰਤ ਬੁਲਬੁਲ ਦੇ ਡੇਰੇ ਵਿਚ ਵੀ ਕੌੜਾ ਮੱਲ ਤੇ ਲਾਲੀ ਸਮਾਜ ਦੇ ਸਤਾਏ ਉਹ ਲੋਕ ਹਨ, ਜਿਨ੍ਹਾਂ ਨੂੰ ਸਮਾਜ ਵਿਚ ਕੋਈ ਆਸਰਾ ਨਹੀਂ ਮਿਲਦਾ । ਇਹ ਡੇਰੇ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਸਹਾਰਾ ਬਣਦੇ ਹਨ । ਬੁਲਬੁਲ ਦੱਸਦੀ ਹੈ-

ਉਸਤਾਦ ਕੌੜਾ ਮੱਲ ਹੈ ਜੋ ਕਿ ਸਾਡੀ ਬਰਾਦਰੀ ਦਾ ਨਹੀਂ , ਇਕ ਗ਼ਰੀਬ ਮਰਾਸੀ ਪਰਿਵਾਰ ਨਾਲ ਸੰਬੰਧ ਰੱਖਣ ਵਾਲਾ ਬੇਵੱਸ ਇਨਸਾਨ ਹੈ ਜੋ ਕਿ ਗੁਆਂਢ 'ਚ ਹੀ ਰਹਿੰਦਾ ਹੈ ਪਰ ਸਾਡਾ ਹੀ ਹੋ ਕੇ ਰਹਿ ਗਿਆ ।(52)

ਕੁਝ ਲੋਕ ਤਾਂ ਆਪਣਾ ਲਿੰਗ ਕੱਟ ਕੇ ਪੂਰਨ ਰੂਪ ਵਿਚ ਹੀ ਇਸ ਸਮਾਜ ਵਿਚ ਸ਼ਾਮਲ ਹੋ ਜਾਂਦੇ । ਇਸ ਤੋਂ

ਬਿਨਾਂ ਕੁਝ ਲੋਕ ਜਿਵੇਂ ਢੋਲਕੀ ਵਾਲਾ, ਗੱਡੀ ਚਲਾਉਣ ਵਾਲਾ ਅਤੇ ਵਧਾਈ ਦਾ ਸਾਮਾਨ ਚੁੱਕਣ ਵਾਲਾ ਵੀ ਆਪਣੀ ਉਪਜੀਵਕਾ ਕਾਰਨ ਇਸ ਸਮਾਜ ਨਾਲ ਜੁੜ ਜਾਂਦੇ ਹਨ। ਇਸ ਤੋਂ ਕੁਝ ਅਜਿਹੇ ਲੋਕ ਵੀ ਇਸ ਸਮਾਜ ਵਿਚੋਂ ਆਸਰਾ ਲੈਂਦੇ ਹਨ, ਜਿਨ੍ਹਾਂ ਨੂੰ ਸਮਾਜ ਵਿਚ ਕੋਈ ਟਿਕਾਣਾ ਨਹੀਂ ਮਿਲਦਾ ਜਿਵੇਂ ਨਾਵਲ 'ਆਦਮ-ਗ੍ਰਹਿਣ' ਵਿਚ ਪਾਤਰ ਕੌੜਾ ਮੱਲ ਹੈ।

ਵਧਾਈ ਮੰਗਣ ਲਈ ਇਨ੍ਹਾਂ ਵਿਚ ਆਪਸੀ ਇਲਾਕਾ ਵੰਡ ਮਹੱਤਵਪੂਰਨ ਵਿਧੀ ਹੈ। ਇਲਾਕਾ ਵੰਡਣ ਦੇ ਲਈ ਲਿਖਤੀ ਰੂਪ ਵਿਚ ਅਸ਼ਟਾਮ ਪੇਪਰ ਤਿਆਰ ਕੀਤਾ ਜਾਂਦਾ ਹੈ। ਚਟਾਈ ਵਿਚ ਬੈਠ ਕੇ ਸਾਰੇ ਬਜ਼ੁਰਗ ਕਿੰਨਰ ਇਸ ਨੂੰ ਲਿਖਤੀ ਰੂਪ ਦਿੰਦੇ ਹਨ। ਬਾਕੀ ਮੈਂਬਰ ਇਸ ਪੇਪਰ ਉੱਤੇ ਹਸਤਾਖ਼ਰ ਕਰਦੇ ਹਨ ਜੋ ਪੜ੍ਹਿਆ ਨਹੀਂ ਹੈ , ਉਹ ਅੰਗੂਠਾ ਲਾ ਦਿੰਦਾ ਹੈ। ਇਸ ਅਸ਼ਟਾਮ ਪੇਪਰ ਨੂੰ ਗੁਰੂ ਆਪਣੇ ਚੇਲੇ ਨੂੰ ਸੌਂਪ ਦਿੰਦਾ ਹੈ। ਇਸ ਵਿਚ ਉਸ ਦੇ ਸਾਰੇ ਇਲਾਕੇ ਦਾ ਰਿਕਾਰਡ ਹੁੰਦਾ ਹੈ। ਆਪਣੇ ਇਲਾਕੇ ਤੋਂ ਬਾਹਰ ਕੋਈ ਵੀ ਕਿੰਨਰ ਵਧਾਈ ਨਹੀਂ ਮੰਗ ਸਕਦਾ। ਇਸ ਤੋਂ ਬਿਨਾਂ ਅੱਜ-ਕੱਲ੍ਹ ਇਹ ਵਰਗ ਮੰਡੀ , ਬਜ਼ਾਰ ਵਿਚ ਵੀ ਮੰਗਦਾ ਹੈ। ਮੰਡੀ ਵਿਚ ਹਰ ਕੋਈ ਮੰਗ ਸਕਦਾ ਹੈ। ਇੱਥੇ ਇਲਾਕੇ ਦੀ ਪਾਬੰਦੀ ਨਹੀਂ ਹੁੰਦੀ। ਆਮ ਤੌਰ ਉੱਤੇ ਆਪਣੇ ਇਲਾਕੇ ਦੇ ਹਿਸਾਬ ਨਾਲ ਹੀ ਮੰਡੀ ਵਿਚ ਜਾਂਦੇ ਹਨ। ਇਲਾਕਾ ਵੰਡ ਦਾ ਜ਼ਿਕਰ ਤਾਂ ਹਰ ਸਾਹਿਤਕਾਰ ਕਰਦਾ ਹੈ ਪਰ ਇਹ ਵੰਡ ਕਿਵੇਂ ਕੀਤੀ ਜਾਂਦੀ ਹੈ, ਇਸ ਬਾਰੇ ਕੋਈ ਵਿਸ਼ਲੇਸ਼ਣ ਨਹੀਂ ਮਿਲਦਾ। ਕੋਈ ਵੀ ਡੇਰੇ ਦਾ ਮਹੰਤ ਇਕ ਦੂਜੇ ਦੇ ਇਲਾਕੇ ਵਿਚ ਵਧਾਈ ਮੰਗਣ ਨਹੀਂ ਜਾ ਸਕਦਾ। ਇਲਾਕੇ ਦੀ ਖ਼ਾਤਰ ਆਪਸੀ ਲੜਾਈ-ਝਗੜਾ ਹੋ ਜਾਂਦਾ ਹੈ। ਇਲਾਕਾ ਵੰਡ ਬਾਰੇ ਖੇਤਰੀ ਕਾਰਜ ਦੇ ਸਰਵੇਖਣ ਦੌਰਾਨ ਵੀ ਸਾਰੇ ਕਿੰਨਰਾਂ ਨੇ ਇਸ ਗੱਲ ਨੂੰ ਸਵੀਕਾਰ ਕੀਤਾ , ਜਿਸ ਦਾ ਵਿਸ਼ਲੇਸ਼ਣ ਚਿੱਤਰ 2 ਵਿਚ ਦੇਖਿਆ ਜਾ ਸਕਦਾ ਹੈ। ਕਹਾਣੀ' ਮਲਕਾ 'ਵਿਚ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਕਿਸ ਤਰ੍ਹਾਂ ਇਨ੍ਹਾਂ ਨੇ ਆਪਸੀ ਟੋਲੀਆਂ ਬਣਾ ਕੇ ਆਪਣੇ ਇਲਾਕੇ ਵੰਡੇ ਹੁੰਦੇ ਹਨ। ਮਲਕਾ ਦੀ ਗੱਲਬਾਤ ਤੋਂ ਪਤਾ ਚਲਦਾ ਹੈ ਕਿ ਇਹ ਆਪਣੇ ਹੀ ਖੇਤਰ ਵਿਚ ਵਧਾਈ ਮੰਗਦੇ ਹਨ। ਮਲਕਾ ਅਨੁਸਾਰ -

> ਦੀਦੀ ਅਸੀਂ ਚਾਰ -ਚਾਰ ਦੀ ਟੋਲੀ ਨੇ ਆਪਣੀਆਂ ਗੱਡੀਆਂ ਵੰਡੀਆਂ ਹੋਈਆਂ ਹਨ। ਕੋਈ ਕਿਸੇ ਦੀ ਗੱਡੀ ਵਿਚ ਮੰਗਣ ਨਹੀਂ ਜਾਂਦਾ।(93)

ਇਸੇ ਤਰ੍ਹਾਂ ਦੇ ਸੰਕੇਤ ਰਾਮ ਸਰੂਪ ਰਿਖੀ ਦੇ ਨਾਵਲ 'ਮੈਂ ਸਿਖੰਡੀ ਨਹੀਂ' ਵਿਚ ਵੀ ਤਾਇਆ ਮੱਘਰ ਕਿੰਨਰ ਨੂੰ ਸਮਝਾਉਂਦਾ ਕਿ ਤੁਸੀਂ ਇਕ ਦੂਜੇ ਦੇ ਇਲਾਕੇ ਵਿਚ ਜਾ ਕੇ ਐਵੇਂ ਲੜਾਈ ਝਗੜੇ ਕਰਦੇ ਹੋ । ਇਸ ਪਰੰਪਰਾ ਨੂੰ ਤੋੜ ਕੇ ਇਕ ਦੂਜੇ ਨਾਲ ਪਿਆਰ ਸਾਹਿਤ ਰਹਿਣਾ ਚਾਹੀਦਾ ਹੈ । ਇਸ ਲਈ ਤਾਇਆ ਮੱਘਰ ਮਹੰਤ ਨੂੰ ਪ੍ਰੇਰਿਤ ਕਰਦਾ ਹੋਇਆ ਕਹਿੰਦਾ ਹੈ -

> ਦੇਖ ਮਹੰਤਾਂ ! ਚੰਦਕੁਰ ਤੇਰੇ ਉਸਤਾਦ ਮਹੰਤ ਦੀ ਉਮਰ ਦੀਐ । ਉਸ ਦੇ ਅਧਿਕਾਰ ਖੇਤਰ ਦੀ ਉਲੰਘਣਾ ਨਹੀਂ ਕਰਨੀ ਸਗੋਂ ਉਹ ਦਾ ਸਤਿਕਾਰ ਕਰਦਿਆਂ ਵੱਡੀ ਭੈਣ ਦੀ ਤਰ੍ਹਾਂ ਮੁਦਾਦ ਕਰਨੀਆਂ । ਦੋਵੇਂ ਘਿਉਂ ਖਿਚੜੀ ਹੋਕੇ ਰਹੋ । ਬਦਲ ਦਿਓ ਪੁਰਾਣਾ ਚਲਨ ਤਾਂ ਹੀ ਤਾਂ ਪੁਰਾਣਾ ਨਿਜ਼ਾਮ ਬਦਲਣੈ । ਇਹ ਸਭ ਤੋਂ ਵੱਡੀ ਦੇਸ਼ ਸੇਵਾ ਹੋਵੇਗੀ ।(119)

ਉੱਪਰੋਕਤ ਵਿਚਾਰ ਦੇ ਉੱਤਰ ਵਿਚ ਕਿੰਨਰ ਆਬਦਾ ਨੇ ਆਪਣੇ ਵਿਚਾਰ ਵਿਅਕਤ ਕਰਦਿਆਂ ਹੋਏ ਆਪਣੀ ਇੰਟਰਵਿਊ ਜੋ ਹਰਬੰਸ ਸਿੰਘ ਧੀਮਾਨ ਵੱਲੋਂ ਅਨੁਵਾਦ ਕੀਤੀ ਪੁਸਤਕ 'ਤੀਸਰੀ ਜਿਨਸ' ਵਿਚ ਦਰਜ ਹੈ । ਵਿਅਕਤ ਕਰਦਿਆਂ ਸਵੀਕਾਰ ਕੀਤਾ ਕਿ ਵਧਾਈ ਮੰਗਣ ਵੇਲੇ ਇਨ੍ਹਾਂ ਦੇ ਇਲਾਕੇ ਵੀ ਵੰਡ ਕੀਤੀ ਹੁੰਦੀ ਹੈ । ਉਸ ਅਨੁਸਾਰ –

> ਹਾਂ ਸਾਡੀਆਂ ਖ਼ੈਰਾਤ ਮੰਗਣ ਦੀਆਂ ਹੱਦਾਂ ਮੁਕੱਰਰ ਹਨ । ਉੱਥੇ ਕੋਈ ਹੋਰ ਖਦੜਾ ਫ਼ਕੀਰ ਆ ਕੇ ਖ਼ੈਰ ਲੈ ਗਿਆ ਤਾਂ ਆਪਣੇ ਗੁਰੂ ਨੂੰ ਸ਼ਿਕਾਇਤ ਕਰਦੇ ਹਨ ਅਤੇ ਉਸ ਫ਼ੈਸਲਾ ਕਰਕੇ ਉਸ ਫ਼ਕੀਰ ਉੱਤੇ ਸਵਾ ਸੌ ਰੁਪਈਆ ਜੁਰਮਾਨਾ ਰੱਖਦੇ ਹਨ ਅਤੇ ਅੱਗੇ ਤੋਂ ਉਸ ਨੂੰ ਖ਼ਬਰਦਾਰ ਕਰਦੇ ਹਨ । ਸਾਡੀ ਆਮਦਨ ਦਾ ਜ਼ਰੀਆਂ ਖ਼ੈਰਾਤ ਮੰਗਣ ਹੈ । ਸਾਡੇ ਰਾਜ(ਬਰਾਦਰੀਆਂ) ਮੁਕੱਰਰ ਹਨ । ਖ਼ੈਰਾਤ ਜਾਂ ਕੋਈ ਮੁਰਾਦ ਮਿਲਦੀ ਹੈ ਤਾਂ ਉਹ ਮੈਂ ਅਤੇ ਗੁਰੂ ਆਪਸ ਵਿਚ ਵੰਡ ਲੈਂਦੇ ਹਾਂ , ਮਸਲਨ ਇਕ ਹਜ਼ਾਰ ਰੁਪਈਆ ਖ਼ਰਚ ,ਬਾਕੀ ਪੈਸਿਆਂ ਵਿਚੋਂ ਤਿੰਨ ਸੌ ਗੁਰੂ ਨੂੰ ਦੇਂਦੀ ਹਾਂ ਅਤੇ ਤਿੰਨ ਸੌ ਮੈਂ ਆਪਣੇ ਕੋਲ ਰੱਖਦੀ ਹਾਂ । ਹਰ ਗੁਰੂ ਦੀ ਹੱਦ ਹੁੰਦੀ ਹੈ । ਉਨ੍ਹਾਂ ਹੱਦਾਂ ਵਿਚ ਕੋਈ ਹੋਰ ਗੁਰੂ ਜਾਂ ਉਨ੍ਹਾਂ ਦਾ ਚੇਲਾ ਖ਼ੈਰਾਤ ਮੰਗਣ ਨਹੀਂ ਆਏਗਾ । ਹੱਦਾਂ ਦੀ ਸਰਕਾਰੀ ਤੌਰ 'ਤੇ ਲਿਖਾਈ ਹੁੰਦੀ ਹੈ । ਮੇਰੇ ਕੋਲ ਵੀ ਲਿਖਤ ਹੈ, ਮੇਰੀ ਹੱਦ ਵਿਚ

ਕੌਮੀ ਅਸੈਂਬਲੀ ਦਾ ਪੁਰਾ 'ਤੱਕ (ਤਕੀਆ) ਹੈ ।(107)

ਸਪਸ਼ਟ ਹੁੰਦਾ ਹੈ ਕਿ ਕੋਈ ਕਿੰਨਰ ਦੂਸਰੇ ਇਲਾਕੇ ਵਿਚ ਵਧਾਈ ਮੰਗਣ ਨਹੀਂ ਜਾਂਦਾ ਹੈ । 21ਸਦੀ ਦੌਰਾਨ ਹਰ ਖੇਤਰ ਵਿਚ ਪਰਿਵਰਤਨ ਦੇਖੇ ਜਾ ਸਕਦੇ ਹਨ । ਇਸ ਸਮੇਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਬਦਲਾਵ ਸੁਭਾਵਿਕ ਹੈ । ਇਸ ਲਈ ਕਿੰਨਰ ਸਮਾਜ ਨੂੰ ਵੀ ਆਪਣੇ ਪੁਰਾਣੇ ਨਿਯਮ ਬਦਲ ਕੇ ਨਵੇਂ ਨਿਯਮ ਹੋਂਦ ਵਿਚ ਲੈ ਕੇ ਆਉਣੇ ਪੈਣਗੇ । ਸਮਾਜ ਦੇ ਵਿਚ ਦੇਖਿਆ ਜਾਂਦਾ ਕਿ ਸਰੀਰਕ ਪੱਖ ਤੋਂ ਕਿੰਨਰਾਂ ਵਿਚ ਕੋਈ ਕਮੀ ਨਹੀਂ ਹੁੰਦੀ । ਕਿੰਨਰ ਵੀ ਕੰਮ ਕਰਨਾ ਚਾਹੁੰਦੇ ਹਨ । ਆਮ ਸਮਾਜ ਕਿੰਨਰ ਸਮਾਜ ਦੇ ਲੋਕਾਂ ਲਈ ਕੋਈ ਕੰਮ ਦੇ ਮੌਕੇ ਪ੍ਰਦਾਨ ਨਹੀਂ ਕਰਦਾ । ਮੱਘਰ ਕਿੰਨਰ ਦੁਆਰਾ ਕੀਤੇ ਜਾ ਰਹੇ ਨਿਸ਼ਕਾਮ ਕਾਰਜਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਆਮ ਇਨਸਾਨ ਦੀ ਤਰ੍ਹਾਂ ਹੁੰਦੇ ਹਨ । ਇਨ੍ਹਾਂ ਅੰਦਰ ਵੀ ਕੰਮ ਕਰਨ ਦੀ ਸ਼ਕਤੀ ਹੁੰਦੀ ਹੈ । ਲੋੜ ਹੈ ਕਿ ਇਨ੍ਹਾਂ ਨੂੰ ਸਹੀ ਸੇਧ ਦੇਣ ਦੀ । ਤਾਇਆ ਅਤੇ ਨਫੇ ਸਿੰਘ ਦੀ ਸਿੱਖਿਆ ਮੱਘਰ ਕਿੰਨਰ ਨੂੰ ਸਮਾਜਿਕ ਕੰਮਾਂ ਨੂੰ ਕਰਨ ਵਿਚ ਸਹੀ ਸੇਧ ਦਿੰਦੀ ਹੈ । ਮੱਘਰ ਦੇ ਕੰਮ ਕਰਨ ਦੇ ਅੰਦਾਜ਼ ਤੋਂ ਕੋਈ ਪਹਿਚਾਣ ਨਹੀਂ ਸੀ ਸਕਦਾ ਕਿ ਉਹ ਇਕ ਕਿੰਨਰ ਹੈ । ਬੇਸ਼ੱਕ ਉਸ ਦੀ ਅਵਾਜ਼ ਅਤੇ ਕੰਮ ਕਰਨ ਦੇ ਅੰਦਾਜ਼ ਤੋਂ ਸਿਆਣੇ ਲੋਕ ਅੰਦਾਜ਼ਾ ਲਗਾ ਲੈਂਦੇ ਸਨ । ਨਾਵਲਕਾਰ ਰਾਮ ਸਰੂਪ ਰਿਖੀ ਇਸ ਵਿਚਾਰ ਨੂੰ ਖ਼ੁਦ ਪੇਸ਼ ਕਰਦਾ ਹੈ ਕਿ ਮੱਘਰ ਦੇ ਵਿਚ ਕੰਮ ਕਰਨ ਦੀ ਅਥਾਹ ਸ਼ਕਤੀ ਸੀ –

> ਮੱਘਰ ਅੰਦਰ ਕੰਮ ਕਰਨ ਦੀ ਲਗਨ ਅਤੇ ਸ਼ਕਤੀ ਲੋਹੜੇ ਦੀ ਸੀ । ਉਹ ਕਦੇ ਥੱਕਦਾ ਹੀ ਨਹੀਂ ਸੀ ਜਾਪਦੀ । (122)

ਅੱਜ ਦੇ ਦੌਰ ਵਿਚ ਕਿੰਨਰ ਸਮਾਜ ਉਪਰੋਕਤ ਦੋ ਕਾਰਜਾਂ ਤੋਂ ਬਿਨਾਂ ਵੀ ਸਮਾਜ ਵਿਚ ਵਧਾਈ ਮੰਗਣ ਜਾਂਦਾ ਹੈ । ਬਾਕੀ ਵਸੋਂ ਵਧਣ ਕਾਰਨ ਪਿੰਡਾਂ ਤੇ ਸ਼ਹਿਰਾਂ ਦਾ ਬਹੁਤਾ ਵਿਕਾਸ ਹੋਇਆ ਹੈ । ਇਨ੍ਹਾਂ ਖ਼ੁਸ਼ੀ ਦੇ ਮੌਕਿਆਂ ਤੋਂ ਬਿਨਾਂ ਵੀ ਇਹ ਵਧਾਈ ਮੰਗਣ ਜਾਂਦੇ ਹਨ । ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਹਮਜਿਨਸ' ਵਿਚ ਸੰਕੇਤ ਦੇਖੇ ਜਾ ਸਕਦੇ ਹਨ ਜਿਵੇਂ-

> ਉਨ੍ਹਾਂ ਤਾਂ ਮਹੱਲੇ ਤੇ ਬਸਤੀਆਂ ਵੰਡੀਆਂ ਹੋਈਆਂ ਸਨ ਅੱਜ-ਕੱਲ ਦੇ ਸ਼ਹਿਰ ਵੀ ਤੇ ਇਸ ਤਰ੍ਹਾਂ

> ਵਧ ਰਹੇ ਸਨ ਕਿ ਵਿਚਾਰੇ ਖੁਸਰਿਆਂ ਤੋਂ ਪੂਰੀ ਨਾ ਪੈਂਦੀ। ਨਾਲੇ ਅੱਜ -ਕੱਲ ਲੋਕਾਂ ਦੇ ਘਰ ਅਕਸਰ ਕੁਝ-ਨਾ-ਕੁਝ ਹੋਇਆ ਰਹਿੰਦਾ । ਬੱਚੇ ਬੇਸ਼ੱਕ ਘਟ ਪੈਦਾ ਹੁੰਦੇ ਸਨ ਪਰ ਹੋਰ ਖ਼ੁਸ਼ੀਆਂ ਅਨੇਕ ਵਧ ਗਈਆਂ ਸਨ। ਜਨਮ ਦਿਨ ਹੀ ਨਹੀਂ ਸਨ ਮਾਣ ਮੁੰਡਨ ਤੇ ਨਾਮਕਰਨ । ਮੰਗਣੀਆਂ ਤੇ ਟਿੱਕੇ, ਵਿਆਹ ਤੇ ਮੁਕਲਾਵੇ। ਖੁਸਰੇ ਜਿਤਨੇ ਉਤਨੇ ਥੋੜ੍ਹੇ (13)

ਕਿੰਨਰ ਆਪਣੀ ਬਰਾਦਰੀ ਦੀ ਗਿਣਤੀ ਨੂੰ ਵਧਾਉਣ ਦੇ ਲਈ ਕਿੰਨਰ ਬੱਚਿਆਂ ਨੂੰ ਜ਼ਬਰਦਸਤੀ ਚੁੱਕ ਵੀ ਲਿਆਉਂਦੇ ਹਨ । ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਦਾ ਸਮਾਜ ਕਿਵੇਂ ਅੱਗੇ ਵਧਦਾ ? ਜਿਸ ਤਰ੍ਹਾਂ ਆਮ ਸਮਾਜ ਵਿਚ ਵੰਸ਼ ਵਧਾਉਣ ਖ਼ਾਤਰ ਪੁੱਤਰ ਦੀ ਪ੍ਰਾਪਤੀ ਕੀਤੀ ਜਾਂਦੀ ਹੈ । ਉਸੇ ਤਰ੍ਹਾਂ ਕਿੰਨਰ ਸਮਾਜ ਦੇ ਲੋਕ ਵੀ ਆਪਣੀ ਪੀੜ੍ਹੀ ਨੂੰ ਅੱਗੇ ਵਧਾਉਣ ਦੀ ਖ਼ਾਤਰ ਕਿੰਨਰ ਬੱਚਿਆਂ ਨੂੰ ਆਪਣੀ ਬਰਾਦਰੀ ਵਿਚ ਸ਼ਾਮਲ ਕਰ ਲੈਂਦੇ ਹਨ । ਕਰਤਾਰ ਸਿੰਘ ਦੁੱਗਲ ਦੀ ਕਹਾਣੀ ‘ ਹਮਜਿਨਸ ’ ਖੁਸਰਿਆਂ ਦੇ ਭਵਿੱਖ ਵੱਲ ਇਸ਼ਾਰਾ ਕਰਦੀ ਹੈ ਕਿ ਜੇਕਰ ਲੋਕ ਇਸੇ ਤਰ੍ਹਾਂ ਉਨ੍ਹਾਂ ਦੀ ਬਰਾਦਰੀ ਦੇ ਲੋਕਾਂ ਨੂੰ ਉਨ੍ਹਾਂ ਨਾਲ ਨਹੀਂ ਭੇਜਣਗੇ ਤਾਂ ਉਨ੍ਹਾਂ ਬਰਾਦਰੀ ਦਾ ਕੀ ਬਣੂਗਾ ? ਉਨ੍ਹਾਂ ਦਾ ਧੰਦਾ ਕਿਵੇਂ ਚੱਲੇਗਾ ? ਉਨ੍ਹਾਂ ਦੀ ਆਮਦਨ ਦਾ ਸਾਧਨ ਕੀ ਹੋਵੇਗਾ ਆਦਿ ? ਬੇਸ਼ੱਕ ਇਹ ਔਲਾਦ ਨਹੀਂ ਪੈਦਾ ਕਰ ਸਕਦੇ ਪਰ ਆਪਣੀ ਬਰਾਦਰੀ ਦੀ ਗਿਣਤੀ ਤਾਂ ਵਧਾ ਸਕਦੇ ਹਨ । ਇਹੀ ਕਿੰਨਰ ਬੱਚੇ ਵੱਡੇ ਹੋ ਕੇ ਉਨ੍ਹਾਂ ਲਈ ਕਮਾਈ ਦਾ ਸਾਧਨ ਬਣਦੇ ਹਨ । ਕਹਾਣੀ ਵਿਚੋਂ ਸੰਕੇਤ ਦੇਖੇ ਜਾ ਸਕਦੇ ਹਨ-

> ਉਧਰ ਖੁਸਰੇ ਵੀ ਸੱਚੇ ਸਨ । ਉਹ ਆਪਣੀ ਉਲਾਦ ਤੇ ਪੈਦਾ ਨਹੀਂ ਸਨ ਕਰ ਸਕਦੇ । ਜੋ ਸ਼ਹਿਰ ਵਿਚ ਜੰਮੇ ਖੁਸਰੇ ਉਨ੍ਹਾਂ ਨਾਲ ਆ ਕੇ ਸ਼ਾਮਲ ਨਾ ਹੋਣ ਤਾਂ ਉਨ੍ਹਾਂ ਦਾ ਧੰਦਾ ਕਿਵੇਂ ਚੱਲੇ । ਉਹ ਲੋਕ ਤੇ ਭੁੱਖੇ ਮਰ ਜਾਣ । ਉਨ੍ਹਾਂ ਨੂੰ ਖਾਣਾ ਵੀ ਲੋੜੀਂਦਾ ਸੀ, ਪਾਣੀ ਵੀ ਲੋੜੀਂਦਾ ਸੀ, ਸਿਰ ਤੇ ਛੱਤ ਵੀ ਲੋੜੀਂਦੀ ਸੀ। ਉਨ੍ਹਾਂ ਨੂੰ ਗਾਣਾ ਸਿੱਖਣਾ ਪੈਂਦਾ ਸੀ, ਨੱਚਣਾ ਸਿੱਖਣਾ ਪੈਂਦਾ ਸੀ, ਸੱਜਣ-ਸਜਾਣ ਲਈ ਸੁਰਖ਼ੀਆਂ-ਪਾਊਡਰ ਖ਼ਰੀਦਣੇ ਸਨ। ਹਾਰਮੋਨੀਅਮ ਬਾਰੇ ਤੇ ਤਬਲੇ। ਸ਼ਿੰਗਾਰ ਪੱਟੀਆਂ ਤੇ ਘੁੰਗਰੂ, ਖ਼ੁਸ਼ਬੂਦਾਰ ਤੇਲ ਤੇ ਉੱਚ ਅੱਡੀ ਵਾਲੀਆਂ ਰਕਾਬੀਆਂ। ਜਿਤਨੇ ਜ਼ਿਆਦਾ ਖੁਸਰੇ ਕਿਤੇ ਜਾਂਦੇ ਉਤਨੀ ਹੀ

ਵਧੇਰੇ ਉਨ੍ਹਾਂ ਦੀ ਆਮਦਨ ਹੁੰਦੀ। (13)

ਉਪਰੋਕਤ ਵਿਚਾਰਾਂ ਦੀ ਪੁਸ਼ਟੀ ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਹਮਜਿਨਸ' ਵਿਚ ਛਪੀ ਇੰਟਰਵਿਊ ਵਿਚ ਹੀਜੜਾ ਆਬਦਾ ਨੇ ਵੀ ਇਸ ਦਾ ਖ਼ੁਲਾਸਾ ਕੀਤਾ ਹੈ ਕਿ-

> ਹਾਂ ਬਿਲਕੁਲ , ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਪਿੰਡ ਵਿਚ ਲੜਕਾ ਅਤੇ ਲੜਕੀ ਦੀ ਬਜਾਏ ਖਦੜਾ ਜਾਂ ਖਦੜੀ ਫ਼ਕੀਰ ਪੈਦਾ ਹੋਇਆ ਤਾਂ ਅਸੀਂ ਆਪਣੇ ਘਰ ਵਿਚ ਖ਼ੁਸ਼ੀ ਕਰਦੇ ਹਾਂ , ਗਾਣਾ ਵਜਾਉਣਾ ਕਰਦੇ ਹਾਂ , ਫਿਰ ਉਨ੍ਹਾਂ ਲੋਕਾਂ ਦੇ ਕੋਲ ਜਾਂਦੇ ਹਾਂ ਕਿ ਇਹ ਜਦੋਂ ਵੱਡਾ ਹੋ ਗਿਆ ਜਾਂ ਵੱਡੀ ਹੋ ਗਈ ਤਾਂ ਸਾਡੇ ਹਵਾਲੇ ਕਰੋਗੇ । ਜਦੋਂ ਉਹ ਵੱਡਾ/ਵੱਡੀ ਹੋਵੇਗੀ , ਉਨ੍ਹਾਂ ਨੂੰ ਸਾਡੇ ਹਵਾਲੇ ਨਹੀਂ ਕਰੋਗੇ ਤਾਂ ਅਸੀਂ ਕਾਨੂੰਨ ਦਾ ਸਹਾਰਾ ਲੈਂਦੇ ਹਾਂ । ਉਨ੍ਹਾਂ ਦੇ ਕੋਲ ਪੁਲਿਸ ਨੂੰ ਵੀ ਲੈ ਜਾਂਦੇ ਹਾਂ , ਜਾਂ ਉਨ੍ਹਾਂ ਨੂੰ ਪੈਸੇ ਦੇ ਕੇ ਖ਼ਰੀਦ ਲੈਂਦੇ ਹਾਂ , ਬਹਿਰਹਾਲ , ਉਸ ਨੂੰ ਹਰ ਹਾਲ ਵਿਚ ਹਾਸਿਲ ਕਰਦੇ ਹਾਂ ਕਿਉਂਕਿ ਸਾਡਾ ਨਸਲ ਜਾਂ ਪੀੜ੍ਹੀ ਤੋਂ ਹੁੰਦੇ ਹਨ ।(108)

ਜੇਕਰ ਆਮ ਸਮਾਜ ਕਿੰਨਰ ਬੱਚਿਆਂ ਨੂੰ ਇਸੇ ਤਰ੍ਹਾਂ ਆਪਣੇ ਨਾਲ ਰੱਖਣ ਲੱਗ ਜਾਵੇਗਾ ਤਾਂ ਕਿੰਨਰ ਸਮਾਜ ਦੇ ਲਈ ਭਵਿੱਖ ਵਿਚ ਵੱਡਾ ਖ਼ਤਰਾ ਖੜ੍ਹਾ ਹੋ ਸਕਦਾ ਹੈ । ਉਹ ਆਪ ਤਾਂ ਬੱਚੇ ਪੈਦਾ ਨਹੀਂ ਕਰ ਸਕਦੇ । ਕਿੰਨਰ ਸਮਾਜ ਦੀ ਗਿਣਤੀ ਤਾਂ ਇਸੇ ਤਰ੍ਹਾਂ ਹੀ ਅੱਗੇ ਵਧਦੀ ਹੈ। ਸੰਤਾਪ ਨਾਵਲ ਵੀ ਇਸੇ ਲੜਾਈ ਨੂੰ ਪੇਸ਼ ਕਰਦਾ ਹੈ , ਜਿਸ ਵਿਚ ਨੀਰੂ ਆਪਣੇ ਮਾਪਿਆਂ ਨਾਲ ਰਹਿਣ ਲਈ ਕਿੰਨਰ ਵਰਗ ਨਾਲ ਕਾਨੂੰਨੀ ਲੜਾਈ ਲੜਦੀ ਹੈ । ਬੇਸ਼ੱਕ 2014 ਵਿਚ ਥਰਡ-ਜੈਂਡਰ ਵਜੋਂ ਮਾਨਤਾ ਮਿਲ ਗਈ ਸੀ ਪਰ ਸਮਾਜਿਕ ਦ੍ਰਿਸ਼ਟੀਕੋਣ ਵਿਚ ਹਾਲੇ ਪਰਿਵਰਤਨ ਨਹੀਂ ਆਇਆ ।

ਕਿੰਨਰ ਸਮਾਜ ਦੇ ਆਰਥਿਕ ਵਸੀਲਿਆਂ ਸੰਬੰਧੀ ਸਾਹਿਤਕ ਅਧਿਐਨ ਤੋਂ ਜੋ ਜਾਣਕਾਰੀ ਪ੍ਰਾਪਤ ਹੁੰਦੀ ਹੈ , ਉਸ ਅਨੁਸਾਰ ਵਧਾਈ ਮੰਗ ਕੇ ਤੇ ਨੱਚ ਗਾ ਕੇ ਕਮਾਈ ਕਰਨ ਤੋਂ ਇਲਾਵਾ ਵੀ ਡੇਰਿਆਂ ਵਿਚ ਕਿੰਨਰਾਂ ਨੂੰ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਵੇਚਣ ਦਾ ਆਰਥਿਕ ਸਾਧਨ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ।

ਡੇਰਿਆਂ ਦੇ ਵਿਚ ਮਾਦਾ ਕਿੰਨਰਾਂ ਨੂੰ ਇਸ ਤਰ੍ਹਾਂ ਦਾ ਸੰਤਾਪ ਵੀ ਹੰਢਾਉਣਾ ਪੈਂਦਾ ਹੈ। ਪੈਸਿਆਂ ਦੀ ਖ਼ਾਤਰ ਇਕ ਚੇਲੇ ਨੂੰ ਦੂਜੇ ਡੇਰੇ ਵਿਚ ਭੇਜ ਦਿੱਤਾ ਜਾਂਦਾ ਹੈ। ਕਿੰਨਰ ਸਮਾਜ ਦੇ ਆਗੂ ਅਜਿਹਾ ਆਪਣੇ ਲਾਲਚ ਦੀ ਖ਼ਾਤਰ ਹੀ ਕਰਦੇ ਹਨ। ਦੂਜਾ ਕਾਰਨ ਇਹ ਵੀ ਹੈ ਕਿ ਜਦੋਂ ਗੁਰੂ ਤੇ ਚੇਲੇ ਵਿਚ ਮਤਭੇਦ ਹੋ ਜਾਵੇ ਜਾਂ ਚੇਲਾ ਆਪਣੇ ਗੁਰੂ ਨੂੰ ਛੱਡ ਕੇ ਚਲਿਆ ਜਾਵੇ। ਉਸ ਤੋਂ ਬਾਅਦ ਜਿਹੜਾ ਵੀ ਗੁਰੂ ਇਸ ਚੇਲੇ ਨੂੰ ਅਪਨਾਵੇਗਾ, ਉਹ ਉਸ ਦੀ ਕੀਮਤ ਦੇ ਕੇ ਹੀ ਰੱਖ ਸਕਦਾ ਹੈ। ਇਹ ਕਿੰਨਰ ਸਮਾਜ ਦਾ ਨਿਯਮ ਹੈ। ਇਸ ਤੋਂ ਬਿਨਾਂ ਕਈ ਵਾਰ ਕਈ ਮਾਪੇ ਵੀ ਇਹ ਮੰਗ ਕਰਦੇ ਹਨ। ਉਨ੍ਹਾਂ ਦਾ ਬੱਚਾ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਨਾ ਮੰਗੇ। ਇਸ ਤਰ੍ਹਾਂ ਵੀ ਉਸ ਨੂੰ ਦੂਜੇ ਡੇਰੇ ਵਿਚ ਭੇਜ ਦਿੱਤਾ ਜਾਂਦਾ ਹੈ। ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਦੀ ਪਾਤਰ ਅਮੀਰਾਂ ਨਾਲ ਵੀ ਇਸੇ ਤਰ੍ਹਾਂ ਵਾਪਰਦਾ ਹੈ। ਉਹ ਆਪਣੇ ਮਾਪਿਆਂ ਦੇ ਘਰ 12-13 ਸਾਲਾਂ ਦੀ ਹੋ ਗਈ ਸੀ। ਭਰਾਵਾਂ ਤੋਂ ਤੰਗ ਜਦੋਂ ਅਮੀਰਾਂ ਕਿੰਨਰਾਂ ਦੇ ਡੇਰੇ ' ਚ ਦਾਖਲ ਹੁੰਦੀ ਹੈ ਤਾਂ ਡੇਰੇ ਦਾ ਮਹੰਤ ਉਸ ਦਾ ਵੱਧ ਮੁੱਲ ਲੈਣ ਲਈ ਡੇਰੇ ਦੇ ਦੂਜੇ ਮਹੰਤ ਨਾਲ ਸੌਦਾ ਕਰਦਾ ਹੈ। ਹਰ ਡੇਰੇ ਦਾ ਇਹ ਦਸਤੂਰ ਹੈ ਕਿ ਉਸ ਡੇਰੇ ਵਿਚ ਗੁਰੂ ਚੇਲਾ ਹੋਵੇ। ਜਿੱਥੇ ਗੁਰੂ ਕੋਲ ਚੇਲਾ ਨਹੀਂ ਹੁੰਦਾ ਤਾਂ ਉਹ ਚੇਲੇ ਦੀ ਭਾਲ ਸ਼ੁਰੂ ਕਰਦਾ ਹੈ। ਇਸ ਤਰ੍ਹਾਂ ਮਹੰਤ ਬੁਲਬੁਲ ਵੀ ਚੇਲੇ ਦੀ ਇੱਛਾ ਜ਼ਾਹਿਰ ਕਰਦੀ ਹੈ ਤਾਂ ਮਹੰਤ ਲੈਚੀ ਝੱਟ ਬੋਲਿਆ ਕਿ-

> ਔਹ ਦੇਖ ਚੜ੍ਹਦੀ ਉਮਰ ਤੇ ਘਰੋਂ ਪਲੀ ਪਲਾਈ ਖੁਸਰਾ ਕੁੜੀ ਆਈ ਹੈ , ਜਮਾਂ ਕੱਚਾ ਭਾਂਡਾ , ਜਿਮੇਂ ਮਰਜੀ ਘੜ ਲਵੀ , ਪਰ ਪੂਰੇ ਦਸ ਹਜ਼ਾਰ ਤੋਂ ਘੱਟ ਕੰਮ ਨਹੀਂ ਬਣਨਾ ਹਾਂ --- ਗੱਲ ਕਰ ਜੇ ਸੌਦਾ ਮੰਜੂਰ ਐ ਤਾਂ।(46)

ਕਿੰਨਰ ਸਮਾਜ ਵਿਚ ਪੈਸਿਆਂ ਦੀ ਖ਼ਾਤਰ ਮਾਦਾ ਕਿੰਨਰਾਂ ਨੂੰ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਵੇਚ ਦਿੱਤਾ ਜਾਂਦਾ ਹੈ। ਅਜਿਹਾ ਕਰਨ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਤਾਂ ਇਹ ਹੈ ਕਿ ਕਿੰਨਰ ਸਮਾਜ ਦੇ ਆਗੂ ਲਾਲਚ ਦੀ ਖ਼ਾਤਰ ਅਜਿਹਾ ਕਰਦੇ ਹੋਣਗੇ। ਦੂਜਾ ਕਾਰਨ ਹੋ ਸਕਦਾ ਹੈ ਕਿ ਕਈ ਵਾਰ ਜਿਸ ਇਲਾਕੇ ਦਾ ਕਿੰਨਰ ਬੱਚਾ ਹੁੰਦਾ ਹੈ , ਉਸ ਨੂੰ ਨੇੜੇ ਦੇ ਡੇਰੇ ਵਿਚ ਨਹੀਂ ਰੱਖਿਆ ਜਾਂਦਾ। ਮਾਪਿਆਂ ਦੀ ਵੀ ਇੱਛਾ ਹੁੰਦੀ ਹੈ ਕਿ ਸਾਡਾ ਬੱਚਾ ਇਸ ਤਰ੍ਹਾਂ ਸਾਡੀਆਂ ਅੱਖਾਂ ਦੇ ਸਾਹਮਣੇ ਨਾ ਮੰਗਦਾ ਦਿਸੇ।

ਜਸਵੀਰ ਰਾਣਾ ਦੀ ਕਹਾਣੀ ' ਘੁੰਗਰੂ-ਕਥਾ ' ਵਿਚੋਂ ਇਨ੍ਹਾਂ ਦੇ ਵੇਚ-ਵਟਾਂਦਰੇ ਬਾਰੇ ਜੋ ਤੱਥ ਉੱਭਰਦੇ ਹਨ , ਉਨ੍ਹਾਂ ਦੀ ਜਾਣਕਾਰੀ  ਮਹੰਤ ਜਾਨਕੀ ਦੀ ਗੱਲਬਾਤ ਸ਼ਪੱਸਟ ਹੁੰਦੀ ਕਿ-

ਇਸ ਰਾਣੀ ਦੀ ਥਾਂ ਹੁਣ ਬਦਲ ਗਈ ਏ---- ਜਿਸ ਨੇ ਇਹਦਾ ਚਾਰ ਲੱਖ ਤਾਰਿਆ ! ਇਹ ਹੁਣ ਉਹਦੇ ਡੇਰੇ ਦੀ ਰਾਣੀ ਏ ---।(173)

ਕਹਾਣੀ ਵਿਚੋਂ ਕਿੰਨਰ  ਪਾਤਰ ਬਿਮਲਾ ਦੀ ਗੱਲਬਾਤ ਵੀ ਡੇਰਿਆਂ ਦੇ ਕਿੰਨਰਾਂ ਦੀ ਕਥਾ ਨੂੰ ਬਿਆਨ ਕਰਦੀ ਹੈ –

ਆਪਣੇ ਕੁਨਬੇ 'ਚ ਅਸਲੀ ਚੇਲਾ ਉਹੀ ਹੁੰਦਾ ਜਿਸ ਨੂੰ ਮੁੱਲ ਤਾਰ ਕੇ ਖ਼ਰੀਦਿਆਂ ਹੋਵੇ---ਇਸ ਲਈ ਹੁਣ ਤੂੰ ਗੰਗਾਨਗਰ ਕਮਲਾ ਮਹੰਤ ਕੋਲ ਚਲੀ ਜਾਵੀਂ --- ਮੈਂ ਤੈਨੂੰ ਤਿੰਨ ਲੱਖ ਵਿਚ ਵੇਚ ਦਿੱਤਾ ਏ ---( 158)

ਦੂਜਾ ਕਾਰਨ ਡੇਰਿਆਂ ਵਿਚਲੀਆਂ ਮਾਦਾ ਕਿੰਨਰਾਂ ਨੂੰ ਵੇਚਣ ਦਾ ਜੋ ਸਾਹਿਤਕ ਅਧਿਐਨ ਕਰਨ ਉੱਤੇ ਸਪਸ਼ਟ ਹੁੰਦਾ ਹੈ। ਉਹ ਇਹ ਜਦੋਂ ਡੇਰੇ ਵਿਚ ਜੇਕਰ ਕੋਈ ਚੇਲਾ ਗ਼ਲਤੀ ਕਰਦਾ ਹੈ ਤਾਂ ਉਸ ਨੂੰ ਸਜ਼ਾ ਵਜੋਂ ਡੰਡ ਲਾਇਆ ਜਾਂਦਾ ਹੈ। ਇਸ ਦੰਡ ਲਾਉਣ ਦੀ ਸਜ਼ਾ ਨੂੰ ਆਰਥਿਕ  ਵਸੀਲਿਆਂ ਵਜੋਂ ਵਿਚਾਰਿਆ ਜਾ ਸਕਦਾ ਹੈ । ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ '  ਦੀ ਪਾਤਰ  ਕਿੰਨਰ ਮੰਨੂ ਜਿਸ ਦਾ ਪਾਲਣ-ਪੋਸ਼ਣ ਡੇਰੇ ਵਿਚ ਹੀ ਹੋਇਆ। ਜਦੋਂ ਜਵਾਨ ਹੋਈ ਤਾਂ ਉਹ ਗ਼ਲਤ ਹਰਕਤਾਂ ਕਰਨ ਲੱਗੀ। ਜਿਸ ਨਾਲ ਡੇਰੇ ਦੀ ਮਰਿਆਦਾ ਭੰਗ ਹੁੰਦੀ ਸੀ। ਉਸ ਦੇ ਸੁਭਾਅ ' ਚ ਤਬਦੀਲੀ ਲਈ ਉਸ ਨੂੰ ਦੂਜੇ ਡੇਰੇ ਦੇ ਮਹੰਤ ਕੋਲ ਭੇਜਿਆ ਜਾਂਦਾ ਹੈ। ਇਸ ਨਾਲ ਇਕ ਤਾਂ ਉਸ ਦੀ ਇੱਛਾ ਪੂਰੀ ਹੋ ਜਾਵੇਗੀ। ਦੂਜਾ ਡੇਰੇ ਦੇ ਨਿਯਮਾਂ ਦੀ ਉਲੰਘਣਾ ਕਰਨ ਵਜੋਂ ਉਸ ਤੋਂ ਦੰਡ ਵੀ ਲਿਆ ਜਾ ਸਕਦਾ ਹੈ। ਡੇਰੇ ਦੀ ਮਹੰਤ ਮੀਰਾ ਉਸ ਦੀ ਰਾਸ਼ੀ ਦਿੰਦੀ ਹੈ ਕਿ-

ਮੀਰਾ ਨੇ ਮੰਨੂ ਦੇ ਡੰਡ ਦੀ ਰਾਸ਼ੀ ਵਜੋਂ ਹਜ਼ਾਰ ਰੁਪਈਆਂ ਮਹੰਤ ਲੈਚੀ ਨੂੰ ਫੜਾ ਦਿੱਤਾ।

ਮਹੰਤ ਲੈਚੀ ਜਵਾਬ ਵਿਚ ਕਹਿੰਦਾ ਹੈ ਕਿ-

ਮੀਰਾ ਤੁਹਾਡੇ ਤਾਂ ਇਹ ਵੱਟੇ ਲੱਖਾਂ 'ਚ ਹੁੰਦੇ ਨੇ ਸ਼ਹਿਰੀਓ , ,ਤੈਨੂੰ ਤਾ ਮੈਂ ਦਸ ਹਜ਼ਾਰ 'ਚ ਹੀ ਦੇ ਤਾਂ ਸੀ । ਹੁਣ ਕੀ ਦੇਵੇਗੀ ।(117)

ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ' ਵਿਚ ਵੀ ਮਾਦਾ ਕਿੰਨਰਾਂ ਨੂੰ ਪੈਸਿਆਂ ਦੀ ਖ਼ਾਤਰ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਵੇਚਿਆ ਜਾਂਦਾ ਹੈ । ਇਸ ਨਾਵਲ ਦੀ ਨਾਇਕਾ ਨੂੰ ਮੋਰਾਂ ਮਹੰਤ ਨੇ ਬਹੁਤ ਸਾਲ ਪਹਿਲਾ ਪੰਜਾਹ ਹਜ਼ਾਰ ਵਿਚ ਵੇਚ ਦਿੱਤਾ ਸੀ । ਇਸ ਤਰ੍ਹਾਂ ਵੇਚਣ ਦੀ ਰਸਮ ਨੂੰ ਕਿੰਨਰ ਸਮਾਜ ਦੀ ਭਾਸ਼ਾ ਵਿਚ ' ਟਕਾ ਭਰਾਈ ' ਕਿਹਾ ਜਾਂਦਾ ਹੈ । ਜਿਸ ਦਾ ਜ਼ਿਕਰ ਕਈ ਸਾਹਿਤਕਾਰਾਂ ਨੇ ਕੀਤਾ ਹੈ । ਨਾਵਲ ਵਿਚੋਂ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ –

> ਅੱਜ ਦੀ ਤਫ਼ਤੀਸ਼ 'ਚ ਮੈਨੂੰ ਮੋਰਾਂ ਮਹੰਤ ਤਾਂ ਮਿਲ ਗਈ ਸੀ । ਬੱਟ ਉਹ ਨੀਮ ਪਾਗਲ ਹੋ ਚੁੱਕੀ ਹੈ , ਤੇ ਉਸ ਨੇ ਘੱਟੋ ਘੱਟ ਵੀਹ ਸਾਲ ਪਹਿਲਾਂ ਹੀ ਛੰਨੋਂ ਨੂੰ ਕਿਸੇ ਹੋਰ ਕਿੰਨਰ ਕੋਲ ਵੇਚ ਦਿੱਤਾ ਸੀ ।

ਇਨ੍ਹਾਂ ਦੀ ਭਾਸ਼ਾ 'ਚ ਇਸ ਨੂੰ 'ਟਕਾ ਭਰਨਾ ' ਕਹਿੰਦੇ ਹਨ(194)

ਮਾਦਾ ਕਿੰਨਰ ਨਸੀਬੋਂ ਵੀ ਇਸ ਘਟਨਾ ਦਾ ਜ਼ਿਕਰ ਕਰਦੀ ਹੈ ਕਿ-

ਹੋਰ ਇਸੇ ਨੇ ਤਾਂ ਮੋਠੂ ਮਹੰਤ ਕੋਲ ਵੇਚ –'ਤੀ ਸੀ ਵਿਚਾਰੀ । ਪੰਜਾਹ ਹਜ਼ਾਰ ਦੇ ਲਾਲਚ ਨੂੰ ।(185)

'ਟਕਾ ਭਰਾਈ 'ਦੀ ਰਸਮ ਬਾਰੇ ਵਿਸਤਾਰ ਰੂਪ ਵਿਚ ਕਿੰਨਰ ਬੋਵੀ ਇਸ ਤਰ੍ਹਾਂ ਬਿਆਨ ਕਰਦੀ ਹੈ –

> ਜਦੋਂ ਅਸੀਂ ਕਿਸੇ ਨੂੰ ਆਪਣਾ ਚੇਲਾ ਬਣਾਉਣੀਆਂ ਤਾਂ ਉਹ ਇਕ ਹਿਸਾਬ ਨਾਲ ਸਾਡੀ ਜਾਇਦਾਦ ਹੀ ਹੁੰਦਾ ਹੈ । ਇਕ ਗੁਰੂ ਦੇ ਚੇਲੇ ਨੂੰ ਕੋਈ ਦੂਸਰਾ ਆਵਦਾ ਚੇਲਾ ਨਹੀਂ ਬਣਾ ਸਕਦਾ । ਜੇ ਕੋਈ ਬਣਾਉਣਾ ਚਾਹੇ ਤਾਂ ' ਟਕਾ ਭਰਾਈ ਰਾਸ਼ੀ ' ਤਾਰ ਕੇ ਹੀ ਉਹ ਉਸ ਨੂੰ ਆਪਣਾ ਚੇਲਾ ਬਣਾ ਸਕਦਾ ਹੈ ਤਾਂ ਹੀ ਇਹ ਰਾਸ਼ੀ ਵੱਧ ਰੱਖੀ ਜਾਂਦੀ ਹੈ ।(222)

ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਤੀਸਰੀ ਜਿਨਸ' ਵਿਚ ਛਪੀ ਇੰਟਰਵਿਊ ਵਿਚ ਹੀਜੜਾ ਰਿਆਜ਼ ਨੇ ਆਪਣੀ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਜੇ ਕੋਈ ਚੇਲਾ ਆਪਣਾ ਗੁਰੂ ਬਦਲਦਾ ਹੈ ਤਾਂ ਉਸ ਨੂੰ ਪੈਸਿਆਂ ਦੇ ਰੂਪ ਵਿਚ ਕੁਝ ਦੇਣਾ ਪੈਂਦਾ ਹੈ ਜਿਵੇਂ-

> ਓ ਜੀ, ਚਟਾਈ ਹੁੰਦੀ ਹੈ। ਪਹਿਲਾ ਗੁਰੂ ਚਟਾਈ ਵਿਚ ਆਉਣ ਵਾਲਿਆਂ ਨੂੰ ਦੱਸਦਾ ਹੈ ਕਿ ਜੀ ਮੇਰਾ ਇਹ ਸ਼ਾਗਿਰਦ ਉੱਤੇ ਏਨਾ ਖ਼ਰਚਾ ਹੋਇਆ। ਹੁਣ ਜੀ, ਉਹ ਖ਼ਰਚ ਜਿੰਨਾ ਵੀ ਹੋਵੇ, ਦੂਸਰੇ ਗੁਰੂ ਨੂੰ ਦੇਣਾ ਪੈਂਦਾ ਹੈ, ਫੇਰ ਖਾਣਾ ਹੁੰਦਾ ਹੈ। (118)

ਇਸ ਤਰ੍ਹਾਂ ਕਿੰਨਰ ਸਮਾਜ ਵਿਚ ਛੇਤੀ ਕਿਤੇ ਕੋਈ ਆਪਣਾ ਚੇਲਾ ਨਹੀਂ ਬਦਲਦਾ। ਜੇਕਰ ਕਿਸੇ ਗੁਰੂ-ਚੇਲੇ ਵਿਚ ਕੋਈ ਮਤਭੇਦ ਹੋ ਜਾਵੇ ਤਾਂ ਇਹ ਰਾਸ਼ੀ ਤਾਰ ਕੇ ਹੀ ਕੋਈ ਗੁਰੂ ਉਸ ਨੂੰ ਆਪਣਾ ਚੇਲਾ ਬਣਾ ਸਕਦਾ ਹੈ। ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ?' ਵਿਚ ਜੁਗਨੂੰ ਨੂੰ ਵੀ ਇਸੇ ਤਰ੍ਹਾਂ ਰਕਮ ਧਾਰ ਕੇ ਖ਼ਰੀਦਿਆ ਗਿਆ ਸੀ। ਇਸੇ ਨਾਵਲ ਵਿਚੋ ਇਹ ਵੀ ਜਾਣਕਾਰੀ ਮਿਲਦੀ ਹੈ ਕਿ ਕਿਸ ਤਰ੍ਹਾਂ ਕਿੰਨਰ ਸਮਾਜ ਦੇ ਲੋਕ ਲਾਲਚ ਵਿਚ ਆ ਕੇ ਕਿੰਨਰ ਬੱਚੇ ਦੇ ਮਾਪਿਆਂ ਨਾਲ ਧ੍ਰੋਹ ਕਮਾਉਂਦੇ ਹਨ। ਜਿਸ ਤਰ੍ਹਾਂ ਮਹੰਤ ਜੁਗਨੂੰ ਦੇ ਮਾਪਿਆਂ ਤੋਂ ਮੋਰਾਂ ਮਹੰਤ ਨੇ ਕਿਨ੍ਹਾਂ ਕੁਝ ਲਿਆ ਸੀ। ਲਾਲਚ ਕਾਰਨ ਇਹ ਰਿਸ਼ਤਿਆਂ ਵਿਚਲਾ ਮੋਹ ਭੁੱਲ ਜਾਂਦੇ ਹਨ। ਬੁਢਾਪੇ ਵਿਚ ਮੋਰਾਂ ਦੀ ਮਾਨਸਿਕ ਹਾਲਤ ਦਾ ਖ਼ਰਾਬ ਹੋਣਾ ਵੀ ਸੰਕੇਤ ਕਰਦਾ ਹੈ ਕਿ ਕਿਤੇ –ਨਾ-ਕਿਤੇ ਇਹ ਫਿਰ ਪਛਤਾਉਂਦੇ ਹਨ। ਜਿਸ ਤਰ੍ਹਾਂ ਮੋਰਾਂ ਮਹੰਤ ਆਪਣਾ ਪਛਤਾਵਾ ਇੰਝ ਕਰਦੀ ਹੈ ਕਿ-

> ਭਾਈ ਉਹਦੇ ਪਿਓ ਨੇ ਤਾਂ ਮੇਰਾ ਮੂੰਹ ਨੋਟਾਂ ਨਾਲ ਭਰ ਦਿੱਤਾ। ਆਹ ਡੇਰੇ ਦੀ ਜਗ੍ਹਾ , ਲੈ ਕੇ ਦਿੱਤੀ। ਪਾਉਣ ਦਾ ਅੱਡ ਖਰਚਾ ਤੇ ਸਾਲ ਭਰ ਪੰਜਾਬੋਂ ਬਾਹਰ ਕਿਤੇ ਰਹਿਣ ਦਾ ਖਰਚਾ ਵੱਖਰਾ। ਨੋਟ ਵੇਖ ਮੇਰੀਆਂ ਤਾਂ ਅੱਖਾਂ ਮੂਹਰੇ ਸਰ੍ਹੋਂ ਫੁੱਲਗੀ। ਪੈਸਾ ਕੀਹਨੇ ਤਿਆਗਿਐ ? ਮੈ ਤਾਂ ਐਨੇ ਨੋਟ ਵੇਖੇ ਦੀ ਪਹਿਲੀ ਵਾਰੀ ਸੀ। ਉਦੋਂ ਵਧਾਈ ਕੀ ਵੱਧ ਤੋਂ ਵੱਧ ਗਿਆਰਾਂ ਰੁਪੈ ਜਾਂ ਇੱਕੀ ਰੁਪੈ। ਸੂਟ ਤੇ ਖੇਸ ਤਾਂ ਲੈਣ ਪਾਉਣ ਜੋਗੇ ਦੀ ਹੁੰਦੇ ਸਨ। ਆਟਾ –ਕੋਟਾ , ਕਣਕ –

ਚੌਲ ਖਾਣ ਜੋਗੇ। ਐਨੇ ਪੈਸੇ ਮੂਹਰੇ ਮੇਰੀ ਤਾਂ ਜ਼ੁਬਾਨ ਈ ਠਾਕੀ ਗਈ ।(107)

ਇਸੇ ਨਾਵਲ ਵਿਚ ਉਸਮਾਨ ਪਠਾਨ ਦਾ ਚਰਿੱਤਰ ਸਾਹਮਣੇ ਆਉਂਦਾ ਹੈ ਕਿ ਕਿਸ ਤਰ੍ਹਾਂ ਕਈ ਕਿੰਨਰਾਂ ਨੂੰ ਨਾਚੀਆਂ ਦੇ ਰੂਪ ਵਿਚ ਵੀ ਵੇਚ ਦਿੱਤਾ ਜਾਂਦਾ ਹੈ। ਨਾਵਲ ਦੀ ਨਾਇਕਾ ਜੁਗਨੂੰ ਨੂੰ ਵੀ ਇਸੇ ਰਾਹ ਵਿਚੋਂ ਗੁਜ਼ਰਨਾ ਪਿਆ ਸੀ। ਉਸਮਾਨ ਪਠਾਨ ਜੁਗਨੂੰ ਨੂੰ ਮੋਰਾਂ ਮਾਈ ਤੋਂ ਪੰਜਾਹ ਹਜ਼ਾਰ ਵਿਚ ਖ਼ਰੀਦ ਕੇ ਜੇਬੋਂ ਮੇਹਰਬਾਨ ਕੋਲ ਇਕ ਮੁਕੰਮਲ ਨਾਚੀ (ਮੁਜਰੇ ਲਈ)ਬਣਾਉਣ ਲਈ ਛੱਡਦਾ ਹੈ। ਜੇਬੋਂ ਮੇਹਰਬਾਨ ਨੂੰ ਵੀ ਇਵੇਂ ਹੀ ਉਹ  ਮੂੰਹ ਮੰਗੀ ਰਕਮ ਦੇ ਕੇ ਕਲਕੱਤੇ ਦੇ ਕਿਸੇ ਚਕਲੇ ਤੋਂ ਲੈ ਕੇ ਆਉਂਦਾ ਹੈ ਜੋ ਹੁਣ  ਪਠਾਣ ਦੇ ਚਕਲੇ ਲਈ ਨਾਚੀਆਂ ਤਿਆਰ ਕਰਦੀ ਹੈ। ਉਹ ਉਦਾਸ ਗੀਤਾ ਤੇ ਨੱਚਣਾ ਸਿਖਾਉਂਦੀ ਸੀ। ਉਹ ਬਾਜ਼ਾਰ ਲਈ ਵਸਤੂਆਂ ਤਿਆਰ ਕਰਨ ਵਾਲਾ ਕਾਰਖ਼ਾਨਾ ਬਣ ਗਈ ਸੀ। ਉਸਮਾਨ ਪਠਾਨ ਦਾ ਸੰਵਾਦ ਜੋ ਜੇਬੋਂ ਮੇਹਰਬਾਨ ਨੂੰ ਕਹਿੰਦਾ ਹੈ ਕਿ-

> ਹੋਏ ਲਾਲੇ ਕੀ ਜਾਨ ਜੇਬੋਂ ਮਿਹਰਬਾਨ! ਯੇ ਲੋ, ਨਈ ਸ਼ਾਗਿਰਦਾ ਲਾਇਆ ਹੂੰ। ਏਕ ਮਹੀਨੇ ਮੇਂ ਪੂਰਾ ਟਨਾ ਟਨ ਬਣਾ ਦੋ ।ਕੈਸੇ ਗ੍ਰਾਹਕੋ ਕੀ ਜੇਬ ਸੇ ਪੈਸੇ ਏਂਠਨੇ ਹੈ। ਔਰ ਹਾਂ ਐਸੀ ਐਸੀ ਅਦਾਏਂ ਸਿਖਾ ਦੇ ਕਿ ਬਸ ਜੋ ਭੀ ਦੇਖੇ ਦੀਵਾਨਾ ਹੋਤਾ ਜਾਏ। (84)

ਪਠਾਨ ਦਾ ਅਗਲਾ ਸੰਵਾਦ ਇਸ ਨੁਕਤੇ ਨੂੰ ਹੋਰ ਵੀ ਸਪਸ਼ਟਤਾ ਪ੍ਰਦਾਨ ਕਰਦਾ ਹੈ -

ਖ਼ੈਰਾਤ ਮੇਂ ਨਹੀਂ ਮਿਲੀ ਹੋ ਖ਼ਰੀਦ ਕੇ ਲਾਯਾ ਹੂੰ। ਉਤਨੇ ਤੋਂ ਕਮਾ ਕੇ ਦੇ ਨਾ। ਕੰਜਰੀ ਬਣਾਨਾ ਥਾ ਇਸੇ ਕਲਾਕਾਰ ਨਹੀਂ। ਏਕ ਤੋਂ ਪਹਿਲੇ ਸੇ ਹੀ ਸਾਲੀ ਕਿੰਨਰ ਕੋ ਮਹਿੰਗੇ ਦਾਮ ਖ਼ਰੀਦਾ ਥਾਂ ਮੈਂਨੇ ਤਾਂ ਕਿ ਲੌਂਡੇਬਾਜ਼ੋ ਕੋ ਦੂਹਰਾ ਮਜ਼ਾ ਦੇ ਸਕੇ। ਔਰ ਮੈਂ ਦੋਨੋਂ ਹਾਥ ਸੇ ਪੈਸੇ ਬਟੋਰ ਸਕੂੰ। ਤੁਮ ਨੇ ਸਾਲੀ ਮਾਦਰ ਚੋ ਇਸੇ ਔਰ ਭੀ ਨਿਕੰਮਾ ਬਣਾ ਦੀਆਂ। ਸਿਰਫ਼ ਦੂਈ ਦਿਨ, ਦੂਈ ਦਿਨ ਹੈ ਤੇਰੇ ਪਾਸ ਵਰਨਾ ਇਸ ਕੇ ਸਾਥ –ਸਾਥ ਤੁਮਹੇ ਫਿਰ ਸੇ ਚਕਲੇ ਪੈ ਬੇਚ ਆਊਂਗਾ। (87)

ਜੇਬੋ ਮਿਹਰਬਾਨ ਜੁਗਨੂੰ ਨੂੰ ਸਬਕ ਦਿੰਦੀ ਹੈ ਕਿ ਜੋ ਵੀ ਕੰਮ ਕਰਨਾ ਹੈ ਦਿਲ ਨਾਲ ਕਰੋਂ ਚਾਹੇ ਉਹ ਮੁਜਰਾ ਹੀ ਕਿਓ ਨਾ ਹੋਵੇ। ਆਰਥਿਕਤਾ ਜਿਸ ਤੋਂ ਬਿਨਾਂ ਮਨੁੱਖੀ ਸਮਾਜ ਹਵਾ ਵਿਚ ਲਟਕਿਆ

ਦਿਖਦਾ ਹੈ, ਦੂਜੇ ਪੱਖ ਵੀ ਹਨ ਜਿਵੇਂ ਉਸਮਾਨ ਪਠਾਨ ਕੰਜਰੀ ਬਨਾਮ ਕਲਾਕਾਰ ਦਾ ਸੰਵਾਦ ਬੋਲਦਾ ਹੈ। ਕਲਾ ਵਿਚ ਨਾਚ, ਗਾਇਣ, ਸੰਗੀਤ ਤੇ ਹੁਨਰ ਸਭ ਕੁਝ ਹੈ ਪਰ ਚਕਲਾ ਤੇ ਦੇਹ ਵਪਾਰ ਦਾ ਕੇਂਦਰ ਬਿੰਦੂ ਹੈ। ਜਿਸ ਦਾ ਮੁੱਖ ਉਦੇਸ਼ ਪੂੰਜੀ ਕਮਾਉਣਾ ਹੈ। ਦੂਜਾ ਪਹਿਲੂ ਇਹ ਹੈ ਕਿ ਇਸ ਵਿਵਸਥਾ ਨੂੰ ਬਦਲੇ ਤੋਂ ਬਿਨਾਂ ਤਬਦੀਲੀ ਅਸੰਭਵ ਹੈ। ਵਧਾਈ ਦੇ ਰੂਪ ਵਿਚ ਜੋ ਵੀ ਪੈਸਾ ਮਿਲਦਾ ਹੈ, ਉਸ ਨੂੰ ਪੂਰੀ ਟੋਲੀ ਆਪਸ ਵਿਚ ਵੰਡ ਲੈਂਦੀ ਹੈ। ਆਪਣੀ ਆਰਥਿਕ ਲੋੜਾਂ ਦੀ ਪੂਰਤੀ ਵੀ ਇਸੇ ਵਧਾਈ ਵਾਲੇ ਪੈਸਿਆਂ ਵਿਚੋਂ ਹੀ ਕਰਦੇ ਹਨ। ਇਸੇ ਨਾਵਲ ਵਿਚ ਕਿੰਨਰ ਸਮਾਜ ਲਈ ਕੰਮ ਦੇ ਮੌਕੇ ਪ੍ਰਦਾਨ ਕਰਕੇ ਨਵੀਂ ਸੰਭਾਵਨਾ ਪੈਦਾ ਕੀਤੀ ਹੈ। ਇਸ ਵਰਗ ਦੇ ਲੋਕ ਵੀ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਤੋਂ ਮੁਹਾਰਤ ਹਾਸਲ ਕਰਕੇ ਆਪਣਾ ਕੰਮ ਧੰਦਾ ਸ਼ੁਰੂ ਕਰ ਸਕਦੇ ਹਨ। ਇਸ ਨਾਵਲ ਦੀ ਪਾਤਰ ਜੁਗਨੂੰ ਮਹੰਤ ਵੀ ਆਪਣੇ ਬਚਪਨ ਦੇ ਸਮੇਂ ਤੋਂ ਮਾਂ ਦੁਆਰਾ ਦਿੱਤੀ ਟਰੇਨਿੰਗ ਨੂੰ ਵਰਤਦੀ ਹੈ। ਬਚਪਨ ਤੋਂ ਮਾਂ ਨੇ ਜੁਗਨੂੰ ਨੂੰ ਇਸ ਇੱਛਾ ਨਾਲ ਪਾਲਿਆ ਸੀ ਕਿ ਇਹ ਮੰਗ ਕੇ ਨਹੀਂ ਖਾਏਗੀ ਸਗੋਂ ਆਪਣੇ ਹੱਥਾਂ ਦੀ ਕਮਾਈ ਕਰੇਗੀ। ਅੱਜ 21ਵੀਂ ਸਦੀ ਵਿਚ ਹਰ ਤਬਕੇ ਵਿਚ ਪਰਿਵਰਤਨ ਦੇਖਿਆ ਜਾ ਸਕਦਾ ਹੈ। ਕਿੰਨਰ ਸਮਾਜ ਦੇ ਲੋਕ ਵੀ ਆਪਣੇ ਕੰਮ-ਧੰਦੇ ਛੱਡ ਕੇ ਪੜ੍ਹ-ਲਿਖ ਗਏ ਹਨ। ਉਹ ਵੀ ਆਪਣੀ ਪਰੰਪਰਾ ਤੋਂ ਬਾਗ਼ੀ ਹੋ ਕੇ ਕੋਈ ਨਵੀ ਸੰਭਾਵਨਾ ਪੈਦਾ ਕਰਨਾ ਚਾਹੁੰਦੇ ਹਨ। ਡਾ. ਟੀ.ਆਰ.ਵਿਨੋਦ ਅਨੁਸਾਰ ਪਰੰਪਰਾ ਅਤੇ ਪਰਿਵਰਤਨ ਇਕ ਦੂਜੇ ਨਾਲ ਅਟੁੱਟ ਤੌਰ ਤੇ ਸੰਬੰਧਿਤ ਹਨ। ਪਰੰਪਰਾ ਨਵੀਆਂ ਲੋੜਾਂ ਪੈਦਾ ਕਰਦੀ ਹੈ। ਜਿਨ੍ਹਾਂ ਦੀ ਪੂਰਤੀ ਦਾ ਰਾਹ ਵੀ ਪਰੰਪਰਾ ਹੀ ਦਰਸਾਉਂਦੀ ਹੈ। ਪਰੰਪਰਾ ਵਿਚੋਂ ਪ੍ਰਾਪਤ ਸਮੱਰਥਾ ਦੀ ਵਰਤੋਂ ਕਰਕੇ ਮਨੁੱਖ ਨਵਾਂ ਅਨੁਭਵ ਸਿਰਜਦਾ ਹੈ। ਜਿਹੜਾ ਉਸ ਦੀ ਆਪਣੀ ਪੀੜ੍ਹੀ ਲਈ ਤਾਂ ਪਰਿਵਰਤਨ ਦਾ ਸੂਚਕ ਹੁੰਦਾ ਹੈ ਪਰ ਆਉਣ ਵਾਲੀ ਪੀੜ੍ਹੀ ਲਈ ਪਰੰਪਰਾ ਦਾ ਹੀ ਅੰਗ ਹੋ ਨਿੱਬੜਦਾ। ('ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ'15)

ਨਾਵਲ 'ਕੀ ਜਾਣਾ ਮੈਂ ਕੌਣ?' ਵਿਚ ਜੁਗਨੂੰ ਮਹੰਤ ਇਸੇ ਪਰੰਪਰਾ ਨੂੰ ਅਪਣਾਉਂਦੀ ਹੈ। ਬਚਪਨ ਵਿਚ ਮਾਂ ਦੀ ਦਿੱਤੀ ਸਿਖਲਾਈ ਦੁਆਰਾ ਇਸ ਕੰਮ ਵਿਚ ਮੁਹਾਰਤ ਹਾਸਿਲ ਕਰਕੇ ਕਿੰਨਰ ਸਮਾਜ ਦੇ ਲੋਕਾਂ ਲਈ ਇਕ ਟੈਕਸਟਾਈਲ ਮਿਲ ਖੋਲ੍ਹ ਦਿੰਦੀ ਹੈ। ਜੁਗਨੂੰ ਮਹੰਤ ਆਪਣੇ ਮਨ ਦੇ ਭਾਵ ਤੇ ਸਮੁੱਚੇ ਸਮਾਜ ਤੋਂ ਇਹ ਪ੍ਰਸ਼ਨ ਨੂੰ ਪੁੱਛਣਾ ਚਾਹੁੰਦੀ ਹੈ ਕਿ-

> ਰੰਗਾਈ, ਤਨਾਈ, ਬੁਣਾਈ ਤੇ ਛਪਾਈ ਦਾ ਤਜ਼ਰਬਾ ਬਚਪਨ 'ਚ ਮਾਂ ਨੇ ਦੇ ਕੇ ਸਚਿਆਰੀ ਕੀਤਾ ਸੀ। ਤੁਸੀਂ ਵੀ ਚਾਹੁੰਦੇ ਹੀ ਹੋਵੇਗੇ ਕਿ ਤੁਹਾਡੇ ਬੱਚੇ ਵੱਡੇ ਹੋ ਕੇ ਪੜ੍ਹ ਲਿਖ ਕੇ ਕਾਬਲ ਬਣਨ। ਪੈਰਾਂ ਸਿਰ ਖੜ੍ਹੇ ਹੋਣ। ਅਸੀਂ ਕਿਹੜਾ ਉੱਤੋਂ ਡਿੱਗੇ ਆ। ਅਸੀਂ ਤਾਂ ਨਿਆਣੇ ਈ ਸੀ ਕਦੇ। ਅਸੀਂ ਵੀ ਪੈਰਾਂ ਸਿਰ ਖੜ੍ਹੇ ਹੋਣਾ ਚਾਹੁੰਦੇ ਹਾਂ ਪਰ ਸਾਨੂੰ ਥੋਡੇ ਸਮਾਜ ਵਿਚ ਸਿਰਫ਼ ਪੈਰ ਧਰਨ ਲਈ ਥਾਂ ਚਾਹੀਦੀ ਹੈ। ਖੜ੍ਹੇ ਤਾਂ ਅਸੀਂ ਆਪ ਹੀ ਹੋ ਲਾਵਾਂਗੇ। (273)

ਮਨੁੱਖ ਹਮੇਸ਼ਾ ਆਪਣੇ ਵਿਕਾਸ ਲਈ ਹੱਥ ਪੈਰ ਮਾਰਦਾ ਰਹਿੰਦਾ ਹੈ। ਟੀ.ਆਰ. ਵਿਨੋਦ, ਦੀ ਪੁਸਤਕ 'ਪੰਜਾਬੀ ਨਾਵਲ ਦਾ ਸੰਸਕ੍ਰਿਤਕ ਅਧਿਐਨ' ਵਿਚ ਮਾਰਕਸਵਾਦੀਆਂ ਚਿੰਤਕਾਂ ਦਾ ਵਿਚਾਰ ਹੈ ਕਿ ਸੰਸਾਰ ਦੀ ਗਤੀਸ਼ੀਲਤਾ ਦਾ ਅੰਤਿਮ ਸਿੱਟਾ ਉਸ ਦੇ ਵਿਕਾਸ ਵਿਚ ਹੀ ਹੁੰਦਾ ਹੈ। (17)

ਜੁਗਨੂੰ ਕਿੰਨਰ ਸਮਾਜ ਵਿਚ ਸ਼ਾਮਲ ਹੋ ਕੇ ਅਗਨੀ ਪ੍ਰੀਖਿਆ ਵਿਚ ਗੁਜ਼ਰਦੀ ਹੈ। ਉਹ ਡੇਰੇ ਦੀਆਂ ਪਰੰਪਰਾਵਾ ਦੇ ਖ਼ਿਲਾਫ਼ ਜਾ ਕੇ ਨਵੀਂ ਸੋਚ ਉਭਾਰਦੀ ਹੋਈ ਦੋਹਰੀ ਜ਼ਿੰਦਗੀ ਜਿਊਂਦੀ ਹੈ। ਉਸ ਦੇ ਅੰਦਰ ਤਬਦੀਲੀ ਕਰਵੱਟ ਲੈਂਦੀ ਹੈ। ਕਿੰਨਰ ਸਮਾਜ ਦੀਆਂ ਪਰੰਪਰਾਵਾ ਨੂੰ ਆਪਣੇ ਹੀ ਤਰੀਕੇ ਨਾਲ ਤੋੜਨਾ ਚਾਹੁੰਦੀ ਹੈ। ਉਹ ਆਪਣੇ ਸਮਾਜ ਦੇ ਆਗੂਆਂ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਉਹ ਆਪਣੀ ਮਾਂ ਦੀਆਂ ਸਿੱਖਿਆਵਾਂ ਨਾਲ ਕਿੰਨਰ ਸਮਾਜ ਦੀ ਤਬਦੀਲੀ ਲਈ ਨਵੇਂ ਰਾਹ ਤਲਾਸ਼ਦੀ ਹੈ। ਇਸੇ ਨਾਵਲ ਦੀ ਕਿੰਨਰ ਪਾਤਰ ਮਮਤਾ ਹੀਰ ਵੀ ਤਬਦੀਲੀ ਲਈ ਤੜਫ਼ਦੀ ਹੈ। ਉਹ ਦੋਹਰੀ ਜ਼ਿੰਦਗੀ ਦੇ ਦਰਦ ਨੂੰ ਹੰਢਾਉਂਦੀ ਹੈ। ਇਹ ਦਰਦ ਇਨ੍ਹਾਂ ਨੂੰ ਇਕ ਤਾਂ ਡੇਰੇ ਅੰਦਰਲੀ ਸਤਾ ਤੋਂ ਮਿਲਦੇ ਹਨ ਅਤੇ ਦੂਜੇ ਜੋ ਸਮਾਜ ਦੀ ਵਰਤਮਾਨ ਸੱਤਾ ਤੋਂ ਮਿਲਦੇ ਹਨ। ਇਸ ਸਮਾਜਿਕ ਸੰਕਟ ਵਿਚ ਜ਼ਿੰਦਗੀ ਜਿਉਂਦੇ ਹੋਏ ਇਸ ਵਿਵਸਥਾ ਤੋਂ ਬੇਵੱਸ ਹੋ ਕੇ ਨਾਵਲ 'ਕੀ ਜਾਣਾ ਮੈਂ ਕੌਣ ?'ਦੀ ਪਾਤਰ ਮਮਤਾ ਹੀਰ ਜੁਗਨੂੰ ਨੂੰ ਕਹਿੰਦੀ ਹੈ ਕਿ-

> ਦੇਖ ਜੁਗਨੂੰ। ਬਦਲਾਅ ਕੁਦਰਤ ਦਾ ਨਿਯਮ ਹੈ। ਭੁੱਖੇ ਢਿੱਡ ਹੀ ਬਦਲਾਅ ਲਿਆ ਸਕਦੇ ਹਨ। ਜੇ ਤੈਨੂੰ ਮੇਰੇ ਵਾਂਗ ਪੈਸੇ ਦਾ ਚਸਕਾ ਪੈ ਗਿਆ ਤਾਂ ਵੀ ਸਭ ਕੁਝ ਭੁੱਲ ਕੇ ਸਿਰਫ ਪੈਸੇ ਪਿੱਛੇ ਹੀ ਭੱਜੇਗੀ। ਮੈਂ ਤੇਰੀ ਹਰ ਜ਼ਰੂਰਤ ਪੂਰੀ ਕਰਾਂਗੀ, ਤੂੰ ਆਪਣੀ ਬਰਾਦਰੀ ਨੂੰ ਨਵੀਂ ਸੋਚ ਦੇਵੀ। (158)

ਇਹ ਕਿਰਦਾਰ ਹੀ ਅਸਲ ਵਿਚ ਕਿੰਨਰ ਸਮਾਜ ਦੇ ਸਾਹਮਣੇ ਦਰਪੇਸ਼ ਖ਼ਤਰਿਆਂ ਵਿਰੁੱਧ ਜੂਝਣ ਲਈ ਉੱਠਣ ਦਾ ਪ੍ਰਸ਼ਨ ਪੈਦਾ ਕਰਦਾ ਹੈ। ਦੋਹਰੀ ਸੱਤਾ ਵਿਰੁੱਧ ਸੰਘਰਸ਼, ਦੋਹਰੇ ਫ਼ਲਸਫ਼ੇ ਵਿਰੁੱਧ ਸੰਘਰਸ਼ ਹੀ ਕਿੰਨਰ ਸਮਾਜ ਦੀ ਭਵਿੱਖ ਵਿਚ ਕਰਵੱਟ ਲੈਣ ਵਾਲੀ ਵਿਚਾਰਧਾਰਾ ਦਾ ਜਨਮ ਲੈ ਸਕਦਾ ਹੈ। ਜੁਗਨੂੰ ਨੂੰ ਮਾਂ ਤੋਂ ਜੋ ਵਿਚਾਰ ਵਿਰਸੇ ਵਿਚ ਮਿਲਦਾ ਹੈ, ਉਹ ਉਸ ਨੂੰ ਆਪਣਾ ਵਡਮੁੱਲਾ ਸਰਮਾਇਆ, ਪੂੰਜੀ ਸਮਝ ਕੇ ਸੰਭਾਲ ਕੇ ਵੀ ਰੱਖਦੀ ਹੈ ਅਤੇ ਉਸ ਨੂੰ ਅਗਾਂਹ ਤੋਰਦੀ ਹੋਈ ਆਪਣੇ ਭਾਈਚਾਰੇ ਦੀ ਕ੍ਰਾਂਤੀ ਲਈ ਅਮਲੀ ਜਾਮਾ ਵੀ ਪਹਿਨਾਉਂਦੀ ਹੈ।

ਕਿੰਨਰਾਂ ਦੀਆਂ ਵਧਾਈ ਵਾਲੀਆਂ ਟੋਲੀਆਂ ਜੋ ਕਮਾ ਕੇ ਲਿਆਉਂਦੀਆਂ ਸਨ । ਉਹੀ ਡੇਰੇ ਦੀ ਮੁੱਖ ਕਮਾਈ ਹੁੰਦੀ। ਚੇਲੇ ਨੱਚ ਕੇ ਵਧਾਈ ਲਿਆਉਂਦੇ ਤੇ ਆ ਕੇ ਗੁਰੂ ਨੂੰ ਫੜਾ ਦਿੰਦੇ । ਗੁਰੂ ਦੀ ਇੱਛਾ ਹੁੰਦੀ ਸੀ ਕਿ ਉਹ ਚੇਲਿਆ ਨੂੰ ਕਿਨ੍ਹਾਂ ਹਿੱਸਾ ਦੇਵੇਗਾ ? ਅੱਗੋਂ ਕਿਸੇ ਚੇਲੇ ਨੇ ਇਸ ਦੇ ਖ਼ਿਲਾਫ਼ ਕੋਈ ਅਵਾਜ਼ ਨਹੀਂ ਉਠਾਈ ਸੀ । ਸਮਾਜ ਵਿਚ ਚੇਤਨਾ ਆਉਣ ਕਾਰਨ ਕਿੰਨਰ ਸਮਾਜ ਦੇ ਮੈਂਬਰ ਵੀ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਰਹੇ ਹਨ । ਉਹ ਚੱਲੀ ਆ ਰਹੀ ਪਰੰਪਰਾ ਨੂੰ ਤੋੜਨਾ ਚਾਹੁੰਦੇ ਹਨ । ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਵਿਚ ਇਸ ਦੀ ਮਿਸਾਲ ਮੰਨੂ ਬਣਦੀ ਹੈ । ਜਦੋਂ ਡੇਰੇ ਦੀ ਸਾਰੀ ਕਮਾਈ ਬਿਮਾਰ ਚਿਰਾਗ਼ ਤੇ ਲੱਗਣ ਲੱਗਦੀ ਹੈ ਤਾਂ ਉਹ ਆਪਣੀ ਗੁਰੂ ਮੀਰਾਂ ਨੂੰ ਸਵਾਲ ਕਰਦੀ ਹੈ ਕਿ-

> ਤੂੰ ਕਿਹੜਾ ਮੇਰਾ ਹਿੱਸਾ ਕਦੇ ਹੱਥ ਤੇ ਧਰਿਆ ? ਆਹ ਦੋ ਡੰਗ ਦੀ ਰੋਟੀ ਤੇ ਮਾੜਾ ਮੋਟਾ ਕੱਪੜਾ ਲੱਤਾ ਹੀ ਮਿਲਦਾ ਹੈ । ਪ੍ਰੋਗਰਾਮਾਂ ਵਿਚ ਬਣਦੇ ਢੇਰ ਪੈਸੇ ਤਾਂ ਆਪਣੇ ਸਭ ਦੇ ਸਾਂਝੇ ਹੀ ਹੁੰਦੇ ਨੇ , ਸਭ ਦੀ ਰਲ਼ੀ ਮਿਲੀ ਕਮਾਈ ਹੁੰਦੀ ਏ ।(131)

ਮਹੰਤ ਬੇਸ਼ੱਕ ਮੰਨੂ ਦੀ ਇਸ ਗੱਲ ਦਾ ਵਿਰੋਧ ਕਰਦੀ ਹੈ ਕਿ ਕਿਸੇ ਨੇ ਇਸ ਤਰ੍ਹਾਂ ਆਪਣੀ ਗੁਰੂ ਦੇ ਅੱਗੇ ਜ਼ਬਾਨ ਨਹੀਂ ਚਲਾਈ । ਪਰ ਇਸ ਦੀ ਤਾਕੀਦ ਟੋਲੀ ਵਿਚਲਾ ਜੁਗਨੂੰ ਵੀ ਕਰ ਦਿੰਦਾ ਹੈ:

> ਇਸ ਵਿਚ ਗ਼ਲਤ ਵੀ ਕੀ ਐ ? ਸਹੀ ਹੀ ਤਾਂ ਕਹਿ ਰਹੀ ਹੈ ਮੰਨੂ । ਪਹਿਲਾ ਸਾਰਾ ਪੈਸਾ ਇਸ ਦੀ ਪੜ੍ਹਾਈ ਲਈ ਰੁੜ੍ਹਦਾ ਰਿਹਾ ਤੇ ਹੁਣ ਬਿਮਾਰੀ ਤੇ--- ਅਸੀਂ ਤਾਂ ਫਿਰ ਕੋਹਲੂ ਦੇ ਬਲਦ ਹੀ

ਹੋਏ ਨਾ ? ਅਖੇ ਦੁੱਖ ਸਹਿਣ ਘੁੱਗੀਆਂ ਤੇ ਮੇਵੇ ਖਾਣ ਟੋਡਲ ਕਾਂ—(132)

ਬੇਸ਼ੱਕ ਇਸ ਸਮਾਜ ਦੀ ਪਰੰਪਰਾ ਹੈ ਕਿ ਗੁਰੂ ਦੇ ਖ਼ਿਲਾਫ਼ ਨਹੀਂ ਬੋਲਿਆ ਜਾਂਦਾ । ਕਿਸੇ ਚੇਲੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਗੁਰੂ ਦੇ ਅੱਗੇ ਬੋਲੇ । ਮੰਨੂ ਦੇ ਪਾਤਰ ਰਾਹੀਂ ਇਹ ਵਿਰੋਧਤਾ ਸਾਹਮਣੇ ਆਉਂਦੀ ਹੈ ਕਿ ਅੱਜ ਚੇਲੇ ਇਸ ਪਰੰਪਰਾ ਨੂੰ ਤੋੜਨ ਲਈ ਬਾਗ਼ੀ ਹੋ ਰਹੇ ਹਨ । ਕਿੰਨਰ ਸਮਾਜ ਦੇ ਲੋਕਾਂ ਦੀ ਕੋਈ ਹੋਰ ਜ਼ਿੰਮੇਵਾਰੀ ਤਾਂ ਨਹੀਂ ਹੁੰਦੀ , ਇਨ੍ਹਾਂ ਨੂੰ ਸਿਰਫ਼ ਆਪਣੇ ਢਿੱਡ ਭਰਨ ਦੀ ਚਿੰਤਾ ਹੁੰਦੀ ਹੈ । ਸਮਾਜ ਦੇ ਆਮ ਲੋਕਾਂ ਵਾਂਗ ਇਹ ਜਾਇਦਾਦਾਂ ਬਣਾਉਣ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ । ਪਾਤਰ ਰੇਖਾ ਆਪਣੇ ਜ਼ਿੰਦਗੀ ਦੇ ਤਜਰਬੇ ਨਾਲ ਇਹ ਗੱਲ ਸਾਂਝੀ ਕਰਦੀ ਹੈ ਕਿ-

> ਢਿੱਡ ਦੀ ਅੱਗ ਬੁਝਾਉਣ ਦਾ ਮਸਲਾ ਵੱਡਾ ਏ , ਸੋ ਹਰ ਹੀਲੇ ਇਸ ਨੂੰ ਤਰਜੀਹ ਦੇਣਾ ਤੇਰਾ ਕੰਮ ਐ , ਹੋਰ ਕਿਹੜਾ ਕਮਾਈਆਂ ਕਰਕੇ ਆਪਾਂ ਧੀਆਂ ਪੁੱਤਾਂ 'ਚ ਜਾਇਦਾਦਾਂ ਵੰਡਣੀਆਂ ਨੇ ।(38)

ਨਾਵਲ ' ਆਦਮ-ਗ੍ਰਹਿਣ ' ਵਿਚ ਕਿੰਨਰ ਸਮਾਜ ਲਈ ਨਵੀਂ ਸੰਭਾਵਨਾ ਪੈਦਾ ਹੁੰਦੀ ਹੈ ਕਿ ਹੁਣ ਇਸ ਸਮਾਜ ਦੇ ਲੋਕ ਵੀ ਡੇਰਿਆਂ ਵਿਚਲੇ ਕਿੰਨਰਾਂ ਨੂੰ ਪੜ੍ਹਾਈ-ਲਿਖਾਈ ਕਰਵਾ ਕੇ ਹੋਰ ਕੰਮ-ਧੰਦਿਆਂ ਵਿਚ ਲਾਉਣਾ ਚਾਹੁੰਦੇ ਹਨ । ਇਸ ਸਮਾਜ ਵਿਚ ਵੀ ਚੇਤਨਾ ਜਾਗ ਰਹੀ ਹੈ ਕਿ ਵਧਾਈ ਮੰਗਣ ਨਾਲੋਂ ਪੜ੍ਹ-ਲਿਖ ਕੇ ਕੋਈ ਹੋਰ ਕੰਮ-ਧੰਦ ਕੀਤਾ ਜਾਵੇ । ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਕਿਥੇ ਵਧਾਈ ਵਾਲੇ ਪੈਸਿਆਂ ਨਾਲ ਗੁਜ਼ਾਰਾ ਹੁੰਦਾ ਹੈ ? ਇਸ ਨਾਵਲ ਦੀ ਪਾਤਰ ਮਹੰਤ ਮੀਰਾਂ ਵੀ ਆਪਣੇ ਪੁੱਤਰ ਚਿਰਾਗ ਨੂੰ ਸਕੂਲ ਦਾਖਲ ਕਰਾਉਣ ਸਮੇ ਇਹੋ ਉਮੀਦ ਰੱਖਦੀ ਹੈ ਕਿ-

> ਦੇਖੋ ਮੈਡਮ ਜੀ , ਮੈਂ ਚਾਹੁੰਨੀ ਆ ਕਿ ਇਹ ਵੀ ਬਾਕੀ ਬੱਚਿਆਂ ਵਾਂਗ ਪੜ੍ਹੇ-ਲਿਖੇ , ਅਫ਼ਸਰ ਬਣੇ । ਹੁਣ ਪੈਰੀਂ ਘੁੰਗਰੂ ਬੰਨ੍ਹ ਕੇ ਦਰ-ਦਰ ਮੰਗਣ ਵਾਲਾ ਜ਼ਮਾਨਾ ਕਿੱਥੇ ਰਹਿ ਗਿਆ ? ਤੁਸੀਂ ਲੋਕ ਵੀ ਹੁਣ ਇਕ-ਇਕ ਜਾਂ ਦੋ-ਦੋ ਬੱਚੇ ਜੰਮਦੇ ਹੋ । ਉੱਤੋਂ ਮਹਿੰਗਾਈ ਨੇ ਅੱਤ ਚੁੱਕੀ ਪਈ ਐ । ਲੋਕਾਂ ਨੂੰ ਤਾਂ ਤਿੰਨ ਵਕਤ ਦੀ ਰੋਟੀ ਦੇ ਹੀ ਲਾਲੇ ਪਏ ਰਹਿੰਦੇ ਨ ,ਵਧਾਈਆਂ 'ਚ ਕੀ ਦੇਣ ?

ਮਰੀਆਂ ਜੂੰਆਂ ? ਨਾਲੇ ਹੁਣ ਸਾਥੋਂ ਵੀ ਜ਼ਬਰਦਸਤੀ ਕਰ ਨਹੀਂ ਹੁੰਦੀ ।(87)

ਕਿੰਨਰ ਸਮਾਜ ਦੇ ਲੋਕ ਵੀ ਪੜ੍ਹਨਾ-ਲਿਖਣਾ ਸੋਚਦੇ ਹਨ, ਪਰ ਸਮਾਜ ਇਨ੍ਹਾਂ ਨੂੰ ਇਹ ਸਹੂਲਤ ਦਿੰਦਾ ਹੀ ਨਹੀਂ ਕਿ ਇਹ ਪੜ੍ਹ ਲਿਖ ਜਾਣ । ਨਾ ਤਾਂ ਇਨ੍ਹਾਂ ਦੇ ਲਈ ਕੋਈ ਸਪੈਸ਼ਲ ਸਕੂਲ ਹਨ ਅਤੇ ਨਾ ਹੀ ਆਮ ਬੱਚਿਆਂ ਦੇ ਸਕੂਲਾਂ ਵਿਚ ਇਹ ਆਪਣੀ ਪੜ੍ਹਾਈ ਜਾਰੀ ਰੱਖ ਸਕਦੇ ਹਨ । ਜਸਵੀਰ ਰਾਣਾ ਦੀ ਕਹਾਣੀ 'ਘੁੰਗਰੂ ਕਥਾ' ਵਿਚਲਾ ਕਿੰਨਰ ਪਾਤਰ ਆਪਣੇ ਭਾਵ ਇਸ ਤਰ੍ਹਾਂ ਪੇਸ਼ ਕਰਦਾ :

ਸਾਡਾ ਵੀ ਜੀਅ ਕਰਦਾ ! ਜੁਆਕਾਂ ਨੂੰ ਪੜ੍ਹਾ ਲਿਖਾ ਕੇ ਥੋਡੇ ਵਾਂਗ ਅਫ਼ਸਰ ਬਣਾਈਏ । ਪਰ ਦਫੇ ਹੋਇਆਂ ਨੂੰ ਸਕੂਲ ਕਿਵੇਂ ਭੇਜੀਏ? ਸਕੂਲ ਦੇ ਫਾਰਮਾਂ ਵਿਚ ਤਾਂ ਮੁੰਡੇ ਕੁੜੀ ਦਾ ਖਾਨਾ ਈ ਹੁੰਦਾ ! ਸਾਡੇ ਜੁਆਕਾਂ ਲਈ ਤਾਂ ਫਾਰਮ ਵਿਚ ਥਾਂ ਹੀ ਨਹੀਂ ਹੁੰਦੀ ! ਉਨ੍ਹਾਂ ਨੂੰ ਦੱਸ ਕਿਸ ਖਾਨੇ ਪਾਈਏ ! ਤੁਸੀਂ ਤਾਂ ਸਾਡਾ ਖਾਨਾ ਈ ਖਰਾਬ ਕਰ ਛੱਡਿਆ !ਪਰ ਐਸੀ ਗੱਲ ਨੀ ਮੁੰਡਿਆ !ਪੜ੍ਹਨ ਆਲੇ ਪੜ੍ਹ ਈ ਜਾਂਦੇ ਨੇ ! ਸਾਡੀ ਬਰਾਦਰੀ ਦੀ ਇਕ ਮੋਨਾ ਅਹਿਮਦ ਐ ! ਉਹਨੇ ਆਪਣੀ ਜੀਵਨ ਕਹਾਣੀ ਦੀ ਕਿਤਾਬ \''ਮੈ ਮੋਨਾ ਅਹਿਮਦ\'' ਲਿਖੀ ਐ ।(165)


ਕਹਾਣੀ ਵਿਚੋਂ ਇਹ ਉਮੀਦ ਬਣਦੀ ਹੈ ਕਿ ਅੱਜ ਕਿੰਨਰ ਸਮਾਜ ਦੇ ਲੋਕ ਵੀ ਪੜ੍ਹ-ਲਿਖ ਗਏ ਹਨ । ਕਿੰਨਰ ਸਮਾਜ ਦੇ ਵਿਚ ਬਹੁਤ ਸਾਰੇ ਕਿੰਨਰ ਪੜ੍ਹ ਲਿਖ ਕੇ ਸਮਾਜ ਦੇ ਵਿਚ ਆਪਣੀ ਪਹਿਚਾਣ ਬਣਾ ਰਹੇ ਹਨ । ਇਸ ਸਮਾਜ ਦੇ ਵਿਚੋਂ ਹੀ ਬਹੁਤ ਸਾਰੇ ਕਿੰਨਰਾਂ ਨੇ ਵੱਖ-ਵੱਖ ਖੇਤਰਾਂ ਦੇ ਵਿਚ ਆਪਣੀ ਪਹਿਚਾਣ ਬਣਾਈ ਹੈ । ਜੇਕਰ ਸਮਾਜ ਵਿਚ ਇਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਹੋਵੇ ਤਾਂ ਇਹ ਵੀ ਪੜ੍ਹ ਲਿਖ ਜਾਣ । ਵਧਾਈ ਵਰਗੇ ਧੰਦਿਆਂ ਨੂੰ ਛੱਡ ਕੇ ਕੋਈ ਹੋਰ ਕੰਮ-ਧੰਦਾ ਅਪਣਾਉਣ । ਕਿੰਨਰ ਸਮਾਜ ਦੇ ਵਿੱਦਿਅਕ ਪੱਧਰ ਨੂੰ ਖੇਤਰੀ ਕਾਰਜ ਦੇ ਸਰਵੇਖਣ ਦੌਰਾਨ ਪ੍ਰਾਪਤ ਹੋਏ ਵੇਰਵਿਆਂ ਨੂੰ ਚਿੱਤਰ :3 ਤੇ 4 ਵਿਚ ਦੇਖਿਆ ਜਾ ਸਕਦਾ ਹੈ।

ਸਿੱਖਿਆ ਦਾ ਰੋਲ ਮਨੁੱਖ ਦੇ ਸਮਾਜਿਕ ਵਿਕਾਸ ਵਿਚ ਬਹੁਤ ਵੱਡਾ ਹੁੰਦਾ ਹੈ। ਸਿੱਖਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆ ਗਿਆ ਹੈ । ਸਹੀ ਰੂਪ ਵਿਚ ਸਿੱਖਿਆ ਗ੍ਰਹਿਣ ਕਰਕੇ ਮਨੁੱਖ


ਆਪਣੀਆਂ ਸਮੱਸਿਆਵਾਂ ਦੇ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਯੋਗ ਹੋ ਜਾਂਦੇ ਹਨ। ਸਿੱਖਿਆ ਨਾਲ ਹੀ ਮਨੁੱਖ ਅੱਗੇ ਵਧ ਸਕਦਾ ਹੈ। ਸਿੱਖਿਆ ਦੇ ਨਾਲ ਹੀ ਮਨੁੱਖ ਆਪਣੀਆਂ ਸਮਾਜਿਕ ਰੁਕਾਵਟਾਂ ਨੂੰ ਦੂਰ ਕਰ ਸਕਦਾ ਹੈ। ਸੈਮੂਅਲ ਕੋਇਨਿਗ ਦੀ ਕਿਤਾਬ 'ਸਮਾਜ-ਵਿਗਿਆਨ ਸਮਾਜ ਦੇ ਵਿਗਿਆਨ ਨਾਲ ਜਾਣ-ਪਛਾਣ' ਵਿਚ ਅਮਰੀਕਨ ਸਮਾਜ ਵਿਗਿਆਨੀ ਚਾਰਲਸ. ਏ. ਐਲ਼ਵੁੱਡ ਜਿਸ ਨੇ ਸਿੱਖਿਆ ਸੰਬੰਧੀ ਵਾਰਡ ਦੇ ਵਿਚਾਰਾਂ ਨੂੰ ਸਵੀਕਾਰ ਕੀਤਾ, ਦਾ ਵੀ ਇਸੇ ਤਰ੍ਹਾਂ ਸਿੱਖਿਆ ਵਿਚ, ਸਮਾਜਿਕ ਪ੍ਰਗਤੀ ਦੇ ਇਕ ਸਾਧਨ ਵਜੋਂ ਬੇਹੱਦ ਵਿਸ਼ਵਾਸ ਸੀ। ਉਸ ਨੇ ਸਿੱਖਿਆ ਨੂੰ ਸਮਾਜੀਕ੍ਰਿਤ ਵਿਅਕਤੀਆਂ ਦੇ ਵਿਕਾਸ ਲਈ ਇਕ ਬੜਾ ਹੀ ਕਾਰਗਰ ਸਾਧਨ ਦੱਸਿਆ ਅਤੇ ਉਸ ਅਨੁਸਾਰ ਲੋਕਤੰਤਰ ਵਿਚ ਜੀਵਨ ਲਈ ਇਹ ਇਕ ਬਹੁਤ ਹੀ ਅਵੱਸ਼ਕ ਕਾਰਕ ਹੈ। (157)

ਇਸੇ ਤਰ੍ਹਾਂ ਫਾਕਵੇਜ਼ ਅਨੁਸਾਰ ਸਿੱਖਿਆ ਜਿਸ ਦੁਆਰਾ ਇਕ ਸਮੂਹ ਆਪਣੀਆਂ ਲੋਕ ਰੀਤਾਂ ਨੂੰ ਬੱਚਿਆਂ ਤੱਕ ਪਹੁੰਚਾਉਂਦਾ ਹੈ, ਤਾਂ ਜੋ ਉਹ ਇਹ ਸਿੱਖ ਸਕੇ ਕਿ ਕਿਸ ਪ੍ਰਕਾਰ ਦੇ ਵਤੀਰੇ ਨੂੰ ਸਮੂਹ ਵੱਲੋਂ ਪ੍ਰਵਾਨ ਅਤੇ ਕਿਸ ਪ੍ਰਕਾਰ ਦੇ ਵਤੀਰੇ ਨੂੰ ਅਪ੍ਰਵਾਨ ਕੀਤਾ ਜਾਂਦਾ ਹੈ। ਇਕ ਬੱਚੇ ਨੂੰ ਸਭ ਹਾਲਤਾਂ ਵਿਚ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ, ਉਸ ਨੂੰ ਕਿਨ੍ਹਾਂ ਗੱਲਾਂ ਵਿਚ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਕਿਹੜੀਆਂ ਗੱਲਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। (157)

ਸੋ ਸਿੱਖਿਆ ਦਾ ਰੋਲ ਮਨੁੱਖੀ ਵਿਕਾਸ ਵਿਚ ਬਹੁਤ ਵੱਡਾ ਹੈ। ਕਿੰਨਰ ਸਮਾਜ ਸਿੱਖਿਆ ਤੋਂ ਵਿਹੂਣਾ ਹੈ। ਇਸ ਸਮਾਜ ਦੇ ਬਹੁਤ ਘੱਟ ਲੋਕ ਸਿੱਖਿਅਤ ਹਨ। ਸਮਾਜ ਵਿਚ ਇਸ ਵਰਗ ਦੇ ਬੱਚਿਆ ਲਈ ਕੋਈ ਸਪੈਸ਼ਲ ਸਕੂਲ ਨਹੀਂ ਹਨ। ਜਿਸ ਕਾਰਨ ਇਹ ਵਰਗ ਸਿੱਖਿਆ ਤੋਂ ਵਾਂਝਾ ਰਹਿ ਜਾਂਦਾ ਹੈ। 2011 ਦੀ ਜਨਗਣਣਾ ਅਨੁਸਾਰ ਇਨ੍ਹਾਂ ਦਾ ਲਿਟਰੇਸੀ ਦਰ ਵੀ 59.7% ਸੀ। ਖੇਤਰੀ ਕਾਰਜ ਦੇ ਸਰਵੇਖਣ ਦੌਰਾਨ ਕਿੰਨਰਾਂ ਦੇ ਸਿੱਖਿਆ ਦੇ ਪੱਧਰ ਨੂੰ ਹੇਠਲੇ ਚਿੱਤਰ 3 ਰਾਹੀਂ ਦੇਖਿਆ ਜਾ ਸਕਦਾ ਹੈ:




**ਕਿੰਨਰ ਸਮਾਜ ਦਾ ਵਿੱਦਿਅਕ ਪੱਧਰ ਸੰਬੰਧੀ ਅੰਕੜੇ**



## ਕਿੰਨਰ ਸਮਾਜ ਵਿਚ ਪੜ੍ਹੇ ਲਿਖਿਆ ਦੇ ਵਿੱਦਿਅਕ ਪੱਧਰ ਸੰਬੰਧੀ ਅੰਕੜੇ

ਅੱਜ ਉੱਤਰ-ਆਧੁਨਿਕਤਾ ਦੇ ਯੁੱਗ ਵਿਚ ਇਸ ਵਰਗ ਨੂੰ ਥਰਡ-ਜੈਂਡਰ ਵਜੋਂ ਮਾਨਤਾ ਮਿਲਣ ਤੋਂ ਬਾਅਦ ਸਿੱਖਿਆ ਦੇ ਖੇਤਰ ਵਿਚ ਸਾਰਥਿਕ ਕਾਰਜ ਕਰਨ ਦਾ ਆਰੰਭ ਹੋ ਚੁੱਕਿਆ ਹੈ । ਇਸ ਆਰੰਭਿਕ ਕਾਰਜ ਕਰਨ ਵਿਚ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਕੁਸ਼ੀਨਗਰ ਵਿਚ ਪਹਿਲੀ ਟ੍ਰਾਂਸਜੈਂਡਰ ਯੂਨੀਵਰਸਿਟੀ ਖੋਲ੍ਹੀ ਹੈ । ਇਸ ਯੂਨੀਵਰਸਿਟੀ ਵਿਚ ਪਹਿਲੀ ਕਲਾਸ ਤੋਂ ਲੈ ਕੇ ਪੀ .ਜੀ ਤੱਕ ਦੀ ਪੜ੍ਹਾਈ ਹੋਵੇਗੀ ਅਤੇ ਉਸ ਤੋਂ ਬਾਅਦ ਪੀਐਚਡੀ ਦੀ ਡਿਗਰੀ ਵੀ ਸ਼ਾਮਲ ਹੈ । ਜਿਸ ਵਿਚ ਇਸ ਵਰਗ ਦੇ ਲੋਕ ਸਿੱਖਿਅਤ ਹੋ ਸਕਣਗੇ । ਇਸ ਵਰਗ ਦੇ ਲੋਕਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ । ਇਸ ਵਰਗ ਤੋਂ ਗੁੱਡੀ ਕਿੰਨਰ ਦਾ ਵਿਚਾਰ ਹੈ ਕਿ ਮੈਂ ਬਹੁਤ ਖ਼ੁਸ਼ ਹਾਂ ਕਿ ਸਿੱਖਿਆ ਪ੍ਰਾਪਤ ਕਰਕੇ ਸਮਾਜ ਵਿਚ ਇੱਜ਼ਤ ਮਿਲੇਗੀ । ਸਿੱਖਿਆ ਵਿਚ ਬਹੁਤ ਸ਼ਕਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਇਹ ਸਾਨੂੰ ਹੀ ਨਹੀਂ ਬਦਲੇਗਾ ਸਗੋਂ ਹੋਰਾਂ ਨੂੰ ਵੀ ਬਦਲੇਗਾ ।(https://thelgicalindian.com/news/indias-first-transgender/university)

ਸੋ ਕਿੰਨਰਾਂ ਦੇ ਲਈ ਸਿੱਖਿਆ ਦਾ ਹੋਣਾ ਬਹੁਤ ਜ਼ਰੂਰੀ ਹੈ । ਸਿੱਖਿਆ ਪ੍ਰਾਪਤ ਕਰਕੇ ਹੀ ਇਸ ਵਰਗ ਦੇ ਲੋਕ ਆਪਣੇ ਹੱਕਾਂ ਤੋਂ ਜਾਗਰੂਕ ਹੋ ਸਕਣਗੇ । ਡੇਰਿਆਂ ਵਿਚ ਪੜ੍ਹਾਈ ਦਾ ਕੋਈ ਬੰਦੋਬਸਤ ਨਹੀਂ ਹੁੰਦਾ ਹੈ । ਜਿਸ ਕਾਰਨ ਇਹ ਵਰਗ ਪੜ੍ਹਾਈ ਤੋਂ ਵਾਂਝੇ ਰਹਿ ਜਾਂਦਾ ਹੈ । ਖੇਤਰੀ ਕਾਰਜ ਦੌਰਾਨ ਕੀਤੇ ਸਰਵੇਖਣ ਦੇ ਵਿੱਦਿਅਕ ਪੱਧਰ ਨੂੰ ਰੇਖਾ ਚਿੱਤਰ ਰਾਹੀਂ ਦਰਸਾਇਆ ਗਿਆ ਹੈ, ਜਿਵੇਂ ਚਿੱਤਰ 3 ਤੇ 4 ਤੋਂ ਕਿੰਨਰ ਸਮਾਜ ਦੇ ਵਿੱਦਿਅਕ ਪੱਧਰ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ।

ਕੁਝ ਕਿੰਨਰ ਪੜ੍ਹ-ਲਿਖ ਕੇ ਆਪਣੇ ਜੱਦੀ ਕਿੱਤੇ ਵਧਾਈ ਨੂੰ ਛੱਡ ਕੇ ਨੌਕਰੀਆਂ ਕਰਨਾ ਚਾਹੁੰਦੇ ਹਨ । ਡੇਰੇਦਾਰ ਕਿੰਨਰ ਆਪਣੀ ਪਰੰਪਰਾ ਨੂੰ ਵੀ ਕਾਇਮ ਰੱਖਣਾ ਚਾਹੁੰਦੇ ਹਨ । ਜਿਹੜੇ ਡੇਰੇਦਾਰ ਪਰੰਪਰਾ ਨੂੰ ਛੱਡ ਕੇ ਬਾਗ਼ੀ ਹੋ ਰਹੇ ਹਨ , ਉਸ ਬਾਰੇ ਮਹੰਤ ਮਨੀਸ਼ਾ ਦਾ ਕਹਿਣਾ ਹੈ ਕਿ ਜਿਹੜੇ ਕਿੰਨਰ ਡੇਰਿਆਂ ਵਿਚ ਰਹਿਣਾ ਚਾਹੁੰਦੇ ਹਨ ਤਾਂ ਡੇਰਿਆਂ ਵਿਚ ਰਹਿ ਕੇ ਆਪਣੀ ਪਰੰਪਰਾ ਨੂੰ ਵਧਾ ਸਕਦੇ ਹਨ । ਸਮਾਜ ਦੇ ਵਿਚ ਅੱਜ ਬਲਾਤਕਾਰ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ । ਅੱਜ ਚਾਰ

ਸਾਲ ਦੀ ਬੱਚੀ ਤੋਂ ਲੈ ਕੇ 50 ਸਾਲ ਤੱਕ ਦੀ ਔਰਤ ਨਾਲ ਬਲਾਤਕਾਰ ਹੋ ਰਿਹਾ ਹੈ । ਕੀ ਸਮਾਜ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਡਰ ਕੇ ਬੱਚੇ ਪੈਦਾ ਕਰਨਾ ਬੰਦ ਕਰ ਦੇਵੇਗਾ ?ਇਸ ਲਈ ਕਿੰਨਰ ਸਮਾਜ ਦੇ ਬਾਸ਼ਿੰਦੇ ਵੀ ਆਪਣੀ ਪਹਿਚਾਣ ਦੇ ਨਾਲ ਜੀਣਾ ਚਾਹੁੰਦੇ ਹਨ । ਕਿੰਨਰ ਕੋਈ ਅੱਜ ਹੀ ਪੈਦਾ ਨਹੀਂ ਹੋਏ ਸਗੋਂ ਪੁਰਾਤਨ ਸਮੇਂ ਜਦੋਂ ਤੋਂ ਇਸ ਧਰਤੀ ਤੇ ਔਰਤ- ਮਰਦ ਦੀ ਹੋਂਦ ਬਣੀ ਹੈ । ਉਸ ਸਮੇਂ ਤੋਂ ਕਿੰਨਰ ਵੀ ਇਸ ਧਰਤੀ ਤੇ ਆਪਣੀ ਹੋਂਦ ਨੂੰ ਦਰਸਾ ਰਹੇ ਹਨ । ਇਨ੍ਹਾਂ ਦਾ ਇਤਿਹਾਸ ਵੀ ਬੜਾ ਮਾਣ-ਮੱਤਾ ਰਿਹਾ । ਉਨ੍ਹਾਂ ਕੋਲ ਆਪਸ਼ਨ ਹੋਣੀ ਚਾਹੀਦੀ ਹੈ ਕਿ ਉਹ ਡੇਰਿਆਂ ਵਿਚ ਰਹਿਣਾ ਚਾਹੁੰਦੇ ਹਨ ਜਾਂ ਫਿਰ ਪੜ੍ਹ-ਲਿਖ ਕੇ ਨੌਕਰੀ ਕਰਨਾ ਚਾਹੁੰਦੇ ਹਨ । ਸੋ ਕਿੰਨਰ ਵੀ ਆਪਣੀ ਪਹਿਚਾਣ ਦੇ ਨਾਲ ਜੀਣਾ ਚਾਹੁੰਦੇ ਹਨ । ਉਨ੍ਹਾਂ ਦੀ ਵੀ ਆਪਣੀ ਕੋਈ ਹੋਂਦ ਹੈ, ਬੇਸ਼ੱਕ ਅੱਜ ਇਸ ਵਿਸ਼ੇ ਤੇ ਬਹੁਤ ਸਾਰੇ ਸਾਹਿਤਕਾਰ ਲਿਖ ਰਹੇ ਹਨ ਅਤੇ ਖੋਜਾਰਥੀ ਵੀ ਆਪਣੇ ਖੋਜ ਕਾਰਜ ਕਰ ਰਹੇ ਹਨ । ਇਸ ਵਿਸ਼ੇ ਦੀ ਸਾਰਥਿਕਤਾ ਤਾਂ ਹੀ ਬਣਦੀ ਹੈ ਜੇਕਰ ਕਿੰਨਰਾਂ ਦੀ ਪਹਿਚਾਣ ਨੂੰ ਸਮਾਜ ਵਿਚ ਕਾਇਮ ਕੀਤਾ ਜਾਵੇ । ਸੋ ਲੋੜ ਹੈ ਸਮਾਨਤਾ ਦੀ । ਸਮਾਜ ਵਿਚ ਸਮਾਨਤਾ ਦੀ ਲੜਾਈ ਅਸੀਂ ਲੜ ਰਹੇ ਹਾਂ ।

ਬੇਸ਼ੱਕ ਇਹ ਲੋਕ ਆਰਥਿਕ ਪੱਖ ਤੋਂ ਕੋਈ ਬਹੁਤੇ ਪੈਸੇ ਵਾਲੇ ਨਹੀਂ ਹੁੰਦੇ, ਜੋ ਇਨ੍ਹਾਂ ਕੋਲ ਹੁੰਦਾ ਹੈ , ਉਸ ਨੂੰ ਕਿਸੇ ਦੀ ਮਦਦ ਕਰਨ ਵੇਲ਼ੇ ਸੰਕੋਚ ਨਹੀਂ ਕਰਦੇ । ਇਹ ਵੀ ਸਮਾਜ ਵਿਚ ਵਿਚਰਦੇ ਹੋਏ ਸਮਾਜ ਨਾਲ ਆਰਥਿਕ ਪੱਖ ਤੋਂ ਆਪਣੀ ਸਾਂਝ ਪਾਉਣੀ ਚਾਹੁੰਦੇ ਹਨ । ਨਵਤੇਜ ਪੁਆਧੀ ਦੀ ਕਹਾਣੀ ' ਉੱਚਾ ਬੁਰਜ ਲਾਹੌਰ ਦਾ ' ਵਿਚ ਸ਼ਬੋ ਕਿੰਨਰ ਵੱਲੋਂ ਜਿਊਣੇ ਦੀ ਪੈਸਿਆਂ ਦੇ ਰੂਪ ਵਿਚ ਮਦਦ ਕਰਨਾ ਸੰਕੇਤ ਕਰਦਾ ਹੈ ਕਿ ਹੀਜੜੇ ਵੀ ਆਰਥਿਕ ਪੱਖ ਤੋਂ ਸਭਿਅਕ ਸਮਾਜ ਦੇ ਮਨੁੱਖਾਂ ਨਾਲ ਵਰਤ-ਵਿਹਾਰ ਰੱਖਣਾ ਚਾਹੁੰਦੇ ਹਨ ਪਰ ਸਮਾਜ ਹੀ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਹੈ । ਬਗਾਨੇ ਦੇਸ਼ ਵਿਚ ਪੈਸਿਆਂ ਦੇ ਰੂਪ ਵਿਚ ਮਦਦ ਕਰਕੇ ਇਹ ਆਮ ਮਨੁੱਖਾਂ ਨਾਲੋਂ ਉੱਚਾ ਦਰਜਾ ਪ੍ਰਾਪਤ ਕਰ ਜਾਂਦੇ ਹਨ । ਕਹਾਣੀਕਾਰ ਵਰਿਆਮ ਸੰਧੂ ਅਨੁਸਾਰ ਵੀ ਆਰਥਿਕ ਅਸਮਾਨਤਾ ਕਾਰਨ ਮਨੁੱਖ ਮਨੁੱਖ ਨਹੀਂ ਰਹਿੰਦੇ । ਉਸ ਦਾ ਵਿਚਾਰ ਹੈ ਕਿ ‘ਜਿਨ੍ਹਾਂ ਚਿਰ ਆਰਥਿਕ ਆਧਾਰ ਨਹੀਂ ਬਦਲਦਾ, ਮਨੁੱਖ ਨੂੰ ਸੰਪੂਰਨ ਮਨੁੱਖ ਬਣਨ ਦਾ ਮੌਕਾ ਨਹੀਂ ਮਿਲ

ਸਕਦਾ, ਉਹਦੀਆਂ ਸਾਰੀਆਂ ਸ਼ਕਤੀਆਂ ਦਾ ਸਰਬਪੱਖੀ ਵਿਕਾਸ ਹੋ ਹੀ ਨਹੀਂ ਸਕਦਾ '।('ਕੁਲਵੰਤ ਸਿੰਘ ਵਿਰਕ ਦਾ ਕਹਾਣੀ –ਸੰਸਾਰ'17)

ਆਮ ਸਮਾਜ ਵਿਚ ਕਿੰਨਰ ਸਮਾਜ ਨੂੰ ਅਧੂਰੇ ਮੰਨਿਆ ਜਾਂਦਾ ਹੈ। ਸਮਾਜ ਵਿਚ ਇਹ ਆਪਣੀ ਹੋਂਦ ਨੂੰ ਦਰਸਾਉਣ ਲਈ ਯਤਨਸ਼ੀਲ ਹਨ। ਆਖ਼ਰ ਕਦੋਂ ਤੱਕ ਸਮਾਜ ਇਨ੍ਹਾਂ ਨੂੰ ਅਧੂਰੇ ਰੂਪ ਵਿਚ ਸਵੀਕਾਰ ਕਰਦਾ ਰਹੇਗਾ? ਸਾਹਿਤ ਵਿਚ ਕੁਲਵੰਤ ਸਿੰਘ ਵਿਰਕ ਅਜਿਹਾ ਕਹਾਣੀਕਾਰ ਜੋ ਸਮਾਜ ਵਿਚ ਅਸਮਾਜਿਕ ਕੰਮ ਕਰਨ ਵਾਲੇ ਪਾਤਰਾਂ ਲਈ ਵੀ ਹਮਦਰਦੀ ਪੇਸ਼ ਕਰਦਾ ਹੈ। ਕਿੰਨਰ ਸਮਾਜ ਲਈ ਵੀ ਸਭਿਅਕ ਸਮਾਜ ਦੇ ਮਨੁੱਖਾਂ ਦੀ ਅਜਿਹੀ ਹੀ ਸਹਾਨਭੂਤੀ ਉੱਤੇਜਿਤ ਹੋਣੀ ਚਾਹੀਦੀ ਹੈ ਤਾਂ ਜੋ ਇਸ ਸਮਾਜ ਦੇ ਬਾਸ਼ਿੰਦੇ ਵੀ ਪੂਰਨ ਮਨੁੱਖ ਦੇ ਰੂਪ ਵਿਚ ਆਪਣਾ ਜੀਵਨ ਵਸਰ ਕਰ ਸਕਣ।

ਕਿੰਨਰ ਸਮਾਜ ਦੇ ਰੋਜ਼ੀ-ਰੋਟੀ ਦਾ ਸਾਧਨ ਨੱਚ-ਗਾ ਕੇ ਵਧਾਈ ਮੰਗਣਾ ਹੀ ਹੈ। ਜ਼ਬਾਨੀ ਵਿਚ ਤਾਂ ਇਹ ਨੱਚ-ਗਾ ਕੇ ਆਪਣਾ ਪੇਟ ਭਰ ਲੈਂਦਾ ਹੈ ਪਰ ਬੁਢਾਪੇ ਵਿਚ ਇਸ ਦੀ ਰੋਜ਼ੀ-ਰੋਟੀ ਦਾ ਕੀ ਸਾਧਨ ਹੈ? ਕਿੰਨਰ ਪੂਰੀ ਟੋਲੀ ਬਣਾ ਕੇ ਵਧਾਈ ਮੰਗਦੇ ਹਨ। ਜਦੋਂ ਕੋਈ ਚੇਲਾ ਜਾਂ ਗੁਰੂ ਨੱਚਣ ਦੇ ਯੋਗ ਨਹੀਂ ਰਹਿੰਦਾ ਜਾਂ ਫਿਰ ਉਹ ਬੁਢਾਪੇ ਦੀ ਅਵਸਥਾ ਵਿਚ ਚਲਾ ਜਾਂਦਾ ਹੈ ਤਾਂ ਕਿੰਨਰ ਆਪਣੀ ਟੋਲੀ ਨੂੰ ਪੂਰਾ ਕਰਨ ਲਈ ਦੂਸਰੇ ਡੇਰੇ ਤੋਂ ਚੇਲਾ ਖਰੀਦ ਵੀ ਲੈਂਦੇ ਹਨ। ਹਰਕੀਰਤ ਕੌਰ ਚਹਿਲ ਦੇ ਨਾਵਲ 'ਆਦਮ-ਗ੍ਰਹਿਣ' ਵਿਚ ਮੰਨੂੰ ਵੀ ਇਸੇ ਤਰ੍ਹਾਂ ਗੋਰੀ ਕੋਠੀ ਵਿਚ ਪਹੁੰਚਦੀ ਹੈ। ਇਨ੍ਹਾਂ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ। ਵਧਾਈ ਮੰਗਣਾ ਹੀ ਇਨ੍ਹਾਂ ਦੀ ਕਮਾਈ ਦਾ ਮੁੱਖ ਸਾਧਨ ਹੈ। ਨਾਵਲ ਵਿਚੋਂ ਇਹ ਸੰਕੇਤ ਦੇਖੇ ਜਾ ਸਕਦੇ ਹਨ ਕਿ-

> ਮੰਨੂ ਦੀ ਆਮਦ ਨਾਲ ਹੋਰ ਰੌਣਕ ਲੱਗਣ ਲੱਗੀ ਅਤੇ ਗੋਰੀ ਕੋਠੀ ਨੂੰ ਵੀ ਲਾਲੀ ਦੀ ਭਰਪਾਈ ਲਈ ਮੰਨੂ ਮਿਲ ਗਈ ਸੀ। ਮੀਰਾ ਨੇ ਛੇ ਮਹੀਨੇ ਬਾਦ ਹੀ 25 ਹਜ਼ਾਰ ਰੁਪਏ ਮਹੰਤ ਲੈਚੀ ਨੂੰ ਮੰਨੂ ਨੂੰ ਰੱਖਣ ਲਈ ਭੇਜ ਦਿੱਤੇ।(117)

ਡੇਰੇ ਦਾ ਮਹੰਤ ਜਦੋਂ ਬੁਢਾਪੇ ਦੇ ਨੇੜੇ ਹੁੰਦਾ ਹੈ ਤਾਂ ਉਹ ਆਪਣਾ ਸਭ ਕੁਝ ਉਸੇ ਤਰ੍ਹਾਂ ਜਿਸ ਤਰ੍ਹਾਂ ਇਕ ਪਿਓ

ਆਪਣੇ ਪੁੱਤਰ ਨੂੰ ਆਪਣੀ ਜਾਇਦਾਦ ਸੌਂਪਦਾ ਹੈ। ਡੇਰੇ ਦੇ ਚੇਲੇ ਨੂੰ ਸਭ ਕੁਝ ਅਰਪਣ ਕਰ ਦਿੰਦਾ ਹੈ। ਡੇਰੇ ਦੀ ਮਹੰਤ ਬੁਲਬੁਲ ਵੀ ਮੀਰਾਂ ਦੇ ਨਾਮ ਡੇਰੇ ਦੀ ਸਾਰੀ ਜਾਇਦਾਦ ਕਰ ਦਿੰਦੀ ਹੈ। ਨਾਵਲ ਵਿਚੋਂ ਇਹ ਸੰਕੇਤ ਦੇਖੇ ਜਾ ਸਕਦੇ ਹਨ ਕਿ-

> ਬੁਲਬੁਲ ਨੇ ਆਪਣੀ ਸਿਹਤ ਨਾਸਾਜ਼ ਰਹਿਣ ਕਰਕੇ ਵਿਰਾਸਤੀ ਜਾਇਦਾਦ ਵਾਲੇ ਦਸ ਕਿੱਲੇ ਜ਼ਮੀਨ ਵੀ ਮੀਰਾ ਦੇ ਨਾਮ ਲਿਖਵਾ ਦਿੱਤੇ। ਡੇਰੇ ਤੇ ਸ਼ਹਿਰ ਦੀ ਇਕ ਹੋਰ ਖ਼ਰੀਦੀ ਕੋਠੀ ਜੁਗਨੂੰ ਦੇ ਨਾਮ ਲਾ ਦਿੱਤੀ। ਇਹਨਾਂ ਦੀ ਬਰਾਦਰੀ ਵਿਚ ਇਹ ਦੌਲਤਾਂ ਪੁਸ਼ਤ-ਦਰ-ਪੁਸ਼ਤ ਸਫ਼ਰ ਕਰਦੀਆਂ ਰਹਿੰਦੀਆਂ ਹਨ। ਬੱਸ ਸਿਰਫ਼ ਨਾਮ ਤੇ ਖਾਤੇ ਹੀ ਬਦਲਦੇ ਹਨ।(61)

ਅੱਜ 21ਵੀਂ ਸਦੀ ਦੌਰਾਨ ਕਦਰਾਂ-ਕੀਮਤਾਂ ਬਦਲ ਗਈਆਂ ਹਨ। ਸਮਾਜ ਨੇ ਹਰ ਖੇਤਰ ਵਿਚ ਤਰੱਕੀ ਕਰ ਲਈ ਹੈ। ਇਹ ਤਰੱਕੀ ਕਿੰਨਰ ਸਮਾਜ ਵਿਚ ਵੀ ਦੇਖੀ ਜਾ ਸਕਦੀ ਹੈ। ਅੱਜ ਕਿੰਨਰ ਬੱਚੇ ਪੜ੍ਹ-ਲਿਖ ਕੇ ਆਪਣੇ ਪੈਰ੍ਹਾਂ ਤੇ ਖੜ੍ਹਾ ਹੋਣਾ ਲੋਚਦੇ ਹਨ। ਉਨ੍ਹਾਂ ਦੀ ਵੀ ਦਿਲੀ ਇੱਛਾ ਹੁੰਦੀ ਹੈ ਕਿ ਉਹ ਸਮਾਜ ਦੇ ਬਾਕੀ ਮਨੁੱਖਾਂ ਦੀ ਤਰ੍ਹਾਂ ਕੰਮ-ਧੰਦੇ ਕਰਨ , ਉਨ੍ਹਾਂ ਦਾ ਵੀ ਕੋਈ ਆਪਣਾ ਘਰ ਹੋਵੇ। ਨਿਰਮਲ ਜਸਵਾਲ ਦੀ ਕਹਾਣੀ ' ਰੇਤਲਾ ' ਦੀ ਮਾਦਾ ਕਿੰਨਰ ਸੀਮਾ ਪੜ੍ਹੀ-ਲਿਖੀ ਹੋ ਕੇ ਆਪਣਾ ਘਰ ਬਣਾਉਣਾ ਚਾਹੁੰਦੀ ਹੈ। ਉਸ ਦੀ ਇੱਛਾ ਹੈ ਕਿ -

> ਮੇਰਾ ਇਕ ਸੁਫ਼ਨਾ ਤੇ ਇੱਛਾ ਸੀ। ਉਹ ਇੱਛਾ ਪੂਰੀ ਹੋ ਗਈ ਆ। ਗੀਤਾ ਕਲੋਨੀ ਚ ਮੇਰਾ ਆਪਣਾ ਘਰ ਆ।(83)

ਸੀਮਾ ਪੜ੍ਹੀ-ਲਿਖੀ ਹੋਣ ਕਾਰਨ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਚਾਹੁੰਦੀ ਹੈ। ਅਸਲ ਵਿਚ ਸਮਾਜ ਦੇ ਲੋਕ ਵੀ ਇਨ੍ਹਾਂ ਦੀ ਅਬਨਾਰਮੈਲਿਟੀ ਦਾ ਫ਼ਾਇਦਾ ਉਠਾਉਂਦੇ ਹਨ। ਇਸੇ ਤਰ੍ਹਾਂ ਸੀਮਾ ਨੂੰ ਵੀ ਇਕ ਸਰਦਾਰ ਵੱਲੋਂ ਡਾਂਸਰ ਬਣਾ ਕੇ ਪਰਦੇਸਾਂ ਵਿਚ ਵੇਚਣ ਦੀ ਯੋਜਨਾ ਸਾਹਮਣੇ ਆਉਂਦੀ ਹੈ। ਸੀਮਾ ਦੀ ਅਜਿਹੇ ਮਰਦਾਂ ਪ੍ਰਤੀ ਸੋਚ ਨਫ਼ਰਤ ਦੇ ਰੂਪ ਵਿਚ ਉਭਰਦੀ ਹੈ।

**ਵਿਵਹਾਰਕ ਅਧਿਐਨ-**

ਸਾਹਿਤਕ ਅਧਿਐਨ ਵਿਚੋਂ ਆਰਥਿਕਤਾ ਸੰਬੰਧੀ ਜੋ ਤੱਥ ਪ੍ਰਤੱਖ ਹੁੰਦੇ ਹਨ, ਖੇਤਰੀ ਖੋਜ ਦੌਰਾਨ ਉਨ੍ਹਾਂ ਦੀ ਪੁਸ਼ਟੀ ਹੋ ਜਾਂਦੀ ਹੈ। ਉਸ ਅਨੁਸਾਰ ਕਿੰਨਰ ਸਮਾਜ ਦੇ ਲੋਕ ਆਪਣੀ ਉਪਜੀਵਕਾ ਕਮਾਉਣ ਲਈ ਟੋਲੀਆਂ ਬਣਾ ਕੇ ਵਧਾਈ ਮੰਗਦੇ ਹਨ। ਵਧਾਈ ਮੰਗਣ ਦੀ ਖ਼ਾਤਰ ਇਨ੍ਹਾਂ ਦੁਆਰਾ ਆਪਣੇ ਇਲਾਕੇ ਦੀ ਵੰਡ ਕੀਤੀ ਜਾਂਦੀ ਹੈ। ਕੋਈ ਵੀ ਕਿੰਨਰ ਕਿਸੇ ਦੂਸਰੇ ਕਿੰਨਰ ਦੇ ਇਲਾਕੇ ਵਿਚ ਵਧਾਈ ਮੰਗਣ ਨਹੀਂ ਜਾਂਦਾ ਹੈ। ਵਧਾਈ ਮੰਗਣ ਦੀ ਖ਼ਾਤਰ ਗੁਰੂ ਆਪਣੇ ਚੇਲੇ ਨੂੰ ਆਪਣੇ ਇਲਾਕੇ ਬਾਰੇ ਜਾਣਕਾਰੀ ਦਿੰਦਾ ਹੈ। ਖੇਤਰੀ ਕਾਰਜ ਦੌਰਾਨ ਕੀਤੇ ਸਰਵੇਖਣ ਵਿਚੋਂ 80 ਕਿੰਨਰਾਂ ਨੇ ਮੰਨਿਆ ਕਿ ਵਧਾਈ ਮੰਗਣ ਲਈ ਇਲਾਕੇ ਦੀ ਵੰਡ ਕੀਤੀ ਜਾਂਦੀ ਹੈ ਅਤੇ ਕਮਾਈ ਵਿਚੋਂ ਗੁਰੂ ਨੂੰ ਹਿੱਸਾ ਦੇਣਾ ਪੈਂਦਾ ਹੈ। ਇਸ ਦਾ ਵਿਸ਼ਲੇਸ਼ਣ ਚਿੱਤਰ 2 ਵਿਚ ਦੇਖਿਆ ਜਾ ਸਕਦਾ ਹੈ। ਕਿੰਨਰ ਸਮਾਜ ਵਿਚ ਹਰ ਕਿੰਨਰ ਨੂੰ ਗੁਰੂ ਧਾਰਨ ਕਰਨਾ ਪੈਂਦਾ ਹੈ। ਉਸ ਗੁਰੂ ਦਾ ਚੇਲਾ ਹੋਣਾ ਵੀ ਜ਼ਰੂਰੀ ਹੁੰਦਾ ਹੈ। ਜੇਕਰ ਇਕ ਗੁਰੂ ਨੇ ਆਪਣਾ ਚੇਲਾ ਬਦਲਣਾ ਹੋਵੇ ਤਾਂ ਉਸ ਨੂੰ ਇਸ ਦਾ ਮੁੱਲ ਤਾਰਨਾ ਪੈਂਦਾ ਹੈ ਭਾਵ ਪੈਸਿਆਂ ਦੇ ਰੂਪ ਵਿਚ ਕੁਝ ਦੇਣ ਪੈਂਦਾ ਹੈ। ਜੇਕਰ ਚੇਲਾ ਗੁਰੂ ਦੀ ਗੱਲ ਨਾ ਮੰਨੇ ਤਾਂ ਉਸ ਨੂੰ ਸਜ਼ਾ ਵੀ ਮਿਲਦੀ ਹੈ। ਕਿੰਨਰ ਸਮਾਜ ਵਿਚ ਗੁਰੂ ਤੇ ਚੇਲੇ ਦਾ ਰਿਸ਼ਤਾ ਬਹੁਤ ਅਹਿਮ ਹੁੰਦਾ ਹੈ। ਕਿੰਨਰ ਸਮਾਜ ਵਿਚ ਗੁਰੂ ਦੇ ਅਧੀਨ ਰਹਿਣਾ ਪੈਂਦਾ ਹੈ ਅਤੇ ਆਪਣੀ ਕਮਾਈ ਵਿਚੋਂ ਗੁਰੂ ਨੂੰ ਹਿੱਸਾ ਦੇਣਾ ਪੈਂਦਾ ਹੈ। ਗੁਰੂ ਦੀ ਇੱਛਾ ਹੁੰਦੀ ਹੈ ਕਿ ਉਹ ਉਸ ਕਮਾਈ ਵਿਚੋਂ ਆਪਣੇ ਚੇਲੇ ਨੂੰ ਕਿੰਨੀ ਰਕਮ ਦੇਵੇ। ਪਹਿਲਾ ਤਾਂ ਇਹ ਰਿਸ਼ਤਾ ਬੜਾ ਪਵਿੱਤਰ ਮੰਨਿਆ ਜਾਂਦਾ ਸੀ ਪਰ ਹੁਣ ਸਮਾਜ ਦੇ ਹਰ ਵਰਗ ਦੇ ਸੱਚੇ-ਸੁੱਚੇ ਰਿਸ਼ਤੇ ਵਿਚ ਤਬਦੀਲੀ ਆ ਰਹੀ ਹੈ। ਇਸ ਬਦਲਾਅ ਦੇ ਅਸਰ ਸਦਕਾ ਕਿੰਨਰ ਸਮਾਜ ਵਿਚ ਗੁਰੂ ਅਤੇ ਚੇਲੇ ਦੇ ਰਿਸ਼ਤੇ ਵੀ ਥਿੜਕ ਰਹੇ ਹਨ ਕਿਉਂਕਿ ਅੱਜ ਹਰ ਕਿਤੇ ਵਿਅਕਤੀਵਾਦ ਭਾਰੂ ਹੈ। ਇਸ ਲਈ ਕਿੰਨਰ ਸਮਾਜ ਅੰਦਰ ਹੁਣ ਚੇਲੇ ਗੁਰੂ ਦੀ ਅਧੀਨਤਾ ਸਵੀਕਾਰ ਕਰਨ ਦੀ ਪਰੰਪਰਾ ਤੋਂ ਬਾਗ਼ੀ ਹੋ ਰਹੇ ਹਨ। ਇਸ ਬਾਗ਼ੀ ਸੁਰ ਨੂੰ ਸਾਹਿਤਕ ਪੱਖ ਤੋਂ ਵੀ ਵਿਸ਼ਲੇਸ਼ਣ ਕੀਤਾ ਗਿਆ ਹੈ, ਦੂਜੇ ਪਾਸੇ ਖੇਤਰੀ ਕਾਰਜ ਦੌਰਾਨ ਵੀ ਡੇਰਿਆਂ ਵਿਚ ਬਾਗ਼ੀ ਸੁਰ ਪੈਦਾ ਹੋ ਚੁੱਕੀ ਹੈ। ਜਿਸ ਤਰ੍ਹਾਂ ਆਮ ਸਮਾਜ ਵਿਚ ਅੱਜ ਸਾਂਝੇ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ। ਸਮਾਜ ਦੀ ਇਸ ਤਬਦੀਲੀ ਦਾ ਅਸਰ

ਕਿੰਨਰ ਸਮਾਜ ਵਿਚ ਵੀ ਦੇਖਿਆ ਜਾ ਸਕਦਾ ਹੈ। ਵਧਾਈ ਮੰਗਣ ਤੋਂ ਸਿਵਾਏ ਸਮਾਜ ਵਿਚ ਇਨ੍ਹਾਂ ਲਈ ਕੋਈ ਕੰਮ ਦੀ ਵੰਡ ਨਹੀਂ ਕੀਤੀ ਗਈ। ਸਮਾਜਿਕ ਪਰਿਵਰਤਨ ਸਦਕਾ ਕਿੰਨਰ ਸਮਾਜ ਦੇ ਲੋਕ ਵੀ ਆਪਣੇ ਜੱਦੀ ਕਿੱਤੇ ਛੱਡ ਕੇ ਕੋਈ ਹੋਰ ਕੰਮ-ਧੰਦਾ ਕਰਨਾ ਚਾਹੁੰਦੇ ਹਨ। ਸਮਾਜ ਇਸ ਵਰਗ ਨੂੰ ਵਧਾਈ ਤੋਂ ਬਿਨਾਂ ਕੋਈ ਕੰਮ ਨਹੀਂ ਸੌਂਪਦਾ ਹੈ। ਸਰੀਰਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਘਾਟ ਨਹੀਂ ਹੁੰਦੀ। ਇਹ ਵਰਗ ਵੀ ਆਮ ਮਨੁੱਖ ਦੀ ਤਰ੍ਹਾਂ ਉਹ ਸਾਰੇ ਕੰਮ ਕਰ ਸਕਦਾ ਹੈ ਜੋ ਇਕ ਤੰਦਰੁਸਤ ਮਨੁੱਖ ਕਰਨ ਦੇ ਯੋਗ ਹੁੰਦਾ ਹੈ। ਸਰਕਾਰ ਵੀ ਇਨ੍ਹਾਂ ਦੀ ਭਲਾਈ ਲਈ ਕੋਈ ਸਕੀਮਾਂ ਲਾਗੂ ਨਹੀਂ ਕਰਦੀ। ਜੇਕਰ ਇਹ ਵਰਗ ਕਿਤੇ ਨੌਕਰੀ ਮੰਗਣ ਜਾਂਦਾ ਹੈ ਤਾਂ ਵੀ ਇਨ੍ਹਾਂ ਨੂੰ ਨੌਕਰੀ ਨਹੀਂ ਦਿੱਤੀ ਜਾਂਦੀ। ਖੇਤਰੀ ਕਾਰਜ ਦੌਰਾਨ ਗੱਲਬਾਤ ਸਮੇਂ ਮੋਨਾ, ਬੋਬੀ ਆਦਿ ਕਈ ਅਜਿਹੇ ਕਿੰਨਰ ਹਨ ਜੋ ਪੋਸਟ ਗ੍ਰੈਜੂਏਟ ਹੋਣ ਦੇ ਬਾਵਜੂਦ ਵਧਾਈ ਮੰਗ ਕੇ ਗੁਜ਼ਾਰਾ ਕਰਨ ਲਈ ਮਜਬੂਰ ਹਨ, ਕਿਉਂ ਜੋ ਸਮਾਜ ਇਨ੍ਹਾਂ ਨੂੰ ਨੌਕਰੀਆਂ ਕਾਬਲੀਅਤ ਦੇ ਆਧਾਰ ਤੇ ਪ੍ਰਦਾਨ ਕਰਨ ਨਾਲੋਂ ਜ਼ਿਆਦਾ ਤਰਜੀਹ ਲਿੰਗਕ ਪਹਿਚਾਣ ਨੂੰ ਦਿੰਦਾ ਹੈ।

**ਅੰਤਰ-ਸੰਬੰਧਿਤ-**

ਕਿੰਨਰ ਸਮਾਜ ਵਿਚ ਉਪਜੀਵਕਾ ਦਾ ਸਾਧਨ ਵਧਾਈ ਮੰਗਣਾ ਹੀ ਹੈ। ਸਮਾਜ ਵਿਚ ਹਰ ਵਰਗ ਆਪਣੀ ਉਪਜੀਵਕਾ ਕਮਾਉਣ ਲਈ ਕੋਈ ਨਾ ਕੋਈ ਕੰਮ-ਧੰਦਾ ਕਰਦਾ ਹੈ। ਸਮਾਜ ਵਿਚ ਹਰ ਵਰਗ ਆਪਣੇ ਕੰਮ-ਧੰਦੇ ਨਾਲ ਜੁੜਿਆ ਹੋਇਆ ਹੈ। ਸਮਾਜ ਕਿੰਨਰਾਂ ਨੂੰ ਵਧਾਈ ਮੰਗਣ ਦਾ ਹੀ ਕੰਮ ਸੌਂਪਦਾ ਹੈ। ਵਧਾਈ ਮੰਗ ਕੇ ਹੀ ਇਹ ਆਪਣਾ ਪੇਟ ਭਰਦੇ ਹਨ। ਵਿਸ਼ਵੀਕਰਨ ਦੇ ਇਸ ਯੁੱਗ ਵਿਚ ਹਰ ਵਰਗ ਦੇ ਪੇਸ਼ੇਵਰ ਕਿੱਤਿਆਂ/ਧੰਦਿਆਂ ਵਿਚ ਵੱਡੀ ਪੱਧਰ ਉੱਪਰ ਤਬਦੀਲੀ ਦਾ ਉਛਾਲ ਆਇਆ ਹੈ। ਬਦਲਦੇ ਰਿਸ਼ਤਿਆਂ -ਨਾਤਿਆਂ ਤੇ ਪਰਿਵਾਰਾਂ ਦੇ ਸੀਮਤ ਆਕਾਰ ਨੇ ਕਿੰਨਰ ਵਰਗ ਦੀ ਕਮਾਈ ਨੂੰ ਵੱਡੀ ਢਾਹ ਲਾਈ ਹੈ। ਨਵੀਆਂ ਤਕਨਾਲੋਜੀ ਕਾਰਨ ਮਨੁੱਖਾਂ ਦੀਆਂ ਅੰਦਰੂਨੀ ਅਤੇ ਬਾਹਰੀ ਜ਼ਰੂਰਤਾਂ ਵੀ ਬਦਲੀਆਂ ਹਨ। ਇਸ ਲਈ ਕਿੰਨਰ ਵਰਗ ਵੀ ਆਪਣੇ ਪੇਸ਼ੇ ਨੂੰ ਤਿਲਾਂਜਲੀ ਦੇ ਕੇ ਹੋਰ ਕੰਮ-ਧੰਦਾ ਕਰਨਾ ਚਾਹੁੰਦਾ ਹੈ। ਸਮਾਜ ਵਿਚ ਇਸ ਵਰਗ ਲਈ ਹੋਰ ਕੰਮ-ਧੰਦਾ ਨਿਸ਼ਚਿਤ ਨਹੀਂ ਹੈ। ਦੂਜੇ ਪਾਸੇ ਡੇਰਿਆਂ ਨੂੰ ਚਲਾਉਣ ਵਾਲੇ ਆਗੂ ਜਾਂ ਮਹੰਤ ਵੀ ਕਿੰਨਰ ਵਰਗ ਨੂੰ ਹੋਰ ਧੰਦਾ ਕਰਨ ਦੀ ਆਗਿਆ ਨਹੀਂ ਦਿੰਦੇ। ਸਰੀਰਕ ਪੱਖ ਤੋਂ ਇਨ੍ਹਾਂ ਵਿਚ

ਕੋਈ ਵੀ ਕਮੀ ਨਹੀਂ ਹੁੰਦੀ। ਇਹ ਵੀ ਆਮ ਮਨੁੱਖਾਂ ਦੀ ਤਰ੍ਹਾਂ ਹੀ ਕੰਮ ਕਰ ਸਕਦੇ ਹਨ। ਬਹੁਤ ਸਾਰੇ ਕਿੰਨਰ ਵਧਾਈ ਵਰਗੇ ਧੰਦਿਆਂ ਨੂੰ ਛੱਡ ਕੇ ਨੌਕਰੀ ਪੇਸ਼ਾ ਕਰਨ ਲੱਗੇ ਹਨ। ਬੇਸ਼ੱਕ ਨੌਕਰੀ ਪ੍ਰਾਪਤ ਕਰਨ ਲਈ ਸਮਾਜ ਵਿਚ ਇਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਪੰਜਾਬ ਵਿਚ ਮੋਹਨੀ ਮਹੰਤ ਆਪਣੀ ਪਰੰਪਰਾ ਨੂੰ  ਛੱਡਦੀ ਹੋਈ ਲੁਧਿਆਣਾ ਵਿਖੇ ਲੋਕ ਅਦਾਲਤ ਵਿਚ ਇਕ ਕਿੰਨਰ ਨੂੰ ਲੋਕ ਅਦਾਲਤ ਦਾ ਮੈਂਬਰ ਨਿਯੁਕਤ  ਹੋਣ ਦਾ ਮਾਣ ਹਾਸਿਲ ਹੈ। ਪੰਜਾਬ ਸੂਬੇ ਵਿਚ ਪਹਿਲੀ ਵਾਰ ਨਿਆਇਕ ਅਧਿਕਾਰੀਆਂ ਵੱਲੋਂ ਕਿੰਨਰ ਨੂੰ ਇਸ ਪ੍ਰਕਿਰਿਆ ਦਾ ਹਿੱਸਾ ਬਣਾਇਆ ਗਿਆ। ਲੋਕ ਅਦਾਲਤ ਦਾ ਮੈਂਬਰ ਬਣਨ ਵਾਲੀ ਮੋਹਨੀ ਨੇ ਸੱਤਵੀਂ ਜਮਾਤ ਤੱਕ ਰੈਗੂਲਰ ਪੜ੍ਹਾਈ ਕੀਤੀ ਹੈ।  ਉਸ ਤੋਂ ਬਾਅਦ ਪਰਿਵਾਰ ਦਾ ਸਹਿਯੋਗ ਨਾ ਮਿਲਣ ਕਾਰਨ ਉਹ ਰੈਗੂਲਰ ਪੜ੍ਹਾਈ ਨਾ ਕਰ ਸਕੀ। ਕਿਸੇ ਪ੍ਰਾਈਵੇਟ ਯੂਨੀਵਰਸਿਟੀ ਤੋਂ ਬੀ. ਏ ਕਰ ਕੇ ਹੁਣ ਪੀ.ਐੱਚ.ਡੀ ਦੀ ਪੜ੍ਹਾਈ ਕਰ ਰਹੀ ਹੈ।  ਇਸ ਬਦਲੇ ਡੇਰੇ ਦੇ ਆਗੂ ਉਸ ਨੂੰ ਡੇਰੇ ਵਿਚ ਰਹਿਣ ਦੀ ਇਜਾਜ਼ਤ ਵੀ ਨਹੀਂ ਦਿੰਦੇ।  ਇਸ ਤਰ੍ਹਾਂ ਲੁਧਿਆਣਾ ਵਿਚ ਅਰਚਨਾ ਗੌਰਮਿੰਟ ਨੌਕਰੀ ਕਰਦੀ ਹੈ। ਉਹ ਮਿਊਂਸੀਪਲ ਕਮੇਟੀ ਲੁਧਿਆਣਾ ਵਿਚ ਆਪਣੀਆ ਸੇਵਾਵਾਂ ਦੇ ਰਹੀ ਹੈ। ਇਸ ਤੋਂ ਬਿਨਾਂ ਨੇਹਾ ਮੁੱਲਾਂਪੁਰ ਤੋਂ ਆਪਣਾ ਡਾਂਸ ਗਰੁੱਪ ਚਲਾ ਰਹੀ ਹੈ। ਅੱਜ ਹੋਰ ਵੀ ਬਹੁਤ ਸਾਰੇ ਕਿੰਨਰ ਆਪਣੀ ਚੇਤਨਾ ਸਦਕਾ ਵੱਖ-ਵੱਖ ਅਹੁਦਿਆਂ ਉਪਰ ਵਿਸ਼ੇਸ਼ ਸਥਾਨ ਪ੍ਰਾਪਤ ਕਰ ਰਹੇ ਹਨ। ਜਿਵੇਂ ਰੋਜ਼ ਵਿਨਕੇਟੀਸਨ ਪਹਿਲੀ ਕਿੰਨਰ ਐਂਕਰ , ਪ੍ਰਥੀਕਾ ਯਾਸ਼ਨੀ ਪਹਿਲੀ ਕਿੰਨਰ ਪੁਲਿਸ ਅਫ਼ਸਰ ,ਪਦਮਨੀ ਪ੍ਰਕਾਸ਼ ਪਹਿਲੀ ਕਿੰਨਰ ਨਿਊਜ਼ ਐਂਕਰ ਬਣੀ। ਸਰਕਾਰ ਵੱਲੋਂ ਹਾਲੇ ਤੱਕ ਕੋਈ ਵੱਖਰੇ ਤੌਰ ਉੱਤੇ ਨੌਕਰੀ ਦਾ ਪ੍ਰਬੰਧ ਨਹੀਂ ਕੀਤਾ ਗਿਆ ਅਤੇ ਨਾ ਹੀ ਕਿਸੇ ਕਾਨੂੰਨ ਨੂੰ ਪਾਸ ਕੀਤਾ ਹੈ।

# ਅਧਿਆਇ ਚੌਥਾ

## ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਰਾਜਨੀਤਿਕ ਅਧਿਐਨ

ਰਾਜਨੀਤੀ, ਧਰਮ ਤੇ ਆਰਥਿਕਤਾ ਸਮਾਜ ਦੇ ਭਿੰਨ-ਭਿੰਨ ਅੰਗ ਹਨ ਅਤੇ ਇਨ੍ਹਾਂ ਵਿਚੋਂ ਰਾਜਨੀਤੀ ਵਿਸ਼ੇਸ਼ ਅੰਗ ਹੈ। ਸਮਾਜ ਵਿਚ ਰਹਿੰਦਾ ਹੋਇਆ ਕੋਈ ਵੀ ਵਿਅਕਤੀ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਵਿਕਾਸ ਦੇ ਇਕ ਵਿਸ਼ੇਸ਼ ਪੜਾਅ ਉੱਪਰ ਪਹੁੰਚ ਕੇ ਸਮਾਜ ਨੇ ਹੀ ਰਾਜਨੀਤੀ ਨੂੰ ਜਨਮ ਦਿੱਤਾ ਹੈ। ਸਮਾਜ ਵਿਚ ਪੈਦਾਵਾਰੀ ਸਾਧਨਾਂ ਦੇ ਵਿਕਾਸ ਦੇ ਨਾਲ-ਨਾਲ ਪੈਦਾਵਾਰੀ ਰਿਸ਼ਤਿਆ ਨੇ ਜਨਮ ਲਿਆ ਹੈ। ਸਮਾਜ ਦੇ ਇਨ੍ਹਾਂ ਰਿਸ਼ਤਿਆ ਦੇ ਸਦਕਾ ਹੀ ਸ਼੍ਰੇਣੀ ਸਮਾਜ ਹੋਂਦ ਵਿਚ ਆਇਆ ਅਤੇ ਰਾਜਨੀਤੀ ਸ਼੍ਰੇਣੀ ਸਮਾਜ ਦੀ ਹੀ ਪੈਦਾਵਾਰ ਮੰਨੀ ਜਾਂਦੀ ਹੈ। ਸ਼੍ਰੇਣੀ ਸਮਾਜ ਵਿਚ ਮੂਲ ਰੂਪ ਵਿਚ ਦੋ ਧਿਰਾਂ ਪੈਦਾ ਹੋਈਆ, ਇਕ ਰਾਜ ਕਰਨ ਵਾਲੀ ਤੇ ਦੂਜੀ ਰਾਜ ਸਹਿਣ ਵਾਲੀ। ਇਹਨਾਂ ਵਿਚੋਂ ਰਾਜ ਕਰਨ ਵਾਲੀ ਧਿਰ ਉਹੀ ਬਣਦੀ ਹੈ, ਜੋ ਪੈਦਾਵਾਰੀ ਸਾਧਨਾਂ ਉੱਤੇ ਕਾਬਜ਼ ਹੁੰਦੀ। ਦਰਅਸਲ ਰਾਜਨੀਤੀ ਆਰਥਿਕਤਾ ਦੀ ਰੱਖਿਅਕ ਹੁੰਦੀ ਹੈ ਅਤੇ ਇਹੀ ਬੱਸ ਨਹੀਂ ਕਿਸੇ ਭੂ-ਖੰਡ ਦੀ ਸਭਿਆਚਾਰਕ ਚੇਤਨਾ ਦਾ ਸਰੂਪ ਨਿਰਧਾਰਿਤ ਕਰਨ ਵਿਚ ਵੀ ਉਸ ਦੇ ਰਾਜਨੀਤਿਕ-ਪ੍ਰਬੰਧ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਇਸ ਸੰਬੰਧੀ ਤੇਜਵੰਤ ਗਿੱਲ ਆਪਣੇ ਲੇਖ 'ਲੇਖਕ ਤੇ ਰਾਜ ਸੱਤਾ' ਵਿਚ ਵਿਚਾਰ ਦਿੰਦੇ ਲਿਖਦੇ ਹਨ ਕਿ "ਇਤਿਹਾਸ ਦੀ ਗਤੀ ਨਾਲ...ਰਾਜ ਦੀ ਜ਼ਿੰਮੇਵਾਰੀ ਲੋਕ ਜੀਵਨ ਨੂੰ ਉਤਪਾਦਨ ਦੇ ਖੇਤਰ ਵਿਚ ਸੇਧ ਦੇਣ ਤੱਕ ਹੀ ਸੀਮਤ ਨਹੀਂ ਸਗੋਂ ਸਭਿਆਚਾਰ ਨੂੰ ਪੱਥ-ਸਮਿਤੀ ਦੇਣ ਦੇ ਅੰਦੋਲਨ ਤੱਕ ਫੈਲ ਗਈ ਹੈ। (ਪੰਜਾਬੀ ਆਲੋਚਨਾ-ਇਕ ਪਰਿਚਯ 3-4)

ਜੇਕਰ ਇਤਿਹਾਸ ਤੇ ਨਜ਼ਰ ਮਾਰੀ ਜਾਏ ਤਾਂ ਭਾਰਤ ਕਾਫ਼ੀ ਲੰਬਾ ਸਮਾਂ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ ਹੈ। ਇਕ ਗੰਭੀਰ ਰਾਸ਼ਟਰੀ ਸੰਘਰਸ਼ ਸਦਕਾ ਹੀ ਭਾਰਤੀਆਂ ਨੇ ਵਿਦੇਸ਼ੀ ਗ਼ੁਲਾਮੀ ਤੋਂ ਮੁਕਤੀ ਪਾਈ ਹੈ। ਇਸ ਰਾਸ਼ਟਰੀ ਸੰਘਰਸ਼ ਦਾ ਸਮੁੱਚਾ ਇਤਿਹਾਸ ਭਾਰਤੀ ਸੂਰਬੀਰਾਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਸ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਦਾ ਉਦੇਸ਼ ਸੀ ਕਿ ਹਰ ਵਰਗ ਸੁਤੰਤਰਤਾ ਨਾਲ ਜੀਵਨ

ਬਤੀਤ ਕਰ ਸਕੇ ਪਰ  ਬਹੁਤ ਸਾਰੇ ਵਰਗ ਇਸ ਅਸਾਵੀਂ ਬਣਤਰ ਦਾ ਸ਼ਿਕਾਰ ਹੋ ਗਏ । ਸੁਤੰਤਰਤਾ ਅਜਿਹਾ ਆਕਰਸ਼ਕ ਸ਼ਬਦ ਹੈ ਜੋ ਹਰ ਵਿਅਕਤੀ ਦੇ ਮਨ ਨੂੰ ਟੁੰਬ ਲੈਂਦਾ ਹੈ । ਇਸ ਦੀ ਪ੍ਰਾਪਤੀ ਲਈ ਹਰ ਯੁੱਗ ਵਿਚ ਮਾਨਵ ਜਾਤੀ ਨੇ ਵੱਖ-ਵੱਖ ਰੂਪਾਂ ਵਿਚ ਸੰਘਰਸ਼ ਕੀਤਾ ਹੈ । ਸੁਤੰਤਰਤਾ ਤੋਂ ਬਿਨਾਂ ਨਾ ਕੋਈ ਵਿਅਕਤੀ ਵਿਅਕਤੀਗਤ ਰੂਪ ਵਿਚ, ਨਾ ਕੋਈ ਰਾਸ਼ਟਰ ਰਾਸ਼ਟਰੀ ਰੂਪ ਵਿਚ ਵਿਕਾਸ ਕਰ ਸਕਿਆ ਹੈ ਅਤੇ ਨਾ ਹੀ ਕਰ ਸਕਦਾ ਹੈ । ਸੁਤੰਤਰਤਾ ਮਨੁੱਖ ਦੀ ਸੁਭਾਵਿਕ ਭਾਵਨਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਪ੍ਰਾਚੀਨ ਕਾਲ ਤੋਂ ਲੈ ਕੇ ਵਰਤਮਾਨ ਯੁੱਗ ਤੱਕ ਮਨੁੱਖਾਂ ਨੇ ਆਪਣਾ ਸਭ ਕੁਝ ਕੁਰਬਾਨ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਹੈ ।

ਭਾਰਤ ਨੂੰ ਇਕ ਲੋਕਤੰਤਰ ਦੇਸ਼ ਕਿਹਾ ਜਾਂਦਾ ਹੈ, ਜਿੱਥੇ ਬਰਾਬਰ ਦੇ ਹੱਕਾਂ ਅਤੇ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ । ਜੇਕਰ ਚੀਜ਼ਾਂ ਨੂੰ ਸੂਖਮ ਤੌਰ ਤੇ ਵਾਚਿਆ ਜਾਵੇ ਤਾਂ ਸਮਾਜ ਵਿਚ ਹੋ ਰਹੇ ਵਿਤਕਰੇ ਅਤੇ ਪੱਖਪਾਤ ਦੀਆਂ ਬਹੁਤ ਸਾਰੀਆਂ ਅਣ-ਦਿਸਦੀਆਂ ਪਰਤਾਂ ਸਾਹਮਣੇ ਆਉਂਦੀਆਂ ਹਨ । ਨਾਵਲ ਸਾਹਿਤ ਦਾ ਅਜਿਹਾ  ਰੂਪ ਹੈ, ਜਿਸ ਵਿਚ ਮਨੁੱਖ ਦੀ ਜ਼ਿੰਦਗੀ ਦੀ ਹਰ ਪਰਤ-ਦਰ-ਪਰਤ ਪੇਸ਼ਕਾਰੀ ਸੰਭਵ ਹੈ । ਜ਼ਾਹਿਰ ਹੈ ਕਿ ਰਾਜਨੀਤੀ ਵੀ ਉੱਭਰਵੇਂ ਰੂਪ ਵਿਚ ਸ਼ਾਮਲ ਹੁੰਦੀ ਹੈ । ਕਿੰਨਰ ਸਮਾਜ ਦੇ ਰਾਜਨੀਤਕ ਪਹਿਲੂ ਦੇ ਸੰਬੰਧੀ ਚੋਣਵੇਂ ਗਲਪ ਵਿਚ ਕੋਈ ਬਹੁਤੀ ਚਰਚਾ ਹੋਈ ਨਹੀਂ ਮਿਲਦੀ । ਜਿੰਨੀ ਕੁ ਚਰਚਾ ਹੋਈ ਹੈ, ਉਸ ਵਿਚੋਂ ਤੱਥ ਪ੍ਰਤੱਖ ਹੁੰਦੇ ਹਨ ਕਿ ਇਹ ਰਾਜਨੀਤਿਕ ਗਤੀਵਿਧੀਆਂ ਵਿਚ ਕਾਰਜਸ਼ੀਲ ਹਨ । ਮਿਸਾਲ ਵਜੋਂ ਰਾਮ ਸਰੂਪ ਰਿਖੀ ਦਾ ਨਾਵਲ ' ਮੈਂ ਸ਼ਿਖੰਡੀ ਨਹੀਂ ' ਦੇ ਪਾਤਰ ਮੱਘਰ ਕਿੰਨਰ ਪਿੰਡ ਦੀ ਕਮੇਟੀ ਦੀ ਚੋਣ ਲੜ ਕੇ ਬੁਰਜ ਕਸਬੇ ਦੀ ਕਾਇਆ ਪਲਟ ਦਿੰਦਾ ਹੈ । ਇਸ ਨਾਵਲ ਵਿਚ ਮੱਘਰ ਕਿੰਨਰ ਤੋਂ ਬਿਨਾਂ ਚੰਦਕੁਰ, ਟੂਲੂ ਅਤੇ ਬੰਤੇ ਵਰਗੇ ਕਿੰਨਰ ਪਾਤਰ ਵੀ ਹਨ । ਜਿਹੜੇ ਲੋਭੀ, ਲਾਲਚੀ ਅਤੇ ਦੰਭੀ ਹੁੰਦੇ ਹਨ । ਇਹ ਕਿੰਨਰ ਲਾਲਚ ਵੱਸ ਰਮਨ ਸਿੱਧੂ ਵਰਗੇ ਬਦਮਾਸ਼ ਬੰਦਿਆਂ ਦੀਆਂ ਚਾਲਾਂ ਵਿਚ ਪੈ ਕੇ ਲੋਭੀ, ਲਾਲਚੀ ਅਤੇ ਘਟੀਆ ਕਿਰਦਾਰ ਦੇ ਮਾਲਕ ਦੀਆਂ ਕੁਚਾਲਾਂ ਅਤੇ ਬਦ ਨੀਤੀਆਂ ਦੇ ਸ਼ਿਕਾਰ ਹੋ ਜਾਂਦੇ ਹਨ । ਰਮਨ ਸਿੱਧੂ ਆਪਣੇ ਹਿੱਤਾਂ ਦੀ ਪੂਰਤੀ ਲਈ ਚੰਦਕੁਰ ਦਾ ਕਤਲ ਕਰਵਾ ਕੇ ਬੁਰਜ ਡੇਰੇ ਦੇ ਪ੍ਰਮੁੱਖ ਕਰਤਾ ਧਰਤਾ ਕਿੰਨਰ ਮੱਘਰ ਦੇ ਨਾਮ ਲਗਾ ਦਿੰਦਾ ਹੈ । ਚੰਦਕੁਰ ਹੀ ਨਹੀਂ ਟੂਲੂ ਅਤੇ ਬੰਤਾ ਵੀ

ਰਮਨ ਸਿੱਧੂ ਦੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋਣੋ ਬਚ ਨਹੀਂ ਸਕਦੇ। ਦੂਜੇ ਪਾਸੇ ਮੱਘਰ ਕਿੰਨਰ ਆਪਣੇ ਡੇਰੇ ਨੂੰ ਲੋਕ ਭਲਾਈ ਤੇ ਲੋਕ ਸੇਵਾ ਦਾ ਅੱਡਾ ਬਣਾਉਂਦਾ ਹੈ। ਬੁਰਜ ਕਸਬੇ ਦੇ ਲਈ ਉਸ ਦੁਆਰਾ ਕੀਤੇ ਕਾਰਜਾਂ ਨੂੰ ਰਮਨ ਸਿੱਧੂ ਅਤੇ ਚੰਡਾਲ ਚੌਕੜੀ ਤੋਂ ਬਿਨਾਂ ਹਰ ਕੋਈ ਸਲਾਉਂਦਾ ਅਤੇ ਮਾਨਤਾ ਦਿੰਦਾ ਹੈ। ਡੇਰੇ 'ਚ ਉਸ ਨੂੰ ਚੰਦਕੁਰ ਦੇ ਕਤਲ ਵਿਚ ਭਾਵੇਂ ਕੁਝ ਸਮਾਂ ਦੇਸ ਨਿਕਾਲ਼ਾ ਦਿੱਤਾ ਜਾਂਦਾ ਹੈ। ਅਖੀਰ ਉਹ ਵਾਪਸ ਆ ਕੇ ਫਿਰ ਬੁਰਜ ਕਸਬੇ ਦੀ ਕਾਇਆ ਪਲਟ ਦਿੰਦਾ ਹੈ।

ਨਾਵਲੀ ਬਿਰਤਾਂਤ ਵਿਚ ਮੱਘਰ ਕਿੰਨਰ ਨੂੰ ਪਗੜੀ ਦੀ ਬੋਲੀ ਦਿਵਾਉਣ ਸਮੇ ਰਮਨ ਦੇ ਵਿਰੋਧ ਵਿਚ ਖੜ੍ਹੇ ਕਰਨਾ ਸੰਕੇਤ ਕਰਦਾ ਹੈ ਕਿ ਕਿੰਨਰ ਵੀ ਜੇਕਰ ਕੋਈ ਇਨ੍ਹਾਂ ਨਾਲ ਵਧੀਕੀ ਕਰਦਾ ਹੈ ਜਾਂ ਇਨ੍ਹਾਂ ਦੀ ਅਣਖ ਨੂੰ ਵੰਗਾਰਦਾ ਹੈ ਤਾਂ ਇਹ ਹਰ ਹੀਲੇ ਟੱਕਰ ਲੈਣ ਲਈ ਤਿਆਰ ਹੋ ਜਾਂਦੇ ਹਨ। ਮੱਘਰ ਕਿੰਨਰ ਤਾਏ ਨੂੰ ਬੜੇ ਹੌਸਲੇ ਵਿਚ ਕਹਿੰਦਾ ਹੈ ਕਿ-

> ਬਾਂਹ ਬਾਂਹ ਤਾਇਆ ਜੀ ਫ਼ਿਕਰ ਨਾ ਕਰੋ। ਅਸੀਂ ਨਿਰੇ ਹੀਜੜੇ ਹੀ ਨਹੀਂ ਹੁੰਦੇ ਸ਼ਿਖੰਡੀ ਵੀ ਬਣ ਜਾਂਦੇ ਆ ਭੀੜ ਬਣੀ ਤੋਂ। ਕੀ ਹੋਇਆ ਜੇ ਅਸੀਂ ਰੱਬ ਦੇ ਘਰੋਂ ਊਣੇ ਆਉਂਦੇ ਆ। ਸਾਡੀ ਵੀ ਕੋਈ ਅਣਖ ਐ ਜੇ ਜਾਤ ਨਹੀਂ ਹੈ ਤਾਂ ਬਰਾਦਰੀ ਤਾਂ ਹੈਗੀ। ਆਹ( ਤਾੜੀ ਮਾਰਦਾ) ਸਾਡੀ ਦੋ ਧਾਰੀ ਚੰਡੀ ਐ। ਬੋਲੀ ਦਿਓ ਮੈਂ ਤੁਸੀਂ ਤਾਂ ਬੱਸ ਮੇਰੇ ਕੋਲ ਹਾਜ਼ਰ ਰਿਹੋ।(65)

ਨਾਵਲਕਾਰ ਵੱਲੋਂ ਮੱਘਰ ਕਿੰਨਰ ਨੂੰ ਬਲ ਸਿੰਘ ਵਰਗੇ ਧਨਾਢ ਪਰਿਵਾਰ ਦੇ ਖ਼ਿਲਾਫ਼ ਬੋਲ਼ੀ ਦੇਣਾ ਸਾਬਿਤ ਕਰਦਾ ਹੈ ਕਿ ਜਿਸ ਵਰਗ ਤੋਂ ਕੁਝ ਕਰਨ ਦੀ ਆਸ ਰੱਖੀ ਜਾਂਦੀ ਹੈ, ਉਹ ਵਰਗ ਮੁੱਖ ਧਾਰਾ ਵਿਚੋਂ ਨਿਕਲ ਕੇ ਆਪਣੀ ਡਰਾਉਣੀ ਮਾਨਸਿਕਤਾ ਕਾਰਨ ਹਾਸ਼ੀਏ ਤੇ ਧੱਕਿਆ ਜਾ ਰਿਹਾ ਹੈ ਅਤੇ ਹਾਸ਼ੀਏ ਤੇ ਸਮਝੇ ਜਾਣ ਵਾਲੇ ਵਰਗ ਹਾਸ਼ੀਏ ਤੋਂ ਬਾਹਰ ਨਿਕਲ ਕੇ ਮੁੱਖ ਧਾਰਾ ਵਿਚ ਆਉਣ ਦੀ ਸਮਰੱਥਾ ਰੱਖਦੇ ਹਨ। ਤਾਏ ਵਰਗੇ ਪਾਤਰ ਮੱਘਰ ਕਿੰਨਰ ਨੂੰ ਹੀਣ ਭਾਵਨਾ ਵਿਚੋਂ ਕੱਢਣ ਲਈ ਬਰਾਬਰੀ ਦਾ ਦਰਜ਼ਾ ਦਿੰਦੇ ਹਨ। ਉਹ ਮੱਘਰ ਨੂੰ ਚੇਤਨ ਕਰਕੇ ਸਮਾਜ ਸੁਧਾਰਕ ਕੰਮਾਂ ਵਿਚ ਜੋੜਦੇ ਹਨ। ਇਸ ਤੋਂ ਵੀ ਅਗਾਂਹ ਉਸ ਨੂੰ ਰਾਜਨੀਤੀ ਵਿਚ ਦਾਖਲ ਕਰਵਾ ਕੇ, ਉਸ ਦੀ ਖੁੱਸੀ ਪਛਾਣ ਦਿਵਾਉਣ ਦਾ ਯਤਨ ਨਰੋਏ ਸਮਾਜ ਦੀ

ਸਿਰਜਣਾ ਵੱਲ ਕੀਤਾ ਨਿਵੇਕਲਾ ਉੱਪਰਾਲਾ ਹੈ । ਨਾਵਲ ਵਿਚ ਮੱਘਰ ਕਿੰਨਰ ਨੂੰ ਬੁਰਜ ਕਸਬੇ ਦਾ ਪ੍ਰਧਾਨ ਬਣਾ, ਉਸ ਕੋਲੋਂ ਕਸਬੇ ਦੀ ਉੱਨਤੀ ਲਈ ਹਰ ਤਰ੍ਹਾਂ ਦਾ ਸੁਧਾਰ ਕਰਵਾ ਕੇ ਅਤੇ ਉਸ ਨੂੰ ਸਫ਼ਲ ਪ੍ਰਧਾਨ ਦੀ ਪਦਵੀ ਨਾਲ ਸਨਮਾਨਿਤ ਕਰਵਾਉਣਾ ਸੰਕੇਤ ਕਰਦਾ ਹੈ ਕਿ ਕਿੰਨਰ ਵਰਗ ਵੀ ਕਿਸੇ ਪੱਖ ਤੋਂ ਆਮ ਮਨੁੱਖਾਂ ਨਾਲੋਂ ਘੱਟ ਨਹੀਂ ਹੈ । ਸਮਾਜ ਵੱਲੋਂ ਹਾਸ਼ੀਏ 'ਤੇ ਧੱਕੇ ਹੋਏ ਮੱਘਰ ਕਿੰਨਰ ਵਰਗੇ ਲੋਕ ਅੰਦਰੂਨੀ ਤੌਰ 'ਤੇ ਏਨੇ ਤਾਕਤਵਰ ਹੁੰਦੇ ਹਨ, ਜੇਕਰ ਸਮਾਜ ਇਸ ਵਰਗ ਨੂੰ ਸਹੀ ਸੇਧ ਦੇਵੇ ਤਾਂ ਇਹ ਆਪਣੀ ਅੰਦਰਲੀ ਹੀਣ ਭਾਵਨਾ ਖ਼ਤਮ ਕਰਕੇ ਸਮਾਜ ਸੁਧਾਰ ਵੀ ਕਰ ਸਕਦੇ ਹਨ । ਅਜਿਹਾ ਕਾਰਜ ਕਰਨ ਲਈ ਕਈ ਵਾਰ ਆਮ ਮਨੁੱਖ ਵੀ ਅੱਗੇ ਨਹੀਂ ਆਉਂਦਾ । ਮੱਘਰ ਕਿੰਨਰ ਨੂੰ ਬੁਰਜ ਕਸਬੇ ਦੀ ਪ੍ਰਧਾਨਗੀ ਵਿਚ ਵਿਕਾਸ ਦੇ ਰਸਤੇ ਤੋਰ ਕੇ ਇਹ ਸਾਬਤ ਹੋ ਜਾਂਦਾ ਹੈ ਕਿ ਇਹ ਵਰਗ ਵੀ ਇਮਾਨਦਾਰੀ ਦੀ ਮਿਸਾਲ ਕਾਇਮ ਕਰ ਦਿੰਦਾ ਹੈ । ਨਾਵਲੀ ਬਿਰਤਾਂਤ ਵਿਚੋਂ ਸਪਸ਼ਟ ਹੁੰਦਾ ਹੈ ਕਿ-

> ਮੱਘਰ ਜੋ ਵੀ ਗਰਾਂਟ ਆਉਂਦੀ ਉਸ ਦਾ ਹਿਸਾਬ ਕਿਤਾਬ ਪੂਰਾ ਪੂਰਾ ਰੱਖਣ ਲਈ ਕਲਰਕਾਂ ਦੇ ਨਾਲ ਮੈਂਬਰਾਂ ਨੂੰ ਲੈ ਕੇ ਖ਼ਰਚ ਕਰਦਾ ਹਰੇਕ ਰਸੀਦ ਅਤੇ ਬਿਲ ਦੇ ਮੌਕੇ ਤੇ ਪੜਤਾਲ ਕਰਕੇ ਪੈਸੇ ਦਾ ਭੁਗਤਾਨ ਕਰਦਾ । ਇਸ ਤਰ੍ਹਾਂ ਇਮਾਨਦਾਰੀ ਨਾਲ ਦੋ ਕੁ ਸਾਲਾਂ ਵਿਚ ਬੁਰਜ ਕਸਬੇ ਦੀ ਕਾਇਆ ਪਲਟ ਦਿੱਤੀ ।(246)

ਇਸ ਤਰ੍ਹਾਂ ਮੱਘਰ ਦੀ ਇਮਾਨਦਾਰੀ ਦੀ ਮਿਸਾਲ ਕਾਇਮ ਹੋ ਗਈ । ਜਿਹੜੀ ਕਮੇਟੀ ਪਹਿਲਾ ਪਊਆ ਦੇ ਨਾਂ ਨਾਲ ਮਸ਼ਹੂਰ ਸੀ । ਉਹ ਹੁਣ ਮੱਘਰ ਦੇ ਅਣਥੱਕ ਯਤਨਾਂ ਤੇ ਤਾਏ ਵਰਗੇ ਪਾਤਰਾਂ ਦੀ ਸੇਧ ਨਾਲ ਲੋਕਾਂ ਦੇ ਵਿਚ ਮਸ਼ਹੂਰ ਹੋ ਗਈ ਸੀ । ਇਸ ਲਈ ਜੈਦਾ ਦੇ ਮੁਹੱਲੇ ਦੀਆਂ ਔਰਤਾਂ ਵੀ ਗੱਲਾਂ ਕਰਦੀਆਂ ਹਨ ਕਿ-

> ਜੇ ਸਰਕਾਰ ਦੇ ਮੰਤਰੀ ਮੱਘਰ ਅਰਗੇ ਸ਼ਿਖੰਡੀ ਬਣ ਜਾਣ ਫੇਰ ਤਾਂ ਆਪੇ ਦੇਸ਼ ਚੋ ਗ਼ਰੀਬੀ ਉਡਜੇ ।(247)

ਨਾਵਲਕਾਰ ਰਾਮ ਸਰੂਪ ਰਿਖੀ ਇਸ ਦੀ ਪੇਸ਼ਕਾਰੀ ਪੂਰੀ ਸ਼ਿੱਦਤ ਨਾਲ ਕਰਦਾ ਹੈ ਕਿ ਕਿੰਨਰ ਸਮਾਜ ਦੀ ਉਪਯੋਗਤਾ ਨੂੰ ਲੋਕ ਭਲਾਈ ਦੇ ਕੰਮਾਂ ਲਈ ਕਿਵੇਂ ਵਰਤਿਆ ਜਾ ਸਕਦਾ ਹੈ ? ਮੱਘਰ ਦਿਨ ਰਾਤ ਕੰਮ

ਕਰਦਾ ਥੱਕਦਾ ਨਹੀਂ ਸੀ ਸਗੋਂ ਸਦਾ ਖਿੜੇ ਮੱਥੇ ਰਹਿੰਦਾ ਸੀ । ਅਖ਼ਬਾਰਾਂ ਦੀਆਂ ਸੁਰਖ਼ੀਆਂ ਨੇ ਵੀ ਮੱਘਰ ਕਿੰਨਰ ਦੀ ਸ਼ਲਾਘਾ ਕੀਤੀ ਕਿ -

> ਸ਼ਿਖੰਡੀ ਪ੍ਰਧਾਨ ਨੇ ਦਿੱਤੀ ਮਰਦ ਪ੍ਰਧਾਨਾਂ ਨੂੰ ਹਾਰ । ਕਮੇਟੀ ਪ੍ਰਧਾਨ ਮੱਘਰ ਸ਼ਿਖੰਡੀ ਤੋਂ ਸਬਕ ਲੈਣ । ਭੋਮੇ ਪੰਡਿਤ ਨੇ ਵਿਧਾਨ ਸਭਾ ਵਿਚ ਕੀਤੀ ਤਰੀਫ ਨੂੰ ਅਖ਼ਬਾਰਾਂ ਨੇ ਆਪੋ ਆਪਣੇ ਢੰਗ ਨਾਲ ਛਾਪ ਦਿੱਤਾ।(248)

ਉਪਰੋਕਤ ਨਾਵਲ ਦੀ ਗਲਪੀ ਕਥਾ ਅਸਲ ਸਮਾਜ ਵਿਚਲੇ ਸਚਾਈ ਅਧਾਰਿਤ ਤੱਥਾਂ ਨੂੰ ਬਿਆਨ ਕਰਦੀ ਨਜ਼ਰ ਆਉਂਦੀ ਹੈ, ਭਾਵੇਂ ਕਿ ਇਸ ਸੰਬੰਧੀ ਅਲਪ ਗਿਣਤੀ ਮਾਤਰ ਤੱਥ ਹੀ ਪ੍ਰਾਪਤ ਹੋਏ ਹਨ । ਅਰਥਾਤ ਇਸ ਨਾਵਲੀ ਕਥਾ ਨੂੰ ਯਥਾਰਥਿਕਤਾ ਪ੍ਰਦਾਨ ਕਰਦੀ, 2019 ਦੀਆਂ ਸਰਪੰਚੀ ਦੀਆਂ ਵੋਟਾਂ ਦੀਆਂ ਚੋਣਾਂ ਦੌਰਾਨ ਰੋਜ਼ਾਨਾ ਪੰਜਾਬੀ ਜਾਗਰਣ ਅਖ਼ਬਾਰ ਦੀ 3 ਜਨਵਰੀ, 2019 ਦੀ ਇਕ ਖ਼ਬਰ ਅਨੁਸਾਰ 'ਪੰਜਾਬ ਵਿਚ ਹੋਈਆ 2019 ਦੀਆਂ ਪੰਚਾਇਤ ਚੋਣਾਂ ਵਿਚ ਵੀ ਰਾਜਪੁਰਾ ਦੇ ਪਿੰਡ ਕੁਲਦੀਪ ਨਗਰ 'ਚ ਪਿੰਡ ਵਾਸੀਆਂ ਨੇ ਮਹੰਤ ਮਨਜੀਤ ਕੌਰ ਨੂੰ ਸਰਬਸੰਮਤੀ ਨਾਲ ਸਰਪੰਚ ਬਣਾਇਆ ।' ਅਜਿਹੇ ਫ਼ੈਸਲੇ ਕਿੰਨਰ ਸਮਾਜ ਲਈ ਰਾਜਨੀਤੀ ਦੇ 'ਚ ਆਪਣੀ ਹੋਂਦ ਨੂੰ ਸਾਬਿਤ ਕਰਨ ਲਈ ਸ਼ੁੱਭ ਸੰਕੇਤ ਹਨ । ਇਹ ਵਰਗ ਸਮਾਜ ਵਿਚ ਆਪਣੇ ਭਾਈਚਾਰੇ ਲਈ ਬਣੀਆਂ ਭ੍ਰਾਂਤੀਆਂ ਨੂੰ ਤੋੜ ਰਿਹਾ ਹੈ ਅਤੇ ਸਮਾਜ ਵਿਚ ਆਪਣੀ ਬੌਧਿਕਤਾ ਸਦਕਾ ਸਨਮਾਨ ਪ੍ਰਾਪਤ ਕਰ ਰਿਹਾ ਹੈ ।(4)

ਕਿੰਨਰ ਮੱਘਰ ਦੀ ਜਿੱਤ ਵੀ ਉਸ ਦੇ ਇਨਸਾਨੀ ਗੁਣਾਂ ਸਦਕਾ ਹੁੰਦੀ ਹੈ । ਉਹ ਸੁਹਿਰਦਤਾ ਅਤੇ ਇਮਾਨਦਾਰੀ ਨਾਲ ਗਰਾਂਟਾਂ ਦੀ ਵਰਤੋਂ ਕਰਦਾ । ਉਸ ਦੇ ਨਿਸ਼ਕਾਮ ਕਾਰਜਾਂ ਤੋਂ ਸਿੱਧ ਹੁੰਦਾ ਹੈ ਕਿ ਕਿੰਨਰ ਜਿੱਥੇ ਇਨਸਾਨ ਹੁੰਦੇ ਹਨ, ਉੱਥੇ ਇਹ ਵੀ ਸਿੱਧ ਹੁੰਦਾ ਹੈ ਕਿ ਜੇਕਰ ਕੋਈ ਇਨਸਾਨੀਅਤ ਪ੍ਰਤੀ ਇਮਾਨਦਾਰੀ ਤੇ ਪੂਰੀ ਪ੍ਰਤੀਬੱਧਤਾ ਤੇ ਦ੍ਰਿੜ੍ਹਤਾ ਨਾਲ ਕਾਰਜ ਕਰਦਾ ਹੈ ਤਾਂ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ । ਨਾਵਲਕਾਰ ਅਖੌਤੀ ਨੇਤਾਵਾਂ ( ਜਿਨ੍ਹਾਂ ਦੇ ਹੱਥ ਰਾਜ ਸੱਤਾ ਹੈ)ਦੇ ਮੂੰਹ 'ਤੇ ਮਾਰੀ ਕਰਾਰੀ ਚਪੇੜ ਹੈ । ਇਹ ਅਖੌਤੀ ਨੇਤਾ ਰਮਨ ਸਿੱਧੂ ਵਾਂਗ ਭ੍ਰਿਸ਼ਟ , ਲੋਭੀ-ਲਾਲਚੀ ਤੇ ਕਾਤਿਲ ਹਨ । ਇਹ ਦੇਸ ਦਾ ਨਹੀਂ ਆਪਣੇ ਹੀ ਘਰ ਪਰਿਵਾਰ ਨੂੰ ਪਾਲਣ ਤੇ ਤੁਲੇ ਹੋਏ ਹਨ । ਨਾਵਲਕਾਰ ਪਾਠਕਾਂ ਅੱਗੇ ਇਹ ਪ੍ਰਸ਼ਨ

ਵੀ ਪੈਦਾ ਕਰਦਾ ਹੈ ਕਿ ਉਹ ਰਾਜ ਸੱਤਾ ਕਿਨ੍ਹਾਂ ਵਿਅਕਤੀਆਂ ਨੂੰ ਸੌਂਪਣ। ਕੀ ਉਹ ਰਮਨ ਸਿੱਧੂ ਵਰਗਿਆਂ ਦੀ ਚੋਣ ਕਰਨ ਜਾਂ ਮੱਘਰ ਕਿੰਨਰ ? ਮੱਘਰ ਮਹੰਤ ਆਪਣੀ ਬੌਧਿਕ ਸਮਰੱਥਾ ਦੇ ਨਾਲ ਬਲ ਸਿੰਘ ਵਰਗਿਆਂ ਖ਼ਿਲਾਫ਼ ਖੜੇ ਹੋਣ ਦਾ ਡਰ ਅੰਦਰੋਂ-ਅੰਦਰੀ ਸਤਾਉਂਦਾ ਹੈ। ਉਹ ਨਹੀਂ ਜਾਣਦਾ ਸੀ ਕਿ ਬਲ ਸਿੰਘ ਅਤੇ ਰਮਨ ਆਪਣੀਆਂ ਰਾਜਨੀਤਿਕ ਚਾਲਾਂ ਚੱਲ ਕੇ ਉਸ ਨੂੰ ਫਸਾ ਸਕਦੇ ਹਨ। ਇਸ ਸਥਿਤੀ ਵਿਚੋਂ ਨਿਕਲਣ ਦਾ ਹੌਸਲਾ ਪਾਤਰ ਤਾਇਆ ਦਿੰਦਾ ਹੈ। ਮੱਘਰ ਨੂੰ ਪਤਾ ਹੈ ਕਿ ਰਮਨ ਦੀ ਸਰਕਾਰੇ ਦਰਬਾਰੇ ਚੰਗੀ ਚਲਦੀ ਹੈ ਪਰ ਉਹ ਤਾਂ ਇਕ ਡੇਰੇ ਦਾ ਮਹੰਤ ਹੈ। ਇਸ ਲਈ ਉਹ ਕਹਿੰਦਾ ਹੈ -

> ਉਹ ਤਕੜਾ ਬੰਦੇ, ਸਰਕਾਰੇ ਦਰਬਾਰੇ ਉਹਦੀ ਚਲਦੀਐ। ਮੈਂ ਡੇਰੇ ਦਾ ਮਹੰਤ ਮੇਰੀ ਬਾਂਹ ਕੌਣ ਫੜੂ। ਆਹ ਮੇਰੀ ਆਪਣੀ ' ਲਾਦ ਪੁਸ਼ਪਾ ਉਹਦੇ ਇਸ਼ਾਰਿਆਂ ਤੇ ਨੱਚਦੀ ਐ। ਉਹ ਮੈਨੂੰ ਫਸਾ ਦੇਣ ਦੀਆਂ ਧਮਕੀਆਂ ਦਿੰਦੇ---ਤੂੰ ਤਕੜਾ ਹੋ ਪੱਕਾ ਰਹੀਂ ਅਸੀਂ ਆਪੇ ਵੇਖ ਲਾਗੇ ਉਹ ਦੀ ਸਰਕਾਰੇ ਦਰਬਾਰੇ ਦੀ ਪਹੁੰਚ ਵੀ।(109)

ਇਸ ਤਰ੍ਹਾਂ ਨਾਵਲ ਵਿਚੋਂ ਪ੍ਰਤੱਖ ਹੁੰਦਾ ਹੈ ਕਿ ਮੱਘਰ ਨੂੰ ਤਾਏ ਦੁਆਰਾ ਦਿੱਤਾ ਗਿਆ ਹੌਸਲਾ, ਉਸ ਵਿਚ ਫ਼ੈਸਲਾ ਕਰਨ ਦੀ ਦ੍ਰਿੜ੍ਹਤਾ ਪੈਦਾ ਕਰਦਾ ਹੈ। ਉਹ ਆਪਣੇ ਸਵੈ ਨੂੰ ਪ੍ਰਾਪਤ ਕਰਨ ਲਈ ਅਗਾਂਹ ਕਦਮ ਚੁੱਕਦਾ ਹੈ। ਇਸ ਤਰ੍ਹਾਂ ਤਾਏ ਵੱਲੋਂ ਦਿੱਤਾ ਗਿਆ ਹੌਸਲਾ ਮੱਘਰ ਕਿੰਨਰ ਵਿਚ ਦਲੇਰੀ ਪੈਦਾ ਕਰਦਾ ਹੈ। ਉਸ ਦੇ ਕਹੇ ਬੋਲਾਂ ਵਿਚੋਂ ਸ਼ਿਖੰਡੀ ਵਾਲੀ ਦ੍ਰਿੜ੍ਹਤਾ ਸਾਫ਼ ਝਲਕ ਰਹੀ ਸੀ। ਮੱਘਰ ਮਹੰਤ ਸਮਾਜ ਸੇਵਾ ਵਿਚ ਆਮ ਮਨੁੱਖੀ ਇਨਸਾਨਾਂ ਤੋਂ ਵੀ ਵੱਧ ਯੋਗਦਾਨ ਪਾਉਣ ਦੀ ਇੱਛਾ ਰੱਖਦਾ ਹੈ। ਸਮਾਜ ਦੇ ਲੋਕ ਵੀ ਉਨ੍ਹਾਂ ਦੇ ਦੁਆਰਾ ਕੀਤੇ ਸਮਾਜ ਸੇਵਾ ਦੇ ਕੰਮਾਂ ਨੂੰ ਲੈ ਕੇ ਸੋਚਣ ਲਈ ਮਜਬੂਰ ਹੋ ਜਾਂਦੇ ਹਨ। ਜਿਸ ਤਰ੍ਹਾਂ ਤਾਇਆ ਮੱਘਰ ਮਹੰਤ ਬਾਰੇ ਸੋਚਦਾ ਹੈ-

> ਐਵੇਂ ਲੋਕਾਂ ਨੇ ਇਨ੍ਹਾਂ ਨੂੰ ਖੁਸਰੇ, ਕਿੰਨਰ, ਹੀਜੜੇ ਆਦਿ ਨਾ ਦੇ ਕੇ ਸਮਾਜ ਵਿਚੋਂ ਛੇਕ ਛੱਡਿਐ ਛੇਕਣੇ ਤਾਂ ਮੱਘਰ ਮਹਿਰੇ ਵਰਗੇ ਚਾਹੀਦੇ ਐ ਜਿਹੜੇ ਆਪ ਘਰ ਸੱਦਕੇ ਧੰਦਾ ਕਰਾਂਉਂਦੇ ਹੋਏ ਸਮਾਜ ਦੀ ਜੁਆਨੀ ਨੂੰ ਧੁਆਂਖ ਰਹੇ ਐਂ। ਲੋਕ ਬੋਲਦੇ ਤੱਕ ਨੀ। ਸਭ ਕੁੱਝ ਕਰ ਸਕਣ ਦੇ

> ਸਮਰੱਥ ਹੋਕੇ ਵੀ ਕਰਦੇ ਕੁੱਝ ਨਹੀਂ । ਤਾਏ ਨੂੰ ਮੱਘਰ ਮਹਿਰਾ ਹੀਜੜਾ ਤੇ ਮੱਘਰ ਹੀਜੜਾ ਅਣਖੀ ਮਰਦ ਦਲੇਰ ਜਾਪ ਰਿਹਾ ਸੀ ।(109)

ਦੂਸਰੇ ਪਾਸੇ ਸਮਾਜ ਦੇ ਧਨਾਢ ਲੋਕ ਬਲ ਸਿੰਘ ਤੇ ਰਮਨ ਵਰਗਿਆਂ ਦੀ ਸਾਜਿਸ਼ ਦੇ ਤਹਿਤ ਕਿੰਨਰ ਬਣਾਏ ਗਏ ਮੱਖਣ ਨੂੰ ਅਜੇ ਵੀ ਇਸ ਦਾ ਕਾਰਨ ਗ਼ਰੀਬੀ ਹੀ ਨਜ਼ਰ ਆਉਂਦੀ । ਉਹ ਸੁਲੱਖਣ ਨੂੰ ਆਖਦਾ ਕਿ

> ਇਸ ਦਾ ਅਸਲ ਕਾਰਨ ਆਪਣੀ ਗ਼ਰੀਬੀ ਐ । ਜੋ ਹਰ ਤਰ੍ਹਾਂ ਨਾਲ ਸਾਨੂੰ ਲਤਾੜ ਦੀ ਰਹੀ ਐ । ਫ਼ਰੀਦ ਬਾਬੇ ਦੀ ਗੱਲ ਜਮਾਂ ਸਹੀ ਐ ਬਈ ਮੌਤੋਂ ਭੁੱਖ ਬੁਰੀ ।(253)

ਇਸੇ ਤਰ੍ਹਾਂ ਮੱਖਣ ਨੂੰ ਆਰਥਿਕ ਪੱਖ ਤੋਂ ਆਪਣਾ ਇਹ ਕਦਮ ਠੀਕ ਜਾਪਦਾ ਹੈ ਪਰ ਉਸ ਦੇ ਅਵਚੇਤਨ ਵਿਚ ਮੁਕੰਮਲ ਮਰਦ ਬਣਨ ਦੀ ਇੱਛਾ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ । ਉਹ ਇਸੇ ਦਵੰਦ ਵਿਚ ਘਿਰਿਆ ਆਪਣੇ ਗੁਰੂ ਦੀਆਂ ਹਦਾਇਤਾਂ ਅਤੇ ਹਿਜੜਿਆਂ ਦੀ ਲੋਕ ਅਦਾਲਤ ਵਿਚ ਲਏ ਜਾਣ ਵਾਲੇ ਝੂਠੇ ਫ਼ੈਸਲਿਆਂ ਦੇ ਖ਼ਿਲਾਫ਼ ਬੋਲਦਾ ਹੈ । ਜਿਸ ਵਿਚ ਮੱਘਰ ਮਹੰਤ ਨੂੰ ਚੰਦਕੁਰ ਦੇ ਕਤਲ ਦਾ ਦੋਸ਼ੀ ਸਾਬਤ ਕਰਕੇ ਸਜ਼ਾ ਸੁਣਾਈ ਜਾਂਦੀ ਹੈ । ਅਜਿਹੇ ਸਮੇਂ ਮੱਖਣ ਦਾ ਆਪਣੇ ਗੁਰੂ ਦਾ ਵਿਰੋਧ ਕਰਨਾ ਤੇ ਆਖਣਾ -

> ਮੈਂ ਸ਼ਿਖੰਡੀ ਨਹੀਂ ਜੋ ਗੁਨਾਹ ਕੀਤੈ, ਮੈਂ ਤਾਂ ਕਿਸ਼ਨੀ ਦਾ ਮੱਖਣ ਆ ---।(187)

ਸ਼ਿਖੰਡੀ ਹੋ ਕੇ ਵੀ ਆਪਣੇ ਆਪ ਨੂੰ ਸ਼ਿਖੰਡੀ ਸਵੀਕਾਰ ਨਾ ਕਰਨਾ ਸਥਾਪਤੀ ਪ੍ਰਤੀ ਨਾਬਰੀ ਦਾ ਪ੍ਰਤੀਕ ਹੈ । ਇਸ ਤਰ੍ਹਾਂ ਨਾਵਲਕਾਰ ਮਹਾਂਭਾਰਤ ਵਿਚਲੀ ਮਿੱਥ ਨੂੰ ਉਲਟਾ ਦਿੰਦਾ ਹੈ, ਜਿਸ ਵਿਚ ਸ਼ਿਖੰਡੀ ਸਥਾਪਤੀ ਦਾ ਮੋਹਰਾ ਬਣਿਆ ਨਜ਼ਰ ਆਉਂਦਾ ਹੈ । ਮੱਖਣ ਸ਼ਿਖੰਡੀ ਸਥਾਪਤੀ ਦਾ ਮੋਹਰਾ ਬਣਨ ਦੀ ਥਾਂ ਇਸ ਅਨਿਆਂ ਦਾ ਸ਼ਿਕਾਰ ਹੁੰਦਾ ਹੈ । ਨਾਵਲੀ ਬਿਰਤਾਂਤ ਵਿਚੋਂ ਕਿੰਨਰ ਸਮਾਜ ਦੀ ਨਿਆਇਕ ਅਦਾਲਤ ਬਾਰੇ ਵੀ ਜਾਣਕਾਰੀ ਮਿਲਦੀ ਹੈ । ਆਮ ਤੌਰ ਤੇ ਕਿੰਨਰ ਸਮਾਜ ਵਿਚ ਜੇਕਰ ਕੋਈ ਝਗੜਾ ਹੋ ਜਾਵੇ ਤਾਂ ਉਹ ਇਸ ਦਾ ਫ਼ੈਸਲਾ ਆਪਸ ਵਿਚ ਮਿਲ ਕੇ ਹੀ ਕਰ ਲੈਂਦੇ ਹਨ । ਇਸ ਸਮਾਜ ਦੇ ਲੋਕ ਆਪਣਿਆਂ ਝਗੜਿਆਂ ਨੂੰ ਲੈ ਕੇ ਕਿਸੇ ਕੋਰਟ ਕਚਹਿਰੀ ਵਿਚ ਨਹੀ ਜਾਂਦੇ । ਇਨ੍ਹਾਂ ਦੀ ਬਰਾਦਰੀ ਦਾ ਫ਼ੈਸਲਾ ਹੀ ਅੰਤਿਮ ਮੰਨਿਆ ਜਾਂਦਾ ਹੈ । ਨਾਵਲਕਾਰ ਸਪਸ਼ਟੀਕਰਨ ਦਿੰਦਾ ਹੈ-

> ਵੱਡੇ ਤੋਂ ਵੱਡਾ ਝਗੜਾ ਜਾਂ ਮੁਕੱਦਮਾ ਡੇਰੇ ਅੰਦਰ ਬੈਠ ਇਨ੍ਹਾਂ ਦੀ ਪੰਚਾਇਤ ਆਪ ਹੀ ਫ਼ੈਸਲਾ ਕਰ ਲੈਂਦੀ ਹੈ । ਹਰ ਫ਼ੈਸਲਾ ਲਾਗੂ ਕੀਤਾ ਜਾਂਦਾ ਹੈ । ਫ਼ੈਸਲਾ ਆਮ ਇਜਲਾਸ ਦੀ ਬਹੁ ਗਿਣਤੀ ਦਾ ਮੰਨਿਆ ਜਾਂਦਾ ਹੈ--- । ਇਨ੍ਹਾਂ ਦਾ ਕਤਲ ਦਾ ਨਿਪਟਾਰਾ ਵੀ ਇਵੇਂ ਹੀ ਹੋ ਜਾਂਦਾ ਹੈ । ਜੇ ਕੋਈ ਹੀਜੜਾ ਕਿਸੇ ਖੂਹ ਟੋਭੇ ਵਿਚ ਡੁੱਬ ਕੇ ਮਰਜੇ ਤਾਂ ਜਿਸ ਡੇਰੇ ਦਾ ਉਹ ‘ ਲਾਕਾ’ ਹੋਵੇ ਉਸੇ ਡੇਰੇ ਸਿਰ ਕਤਲ ਪੈ ਜਾਂਦਾ ਹੈ । ਇਸ ਦੀ ਸਜ਼ਾ ਡੇਰੇ ਨੂੰ ਨਕਦ ਡੰਡ ਦੇ ਰੂਪ ਵਿਚ ਦੇਣੀ ਪੈਂਦੀਆਂ ਉਸ ਡੇਰੇ ਨੂੰ ਜਿਸ ਦਾ ਉਹ ਮੈਂਬਰ ਹੋਵੇ । ਆਮ ਤੋਰ ਤੇ ਦੋਸ਼ੀ ਨੂੰ ਆਪਣਾ ਪੱਖ ਪੇਸ਼ ਕਰਨ ਦੀ ਆਗਿਆ ਨਹੀਂ ਦਿੰਦੇ ਇਸ ਲਈ ਦੋਸ਼ੀ ਤੇ ਦੋਸ਼ ਸਿੱਧ ਹੋ ਜਾਂਦੈ ਤੇ ਉਸ ਨੂੰ ਡੰਨ ਦੇਣਾ ਹੀ ਪੈਂਦਾ ਹੈ ।(24)

ਸੋ ਮੱਘਰ ਕਿੰਨਰ ਨਾਲ ਵੀ ਇਸੇ ਤਰ੍ਹਾਂ ਵਾਪਰਦਾ ਹੈ । ਬੁਰਜ ਪਿੰਡ ਦੇ ਲੋਕਾਂ ਦਾ ਸੇਵਕ ਮਹੰਤ ਕਾਤਿਲ ਬਣਾ ਚਾਰ ਸਾਲਾਂ ਲਈ ਇਲਾਕੇ ਵਿਚੋਂ ਕੱਢ ਦਿੱਤਾ ਜਾਂਦਾ ਹੈ । ਮੱਘਰ ਕਿੰਨਰ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਵੀ ਕਿੰਨਰ ਸਮਾਜ ਦੀ ਅਦਾਲਤ ਨਹੀਂ ਦਿੰਦੀ । ਬਲ ਸਿੰਘ ਸ਼ਜਿਸ਼ ਤਹਿਤ ਚੰਦਕੁਰ ਦੀ ਲਾਸ਼ ਨੂੰ ਮੱਘਰ ਦੇ ਡੇਰੇ ਨੇੜੇ ਸੁਟਾ ਦਿੰਦਾ ਹੈ । ਉਸ ਨੂੰ ਇਸ ਗੱਲ ਦਾ ਗਿਆਨ ਹੁੰਦਾ ਹੈ ਕਿ ਲਾਸ਼ ਜਿਸ ਦੇ ਡੇਰੇ ਨੇੜਿਉਂ ਮਿਲੇ ਉਸ ਨੂੰ ਦੋਸ਼ੀ ਸਾਬਿਤ ਕੀਤਾ ਜਾ ਸਕਦਾ ਹੈ । ਮੱਘਰ ਨੂੰ ਵੀ ਬਲ ਸਿੰਘ ਇਸ ਸਾਜ਼ਿਸ਼ ਦੇ ਤਹਿਤ ਫਸਾ ਦਿੰਦਾ ਹੈ । ਕਿੰਨਰ ਸਮਾਜ ਦਾ ਗੁਰੂ ਕੇਸ਼ਵ ਮਹੰਤ ਮੱਘਰ ਕਿੰਨਰ ਦੇ ਵਿਰੋਧ ਵਿਚ ਫ਼ੈਸਲਾ ਕਰ ਦਿੰਦਾ ਹੈ । ਮੱਖਣ ਵੀ ਕਿੰਨਰ ਅਦਾਲਤ ਦੀ ਕਾਰਵਾਈ ਪਹਿਲੀ ਵਾਰ ਦੇਖ ਰਿਹਾ ਸੀ, ਜਦੋਂ ਕੇਸ਼ਵ ਨੇ ਹੁਕਮ ਦਿੱਤਾ-

> ਮੱਖਣ ਤੇ ਚੰਦਕੁਰ ਦੀ ਮੂੰਹੀਂ ਵੱਖੋ ਵੱਖਰੀ ਹੋਣਾ ਪਹਿਲਾ ਸਬੂਤ ਸੀ ਤੇ ਦੂਜਾ ਸਬੂਤ ਲਾਸ਼ ਦਾ ਮੱਘਰ ਦੇ ਡੇਰੇ ਲਾਗਲੇ ਛਾਪੜ ‘ਚ ਬਰਾਮਦ ਹੋਣਾ ।(188)

ਕਿੰਨਰ ਸਮਾਜ ਦੇ ਵਿਚ ਬਰਾਦਰੀ ਦਾ ਫ਼ੈਸਲਾ ਅਹਿਮ ਮੰਨਿਆ ਜਾਂਦਾ ਹੈ । ਕੋਈ ਵੀ ਲੜਾਈ ਝਗੜਾ ਹੋ ਜਾਵੇ ਬਰਾਦਰੀ ਹੀ ਅਹਿਮ ਫ਼ੈਸਲਾ ਕਰਦੀ ਹੈ । ਕਿੰਨਰਾਂ ਦੇ ਸੱਤ ਘਰਾਣੇ ਹੁੰਦੇ ਹਨ । ਲਗਭਗ ਹਰ ਘਰਾਣੇ ਦਾ ਗੁਰੂ ਇਸ ਪੰਚਾਇਤ ਵਿਚ ਸ਼ਾਮਿਲ ਹੁੰਦਾ ਹੈ ।

ਨਾਵਲ ‘ਮੈਂ ਸ਼ਿਖੰਡੀ ਨਹੀਂ’ ਇਸ ਗੱਲ ਵੱਲ ਸੰਕੇਤ ਕਰਕੇ ਸਾਬਿਤ ਕਰਦਾ ਹੈ ਕਿ ਇਸ ਵਰਗ ਦੇ ਲੋਕ ਵੀ ਰਾਜਨੀਤੀ ਵਿਚ ਆ ਕੇ ਬਗੈਰ ਕਿਸੇ ਲਾਲਚ ਤੋਂ ਆਪਣੀ ਭੂਮਿਕਾ ਨਿਭਾ ਕੇ ਦੇਸ਼ ਦੇ ਸੰਚਾਲਨ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ । ਸੋ ਨਾਵਲ ਵਿਚ ਮੱਘਰ ਕਿੰਨਰ ਨੂੰ ਰਾਜਨੀਤੀ ਵਿਚ ਪ੍ਰਵੇਸ਼ ਕਰਵਾਉਣਾ ਕਿੰਨਰ ਭਾਈਚਾਰੇ ਲਈ ਸ਼ੁੱਭ ਸੰਕੇਤ ਹੈ । ਰਾਜਨੀਤੀ ਵਿਚ ਕਾਰਗੁਜ਼ਾਰੀ ਤੋਂ ਇਲਾਵਾ ਸਾਹਿਤਕ ਅਧਿਐਨ ਵਿਚੋਂ ਜੋ ਦੂਸਰਾ ਪਹਿਲੂ ਉੱਭਰ ਕੇ ਸਨਮੁੱਖ ਆਇਆ ਹੈ , ਉਹ ਹੈ, ਕਾਨੂੰਨੀ ਹੱਕਾਂ ਪ੍ਰਤੀ ਜਾਗਰੂਕਤਾ । ਜਿਸ ਦੀ ਮਿਸਾਲ ਬਲਜੀਤ ਪਪਨੇਜਾ ਦਾ ਨਾਵਲ‘ ਸੰਤਾਪ-ਦਰ-ਸੰਤਾਪ ’ ਮੰਨਿਆ ਜਾ ਸਕਦਾ ਹੈ । ਜਿਸ ਵਿਚ ਕਿੰਨਰ ਪਾਤਰ ਨੀਰੂ ਨੂੰ ਉਸ ਦੇ ਜੀਣ ਦਾ ਕਾਨੂੰਨੀ ਹੱਕ ਦਿਵਾਉਣਾ ਵੀ ਕਿੰਨਰ ਭਾਈਚਾਰੇ ਲਈ ਅਗਾਂਹ ਵਧੂ ਕਦਮ ਹੈ । ਜੇਕਰ ਕੋਈ ਮਾਪੇ ਆਪਣੇ ਬੱਚੇ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਸਿਰ ਕਰਨਾ ਚਾਹੁੰਦੇ ਹਨ ਤਾਂ ਕਿੰਨਰ ਸਮਾਜ ਦੇ ਆਗੂਆਂ ਨੂੰ ਇਸ ਵਿਚ ਕੋਈ ਦਾਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ । ਨਾਵਲ ਵਿਚ ਕਿੰਨਰ ਸਮਾਜ ਦੇ ਆਗੂਆਂ ਦੁਆਰਾ ਅਦਾਲਤ ਵਿਚ ਚੱਲਦੇ ਕੇਸ ਦਾ ਦਰਸਾਉਣਾ ਸਾਬਿਤ ਕਰਦਾ ਹੈ ਕਿ ਕਿੰਨਰ ਸਮਾਜ ਦੇ ਆਗੂ ਆਮ ਪਰਿਵਾਰਾਂ ਦੇ ਵਿਚੋਂ ਅਜਿਹੇ ਬੱਚਿਆ ਨੂੰ ਪ੍ਰਾਪਤ ਕਰਨ ਲਈ ਧੱਕਾ ਕਰਦੇ ਹਨ । ਜੇਕਰ ਕਿੰਨਰ ਸਮਾਜ ਦੇ ਮੌਲਿਕ ਅਧਿਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਭਾਰਤੀ ਮੌਲਿਕ ਅਧਿਕਾਰ ਅਨੁਸਾਰ ਜ਼ਿੰਦਗੀ ਜੀਅ ਨਹੀਂ ਸਕਦੇ । ਨਾਵਲ ਦੀ ਪਾਤਰ ਵੀ ਅਦਾਲਤ ਵਿਚ ਇਹੀ ਸਵਾਲ ਜੱਜ ਦੇ ਸਾਹਮਣੇ ਕਰਦੀ ਹੈ-

> ਜਦੋਂ ਕਿਸੇ ਘਰ ਵਿਚ ਕੋਈ ਖੁਸਰਾ ਬੱਚਾ ਪੈਦਾ ਹੁੰਦਾ ਹੈ ਤਾਂ ਕੀ ਉਸ ਵਿਚ ਪੈਦਾ ਹੋਣ ਵਾਲੇ ਉਸ ਬੱਚੇ ਦਾ ਕਸੂਰ ਹੈ ਜਾਂ ਉਸ ਦੇ ਮਾਂ-ਬਾਪ ਦਾ ਜਿਨ੍ਹਾਂ ਦੇ ਘਰ ਵਿਚ ਉਸ ਨੇ ਜਨਮ ਲਿਆ ? ---ਜੱਜ ਸਾਹਿਬ ----ਇਨ੍ਹਾਂ ਦਾ ਜਨਮ ਵੀ ਇਕ ਆਮ ਪਰਿਵਾਰ ਵਿਚ ਹੀ ਹੋਇਆ ਹੋਵੇਗਾ ਉਸ ਵਿਚ ਕਿਸ ਦਾ ਕਸੂਰ ਸੀ, ਇਨ੍ਹਾਂ ਦਾ ਜਾਂ ਇਨ੍ਹਾਂ ਦੇ ਮਾਂ-ਬਾਪ ਦਾ? ਬਸ ਮੇਰੇ ਇਸ ਛੋਟੇ ਜਿਹੇ ਸੁਆਲ ਦਾ ਅਦਾਲਤ ਵਿਚ ਬੈਠੇ ਕਿਸੇ ਵੀ ਇਨਸਾਨ ਕੋਲ ਜੇ ਕੋਈ ਠੋਸ ਜੁਆਬ ਹੈ ਤਾਂ ਮੈਂ ਅੱਜ ਹੀ ਇਨ੍ਹਾਂ ਦੀ ਬਰਾਦਰੀ ਵਿਚ ਸ਼ਾਮਲ ਹੋਣ ਲਈ ਤਿਆਰ ਹਾਂ । ਕਿਉਂਕਿ ਹੁਣ ਤੱਕ ਮੇਰਾ

> ਤੇ ਮੇਰੇ ਪਰਿਵਾਰ ਦਾ ਬਹੁਤ ਤਮਾਸ਼ਾ ਬਣ ਚੁੱਕਾ ਹੈ ਤੇ ਮੈਂ ਇਸ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੀ ---। (74)

ਇਸ ਤਰ੍ਹਾਂ ਅਦਾਲਤ ਵਿਚ ਪਾਤਰ ਨੀਰੂ ਵੱਲੋਂ ਉਠਾਇਆ ਪ੍ਰਸ਼ਨ ਆਪਣੇ ਮੌਲਿਕ ਅਧਿਕਾਰਾਂ ਦੀ ਪੈਰਵੀ ਕਰਦਾ ਨਜ਼ਰ ਆਉਂਦਾ ਹੈ ਕਿ ਹਰ ਮਨੁੱਖ ਨੂੰ ਆਪਣੇ ਅਨੁਸਾਰ ਜ਼ਿੰਦਗੀ ਜੀਣ ਦਾ ਅਧਿਕਾਰ ਹੈ। ਇਸ ਲਈ ਕਿੰਨਰਾਂ ਨੂੰ ਆਪਣੀ ਮਰਜ਼ੀ ਅਨੁਸਾਰ ਜ਼ਿੰਦਗੀ ਜੀਣ ਕਿਉਂ ਨਹੀਂ ਦਿੱਤੀ ਜਾਂਦੀ ? ਇਹ ਅਧਿਕਾਰ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰਦਾ ਪ੍ਰਤੀਤ ਹੁੰਦਾ ਹੈ। ਨੀਰੂ ਵੱਲੋਂ ਉਠਾਇਆ ਪ੍ਰਸ਼ਨ ਉਨ੍ਹਾਂ ਕਿੰਨਰਾਂ ਦੇ ਭਾਵਾਂ ਦੀ ਪ੍ਰੋੜ੍ਹਤਾ ਕਰਦਾ ਹੈ, ਜੋ ਆਪਣੀ ਮਰਜ਼ੀ ਅਨੁਸਾਰ ਜ਼ਿੰਦਗੀ ਜੀਣਾ ਚਾਹੁੰਦੇ ਹਨ। ਅਦਾਲਤ ਵਿਚ ਨੀਰੂ ਦੇ ਵਕੀਲ ਵੱਲੋਂ ਸਵਾਲ ਕਰਨਾ ਵੀ ਸਹੀ ਜਾਪਦਾ ਹੈ ਕਿ ਜੇਕਰ ਸਮਾਜ ਹੋਰ ਤਰ੍ਹਾਂ ਦੇ ਅਪੰਗ ਬੱਚਿਆਂ ਦੀ ਪਰਵਰਿਸ਼ ਘਰ ਵਿਚ ਕਰ ਸਕਦਾ ਹੈ ਤਾਂ ਇਸ ਤਰ੍ਹਾਂ ਦੇ ਬੱਚੇ ਨੂੰ ਰੱਖਣ ਲਈ ਸਮਾਜ ਕਿਉਂ ਨਹੀਂ ਇਜਾਜ਼ਤ ਦਿੰਦਾ ਹੈ ? ਅਦਾਲਤ ਵਿਚ ਨੀਰੂ ਦੇ ਵਕੀਲ ਦੁਆਰਾ ਉਠਾਇਆ ਪ੍ਰਸ਼ਨ ਕਿੰਨਰਾਂ ਦੇ ਅਧਿਕਾਰਾਂ ਦੀ ਪੈਰਵੀ ਕਰਦਾ ਨਜ਼ਰ ਆਉਂਦਾ ਹੈ ਜਿਵੇਂ ਕਿ-

> ਹਰ ਇਨਸਾਨ ਨੂੰ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਊਣ ਦਾ ਮੌਲਿਕ ਅਧਿਕਾਰ ਹੈ, ਜਿਸ ਤਰ੍ਹਾਂ ਉਹ ਚਾਹੇ ਆਪਣੀ ਜ਼ਿੰਦਗੀ ਬਸਰ ਕਰੇ। ਜੇ ਸਾਡੇ ਸਮਾਜ ਵਿਚ ਕਿਸੇ ਵੀ ਤਰ੍ਹਾਂ ਦੇ ਅਪੰਗ ਵਿਅਕਤੀ ਨੂੰ ਇਕ ਆਮ ਇਨਸਾਨ ਵਾਂਗ ਜ਼ਿੰਦਗੀ ਜਿਊਣ ਦਾ ਹੱਕ ਤਾਂ ਖੁਸਰਾ ਬਿਰਾਦਰੀ ਨੂੰ ਕਿਊ ਨਹੀਂ ---- ਬਲਕਿ ਹੋਰ ਕਿਸੇ ਵੀ ਤਰ੍ਹਾਂ ਦੇ ਅਪੰਗ ਇਨਸਾਨ ਨੂੰ ਭਾਵੇਂ ਉਹ ਲੂਲ੍ਹਾ ਲੰਗੜਾ ਹੋਵੇ ਭਾਵੇਂ ਦਿਮਾਗ਼ੀ ਤੌਰ ਤੇ ਅਪੰਗ ਹੋਵੇ ਜਾਂ ਅੱਖਾਂ ਤੋਂ ਮੁਹਤਾਜ ਹੋਵੇ --- ਖੁਸਰਾ ਬਿਰਾਦਰੀ ਨੂੰ ਕੋਈ ਸਹੂਲਤ ਜਾਂ ਰਿਆਇਤ ਕਿਊ ਨਹੀਂ ਦਿੱਤੀ ਜਾਂਦੀ ਜਦ ਕਿ ਲੋਕ ਸਰੀਰਕ ਪੱਖੋਂ ਕਿਸੇ ਵੀ ਤਰ੍ਹਾਂ ਆਮ ਇਨਸਾਨਾਂ ਤੋਂ ਊਣੇ ਨਹੀਂ ਅਤੇ ਇਹ ਲੋਕ ਉਹ ਹਰ ਕੰਮ ਕਰ ਸਕਦੇ ਹਨ ਜੋ ਕਿ ਇਕ ਆਮ ਇਨਸਾਨ ਰੋਟੀ ਕਮਾਉਣ ਲਈ ਕਰਦਾ--- ਭਾਰਤ ਦੀ ਨਿਆਂ ਪ੍ਰਣਾਲੀ ਨੇ ਵੀ ਇਨ੍ਹਾਂ ਬਾਰੇ ਕੁਝ ਨਹੀਂ ਸੋਚਿਆ।(57)

ਭਾਰਤੀ ਸੰਵਿਧਾਨ ਵਿਚ ਪ੍ਰਸਤੁਤ/ਅੰਕਿਤ ਭਾਰਤੀ ਨਾਗਰਿਕਾਂ ਲਈ ਜੋ ਮੌਲਿਕ ਅਧਿਕਾਰਾ ਦਾ ਜ਼ਿਕਰ ਕੀਤਾ ਗਿਆ ਹੈ । ਉਸ ਅਨੁਸਾਰ ਭਾਰਤੀ ਸੰਵਿਧਾਨ ਦੇ ਅਨੁਛੇਦ-14ਤੋਂ 22 ਤੱਕ ਜੋ 'ਆਰਟੀਕਲ 15' ਦੇ ਅਨੁਸਾਰ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ, ਲਿੰਗ, ਜਨਮ-ਸਥਾਨ, ਨਸਲ ਦੇ ਅਧਾਰ ਤੇ ਭੇਦਭਾਵ ਨਹੀਂ ਕੀਤਾ ਜਾ ਸਕਦਾ । ਐਮ .ਲਕਸ਼ਮੀ ਕਾਂਤ ਅਨੁਸਾਰ ''ਸਮਾਨਤਾ ਦਾ ਅਧਿਕਾਰ (ਆਰਟੀਕਲ 14 ਤੋਂ 18) ਤੱਕ ਸਾਰੇ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਸਮਾਨ ਰੂਪ ਵਿਚ ਪ੍ਰਾਪਤ ਹੁੰਦੇ ਹਨ । ਇਸ ਅਧਾਰ ਤੇ ਕਿਸੇ ਵੀ ਨਾਗਰਿਕ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ ।'

ਇਸ ਤਰ੍ਹਾਂ ਇਹ ਆਰਟੀਕਲ ਸਾਰੇ ਮਨੁੱਖਾਂ ਲਈ ਸਮਾਨ ਹਨ ਜਿਵੇਂ-

ਅਨੁਛੇਦ 14 ਦੇ ਅਨੁਸਾਰ ਕਾਨੂੰਨ ਦੇ ਸਾਹਮਣੇ ਦੇਸ਼ ਦੇ ਸਾਰੇ ਮਨੁੱਖ ਸਮਾਨ ਹਨ ।

ਅਨੁਛੇਦ 16 ਦੇ ਅਨੁਸਾਰ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਰੋਜ਼ਗਾਰ ਦੇ ਬਰਾਬਰ ਮੌਕੇ ਦਿੱਤੇ ਜਾਣਗੇ ।

ਅਨੁਛੇਦ 17 ਦੇ ਅਨੁਸਾਰ ਛੂਆ ਛਾਤ ਨੂੰ ਖਤਮ ਕਰਨਾ ਹੈ । (' ਇੰਡੀਅਨ ਪੋਲਿਟੀ ' 7.5)

ਕਿੰਨਰ ਵੀ ਆਮ ਨਾਗਰਿਕਾਂ ਦੀ ਤਰ੍ਹਾਂ ਭਾਰਤ ਦੇ ਨਾਗਰਿਕ ਹਨ । ਇਨ੍ਹਾਂ ਦੇ ਉਪਰ ਵੀ ਮੌਲਿਕ ਅਧਿਕਾਰ ਸਮਾਨ ਲਾਗੂ ਹੁੰਦੇ ਹਨ । ਕਿਸੇ ਵੀ ਤਰ੍ਹਾਂ ਦਾ ਕੀਤਾ ਗਿਆ ਵਿਤਕਰਾ ਸੰਵਿਧਾਨ ਦੇ ਅਨੁਛੇਦ (14,15) ਦੀ ਉਲੰਘਣਾ ਹੀ ਮੰਨਿਆ ਜਾਂਦਾ ਹੈ । ਸਭ ਨੂੰ ਸਨਮਾਨ ' ਸਭ ਦਾ ਅਧਿਕਾਰ ਵਰਗੇ ' ਨਾਅਰਿਆਂ ਦੀ ਗੂੰਜ ਇਸ ਸਮਾਜ ਤੱਕ ਨਹੀਂ ਪਹੁੰਚ ਰਹੀਂ ਹੈ । ਨਾਵਲੀ ਕਥਾ 'ਸੰਤਾਪ-ਦਰ-ਸੰਤਾਪ' ਮੁਤਾਬਿਕ ਕਿੰਨਰ ਸਮਾਜ ਵਿਚੋਂ ਮਾਦਾ ਕਿੰਨਰ ਚੰਬੇਲੀ ਵੱਲੋਂ ਉਠਾਏ ਪ੍ਰਸ਼ਨ ਵੀ ਕਿੰਨਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਦੇ ਜਾਪਦੇ ਹਨ । ਆਮ ਤੌਰ ਤੇ ਕਿੰਨਰ ਸਮਾਜ ਵਿਚ ਗੁਰੂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ । ਕਿਸੇ ਚੇਲੇ ਦੀ ਹਿੰਮਤ ਨਹੀਂ ਹੁੰਦੀ ਕਿ ਉਹ ਗੁਰੂ ਅੱਗੇ ਆਪਣੀ ਜ਼ਬਾਨ ਲੜਾ ਸਕੇ । ਗੁਰੂ ਤੇ ਚੇਲੇ ਦਾ ਰਿਸ਼ਤਾ ਬੜਾ ਅਹਿਮ ਮੰਨਿਆ ਜਾਂਦਾ ਹੈ । ਕਿੰਨਰ ਸਮਾਜ ਵੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਰਿਹਾ ਹੈ । ਇਸ ਜਾਗਰੂਕਤਾ ਦੇ ਸਦਕਾ ਇਸ ਸਮਾਜ ਨੂੰ ਥਰਡ-ਜੈਂਡਰ ਦੇ ਰੂਪ ਵਿਚ ਮਾਨਤਾ ਦਾ ਮਿਲੀ । ਇਸ

ਲਈ ਚੰਬੇਲੀ ਸਮੁੱਚੇ ਕਿੰਨਰ ਭਾਈਚਾਰੇ ਦੇ ਅਧਿਕਾਰਾਂ ਦੀ ਅਗਵਾਈ ਕਰਦੀ ਜਾਪਦੀ ਹੈ। ਅਦਾਲਤ ਵਿਚ ਉਠਾਏ ਪ੍ਰਸ਼ਨ ਸਮੁੱਚੇ ਕਿੰਨਰ ਸਮਾਜ ਨੂੰ ਅਗਵਾਈ ਦੇ ਰਹੇ ਪ੍ਰਤੀਤ ਹੁੰਦੇ ਹਨ ਕਿ -

> ਸਾਡੀ ਬਿਰਾਦਰੀ ਦੇ ਲੋਕ ਸੰਤਾਨ ਉਤਪਤੀ ਤੋਂ ਅਸਮਰਥ ਹਾਂ ਜਾਂ ਇਹ ਕਹਿ ਲਓ ਕਿ ਅਸੀਂ ਸੰਤਾਨ ਉਤਪਤੀ ਦੇ ਕਾਬਲ ਹੀ ਨਹੀਂ ---- ਤੇ ਇਹੀਓ ਸਾਡੀ ਜ਼ਿੰਦਗੀ ਦਾ ਕੌੜਾ ਸੱਚ ਹੈ। ---- ਸਾਨੂੰ ਕੋਈ ਸ਼ੌਕ ਨਹੀਂ ਕਿਸੇ ਦੇ ਦੁੱਧ ਚੁੰਘਦੇ ਬੱਚੇ ਨੂੰ ਉਸ ਦੇ ਮਾਂ -ਬਾਪ ਤੋਂ ਅਲੱਗ ਕਰਨ ਦਾ ----ਮੈਂ ਵੀ ਕਿਸੇ ਮਾਂ-ਬਾਪ ਦੀ ਔਲਾਦ ਹਾਂ ----ਮੈਨੂੰ ਵੀ ਮੇਰੇ ਮਾਂ-ਬਾਪ ਤੋਂ ਅਲੱਗ ਕੀਤਾ ਗਿਆ ----ਗੱਲ ਜਜ਼ਬਾਤਾਂ ਦੀ ਹੈ ਤਾਂ ਮੇਰੇ ਵੀ ਕੋਈ ਜਜ਼ਬਾਤ ਹੋਣਗੇ, ਮੇਰੇ ਮਾਂ-ਬਾਪ ਦੇ ਵੀ ਕੋਈ ਜਜ਼ਬਾਤ ਹੋਣਗੇ।(59)

ਕਿੰਨਰ ਗੁਲਾਬੋ ਦਾ ਆਪਣੇ ਗੁਰੂ ਨੂੰ ਭਰੀ ਅਦਾਲਤ ਵਿਚ ਪ੍ਰਸ਼ਨ ਕਰਨਾ ਕਿ-

> ਤੁਸੀਂ ਕਦੇ ਇਹ ਵੀ ਸੋਚੀਐ ਕਿ ਜਦੋਂ ਅਸੀਂ ਤੁਹਾਡੇ ਵਾਂਗ ਉਮਰ ਦੀ ਅਖੀਰਲੀ ਪੌੜੀ ਤੇ ਹੋਵਾਂਗੇ ਤਾਂ ਸਾਨੂੰ ਰੋਟੀ ਕਮਾ ਕੇ ਕੌਣ ਖੁਆਏਗਾ ----ਕੌਣ ਪਿਲਾਏਗਾ ਪਾਣੀ ਸਾਨੂੰ ?(60)

ਕਿੰਨਰ ਸਮਾਜ ਦੇ ਆਗੂ ਬੇਸ਼ੱਕ ਹੁਣ ਕਿਸੇ ਨਾਲ ਕਿੰਨਰ ਬੱਚੇ ਨੂੰ ਚੁੱਕਣ ਵੇਲੇ ਧੱਕਾ ਕਰਨਾ ਠੀਕ ਨਹੀਂ ਸਮਝਦੇ। ਨਾਵਲੀ ਕਥਾ ਤੋਂ ਵੀ ਇਹੀ ਸਪਸ਼ਟ ਹੁੰਦਾ ਹੈ ਕਿ ਜੇਕਰ ਕੋਈ ਮਾਂ-ਬਾਪ ਆਪਣੇ ਕਿੰਨਰ ਬੱਚੇ ਨੂੰ ਪੜ੍ਹਾ-ਲਿਖਾ ਕੇ ਆਪਣੇ ਕੋਲ ਰੱਖਣਾ ਚਾਹੁੰਦਾ ਹੈ ਤਾਂ ਕਿੰਨਰ ਸਮਾਜ ਦੇ ਆਗੂਆਂ ਨੂੰ ਕੋਈ ਇਤਰਾਜ਼ ਨਹੀਂ ਕਰਨਾ ਚਾਹੀਦਾ। ਅਸਲ ਵਿਚ ਨਾਵਲਕਾਰ ਇਸ ਬਿਰਤਾਂਤ ਨੂੰ ਆਦਰਸ਼ ਬੋਧ ਦੇ ਜ਼ਾਵੀਏ ਤੋਂ ਪੇਸ਼ ਕਰ ਰਿਹਾ ਹੈ, ਯਥਾਰਥਕ ਤੌਰ ਉੱਤੇ ਸਮਾਜ ਵਿਚ ਕਿਤੇ ਵੀ ਕੋਈ ਮਿਸਾਲ ਅਜਿਹੀ ਨਹੀਂ ਦਿਸਦੀ ਕਿ ਕਿਸੇ ਕਿੰਨਰ ਬੱਚੇ ਨੂੰ ਮਾਪੇ ਪੜ੍ਹਾ-ਲਿਖਾ ਕੇ ਆਪਣੇ ਕੋਲ ਰੱਖ ਰਹੇ ਹੋਣ। ਭਵਿੱਖ ਵਿਚ ਜਰੂਰ ਕੋਈ ਸੰਭਾਵਨਾ ਬਣ ਸਕਦੀ ਹੈ। ਸਮਾਜਿਕ ਚੇਤਨਾ ਸਦਕਾ ਇਸ ਸਮਾਜ ਦੇ ਲੋਕ ਵੀ ਆਪਣੀਆਂ ਪਰੰਪਰਾਵਾਂ ਨੂੰ ਤਿਆਗ ਕੇ ਨਵੀਂ ਅਗਾਂਹਵਧੂ ਸੋਚ ਦੇ ਧਾਰਨੀ ਬਣ ਸਕਦੇ ਹਨ। ਇਸ ਤਰ੍ਹਾਂ ਚੰਬੇਲੀ ਵੱਲੋਂ ਉਠਾਏ ਪ੍ਰਸ਼ਨ ਠੀਕ

ਪ੍ਰਤੀਤ ਹੁੰਦੇ ਹਨ, ਇਸੀ ਤਰ੍ਹਾਂ ਕਿੰਨਰਾਂ ਨੂੰ ਘਰਾਂ ਵਿਚ ਰੱਖਿਆ ਜਾਣ ਲੱਗਿਆ ਤਾਂ ਕਿੰਨਰ ਸਮਾਜ ਦੇ ਬੁਢਾਪੇ ਵਿਚ ਸਹਾਰਾ ਕੌਣ ਬਣੇਗਾ । ਕਿੰਨਰ ਸਮਾਜ ਦੀ ਪੀੜ੍ਹੀ ਤਾਂ ਇਸੇ ਤਰ੍ਹਾਂ ਅੱਗੇ ਵਧਦੀ ਹੈ । ਇਸੇ ਤਰ੍ਹਾਂ ਦਾ ਸਵਾਲ ਨੀਰਜ ਮਾਧਵ ਦੁਆਰਾ ਹਿੰਦੀ ਭਾਸ਼ਾ ਵਿਚ ਰਚਿਤ ਨਾਵਲ ' ਯਮ ਦੀਪ ' ਤਹਿਤ ਨਾਜ਼ ਬੀਬੀ ਦੇ ਮਾਧਿਅਮ ਦੁਆਰਾ ਉਠਾਇਆ ਹੈ । ਨੰਦ ਰਾਣੀ ਦੇ ਮਾਤਾ-ਪਿਤਾ ਵੀ ਨੰਦ ਰਾਣੀ ਨੂੰ ਆਪਣੇ ਕੋਲ ਰੱਖਣਾ ਚਾਹੁੰਦੇ ਹਨ । ਨੰਦ ਰਾਣੀ ਦੀ ਮੰਮੀ ਦਾ ਕਹਿਣਾ ਹੈ ਕਿ ਉਹ ਉਸ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਸਿਰ ਖੜ੍ਹਾ ਕਰੇਗੀ । ਕਿਸੇ ਦੇ ਭਰੋਸੇ ਨਹੀਂ ਰਹਿਣਾ ਪਵੇਗਾ । ਇਸ ਲਈ ਮਹਿਤਾਬ ਗੁਰੂ ਇਕ ਸਵਾਲ ਉਠਾਉਂਦੇ ਹਨ ਕਿ -

> ਮਾਤਾ ਜੀ ਕਿਸੀ ਸਕੂਲ ਵਿਚ ਅੱਜ ਤੱਕ ਕਿਸੀ ਹੀਜੜਾ ਨੂੰ ਪੜ੍ਹਦੇ ਹੋਏ ਦੇਖਾਂ ਹੈ ਕਿਸੀ ਕੁਰਸੀ ਪਰ ਹੀਜੜਾ ਬੈਠਾ ਹੈ ਪੁਲਿਸ ਮੈਂ , ਮਾਸਟਰੀ ਮੈਂ , ਕਲੈਕਟਰੀ ਮੈਂ ---ਕਿਸੀ ਮੇਂ ਵੀ ---- ਅਰੇ ਇਸ ਕੀ ਦੁਨੀਆ ਜਹੀ ਹੈ , ਮਾਤਾ ਜੀ ----ਕੋਈ ਆਗੇ ਨਹੀਂ ਆਏਗਾ ਕਿ ਹੀਜੜਿਆਂ ਨੂੰ ਪੜਾਉ , ਲਿਖਾਓ ਨੌਕਰੀ ਦੇ । ਜੈਸੇ ਕੁਝ ਜਾਤੀਆਂ ਦੇ ਲਈ ਸਰਕਾਰ ਕਰ ਰਹੀਂ ਹੈ ।(94)

ਇਹੀ ਸਵਾਲ ਹਿੰਦੀ ਸਾਹਿਤ ਵਿਚ ਨਿਰਮਲਾ ਭੁਰਾੜੀਆ ਆਪਣੇ ਨਾਵਲ ' ਗ਼ੁਲਾਮ ਮੰਡੀ' ਵਿਚ ਪਾਤਰ ਅੰਗੂਰੀ ਦੇ ਮਾਧਿਅਮ ਰਾਹੀਂ ਪੇਸ਼ ਕਰਦੀ ਹੈ -

> ਲੂਲ੍ਹੇ ਲਗੜੇ ਕੋ ਤੋਂ ਕੋਈ ਨਹੀਂ ਦੁਕਾਰਤਾ , ਅੰਨ੍ਹੇ ਕਾਣੇ ਨਾਲ ਵੀ ਕੋਈ ਨਫ਼ਰਤ ਨਹੀ ਕਰਤਾ ਵੈਸੇ ਹੀ ਹਮਕੋ ਖ਼ੁਦਾ ਨੇ ਬਣਾਇਆ ।(69)

ਉਪਰੋਕਤ ਕਿੰਨਰ ਪਾਤਰ ਮਹਿਤਾਬ ਗੁਰੂ, ਅੰਗੂਰੀ ਤੇ ਚੰਬੇਲੀ ਕਿੰਨਰਾਂ ਦੇ ਹੱਕਾਂ ਦੀ ਤਰਜਮਾਨੀ ਕਰ ਰਹੀਆਂ ਹਨ । ਅਜਿਹੇ ਵਿਚਾਰ ਭਵਿੱਖ ਵਿਚ ਕਿੰਨਰ ਸਮਾਜ ਲਈ ਬਦਲਾਓ ਲਿਆਉਣ ਲਈ ਸਹਾਇਕ ਹੋ ਸਕਦੇ ਹਨ । ਕਿੰਨਰ ਸਮਾਜ ਦੇ ਆਗੂ ਵੀ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਸਿਰਤੋੜ ਯਤਨ ਕਰ ਰਹੇ ਹਨ। ਇਸੇ ਤਰ੍ਹਾਂ ਨਾਵਲ 'ਗ਼ੁਲਾਮ ਮੰਡੀ' ਵਿਚ ਕਿੰਨਰਾਂ ਦੀ ਸਮਾਜਿਕ ਹੈਸੀਅਤ ਦੇ ਇਲਾਵਾ ਉਨ੍ਹਾਂ ਦੀ ਰਾਜਨੀਤਿਕ ਭੂਮਿਕਾ ਦੇ ਬਾਰੇ ਵੀ ਦੱਸਿਆ ਗਿਆ ਹੈ ਕਿ

ਪੁਰਾਤਨ ਸਮੇਂ ਵਿਚ ਕਿੰਨਰਾਂਨੂੰ ਰਾਜਿਆਂ ਦੀ ਸਰਪ੍ਰਸਤੀ ਹਾਸਲ ਹੁੰਦੀ ਸੀ । ਰਾਜ ਦਰਬਾਰਾਂ ਵਿਚ ਉਨ੍ਹਾਂ ਨੂੰ ਮਾਣ ਸਤਿਕਾਰ ਦਿੱਤਾ ਜਾਂਦਾ ਸੀ । ਨਾਵਲੀ ਕਥਾ ਤੋਂ ਸਪਸ਼ਟ ਹੁੰਦਾ ਹੈ-

> ਰਾਜਿਆਂ ਦੇ ਰਾਜ ਵਿਚ ਹੀਜੜੇ ਬਹਾਦਰ ਯੋਧੇ ਕੇ ਦਲ ਮੇਂ ਸ਼ਾਮਿਲ ਕੀਤੇ ਜਾਂਦੇ ਸਨ । ਇਸਤਰੀ ਤੇ ਪੁਰਸ਼ ਕੁਝ ਵੀ ਬਣ ਸਕਣੇ ਦੀ ਉਨ੍ਹਾਂ ਦੀ ਸਮਤਾ ਉਨੇ ਰਾਜਕੀਅ ਜਾਸੂਸਾਂ ਕੇ ਪਦ ਵੀ ਦਿਲਵਾਤੀ ਸੀ । ਇਨਾਮ-ਇਕਰਾਮ ਵੀ ਕਮਾਤੇ ਥੇ । ਬਾਦਸ਼ਾਹੋ ਕੇ ਹਰਮ ਮੇਂ ਸੁਰੱਖਿਆ ਕਰਮੀਂ ਹੋਤੇ ਥੇ । ਔਰਤਾਂ ਕਿ ਸਾਥ ਸੈਕਸ ਨਾ ਕਰਨਾ ਉਨਕੀ ਕਮੀ ਨਹੀਂ , ਖ਼ੂਬੀ ਥੀ । ਹਿਜੜੋਂ ਕਾ ਤ੍ਰਿਸਕਾਰ ਤੋਂ ਅੰਗਰੇਜ਼ੋ ਕੇ ਜ਼ਮਾਨੇ ਸੇ ਸ਼ੁਰੂ ਹੋਇਆ ।(67)

ਪੰਜਾਬੀ ਸਾਹਿਤ ਵਿਚ ਅਨੁਵਾਦ ਕੀਤੇ ਗਏ ਅਰੁੰਧਾਤਿ ਰਾਏ ਦੇ ਨਾਵਲ'ਦਰਬਾਰਿ-ਖੁਸ਼ੀਆਂ ਬੇਪਨਾਹ'ਵਿਚ ਵੀ ਜ਼ਿਕਰ ਆਉਂਦਾ ਹੈ ਕਿ ਮੁਗ਼ਲ ਸ਼ਾਸਨ ਕਾਲ ਵਿਚ ਕਿੰਨਰਾਂ ਨੂੰ ਖ਼ਾਸ ਮਾਨਤਾ ਪ੍ਰਾਪਤ ਸੀ । ਨਾਵਲ ਦੀ ਪਾਤਰ ਕੁਲਸੂਮ ਬੀ ਖ਼ਵਾਹਗਾਹ ਵਿਚ ਆਈ ਅੰਜੁਮ ਨੂੰ ਇਸ ਦੇ ਇਤਿਹਾਸਕ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਕਹਿੰਦੀ ਹੈ-

> ਜਦੋਂ ਸ਼ਹਿਨਸ਼ਾਹਾ ਜਹਾਨ ਨੇ ਲਾਲ ਕਿਲ੍ਹਾ ਅਤੇ ਜਾਮਾ ਮਸਜਿਦ ਬਣਾਏ--- ਉਸੇ ਵੇਲੇ ਸਾਡੀ ਇਹ ਛੋਟੀ ਜਿਹੀ ਹਵੇਲੀ ਵੀ ਬਣਾਈ । ਅਸੀਂ ਸ਼ਾਹਜਹਾਨ ਬਾਦ ਦੇ ਹੀਜੜੇ ਹਾਂ-- । ਉਨ੍ਹਾਂ ਨੇ ਆਪਣੀਆਂ ਬੀਵੀਆਂ ਅਤੇ ਮਾਵਾਂ ਦੀ ਸੇਵਾ-ਸੰਭਾਲ ਸਾਡੇ ਜ਼ਿੰਮੇ ਲਗਾਈ ਸੀ । ਕਦੇ ਅਸੀਂ ਉਨ੍ਹਾਂ ਦੇ ਘਰਾਂ ਵਿਚ ਆਜ਼ਾਦੀ ਨਾਲ ਵਿਚਰਦੇ ਸਾਂ ਜੋ ਲਾਲ ਕਿਲ੍ਹੇ ਦਾ ਜ਼ਨਾਨਾ ਸੀ । ਹੁਣ ਉਹ ਸਭ ਤੁਰ ਗਏ ਹਨ, ਉਹ ਤਾਕਤਵਰ ਮਹਾਰਾਜੇ ਅਤੇ ਉਨ੍ਹਾਂ ਦੀਆਂ ਰਾਣੀਆਂ । ਅਸੀਂ ਹਾਲੇ ਇਸੇ ਥਾਂ ਹਾਂ ।(51)

ਨਾਵਲੀ ਕਥਾ ਮੁਤਾਬਿਕ ਮੁਗ਼ਲ ਕਾਲ ਵਿਚ ਕਿੰਨਰਾਂ ਨੂੰ ਵਿਸ਼ੇਸ਼ ਮਾਨਤਾ ਪ੍ਰਾਪਤ ਸੀ । ਅੰਗਰੇਜ਼ੀ ਕਾਲ ਦੌਰਾਨ ਇਸ ਵਰਗ ਦੀ ਹਾਲਤ ਤਰਸ ਪੂਰਨ ਹੋ ਗਈ । ਹੌਲੀ-ਹੌਲੀ ਇਹ ਵਰਗ ਆਪਣੇ ਅਧਿਕਾਰਾਂ ਪ੍ਰਤੀ ਜਾਗਰਿਤ ਹੋਇਆ । ਜਿਸ ਦੇ ਸਿੱਟੇ ਵਜੋਂ 2014 ਵਿਚ ਇਸ ਵਰਗ ਨੂੰ ਥਰਡ-ਜੈਂਡਰ ਵਜੋਂ ਮਾਨਤਾ ਮਿਲੀ

ਹੈ । 2014 ਤੋਂ ਬਾਅਦ ਇਹ ਵਰਗ ਆਪਣੇ ਅਧਿਕਾਰਾਂ ਲਈ ਜਾਗਰਿਤ ਹੋਇਆ । ਅਜਿਹੀ ਜਾਗ੍ਰਿਤੀ ਦੀ ਮਿਸਾਲ ਹਰਕੀਰਤ ਕੌਰ ਚਹਿਲ ਦੇ ਨਾਵਲ ‘ ਆਦਮ-ਗ੍ਰਹਿਣ ’ ਵਿਚਲੀ ਪਾਤਰ ਅੰਜੂ ਜੋ ਇਕ ਪੜ੍ਹੀ-ਲਿਖੀ ਕਿੰਨਰ ਪਾਤਰ ਹੈ । ਉਹ ਪੜ੍ਹੇ-ਲਿਖੇ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੈ । ਅੰਜੂ ਆਪਣੇ ਸਮਾਜ ਦੇ ਲੋਕਾਂ ਨੂੰ ਵੀ ਜਾਗਰਿਤ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਵੀ ਆਪਣੇ ਹੱਕਾਂ ਨੂੰ ਪ੍ਰਾਪਤ ਕਰ ਸਕਣ । ਉਹ ਨਾਵਲ ਵਿਚ ਕਿੰਨਰ ਸਮਾਜ ਲਈ ਇਕ ਨਵੀਂ ਸੰਭਾਵਨਾ ਪੈਦਾ ਕਰਦੀ ਹੋਈ ਕਹਿੰਦੀ ਹੈ ਕਿ-

> ਇਕ ਦਿਨ ਜਰੂਰ ਆਵੇਗਾ, ਜਿਸ ਦਿਨ ਅਸੀਂ ਇਤਿਹਾਸ ਰਚਾਂਗੇ, ਸਾਡੀ ਆਪਦੀ ਮਾਣ ਮਰਿਆਦਾ ਤੇ ਪਹਿਚਾਣ ਹੋਵੇਗੀ । ਵੋਟ ਪਾਉਣ ਦਾ ਹੱਕ ਵੀ ਲੜ ਕੇ ਹੀ ਮਿਲਿਆ । ਹੁਣ ਹਰ ਤਰ੍ਹਾਂ ਦੀ ਬਰਾਬਰੀ ਸਾਡਾ ਜਨਮ ਸਿੱਧ ਅਧਿਕਾਰ ਹੈ । ਰੋਏ ਬਿਨਾਂ ਤਾਂ ਮਾਂ ਵੀ ਦੁੱਧ ਨਹੀਂ ਦਿੰਦੀ । ਸਮਾਂ ਬਦਲੇਗਾ, ਧੀਰਜ ਰੱਖੋ , ਬੜੀ ਜਾਗ੍ਰਿਤੀ ਆ ਗਈ ਹੈ । ਬਾਹਰਲੇ ਜਾਗਰੂਕ ਵਿਚ ਹੁਣ ਕੋਈ ਫ਼ਰਕ ਨਹੀਂ ਰਿਹਾ , ਇੱਥੇ ਵੀ ਨਹੀਂ ਰਹੇਗਾ --- ਤੁਸੀਂ ਸਾਰੇ ਮੇਰਾ ਸਾਥ ਦਿਓ, ਮੈਂ ਸਾਰੇ ਹਿੰਦੁਸਤਾਨ ਦੇ ਖ਼ੁਸਰਿਆਂ ਦੀ ਆਵਾਜ਼ ਬਣਾਂਗੀ ।(136)

ਸਿੱਖਿਆ ਮਨੁੱਖ ਨੂੰ ਆਪਣੇ ਹੱਕਾਂ ਲਈ ਚੇਤੰਨ ਕਰਦੀ ਹੈ । ਇਸ ਲਈ ਜਦੋਂ ਤੱਕ ਕਿੰਨਰ ਵਰਗ ਪੜ੍ਹ-ਲਿਖ ਕੇ ਆਪਣੇ ਹੱਕਾਂ ਲਈ ਚੇਤੰਨ ਹੋ ਕੇ ਇਸ ਪ੍ਰਤੀ ਸੰਘਰਸ਼ ਨਹੀਂ ਆਰੰਭਦਾ, ਸਮਾਜ ਇਨ੍ਹਾਂ ਨੂੰ ਇਸੇ ਤਰ੍ਹਾਂ ਨਰਕ ਭਰੀ ਜ਼ਿੰਦਗੀ ਜੀਣ ਲਈ ਮਜਬੂਰ ਕਰਦਾ ਰਹੇਗਾ । ਸਮਾਜ ਦੇ ਪਰਿਵਰਤਨ ਸਦਕਾ ਇਸ ਵਰਗ ਦੇ ਲੋਕ ਵੀ ਪੜ੍ਹ-ਲਿਖ ਕੇ ਆਪਣੇ ਹੱਕ ਮੰਗਣ ਲੱਗੇ ਹਨ । ਨਾਵਲ ਵਿਚ ਅੰਜੂ ਵੀ ਆਪਣੇ ਭਾਈਚਾਰੇ ਨੂੰ ਜਾਗਰਿਤ ਕਰਨਾ ਚਾਹੁੰਦੀ ਹੈ । ਗੁਰਨਾਮ ਸਿੰਘ ਦੀ ਪੁਸਤਰ ‘ਭਾਰਤੀ ਲੋਕ ਨੀਚ ਕਿਵੇਂ ਬਣੇ’ ਵਿਚ ਉੱਘੇ ਚਿੰਤਕ ਡਾ. ਭੀਮ ਰਾਓ ਅੰਬੇਦਕਰ ਦਾ ਵੀ ਇਹੀ ਵਿਚਾਰ ਹੈ ਕਿ ਪੜ੍ਹ-ਲਿਖ ਕੇ ਆਪਣੇ ਖੁੱਸੇ ਹੋਏ ਵਿਅਕਤੀਤਵ ਦੀ ਖ਼ਾਤਰ ਲੜਨਾ ਚਾਹੀਦਾ ਹੈ ਜਿਵੇਂ-

> ਮੇਰਾ ਆਦੇਸ਼ ਹੈ ਕਿ ਤੁਸੀਂ ਪੜ੍ਹੋ-ਲਿਖੋ । ਸੰਘਰਸ਼ ਕਰੋ । ਅਤੇ ਸੰਗਠਨ ਪੈਦਾ ਕਰੋ । ਆਪਣੇ ਵਿਚ ਵਿਸ਼ਵਾਸ ਰੱਖੋ ।ਜਦੋਂ ਇਨਸਾਫ਼ ਸਾਡੇ ਵੱਲ ਹੈ ਤਾਂ ਅਸੀਂ ਆਪਣਾ ਸੰਘਰਸ਼ ਜ਼ਰੂਰ ਜਿੱਤਾਂਗੇ । ਸਾਡੀ ਲੜਾਈ ਨਾ ਧਨ ਦੌਲਤ ਵਾਸਤੇ ਹੈ ਅਤੇ ਨਾ ਤਾਕਤ ਪ੍ਰਾਪਤ ਕਰਨ ਲਈ

> ਸਗੋਂ ਸਾਡੀ ਲੜਾਈ 'ਅਜ਼ਾਦੀ ਵਾਸਤੇ ਹੈ। ਇਹ ਲੜਾਈ ਖੁੱਸੇ ਹੋਏ ਵਿਅਕਤੀਤਵ ( ਬੰਦੇ ਹੋਣ ਦੀ ਤਾਕਤ) ਨੂੰ ਮੁੜ ਪ੍ਰਾਪਤ ਕਰਨ ਦੀ ਲੜਾਈ ਹੈ।(42)

ਇਹ ਵਰਗ ਆਪਣਾ ਸੰਘਰਸ਼ ਲੜ ਰਿਹਾ ਹੈ। ਇਸੇ ਨਾਵਲ ਦੀ ਨਾਇਕਾ ਅਮੀਰਾਂ ਤੋਂ ਮੀਰਾ ਬਣੀ ਪਾਤਰ ਵੀ ਆਪਣੇ ਬੱਚੇ ਦਾ ਪਾਲਣ-ਪੋਸ਼ਣ ਇਸੇ ਤਰ੍ਹਾਂ ਕਰਦੀ ਹੈ ਕਿ ਉਹ ਪੜ੍ਹ-ਲਿਖ ਕੇ ਹਿਜੜਿਆਂ ਦੀ ਇਸ ਪੁਰਾਤਨ ਪਰੰਪਰਾ ਨੱਚਣ-ਗਾਉਣ ਤੋਂ ਉਸ ਨੂੰ ਛੁਟਕਾਰਾ ਮਿਲ ਜਾਵੇ। ਮੀਰਾ ਬੇਸ਼ੱਕ ਆਪ ਪੜ੍ਹੀ-ਲਿਖੀ ਨਹੀਂ ਹੈ ਪਰ ਉਸ ਦੇ ਵਿਚਾਰ ਆਪਣੇ ਬੱਚੇ ਲਈ ਉੱਚੇ ਹਨ। ਕੁਦਰਤ ਵੀ ਉਸ ਨਾਲ ਧੱਕਾ ਹੀ ਕਰਦੀ ਹੈ। ਚਿਰਾਗ਼ ਬੇਸ਼ੱਕ 12ਜਮਾਤ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਆਪਣੇ ਸ਼ਹਿਰ ਤੋਂ ਬਾਹਰ ਦਾਖਲਾ ਲੈਂਦਾ ਹੈ। ਚਿਰਾਗ਼ ਪੜ੍ਹਾਈ ਵਿਚ ਹੁਸ਼ਿਆਰ ਸੀ। ਉਹ ਵਕਾਲਤ ਦੀ ਪੜ੍ਹਾਈ ਦੂਜੇ ਦਰਜੇ ਵਿਚ ਪਾਸ ਕਰ ਜਾਂਦਾ ਹੈ। ਉਸ ਦੇ ਨਾਲ ਜਿਨਸੀ ਸ਼ੋਸ਼ਣ ਹੋਣ ਕਾਰਨ ਏਡਜ਼ ਦੀ ਨਾਮੁਰਾਦ ਬਿਮਾਰੀ ਉਸ ਨੂੰ ਘੇਰ ਲੈਂਦੀ ਹੈ। ਅੰਤ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਖ਼ਾਤਰ ਉਹ ਖ਼ੁਦਕੁਸ਼ੀ ਕਰ ਲੈਂਦਾ ਹੈ। ਮੀਰਾ ਇਸ ਸਦਮੇ ਨੂੰ ਸਹਿ ਨਹੀਂ ਸਕਦੀ ਤਾਂ ਉਹ ਆਪਣੇ ਅੰਦਰਲੇ ਅਗਾਂਹ ਵਧੂ ਵਿਚਾਰ ਦੱਸਦੀ ਕਿ-

> ਮੈਂ ਜ਼ਬਰਦਸਤੀ ਉਸ ਨੂੰ ਦੁਨੀਆ ਦੇ ਅਖਾੜੇ ਵਿਚ ਵਜੂਦ ਵਾਸਤੇ ਲੜਨ ਲਈ ਭੇਜਿਆ। ਐਵੇਂ ਸਦੀਆਂ ਤੋਂ ਸਿਆਣੇ ਖੁਸਰੇ ਕਮਲੇ ਤਾਂ ਨਹੀਂ ? ਜੋ ਪੁਸ਼ਤਾਂ ਤੋਂ ਹੀ ਡੇਰਿਆਂ ਦੀ ਚਾਰ-ਦੀਵਾਰੀ ਵਿਚ ਹਿਜੜਿਆਂ ਨੂੰ ਪਾਲਦੇ ਪਲੋਸਦੇ ਹਨ। ਲੋਕਾਂ ਦੇ ਨਸ਼ਤਰਾਂ ਵਰਗੇ ਬੋਲਾਂ ਤੋ ਬਚਾਉਣ ਲਈ ਉਨ੍ਹਾਂ ਨੂੰ ਨਖ਼ਰੇ , ਨਹੋਰੇ , ਅੜੀ ਕਰਨੀ ਸਿਖਾਂਉਂਦੇ ਹਨ ਅਤੇ ਆਪਣੇ ਕਿੱਤੇ ਵਿਚ ਹੀ ਕਮਾਈ ਕਰਨ ਦੀ ਖੁੱਲ੍ਹ ਦਿੰਦੇ ਸਨ। ਪੈਰੀਂ ਘੁੰਗਰੂ ਪਾ ਕੇ ਢਿੱਡ ਪਾਲਦੇ ਹਨ।(137)

ਬੇਸ਼ੱਕ ਮੀਰਾ ਚਿਰਾਗ਼ ਨੂੰ ਪੜ੍ਹਾ-ਲਿਖਾ ਕੇ ਕਿਸੇ ਹੋਰ ਕੰਮ ਤੇ ਲਗਾਉਣਾ ਚਾਹੁੰਦੀ ਹੈ ਪਰ ਉਸ ਦਾ ਇਹ ਸੁਪਨਾ ਪੂਰਾ ਨਹੀਂ ਹੁੰਦਾ। ਉਹ ਸੋਚਦੀ ਹੈ ਕਿ ਖੁਸਰੇ ਆਪਣੀ ਪਹਿਚਾਣ ਨੂੰ ਪਾਉਣ ਖ਼ਾਤਰ ਸਾਰੀ ਉਮਰ ਸਮਾਜ ਨਾਲ ਲੜਾਈ ਲੜਦੇ, ਇਸ ਜਹਾਨ ਤੋਂ ਤੁਰ ਜਾਂਦੇ ਪਰ ਉਨ੍ਹਾਂ ਨੂੰ ਸਮਾਜ ਕੋਈ ਪਹਿਚਾਣ ਹੀ ਨਹੀਂ ਦਿੰਦਾ। ਉਹ ਪਾਗਲਾਂ ਦੀ ਤਰ੍ਹਾਂ ਆਪਣੇ ਪੁੱਤਰ ਚਿਰਾਗ਼ ਨੂੰ ਅਵਾਜ਼ਾਂ ਮਾਰਦੀ ਤੇ ਕਹਿੰਦੀ ਕਿ-

ਵੇ ਚਿਰਾਗ਼ , ਆਹ ਫੜ ਘੁੰਗਰੂ ਪਾ ਲੈ ਮੇਰੀ ਜਾਨ ---ਰੁੱਸ ਜਾਣਗੇ ਬੱਲਿਆਂ---ਇਹ ਆਪਣੀ ਪਹਿਚਾਣ ਨੇ ਸ਼ਨਾਖ਼ਤ ਨੇ ਸੋਹਣਿਆਂ----ਅਸੀਂ ਨਹੀ ਲੈਣੀ ਕੁਰਸੀ , ਅਸੀਂ ਨਹੀਂ ਬਣਨਾ ਜੱਜ , ਮੇਰਾ ਪੁੱਤ ਤਾਂ ਸੋਹਣਾ ਨਚਾਰ ਏ--- ਆਹ ਦੇਖ ਘੁੰਗਰੂ ਤੈਨੂੰ ਹਾਕਾਂ ਮਾਰ ਰਹੇ ਨੇ ---ਆਹ ਲੋਕਾਂ ਦੀ ਖ਼ੈਰ ਮੰਗ ਸੋਹਣਿਆਂ---।(137)

ਅੰਤ ਮੀਰਾ ਮਾਨਸਿਕ ਤੌਰ ਉੱਤੇ ਪਰੇਸ਼ਾਨ ਹੋ ਕੇ ਆਪਣੀ ਪਰੰਪਰਾ ਵਿਚ ਹੀ ਆਪਣੀ ਭਲਾਈ ਸਮਝਦੀ ਹੈ । ਬੇਸ਼ੱਕ ਇਸ ਵਰਗ ਦੇ ਲੋਕ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਅੱਗੇ ਹੋ ਕੇ ਲੜਾਈ ਲੜ ਰਹੇ ਹਨ । ਕਈ ਵਾਰ ਇਹ ਮਾਨਸਿਕ ਤੌਰ ਉੱਤੇ ਪਰੇਸ਼ਾਨ ਵੀ ਹੋ ਜਾਂਦੇ ਹਨ । ਮੀਰਾ ਦੀ ਤਰ੍ਹਾਂ ਅਨੇਕਾਂ ਮਾਦਾ ਕਿੰਨਰ ਵੀ ਆਪਣੇ ਅਧਿਕਾਰਾਂ ਲਈ ਲੜਨਾ ਚਾਹੁੰਦੀਆਂ ਹਨ । ਵਿੱਦਿਅਕ ਅਦਾਰਿਆਂ ਵਿਚ  ਕਿੰਨਰਾਂ ਦੇ ਬਾਰੇ ਕੀ ਸਹੂਲਤਾਂ ਮਿਲਦੀਆਂ ਹਨ ? ਰੋਜ਼ਾਨਾ ਪੰਜਾਬੀ ਜਾਗਰਣ ਵਿਚ ਪੇਸ਼ ਖ਼ਬਰ ਦੇ ਮੁਤਾਬਿਕ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚੋਂ ਪੰਜਾਬ ਯੂਨੀਵਰਸਿਟੀ  ਚੰਡੀਗੜ੍ਹ ਦੀ ਗਿਣਤੀ ਮੁਲਕ ਦੇ ਉਨ੍ਹਾਂ ਮਹੱਤਵਪੂਰਨ ਵਿੱਦਿਅਕ ਅਦਾਰਿਆਂ ਵਿਚ ਹੋਵੇਗੀ, ਜਿਹੜੇ ਆਪਣੇ ਤਹਿਤ ਕਾਲਜਾਂ ਵਿਚ ਟ੍ਰਾਂਸਜੈਂਡਰ ਵਰਗ ਦੇ ਪਾੜ੍ਹਿਆਂ ਨੂੰ ਪੜ੍ਹਾਈ ਵਾਸਤੇ ਵਜ਼ੀਫ਼ਾ ਦੇਣਗੇ । ਟ੍ਰਾਂਸਜੈਂਡਰ ਵੱਲੋਂ ਇਹ ਮੰਗ ਕਾਫ਼ੀ ਸਮੇਂ ਤੋਂ ਉਠਾਈ ਜਾ ਰਹੀ ਸੀ । ਪੰਜਾਬ ਯੂਨੀਵਰਸਿਟੀ ਪਹਿਲਾਂ ਹੀ ਟ੍ਰਾਂਸਜੈਂਡਰ ਲਈ ਪਖਾਨੇ ਬਣਾ ਕੇ ਦੁਨੀਆ ਦੀ ਪਹਿਲੀ ਯੂਨੀਵਰਸਿਟੀ ਬਣ ਚੁੱਕੀ ਹੈ । ਇਸ ਯੂਨੀਵਰਸਿਟੀ ਵਿਚ ਪੰਜ ਟ੍ਰਾਂਸਜੈਂਡਰ ਪੜ੍ਹਾਈ ਕਰੇ ਰਹੇ ਹਨ । ਜਿਨ੍ਹਾਂ ਵਿਚੋਂ ਧੰਨਜੇ ਨੂੰ ਪਹਿਲੀ ਟ੍ਰਾਂਸਜੈਂਡਰ ਵਿਦਿਆਰਥੀ ਹੋਣ ਦਾ ਮਾਣ ਪ੍ਰਾਪਤ ਹੈ । ਇਸ ਦੇ ਪਰਿਮਾਣ ਵਜੋਂ 26 ਸਤੰਬਰ ,2018 ਦੀ ਇਕ ਖ਼ਬਰ ਦੇਖੀ ਜਾ ਸਕਦੀ ਹੈ ਜਿਸ ਵਿਚ ਲਿਖਿਆ ਹੈ ਕਿ ‘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਐਫੀਲੀਏਟਿਡ 206 ਕਾਲਜਾਂ ‘ਚ ਟ੍ਰਾਂਸਜੈਂਡਰਾਂ ਲਈ ਵਜ਼ੀਫ਼ੇ ‘ਤੇ ਮੋਹਰ ਲਗਾਈ ਗਈ ।’(4 )

ਇਸ ਤਰ੍ਹਾਂ ਕਿੰਨਰ ਭਾਈਚਾਰੇ ਦੀਆਂ ਮੰਗਾਂ ਵੱਲ ਹੌਲੀ-ਹੌਲੀ ਧਿਆਨ ਦਿੱਤਾ ਜਾ ਰਿਹਾ ਹੈ । ਆਸ ਕੀਤੀ ਜਾ ਸਕਦੀ ਹੈ ਕਿ ਕਿੰਨਰ ਭਾਈਚਾਰਾ ਵੀ ਆਪਣੀਆਂ ਮੰਗਾਂ ਨੂੰ ਸਮਾਜ ਅੱਗੇ ਪੇਸ਼ ਕਰੇਗਾ । ਕਿੰਨਰ ਸਮਾਜ ਵੀ ਸਭਿਅਕ ਸਮਾਜ ਦੀ ਤਰ੍ਹਾਂ ਹੀ ਉਹ ਸਾਰੇ ਅਧਿਕਾਰਾਂ ਨੂੰ ਮਾਣਨ ਦਾ ਹੱਕਦਾਰ ਹੈ ਜੋ

ਸਮਾਜ ਦੇ ਦੂਸਰੇ ਨਾਗਰਿਕਾਂ ਨੂੰ ਪ੍ਰਾਪਤ ਹੁੰਦੇ ਹਨ। ਦੂਸਰੇ ਪਾਸੇ ਕਈ ਥਾਈਂ ਅੰਕੜੇ ਬਿਲਕੁਲ ਵਿਪਰੀਤ ਸਥਿਤੀਆਂ ਨੂੰ ਬਿਆਨ ਕਰ ਜਾਂਦੇ ਹਨ, ਜਿਸ ਦੀ ਮਿਸਾਲ ਰੋਜ਼ਾਨਾ ਪੰਜਾਬੀ ਟ੍ਰਿਬਿਊਨ ਮਿਤੀ 10 ਸਤੰਬਰ 2018 ਨੂੰ ਛਪੀ ਇਕ ਖ਼ਬਰ ਅਨੁਸਾਰ 'ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵਿਚ ਚਾਰ ਵਿਅਕਤੀਆਂ ਦੁਆਰਾ ਇਕ ਕਿੰਨਰ ਨੂੰ ਅੱਗ ਲਗਾ ਦਿੱਤੀ ਗਈ, ਕਿਉਂਕਿ ਸੰਬੰਧਿਤ ਵਿਅਕਤੀ ਉਸ ਦਾ ਜਿਨਸੀ ਸ਼ੋਸ਼ਣ ਕਰਨਾ ਚਾਹੁੰਦੇ ਸਨ । ਜਦੋਂ ਕਿ ਉੱਥੋਂ ਦੀ ਪਾਰਲੀਮੈਂਟ ਵਿਚ ਬੀਤੇ ਵਰ੍ਹੇ ਮਈ ਵਿਚ ਇਕ ਕਾਨੂੰਨ ਪਾਸ ਕਰਕੇ ਮੁਲਕ ਦੇ ਕਿੰਨਰਾਂ ਨੂੰ ਬੁਨਿਆਦੀ ਅਧਿਕਾਰ ਦਿੱਤੇ ਜਾਣ ਦੀ ਗਾਰੰਟੀ ਦਿੱਤੀ ਸੀ ।'(10)

ਕਾਨੂੰਨ ਬਣਾਉਣੇ ਤੇ ਲਾਗੂ ਕਰਨ ਵਿਚ ਬਹੁਤ ਅੰਤਰ ਹੈ। ਹੁਣ ਕਿੰਨਰ ਸਮਾਜ ਆਪਣੇ ਹੱਕਾਂ ਨੂੰ ਲੈ ਕੇ ਸੰਘਰਸ਼ਸ਼ੀਲ ਰਵੱਈਆ ਅਪਣਾ ਚੁੱਕਾ ਹੈ। ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ?' ਵਿਚ ਇਸ ਸਮਾਜ ਦੇ ਆਗੂਆਂ ਵੱਲੋਂ ਰਾਜਨੀਤੀ ਵਿਚ ਆਪਣੀ ਹੋਂਦ ਨੂੰ ਦਰਸਾਉਣ ਲਈ ਪਰਾਈਡ ਵਾਕ ਰਾਹੀਂ ਸੰਕੇਤ ਮਿਲਦਾ ਹੈ ਕਿ ਕਿੰਨਰ ਸਮਾਜ ਦੇ ਬਾਸ਼ਿੰਦੇ ਵੀ ਆਪਣੇ ਹੱਕਾਂ ਲਈ ਖੜੇ ਹੋ ਰਹੇ ਹਨ । ਸਮਾਜ ਵਿਚ ਆਪਣੀ ਹੋਂਦ ਨੂੰ ਦਰਸਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ । ਇਸ ਸੰਬੰਧੀ ਨਾਵਲ ਵਿਚੋਂ ਵੇਰਵੇ ਦੇਖੇ ਜਾ ਸਕਦੇ ਹਨ ਕਿ-

> ਅਸੀਂ ਬਹਿੰਦੇ ਨਹੀਂ ਹਾਂ ਪਰ ਆਜ਼ਾਦੀ ਸਾਡਾ ਸੁਪਨਾ ਹੈ । ਸਾਡੇ ਲਈ ਬਿੱਲ ਜ਼ਰੂਰ ਪਾਸ ਹੋਇਆ ਲੇਕਿਨ ਉਸ ਵਿਚ ਹਦਾਇਤਾਂ ਵੱਧ ਅਤੇ ਸਹੂਲਤਾਂ ਘੱਟ ਹਨ। ਇਸ ਲਈ ਇਹ ਬਿੱਲ ਵੀ ਇਕ ਹੋਰ ਲੰਮੀ ਵਿਆਖਿਆ ਦੀ ਮੰਗ ਕਰਦਾ ਹੈ। ਸਾਨੂੰ ਏਕਤਾ ਬਣਾਉਣੀ ਹੀ ਚਾਹੀਦੀ ਹੈ। ਇਸੇ ਲਈ ਤਾਂ ਅਸੀਂ ਐੱਲ. ਜੀ. ਬੀ. ਵਾਲਿਆਂ ਨੇ 'ਟੀ 'ਮਤਲਬ 'ਟਰਾਂਸਜੈਂਡਰ ' ਨੂੰ ਵੀ ਨਾਲ ਰਲ਼ਾਇਆ ਹੈ ਤਾਂ ਕਿ ਸਾਡਾ ਸੰਗਠਨ ਹੋਰ ਵੀ ਮਜ਼ਬੂਤ ਬਣੇ ਅਤੇ ਅਸੀਂ ਸਰਕਾਰ 'ਤੇ ਦਬਾਅ ਪਾ ਸਕੀਏ-----।(276)

ਸਮਾਜ ਦਾ ਹਰ ਵਿਅਕਤੀ ਸੋਚਾਂ ਦੇ ਵਹਿਣ ਵਿਚ ਗੁਆਚ ਜਾਂਦਾ ਹੈ ਕਿ ਇਸ ਸਮਾਜ ਦੇ ਲੋਕ ਵੀ ਆਪਣੀ ਪਹਿਚਾਣ ਦੀ ਲੜਾਈ ਖ਼ਾਤਰ ਖ਼ੁਦ ਸੁਚੇਤ ਹੋ ਕੇ ਅੱਗੇ ਆ ਰਹੇ ਹਨ । ਇਸ ਸੰਬੰਧੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਜਸਪ੍ਰੀਤ ਕੌਰ ਆਪਣੇ ਪੇਪਰ ਰਾਹੀਂ ਜੋ 21 ਮਾਰਚ 2019 ਨੂੰ ਰੋਜ਼ਾਨਾ

ਪੰਜਾਬੀ ਟ੍ਰਿਬਿਊਨ ਵਿਚ ਛਪਿਆ ਪਰਾਈਡ ਵਾਕ ਦਾ ਜ਼ਿਕਰ ਕਰਦੀ ਹੋਈ ਕਹਿੰਦੀ ਕਿ 'ਇਹ ਲੋਕ ਆਪਣੀ ਹੋਂਦ ਨੂੰ ਚੇਤੰਨ ਤੌਰ 'ਤੇ ਦਿਖਾਉਣਾ ਚਾਹੁੰਦੇ ਹਨ ਕਿ ਇਹ ਵੀ ਸਮਾਜ ਵਿਚ ਮੌਜੂਦ ਹਨ । ਇਹ ਵੀ ਉਸੇ ਤਰ੍ਹਾਂ ਸਧਾਰਨ /ਨਾਰਮਲ ਹਨ ਜਿਵੇਂ ਬਾਕੀ ਉਹ ਲੋਕ ਜੋ ਖ਼ੁਦ ਨੂੰ ਸਾਧਾਰਨ ਔਰਤ ਮਰਦ ਮੰਨਦੇ ਹਨ । ਇਨ੍ਹਾਂ ਨੂੰ ਵੀ ਉਹ ਅਧਿਕਾਰ ਮਿਲਣੇ ਚਾਹੀਦੇ ਹਨ ਜੋ ਬਾਕੀ ਸਾਧਾਰਨ ਆਖੇ ਜਾਂਦੇ ਲੋਕਾਂ ਕੋਲ ਹਨ ।'(7)

ਇਸ ਤਰ੍ਹਾਂ ਕਿੰਨਰ ਵਰਗ ਆਪਣੀ ਹੋਂਦ ਨੂੰ ਦਰਸਾਉਣ ਲਈ ਕਈ ਤਰੀਕਿਆਂ ਨੂੰ ਅਪਣਾ ਰਿਹਾ ਹੈ । ਇਹ ਵਰਗ ਆਪਣੇ ਅਧਿਕਾਰਾਂ ਲਈ ਜਾਗਰਿਤ ਹੋ ਚੁੱਕਾ ਹੈ । ਅਜਿਹੇ ਪੱਖ ਕਿੰਨਰ ਸਮਾਜ ਦੇ ਸਕਾਰਾਤਮਿਕ ਪੱਖ ਨੂੰ ਪੇਸ਼ ਕਰਦੇ ਹਨ । ਅਸਲ ਵਿਚ ਸੋਚਣ ਵਾਲੀ ਜਾਂ ਅਚੰਭਿਤ ਕਰਨ ਵਾਲੀ ਗੱਲ ਹੈ ਕਿ ਸਰਕਾਰ ਦੇਸ਼ ਦੇ ਸਰਵਪੱਖੀ ਵਿਕਾਸ ਲਈ ਪੰਜ ਸਾਲੀ ਯੋਜਨਾਵਾਂ ਘੜਦੀਆਂ ਆਈਆਂ ਹਨ । ਜੇ ਇਨ੍ਹਾਂ ਪੰਜਾ ਸਾਲੀ ਯੋਜਨਾਵਾਂ ਦੀ ਘੋਖ ਕੀਤੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਭਾਰਤੀ ਸੰਵਿਧਾਨ ਵਿਚ ਬਣਾਈਆਂ ਗਈਆਂ ਪਹਿਲੀਆਂ ਦਸ 'ਪੰਜ ਸਾਲਾਂ ਯੋਜਨਾਵਾਂ' ਵਿਚ ਇਨ੍ਹਾਂ ਲੋਕਾਂ ਦਾ ਜ਼ਿਕਰ ਤੱਕ ਨਹੀਂ ਹੈ । 2020 ਦੀ ਜਨਗਣਨਾ ਸਮੇਂ ਇਨ੍ਹਾਂ ਨੂੰ ਪਹਿਲੀ ਵਾਰ ਜਨਗਣਨਾ ਵਿਚ ਸ਼ਾਮਿਲ ਕੀਤਾ ਗਿਆ ਹੈ । ਸਮਾਜਿਕ ਵਿਕਾਸ ਦੇ ਪੱਖ ਤੋਂ ਇਹ ਪਛੜਿਆ ਹੋਇਆ ਵਰਗ ਹੈ , ਹੁਣ ਅਨੁਸੂਚਿਤ ਜਾਤੀ ਦੇ ਅਧਾਰ ਉੱਤੇ ਸਰਕਾਰ ਤੋਂ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ । ਇਸੇ ਲਈ ਇਸ ਮੰਗ ਦਾ ਹਵਾਲਾ ਪੰਜਾਬੀ ਜਾਗਰਣ ਅਖ਼ਬਾਰ ਵਿਚ 11 ਸਤੰਬਰ 2018 ਨੂੰ ਛਪੀ ਇਕ ਖ਼ਬਰ ਤੋਂ ਹੁੰਦਾ ਹੈ, ਜਿਸ ਵਿਚ ਸਮਾਜ ਦੇ ਚੇਤੰਨ ਤੇ ਬੁੱਧੀਜੀਵੀ ਆਗੂ ਸ਼ੰਕਰਾਚਾਰੀਆ ਆਸ਼ਰਮ ਅਲੋਪੀਬਾਗ ਨੇ ਕਿੰਨਰਾਂ ਨਾਲ ਹੋਈ ਸੰਬੰਧਿਤ ਮੀਟਿੰਗ ਵਿਚ ਇਹ ਮੰਗ ਰੱਖੀ ਸੀ -

> ਉਸ ਨੇ ਕਿਹਾ ਕਿ ਕਿੰਨਰਾਂ ਨੂੰ ਵਿਤਕਰੇ ਦੀ ਨਜ਼ਰ ਨਾਲ ਨਹੀਂ ਦੇਖਿਆ ਜਾਣਾ ਚਾਹੀਦਾ ਹੈ । ਉਨ੍ਹਾਂ ਨੂੰ ਧਾਰਮਿਕ , ਸਮਾਜਿਕ ਸਨਮਾਨ ਦੇਣ ਦੀ ਦਿਸ਼ਾ 'ਚ ਸਖ਼ਤ ਕਦਮ ਚੁੱਕਣ ਦੀ ਲੋੜ ਹੈ । ਇਸ ਮੌਕੇ ਕਿੰਨਰ ਅਖਾੜੇ ਦੇ ਅਚਾਰੀਆ ਪੀਠਾਧੀਸ਼ਵਰ ਲਕਸ਼ਮੀ ਨਰਾਇਣ ਤ੍ਰਿਪਾਠੀ ਨੇ ਸੰਸਦ 'ਚ ਟ੍ਰਾਂਸਜੈਂਡਰ ਬਿੱਲ ਪਾਸ ਨਾ ਹੋਣ 'ਤੇ ਨਾਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਸਰਕਾਰ ਮਾਮਲੇ ਤੇ ਛੇਤੀ ਯੋਗ ਫ਼ੈਸਲਾ ਲਵੇ । ਉਨ੍ਹਾਂ ਨੇ ਕਿਹਾ ਕਿ ਦੇਸ਼ 'ਚ 22 ਫ਼ੀਸਦੀ

ਕਿੰਨਰ ਹਨ , ਜਿਨ੍ਹਾਂ ਨੂੰ ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ ਮਿਲਣਾ ਚਾਹੀਦਾ ਹੈ । ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਗ਼ਰੀਬ ਕਿੰਨਰਾਂ ਨੂੰ ਮਕਾਨ ਦਿੱਤਾ ਜਾਵੇ ।(7)

ਆਰਥਿਕ ਖੇਤਰ ਵਿਚ ਪਹਿਲਾ ਕਿਸੇ ਵੀ ਸਮੇਂ ਨਾਲੋਂ ਵਧ ਰਹੀ ਗੈਰ-ਬਰਾਬਰੀ, ਸਿਆਸੀ ਖੇਤਰ ਵਿਚ ਤਕੜੇ ਦਾ ਸੱਤੀ ਵੀਹੀਂ ਸੌ ਅਤੇ ਜਾਤ-ਧਰਮ ਦੇ ਪਾੜੇ ਆਧਾਰਤ ਸਮਾਜਿਕ ਪ੍ਰਬੰਧ ਦੀ ਜਕੜ 21ਵੀਂ ਸਦੀ ਵਿਚ ਵੀ ਮੌਜੂਦ ਹੈ । ਕਿੰਨਰ ਵਰਗ ਦੇ ਲੋਕ ਵੀ ਹੁਣ ਐਨ.ਜੀ.ੳ ਬਣਾ ਕੇ ਆਪਣੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ । ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ? ਵਿਚ ਜੁਗਨੂੰ ਨਾਮ ਦੀ ਪਾਤਰ 'ਹਮਰਾਜ਼' ਨਾਮ ਦੀ ਐਨ.ਜੀ.ੳ ਚਲਾਉਂਦੀ ਹੈ ਅਤੇ ਤੀਜੇ ਵਰਗ ਦੇ ਹਿੱਤਾਂ ਲਈ ਸੰਘਰਸ਼ ਕਰਦੀ ਹੈ । ਉਸ ਦੀ ਆਪਣੇ ਸਾਥੀਆ ਨਾਲ ਕੀਤੀ ਚਰਚਾ ਨਾਵਲੀ ਬਿਰਤਾਂਤ ਦਾ ਹਿੱਸਾ ਬਣਦੀ ਹੈ ਕਿ ਤੀਜੇ ਵਰਗ ਦੇ ਲੋਕਾਂ ਦਾ ਪਹਿਲੇ ਤੇ ਦੂਜੇ ਲਿੰਗ ਦੇ ਸਮਾਜ ਬਾਰੇ ਕੀ ਨਜ਼ਰੀਆ ਹੈ –

''ਦੇਖੋ ਮੈਅਮ । ਸਰਕਾਰ ਨੇ ਹਮੇਂ ਥਰਡ ਜੈਂਡਰ ਕਾ ਦਰਜਾ ਦੇ ਦੀਆ ਹੈ । ਬਰੋਬਰ ।''

ਸਾਰਿਆ ਨੇ ਸਿਰ ਹਲਾਏ ।

> ''ਤੋ ਇਸ ਕਾ ਮਤਲਬ ਕੋਈ ਦੂਸਰਾ ਦਰਜਾ ਭੀ ਹੈ । ਔਰ ਫਿਰ ਪਹਿਲਾ ਭੀ ਹੋਗਾ । ਹਮੇਂ ਤੋਂ ਤੀਸਰਾ ਦਰਜਾ ਸਰਕਾਰ ਨੇ ਤੈਅ ਕਰ ਦੀਆਂ । ਅਬ ਪਹਿਲਾ ਔਰ ਦੂਸਰਾ ਕਿਸ ਨੇ ਤੈਅ ਕੀਆ । ਅਗਰ ਯੇ ਮਾਨ ਲੇਂ ਕਿ ਪੁਰਸ਼ ਪਹਿਲਾ ਦਰਜਾ ਹੈ ਔਰ ਔਰਤ ਦੂਸਰਾ ਦਰਜਾ । ਤੋਂ ਅਬ ਤੱਕ ਤੋਂ ਦੂਸਰੇ ਕੋ ਭੀ ਸਮਾਨ ਅਧਿਕਾਰ ਔਰ ਆਜ਼ਾਦੀ ਨਹੀਂ ਮਿਲ ਪਾਈ ਤੋਂ ਹਮਾਰੇ ਲੀਏ ਤੋਂ ਯਹ ਔਰ ਭੀ ਦੂਰ ਹੋ ਜਾਏਗੀ? ਆਜ ਔਰਤ ਯਾਨਿ ਕਿ ਸੈਕਿੰਡ ਜੈਂਡਰ ਕੋ ਹੀ ਅਹਿਸਾਸ –ਏ-ਕਮਤਰੀਨ ਕਰਵਾਇਆ ਜਾਤਾ ਹੈ । ਉਸ ਕੀ ਕੋਈ ਸੁਰੱਕਸ਼ਾ ਨਹੀਂ , ਤੋਂ ਹਮਾਰੀ ਕਹਾਂ ?'' (123)

ਇਸ ਤਰ੍ਹਾਂ ਤੀਜੇ ਲਿੰਗ ਦੇ ਲੋਕਾਂ ਵੱਲੋਂ ਦੂਸਰੇ ਜੈਂਡਰ ਬਾਰੇ ਸੋਚਣਾ ਸੁਭਾਵਕ ਹੈ । ਅੱਜ ਮਨੁੱਖ ਉੱਤਰ-ਆਧੁਨਿਕਤਾ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਅਜੋਕੇ ਸਮੇਂ ਔਰਤ ਹਰ ਖੇਤਰ ਵਿਚ ਅੱਗੇ ਜਾ ਰਹੀ ਹੈ ਭਾਵ

ਸਮਾਜ ਅੰਦਰ ਮਰਦ ਦੀ ਬਰਾਬਰੀ ਕਰ ਰਹੀਂ ਹੈ। ਇਸ ਨੂੰ ਇੱਥੇ ਪਹੁੰਚਣ ਤੱਕ ਲੰਬਾ ਸੰਘਰਸ਼ ਕਰਨਾ ਪਿਆ ਹੈ। 'ਜੀਵ ਵਿਗਿਆਨਕ ਬਣਤਰ ਦੇ ਕਾਰਨ ਔਰਤ ਕਿਸੇ ਪ੍ਰਕਾਰ ਦੀ ਵੱਡੀ ਭੂਮਿਕਾ ਨਹੀਂ ਨਿਭਾ ਸਕਦੀ, ਜਿਸ ਕਾਰਨ ਉਸ ਨੂੰ ਮਰਦ ਦੀ ਸੁਰੱਖਿਆ ਅਤੇ ਅਗਵਾਈ ਦੀ ਜ਼ਰੂਰਤ ਪੈਂਦੀ ਹੈ। ਇਸੇ ਅਧਾਰ ਤੇ ਹੀ ਮਰਦ ਅਤੇ ਔਰਤ ਦੇ ਗੁਣਾਂ ਦਾ ਵਰਣਨ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਮਰਦ ਸ਼ਕਤੀਸ਼ਾਲੀ, ਸ੍ਵੈ-ਨਿਰਭਰ, ਸੁਤੰਤਰ, ਆਤਮ-ਵਿਸ਼ਵਾਸੀ, ਚੁਸਤ ਅਤੇ ਮਿਹਨਤੀ ਹੁੰਦਾ ਹੈ। ਇਸ ਦੇ ਉਲਟ ਔਰਤ ਇਸੇ, ਉਦਾਸੀਨ, ਅਧੀਨਗੀ ਵਾਲੀ, ਸਹਿਣਸ਼ੀਲ ਆਦਿ ਗੁਣਾਂ ਦੀ ਮਾਲਕ ਹੁੰਦੀ ਹੈ। ਇਸ ਤਰ੍ਹਾਂ ਔਰਤ ਨੂੰ ਮਰਦ ਦੇ ਮੁਕਾਬਲੇ ਹੀਣ ਅਤੇ ਘਟੀਆ ਦਰਜੇ ਦੀ ਸਮਝਿਆ ਜਾਂਦਾ ਹੈ। ਇਸ ਤਰ੍ਹਾਂ ਦੇ ਹੀ ਵਿਚਾਰ ਅਰਸਤੂ ਦੁਆਰਾ ਵੀ ਪੇਸ਼ ਕੀਤੇ ਗਏ। ਸੀਮੋਨ ਦ ਬਾਉਵਾਰ ਅਨੁਸਾਰ ਔਰਤ ਇਸ ਕਰਕੇ ਔਰਤ ਹੈ ਕਿਉਂਕਿ ਉਸ ਅੰਦਰ ਕੁਝ ਗੁਣਾਂ ਦੀ ਘਾਟ ਹੁੰਦੀ ਹੈ।'('ਇਸਤਰੀ ਉਪੇਖਯਤਾ '35)

ਔਰਤ ਦੇ ਇਹੋ ਜਿਹੇ ਗੁਣ ਜਨਮਜਾਤ ਨਹੀਂ ਹਨ , ਇਹ ਸਭ ਸਮਾਜ ਵੱਲੋਂ ਔਰਤ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਕੁਦਰਤ ਵੱਲੋਂ ਔਰਤ ਨੂੰ ਔਰਤ ਨਹੀਂ ਬਣਾਇਆ ਗਿਆ। ਉਸ ਨੇ ਤਾਂ ਬਾਕੀ ਜੀਵਾਂ ਵਾਂਗ ਹੀ ਇਸ ਜੀਵ ਦੀ ਵੀ ਰਚਨਾ ਕੀਤੀ ਹੈ। ਔਰਤ ਨੂੰ ਔਰਤ ਬਣਾਉਣ ਵਿਚ ਇਹ ਸਮਾਜ ਜ਼ਿੰਮੇਵਾਰ ਹੈ। ਜਿਸ ਨੇ ਮਰਦ ਨੂੰ ਵੱਧ ਤੋਂ ਵੱਧ ਅਧਿਕਾਰ ਪ੍ਰਦਾਨ ਕਰਕੇ ਔਰਤ ਨੂੰ ਗ਼ੁਲਾਮੀ ਅਤੇ ਅਧੀਨਗੀ ਦੀਆਂ ਜ਼ੰਜੀਰਾਂ ਪਹਿਨਾ ਦਿੱਤੀਆਂ ਹਨ। ਇਸ ਸੰਬੰਧ ਵਿਚ ਸੀਮੋਨ ਦਾ ਬਾਉਵਾਰ ਦੇ ਵਿਚਾਰ ਠੀਕ ਜਾਪਦੇ ਹਨ ਕਿ ਔਰਤ ਜੰਮਦੀ ਨਹੀਂ , ਸਗੋਂ ਉਸ ਨੂੰ ਔਰਤ ਬਣਾ ਦਿੱਤਾ ਜਾਂਦਾ ਹੈ। ਇਹ ਸਮਾਜ ਹੈ ਜੋ ਉਸ ਨੂੰ ਔਰਤ ਬਣਾਉਂਦਾ ਹੈ।(37)

ਸੋ ਔਰਤ ਨੂੰ ਹਾਸ਼ੀਆ ਗਤ ਕਰਨ ਲਈ ਇਹ ਸਮਾਜ ਜ਼ਿੰਮੇਵਾਰ ਹੈ। ਸਦੀਆਂ ਤੋਂ ਹੀ ਔਰਤ ਦਾ ਸਤੀ ਪ੍ਰਥਾ, ਬਾਲ-ਵਿਆਹ, ਭਰੂਣ ਹੱਤਿਆ ਆਦਿ ਦੇ ਰੂਪ ਵਿਚ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਬੇਸ਼ੱਕ ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਔਰਤ ਆਪਣੇ ਹੱਕਾਂ/ਅਧਿਕਾਰਾਂ ਪ੍ਰਤੀ ਵਧੇਰੇ ਜਾਗਰੂਕ ਹੋ ਗਈ ਹੈ। ਅੱਜ ਵੀ ਲੁਕਵੇਂ ਰੂਪ ਵਿਚ ਔਰਤ ਦਾ ਸ਼ੋਸ਼ਣ ਹੋ ਰਿਹਾ ਹੈ। ਕਾਨੂੰਨੀ ਬੰਦਿਸ਼ਾਂ ਇਸ ਨੂੰ ਰੋਕਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਔਰਤ ਦੀ ਮਨੁੱਖ ਦੇ ਰੂਪ ਪਛਾਣ ਹੋਣ ਲਈ ਹਾਲੇ ਵੀ ਸਮਾਜ ਵਿਚ

ਸਵਾਲੀਆਂ ਚਿੰਨ੍ਹ ਲੱਗਿਆ ਹੋਇਆ ਹੈ । ਥਰਡ ਜੈਂਡਰ ਦੇ ਲੋਕਾਂ ਵੱਲੋਂ ਦੂਜੇ ਜੈਂਡਰ ਬਾਰੇ ਸੋਚਣਾ ਕਿ ਇਹ ਸਾਰਾ ਕੁਝ ਸਮਾਜ ਨੇ ਹੀ ਪੈਦਾ ਕੀਤਾ ਹੈ । ਦੂਜਾ ਜੈਂਡਰ ਵੀ ਸਮਾਜ ਵਿਚ ਆਪਣੀ ਹੋਂਦ ਦਾ ਅਹਿਸਾਸ ਕਰਵਾ ਚੁੱਕਿਆ ਹੈ । ਇਸ ਲਈ ਸਾਨੂੰ ਵੀ ਯਤਨ ਕਰਕੇ ਆਪਣੀ ਹੋਂਦ ਸਮਾਜ ਵਿਚ ਬਣਾਉਣੀ ਪਵੇਗੀ । ਕਾਰਲ ਮਾਰਕਸ ਮਨੁੱਖ ਦੀ ਮੁਕਤੀ ਨੂੰ ਸਮਾਜਿਕ ਪ੍ਰਸਥਿਤੀਆਂਆਂ ਦੇ ਸੁਧਾਰ ਨਾਲ ਜੋੜਦੇ ਹੋਏ ਕਹਿੰਦੇ ਹਨ –

> ਮਨੁੱਖ ਆਪਣਾ ਇਤਿਹਾਸ ਆਪ ਬਣਾਉਂਦੇ ਹਨ, ਪਰ ਆਪਣੇ ਮਨ ਚਾਹੇ ਢੰਗ ਨਾਲ ਨਹੀਂ । ਉਹ ਉਸ ਨੂੰ ਮਨਚਾਹੀਆਂ ਪ੍ਰਸਤਿਥੀਆ ਵਿਚ ਨਹੀਂ, ਸਗੋਂ ਅਜਿਹੀਆਂ ਪ੍ਰਸਥਿਤੀਆਂ ਵਿਚ ਬਣਾਉਂਦੇ ਹਨ ਜੋ ਉਨ੍ਹਾਂ ਨੂੰ ਅਤੀਤ ਤੋਂ ਪ੍ਰਾਪਤ ਅਤੇ ਅਤੀਤ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਦਾ ਉਹਨਾਂ ਨੂੰ ਸਿੱਧੇ-ਅਸਿੱਧੇ ਸਾਹਮਣਾ ਕਰਨਾ ਪੈਂਦਾ ਹੈ ।(ਸਰਲਾ ਮਹੇਸ਼ਵਰੀ'ਨਾਰੀ ਪ੍ਰਸ਼ਨ'48)

ਮਾਰਕਸ ਵਿਚਾਰਧਾਰਾ ਨੇ ਸਮਾਜਿਕ ਸੰਗਠਨ ਦੇ ਬਾਕੀ ਰੂਪਾਂ ਵਾਂਗ ਪਰਿਵਾਰ ਅਤੇ ਲਿੰਗਕ ਸੰਬੰਧਾਂ ਨੂੰ ਉਹਨਾਂ ਦੇ ਇਤਿਹਾਸਕ ਪਰਿਪੇਖ ਤੋਂ ਪੇਸ਼ ਕੀਤਾ । ਪਰਿਵਾਰ ਦਾ ਰੂਪ ਜਾਂ ਔਰਤ-ਮਰਦ ਸੰਬੰਧ ਇਤਿਹਾਸਕ ਪ੍ਰਸਥਿਤੀ ਦੀ ਪੈਦਾਇਸ਼ ਹਨ ਅਤੇ ਨਿਰੰਤਰ ਬਦਲਣ ਯੋਗ ਹਨ । ਇਨ੍ਹਾਂ ਸੰਬੰਧਾਂ 'ਚ ਬਦਲਾਅ ਬੌਧਿਕਤਾ ਜਾਂ ਆਪਣੀ ਇੱਛਾ ਨਾਲ ਨਹੀਂ ਕੀਤਾ ਜਾ ਸਕਦਾ ਸਗੋਂ ਇਹ ਉਤਪਾਦਨ ਪਰਿਵਰਤਨ 'ਤੇ ਨਿਰਭਰ ਕਰਦੇ ਹਨ । ਇਹ ਪਰਿਵਰਤਨ ਪਰੰਪਰਾਵਾ ਨੂੰ ਖ਼ਾਰਜ ਕਰਨ ਲਈ ਕੁਝ ਸੁਚੇਤ ਯਤਨਾਂ ਨਾਲ ਲਿਆਂਦੇ ਜਾ ਸਕਦੇ ਹਨ । ਕਿੰਨਰ ਸਮਾਜ ਦੇ ਆਗੂ ਵੀ ਆਪਣੇ ਸਮਾਜ ਵਿਚ ਪਰਿਵਰਤਨ ਕਰਨ ਲਈ ਪੁਰਾਤਨ ਪਰੰਪਰਾਵਾਂ ਨੂੰ ਤੋੜਨ ਲਈ ਯਤਨਸ਼ੀਲ ਹੈ । ਨਾਵਲ ' ਕੀ ਜਾਣਾ ਮੈਂ ਕੌਣ? ' ਵਿਚ ਦੀ ਨਾਇਕਾਂ ਜੁਗਨੂੰ ਵੀ ਆਪਣੇ ਡੇਰੇ ਦੀ ਪਰੰਪਰਾ ਨੂੰ ਤੋੜ ਕਿੰਨਰ ਵਰਗ ਲਈ ਟੈਕਸਟਾਈਲ ਮਿੱਲ ਖੋਲ੍ਹਣ ਦਾ ਫ਼ੈਸਲਾ ਕਰਦੀ ਹੈ ,ਅਜਿਹੇ ਫ਼ੈਸਲੇ ਕਿੰਨਰ ਵਰਗ ਦੀ ਜਾਗ੍ਰਿਤੀ ਦਾ ਸੰਕੇਤ ਹਨ । ਇਹ ਵਰਗ ਆਪਣੀ ਪਰੰਪਰਾ ਨੂੰ ਤੋੜ ਕੇ ਅੱਗੇ ਵਧਣਾ ਚਾਹੁੰਦਾ ਹੈ । ਕਹਾਣੀ ਵਿਧਾ ਦੇ ਵਿਚ ਰਾਜਨੀਤਿਕ ਪੱਖਾਂ ਨੂੰ ਨਾ ਮਾਤਰ ਹੀ ਪੇਸ਼ ਕੀਤਾ ਗਿਆ ਹੈ । ਕੇਵਲ ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾ ਦਾ ਵੀ ਦਿਲ

ਹੁੰਦਾ ਹੈ ' ਵਿਚ ਸ਼ਾਮਿਲ ਗੁਰਮੀਤ ਕੜਿਆਲਵੀ ਦੀ ਕਹਾਣੀ ' ਵੇ ਸੋਨੇ ਦੇ ਕੰਗਣਾ ' ਵਿਚ ਹੀ ਸੰਕੇਤ ਮਿਲਦੇ ਹਨ ਕਿ ਜਿਹੜੇ ਹੀਜੜੇ ਪੜ੍ਹ ਲਿਖ ਗਏ, ਰਾਜਨੀਤੀ ਵਿਚ ਲੀਡਰ ਬਣੇ, ਕਮੇਟੀਆਂ ਦੀਆਂ ਚੋਣਾਂ ਜਿੱਤ ਗਏ ਆਦਿ। ਇਹ ਲੋਕ ਕਿੰਨਰ ਸਮਾਜ ਦੀਆਂ ਗਹਿਰਾਈਆਂ ਨੂੰ ਨਹੀਂ ਸਮਝ ਸਕਦੇ ਕਿਉਂਕਿ ਸਮੁੱਚਾ ਸਮਾਜ ਨਫ਼ਰਤ ਦੀ ਅੱਗ ਵਿਚ ਸੜ ਰਿਹਾ ਹੈ। ਬੇਸ਼ੱਕ ਅੱਜ ਕਿੰਨਰ ਸਮਾਜ ਦੇ ਬਦਲਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਪਰ ਅਜਿਹੇ ਬਦਲਾਅ ਕੁਝ ਕੁ ਆਗੂਆਂ ਤੱਕ ਸੀਮਤ ਹਨ। ਕਿੰਨਰ ਸਮਾਜ ਦਾ ਅੱਧ ਤੋਂ ਵਧੇਰੇ ਹਿੱਸਾ ਤਾਂ ਉਸੇ ਤਰ੍ਹਾਂ ਇਕ ਬੰਦ ਸਮਾਜ ਵਿਚ ਜ਼ਿੰਦਗੀ ਜੀਣ ਲਈ ਮਜਬੂਰ ਹੈ। ਇਸ ਕਹਾਣੀ ਵਿਚਲਾ ਕਿੰਨਰ ਬਬਲੀ ਦਲੀਲ ਦਿੰਦਾ ਹੈ ਕਿ-

> ਮੈਨੂੰ ਪਤਾ, ਤੂੰ ਵੀ ਕਈ ਹੋਰਾਂ ਵਾਂਗ ਵਕਤ ਜਾਣ ਦੀਆਂ ਗੱਲਾਂ ਕਰੇਂਗਾ। ਹੋ ਰਹੀਆਂ ਨੇ ਐਹੋ ਜਿਹੀਆਂ ਗੱਲਾਂ। ਮੇਰੇ ਵਰਗੇ ਕਈ ਕਮੇਟੀਆਂ ਦੀਆਂ ਚੋਣਾਂ ਵਿਚ ਜਿੱਤ ਗਏ ਨੇ। ਵੱਡੇ ਲੀਡਰ ਬਣ ਕੇ ਅਸੈਂਬਲੀਆਂ ਵਿਚ ਵੀ ਜਾ ਬੈਠੇ ਨੇ ਪਰ ਇਹ ਸਭ ਦਿਲ ਵਿਚ ਉੱਠਦੇ ਜਜ਼ਬਾਤ 'ਤੇ ਪਾਣੀ ਤਾਂ ਨਹੀਂ ਨਾ ਪਾ ਸਕਦੇ।(115)

ਪਾਤਰ ਬਬਲੀ ਦੀ ਗੱਲਬਾਤ ਤੋਂ ਸੰਕੇਤ ਮਿਲਦੇ ਹਨ ਕਿ ਬੇਸ਼ੱਕ ਅੱਜ ਕਿੰਨਰਾਂ ਦੇ ਅਧਿਕਾਰਾਂ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਬਹੁਤ ਸਾਰੇ ਕਿੰਨਰਾਂ ਨੇ ਰਾਜਨੀਤੀ ਵਿਚ ਵੀ ਪ੍ਰਵੇਸ਼ ਕੀਤਾ ਹੈ। ਇੱਥੇ ਸਵਾਲ ਖੜ੍ਹਾ ਹੁੰਦਾ ਹੈ ਕਿ ਬੇਸ਼ੱਕ ਕਿੰਨਰ ਰਾਜਨੀਤੀ ਵਿਚ ਤਾਂ ਪ੍ਰਵੇਸ਼ ਕਰ ਗਏ ਪਰ ਕੀ ਉਹ ਸਮਾਜ ਦੀ ਨਫ਼ਰਤ ਨੂੰ ਘੱਟ ਕਰ ਸਕਣ ਵਿਚ ਕਾਮਯਾਬ ਹੋ ਪਾਏ ਜਾਂ ਨਹੀਂ?

**ਵਿਵਹਾਰਕ ਅਧਿਐਨ**-

ਕਿੰਨਰ ਸਮਾਜ ਦੇ ਲੋਕ ਅੱਗੇ ਹੋ ਕੇ ਆਪਣੇ ਹੱਕਾਂ ਪ੍ਰਤੀ ਲੜ ਰਹੇ ਹਨ। ਜਿਸ ਦਾ ਸੰਕੇਤ ਨਾਵਲ 'ਕੀ ਜਾਣਾ ਮੈਂ ਕੌਣ ?' ਵਿਚ ਪਰਾਇਡ ਵਾਕ ਰਾਹੀਂ ਆਪਣੀ ਹੋਂਦ ਨੂੰ ਸਮਾਜ ਵਿਚ ਦਰਸਾ ਰਿਹਾ ਹੈ। ਇਹ ਵਰਗ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੁਝ ਕਰਨਾ ਚਾਹੁੰਦੇ ਹਨ। ਖੇਤਰੀ ਕਾਰਜ ਦੌਰਾਨ ਕਿੰਨਰਾਂ ਨਾਲ ਹੋਈ ਗੱਲਬਾਤ ਵਿਚੋਂ ਸਪਸ਼ਟ ਹੁੰਦਾ ਹੈ ਕਿ ਬੇਸ਼ੱਕ ਕਾਨੂੰਨ ਨੇ ਕਿੰਨਰਾਂ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ ਹੈ। ਕਾਨੂੰਨੀ ਮਾਨਤਾ ਮਿਲਣ ਦੇ ਨਾਲ ਕੋਈ ਸਾਰੇ ਅਧਿਕਾਰ ਨਹੀਂ ਮਿਲ ਜਾਂਦੇ।

ਕਾਨੂੰਨ ਤਾਂ ਬੜਾ ਕੁਝ ਕਹਿੰਦਾ ਹੈ ਪਰ ਲੋੜ ਹੈ ਸਮਾਜ ਇਸ ਵਰਗ ਨੂੰ ਆਪਣੀ ਸਮਾਜਿਕ ਮਾਨਤਾ ਦੇਵੇ । ਇਸ ਲਈ ਜਾਗਰੂਕਤਾ ਫੈਲਾਉਣ ਦੀ ਲੋੜ ਹੈ । ਸਮਾਜ ਦੇ ਸਮਾਜਿਕ ਕੰਮਾਂ ਵਿਚ ਇਸ ਵਰਗ ਨੂੰ ਸੱਦਿਆ ਜਾਣਾ ਚਾਹੀਦਾ ਹੈ । ਜਿਸ ਤਰ੍ਹਾਂ ਸਮਾਜ ਦੇ ਦੂਸਰੇ ਵਰਗਾਂ ਦਾ ਆਪਸ ਵਿਚ ਵਰਤ-ਵਿਹਾਰ ਹੁੰਦਾ ਹੈ ਤਾਂ ਇਸ ਵਰਗ ਦੀ ਵੀ ਸਮਾਜਿਕ ਕੰਮਾਂ ਦੇ ਵਿਚ ਭਾਗੀਦਾਰੀ ਹੋਣੀ ਚਾਹੀਦੀ ਹੈ । ਸਿੱਖਿਆ ਸੰਸਥਾਵਾਂ ਸਕੂਲਾਂ-ਕਾਲਜਾਂ ਵਿਚ ਇਸ ਵਿਸ਼ੇ ਤੇ ਜਾਗਰੂਕਤਾ ਪ੍ਰੋਗਰਾਮ ਕਰਵਾਉਣੇ ਚਾਹੀਦੇ ਹਨ । ਇਨ੍ਹਾਂ ਪ੍ਰੋਗਰਾਮਾਂ ਦੇ ਵਿਚ ਬਕਾਇਦਾ ਇਸ ਵਰਗ ਨੂੰ ਸੱਦਾ ਦਿੱਤਾ ਜਾਣਾ ਚਾਹੀਦਾ ਹੈ । ਇਸ ਲਈ ਨੌਜਵਾਨ ਪੀੜ੍ਹੀ ਵੀ ਸਮਝ ਸਕੇ ਕਿ ਕਿੰਨਰ ਵੀ ਸਮਾਜ ਦੇ ਆਮ ਨਾਗਰਿਕ ਦੀ ਤਰ੍ਹਾਂ ਹੀ ਹਨ । ਜਦੋਂ ਸਮਾਜ ਦੇ ਲੋਕਾਂ ਵਿਚ ਇਹ ਵਰਗ ਬੈਠੇਗਾ ਤਾਂ ਸਮਾਜ ਦੇ ਵਿਚ ਇਨ੍ਹਾਂ ਦੀ ਭਾਗੀਦਾਰੀ ਵਧੇਗੀ । ਕੋਈ ਵੀ ਇਨ੍ਹਾਂ ਨੂੰ ਦੇਖ ਕੇ ਮਜ਼ਾਕ ਨਹੀਂ ਕਰੇਗਾ । ਸੋ ਸਮਾਜਿਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਰੋਲ ਵੀ ਬਾਖ਼ੂਬੀ ਨਿਭਾ ਸਕਦੀਆਂ ਹਨ । ਜਿੰਨੀਆਂ ਵੀ ਐਨ. ਜੀ. ਓ ਚੱਲਦੀਆਂ ਹਨ ,ਉਹ ਵੀ ਇਸ ਪ੍ਰੋਗਰਾਮ ਵਿਚ ਆਪਣੀਆਂ ਸੇਵਾਵਾਂ ਦੇ ਸਕਦੀਆਂ ਹਨ । ਸੋ ਲੋੜ ਹੈ ਇਸ ਵਰਗ ਨੂੰ ਸਮਾਜਿਕ ਕੰਮਾਂ ਦੇ ਵਿਚ ਬੁਲਾਉਣ ਦੀ ਬੇਸ਼ੱਕ ਸਿਰਫ਼ ਉੱਥੇ ਬੁਲਾ ਕੇ ਪਾਣੀ ਹੀ ਪਿਆ ਦਿੱਤਾ ਜਾਵੇ ਪਰ ਬੁਲਾਉਣਾ ਜ਼ਰੂਰ ਚਾਹੀਦਾ ਹੈ । ਇਸ ਤਰ੍ਹਾਂ ਸਮਾਜ ਨਾਲ ਸਾਂਝ ਪੈਦਾ ਹੋਵੇਗੀ । ਸਮਾਜਿਕ ਕੰਮਾਂ ਵਿਚ ਦੇਖ ਕੇ ਲੋਕ ਇਸ ਵਰਗ ਨੂੰ ਓਪਰਾ ਨਹੀਂ ਸਮਝਣਗੇ ।

ਸੋ ਕਿੰਨਰ ਵਰਗ ਥਰਡ-ਜੈਂਡਰ ਵਜੋਂ ਮਾਨਤਾ ਲੈਣ ਤੋਂ ਬਾਅਦ ਸਮਾਜਿਕ ਮਾਨਤਾ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਿਹਾ ਹੈ । ਇਸ ਵਰਗ ਦੇ ਆਗੂ ਇਸ ਕੰਮ ਵਿਚ ਲੱਗੇ ਹੋਏ ਹਨ । ਜਿਹੜੇ ਕਿੰਨਰ ਪੜ੍ਹੇ-ਲਿਖੇ ਹਨ, ਉਹ ਤਾਂ ਆਪਣੇ ਅਧਿਕਾਰਾਂ ਤੋਂ ਜਾਗਰੂਕ ਹਨ । ਬਾਕੀ ਅਨਪੜ੍ਹ-ਕਿੰਨਰ ਆਪਣੇ ਹੱਕਾਂ ਲਈ ਜਾਗਰੂਕ ਨਹੀਂ ਹਨ । ਸਮਾਜ ਵਿਚ ਜਾਗਰੂਕਤਾ ਕਾਰਨ ਹੀ ਇਸ ਵਰਗ ਨੂੰ ਸਮਾਜਿਕ ਮਾਨਤਾ ਮਿਲ ਸਕਦੀ ਹੈ । ਖੇਤਰੀ ਕਾਰਜ ਦੌਰਾਨ ਇਹ ਪੱਖ ਸਾਹਮਣੇ ਆਇਆ ਕਿ ਬਹੁਤੇ ਕਿੰਨਰਾਂ ਦੀ ਵੋਟ ਹੀ ਨਹੀਂ ਬਣੀ ਹੋਈ । ਇਸ ਵਰਗ ਦੇ ਅਧਿਕਾਰ ਪ੍ਰਾਪਤ ਕਰਨ ਦੀਆਂ ਸਫਲਤਾਵਾਂ ਤਾਂ ਉਂਗਲਾਂ ਤੇ ਗਿਣੀਆਂ ਜਾ ਸਕਦੀਆਂ ਹਨ । ਅੱਜ 21ਵੀ ਸਦੀ ਦੇ ਵਿਚ ਵੀ ਕਿੰਨਰਾਂ ਨੂੰ ਆਪਣੇ ਮੌਲਿਕ ਅਧਿਕਾਰ ਨਹੀਂ ਮਿਲ ਰਹੇ ।

ਸੰਯੁਕਤ ਰਾਸ਼ਟਰ ਸੰਘ(ਯੂਐਨਓ) ਦੀ ਜਨਰਲ ਅਸੈਂਬਲੀ ਵੱਲੋਂ 10 ਦਸੰਬਰ 1948 ਨੂੰ ਮਤਾ ਪਾਸ ਕੀਤਾ ਮਨੁੱਖੀ ਅਧਿਕਾਰਾਂ ਦਾ ਸਰਵਵਿਆਪਕ ਐਲਾਨਨਾਮਾ ਸਾਰੇ ਦੇਸ਼ਾਂ ਅਤੇ ਲੋਕਾਂ ਲਈ ਮਨੁੱਖੀ ਅਧਿਕਾਰਾਂ ਦੀ ਹਾਲਤ ਦਾ ਅਨੁਮਾਨ ਲਗਾਉਣ ਲਈ ਸਾਂਝਾ ਮਿਆਰ ਹੈ । ਹਰ ਮਨੁੱਖ , ਸਮਾਜ ਦੇ ਹਰ ਅੰਗ ਅਤੇ ਮੈਂਬਰਾਂ ਤੋਂ ਇਸ ਐਲਾਨਨਾਮਾ ਉੱਤੇ ਅਮਲ ਕਰਨ ਦੀ ਉਮੀਦ ਰੱਖੀ ਜਾਂਦੀ ਹੈ । ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਸਾਰੇ ਮਨੁੱਖ ਜਨਮ ਤੋਂ ਅਜ਼ਾਦ ਪੈਦਾ ਹੁੰਦੇ ਹਨ ਅਤੇ ਉਹ ਸਨਮਾਨ ਤੇ ਹੱਕਾਂ ਪੱਖੋਂ ਬਰਾਬਰ ਹਨ । ਉਨ੍ਹਾਂ ਨੂੰ ਤਰਕ ਤੇ ਜ਼ਮੀਰ ਦੀ ਬਖ਼ਸ਼ਿਸ਼ ਹੋਈ ਹੈ ਅਤੇ ਇਕ ਦੂਸਰੇ ਨਾਲ ਭਾਈਚਾਰਕ ਮਨੋਭਾਵਾਂ ਨਾਲ ਪੇਸ਼ ਆਉਣਾ ਚਾਹੀਦਾ ਹੈ । ਹਰ ਮਨੁੱਖ ਨਸਲ, ਰੰਗ, ਲਿੰਗ, ਬੋਲੀ, ਧਰਮ, ਰਾਜਨੀਤਿਕ ਜਾਂ ਹੋਰ ਕੋਈ ਕੌਮੀ ਜਾਂ ਸਮਾਜੀ ਉਤਪਤੀ, ਜਾਇਦਾਦ, ਜਨਮ ਜਾਂ ਕਿਸੇ ਹੋਰ ਰੁਤਬੇ ਦੇ ਭੇਦਭਾਵ ਤੋਂ ਬਿਨਾਂ ਇਨ੍ਹਾਂ ਅਧਿਕਾਰਾਂ ਦਾ ਹੱਕਦਾਰ ਹੈ । ਹਰ ਆਦਮੀ ਆਪਣਾ ਜਿਊਣ, ਅਜ਼ਾਦੀ ਅਤੇ ਆਪਣੀ ਸੁਰੱਖਿਆ ਦਾ ਅਧਿਕਾਰ ਰੱਖਦਾ ਹੈ । ਕਾਨੂੰਨ ਦੇ ਸਾਹਮਣੇ ਸਾਰੇ ਮਨੁੱਖ ਬਰਾਬਰ ਹਨ ਅਤੇ ਕਿਸੇ ਨਾਲ ਭੇਦਭਾਵ ਨਹੀਂ ਕੀਤਾ ਜਾ ਸਕਦਾ । ਇਸ ਐਲਾਨਨਾਮੇ ਨੂੰ ਮੀਲ ਪੱਥਰ ਮੰਨਦਿਆਂ 10 ਦਸੰਬਰ ਨੂੰ ਦੁਨੀਆ ਭਰ ਵਿਚ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਇਆ ਜਾਂਦਾ ਹੈ ।

ਜੇਕਰ ਕਿੰਨਰ ਸਮਾਜ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰੀਏ ਤਾਂ ਇਹ ਸਮਾਜ ਅੱਜ 21ਵੀ ਸਦੀ ਵਿਚ ਵੀ ਆਪਣੇ ਰਾਜਨੀਤਿਕ ਅਧਿਕਾਰਾਂ ਤੋਂ ਵਾਂਝਾ ਹੈ। ਕਿੰਨਰਾਂ ਦੇ ਮਨੁੱਖੀ ਹੱਕਾਂ ਦੀ ਤਾਂ ਉਹ ਗੱਲ ਹੈ ' ਜਿਸ ਤਨ ਲੱਗੀਆਂ , ਸੋ ਤਨ ਜਾਣੇ---' ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿਚ ਕਿੰਨਰਾਂ ਦੀ ਹਾਲਤ ਅਸਾਵੀਂ ਹੈ । ਬੇਸ਼ੱਕ 1994 'ਚ ਕਿੰਨਰਾਂ ਨੂੰ ਪਹਿਲੀ ਵਾਰ ਵੋਟ ਪਾਉਣ ਦਾ ਹੱਕ ਮਿਲਿਆ । 1998 'ਚ ਮੱਧ ਪ੍ਰਦੇਸ਼ ਦੀ ਸੁਹਾਗਪੁਰ ਵਿਧਾਨ ਸਭਾ ਤੋਂ ਸ਼ਬਨਮ ਮੌਸੀ ਨੇ ਚੋਣ ਲੜੀ । ਉਹ 18 ਵੋਟਾਂ ਨਾਲ ਜਿੱਤੀ । ਲੋਕ ਸਭਾ 2019 ਦੀਆਂ ਚੋਣਾਂ 'ਚ ਕਿੰਨਰ ਸਮਾਜ ਪਹਿਲੀ ਵਾਰ ਆਪਣੀ ਪਹਿਚਾਣ ਦੇ ਅਧਾਰ ਤੇ ਮਤਦਾਨ ਕੀਤਾ । ਇਹ ਪਹਿਚਾਣ ਮਿਲਣ ਤੇ ਕਿੰਨਰ ਭਾਈਚਾਰੇ ਦੇ ਲੋਕਾਂ 'ਚ ਖ਼ੁਸ਼ੀ ਦੀ ਲਹਿਰ ਦੌੜ ਰਹੀ ਹੈ । ਉਮੀਦ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਵੀ ਕਿੰਨਰ ਸਮਾਜ ਦੇ ਅਧਿਕਾਰਾਂ ਨੂੰ ਸਮਾਨਤਾ ਮਿਲਣ ਵਿਚ ਵਾਧਾ ਹੋਵੇਗਾ । ਚੰਡੀਗੜ੍ਹ ਵਿਚ 19 ਮਈ ਨੂੰ ਲੋਕ ਸਭਾ ਚੋਣਾਂ ਵਿਚ 30 ਟ੍ਰਾਂਸਜੈਂਡਰ ਨੇ ਮਤਦਾਨ ਕੀਤਾ ।

2014 ਨੂੰ ਸੁਪਰੀਮ ਕੋਰਟ ਨੇ ਫ਼ੈਸਲਾ ਸੁਣਾਇਆ ਸੀ ਕਿ ਟ੍ਰਾਂਸਜੈਂਡਰ ਨੂੰ ਪੁਰਸ਼ ਜਾਂ ਮਹਿਲਾ ਦੇ ਸਮਾਨ ਅਧਿਕਾਰ ਦਿੱਤੇ ਜਾਣਗੇ ਅਤੇ ਛੇ ਮਹੀਨੇ ਦੇ ਅੰਦਰ ਚੋਣਾਂ ਹੋਣ ਕਾਰਨ ਉਸ ਸਮੇਂ ਟ੍ਰਾਂਸਜੈਂਡਰਾਂ ਨੂੰ ਆਪਣੀ ਪਹਿਚਾਣ ਦੇ ਨਾਲ ਮਤਦਾਨ ਕਰਨ ਦਾ ਅਧਿਕਾਰ ਨਹੀਂ ਮਿਲਿਆ। ਇਸ ਲਈ ਉਨ੍ਹਾਂ ਨੂੰ ਮਹਿਲਾਂ ਮਤਦਾਨ ਦੀ ਪਹਿਚਾਣ ਵਜੋਂ ਮਤਦਾਨ ਕਰਨਾ ਪਿਆ ਸੀ , ਪਰੰਤੂ ਬਾਅਦ ਵਿਚ ਇਸ ਫ਼ੈਸਲੇ ਨੂੰ ਲਾਗੂ ਕੀਤਾ ਗਿਆ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਸੰਬੰਧੀ ਕਿੰਨਰਾਂ ਦੀ ਪ੍ਰਤੀਕਿਰਿਆ ਨੂੰ ਪੇਸ਼ ਕਰਦੀ ਅਮਰ ਉਜਾਲਾ ਦੀ 16 ਮਈ 2019 ਦੀ ਇਕ ਖ਼ਬਰ ਦੇਖੀ ਜਾ ਸਕਦੀ ਹੈ। ਜਿਸ ਅਨੁਸਾਰ ਇਸ ਮੌਕੇ ਮੰਗਲ ਮੁਖੀ ਟ੍ਰਾਂਸਜੈਂਡਰ ਸਮਾਜ ਦੀ ਡਾਇਰੈਕਟਰ ਕਾਜਲ ਮੰਗਲ ਮੁਖੀ ਨੇ ਦੱਸਿਆ ਕਿ ਪਹਿਲੇ ਤਿੰਨ ਲੋਕ ਸਭਾ ਚੋਣਾਂ ਵਿਚ ਉਹ ਮਹਿਲਾਂ ਵੋਟਰ ਦੇ ਤੌਰ 'ਤੇ ਆਪਣੀ ਵੋਟ ਦੇ ਚੁੱਕੀ ਹੈ। ਇਸ ਵਾਰ ਵਿਚ ਪਹਿਲੀ ਵਾਰ ਟ੍ਰਾਂਸਜੈਂਡਰ ਬਣ ਕੇ ਵੋਟ ਦੇ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਹ ਅਜਿਹੀ ਸੰਸਦ ਚਾਹੁੰਦੀ ਹੈ ਜੋ ਸਾਰੇ ਟ੍ਰਾਂਸਜੈਂਡਰ ਦੇ ਬਾਰੇ ਸਮਾਨ ਸੋਚ ਰੱਖੇ ਅਤੇ ਸਭ ਦੀ ਭਲਾਈ ਦੇ ਲਈ ਕੰਮ ਕਰੇ। ਇਸ ਮੌਕੇ ਪੰਜਾਬ ਦੀ ਯੂਨੀਵਰਸਿਟੀ ਦੇ ਪਹਿਲੇ ਟ੍ਰਾਂਸਜੈਂਡਰ ਵਿਦਿਆਰਥੀ ਧੰਨਜੇ ਮੰਗਲ ਮੁਖੀ ਨੇ ਦੱਸਿਆ ਕਿ ਟ੍ਰਾਂਸਜੈਂਡਰ ਦੇ ਕੋਲ ਹੁਣ ਤੱਕ ਅਧਿਕਾਰ ਨਹੀਂ ਸੀ। ਉਹ ਆਪਣੇ-ਆਪ ਨੂੰ ਆਮ ਲੋਕਾਂ ਤੋਂ ਅਲੱਗ ਸਮਝਦੀ ਸੀ। ਉਸ ਨੇ ਦੱਸਿਆ ਕਿ ਉਹ ਇਸ ਦੇਸ਼ ਦੇ ਨਾਗਰਿਕ ਨਹੀਂ ਹੈ। ਅਸਲ 'ਚ 2014 ਤੋਂ ਬਾਅਦ ਹਲਾਤ ਬਦਲੇ ਤਾਂ ਬਹੁਤ ਸਾਰੇ ਲੋਕ ਆਪਣੀ ਪਹਿਚਾਣ ਉਜਾਗਰ ਕਰਨ ਲੱਗੇ ਅਤੇ ਆਪਣੇ ਅਧਿਕਾਰਾਂ ਦੇ ਲਈ ਲੜਨ ਲੱਗੇ , ਫਿਰ ਲੜਾਈ ਚਾਹੇ ਪੜਾਈ ਦੀ ਹੋਵੇ ਜਾਂ ਮੈਡੀਕਲ ਸਹੂਲਤ ਦੀ। ਉਸ ਨੇ ਦੱਸਿਆਂ ਕਿ ਇਸ ਤਰ੍ਹਾਂ ਦਾ ਸੰਸਦ ਹੋਵੇ ਜੋ ਲਾਈਨ ਵਿਚ ਅੱਗੇ ਬੈਠਣ ਵਾਲੇ ਦੇ ਬਾਰੇ ਸੋਚਣ ਦੀ ਬਜਾਏ ਅੰਤ ਵਿਚ ਖੜੇ ਹੋਣ ਵਾਲੇ ਲੋਕਾਂ ਦੇ ਬਾਰੇ ਵੀ ਸੋਚੇ।'(3)

ਸੁਪਰੀਮ ਕੋਰਟ ਦੇ ਫ਼ੈਸਲੇ ਲਾਗੂ ਹੋਣ ਉਪਰੰਤ ਹੀ ਇਸ ਸਮਾਜ ਵਿਚ ਵੋਟ ਦੇ ਅਧਿਕਾਰ ਸੰਬੰਧੀ ਚੇਤੰਨਤਾ ਅਲਪ ਹੈ। ਸੋ ਇਨ੍ਹਾਂ ਨੂੰ ਵੀ ਵੋਟਾਂ ਬਣਾਉਣ ਦੇ ਲਈ ਅਤੇ ਮਤਦਾਨ ਕਰਨ ਲਈ ਵਿਸ਼ੇਸ਼ ਰੈਲੀਆਂ ਅਤੇ ਮੁਹਿੰਮਾਂ ਦੇ ਤਹਿਤ ਜਾਗਰਿਤ ਕਰਨਾ ਚਾਹੀਦਾ ਹੈ। ਅਜਿਹੇ ਯਤਨ ਚੋਣ ਆਯੋਗ ਦੇ ਅਧਿਕਾਰੀਆਂ ਦੁਆਰਾ ਕੀਤੇ ਗਏ ਹਨ। ਰੋਜ਼ਾਨਾ ਪੰਜਾਬੀ ਟ੍ਰਿਬਿਊਨ ਦੀ 6 ਜਨਵਰੀ 2019 ਦੀ ਇਕ ਖ਼ਬਰ ਵਿਚ

ਵਿਅਕਤ ਕੀਤਾ ਗਿਆ ਹੈ ਕਿ ਲੋਕ-ਸਭਾ 2019 ਦੀਆਂ ਚੋਣਾਂ ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀਈਓ)ਡਾ. ਐੱਸ .ਕਰੁਨਾ ਰਾਜੂ ਨੇ ' ਹਰੇਕ ਯੋਗ ਵਿਅਕਤੀ ਵੋਟਰ ਬਣੇ ' ਪ੍ਰੋਗਰਾਮ ਤਹਿਤ ਇੱਥੇ ਰਾਜ ਦੇ ਕਿੰਨਰ ਸਮਾਜ ਦੇ ਆਗੂਆਂ ਨਾਲ ਮੀਟਿੰਗ ਕੀਤੀ । ਡਾ. ਰਾਜੂ ਨੇ ਕਿੰਨਰਾਂ ਨੂੰ ਅਪੀਲ ਕੀਤੀ ਕਿ ਉਹ ਕਿੰਨਰ ਸਮਾਜ ਦੇ ਹਰੇਕ 18 ਸਾਲ ਜਾਂ ਉਸ ਤੋਂ ਉੱਪਰ ਦੇ ਵਿਅਕਤੀ ਨੂੰ ਵੋਟ ਬਣਾਉਣ ਅਤੇ ਪਾਉਣ ਲਈ ਉਤਸ਼ਾਹਿਤ ਕਰਨ । ਇਸ ਕੰਮ ਲਈ ਚੋਣ ਕਮਿਸ਼ਨ ਵੱਲੋਂ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਵੇਗੀ । ਉਨ੍ਹਾਂ ਨੇ ਮੀਟਿੰਗ ਵਿਚ ਹਾਜ਼ਰ ਮਨਸਾ ਫਾਊਂਡੇਸ਼ਨ ਵੈੱਲਫੇਅਰ ਸੁਸਾਇਟੀ ਦੇ ਆਗੂ ਅਤੇ ਕੌਮੀ ਲੋਕ ਅਦਾਲਤ ਦੀ ਪਹਿਲੀ ਕਿੰਨਰ ਮੈਂਬਰ ਮੋਹਿਨੀ ਮਹੰਤ ਨੂੰ ਅਪੀਲ ਕੀਤੀ ਕਿ ਉਹ ਆਪਣੀ ਸੰਸਥਾ ਨਾਲ ਜੁੜੇ ਸਾਰੇ ਮੈਂਬਰਾਂ ਨੂੰ ਵੋਟ ਬਣਾਉਣ ਅਤੇ ਵੋਟ ਪਾਉਣ ਲਈ ਪ੍ਰੇਰਿਤ ਕਰਨ । ਅਜਿਹਾ ਨਾ ਹੋਣ ਦੇ ਕਾਰਨਾਂ ਅਤੇ ਸਮਾਧਾਨ ਸੰਬੰਧੀ ਮਹੰਤ ਮੋਨਾ ਦੇ ਵਿਚਾਰ ਹਨ, ਕਿ ਬਹੁਤੇ ਕਿੰਨਰਾਂ ਦੇ ਸਥਾਈ ਪਤੇ ਨਹੀਂ ਅਤੇ ਨਾ ਹੀ ਉਨ੍ਹਾਂ ਕੋਲ ਰਿਹਾਇਸ਼ੀ ਸਬੂਤ ਹੈ । ਇਸ ਕਰਕੇ ਉਨ੍ਹਾਂ ਦਾ ਨਾਮ ਵੋਟਰ ਸੂਚੀ ਵਿਚ ਸ਼ਾਮਲ ਹੀ ਨਹੀਂ ਹੋ ਸਕਦਾ । ਇਸ ਦੇ ਜਵਾਬ ਵਿਚ ਡਾ. ਰਾਜੂ ਨੇ ਕਿਹਾ ਕਿ ਰਜਿਸਟ੍ਰੇਸ਼ਨ ਵਾਸਤੇ ਸੰਬੰਧਿਤ ਡੇਰਾ ਦਾ ਸਰਟੀਫਿਕੇਟ ਜਾ ਸੰਬੰਧਿਤ ਵਿਅਕਤੀ ਦਾ ਸਵੈ-ਘੋਸ਼ਣਾ ਪੱਤਰ ਵੀ ਵਰਤਿਆ ਜਾ ਸਕਦਾ ਹੈ । ਉਨ੍ਹਾਂ ਕਿਹਾ ਕਿ ਇਸ ਬਾਰੇ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖਿਆ ਜਾਵੇਗਾ ਤਾਂ ਕਿ 2019 ਦੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸਮੀਖਿਆ ਦੀ 'ਕੰਟੀਨਿਉਸ਼ੇਨ ਅਪਡੇਸ਼ਨ ' ਪ੍ਰਕਿਰਿਆ ਵਿਚ ਵੋਟ ਬਣਾਉਣ ਤੋਂ ਰਹਿ ਗਏ ਕਿੰਨਰ ਸਮਾਜ ਦੇ ਮੈਂਬਰਾਂ ਦੀ ਵੀ ਵੋਟ ਬਣ ਸਕੇ ।(4 )

ਕਿੰਨਰ ਭਾਈਚਾਰੇ ਲਈ ਇਹ ਸ਼ੁੱਭ ਸੰਕੇਤ ਹੈ ਕਿ ਚੋਣ ਅਧਿਕਾਰੀਆਂ ਨੇ ਉਨ੍ਹਾਂ ਦੀਆਂ ਵੋਟਾਂ ਨੂੰ ਬਣਾਉਣ ਵਿਚ ਦਿਲਚਸਪੀ ਦਿਖਾਈ । ਭਵਿੱਖ ਵਿਚ ਆਸ ਕੀਤੀ ਜਾ ਸਕਦੀ ਹੈ ਕਿ ਕਿੰਨਰ ਸਮਾਜ ਨੂੰ ਰਾਜਨੀਤਿਕ ਸਹੂਲਤਾਂ ਮਿਲ ਸਕਣਗੀਆਂ । ਅਸਲ 'ਚ ਕਿੰਨਰ ਭਾਈਚਾਰੇ ਦੀ ਗਿਣਤੀ ਤਾਂ ਜ਼ਿਆਦਾ ਹੈ ਪਰ ਉਨ੍ਹਾਂ ਦੀਆਂ ਵੋਟਾਂ ਦਾ ਰਿਕਾਰਡ ਵੋਟਰ ਸੂਚੀਆਂ ਵਿਚ ਘੱਟ ਦਰਜ ਹੈ । ਇਸ ਪ੍ਰਤੀ ਕਿੰਨਰ ਭਾਈਚਾਰਾ ਵੀ ਜ਼ਿੰਮੇਵਾਰ ਹੋ ਸਕਦਾ ਹੈ, ਕਿਉਂਕਿ ਉਨ੍ਹਾਂ ਨੇ ਵੀ ਕਦੇ ਵੋਟ ਬਣਾਉਣ ਤੇ ਮਤਦਾਨ ਕਰਨ ਵਿਚ ਦਿਲਚਸਪੀ ਨਹੀਂ ਦਿਖਾਈ । ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਵੀ ਕਦੇ ਉਨ੍ਹਾਂ ਦੇ ਡੇਰਿਆਂ ਤੱਕ

ਪਹੁੰਚਣ ਦਾ ਉਪਰਾਲਾ ਨਹੀਂ ਕੀਤਾ । ਹੁਣ ਤੱਕ ਕਿੰਨਰ ਭਾਈਚਾਰੇ ਦੀਆਂ ਜੋ ਵੋਟਾਂ ਦਾ ਰਿਕਾਰਡ ਮਿਲਦਾ ਹੈ, ਭਾਵ ਜੋ ਵੋਟਾਂ ਪੰਜਾਬ ਦੇ ਵਿਧਾਨ ਸਭਾ ਹਲਕਿਆਂ ਵਿਚ ਰਜਿਸਟਰ ਕੀਤੀਆਂ ਗਈਆਂ ਹਨ । ਆਰ ਟੀ ਆਈ 2005 ਦੇ ਤਹਿਤ ਦਫ਼ਤਰ ਮੁੱਖ ਚੋਣ ਅਫ਼ਸਰ ਪੰਜਾਬ ਤੋਂ ਇਹ ਜਾਣਕਾਰੀ ਲਈ ਗਈ ਕਿ ਪੰਜਾਬ ਵਿਚ ਕਿੰਨੇ ਕਿੰਨਰਾਂ ਦੀ ਵੋਟ ਰਜਿਸਟਰਡ ਹੋਈ ਹੈ । ਦਫ਼ਤਰ ਵੱਲੋਂ ਪੱਤਰ ਨੰ.7269 ਦੇ ਤਹਿਤ ਸਾਰੀ ਸੂਚਨਾ ਦਿੱਤੀ ਗਈ ਹੈ। ਉਸ ਅਨੁਸਾਰ -

| ਕ੍ਰਮਵਾਰ ਗਿਣਤੀ | ਵਿਧਾਨਸਭਾ ਹਲਕਾ | ਮਰਦ | ਔਰਤ | ਥਰਡ ਜੈਂਡਰ | ਕੁੱਲ ਗਿਣਤੀ |
|---|---|---|---|---|---|
| 1 | ਸੁਜਾਨਪੁਰ | 87468 | 77859 | 7 | 165334 |
| 2 | ਭੋਆ | 94242 | 85012 | 0 | 179254 |
| 3 | ਪਠਾਨਕੋਟ | 78077 | 71570 | 4 | 149651 |
| 4 | ਗੁਰਦਾਸਪੁਰ | 86175 | 78200 | 4 | 164379 |
| 5 | ਦੀਨਾਨਗਰ | 99448 | 89917 | 9 | 189374 |
| 6 | ਕਾਦੀਆ | 94767 | 84352 | 6 | 179125 |
| 7 | ਬਟਾਲਾ | 97702 | 85948 | 3 | 183653 |
| 8 | ਸ਼੍ਰੀ ਹਰਗੋਬਿੰਦਪੁਰ | 92822 | 83734 | 0 | 176556 |
| 9 | ਫ਼ਤਿਹਗੜ੍ਹ ਚੂੜੀਆਂ | 90414 | 82306 | 3 | 172723 |

| | | | | | |
|---|---|---|---|---|---|
| 10 | ਡੇਰਾ ਬਾਬਾ ਨਾਨਕ | 99370 | 89915 | 8 | 189293 |
| 11 | ਅਜਨਾਲਾ | 80044 | 72605 | 1 | 152650 |
| 12 | ਰਾਜਾ ਝਾਂਸੀ | 90372 | 81190 | 10 | 171572 |
| 13 | ਮਜੀਠਾ | 84518 | 77696 | 5 | 162219 |
| 14 | ਜੰਡਿਆਲਾ | 92504 | 81379 | 1 | 173884 |
| 15 | ਅੰਮ੍ਰਿਤਸਰ ਉੱਤਰ | 95221 | 87133 | 10 | 182364 |
| 16 | ਅੰਮ੍ਰਿਤਸਰ ਪੱਛਮ | 103255 | 91047 | 9 | 194311 |
| 17 | ਅੰਮ੍ਰਿਤਸਰ ਸੈਂਟਰਲ | 74158 | 64303 | 9 | 138470 |
| 18 | ਅੰਮ੍ਰਿਤਸਰ ਪੂਰਬ | 86395 | 75834 | 1 | 162230 |
| 19 | ਅੰਮ੍ਰਿਤਸਰ ਦੱਖਣ | 82934 | 72609 | 3 | 155546 |
| 20 | ਅਟਾਰੀ | 97950 | 83618 | 10 | 181578 |
| 21 | ਤਰਨਤਾਰਨ | 99434 | 90516 | 5 | 189955 |
| 22 | ਖੇਮ ਕਰਨ | 106366 | 96522 | 6 | 202894 |
| 23 | ਪੱਟੀ | 101393 | 92385 | 11 | 193789 |
| 24 | ਖਡੂਰ ਸਾਹਿਬ | 104114 | 92921 | 8 | 197043 |

| | | | | | |
|---|---|---|---|---|---|
| 25 | ਬਾਬਾ ਬਕਾਲਾ | 101194 | 93363 | 14 | 194571 |
| 26 | ਵਲਟੋਹਾ | 68734 | 66892 | 2 | 135628 |
| 27 | ਕਪੂਰਥਲਾ | 75608 | 68612 | 20 | 14420 |
| 28 | ਸੁਲਤਾਨਪੁਰ ਲੋਧੀ | 77129 | 68465 | 3 | 145597 |
| 29 | ਫਗਵਾੜਾ | 97334 | 87488 | 7 | 184829 |
| 30 | ਫਿਲੋਰ | 104689 | 97019 | 4 | 201712 |
| 31 | ਨਕੋਦਰ | 98632 | 91804 | 0 | 190436 |
| 32 | ਸ਼ਾਹਕੋਟ | 91795 | 86433 | 3 | 178231 |
| 33 | ਕਰਤਾਰਪੁਰ | 92746 | 85129 | 2 | 177877 |
| 34 | ਜਲੰਧਰ ਪੱਛਮ | 85476 | 77500 | 3 | 162979 |
| 35 | ਜਲੰਧਰ ਸੈਂਟਰਲ | 86182 | 79814 | 6 | 166002 |
| 36 | ਜਲੰਧਰ ਉੱਤਰ | 96764 | 87091 | 0 | 183855 |
| 37 | ਜਲੰਧਰ ਕੈਂਟ | 100510 | 89790 | 2 | 190302 |
| 38 | ਆਦਮਪੁਰ | 85051 | 78726 | 0 | 163777 |
| 39 | ਮੁਕੇਰੀਆਂ | 99857 | 95637 | 9 | 195503 |
| 40 | ਦਸੂਹਾ | 98010 | 93749 | 3 | 191762 |

| | | | | | |
|---|---|---|---|---|---|
| 41 | ਉੜਮੜ | 89662 | 88054 | 1 | 177747 |
| 42 | ਸ਼ਾਮ ਚੁਰਾਸੀ | 89657 | 84613 | 3 | 174273 |
| 43 | ਹੁਸ਼ਿਆਰਪੁਰ | 95033 | 87797 | 5 | 182835 |
| 44 | ਚੱਬੇ ਵਾਲ | 83359 | 77126 | 0 | 160485 |
| 45 | ਗੜ੍ਹਸ਼ੰਕਰ | 89629 | 82512 | 6 | 172147 |
| 46 | ਬੰਗਾ | 84787 | 80372 | 4 | 165163 |
| 47 | ਨਵਾਂ ਸ਼ਹਿਰ | 88498 | 84592 | 9 | 173099 |
| 48 | ਬਲਾਚੌਰ | 79303 | 72993 | 5 | 152301 |
| 49 | ਅਨੰਦਪੁਰ ਸਾਹਿਬ | 97526 | 91073 | 4 | 188603 |
| 50 | ਰੂਪਨਗਰ | 92354 | 84583 | 4 | 176941 |
| 51 | ਚਮਕੌਰ ਸਾਹਿਬ | 102988 | 90829 | 2 | 193819 |
| 52 | ਖਰੜ | 127816 | 114708 | 6 | 242530 |
| 53 | ਐੱਸ.ਏ. ਐੱਸ.ਨਗਰ | 117877 | 107451 | 2 | 225330 |
| 54 | ਬੱਸੀ ਪਠਾਣ | 78145 | 69684 | 4 | 147833 |
| 55 | ਫ਼ਤਿਹਗੜ੍ਹ ਸਾਹਿਬ | 81435 | 73729 | 2 | 155166 |

| | | | | | |
|---|---|---|---|---|---|
| 56 | ਅਮਲੋਹ | 73626 | 65856 | 3 | 139485 |
| 57 | ਖੰਨਾ | 86464 | 77554 | 2 | 164020 |
| 58 | ਸਮਰਾਲਾ | 90216 | 80862 | 5 | 171083 |
| 59 | ਸਾਹਨੇਵਾਲ | 132049 | 110946 | 10 | 243005 |
| 60 | ਲੁਧਿਆਣਾ ਪੂਰਬ | 108409 | 89228 | 22 | 197659 |
| 61 | ਲੁਧਿਆਣਾ ਦੱਖਣ | 96127 | 71099 | 6 | 167232 |
| 62 | ਲੁਧਿਆਣਾ ਸੈਂਟਰਲ | 82003 | 71003 | 5 | 153011 |
| 63 | ਲੁਧਿਆਣਾ ਪੱਛਮ | 94870 | 88017 | 9 | 182896 |
| 64 | ਲੁਧਿਆਣਾ ਉੱਤਰ | 102592 | 90036 | 9 | 192637 |
| 65 | ਗਿੱਲ | 137064 | 121118 | 9 | 258191 |
| 66 | ਪਾਇਲ | 86331 | 76525 | 3 | 162859 |
| 67 | ਦਾਖਾ | 97343 | 86962 | 1 | 184306 |
| 68 | ਰਾਏਕੋਟ | 81518 | 72010 | 0 | 153528 |
| 69 | ਜਗਰਾਉਂ | 95673 | 84071 | 2 | 179746 |
| 70 | ਨਿਹਾਲ ਸਿੰਘ ਵਾਲਾ | 105357 | 91658 | 4 | 197019 |


| | | | | | |
|---|---|---|---|---|---|
| 71 | ਬਾਘਾ ਪੁਰਾਣਾ | 91923 | 79919 | 5 | 171217 |
| 72 | ਮੋਗਾ | 105087 | 93908 | 4 | 198999 |
| 73 | ਧਰਮਕੋਟ | 94206 | 83716 | 3 | 177925 |
| 74 | ਜੀਰਾ | 96768 | 86446 | 5 | 183219 |
| 75 | ਫ਼ਿਰੋਜ਼ਪੁਰ ਸਿਟੀ | 103217 | 80105 | 7 | 183329 |
| 76 | ਫ਼ਿਰੋਜ਼ਪੁਰ ਰੂਲਰ | 99419 | 89857 | 3 | 189279 |
| 77 | ਗੁਰੂ ਹਰਸਹਾਏ | 84936 | 78587 | 5 | 163528 |
| 78 | ਜਲਾਲਾਬਾਦ | 106567 | 97583 | 4 | 204154 |
| 79 | ਫ਼ਾਜ਼ਿਲਕਾ | 90598 | 81611 | 2 | 172211 |
| 80 | ਅਬੋਹਰ | 90385 | 78117 | 6 | 168508 |
| 81 | ਬੱਲੂਆਣਾ | 96205 | 82442 | 2 | 178649 |
| 82 | ਲੰਬੀ | 84069 | 76503 | 0 | 160572 |
| 83 | ਗਿੱਦੜਬਾਹਾ | 84854 | 77514 | 6 | 162374 |
| 84 | ਮਲੋਟ | 91299 | 80458 | 4 | 171761 |
| 85 | ਮੁਕਤਸਰ | 95884 | 86537 | 2 | 182423 |
| 86 | ਫ਼ਰੀਦਕੋਟ | 84026 | 77034 | 3 | 161063 |

| | | | | | |
|---|---|---|---|---|---|
| 87 | ਕੋਟਕਪੂਰਾ | 82697 | 73217 | 6 | 155920 |
| 88 | ਜੈਤੋ | 78495 | 69459 | 2 | 147956 |
| 89 | ਰਾਮਪੁਰਾ ਫੂਲ | 86126 | 77113 | 4 | 163243 |
| 90 | ਭੁੱਚੋ ਮੰਡੀ | 95818 | 86627 | 2 | 182447 |
| 91 | ਬਠਿੰਡਾ ਅਰਬਨ | 111164 | 100235 | 3 | 211402 |
| 92 | ਬਠਿੰਡਾ ਰੂਲਰ | 82559 | 72984 | 2 | 155545 |
| 93 | ਆਤਮਾ ਨਗਰ | 87232 | 78035 | 8 | 165275 |
| 94 | ਤਲਵੰਡੀ ਸਾਬੋ | 82043 | 71739 | 0 | 153782 |
| 95 | ਮੌੜ | 87724 | 78374 | 5 | 166103 |
| 96 | ਸਰਦੂਲਗੜ੍ਹ | 94800 | 83873 | 5 | 178678 |
| 97 | ਬੁਢਲਾਡਾ | 102181 | 89661 | 2 | 191844 |
| 98 | ਲਹਿਰਾ | 89393 | 78994 | 3 | 168390 |
| 99 | ਮਾਨਸਾ | 113143 | 100099 | 1 | 213243 |
| 100 | ਦਿੜ੍ਹਬਾ | 96845 | 82903 | 1 | 179749 |
| 101 | ਸੁਨਾਮ | 101282 | 89816 | 3 | 191101 |
| 102 | ਬਹਾਦਰਪੁਰ | 81651 | 71714 | 4 | 153369 |

| | | | | | |
|---|---|---|---|---|---|
| 103 | ਬਰਨਾਲਾ | 92531 | 82434 | 2 | 174967 |
| 104 | ਮਹਿਲ ਕਲਾ | 83500 | 74415 | 1 | 157916 |
| 105 | ਮਲੇਰਕੋਟਲਾ | 80873 | 71242 | 6 | 152121 |
| 106 | ਅਮਰਗੜ੍ਹ | 84646 | 75824 | 2 | 160472 |
| 107 | ਧੂਰੀ | 84836 | 75848 | 4 | 169688 |
| 108 | ਸੰਗਰੂਰ | 96381 | 87065 | 1 | 183447 |
| 109 | ਨਾਭਾ | 95270 | 86065 | 5 | 181340 |
| 110 | ਪਟਿਆਲਾ ਰੂਲਰ | 112863 | 104970 | 8 | 217841 |
| 111 | ਰਾਜਪੁਰਾ | 91893 | 82046 | 8 | 173947 |
| 112 | ਡੇਰਾ ਬੱਸੀ | 136038 | 122566 | 18 | 258622 |
| 113 | ਘਨੋਰ | 87617 | 75556 | 0 | 163173 |
| 114 | ਸਨੋਰ | 113391 | 101735 | 5 | 215131 |
| 115 | ਪਟਿਆਲਾ | 83247 | 77918 | 13 | 161178 |
| 116 | ਸਮਾਣਾ | 97468 | 90174 | 16 | 187658 |
| 117 | ਸ਼ੁਤਰਾਣਾ | 91620 | 83734 | 1 | 175355 |
| | ਕੁੱਲ ਜੋੜ- | 10950735 | 9829916 | 560 | 20781211 |

(ਆਰ.ਟੀ. ਆਈ .2005 ਪੱਤਰ ਨੰ.7269,ਮਿਤੀ 18.7.2019)

| 10 ਸਭ ਤੋਂ ਵੱਧ ਤੇ 10 ਸਭ ਤੋਂ ਘੱਟ ਥਰਡ-ਜੈਂਡਰ ਦੀ ਪ੍ਰਤੀਸ਼ਤ ਵਾਲੇ ਪੰਜਾਬ ਵਿਧਾਨ ਸਭਾ ਦੇ ਹਲਕੇ | | | | | |
|---|---|---|---|---|---|
| 10 ਸਭ ਤੋਂ ਵੱਧ ਵਿਧਾਨ ਸਭਾ ਹਲਕੇ | | | 10 ਸਭ ਤੋਂ ਘੱਟ ਵਿਧਾਨ ਸਭਾ ਹਲਕੇ | | |
| | ਵਿਧਾਨਸਭਾ ਹਲਕਾ | ਪ੍ਰਤੀਸ਼ਸਤਾ | | ਵਿਧਾਨਸਭਾ ਹਲਕਾ | ਪ੍ਰਤੀਸ਼ਸਤਾ |
| 1 | ਕਪੂਰਥਲਾ | 0.1387 | 1 | ਭੋਆ | 0.0000 |
| 2 | ਲੁਧਿਆਣਾ ਪੂਰਬ | 0.0111 | 2 | ਸ੍ਰੀ ਹਰਗੋਬਿੰਦਪੁਰ | 0.0000 |
| 3 | ਬਾਬਾ ਬਕਾਲਾ | 0.0072 | 3 | ਨਕੋਦਰ | 0.0000 |
| 4 | ਅੰਮ੍ਰਿਤਸਰ ਸੈਂਟਰਲ | 0.0065 | 4 | ਜਲੰਧਰ ਉੱਤਰ | 0.0000 |
| 5 | ਰਾਜਾ ਡ਼ਾਂਸੀ | 0.0058 | 5 | ਆਦਮਪੁਰ | 0.0000 |
| 6 | ਪੱਟੀ | 0.0057 | 6 | ਚੰਬੇ ਵਾਲ | 0.0000 |
| 7 | ਅਟਾਰੀ | 0.0055 | 7 | ਰਾਏਕੋਟ | 0.0000 |
| 8 | ਅੰਮ੍ਰਿਤਸਰ ਉੱਤਰ | 0.0055 | 8 | ਲੰਬੀ | 0.0000 |
| 9 | ਨਵਾਂ ਸ਼ਹਿਰ | 0.0052 | 9 | ਤਲਵੰਡੀ ਸਾਬੋ | 0.0000 |
| 10 | ਲੁਧਿਆਣਾ ਪੱਛਮ | 0.0049 | 10 | ਮਾਨਸਾ | 0.0005 |





ਵੋਟਰ ਸੂਚੀ ਵਿਚ ਕਿੰਨਰਾਂ ਦੀ ਐਨੀ ਘੱਟ ਗਿਣਤੀ ਦਾ ਸ਼ਾਮਲ ਹੋਣਾ ਕਈ ਸਵਾਲ ਸਾਹਮਣੇ ਖੜੇ ਕਰਦਾ ਹੈ ਕਿ ਕਿਸੇ ਵੀ ਸੰਬੰਧਿਤ ਅਧਿਕਾਰੀ ਨੇ ਇਸ ਸਮਾਜ ਦੀਆਂ ਵੋਟਾਂ ਨੂੰ ਦਰਜ ਕਰਨ ਲਈ ਇਨ੍ਹਾਂ ਦੇ ਡੇਰਿਆ ਤੱਕ ਪਹੁੰਚ ਨਹੀਂ ਕੀਤੀ। ਅਸਲ ਵਿਚ ਇਸ ਸਮਾਜ ਨੂੰ ਨਾ ਤਾਂ ਸਿੱਖਿਆ ਲਈ ਜਾਗਰੂਕ ਕੀਤਾ ਜਾ ਰਿਹਾ ਅਤੇ ਨਾ ਹੀ ਵੋਟ ਬਣਾਉਣ। ਮਤਦਾਨ ਕਰਨ ਦੇ ਸੰਵਿਧਾਨ ਤੋਂ ਮਿਲੇ ਅਧਿਕਾਰ ਦੇ ਪ੍ਰਤੀ ਇਸ ਸਮਾਜ ਦੀ ਹਾਲਤ ਜੋ ਪਹਿਲਾ ਸੀ , ਉਹੀ ਅੱਜ ਵੀ ਸਾਹਮਣੇ ਆ ਰਹੀਂ ਹੈ। ਇਸ ਸੰਬੰਧ ਵਿਚ ਜਦੋਂ ਕਿੰਨਰ ਭਾਈਚਾਰੇ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਕਿ ਸਾਡੇ ਤੱਕ ਕੋਈ ਵੀ ਅਧਿਕਾਰੀ ਨਹੀਂ ਪਹੁੰਚਦਾ। ਕਿਸੇ ਪਾਰਟੀ ਨੇ ਵੀ ਸਾਡੀਆਂ ਵੋਟਾਂ ਮੰਗਣ ਦੀ ਕਦੇ ਕੋਈ ਕੋਸ਼ਿਸ਼ ਨਹੀਂ ਕੀਤੀ। ਵੋਟਾਂ ਬਣਾਉਣ ਲਈ ਹਰ ਪਿੰਡ ਅਤੇ ਸ਼ਹਿਰ ਦੇ ਵਾਰਡਾਂ ਵਿਚ ਬੀਐਲੋ ਨੂੰ ਭੇਜਿਆ ਜਾਂਦਾ ਹੈ ਕਿ ਕੋਈ ਵੋਟ ਬਾਰੇ ਸੋਧ ਕਰਨੀ ਜਾ ਨਵੀਂ ਬਣਾਉਣੀ ਹੋਵੇ ਤਾਂ ਸੰਬੰਧਿਤ ਅਧਿਕਾਰੀਆਂ ਨੂੰ ਮਿਲ ਸਕਦਾ ਹੈ। ਅਸਲ ਵਿਚ ਕਿੰਨਰਾਂ ਦੇ ਡੇਰਿਆਂ ਵਿਚ ਕੋਈ ਅਧਿਕਾਰੀ ਨਹੀਂ ਪਹੁੰਚਦਾ ਹੈ। 'ਜਨਗਣਨਾ 2011 ਦੇ ਅਨੁਸਾਰ ਪੰਜਾਬ ਵਿਚ ਕਿੰਨਰਾਂ ਦੀ ਗਿਣਤੀ 10243 ਦਰਜ ਕੀਤੀ ਗਈ ਹੈ। ਜਿਸ ਵਿਚ ਰੂਰਲ 6230 ਅਤੇ ਸ਼ਹਿਰੀ 4013 ਹੈ। ਪੰਜਾਬ

ਵਿਚ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਇਹ ਵਧੇਰੇ ਰਹਿੰਦੇ ਹਨ। ਇਨ੍ਹਾਂ ਦਾ ਲਿਟਰੇਸੀ ਦਰ ਵੀ 59.7% ਹੈ।'(ਆਰ.ਟੀ. ਆਈ .2005 ਪੱਤਰ ਨੰ.3326,ਮਿਤੀ 30.11.2018)

ਇਸੇ ਤਰ੍ਹਾਂ ਦੀ ਜਾਣਕਾਰੀ ਮਿਤੀ 4 ਫਰਵਰੀ, 2017 ਦੇ ਰੋਜ਼ਾਨਾ ਦਿ ਇੰਗਲਿਸ਼ ਟ੍ਰਿਬਿਊਨ ਵੱਲੋਂ ਵੀ ਦਿੱਤੀ ਗਈ , ਜਿਸ ਵਿਚ ਮਰਦ ਤੇ ਔਰਤ ਵੋਟਰਾਂ ਦੇ ਮੁਕਾਬਲੇ ਪੰਜਾਬ ਵਿਚ ਪੰਜਾਬ ਵਿਧਾਨ ਸਭਾ ਦੀ ਚੋਣਾਂ ਦੌਰਾਨ 415 ਥਰਡ-ਜੈਂਡਰ ਦਰਜ ਕੀਤੇ ਗਏ (1)

ਇਹ ਚਿੰਤਨ ਦਾ ਵਿਸ਼ਾ ਹੈ ਕਿ ਪੰਜਾਬ ਵਿਚ ਥਰਡ-ਜੈਂਡਰ ਦੀ ਗਿਣਤੀ ਦੇ ਮੁਕਾਬਲੇ ਰਜਿਸਟਰਡ ਵੋਟਾਂ ਦੀ ਗਿਣਤੀ ਬਹੁਤ ਘੱਟ ਹੈ। ਥਰਡ-ਜੈਂਡਰ ਦੀ ਗਿਣਤੀ ਦੇ ਮੁਕਾਬਲੇ ਰਜਿਸਟਰਡ ਵੋਟਾਂ ਦੀ ਪ੍ਰਤੀਸ਼ਤ ਸਿਰਫ 5% ਹੀ ਹੈ। ਜਦੋਂ ਕਿ ਵੱਖ-ਵੱਖ ਸ਼ਹਿਰਾਂ ਵਿਚ ਇਨ੍ਹਾਂ ਦੇ ਡੇਰਿਆਂ ਦੀ ਗਿਣਤੀ ਵਧੇਰੇ ਹੈ। ਖੇਤਰੀ ਸਰਵੇਖਣ ਦੌਰਾਨ ਕਿੰਨਰਾਂ ਦੇ ਰਾਜਨੀਤਿਕ ਹੱਕਾਂ ਨੂੰ ਜਾਣਨ ਦੇ ਲਈ 80 ਕਿੰਨਰਾਂ ਨੂੰ ਮਿਲ ਕੇ ਸਰਵੇਖਣ ਕੀਤਾ ਗਿਆ ਜਿਸ ਦਾ ਸਿੱਟਾ ਰੇਖਾ ਚਿੱਤਰ 5 ਵਿਚ ਦਿੱਤਾ ਗਿਆ ਹੈ ਕਿ ਕਿੰਨਰ ਸਮਾਜ ਦੇ ਲੋਕ ਆਪਣੇ ਰਾਜਨੀਤਿਕ ਹੱਕਾਂ ਦੇ ਲਈ ਕਿੰਨ੍ਹੇ ਕੁ ਜਾਗਰੂਕ ਹਨ।




## ਕਿੰਨਰ ਸਮਾਜ ਦੇ ਰਾਜਨੀਤਿਕ ਸਰੋਕਾਰ ਸੰਬੰਧੀ ਅੰਕੜੇ

ਟ੍ਰਾਂਸਜੈਂਡਰ ਬਿੱਲ 2020 ਅਜੇ ਵੀ ਰਾਜ ਸਭਾ ਵਿਚ ਲਮਕ ਰਿਹਾ ਹੈ। ਰੋਜ਼ਾਨਾ ਪੰਜਾਬੀ ਟ੍ਰਿਬਿਊਨ ਦੀ 29 ਦਸੰਬਰ 2018 ਦੀ ਖ਼ਬਰ ਅਨੁਸਾਰ ਇਸ ਬਿਲ ਬਾਰੇ ਕਾਂਗਰਸ ਦੇ ਰਾਜ ਸਭਾ ਮੈਂਬਰ ਰਾਜੀਵ ਗੌੜਾਂ ਅਤੇ ਹੋਰ ਮੈਂਬਰਾਂ ਨੇ ਯਕੀਨ ਦਿਵਾਇਆ ਕਿ ਉਹ ਉਨ੍ਹਾਂ ਦੇ ਹੱਕਾਂ ਦੀ ਸੁਰੱਖਿਆ ਨਾਲ ਸੰਬੰਧਿਤ ਬਿੱਲ ਨੂੰ ਉਹਦੇ ਮੌਜੂਦਾ ਸਰੂਪ ਵਿਚ ਉੱਪਰਲੇ ਸਦਨ 'ਚ ਪਾਸ ਨਹੀਂ ਹੋਣ ਦੇਣਗੇ। ਸੰਸਦ ਮੈਂਬਰਾਂ ਨੇ ਕਿਹਾ ਕਿ ਉਹ ਯਕੀਨੀ ਬਣਾਉਣਗੇ ਕਿ ਇਸ ਬਿੱਲ ਨੂੰ ਤਰਮੀਮਾਂ ਲਈ ਸਿਲੈੱਕਟ ਕਮੇਟੀ ਕੋਲ ਭੇਜਿਆ ਜਾਵੇ। ਗੌੜਾ ਨੇ ਕਿਹਾ ਕਿ ਇਸ ਬਿੱਲ ਰਾਹੀਂ ਵੱਡੇ ਅਨਿਆਂ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਕਾਂਗਰਸ ਤਰਜਮਾਨ ਨੇ ਕਿਹਾ ਅਸੀਂ ਅੱਖੀਂ ਵੇਖਿਆ ਹੈ ਕਿ ਲੋਕ ਸਭਾ ਵਿਚ ਇਸ ਬਿੱਲ ਨੂੰ ਬਹੁਤੀ ਬਹਿਸ ਤੋਂ ਬਿਨਾਂ ਹੀ ਪਾਸ ਕਰ ਦਿੱਤਾ ਗਿਆ।ਬਿੱਲ, ਜੋ ਇਹ ਦਾਅਵਾ ਕਰਦਾ ਹੈ ਕਿ ਉਹ ਕਿੰਨਰ ਭਾਈਚਾਰੇ ਦੇ ਹੱਕਾਂ ਦੀ ਰਾਖੀ ਕਰੇਗਾ, ਅਸਲ ਵਿਚ ਬਿਲਕੁਲ ਉਲਟ ਹੈ। ਡੀਐਮਕੇ ਦੇ ਰਾਜ ਸਭਾ ਮੈਂਬਰ ਤਿਰੁਚੀ ਸਿਵਾ ਨੇ ਬਿੱਲ ਨੂੰ ' ਹਾਸੋਹੀਣਾ 'ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਇਹ ਭੋਰਾ ਵੀ ਨਹੀਂ ਪਤਾ ਕਿ ਕਿੰਨਰ ਕੌਣ ਹੁੰਦੇ ਹਨ। ਆਪਣੇ ਆਪ ਨੂੰ ਕਿੰਨਰ ਸਾਬਤ ਕਰਨ ਲਈ ਮੈਡੀਕਲ ਟੈੱਸਟ ਦੇਣਾ , ਬਿੱਲ ਰਾਹੀਂ ਦਿੱਤਾ ਹੱਕ ਨਹੀਂ ਬਲਕਿ ਬੇਇੱਜ਼ਤੀ ਹੈ। ਸੀਪੀਆਈ (ਐਮ) ਦੇ ਏਲਾਮਾਰਮ ਕਰੀਮ ਨੇ ਵੀ ਬਿੱਲ ਦੀ ਹਮਾਇਤ ਕਰਦਿਆਂ ਇਸ ਦੇ ਮੌਜੂਦਾ ਸਰੂਪ 'ਤੇ ਇਤਰਾਜ਼ ਜਤਾਇਆ।(10)

ਕਿੰਨਰ ਵਰਗ ਇਸ ਬਿੱਲ ਦੇ ਨਾਲ ਸਾਹਿਮਤ ਨਹੀਂ ਹੈ। ਇਸ ਬਿਲ ਬਾਰੇ ਕਿੰਨਰ ਸਮਾਜ ਦਾ ਕਹਿਣਾ ਹੈ ਕਿ ਬਿਲ ਨੂੰ ਲੋਕ ਸਭਾ ਵਿਚ ਵੀ ਬਹੁਤੀ ਬਹਿਸ ਤੋਂ ਬਿਨਾਂ ਹੀ ਪਾਸ ਕਰ ਦਿੱਤਾ ਗਿਆ। ਇਸ ਬਿਲ ਦੇ ਵਿਚ ਬਹੁਤ ਸਾਰੀਆਂ ਖ਼ਾਮੀਆਂ ਦੱਸੀਆਂ ਗਈਆਂ। ਇਹ ਬਿਲ ਤਾਂ ਕਿੰਨਰ ਦੀ ਪਰਿਭਾਸ਼ਾ ਦੱਸਣ ਤੋਂ ਵੀ ਅਸਮਰਥ ਹੈ। ਇਸ ਵਿਚ ਹਰ ਕਿੰਨਰ ਦੁਆਰਾ ਆਪਣੇ ਆਪ ਨੂੰ ਕਿੰਨਰ ਸਾਬਤ ਕਰਨ ਲਈ ਮੈਡੀਕਲ ਟੈੱਸਟ ਵਿਚੋਂ ਗੁਜ਼ਰਨਾ ਪਵੇਗਾ। ਜਿਸ ਦੇ ਵਿਰੋਧ ਵਿਚ ਕਿੰਨਰ ਭਾਈਚਾਰੇ ਵੱਲੋਂ ਜਨਵਰੀ 2019 ਵਿਚ ਜੰਤਰ ਮੰਤਰ 'ਤੇ ਧਰਨਾ ਵੀ ਦਿੱਤਾ ਗਿਆ। ਰਾਜ ਸਭਾ ਦੇ ਮੈਂਬਰਾਂ ਨੇ ਥਰਡ-ਜੈਂਡਰ ਬਾਰੇ ਬਿੱਲ ਨੂੰ ਮਨਜ਼ੂਰ ਕੀਤਾ ਪਰ ਇਹ ਬਿਲ ਦੋਵੇਂ ਸਦਨਾਂ ਵੱਲੋਂ ਪਾਸ ਕਰਨ ਤੇ ਹੁਣ ਕਾਨੂੰਨ ਦਾ ਰੂਪ ਧਾਰਨ ਕਰ ਚੁੱਕਿਆ ਹੈ।

**ਅੰਤਰ ਸੰਬੰਧਿਤ-**

ਕਿੰਨਰ ਸਮਾਜ ਦੇ ਰਾਜਨੀਤਿਕ ਪਰਿਪੇਖ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਸ ਵਰਗ ਦੇ ਲੋਕ ਰਾਜਨੀਤਿਕ ਅਧਿਕਾਰਾਂ ਤੋਂ ਅਜੇ ਵੀ ਵਾਂਝੇ ਹਨ । ਇਹ ਵਰਗ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਹੈ ,ਇਨ੍ਹਾਂ ਨੂੰ ਆਪਣੇ ਸੰਘਰਸ਼ ਸਦਕਾ 2014 ਵਿਚ ਥਰਡ-ਜੈਂਡਰ ਵਜੋਂ ਮਾਨਤਾ ਮਿਲ ਗਈ ਅਤੇ ਨਾਲ ਹੀ 2019 ਦੀਆਂ ਲੋਕ ਸਭਾ ਚੋਣਾਂ ਵਿਚ ਆਪਣੇ ਪਹਿਚਾਣ ਪੱਤਰ ਨਾਲ ਵੋਟ ਦੇ ਅਧਿਕਾਰ ਨੂੰ ਵਰਤਿਆ । ਇਸ ਤੋਂ ਪਹਿਲਾ ਇਹ ਵਰਗ ਔਰਤ ਜਾਂ ਮਰਦ ਦੇ ਵਜੋਂ ਹੀ ਆਪਣੇ ਵੋਟ ਦੇ ਅਧਿਕਾਰ ਨੂੰ ਵਰਤਦਾ ਸੀ । ਕੋਈ ਵੀ ਰਾਜਨੀਤਿਕ ਅਧਿਕਾਰੀ ਇਨ੍ਹਾਂ ਨੂੰ ਵੋਟ ਬਣਾਉਣ ਲਈ ਜਾਗਰੂਕ ਨਹੀਂ ਕਰਦਾ । ਬੇਸ਼ੱਕ ਕੁਝ ਰਾਜਾਂ ਵਿਚ ਕਿੰਨਰਾਂ ਨੇ ਚੋਣ ਵੀ ਲੜੀ ਹੈ । 2019 ਦੀਆਂ ਲੋਕ ਸਭਾ ਚੋਣਾਂ ਵਿਚ ਇਸ ਵਰਗ ਨੇ ਆਪਣੀ ਪਹਿਚਾਣ ਦੇ ਨਾਲ ਪਹਿਲੀ ਵਾਰ ਵੋਟ ਪਾਈ ਹੈ । ਇਸ ਤੋਂ ਪਹਿਲਾ ਇਨ੍ਹਾਂ ਦੀ ਵੋਟ ਮਰਦ ਜਾਂ ਔਰਤ ਦੇ ਰੂਪ ਵਿਚ ਹੀ ਦਰਜ ਹੁੰਦੀ ਸੀ । ਇਸ ਸਮਾਜ ਦੇ ਆਗੂ ਹੁਣ ਇਸ ਕੰਮ ਵਿਚ ਲੱਗੇ ਹੋਏ ਹਨ, ਜਿਸ ਵਿਚ ਮਹੰਤ ਮੋਹਿਨੀ ਲੁਧਿਆਣਾ ਜੋ ਲੋਕ ਅਦਾਲਤ ਦੀ ਪਹਿਲੀ ਕਿੰਨਰ ਕਾਰਜਕਾਰੀ ਅਧਿਕਾਰੀ ਹੈ । ਵਿਸ਼ੇਸ਼ ਤੌਰ ਉੱਤੇ ਆਪਣੇ ਭਾਈਚਾਰੇ ਨੂੰ ਇਸ ਪੱਖ ਤੋਂ ਜਾਗਰੂਕ ਕਰ ਰਹੀਂ ਹੈ ।

ਸਾਹਿਤਕ ਪਰਿਪੇਖ ਵਿਚ ਦੇਖਿਆ ਜਾਵੇ ਤਾਂ ਨਾਵਲ ' ਮੈਂ ਸ਼ਿਖੰਡੀ ਨਹੀਂ' ਵਿਚ ਮਹੰਤ ਮੱਘਰ ਨੂੰ ਚੋਣ ਲੜਾ ਕੇ ਪਿੰਡ ਦੀ ਕਾਇਆ ਬਦਲ ਦੇਣਾ ਸੰਕੇਤ ਕਰਦਾ ਹੈ ਕਿ ਮਾਨਸਿਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਵਿਕਾਰ ਨਹੀਂ ਹੁੰਦਾ ਹੈ । ਇਸ ਵਰਗ ਦੇ ਲੋਕ ਵੀ ਚੋਣ ਲੜ ਕੇ ਇਮਾਨਦਾਰੀ ਨਾਲ ਕੰਮ ਕਰ ਸਕਦੇ ਹਨ । ਇਹ ਵਰਗ ਪਰਿਵਾਰਵਾਦ ਤੋਂ ਉੱਪਰ ਉੱਠ ਕੇ ਦੇਸ਼ ਦੀ ਸੇਵਾ ਕਰ ਸਕਦਾ ਹੈ । ਜਿਸ ਦੀ ਮਿਸਾਲ ਮਹੰਤ ਮੱਘਰ ਬਣਦਾ ਹੈ । 'ਸੰਤਾਪ' ਨਾਵਲ ਕਾਨੂੰਨੀ ਲੜਾਈ ਨੂੰ ਪੇਸ਼ ਕਰਦਾ ਹੈ । ਨਾਵਲ ' ਕੀ ਜਾਣਾ ਮੈਂ ਕੌਣ? ' ਵਿਚ ਪਰਾਇਡ ਵਾਕ ਦਾ ਸੰਕੇਤ ਆਉਣਾ ਕਿ ਇਹ ਵਰਗ ਵੀ ਆਪਣੀ ਹੋਂਦ ਨੂੰ ਸਮਾਜ ਵਿਚ ਦਰਸਾ ਰਿਹਾ ਹੈ । ਚੰਡੀਗੜ੍ਹ ਵਿਚ ਪਰਾਇਡ ਵਾਕ ਕਰਨਾ ਦਰਸਾਉਂਦਾ ਹੈ ਕਿ ਇਹ ਵਰਗ ਵੀ ਸਮਾਜ ਨੂੰ ਆਪਣੀ ਹੋਂਦ ਦਰਸਾ ਰਿਹਾ ਹੈ । ਇਸ ਵਰਗ ਦੇ ਲੋਕ ਵੀ ਪੜ੍ਹ-ਲਿਖ ਗਏ ਹਨ । ਇਹ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਆਪਣੇ ਭਾਈਚਾਰੇ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ।

ਪੁਰਾਣੇ ਸਮੇਂ ਵਿਚ ਕਿੰਨਰਾਂ ਨੂੰ ਰਾਜਨੀਤੀ ਵਿਚ ਪੂਰੇ ਸਨਮਾਨ ਦੇ ਨਾਲ ਰਹਿਣ ਦੀ ਸੁਵਿਧਾ ਸੀ । ਇਹ ਮੁਗ਼ਲ ਰਾਜ ਵਿਚ ਪੂਰੀ ਫ਼ੌਜ ਦੀ ਰਖਵਾਲੀ ਕਰਦੇ ਸਨ । ਰਾਜ ਦਰਬਾਰਾਂ ਵਿਚ ਰਾਣੀਆਂ ਮਹਾਰਾਣੀਆਂ ਦੀ ਰਖਵਾਲੀ ਲਈ ਰੱਖਿਆ ਜਾਂਦਾ ਸੀ । ਕਈ ਕਿੰਨਰ ਰਾਜਨੀਤੀ ਵਿਚ ਵੀ ਸਨ, ਜਿਵੇਂ ਸੁਲਤਾਨ ਅਲਾਉਦੀਨ ਦਾ ਸਲਾਹਕਾਰ ਮਲਿਕ ਕਫ਼ੂਰ ਵੀ ਇਕ ਕਿੰਨਰ ਸੀ । ਸੋ ਵਰਤਮਾਨ ਸਮੇਂ ਵਿਚ ਕਿੰਨਰ ਰਾਜਨੀਤੀ ਵਿਚ ਪ੍ਰਵੇਸ਼ ਕਰ ਰਹੇ ਹਨ । ਉੱਤਰੀ ਭਾਰਤ ਵਿਚ ਕਈ ਕਿੰਨਰਾਂ ਨੇ  ਰਾਜਨੀਤੀ ਵਿਚ ਦਾਖਲ ਦਿੱਤਾ ਹੈ, ਜਿਵੇਂ ਸ਼ਬਨਮ ਮੌਸੀ ਜੋ  ਉੱਤਰ ਪ੍ਰਦੇਸ਼ ਤੋਂ ਵਿਧਾਇਕ ਬਣੀ । ਇਸੇ ਤਰ੍ਹਾਂ ਪੰਜਾਬ ਵਿਚ ਵੀ ਕਈ ਮਹੰਤ ਰਾਜਨੀਤੀ ਵਿਚ ਦਾਖਲ ਹੋਏ ਜਿਵੇਂ ਬਠਿੰਡਾ ਦੇ ਕਸਬਾ ਭੁੱਚੋ ਮੰਡੀ ਤੋਂ ਸੰਤੋਸ਼ ਮਹੰਤ ਦਾ ਐਮ .ਸੀ ਦੀ ਚੋਣ ਲੜਨਾ । ਉਹ ਲਗਾਤਾਰ ਦੋ-ਤਿੰਨ ਵਾਰ ਚੋਣ ਜਿੱਤਦੀ  ਵੀ ਰਹੀਂ । ਇਨ੍ਹਾਂ ਆਗੂਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੈ । ਕਿਹਾ ਜਾ ਸਕਦਾ ਹੈ ਕਿ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਹਰ ਵਰਗ ਦੀਆਂ ਜਥੇਬੰਦੀਆਂ ਬਣੀਆਂ ਹੋਈਆਂ ਹਨ । ਜਿਸ ਰਾਹੀਂ ਉਹ ਆਪਣੇ ਭਾਈਚਾਰੇ ਦੀਆਂ ਮੰਗਾਂ ਨੂੰ ਸਰਕਾਰ ਸਾਹਮਣੇ ਰੱਖਦੇ ਹਨ । ਉਸ ਦੇ ਮੁਕਾਬਲੇ ਕਿੰਨਰ ਭਾਈਚਾਰੇ ਦੀ ਅਜਿਹੀ ਕੋਈ ਜਥੇਬੰਦੀ ਨਹੀਂ ਹੈ , ਜਿਸ ਰਾਹੀਂ ਇਹ ਆਪਣੇ ਹੱਕਾਂ ਨੂੰ ਮੰਗ ਸਕਣ । ਚੰਡੀਗੜ੍ਹ ਵਿਚ ਪਰਾਇਡ ਵਾਕ ਨਾਲ ਸਿਰਫ਼ ਪੜ੍ਹੇ-ਲਿਖੇ ਕਿੰਨਰ ਹੀ ਜੁੜੇ ਹੋਏ ਹਨ, ਬਾਕੀ ਕਿੰਨਰ ਤਾਂ ਇਸ ਪੱਖ ਤੋਂ ਅਣਜਾਣ ਹਨ । ਚੰਡੀਗੜ੍ਹ ਤੋਂ ਧੰਨਜੇ ਮੰਗਲ ਮੁਖੀ ਜਿਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਪਹਿਲੀ ਟ੍ਰਾਂਸਜੈਂਡਰ ਹੋਣ ਦਾ ਮਾਣ ਪ੍ਰਾਪਤ ਹੈ । ਉਨ੍ਹਾਂ ਦੀ ਬਦੌਲਤ ਹੀ ਯੂਨੀਵਰਸਿਟੀ ਵਿਚ ਟ੍ਰਾਂਸਜੈਂਡਰ ਦੀ ਫ਼ੀਸ ਮੁਆਫ਼ ਕੀਤੀ ਗਈ ਅਤੇ ਯੂਨੀਵਰਸਿਟੀ ਵਿਚ ਦੁਨੀਆ ਦਾ ਪਹਿਲਾ ਟ੍ਰਾਂਸਜੈਂਡਰ ਬਾਥਰੂਮ ਬਣਿਆ ਹੈ । ਧੰਨਜੇ ਨੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿੱਦਿਆ ਦੀ ਉੱਚੀ ਸਿਖਰ ਯੂਨੀਵਰਸਿਟੀ ਨੂੰ ਚੁਣਿਆ । ਉਸ ਦਾ ਕਹਿਣਾ ਸੀ ਕਿ ਪਾਣੀ ਹਮੇਸ਼ਾ ਹੀ ਉੱਚੇ ਤੋਂ ਨੀਵੇਂ ਵਾਲੇ ਪਾਸੇ ਨੂੰ ਜਾਂਦਾ ਹੈ ਅਤੇ ਯੂਨੀਵਰਸਿਟੀ ਵਿਚ ਬੁੱਧੀਜੀਵੀ ਜੁੜੇ ਹੁੰਦੇ । ਸਮਾਜ ਵਿਚ ਸਮਾਜ ਦੀ ਕਿੰਨਰਾਂ ਪ੍ਰਤੀ ਮਾਨਸਿਕਤਾ ਨੂੰ ਬਦਲਿਆ ਜਾ ਸਕਦਾ ਹੈ । ਵਿੱਦਿਅਕ ਅਦਾਰੇ ਹੀ ਸਮਾਜ ਦੀ ਸੋਚ ਨੂੰ ਬਦਲਣ ਵਿਚ ਸਾਰਥਿਕ ਰੋਲ ਨਿਭਾ ਸਕਦੇ ਹਨ   । ਇਨ੍ਹਾਂ ਆਗੂਆਂ ਦੇ ਨਾਲ-ਨਾਲ ਸਮੁੱਚੇ ਕਿੰਨਰ ਭਾਈਚਾਰੇ ਨੂੰ ਜਾਗਰੂਕ ਕਰਨ ਦੀ ਲੋੜ ਹੈ । ਮਨੁੱਖ ਹੋਣ ਦੇ ਨਾਤੇ ਇਨ੍ਹਾਂ ਨੂੰ ਵੀ ਆਪਣੇ ਮਾਨਵੀ ਹੱਕ ਮਿਲਣੇ ਚਾਹੀਦੇ ਹਨ । ਸੋ ਕਿੰਨਰ ਵਰਗ ਨੂੰ ਆਪਣੇ ਰਾਜਨੀਤਿਕ ਹੱਕਾਂ ਲਈ ਸੰਘਰਸ਼

ਕਰਨਾ ਪਵੇਗਾ । ਰੋਜ਼ਾਨਾ ਪੰਜਾਬੀ ਟ੍ਰਿਬਿਊਨ 19 ਫਰਵਰੀ 2018 ਦੀ ਖ਼ਬਰ ਅਨੁਸਾਰ 'ਕਿੰਨਰਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਲਿਆਉਣ ਲਈ ਸੰਘਰਸ਼ਸ਼ੀਲ ਧਨੰਜੈ ਮੰਗਲ ਮੁਖੀ ਨੂੰ 22ਫਰਵਰੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਰਾਤਰੀ ਭੋਜਨ ਦਾ ਸੱਦਾ ਮਿਲਿਆ । ' ਧਨੰਜੇ ਦੇ ਦੱਸਿਆ ਕਿ ਆਪਣੇ ਮੁਲਕ ਦੇ ਲੋਕ ਚਾਹੇ ਉਨ੍ਹਾਂ ਦੀ ਬਾਤ ਨਹੀਂ ਪੁੱਛ ਰਹੇ ਪਰ ਕਿੰਨਰਾਂ ਨੂੰ ਸਮਾਜ ਵਿਚ ਬਰਾਬਰ ਦਾ ਦਰਜਾ ਦਿਵਾਉਣ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਮੱਦੇ ਨਜ਼ਰ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਮੁਲਾਕਾਤ ਲਈ ਸੱਦਿਆ ਜਾਣਾ ਹੈ । ਧਨੰਜੇ ਦੇ ਸੰਘਰਸ਼ ਸਦਕਾ ਹੀ ਉਸ ਨੂੰ ਥਰਡ ਜੈਂਡਰ ਵਰਗ ਵਿਚ ਦਾਖਲਾ ਮਿਲਿਆ ਹੈ ਅਤੇ ਪੰਜਾਬ ਯੂਨੀਵਰਸਿਟੀ ਵਿਚ ਕਿੰਨਰਾਂ ਲਈ ਵੱਖਰੇ ਪਖਾਨੇ ਅਤੇ ਵੱਖਰੀ ਜਿਨਸੀ ਸ਼ੋਸ਼ਣ ਕਮੇਟੀ ਬਣਾਈ ਹੈ । ਧਨੰਜੇ ਮੰਗਲ ਮੁਖੀ ਪਿਛਲੇ ਕਈ ਸਾਲਾਂ ਤੋਂ ਕਿੰਨਰਾਂ ਨੂੰ ਸਮਾਜ 'ਚ ਬਰਾਬਰ ਖੜ੍ਹਾ ਕਰਨ ਵਾਸਤੇ ਸਮਾਜ ਦੀ ਤੰਗ ਸੋਚ ਨਾਲ ਮੱਥਾ ਲਾ ਰਹੀ ਹੈ । ਸਮਾਜਿਕ ਬਰਾਬਰਤਾ ਪ੍ਰਤੀ ਉਸ ਦੀ ਜੰਗ ਮੱਦੇਨਜ਼ਰ ਹੀ ਉਸ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਸੱਦਾ ਮਿਲਿਆ । (3)

ਸਮਾਜ ਜਿਵੇਂ-ਜਿਵੇਂ ਤਰੱਕੀ ਕਰ ਰਿਹਾ ਹੈ, ਉਸੇ ਤਰ੍ਹਾਂ ਕਿੰਨਰ ਸਮਾਜ ਵੀ ਆਪਣੇ ਅਧਿਕਾਰਾਂ ਨੂੰ ਲੈ ਕੇ ਚੇਤੰਨ ਹੋ ਰਿਹਾ ਹੈ । ਰੋਜ਼ਾਨਾ ਪੰਜਾਬੀ ਜਾਗਰਣ 28 ਨਵੰਬਰ 2018 ਦੀ ਖ਼ਬਰ ਅਨੁਸਾਰ 'ਗੁਆਂਢੀ ਦੇਸ਼ ਪਾਕਿਸਤਾਨ 'ਚ ਇਕ ਟ੍ਰਾਂਸਜੈਂਡਰ (ਕਿੰਨਰ) ਮਹਿਲਾ ਦਾ ਡਰਾਈਵਿੰਗ ਲਾਇਸੈਂਸ ਬਣਾਇਆ ਗਿਆ ਹੈ । ਪਾਕਿਸਤਾਨ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਟ੍ਰਾਂਸਜੈਂਡਰ ਦਾ ਡਰਾਈਵਿੰਗ ਲਾਇਸੈਂਸ ਬਣਾਇਆ ਗਿਆ ਹੋਵੇ । ਉਕਤ ਕਿੰਨਰ ਨੇ ਦੱਸਿਆ ਕਿ ਉਹ ਟ੍ਰਾਂਸਜੈਂਡਰ ਫ਼ਿਰਕੇ ਤੋਂ ਹੋਣ ਕਾਰਨ ਉਸ ਨੂੰ ਲਾਇਸੈਂਸ ਬਣਾਉਣ 'ਚ ਪਰੇਸ਼ਾਨੀ ਆ ਰਹੀ ਸੀ ।'(10)

ਇਸ ਤਰ੍ਹਾਂ ਲੋਕਤੰਤਰੀ ਦੇਸ਼ 'ਚ ਸਭ ਨੂੰ ਬਰਾਬਰ ਦੇ ਮੌਲਿਕ ਅਧਿਕਾਰ ਪ੍ਰਾਪਤ ਹੁੰਦੇ ਹਨ । ਸੁਪਰੀਮ ਕੋਰਟ ਦੇ ਫ਼ੈਸਲੇ ਅਤੇ ਸੰਵਿਧਾਨਕ ਵਿਵਸਥਾਵਾਂ ਤੋਂ ਬਾਅਦ ਇਹ ਸਵਾਲ ਵੀ ਉੱਠਦਾ ਹੈ ਕਿ ਭਾਰਤੀ ਸੰਵਿਧਾਨ ਤਾਂ 26ਜਨਵਰੀ 1950 ਨੂੰ ਹੀ ਲਾਗੂ ਹੋ ਗਿਆ ਸੀ । ਸੰਵਿਧਾਨ ਲਾਗੂ ਹੋਣ ਤੋਂ 70 ਸਾਲ ਬਾਅਦ ਤੱਕ ਵੀ ਸਮਾਜ ਦਾ ਇਕ ਵੱਡਾ ਹਿੱਸਾ ਆਪਣੇ ਮੌਲਿਕ ਅਧਿਕਾਰਾਂ ਤੋਂ ਵੰਚਿਤ ਰਿਹਾ ।

## ਅਧਿਆਇ ਪੰਜਵਾਂ

## ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਧਾਰਮਿਕ ਅਧਿਐਨ

ਸਮਾਜ ਵਿਚ ਰਹਿੰਦਾ ਹੋਇਆ ਮਨੁੱਖ, ਸਮਾਜ ਤੋਂ ਕੱਟ ਕੇ ਆਪਣੀ ਵੱਖਰੀ ਹੋਂਦ ਨਹੀਂ ਬਣਾ ਸਕਦਾ । ਸਮਾਜ ਵਿਚ ਰਹਿੰਦਿਆ ਹੋਇਆ ਵਿਅਕਤੀ ਅਚੇਤ ਹੀ ਸਮਾਜ ਦਾ ਪ੍ਰਭਾਵ ਕਬੂਲਦਾ ਹੋਇਆ ਇਸ ਦਾ ਅੰਗ ਬਣ ਜਾਂਦਾ ਹੈ । ਸਮਾਜ ਵਿਚ ਸੰਸਕ੍ਰਿਤੀ ਦੇ ਹਰ ਅੰਗ ਜਿਵੇਂ ਧਰਮ, ਦਰਸ਼ਨ, ਸਦਾਚਾਰ , ਰਾਜਨੀਤੀ ਆਦਿ ਦੀ ਖ਼ੁਦ-ਮੁਖ਼ਤਿਆਰੀ ਹੋਂਦ ਹੈ ਅਤੇ ਵਿਅਕਤੀ ਹਰ ਅੰਗ ਦਾ ਅਲੱਗ-ਅਲੱਗ ਪ੍ਰਭਾਵ ਕਬੂਲਦਾ ਹੈ । ਸੁਹਿੰਦਰ ਸਿੰਘ ਬੇਦੀ ਅਨੁਸਾਰ 'ਸਾਰੇ ਮਾਨਵ ਵਿਗਿਆਨੀ ਜਾਦੂ ਨੂੰ ਧਰਮ ਦੀ ਪੌੜੀ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਹਰ ਉੱਨਤ ਜਾਤੀ ਧਰਮ ਦੇ ਉਤਲੇ ਡੰਡੇ ਉੱਤੇ ਪਹੁੰਚਣ ਤੋਂ ਪਹਿਲਾ ਇਸੇ ਪੜਾਅ ਵਿਚੋਂ ਲੰਘੀ ਹੈ ।----ਮਨੁੱਖ ਨੂੰ ਜਦੋਂ ਇਹ ਅਹਿਸਾਸ ਹੋਇਆ ਕਿ ਉਸ ਤੋਂ ਵੀ ਵੱਡੀ ਕੋਈ ਦੈਵੀ ਸ਼ਕਤੀ ਹੈ, ਜਿਸ ਦੇ ਵਿਚ ਬ੍ਰਹਿਮੰਡ ਦੀਆ ਪ੍ਰਕ੍ਰਿਤਿਕ ਸ਼ਕਤੀਆਂ ਹਨ ਤਾਂ ਧਰਮ ਦਾ ਮੁੱਢ ਬੱਝਿਆ।'('ਪੰਜਾਬੀ ਦੀ ਲੋਕਧਾਰਾ (41-43)

ਸ਼ੁਰੂ ਦੇ ਵਿਚ ਆਦਿ ਮਨੁੱਖ ਜੰਗਲਾਂ ਵਿਚ ਰਹਿੰਦਾ ਸੀ, ਜਦੋਂ ਹਾਲੇ ਉਹਦੀ ਬੁੱਧੀ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਈ ਸੀ । ਕੁਦਰਤੀ ਸ਼ਕਤੀਆਂ ਅਤੇ ਕਰੋਪੀਆਂ ਜਿਵੇਂ ਕਿ ਸੂਰਜ, ਬਿਜਲੀ ਦੀ ਚਮਕ, ਰਾਤ, ਅੱਗ, ਅਕਾਸ਼ ਦਾ ਵਿਸਥਾਰ ਆਦਿ ਤੋਂ ਉਹ ਡਰਿਆ ਰਹਿੰਦਾ ਸੀ । ਇਹ ਸ਼ਕਤੀਆਂ ਉਸ ਲਈ ਮੁਸ਼ਕਲਾਂ ਦਾ ਘਰ ਹੁੰਦੀਆਂ ਸਨ, ਕਿਉਂਕਿ ਇਸ ਨਾਲ ਉਸ ਨੂੰ ਨੁਕਸਾਨ ਉਠਾਉਣਾ ਪੈਂਦਾ ਸੀ । ਅਸਲ ਵਿਚ ਨੁਕਸਾਨ ਦੇ ਕਾਰਨਾਂ ਨੂੰ ਲੱਭਣ ਤੋਂ ਅਣਜਾਣ ਸੀ । ਨੁਕਸਾਨ ਕਰਨ ਵਾਲੇ ਕੁਦਰਤੀ ਕਾਰਨਾਂ ਨੇ ਉਸ ਨੂੰ ਡਰਾ ਕੇ ਆਪਣੀ ਤਾਕਤ ਦਾ ਸਭ ਤੋਂ ਵੱਡਾ ਸਬੂਤ ਦਿੱਤਾ ਸੀ । ਇਸ ਦਾ ਸਿੱਟਾ ਇਹ ਨਿਕਲਿਆ ਕਿ ਆਦਿ ਮਨੁੱਖ ਨੇ ਇਨ੍ਹਾਂ ਕੁਦਰਤੀ ਸ਼ਕਤੀਆਂ ਤੋਂ ਬਚਣ ਲਈ ਇਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ । ਹੌਲੀ-ਹੌਲੀ ਇਨ੍ਹਾਂ ਪੂਜਾ ਵਿਧੀਆਂ ਦੀ ਗਿਣਤੀ ਵਿਚ ਵਾਧਾ ਹੋਇਆ । ਆਦਿ ਮਾਨਵ ਪੂਜਾ ਦੀਆਂ ਵੱਖ-ਵੱਖ ਵਿਧੀਆਂ ਰਾਹੀਂ ਦੇਵੀ-ਦੇਵਤੇ ਤੇ ਪਿਤਰਾਂ ਆਦਿ ਦੀ ਪੂਜਾ ਕਰਨ ਲੱਗਿਆ । ਸਮਾਂ ਪੈ ਕੇ ਲੋਕਾਂ ਦੀਆਂ

ਭਾਵਨਾਵਾਂ ਇਨ੍ਹਾਂ ਨਾਲ ਜੁੜ ਗਈਆਂ । ਇਹ ਲੋਕ ਧਰਮ ਹੈ, ਹੌਲੀ-ਹੌਲੀ ਲੋਕ ਧਰਮ ਦੇ ਨਾਲ-ਨਾਲ ਵਸ਼ਿਸ਼ਟ ਧਰਮ ਨੇ ਵੀ ਜਨਮ ਲਿਆ । ਲੋਕ ਧਰਮ ਅਤੇ ਵਸ਼ਿਸ਼ਟ ਧਰਮ ਵਿਚ ਅੰਤਰ ਹੈ । ਲੋਕ ਧਰਮ ਵਿਚ ਲੋਕ ਹਰ ਧਰਮ ਨਾਲ ਸੰਬੰਧਿਤ ਪੀਰਾਂ-ਫ਼ਕੀਰਾਂ ਨੂੰ ਮਿਲ ਕੇ ਸਾਂਝਾ ਸਤਿਕਾਰ ਦਿੰਦੇ ਹਨ । ਵਸ਼ਿਸ਼ਟ ਧਰਮ ਨੂੰ ਮੰਨਣ ਵਾਲੇ ਆਪਣੇ- ਆਪਣੇ ਦੇਵੀ-ਦੇਵਤਿਆਂ ਨੂੰ ਬਾਕੀ ਦੇਵੀ ਦੇਵਤਿਆਂ ਤੋਂ ਵਧੇਰੇ ਉੱਤਮ ਮੰਨਦੇ ਸਨ । ਧਰਮ ਨਾਲ ਲੋਕਾਂ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਸਨ । ਇਹ ਲੋਕਾਂ ਦੀਆਂ ਮੁੱਖ ਲੋੜਾਂ ਨਾਲ ਵੀ ਜੁੜਿਆ ਹੁੰਦਾ ਹੈ । ਜਦ ਕਿ ਵਸ਼ਿਸ਼ਟ ਧਰਮ ਮਨੁੱਖ ਨੂੰ ਮੋਕਸ਼ ਦੀ ਪ੍ਰਾਪਤੀ ਦੇ ਰਾਹ ਤੋਰਦਾ ਹੈ । ਸੋ ਕਿਹਾ ਜਾ ਸਕਦਾ ਹੈ ਕਿ ਹਰੇਕ ਧਰਮ ਮਨੁੱਖ ਜਾਤੀ ਜਿਨ੍ਹਾਂ ਹੀ ਪੁਰਾਣਾ ਹੈ । ਦਰਸ਼ਨ ਸਿੰਘ ਅਨੁਸਾਰ ਧਰਮ ਹਮੇਸ਼ਾ ਮਨੁੱਖੀ ਜੀਵਨ ਦਾ ਅਨਿੱਖੜ ਅੰਗ ਰਿਹਾ ਹੈ, ਪਰੰਤੂ ਮਨੁੱਖੀ ਜੀਵਨ ਤੇ ਸਮਾਜ ਵਿਚ ਧਰਮ ਦਾ ਪ੍ਰਭਾਵ ਤੇ ਬੋਲਬਾਲਾ ਹਮੇਸ਼ਾ ਇਕਸਾਰ ਨਹੀਂ ਰਿਹਾ । ਬਦਲਦੇ ਹਾਲਤਾਂ ਤੇ ਪ੍ਰਸਥਿਤੀਆਂ ਵਿਚ ਜੀਵਨ ਵਿਚ ਧਰਮ ਦਾ ਪ੍ਰਭਾਵ ਤੇ ਪਕੜ ਬਦਲਦੇ ਰਹੇ ਹਨ ।--- ਮਨੁੱਖੀ ਜੀਵਨ ਤੇ ਸਮਾਜ ਵਿਚ ਧਰਮ ਦਾ ਅਸਰ ਬਦਲਦਾ ਰਿਹਾ ਹੈ ।('ਧਰਮ ਅਧਿਐਨ ਅਤੇ ਸਿੱਖ ਅਧਿਐਨ'47)

ਵਿਦਵਾਨਾਂ ਨੇ ਧਰਮ ਦੇ ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਪੇਸ਼ ਕਰਨ ਦੇ ਯਤਨ ਕੀਤੇ ਹਨ । ਧਰਮ ਦਾ ਸਭ ਤੋਂ ਪੁਰਾਤਨ ਰੂਪ ਕੁਝ ਵੀ ਹੋਵੇ, ਇਹ ਧਰਮ ਮਨੁੱਖ ਦੀ ਪਵਿੱਤਰ ਅਹਿਸਾਸ ਦਾ ਸੰਕੇਤ ਕਰਦਾ ਹੈ , ਜਿਹੜੀ ਕਿ ਉਸ ਨੇ ਮਿੱਥ, ਰਸਮਾਂ-ਰਿਵਾਜਾਂ, ਸੰਸਕਾਰਾਂ ਅਤੇ ਦਰਸ਼ਨ ਰਾਹੀਂ ਪ੍ਰਗਟਾਈ ਸੀ । ਵਰਤਮਾਨ ਜੀਵਨ ਵਿਚ ਧਰਮ ਦੀ ਮਹੱਤਤਾ ਦੱਸਦੇ ਹੋਏ ਦਰਸ਼ਨ ਸਿੰਘ ਲਿਖਦੇ ਹਨ ਕਿ-

ਧਰਮ ਮਨੁੱਖੀ ਸਭਿਆਚਾਰ ਦੇ ਸਭ ਤੋਂ ਮਹੱਤਵਪੂਰਨ ਪੱਖਾਂ ਵਿਚੋਂ ਹੈ । ਨਾ ਸਿਰਫ਼ ਇਹ ਸਭ ਗਿਆਤ ਮਨੁੱਖੀ ਸਮਾਜਾਂ ਵਿਚ ਹੀ ਪਾਇਆ ਜਾਂਦਾ ਹੈ ਬਲਕਿ ਦੂਜੀਆਂ ਸਭਿਆਚਾਰਕ ਸੰਸਥਾਵਾਂ ਤੇ ਵੀ ਮਹੱਤਵਪੂਰਨ ਰੂਪ ਵਿਚ ਪ੍ਰਭਾਵ ਕਾਰੀ ਹੁੰਦਾ ਹੈ । ਇਹ ਪਦਾਰਥਕ, ਸਭਿਆਚਾਰਕ, ਮਨੁੱਖੀ ਵਰਤਾਵ ਅਤੇ ਮੁੱਲ ਵਿਧਾਨ, ਸਦਾਚਾਰ ਅਤੇ ਨੀਤੀ ਸ਼ਾਸਤਰ ਰਾਹੀਂ ਪ੍ਰਗਟ ਹੁੰਦਾ ਹੈ । ਇਹ ਪਰਿਵਾਰ ਸੰਸਥਾ,

ਵਿਆਹ, ਅਰਥ-ਸ਼ਾਸਤਰ, ਕਾਨੂੰਨ, ਰਾਜਨੀਤੀ ਦੇ ਖੇਤਰਾਂ ‘ਤੇ ਪ੍ਰਭਾਵ ਪਾਉਂਦਾ ਹੈ ਅਤੇ ਚਿਕਿਤਸਾ-ਵਿਗਿਆਨ ਅਤੇ ਸ਼ਿਲਪ ਵਿਗਿਆਨ ਦੇ ਖੇਤਰਾਂ ਵਿਚ ਵੀ ਪ੍ਰਵੇਸ਼ ਕਰਦਾ ਹੈ ।(9)

ਸੋ ਧਰਮ ਦਾ ਮਨੁੱਖੀ ਜੀਵਨ ਦੇ ਵਿਕਾਸ ਪੜਾਅ ਵਿਚ ਅਹਿਮ ਯੋਗਦਾਨ ਹੈ । ਸੁਖਦੇਵ ਸਿੰਘ ਖਾਹਰਾ ਨੇ ਕਿਤਾਬ ‘ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ’ ਵਿਚ ਕਿਹਾ ਹੈ ਕਿ ਭਾਰਤ ਵਿਚ ਵਿਸ਼ੇਸ਼ ਕਰਕੇ ਸਾਧਾਰਨ ਮਨੁੱਖ ਆਪਣੇ ਜਨਮ ਦੇ ਪਲ ਤੋਂ ਲੈ ਕੇ, ਮੌਤ ਦੇ ਪਲ ਤੱਕ ਧਾਰਮਿਕ ਮਾਹੌਲ ਵਿਚ ਹੀ ਸਾਹ ਲੈਂਦਾ ਹੈ ਅਤੇ ਸਚੇਤ ਜਾਂ ਅਚੇਤ ਤੌਰ ਤੇ ਆਪਣੇ ਧਰਮ ਦੇ ਆਦੇਸ਼ਾਂ ਨੂੰ ਅਪਣਾਉਂਦਾ ਹੈ । (90)

ਇਸੇ ਤਰ੍ਹਾਂ ਦਾ ਸੰਕੇਤ ਸ.ਸ .ਅਮੋਲ ਨੇ ਕਿਤਾਬ ‘ਪੰਜਾਬੀ ਸਭਿਆਚਾਰ ਦੀ ਰੂਪ-ਰੇਖਾ’ ਵਿਚ ਕਿਹਾ ਹੈ ਕਿ ਪੰਜਾਬੀ ਸੰਸਕ੍ਰਿਤੀ ਦੀ ਸਥਿਤੀ ਇਸ ਤੋਂ ਕੋਈ ਵੱਖਰੀ ਭਾਂਤ ਦੀ ਨਹੀਂ ਹੈ । ਸ਼ਾਇਦ ਹੀ ਸਾਡਾ ਕੋਈ ਅਜਿਹਾ ਵਿਵਹਾਰ ਜਾਂ ਵਿਚਾਰ ਹੋਵੇ ਜੋ ਧਰਮ-ਭਾਵਨਾ ਤੋਂ ਮੁਕਤ ਹੋਵੇ । (116-18)

ਪੰਜਾਬੀ ਸਾਂਸਕ੍ਰਿਤਿਕ ਚੇਤਨਾ ਦੀ ਪ੍ਰਕਿਰਤੀ ਵਿਚ ਧਰਮ ਦੀ ਭੂਮਿਕਾ ਅਹਿਮ ਮਹੱਤਵ ਰੱਖਦੀ ਹੈ । ਪੰਜਾਬੀ ਨਾਵਲ ਦਾ ਤਾਂ ਆਰੰਭ ਹੀ ਧਾਰਮਿਕ ਸੰਪਰਦਾਇਕ ਚੇਤਨਾ ਦੇ ਅਧੀਨ ਹੀ ਹੋਇਆ ਹੈ । ਸੋ ਧਰਮ ਦਾ ਹਰ ਕਿਰਤ ਤੇ ਪ੍ਰਭਾਵ ਪੈਦਾ ਹੈ । ਕਿੰਨਰ ਸਮਾਜ ਵੀ ਸਮਾਜ ਦਾ ਇਕ ਹਿੱਸਾ ਹੈ । ਸਭਿਅਕ ਸਮਾਜ ਦੀ ਤਰ੍ਹਾਂ ਇਸ ਸਮਾਜ ਦੇ ਵੀ ਆਪਣੇ ਧਾਰਮਿਕ ਨੇਮ ਹਨ । ਇਨ੍ਹਾਂ ਨੇਮਾਂ ਤੋਂ ਸੇਧ ਲੈ ਕੇ ਆਪਣੀ ਜ਼ਿੰਦਗੀ ਦੇ ਉਦੇਸ਼ਾਂ ਨੂੰ ਪੂਰਾ ਕਰਦੇ ਹਨ । ਕਿੰਨਰ ਸਮਾਜ ਦੇ ਧਾਰਮਿਕ ਪੱਖ ਤੋਂ ਵਿਚਾਰ ਕਰੀਏ ਤਾਂ ਇਸ ਸਮਾਜ ਵਿਚ ਹਰ ਕਿੰਨਰ ਦਾ ਡੇਰੇ ਵਿਚ ਪ੍ਰਵੇਸ਼ ਕਰਨ ਤੇ ਧਰਮ ਤਬਦੀਲ ਹੁੰਦਾ ਹੈ । ਕਿੰਨਰ ਸਮਾਜ ਦੇ ਡੇਰਿਆਂ ਅੰਦਰ ਨੰਦੀ ਮਾਈ ਦੀ ਪੂਜਾ ਕੀਤੀ ਜਾਂਦੀ ਹੈ, ਜਿਸ ਨੂੰ ਮੁਰਗ਼ੇ ਵਾਲੀ ਮਾਈ ਵੀ ਕਿਹਾ ਜਾਂਦਾ ਹੈ । ਇਹ ਮਾਈ ਹੀ ਕਿੰਨਰ ਸਮਾਜ ਦੀ ਲਾਜ ਰੱਖਦੀ ਹੈ । ਹਰ ਡੇਰੇ ਵਿਚ ਮਾਤਾ ਦੀ ਤਸਵੀਰ ਲੱਗੀ ਹੁੰਦੀ ਹੈ । ਇਸ ਸਮਾਜ ਵਿਚ ਵੱਖ-ਵੱਖ ਧਰਮਾਂ ਤੋਂ ਆਏ ਹੋਏ ਕਿੰਨਰ ਹੁੰਦੇ ਹਨ । ਡੇਰੇ ਵਿਚ ਉਨ੍ਹਾਂ ਦਾ ਇਕ ਹੀ ਧਰਮ ਬਣ ਜਾਂਦਾ ਹੈ । ਡੇਰਿਆਂ ਵਿਚ ਜ਼ਿਆਦਾਤਰ ਇਸਲਾਮ ਧਰਮ ਨੂੰ ਮੰਨਿਆ ਜਾਂਦਾ ਹੈ । ਖੇਤਰੀ ਸਰਵੇਖਣ ਦੌਰਾਨ ਪ੍ਰਾਪਤ ਹੋਈ ਬਹੁਚਰਾ ਮਾਤਾ ਦੀ ਤਸਵੀਰ :




ਭਾਰਤ ਦੇ ਗੁਜਰਾਤ ਸ਼ਹਿਰ ਵਿਚ ਬਹੁਚਰਾ ਮਾਤਾ ਦਾ ਮੰਦਰ ਹੈ। ਇਸ ਮੰਦਰ ਵਿਚ ਬਹੁਚਰਾ ਮਾਤਾ ਦੀ ਸੇਵਾ ਕੀਤੀ ਜਾਂਦੀ ਹੈ। ਹੀਜੜਾ ਸਮਾਜ ਦੇ ਕੁੱਲ ਦੇਵਤਾ 'ਸੰਤੋਸ਼ੀਮਾਤਾ' ਨੂੰ ਬਹੁਚਰਾ ਮਾਤਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। 'ਸ਼ਬਦ' ਮੈਗਜ਼ੀਨ ਜੁਲਾਈ-ਸਤੰਬਰ, 2017 ਵਿਚ ਡਾ.ਐਮ.ਫ਼ਿਰੋਜ਼ ਅਹਿਮਦ ਅਤੇ ਮੋ.ਸ਼ਮੀਮ ਵੱਲੋਂ ਲਈ ਇੰਟਰਵਿਊ ਵਿਚ ਮਨੀਸ਼ਾ ਮਹੰਤ ਨੇ ਦੱਸਿਆ:

ਮਾਤਾ ਬਹੁਚਰਾ ਹਿੰਦੂ ਧਰਮ ਦੀਆਂ ਪ੍ਰਮੁੱਖ ਦੇਵੀਆਂ 'ਚੋ ਇਕ ਹੈ। ਮਾਤਾ ਬੁਹਚਰਾ ਜੀ ਤਕਰੀਬਨ ਸਾਰੇ ਭਾਰਤ ਵਿਚ ਪੂਜੀ ਜਾਂਦੀ ਹੈ ਅਤੇ ਇਨ੍ਹਾਂ ਨੂੰ ਖ਼ਾਸ ਤੌਰ 'ਤੇ ਕਿੰਨਰ ਸਮਾਜ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਕਿਉਂਕਿ ਇਹ ਕਿੰਨਰ ਸਮਾਜ ਦੀ ਇਸ਼ਟ ਦੇਵੀ ਮੰਨੀ ਜਾਂਦੀ ਅਤੇ ਕਿੰਨਰ ਚਾਹੇ ਕਿਸੀ ਵੀ ਜਾਤੀ ਜਾਂ ਧਰਮ ਦਾ ਕਿਉਂ ਨਾ ਹੋਵੇ, ਉਹ ਮਾਂ ਬਹੁਚਰਾ ਜੀ ਦੀ ਪੂਜਾ ਉਪਾਸਨਾ ਕਰਦਾ ਹੀ ਹੈ। ਮਾਂ ਬਹੁਚਰਾ ਜੀ ਦਾ ਪ੍ਰਮੁੱਖ ਮੰਦਿਰ ਗੁਜਰਾਤ ਦੇ ਸੰਥੋਲ 'ਚ ਹੈ ਅਤੇ ਇਹ ਗੁਜਰਾਤ ਦੀਆਂ ਪ੍ਰਮੁੱਖ ਕੁਲ ਦੇਵੀਆਂ 'ਚ ਇਕ ਹੈ। ਕਹਿੰਦੇ ਹਨ ਕਿ ਕਿਸੇ ਰਾਜੇ ਦੇ ਘਰ ਇਕ ਸੰਤਾਨ ਸੀ। ਉਹ ਬਚਪਨ ਵਿਚ ਤਾਂ

ਸਮਾਨ ਬੱਚਿਆਂ ਵਾਂਗ ਸੀ ਅਤੇ ਦੇਖਣ ਵਿਚ ਬਿਲਕੁਲ ਕੁੜੀ ਲੱਗਦੀ ਸੀ, ਪਰ ਜਿਵੇਂ-ਜਿਵੇਂ ਉਹ ਜਵਾਨ ਹੁੰਦੀ ਗਈ ਤਾਂ ਉਸ ਦੀ ਅਵਾਜ਼ ਮੁੰਡਿਆਂ ਵਾਂਗ ਭਾਰੀ ਹੁੰਦੀ ਗਈ ਅਤੇ ਉਸ ਦੇ ਚਿਹਰੇ 'ਤੇ ਵੀ ਸਮਾਨ ਮੁੰਡਿਆਂ ਵਾਂਗ ਹੀ ਵਾਲ ਉੱਗਣੇ ਸ਼ੁਰੂ ਹੋ ਗਏ। ਉਹ ਸ਼ਕਲੋਂ ਸੂਰਤ, ਚਾਲ-ਢਾਲ ਅਤੇ ਕੁਦਰਤੀ ਤੌਰ 'ਤੇ ਸਰੀਰਕ ਰੂਪ ਤੋਂ ਤਾਂ ਕੁੜੀ ਹੀ ਪ੍ਰਤੀਤ ਹੁੰਦੀ ਸੀ, ਪਰ ਚਿਹਰੇ 'ਤੇ ਉੱਗ ਆਏ ਅਣਚਾਹੇ ਵਾਲਾਂ ਅਤੇ ਅਵਾਜ਼ ਤੋਂ ਮੁੰਡਾ ਹੀ ਲੱਗਦੀ ਸੀ। ਰਾਜਾ ਉਸ ਨੂੰ ਰਾਜ ਮਹਿਲ ਤੋਂ ਬੜਾ ਹੀ ਘੱਟ ਬਾਹਰ ਨਿਕਲਣ ਦਿੰਦੇ ਸਨ। ਉਸ 'ਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਸਨ ,ਕਿਉਂਕਿ ਉਸ ਨੂੰ ਦੇਖਦੇ ਰਾਜ ਦੇ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਸਨ। ਰਾਜਾਂ ਦੇ ਕਈ ਵੱਡੇ ਵੱਡੇ ਵੈਦ ਹਕੀਮਾਂ ਨੂੰ ਬੁਲਾਇਆ ਅਤੇ ਅਖੀਰ ਪਤਾ ਲੱਗਾ ਕਿ ਰਾਜਾ ਦੀ ਇਕਲੌਤੀ ਸੰਤਾਨ ਨਾ ਤਾਂ ਲੜਕਾ ਹੈ ਤੇ ਨਾ ਹੀ ਲੜਕੀ। ਇਸ ਗੱਲ ਨੂੰ ਜਾਣ ਕੇ ਰਾਜਾ ਅਤੇ ਰਾਣੀ ਬਹੁਤ ਉਦਾਸ ਹੋਏ ਅਤੇ ਆਪਣੀ ਫੁੱਟੀ ਕਿਸਮਤ ਨੂੰ ਕੋਸਣ ਲੱਗੇ। ਇਹ ਸਭ ਦੇਖ ਕੇ ਰਾਜਾ ਦੀ ਉਸ ਇਕਲੌਤੀ ਸੰਤਾਨ ਨੂੰ ਬਹੁਤ ਦੁੱਖ ਹੋਇਆ ਅਤੇ ਮਨ ਹੀ ਮਨ ਰੋਜ਼ ਭਗਵਾਨ ਨੂੰ ਅਤੇ ਆਪਣੀ ਕਿਸਮਤ ਨੂੰ ਕੋਸਦੀ ਰਹਿੰਦੀ। ਇਕ ਦਿਨ ਅਚਾਨਕ ਉਸ ਦੇ ਸੁਪਨੇ 'ਚ ਇਕ ਦੇਵੀ ਆਈ ਅਤੇ ਕਹਿਣ ਲੱਗੀ ਕਿ ਉਦਾਸ ਨਾ ਹੋ ਅਤੇ ਜਾ ਫਲਾਣੀ ਜਗ੍ਹਾ 'ਤੇ ਕਿੰਨਰਾਂ ਦਾ ਡੇਰਾ ਹੈ ਅਤੇ ਉੱਥੇ ਇਕ ਤਲਾਬ ਹੈ। ਜੇ ਤੂੰ ਉਸ ਵਿਚ ਤਾਲਾ ਕਰੇਂਗੀ ਤਾਂ ਤੇਰਾ ਜਿਹੜਾ ਦੁੱਖ ਹੈ ਉਹ ਮਿਟ ਜਾਏਗਾ। ਕਹਿੰਦੇ ਹਨ ਰਾਜਾ ਦੀ ਉਸ ਕੁੜੀ ਜਾਂ ਮੁੰਡੇ ਨੇ ਉੱਥੇ ਜਾਣ ਦਾ ਫ਼ੈਸਲਾ ਕਰ ਲਿਆ ਅਤੇ ਉੱਥੇ ਪਹੁੰਚ ਗਿਆ ਜੋ ਜਗ੍ਹਾ ਸੁਪਨੇ ਵਿਚ ਦੇਵੀ ਨੇ ਦੱਸੀ ਸੀ ਅਤੇ ਉਹ ਕੀ ਦੇਖਦਾ ਹੈ ਕਿ ਉੱਥੇ ਕਿੰਨਰ ਨੱਚ ਗਾ ਰਹੇ ਹਨ ਅਤੇ ਕਿਸੇ ਦੇਵੀ ਦੀ ਉਪਾਸਨਾ ਕਰ ਰਹੇ ਹਨ। ਤਦੇ ਉਸ ਦੇ ਸਾਹਮਣੇ ਤੋਂ ਇਕ ਕੁੱਤੀ ਭੱਜਦੀ ਹੋਈ ਗਈ ਅਤੇ ਤਲਾਬ ਵਿਚ ਵੜ ਗਈ ਅਤੇ ਜਦੋਂ ਉਹ ਬਾਹਰ ਨਿਕਲੀ ਤਾਂ ਮੰਨੋ ਉਸ ਦਾ ਦੂਜਾ ਜਨਮ ਹੋਇਆ ਹੋਵੇ ਕਿਉਂਕਿ ਉਹ ਹੁਣ ਕੁੱਤੀ ਨਹੀਂ ਸੀ ਰਹੀ ਬਲਕਿ ਇਕ ਕੁੱਤਾ ਸੀ। ਉਸ ਨੂੰ ਬੜੀ ਹੈਰਾਨੀ ਹੋਈ ਅਤੇ ਉਦਾਸ ਉਸ ਨੇ ਵੀ ਤਲਾਬ ਵਿਚ ਤਾਲਾ ਕੀਤਾ ਅਤੇ ਜਦੋਂ ਉਹ ਇਸ਼ਨਾਨ ਕਰ ਕੇ ਤਲਾਬ 'ਚ ਬਾਹਰ ਨਿਕਲਿਆ ਤਾਂ ਉਹ ਮਾਂ ਬਹੁਚਾਰਾ ਦੀ ਕਿਰਪਾ ਨਾਲ ਕਿੰਨਰ ਜੂਨੀ ਤੋਂ ਮੁਕਤ ਹੋ ਪੂਰਾ ਇਕ ਰਾਜਕੁਮਾਰ ਬਣ ਚੁੱਕਾ ਸੀ ।' ਸੋ ਕਿੰਨਰ ਸਮਾਜ ਦੇ ਲੋਕ ਆਪਣੇ ਘਰਾਂ ਦੇ ਵਿਚ ਬਹੁਚਰਾ ਮਾਤਾ ਦੀ ਤਸਵੀਰ ਰੱਖਦੇ ਹਨ। ਇਹ ਲੋਕ ਦੇਵੀ ਦੀ ਤਸਵੀਰ ਦੇ ਸਾਹਮਣੇ ਪ੍ਰਾਰਥਨਾ ਕਰਦੇ ਹਨ।(45 )

ਸਾਹਿਤਕ ਅਧਿਐਨ ਤੋਂ ਰਾਮ ਸਰੂਪ ਰਿਖੀ ਦੇ ਨਾਵਲ ‘ ਮੈਂ ਸ਼ਿਖੰਡੀ ਨਹੀਂ ’ ਨਾਵਲ ਵਿਚ ਵੀ ਇਸ ਦੇ ਵੇਰਵੇ ਥਾਂ-ਥਾਂ ਤੇ ਵੇਖੇ ਜਾ ਸਕਦੇ ਹਨ । ਜਦੋਂ ਵੀ ਕੋਈ ਸੰਕਟ ਆਉਂਦਾ ਤਾਂ ਇਹ ਨੰਦੀ ਮਾਈ ਨੂੰ ਧਿਆਉਂਦੇ ਹਨ । ਨਾਵਲ ਵਿਚ ਕੇਸ਼ਵ ਗੁਰੂ ਨੰਦੀ ਮਾਈ ਗੁਜਰਾਤ ਵਾਲੀ ਦੀ ਜੈ ਬੁਲਾ ਕੇ ਹੀ ਆਪਣੀ ਯਾਤਰਾ ਸ਼ੁਰੂ ਕਰਦਾ ਹੈ । ਇਸੇ ਤਰ੍ਹਾਂ ਨਾਵਲ ਵਿਚ ਹੋਰ ਸੰਕੇਤ ਵੀ ਦੇਖੇ ਜਾ ਸਕਦੇ ਹਨ ਕਿ-

ਮੈਨੂੰ ਮਾਈ ਨੰਦੀ ਗੁਜਰਾਤ ਵਾਲੀ ਦੀ ਸਹੁੰ ਚੰਦਕੁਰ ਮੈਨੂੰ ਆਖ ਕੇ ਆਈ ਸੀ (188)

ਇਸੇ ਤਰ੍ਹਾਂ ਗੁਰੂ ਕੇਸ਼ਵ ਬੋਲਦਾ ਹੈ ਕਿ-

ਅਸੀਂ ਤਾਂ ਜੱਗੋਂ-ਜਹਾਨੋਂ ਨਿਆਰੇ ਆਂ । ਨੰਦੀ ਮਾਈ ਗੁਜਰਾਤ ਵਾਲ਼ੀ ਦੇ ਸਰਧਾਲੂ । ਸਾਡਾ ਧਰਮ ਕਿੰਨਰ , ਨੱਚਣਾ ਗਾਉਣਾ ਸਾਡੀ ਕਾਰ , ਖੇੜੇ ਦੀ ਖੈਰ ਸਾਡੀ ਪਾਠ ਪੂਜਾ , ਭੰਡਾਰਾ ਸਭ ਤੋਂ ਵੱਡਾ ਹਨ ਐ । ਜਿਹਦੇ ‘ਚ ਸੱਚੇ ਦਿਲੋਂ ਆਂਹੂਤੀ ਪਾਈ ਦੀ ਐ । ਨਾ ਨੂੰਹ ਲਿਆਉਣੀ ਨਾ ਧੀ ਤੋਰਨ ਦੀ ਚਿੰਤਾ । ਖਾਣਾ-ਪੀਣਾ , ਹੱਸਣਾ , ਨੱਚਣਾ ਅਤੇ ਅਟੰਕ ਰਹਿਣਾ ਸਾਡੇ ਜੀਵਨ ਦਾ ਸੁੱਚਾ ਉਦੇਸ਼ ਐ । ਦਰ ਤੇ ਆਏ ਸੁਆਲੀ ਦੀ ਮੱਦਦ ਕਰਨਾ ਸਾਡਾ ਫਰਜ਼ ਐ ।(146)

ਪੰਜਾਬੀ ਸਮਾਜ ਵਿਚ ਕਿੰਨਰ ਵਰਗ ਨੂੰ ਅਸ਼ੀਰਵਾਦ ਦੇਣ ਦੀ ਮਾਨਤਾ ਹੈ । ਸਮਾਜ ਵਿਚ ਲੋਕ ਇਨ੍ਹਾਂ ਨਾਲ ਕੋਈ ਵੀ ਵਰਤ ਵਿਹਾਰ ਨਹੀਂ ਕਰਦੇ ਤਾਂ ਇਹ ਵਿਤਕਰਾ ਇਨ੍ਹਾਂ ਨੂੰ ਪੂਰਨ ਤੌਰ ਉੱਤੇ ਨਿਰਾਸ਼ਾ ਵਿਚ ਲੈ ਜਾਂਦਾ ਹੈ । ਮੈਂ ਸ਼ਿਖੰਡੀ ਨਹੀਂ ’ਦਾ ਪਾਤਰ  ਮੱਘਰ ਕਿੰਨਰ ਕਿਸ ਤਰ੍ਹਾਂ ਨਿਰਾਸ਼ਾ ਵਿਚ ਘਿਰ ਜਾਂਦਾ ਹੈ ।  ਸਾਧ ਦੇ ਕਹੇ ਸ਼ਬਦ ਮੱਘਰ ਕਿੰਨਰ ਨੂੰ ਘੋਰ ਨਿਰਾਸ਼ਾ ਦੀ ਹਨੇਰੀ ਗੋਰ ਵਿਚ ਧੱਕ ਦਿੰਦੇ ਹਨ । ਤਾਏ ਦੁਆਰਾ ਦਿੱਤਾ ਗਿਆ ਹੌਸਲਾ ਕਿਤੇ ਫ਼ਰ ਲਾ ਕੇ ਉਡਾਰੀ ਮਾਰ ਜਾਂਦਾ ਹੈ । ਸਮਾਜ ਵਿਚ ਜਿੱਥੇ ਲੋਕ ਕਿੰਨਰਾਂ ਦੇ ਸਾਥ ਨੂੰ ਘਟੀਆ ਸਮਝਦੇ ਹਨ । ਉੱਥੇ ਤਾਏ ਵਰਗੇ ਲੋਕ ਮੱਘਰ ਕਿੰਨਰ ਨੂੰ ਪੂਰਾ ਮਾਣ ਸਤਿਕਾਰ ਦਿੰਦੇ ਹਨ-

ਮਹੰਤਾਂ ਤੂੰ ਦੇਵਤਿਆਂ ਵਰਗੈਂ । ਆਦਮੀ ਔਰਤ ਦੇ ਜਾਮੇ ਦੇ ਸਾਰੇ ਦੋਸ਼ਾਂ ਤੋਂ ਮੁਕਤ । ਤੇਰੀ ਦੁਆ ਆਹਲੀ ਨੀ ਜਾਣੀ ਤੂੰ -----।(89)

ਤਾਏ ਦੇ ਉੱਪਰੋਕਤ ਸ਼ਬਦ ਕਹਿਣ ਤੋਂ ਤੁਰੰਤ ਇੱਕ ਲੱਤ ਖੜ੍ਹਾ ਹੋ ਕੇ ਹਰਚੰਦ ਦੀ ਸਿਹਤ ਦੇ ਲਈ ਅਰਦਾਸ ਕਰਦਾ ਹੈ । ਜਿਸ ਦੇ ਤੁਰੰਤ ਬਾਅਦ ਹਰਨੰਦ ਨੇ ਪਤਨੀ ਤੇ ਧੀ ਨੂੰ ਪੁਕਾਰ ਕੇ ਖ਼ਾਮੋਸ਼ੀ ਤੋੜੀ ਸੀ । ਅਰਦਾਸ ਕਰਦਾ ਉਹ ਕਹਿੰਦਾ ਹੈ ਕਿ-

ਰੱਬ ਸੱਚਾ ਹਰਨੰਦ ਨੂੰ ਨੌਂ ਬਰ ਕਰ ਦੇਵੇ ਤਾਂ ਮੈਂ ਭੰਡਾਰਾ ਕਰਾਊਂ ।(90)

ਨਾਵਲਕਾਰ ਰਾਮ ਸਰੂਪ ਰਿਖੀ ਨਾਵਲੀ ਪਾਤਰ ਮੱਘਰ ਮਹੰਤ ਦੀ ਅਰਦਾਸ ਦੁਆਰਾ ਇਹ ਸੰਕੇਤ ਦੇਣਾ ਚਾਹੁੰਦਾ ਹੈ ਕਿ ਕਿੰਨਰਾਂ ਦੁਆਰਾ ਸੱਚੇ ਦਿਲ ਨਾਲ ਕੀਤੀ ਅਰਦਾਸ ਕਦੇ ਖ਼ਾਲੀ ਨਹੀਂ ਜਾਂਦੀ ਹੈ । ਸਮਾਜ ਦੇ ਲੋਕ ਕਿੰਨਰਾਂ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਇਨ੍ਹਾਂ ਨੂੰ ਘਰਾਂ ਵਿਚ ਬੁਲਾ ਕੇ ਮਾਣ ਸਤਿਕਾਰ ਦਿੰਦੇ ਹਨ । ਸਭਿਅਕ ਸਮਾਜ ਦੇ ਲੋਕ ਵਿਸ਼ੇਸ ਸਮਗਰੀ ਕਿੰਨਰਾਂ ਨੂੰ ਦਾਨ ਦੇ ਰੂਪ ਵਿਚ ਦਿੰਦੇ ਹਨ । ਸਮਾਜ ਦੇ ਲੋਕਾਂ ਦੁਆਰਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕਿੰਨਰਾਂ ਦੁਆਰਾ ਕੀਤੀ ਅਰਦਾਸ ਕਦੇ ਖ਼ਾਲੀ ਨਹੀਂ ਜਾਂਦੀ । ਇਸ ਲਈ ਸਭਿਅਕ ਸਮਾਜ ਦੇ ਲੋਕ ਬੱਚੇ ਦੇ ਜਨਮ ਸਮੇਂ ਇਨ੍ਹਾਂ ਨੂੰ ਘਰਾਂ ਵਿਚ ਬੁਲਾ ਕੇ ਅਸ਼ੀਰਵਾਦ ਪ੍ਰਾਪਤ ਕਰਦੇ ਹਨ । ਨਾਵਲ ਵਿਚ ਮੱਘਰ ਮਹੰਤ ਦਾ ਅਰਦਾਸ ਕਰਨਾ ਸੰਕੇਤ ਕਰਦਾ ਹੈ ਕਿ ਸਮਾਜ ਵਿਚ ਕਿੰਨਰਾਂ ਦੀ ਅਰਦਾਸ ਦੀ ਮਾਨਤਾ ਹੈ । ਕਿੰਨਰ ਸਮਾਜ ਵੀ ਸਭਿਅਕ ਸਮਾਜ ਦਾ ਹਿੱਸਾ ਹੈ, ਪਰ ਸਭਿਅਕ ਸਮਾਜ ਇਸ ਨੂੰ ਆਪਣਾ ਹਿੱਸਾ ਜਾਂ ਭਾਗੀਦਾਰੀ ਬਣਾਉਣ ਲਈ ਤਿਆਰ ਨਹੀਂ, ਬੇਸ਼ੱਕ ਤਾਏ ਵਰਗੇ ਪਾਤਰ ਇਸ ਕਦਮ ਵਿਚ ਪਹਿਲ ਕਰਦੇ ਹਨ । ਸਮਾਜ ਵੱਲੋਂ ਤ੍ਰਿਸਕਾਰੇ ਇਹ ਲੋਕ ਕਿਤੇ ਨਾ ਕਿਤੇ ਰੱਬ ਨੂੰ ਉਲਾਂਭਾ ਦਿੰਦੇ ਹਨ । ਸਮਾਜ ਵੀ ਇਨ੍ਹਾਂ ਨਾਲ ਕੋਈ ਕਸਰ ਪੂਰੀ ਕਰਨ ਤੋਂ ਪਿੱਛੇ ਨਹੀਂ ਹਟਦਾ । ਨਾਵਲੀ ਕਥਾ ਤੋਂ ਇਹ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਹਸਪਤਾਲ ਵਿਚ ਜਦੋਂ ਹਰਨੰਦ ਦੇ ਸੱਟਾਂ ਲੱਗਣ ਸਮੇਂ ਡਾਕਟਰ ਮੱਘਰ ਦੇ ਖ਼ੂਨ ਲੈਣ ਸੰਬੰਧੀ ਉਸ ਨੂੰ ਇਨਕਾਰ ਕਰਦਾ ਹੋਇਆ ਸੰਕਟ ਸਮੇਂ ਲੈਣ ਦੀ ਤਾਕੀਦ

ਕਰਦਾ ਹੈ । ਇਹ ਗੱਲ ਮੱਘਰ ਕਿੰਨਰ ਨੂੰ ਆਤਮ ਹੀਣਤਾ ਵਿਚ ਲੈ ਜਾਂਦੀ ਹੈ । ਉਹ ਬਹੁਤ ਹੀ ਨਿਰਾਸ਼ਾ ਵਿਚ ਰੱਬ ਨੂੰ ਆਖਦਾ ਹੈ ਕਿ-

> ਹਾਇ ਉਏ ਮੇਰਿਆ ਰੱਬਾ ਤੂੰ ਮੇਰੇ ਨਾਲ ਜ਼ੁਲਮ ਕਮਾਇਐ ਮੈਨੂੰ ਇਹ ਜਾਮਾਂ ਦੇ ਕੇ । ਜੇ ਕਦੇ ਮਿਲ ਪਿਆ ਤਾਂ ਮੈਂ ਤੈਨੂੰ ਸ਼ਿਖੰਡੀ ਬਣ ਟੱਕਰੂੰ , ਮੇਰਾ ਨਾਂ ਵੀ ਮੱਘਰ ਐ ਮੱਘਰ ।(87)

ਬੇਸ਼ੱਕ ਤਾਏ ਵਰਗੇ ਪਾਤਰ ਉਸ ਨੂੰ ਇਸ ਹੀਣਤਾ ਵਿਚੋਂ ਕੱਢਣ ਦਾ ਹਰ ਉੱਪਰਾਲਾ ਕਰਦੇ ਹਨ । ਕੁਦਰਤ ਵੱਲੋਂ ਮਿਲੀ ਅਪੂਰਨਤਾ ਕਾਰਨ ਉਹ ਹਰ ਥਾਂ ਆਪਣੇ-ਆਪ ਨੂੰ ਦੋਸ਼ੀ ਮੰਨਣ ਲੱਗ ਪੈਂਦੇ ਹਨ । ਮੱਘਰ ਵੀ ਆਪਣੇ ਅਧੂਰੇਪਣ ਦਾ ਹੋਣ ਦਾ ਅਹਿਸਾਸ ਕਰਦਾ ਹੀ ਆਪਣੇ-ਆਪ ਨੂੰ ਦੋਸ਼ੀ ਮੰਨਣ ਲੱਗ ਪੈਂਦਾ ਹੈ, ਉਹ ਕਹਿੰਦਾ ਹੈ ਕਿ-

> ਮੈਂ ਨਿੱਜ ਜੰਮੇ ਨੇ ਸਕੂਲ ਦੇ ਕਮਰੇ ਸ਼ੁਰੂ ਕਰਨ ਲਈ ਪੰਜ ਸੌ ਦੇ ਕੇ ਪਹਿਲ ਕੀਤੀ ਤਾਂ ਹੀ ਇਹ ਹਾਦਸਾ ਹੋਇਆ । ਮੈਂ ਨਿਕਰਮੇ ਨੇ ਬਹੁਣੀ ਕਰਨ ਵੇਲੇ ਕੁੱਝ ਨਾ ਸੋਚਿਆ । ਕਿਸੇ ਸਖੀ ਨੇ ਪਹਿਲ ਕੀਤੀ ਹੁੰਦੀ ਤਾਂ ਇਉਂ ਨਹੀਂ ਸੀ ਹੋਣਾ । ਮੇਰੇ ਕਾਰਨ ਕਮਰੇ ਦੀ ਛੱਤ ਨੂੰ ਵਿੱਜ ਪਈਆਂ । ਅਸੀਂ ਤਾਂ ਰੱਬ ਵੱਲੋਂ ਈ ਊਣੇ ਆਉਂਦੇ ਆ ਸਾਡੀਆਂ ਕੀਤੀਆਂ ਦੀ ਕੀ ਪੂਰੀ ਪੈਣੀ ਹੋਈ । (88)

ਇਸ ਤਰ੍ਹਾਂ ਮਨੁੱਖੀ ਰੂਪ ਵਿਚ ਜਨਮ ਲੈ ਕੇ ਵੀ ਰੱਬ ਅੱਗੇ ਆਪਣਾ ਰੋਸ ਪ੍ਰਗਟ ਕਰਦੇ ਹਨ ਕਿ ਕਿੰਨਰ ਸਮਾਜ ਨਾਲ ਜਿੱਥੇ ਕੁਦਰਤ ਨੇ ਹੀ ਧੱਕਾ ਕੀਤਾ ਹੈ , ਉੱਥੇ ਸਮਾਜ ਦੇ ਬਾਸ਼ਿੰਦੇ ਵੀ ਉਨ੍ਹਾਂ ਨਾਲ ਘੱਟ ਨਹੀਂ ਬਹਿੰਦੇ । ਇਸ ਤਰ੍ਹਾਂ ਉਹ ਆਪਣੀ ਅੱਧ-ਅਧੂਰੀ ਜ਼ਿੰਦਗੀ ਦਾ ਸੰਤਾਪ ਭੋਗਦੇ ਹਨ ।

ਜਸਵੀਰ ਰਾਣਾ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ ' ਵਿਚ ਸ਼ਾਮਿਲ ਗੁਰਮੀਤ ਕੜਿਆਲ ਵੀ ਦੀ ਕਹਾਣੀ 'ਵੇ ਸੋਨੇ ਦਿਆ ਕੰਗਣਾ' ਅਨੁਸਾਰ ਇਸ ਸਮਾਜ ਵਿਚ ਜਦੋਂ ਪਰਮਾਤਮਾ ਨੇ ਮਰਦ ਤੇ ਔਰਤ ਨੂੰ ਸਿਰਜਿਆ । ਉਨ੍ਹਾਂ ਵਿਚ ਇੱਕ ਹੀਜੜੇ ਵੀ ਸੀ ਜੋ ਨਾ ਮਰਦ ਨਾ ਔਰਤ

ਦਾ ਹੀ ਰੂਪ ਲੈ ਸਕੇ । ਪਰਮਾਤਮਾ ਵੀ ਆਦਮੀ ਰੂਪ ਵਿਚ ਹੈ ਅਤੇ ਆਤਮਾ ਔਰਤ ਦੇ ਰੂਪ ਵਿਚ । ਇਸ ਵਰਗ ਦੇ ਲੋਕ ਪਰਮਾਤਮਾ ਨੂੰ ਸ਼ਿਕਵਾ ਕਰਦੇ ਹਨ ਕਿ ਸਾਡਾ ਰੂਪ ਕਿੱਥੇ ਹੈ? ਇਸ ਧਰਤੀ ਉੱਪਰ ਕੁੱਝ ਦੇਵੀਆਂ ਨੇ, ਕੁਝ ਦੇਵਤੇ ਤੇ ਪਰੰਤੂ ਸਾਡਾ ਕੌਣ ਹੈ? ਅਸੀਂ ਕਿਸ ਨੂੰ ਆਪਣਾ ਕਹੀਏ? ਇਸ ਜੱਗ ਉੱਤੇ ਆਏ ਆ ਪਰ ਇੱਥੇ ਸਾਡਾ ਸਥਾਨ ਕੀ ਹੈ ? ਇਸੇ ਤਰ੍ਹਾਂ ਬਬਲੀ ਆਪਣੇ ਤੇ ਆਪਣੇ ਸਮਾਜ ਬਾਰੇ ਸੋਚ ਕੇ ਹੈਰਾਨ ਹੋ ਜਾਂਦਾ ਹੈ ਕਿ ਸਾਡਾ ਇਸ ਸਮਾਜ ਤੇ ਕੋਈ ਨਹੀਂ ਹੈ । ਸਾਨੂੰ ਇਹ ਸਮਾਜ ਕੋਈ ਸਤਿਕਾਰ ਹੀ ਨਹੀਂ ਦਿੰਦਾ ਤੇ ਨਾ ਹੀ ਦੂਸਰੇ ਸਮਾਜ ਦੇ ਮਨੁੱਖਾਂ ਵਾਂਗ ਅਪਣਾਉਂਦਾ ਹੈ। ਰੱਬ ਦੇ ਇਸ ਧੱਕੇ ਪ੍ਰਤੀ ਸ਼ਿਕਾਇਤ ਕਰਦਾ ਹੈ ਕਿ-

> ਧਰਤੀ ‘ਤੇ ਸਾਰੇ ਜੀਅ ਰੱਬ ਨੇ ਬਣਾਏ । ਕਿਸੇ ਨੂੰ ਨਰ ਦੀ ਜੂਨ ਪਾਤਾ ਕਿਸੇ ਨੂੰ ਨਾਰੀ ---- ਕਿਸੇ ਦੇ ਆਪਣੇ ਵੱਸ ਕਿੱਥੇ ? ਰੱਬ ਮਿੱਟੀ ਨਾਲ ਖੇਡ ਰਿਹਾ ਸੀ । ਖੇਡ-ਖੇਡ ਵਿਚ ਉਸ ਨੇ ਮਿੱਟੀ ਦੀਆਂ ਦੋ ਢੇਰੀਆਂ ਲਾ ਦਿੱਤੀਆਂ । ਰਾਤ ਉਨ੍ਹਾਂ ਢੇਰੀਆਂ ‘ ਤੇ ਮੀਂਹ ਦੇ ਕੁੱਝ ਛੱਟੇ ਪਏ ਤੇ ਦੋਵਾਂ ਢੇਰੀਆਂ ਵਿਚ ਜ਼ਿੰਦਗੀ ਧੜਕਣ ਲੱਗੀ । ਇਕ ਢੇਰੀ ਦੀ ਮਿੱਟੀ ਮਰਦ ਦਾ ਰੂਪ ਧਾਰਨ ਕਰ ਗਈ ਤੇ ਦੂਜੀ ਤੀਵੀਂ ਦਾ । ਰੱਬ ਨੇ ਦੋ ਢੇਰੀਆਂ ਦੀ ਲਗਾਈਆਂ ਸਨ ---ਤੀਜੀ ਢੇਰੀ ਕਿਹੜੀ ਲੱਗ ਗਈ ਸੀ ਜਿਸ ਵਿਚੋਂ ਅਸੀਂ ਬਣ ਗਏ --- ਨਾ ਮਰਦ ਨਾ ਔਰਤ । ਰੱਬ ਵੀ ਆਦਮੀ ਰੂਪ ‘ਚ ਐ । ਆਤਮਾ ਔਰਤ । ਸਾਡਾ ਰੂਪ ਕਿੱਥੇ ਆ ? ਕੁੱਝ ਦੇਵੀਆਂ ਨੇ --- ਕੁੱਝ ਦਿਉਤੇ , ਸਾਡਾ ਕੌਣ ਐ? ਅਸੀਂ ਕੀਹਨੂੰ ਆਪਣਾ ਕਹੀਏ ? ਜੱਗ ‘ਤ ਆਏ ਆ ----ਸਾਡਾ ਸਥਾਨ ਕੀ ਐ ।(115)

ਸਮੇਂ ਦੇ ਬਦਲਣ ਨਾਲ ਕਿੰਨਰ ਸਮਾਜ ਵਿਚ ਵੀ ਪਰਿਵਰਤਨ ਦੇਖੇ ਜਾ ਸਕਦੇ ਹਨ, ਜਿਸ ਤਰ੍ਹਾਂ ਪਹਿਲਾਂ ਲੋਕ ਜੋ ਕਿੰਨਰਾਂ ਨੂੰ ਦੇ ਦਿੱਤਾ ਜਾਂਦਾ ਇਹ ਸਵੀਕਾਰ ਕਰ ਲੈਂਦੇ । ਇਹ ਲੋਕ ਕੋਈ ਬਹਿਸ ਨਹੀਂ ਕਰਦੇ ਸੀ । ਪਹਿਲਾਂ ਇਹ ਲੋਕ ਸਮਾਜ ਦੇ ਘਰਾਂ ਦੀ ਸੁੱਖ ਮੰਗਦੇ ਸਨ ਪਰ ਹੁਣ ਇਨ੍ਹਾਂ ਸਰਾਪ ਦੇਣ ਦਾ ਡਰ ਲੋਕਾਂ ਦੇ ਮਨਾਂ ਅੰਦਰ ਭਰ ਦਿੱਤਾ ਹੈ । ਲੋਕ ਇਨ੍ਹਾਂ ਦੇ ਸਰਾਪ ਤੋਂ ਡਰਦੇ ਇਨ੍ਹਾਂ ਦੀ ਮੰਗ ਪੂਰੀ ਕਰ ਦਿੰਦੇ ਹਨ। ਲੋਕਾਂ

ਦੇ ਮਨਾ ਵਿਚ ਇਹ ਡਰ ਵਸਿਆ ਹੋਇਆ ਹੈ ਕਿ ਕਿਤੇ ਕਿੰਨਰ ਕਿਧਰੇ ਨਰਾਜ਼ ਨਾ ਹੋਣ ਜਾਣ। ਗ਼ਰੀਬ ਘਰਾਂ ਵਿਚ ਇਹ ਲੋਕ ਮੰਗਦੇ ਹੀ ਨਹੀਂ । ਇਸ ਕਹਾਣੀ ਵਿਚੋਂ ਇਹ ਵੀ ਸੰਕੇਤ ਦੇਖੇ ਜਾ ਸਕਦੇ ਹਨ ਕਿ ।

ਲੋਕਾਂ ਦੇ ਦਰਾਂ ਦੀ ਸੁੱਖ ਮੰਗਣ ਵਾਲੇ ਅਸੀਂ ਲੋਕ ਵੀ ਹੁਣ ਫ਼ੱਕਰ ਨਹੀਂ ਰਹੇ , ਮਾਇਆ ਪਿੱਛੇ ਦੌੜਦੇ ਸਾਂ , ਪਰ ਹੁਣ---?ਹੁਣ ਤਾਂ ਅਸੀਂ ਮੂੰਹ ਪਾੜ ਹੋਈ ਜਾਂਦੇ ਹਾਂ । ਸਰਾਪ ਦਾ ਹਊਆ ਲੋਕਾਂ ਦੇ ਮਨਾਂ ਅੰਦਰ ਭਰਦੇ ਹਾਂ । ਲੋਕ ਡਰਦੇ ਨੇ ਕਿ ਜੇ ਮਹੰਤ ਸਾਡੇ ਦਰ ਤੋਂ ਨਾਰਾਜ਼ ਤੁਰ ਗਿਆ ਤਾਂ ਸਾਨੂੰ ਸਰਾਪ ਲੱਗ ਜਾਊ । ਝੱਲਿਆ--- ਗ਼ਰੀਬਾਂ ਦੇ ਘਰਾਂ ਦੀਆਂ ਤਾਂ ਅਸੀਂ ਖ਼ੁਸ਼ੀਆਂ ਹੀ ਨਹੀਂ ਮੰਗਦੇ ।(116)

ਇਕ ਮਾਨਤਾ ਅਨੁਸਾਰ ਮਿਥਿਹਾਸ ਵਿਚ ਵੇਰਵੇ ਮਿਲਦੇ ਹਨ ਕਿ ਭਗਵਾਨ ਰਾਮ ਜੀ ਨੇ ਕਿੰਨਰਾਂ ਨੂੰ ਅਸ਼ੀਰਵਾਦ ਦੇਣ ਦਾ ਵਰ ਦਿੱਤਾ । ਉਸ ਸਮੇ ਤੋਂ ਲੈ ਕੇ ਅੱਜ ਤੱਕ ਸਮਾਜ ਵਿਚ ਕਿੰਨਰਾਂ ਦੀਆ ਦੁਆਵਾਂ ਦੀ ਮਾਨਤਾ ਹੈ । ਇਸ ਸਪਸ਼ਟੀਕਰਨ ਦਾ ਵਰਣਨ ਜਸਵੀਰ ਰਾਣਾ ਦੀ ਕਹਾਣੀ ' ਘੁੰਗਰੂ ਕਥਾ ' ਵਿਚ ਦੇਖਿਆ ਜਾ ਸਕਦਾ ਹੈ । ਭਗਵਾਨ ਰਾਮ ਜੀ ਨੇ ਕਿੰਨਰਾਂ ਨੂੰ ਅਸ਼ੀਰਵਾਦ ਦਿੱਤਾ ਸੀ ਕਿ ਤੁਸੀਂ ਲੋਕਾਂ ਦੇ ਘਰਾਂ ਵਿਚ ਜਾ ਕੇ ਦੁਆਵਾਂ ਦੇਵੋਗੇ । ਜੇਕਰ ਕੋਈ ਕਿੰਨਰ ਆਪਣੇ ਦਿਲੋਂ ਅਸ਼ੀਰਵਾਦ ਦਿੰਦਾ ਹੈ ਤਾਂ ਜ਼ਰੂਰ ਪੂਰਾ ਹੁੰਦਾ ਹੈ । ਇਸ ਕਹਾਣੀ ਵਿਚੋਂ ਹੀ ਕਿੰਨਰਾਂ ਦੇ ਮਿਥਿਹਾਸਿਕ ਵੇਰਵੇ ਮਿਲਦੇ ਹਨ ਕਿ ਕਿਸ ਤਰ੍ਹਾਂ ਭਗਵਾਨ ਰਾਮ ਜੀ ਨੇ ਇਨ੍ਹਾਂ ਨੂੰ ਅਸ਼ੀਰਵਾਦ ਦਿੱਤਾ । ਕਹਾਣੀ ਵਿਚ ਮੀਨਾ ਮਹੰਤ ਦੁਆਰਾ ਸੁਣਾਈ ਕਹਾਣੀ ਦੁਆਰਾ ਉਜਾਗਰ ਹੁੰਦਾ ਹੈ ਕਿ –

ਜਦੋਂ ਰਾਮ ਚੰਦਰ ਜੀ ਚੌਦਾਂ ਸਾਲ ਦਾ ਬਣਵਾਸ ਕੱਟਣ ਲਈ ਘਰੋਂ ਤੁਰੇ। ਉਨ੍ਹਾਂ ਪਿੱਛੇ ਲੋਕਾਂ ਦੀ ਵੱਡੀ ਭੀੜ ਤੁਰ ਪਈ। ਜਦੋਂ ਰਾਮ ਜੰਗਲ ਵਿਚ ਪ੍ਰਵੇਸ਼ ਕਰਨ ਲੱਗੇ। ਉਨ੍ਹਾਂ ਕਿਹਾ ਨਰ ਤੇ ਨਾਰੀ ਵਾਪਸ ਪਰਤ ਜਾਣ। ਗੱਲ ਸੁਣ ਕੇ ਸਾਰੇ ਨਰ-ਨਾਰੀ ਵਾਪਸ ਪਰਤ ਗਏ। ਪਰ ਭੀੜ ਵਿਚ ਕੁਝ ਸਾਡੇ ਵਰਗੇ ਲੋਕ ਵੀ ਸਨ। ਉਹ ਨਾ ਨਰ ਸਨ ਨਾ ਨਾਰੀ। ਉੱਥੇ ਹੀ ਖੜ੍ਹੇ ਰਹੇ। ਮੀਨਾ ਕਹਿੰਦੀ ਜਦੋਂ ਰਾਮ ਚੰਦਰ ਚੌਦਾਂ ਸਾਲ ਦਾ ਬਣਵਾਸ ਕੱਟ ਕੇ ਵਾਪਸ ਪਰਤੇ। ਉਨ੍ਹਾਂ ਮਹੰਤ ਲੋਕਾਂ ਨੂੰ ਉੱਥੇ ਹੀ ਖੜੇ ਵੇਖਿਆ। ਉਨ੍ਹਾਂ ਦੀਆਂ ਦੇਹਾਂ 'ਤੇ ਘਾਹ-ਫੂਸ ਉੱਗ ਆਇਆ ਸੀ । ਸ੍ਰੀ ਰਾਮ ਨੇ ਉਨ੍ਹਾਂ ਨਾਲ ਆਪਣਾ ਅੰਗੂਠਾ ਛੁਹਾਇਆ। ਦੇਹਾਂ ਨੂੰ ਘਾਹ-ਫੂਸ

ਤੋਂ ਮੁਕਤ ਕੀਤਾ। ਪ੍ਰਭੂ ਨੇ ਉਨ੍ਹਾਂ ਨੂੰ ਵਰ ਦਿੱਤਾ ਕਿ ਅੱਜ ਤੋਂ ਬਾਅਦ ਤੁਸੀਂ ਲੋਕਾਂ ਦੀਆਂ ਖ਼ੁਸ਼ੀਆਂ ਮੰਗੋਗੇ। ਖ਼ੁਸ਼ੀ ਦੇ ਮੌਕੇ ਕੋਈ ਵੀ ਤੁਹਾਨੂੰ ਵਧਾਈ ਦੇਣ ਤੋਂ ਨਾਂਹ ਨਹੀਂ ਕਰੇਗਾ। (156)

ਇਸ ਤਰ੍ਹਾਂ ਉਸ ਸਮੇਂ ਤੋਂ ਲੈ ਕੇ ਕਿੰਨਰ ਸਮਾਜ ਨੂੰ ਅਸ਼ੀਰਵਾਦ ਦੇਣ ਦਾ ਵਰ ਪ੍ਰਾਪਤ ਹੋਇਆ। ਖ਼ੁਸ਼ੀ ਦੇ ਸਮੇਂ ਹਰ ਵਰਗ ਇਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਨਾ ਚਾਹੁੰਦਾ ਹੈ। ਸਮਾਜ ਇਸ ਤੋਂ ਬਿਨਾਂ ਇਸ ਵਰਗ ਨਾਲ ਕੋਈ ਸਾਂਝ ਨਹੀਂ ਜੋੜਦਾ ਤਾਂ ਇਹ ਵਰਗ ਵੀ ਮਾਨਸਿਕ ਤੌਰ ਉੱਤੇ ਪਰੇਸ਼ਾਨ ਹੋ ਜਾਂਦਾ ਹੈ। ਪਰਮਜੀਤ ਢੀਂਗਰਾ ਦੀ ਕਹਾਣੀ 'ਚੁੱਪ ਮਹਾਂਭਾਰਤ ' ਦੀ ਪਾਤਰ ਨਿਰੰਜਣਾ ਦੇ ਅਚੇਤ ਮਨ 'ਚ ਪਏ ਭਾਵ ਉਸ ਨੂੰ ਇਸ ਜ਼ਿੰਦਗੀ ਪ੍ਰਤੀ ਸੋਚਣ ਲਈ ਮਜਬੂਰ ਕਰਦੇ ਹਨ। ਉਸ ਨੂੰ ਇਹ ਜ਼ਿੰਦਗੀ ਕੀੜਿਆਂ ਮਕੌੜਿਆਂ ਤੋਂ ਵੀ ਬਦਤਰ ਲੱਗਦੀ ਹੈ। ਇਸ ਵਰਗ ਦੇ ਪਾਤਰਾਂ ਲਈ 'ਬੰਦੇ ਦੀ ਜੂਨ' ਕੋਈ ਬਹੁਤੇ ਅਰਥਾਂ ਵਾਲੀ ਨਹੀਂ ਲੱਗਦੀ। ਸਮਾਜਿਕ ਸਥਿਤੀ ਦਾ ਵਿਵੇਕ ਉਨ੍ਹਾਂ ਨੂੰ ਇਸ ਜੂਨ ਦੀ ਉੱਤਮਤਾ ਬਾਰੇ ਵੀ ਸੰਦੇਹ ਗ੍ਰਸਤ ਕਰ ਦਿੰਦਾ ਹੈ। ਇਸ ਜੂਨ ਪ੍ਰਤੀ ਤੀਬਰ ਵਿਰੋਧੀ ਸੁਰ ਉਨ੍ਹਾਂ ਦੀ ਧੁਰ ਅੰਦਰਲੀ ਡੂੰਘੀ ਅਸਹਿ ਪੀੜ ਦੀ ਲਖਾਇਕ ਹੈ। ਇਸੇ ਤਰ੍ਹਾਂ ਦਾ ਸੰਦੇਹ ਨਿਰੰਜਣਾ ਦੇ ਰਾਹੀਂ ਮਾਦਾ ਕਿੰਨਰਾਂ ਦੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ। ਉਹ ਕਹਿੰਦੀ ਹੈ ਕਿ-

> ਇਹ ਜੂਨ ਚੁਰਾਸੀ ਲੱਖ ਜੂਨਾਂ ਤੋਂ ਬਾਹਰ ਹੈ। ਸ਼ਾਇਦ ਆਪਾਂ ਚੁਰਾਸੀ ਲੱਖ ਜੂਨਾਂ ਤੋਂ ਕੱਢੇ ਹੋਏ ਹਾਂ। ਏਸੇ ਕਰਕੇ ਸਾਡੀ ਮੁਕਤੀ ਨਹੀਂ ਹੁੰਦੀ। ਨਾ ਆਪਣਾ ਕੋਈ ਧਰਮ ਐ ਨਾ ਜਾਤ , ਨਾ ਕੌਮ ਨਾ ਕੋਈ ਰੱਬ। ਅਸੀਂ ਤਾਂ ਬ੍ਰਹਿਮੰਡ ਵਿਚ ਟੁੱਟ ਕੇ ਭਟਕਦੇ ਨਛੱਤਰਾਂ ਵਾਂਗ ਹਾਂ। ਇਹ ਭਟਕਣਾ ਸਾਲੀ ਮੁਕਤੀ ਨਹੀਂ ਹੋਣ ਦਿੰਦੀ।(21)

ਸਮਾਜਿਕ ਪਰਿਸਥਿਤੀਆਂ ਵਿਚ ਮਨੁੱਖ ਵਾਂਗ ਜਿਓ ਸਕਣ ਦੀ ਅਸੰਤੁਸ਼ਟਤਾ ਦਾ ਵਿਵੇਕ ਉਨ੍ਹਾਂ ਦੀ ਆਰਥਿਕ ਮਜਬੂਰੀ ਵਿਚ ਉੱਭਰਦਾ ਹੈ। ਸਮਾਜਿਕ ਵਿਵਸਥਾ ਵਿਚੋਂ ਮਿਲੀ ਹੀਣਤਾ ਸਿਰਫ ਓਪਰੀ ਸਤਹ ਤੇ ਹੀ ਨਹੀਂ, ਇਸ ਵਰਗ ਦੇ ਭਾਵਾਂ ਤੇ ਸੋਚਾਂ ਉਪਰ ਵੀ ਭਾਰੂ ਹੋ ਨਿੱਬੜਦੀ ਹੈ। ਕਿੰਨਰ ਪਾਤਰ ਨਿਰੰਜਣਾ ਵੀ ਆਪਣੀ ਹੋਂਦ ਚਾਹੁੰਦੀ ਹੈ। ਉਹ ਇਸ ਜ਼ਿੰਦਗੀ ਤੋਂ ਮੁਕਤੀ ਚਾਹੁੰਦੀ ਹੈ। ਕਿੰਨਰਾਂ ਦਾ ਮੇਕਅਪ ਨਾਲ

ਰੰਗਿਆ ਚਿਹਰਾ ਉਸ ਨੂੰ ਚੰਗਾ ਨਹੀਂ ਲੱਗਦਾ । ਉਸ ਨੂੰ ਕਿਸੇ ਸਾਥੀ ਤੋਂ ਪਤਾ ਲੱਗਦਾ ਹੈ ਕਿ ਅਰਾਵਣ ਨਾਲ ਵਿਆਹ ਕਰਵਾ ਕੇ ਇਸ ਜੂਨ ਤੋਂ ਮੁਕਤੀ ਪ੍ਰਾਪਤ ਕੀਤੀ ਜਾਂਦੀ ਹੈ । ਅਰਾਵਣ ਦੀ ਕਥਾ ਦਾ ਮਹਾਂਭਾਰਤ ਵਿਚ ਵੀ ਜ਼ਿਕਰ ਆਉਂਦਾ ਹੈ । ਮਹਾਂਭਾਰਤ ਨੂੰ ਧਰਮ ਦਾ ਯੁੱਧ ਕਿਹਾ ਜਾਂਦਾ ਹੈ ਪਰ ਅਰਾਵਣ ਦੀ ਕਥਾ ਬਾਰੇ ਮਹਾਂਭਾਰਤ ਵੀ ਚੁੱਪ ਹੈ ਕਿ ਕਿਸ ਤਰ੍ਹਾਂ ਅਰਾਵਣ ਨੂੰ ਬਲੀ ਦੇਣੀ ਪਈ ਸੀ । ਕਹਾਣੀਕਾਰ ਇਸ ਮਿਥਿਹਾਸਿਕ ਘਟਨਾ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ । ਜਦੋਂ ਕੌਰਵਾਂ ਪਾਂਡੂਆਂ ਦਾ ਯੁੱਧ ਹੋਇਆ ਤਾਂ ਸਹਿਦੇਵ ਨੂੰ ਪੁੱਛਿਆ ਗਿਆ ਕਿ ਇਸ ਯੁੱਧ ਵਿਚ ਜਿੱਤ ਕੀਹਦੀ ਹੋਵੇਗੀ । ਉਹਨੇ ਅਕਾਸ਼ ਵੱਲ ਦੇਖਦਿਆਂ ਭਵਿੱਖਬਾਣੀ ਕੀਤੀ ਤੇ ਕਿਹਾ ਕਿ ਜਿੱਤਣਗੇ ਤਾਂ ਪਾਂਡੂ ਪਰ ਇਹਦੇ ਕਈ ਕੁਰੂਕਸ਼ੇਤਰ ਦੇ ਮੈਦਾਨ ਵਿਚ ਪੂਰਨ ਪੁਰਸ਼ ਦੀ ਬਲੀ ਦੇਣੀ ਪਏਗੀ । ਉਸ ਸਮੇਂ ਧਰਤੀ 'ਤੇ ਤਿੰਨ ਹੀ ਪੂਰਨ ਪੁਰਸ਼ ਸਨ, ਸ਼੍ਰੀ ਕ੍ਰਿਸ਼ਨ, ਅਰਜਨ ਤੇ ਉਹਦਾ ਪੁੱਤਰ ਅਰਾਵਣ । ਇਨ੍ਹਾਂ 'ਚ ਪਹਿਲੇ ਦੋਹਾਂ ਦੀ ਬਲੀ ਤਾਂ ਦਿੱਤੀ ਨਹੀਂ ਸੀ ਜਾ ਸਕਦੀ । ਅਖੀਰ ਅਰਾਵਣ ਨੂੰ ਬਲੀ ਲਈ ਮਨਾਇਆ ਗਿਆ । ਉਹ ਤਿਆਰ ਤਾਂ ਹੋ ਗਿਆ ਪਰ ਉਹਨੇ ਇਕ ਸ਼ਰਤ ਰੱਖ ਦਿੱਤੀ ਕਿ ਬਲੀ ਤੋਂ ਪਹਿਲਾ ਉਹਦਾ ਵਿਆਹ ਕਰਾਇਆ ਜਾਵੇ । ਇਹ ਸ਼ਰਤ ਬੜੀ ਔਖੀ ਸੀ ਕਿਉਂਕਿ ਬਲੀ ਚੜ੍ਹਦਿਆਂ ਹੀ ਵਿਆਂਹਦੜ ਨੇ ਵਿਧਵਾ ਹੋ ਜਾਣਾ ਸੀ । ਕੋਈ ਜ਼ਨਾਨੀ ਇਹਦੇ ਲਈ ਤਿਆਰ ਨਾ ਹੋਈ । ਅਖੀਰ ਕ੍ਰਿਸ਼ਨਾ ਨੇ ਲੀਲ੍ਹਾ ਰਚੀ ਤੇ ਇਕ ਸੋਹਣੀ ਮੁਟਿਆਰ ਦਾ ਰੂਪ ਧਾਰ ਕੇ ਅਰਾਵਣ ਨਾਲ ਵਿਆਹ ਰਚਾਇਆ, ਦੂਜੇ ਦਿਨ ਅਰਾਵਣ ਦੀ ਬਲੀ ਦਿੱਤੀ ਗਈ । ਔਰਤ ਰੂਪੀ ਕ੍ਰਿਸ਼ਨ ਨੇ ਆਪਣੇ ਪਤੀ ਦੀ ਮੌਤ 'ਤੇ ਵਿਰਲਾਪ ਕੀਤਾ ਤੇ ਆਪਣਾ ਪੁਰਾਣਾ ਰੂਪ ਧਾਰ ਲਿਆ । ਉਦੋਂ ਤੋਂ ਹੀ ਆਪਣੇ ਵਰਗੇ ਲੋਕ ਕੁਮਾਗਮ ਜਾ ਕੇ ਅਰਾਵਣ ਦੀ ਮੂਰਤੀ ਨਾਲ ਵਿਆਹ ਰਚਾਉਂਦੇ ਨੇ ਦੂਜੇ ਦਿਨ ਸ਼ੋਭਾ ਯਾਤਰਾ ਤੋਂ ਬਾਅਦ ਮੂਰਤੀ ਤੋਂ ਸਿਰ ਲਾਹ ਕੇ ਬਲੀ ਦਿੱਤੀ ਜਾਂਦੀ ਹੈ । ਆਪਣੇ ਸਾਰੇ ਓਥੇ ਪਿੱਟ ਸਿਆਪਾ ਕਰਦੇ , ਚਿੱਟੇ ਕੱਪੜੇ ਪਾ ਕੇ ਅਰਾਵਣ ਦੀਆਂ ਵਿਧਵਾਵਾਂ ਬਣ ਜਾਂਦੇ ਨੇ । (24)

ਸੋ ਸਮਾਜ ਦੇ ਵਿਚ ਅਰਾਵਣ ਦੀ ਕਥਾ ਬਾਰੇ ਕਿਤੇ ਕੋਈ ਚਰਚਾ ਨਹੀਂ ਹੁੰਦੀ । ਇਸੇ ਤਰ੍ਹਾਂ ਕਿੰਨਰਾਂ ਦੇ ਸਮਾਜਿਕ ਵਿਕਾਸ ਬਾਰੇ ਵੀ ਸਮਾਜ ਨੇ ਚੁੱਪ ਧਾਰੀ ਹੋਈ ਹੈ । ਚੁੱਪ ਮਹਾਂਭਾਰਤ ਕਹਾਣੀ ਦੇ ਬੈਕ ਪੇਜ ਤੇ ਇਸ ਸੰਬੰਧੀ ਪ੍ਰੋ .ਮੇਰਾਜ ਅਹਿਮਦ ਦਾ ਕਥਨ ਹੈ ਕਿ ਚੁੱਪ ਮਹਾਂਭਾਰਤ ਮਹਾਂਭਾਰਤ ਦੇ ਇਕ ਪ੍ਰਸੰਗ ਦੀ

ਪ੍ਰਤੀਕਾਤਮਿਕ ਪੇਸ਼ਕਾਰੀ ਹੈ , ਜੋ ਕਿੰਨਰਾਂ ਦੀ ਸਮਾਜਿਕ ਸਥਿਤੀ ਤੇ ਮਾਨਸਿਕ ਪੀੜ ਨੂੰ ਪੇਸ਼ ਕਰਦੀ ਹੈ । ਇਸ ਕਹਾਣੀ ਦੀ ਪਾਤਰ ਨਿਰੰਜਣਾ ਵੀ ਆਪਣੇ ਅਸਤਿਤਵ ਨੂੰ ਪ੍ਰਾਪਤ ਕਰਨ ਲਈ ਕੁਮਾਗਮ ਵਿਖੇ ਅਰਾਵਣ ਦੇ ਮੰਦਰ ਵਿਚ ਜਾਣ ਦਾ ਫ਼ੈਸਲਾ ਕਰਦੀ ਹੈ ਤਾਂ ਜੋ ਉਹ ਅਰਾਵਣ ਦੀ ਪਤਨੀ ਬਣ ਕੇ ਬੇਸ਼ਕ ਵਿਧਵਾ ਹੀ ਬਣ ਜਾਵੇ । ਉਸ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਸਮਾਜ ਵਿਚ ਉਸ ਦੀ ਕੋਈ ਪਹਿਚਾਣ ਤਾਂ ਬਣੇ ,ਚਾਹੇ ਉਹ ਵਿਧਵਾ ਦੇ ਰੂਪ ਵਿਚ ਹੀ ਹੋਵੇ । ਇਸ ਲਈ ਉਹ ਆਪਣੀ ਪਹਿਚਾਣ ਨੂੰ ਪ੍ਰਾਪਤ ਕਰਨ ਲਈ ਕੋਹਾਂ ਮੀਲ ਦੂਰ ਜਾਣ ਦਾ ਫੈਸਲਾ ਕਰਦੀ ਹੈ ।

ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ ?' ਦਾ ਪਾਤਰ ਕਰਨਾ ਜਦੋਂ ਮਹੰਤ ਕਿੰਦਰੀ ਨੂੰ ਤੀਜੇ ਲਿੰਗ ਵਜੋਂ ਮਿਲੀ ਮਾਨਤਾ ਬਾਰੇ ਦੱਸਦਾ ਹੈ ਤਾਂ ਉਸ ਨੂੰ ਬੜੀ ਖੁਸ਼ੀ ਹੁੰਦੀ ਹੈ । ਡੇਰਿਆਂ ਵਿਚ ਜੋ ਕਿੰਨਰ ਪੜ੍ਹੇ-ਲਿਖੇ ਨਹੀਂ ਹਨ । ਉਨ੍ਹਾਂ ਵਿਚੋਂ ਬਹੁਤਿਆਂ ਨੂੰ ਤਾਂ ਹੁਣ ਵੀ ਨਹੀਂ ਪਤਾ ਕਿ ਸਾਨੂੰ ਤੀਜੇ ਲਿੰਗ ਵਜੋਂ ਮਾਨਤਾ ਮਿਲ ਚੁੱਕੀ ਹੈ । ਆਮ ਲੋਕਾਂ ਨਾਲ ਇਨ੍ਹਾਂ ਦਾ ਬੈਠਣ-ਉੱਠਣ ਨਹੀਂ ਤਾਂ ਫਿਰ ਇਨ੍ਹਾਂ ਨੂੰ ਇਹ ਜਾਣਕਾਰੀ ਕਿਵੇਂ ਮਿਲ ਸਕਦੀ ਹੈ । ਇਸ ਲਈ ਨਾਵਲੀ ਬਿਰਤਾਂਤ ਵਿਚੋਂ ਜਾਣਕਾਰੀ ਮਿਲਦੀ ਹੈ ਕਿ ਜਦੋਂ ਕਰਨਾ ਕਿੰਦਰੀ ਮਹੰਤ ਨੂੰ ਜਾ ਕੇ ਦੱਸਦਾ ਹੈ ਤਾਂ ਕਿਸ ਤਰ੍ਹਾਂ ਉਹ ਆਪਣੇ ਦੇਵਤਿਆਂ ਨੂੰ ਧਿਆਉਂਦਾ ਹੈ –

''ਮੈਂ ਤਾਂ ਸੀਤਲਾ ਮਾਤਾ ਦੇ ਘੋੜਾ ਚੜ੍ਹਾ ਕੇ ਆਊਂ! ਹੇ ਸੱਚੀਆਂ ਜੋਤਾਂ ਵਾਲੀ ਮਾਤਾ ਤੇਰੀ ਸਦਾ ਈ ਜੈ ''

''ਸੀਤਲ ਮਾਤਾ? ਪਰ ਬਾਬਾ ਜੀ ਮੈਂ ਤਾਂ ਸੁਣਿਆ ਬਈ ਤੁਸੀਂ ਤਾਂ ਮੁਰਗ਼ੇ ਆਲ਼ੀ ਮਾਤਾ ਨੂੰ ਮੰਨਦੇ ਓ ।''

ਆਹੋ ਮੱਲਾ 'ਬਹੁ ਚਰਾ ਮਾਤਾ ਜੀ' ਬਹੁਤਾ ਦੇਵਨੀ! ਪੀੜਾਂ ਹਰਨੀ ਮੇਰੀ ਮਾਂ! ਪਰ ਉਸ ਦਾ ਮੰਦਰ ਤਾਂ ਗੁਜਰਾਤ ਆ । ਨਾਲੇ ਇਸ਼ਟ ਦੇਵੀ ਤਾਂ ਹਰ ਥਾਂ ਹਾਜ਼ਰ ਆ ਮੱਲਾ! ਅਸੀਂ ਤਾਂ ਸਾਰਿਆਂ ਨੂੰ ਹੀ ਮੰਨਦੇ ਹਾਂ! ਵੇਖ ਮੇਰੀ ਮਾਂ ਨੇ, ਮੇਰੇ ਪੀਰ ਓ ਮੁਰਸ਼ਦ ਨੇ, ਕਿੰਨੀ ਸੋਹਣੀ ਸੁਣੀ ਆ । ਸਾਡੀ ਬੇ-ਨਿਸ਼ਾਨ ਜਾਤ ਨੂੰ ਮਾਣ ਦਿਵਾਇਆ! ਉਹ ਚਾਹੇ ਤਾਂ ਜ਼ੱਰੇ ਨੂੰ ਵੀ ਪਹਾੜ ਬਣਾ ਦੇਵੇ! ਅਸੀਂ ਤਾਂ ਭਾਵੇਂ ਨਹੀਂ ਮਾਣ ਸਕਦੇ ਸਹੂਲਤਾਂ ਪਰ ਸਾਡਾ ਭਾਈਚਾਰਾ ਤਾਂ ਸੁਖੀ ਵਸੂ! ਮੱਲਾਂ ਤੂੰ ਖੜ੍ਹ, ਤੇਰਾ ਮੂੰਹ ਮਿੱਠਾ ਕਰਾਵਾਂ । (38)

ਬੇਸ਼ੱਕ ਭਾਰਤ ਵਿਚ ਇਸ ਵਰਗ ਦੇ ਅਲੱਗ-ਅਲੱਗ ਪੂਜਾ ਸਥਾਨ ਹਨ। ਉਸੇ ਤਰ੍ਹਾਂ ਪੰਜਾਬ ਵਿਚ ਵੀ ਇਨ੍ਹਾਂ ਦੇ ਪੂਜਾ ਸਥਾਨ ਹਨ। ਪੰਜਾਬ ਵਿਚ ਮੋਗਾ ਜ਼ਿਲ੍ਹੇ ਵਿਚ ਇਸ ਵਰਗ ਦਾ ਪੂਜਾ ਸਥਾਨ ਬਣਿਆ ਹੋਇਆ ਹੈ। ਇਸ ਜਗਾ ਉੱਤੇ ਸਾਰੇ ਕਿੰਨਰ ਆਪਣੀ-ਆਪਣੀ ਸ਼ਰਧਾ ਅਨੁਸਾਰ ਪਹੁੰਚਦੇ ਹਨ। ਇਸ ਨਾਵਲ ਦੇ ਪਾਤਰ ਕਿੰਦਰੀ ਮਹੰਤ ਤੋਂ ਜਾਣਕਾਰੀ ਮਿਲਦੀ ਹੈ ਕਿ –

> ਮੱਲਾ ਉਹ ਪਰ੍ਹਾਂ ਪਿੰਡ ਆ ਕੋਈ ਮੋਗੇ ਵੱਲ। ਉੱਥੇ ਸਾਡੇ ਪੀਰਾਂ ਦੀ ਮਜ਼ਾਰ ਆ। ਊਂ ਤਾਂ ਹਰ ਮਹੀਨੇ ਗਿਆਰ੍ਹਵੀਂ ਦਾ 'ਕੱਠ ਵੀ ਹੁੰਦੇ ਪਰ 'ਵੀਹ ਮਾਘ' ਤੇ 'ਪੰਜੀ ਹਾੜ੍ਹ' ਨੂੰ ਹਰ ਸਾਲ ਵੱਡਾ ਮੇਲਾ ਲੱਗਦੇ। ਜਾਂਦਾ ਹੁੰਦਾ ਸੀ ਮੈਂ ਵੀ ਹਰ ਵਾਰੀ ਪਰ ਹੁਣ ਤਾਂ ਬੱਸ ਨੀਂ ਚੜ੍ਹਿਆ ਜਾਂਦਾ।( 101)

'ਕੀ ਜਾਣਾ ਮੈਂ ਕੌਣ?' ਦੀ ਪਾਤਰ ਹੈ ਨਸੀਬੋਂ ਹੈ ਜੋ ਆਮ ਸਧਾਰਨ ਕਿੰਨਰ ਹੈ ਅਤੇ ਨੂਰਾ ਉਸ ਦੇ ਨਾਲ ਗਾਉਣ ਤੇ ਡਫਲੀ ਵਜਾਉਣ ਵਾਲਾ ਸਾਥੀ ਹੈ। ਇਨ੍ਹਾਂ ਨਾਲ ਜੁੜੀ ਕਥਾ ਵਿਚੋਂ ਹੀ ਗਿਆਤ ਹੁੰਦਾ ਹੈ ਕਿ ਤਾਮਿਲਨਾਡੂ 'ਚ ਇਨ੍ਹਾਂ ਨੂੰ 'ਜੋਗੱਪਾ' ਜਾਂ 'ਇਰਾਵਨੀ' ਕਿਹਾ ਜਾਂਦਾ ਹੈ ਅਤੇ ਕੁਵਾਗਾਮ ਨਾਮ ਦੇ ਸਥਾਨ 'ਤੇ ਇਸ ਵਰਗ ਦਾ ਹਰ ਸਾਲ ਵੱਡਾ ਤਿਉਹਾਰ ਮਨਾਇਆ ਜਾਂਦਾ ਹੈ। ਜਿਸ ਦੇ ਮਿਥਿਹਾਸ ਨੂੰ ਨਾਵਲਕਾਰ ਹਰਪਿੰਦਰ ਰਾਣਾ ਬਿਰਤਾਂਤ ਦਾ ਹਿੱਸਾ ਬਣਾਉਂਦੀ ਹੈ। ਉਸ ਦੇ ਨਾਵਲੀ ਬਿਰਤਾਂਤ ਵਿਚੋਂ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ-

> ਆਛਿਆ ਜੀ! ਮਾਈ ਗੱਲਾਂ ਜੀਆਂ ਤਾਂ ਕਰਦੀ ਹੁੰਦੀ ਸੀ ਬਈ ਕਿਸੇ ਨਾਗ ਕੰਨਿਆ ਤੇ ਪਾਂਡੂਆਂ ਦਾ ਪੁੱਤ ਹੁੰਦਾ ਸੀ 'ਅਰਾਵਣ'! ਹੁਣ ਸਮਝ ਆਈ ਜੀ। ਜੀ ਬਿਲਕੁਲ! ਨਾਗ ਕੰਨਿਆ ਉਲਪੀ ਜੀ ਔਰ ਪਾਂਡਵ ਰਾਜ ਕੁਮਾਰ ਅਰਜਨ ਜੀ ਕੇ ਸਪੁੱਤਰ ਥੇ ਇਰਾਵਨ ਗੌਡ। ਔਰ ਉਨਹੋਂ ਨੇ ਮਹਾਂਭਾਰਤ ਕੇ ਯੁੱਧ ਮੇਂ ਖੁਦ ਕੀ ਬਲੀ ਦੀ ਥੀ। ਮਰਨੇ ਸੇ ਪਹਿਲੇ ਉਨਹੋਂ ਨੇ ਸ਼ਰਤ ਰੱਖੀ ਥੀ ਕਿ ਮੇਰੀ ਸ਼ਾਦੀ ਕਰਾ ਦੋ। ਤੋ ਕ੍ਰਿਸ਼ਨ ਜੀ ਨੇ ਮੋਹਨੀ ਰੂਪ ਧਰਨ ਕਰ, ਉਨ ਸੇ ਸ਼ਾਦੀ ਬਣਾਈ। ਫਿਰ ਦੂਸਰੇ ਦਿਨ ਉਸੀ ਰੂਪ ਮੇਂ ਉਨਕੇ ਸ਼ਵ ਪਰ ਰੁਦਨ ਭੀ ਕੀਆਂ ਥਾਂ।

ਨਸੀਬੋਂ ਸਿਰ ਮਾਰਦਿਆਂ ਬੋਲੀ ''ਅੱਛਾ ਜੀ! ਪਰ ਬਾਈ ਜੀ, ਇਕ ਗੱਲ ਸਮਝ ਨਹੀਂ ਆਉਂਦੀ, ਬਈ ਇਸ ਦੇਸ 'ਚ ਕਹਿੰਦੇ ਆ ਕਈ ਦੇਵਤਿਆਂ ਨੇ ਔਰਤ ਦਾ ਰੂਪ ਧਾਰਨ ਕੀਤਾ। ਕ੍ਰਿਸ਼ਨ ਭਗਵਾਨ ਹੋਇਆ, ਵਿਸ਼ਣੂ ਦੇਵਤਾ ਹੋਇਆ, ਹੋਰ ਤਾਂ ਹੋਰ ਸ਼ਿਵ ਜੀ ਮਹਾਰਾਜ ਨੇ ਵੀ ਕਹਿੰਦੇ ਆ ਔਰਤ ਦਾ ਰੂਪ ਧਾਰਿਆ ਸੀ। (57-58)

ਤੀਜੇ ਲਿੰਗ ਦੇ ਬਾਰੇ ਇਤਿਹਾਸ-ਮਿਥਿਹਾਸ ਵਿਚ ਵਿਸ਼ੇਸ਼ ਜਾਣਕਾਰੀ ਮਿਲਦੀ ਹੈ ਕਿ ਇਨ੍ਹਾਂ ਨੂੰ ਮਿਥਿਹਾਸ ਵਿਚ ਮਾਨਤਾ ਪ੍ਰਾਪਤ ਸੀ। ਭਾਰਤ ਦੀਆਂ ਵੱਖ-ਵੱਖ ਰਾਜਾਂ ਵਿਚ ਇਸ ਵਰਗ ਬਾਰੇ ਲੋਕਾਂ ਵਿਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਜੁੜੇ ਹੋਏ ਹਨ। ਤਾਮਿਲਨਾਡੂ ਤੋਂ ਆਇਆ ਡਾਕਟਰ ਇਨ੍ਹਾਂ ਨੂੰ ਕਿਸ ਤਰ੍ਹਾਂ ਸਤਿਕਾਰ ਦਿੰਦਾ ਹੈ ਜਿਵੇਂ-

> ਨਹੀਂ ਨਹੀਂ ਜੋਗੱਪਾ ਜੀ, ਆਪ ਪਲੀਜ਼ ਹਾਥ ਮੱਤ ਬਾਂਧੋ। ਆਪ ਤੋਂ ਪੂਜਨੀਆ ਹੋਤੇ ਹੋ। ਮੰਗਲਮੁਖੀ ਹੋਤੇ ਹੋ। ਜਿਨ ਕੇ ਮੁੱਖ ਸੇ ਹਮੇਸ਼ਾ ਦੂਸਰੋਂ ਕੇ ਲੀਏ ਮੰਗਲ ਕਾਮਨਾ ਹੀ ਨਿਕਲਤੀ ਹੈ। ਮੈਂ ਬੈਠਤਾ ਹੂੰ। ਆਪ ਟੈਨਸ਼ਨ ਮੱਤ ਲੋ (56)

ਜਿੱਥੇ ਇਸ ਸਮਾਜ ਦੇ ਮੈਂਬਰ ਆਪਣੇ ਜਿਉਂਦੇ-ਜੀਅ ਇਸ ਵਿਕਤਰੇ ਨੂੰ ਸਹਿੰਦੇ ਹਨ, ਉਥੇ ਕਿੰਨਰ ਦੀ ਮੌਤ 'ਤੇ ਉਹਦੀ ਦੇਹ ਦੀ ਬੇਕਦਰੀ ਕਰਦੇ ਹੋਏ ਦਫ਼ਨਾਉਣ ਦੀ ਪ੍ਰਕਿਰਿਆ ਨੂੰ ਬਿਆਨ ਕੀਤਾ ਗਿਆ ਹੈ। ਜਨਾਜ਼ੇ ਵਿਚ ਆਮ ਲੋਕਾਂ ਨੂੰ ਸ਼ਾਮਲ ਨਹੀਂ ਹੋਣ ਦਿੱਤਾ ਜਾਂਦਾ। ਕਿਸ ਤਰ੍ਹਾਂ ਇਹ ਵਰਗ ਆਪਣੀ ਨਰਾਜ਼ਗੀ ਜ਼ਾਹਿਰ ਕਰਦਾ ਹੈ। ਜਸਵੀਰ ਰਾਣਾ ਦੇ ਸੰਪਾਦਿਤ ਕਹਾਣੀ ਸੰਗ੍ਰਹਿ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ' ਵਿਚ ਗੁਰਮੀਤ ਕੜਿਆਲਵੀ ਦੀ ਕਹਾਣੀ ' ਵੇ ਸੋਨੇ ਦਿਆ ਕੰਗਣਾ ' ਦੇ ਅਨੁਸਾਰ ਬਬਲੀ ਦੀ ਗੱਲਬਾਤ ਤੋਂ ਸਪਸ਼ਟ ਹੁੰਦਾ ਹੈ -

> ਸਾਡਾ ਤਾਂ ਕੋਈ ਮੁਰਦਾ ਵੀ ਨਹੀਂ ਚੁੱਕਦਾ। ਸਾਡੇ ਤਾਂ ਮੁਰਦੇ ਦੇ ਮੱਥੇ ਲੱਗਣਾ ਵੀ ਗੁਨਾਹ ਸਮਝਿਆ ਜਾਂਦਾ ਹੈ। ਰਾਤ ਦੇ ਹਨੇਰੇ ਵਿਚ ਹੀ ਜਨਾਜ਼ਾ ਉੱਠਦਾ ਹੈ ਸਾਡਾ। ਛਿੱਤਰ ਮਾਰਦੇ ਲਿਜਾਂਦੇ ਨੇ ਅਰਥੀ ਨੂੰ। ਮੁੜ ਕਦੇ ਏਸ ਜੂਨ ਨਾ ਆਉਣ ਲਈ। (11)

ਐੱਸ ਬਲਵੰਤ ਦੀ ਕਹਾਣੀ ' ਮ੍ਰਿਗਤ੍ਰਿਸ਼ਨਾ ' ਵਿਚ ਵੀ ਇਹ ਖ਼ੁਲਾਸਾ ਹੁੰਦਾ ਹੈ ਕਿ ਮੁਰਦੇ ਨੂੰ ਰਾਤ ਦੇ ਸਮੇਂ ਲੈ ਕੇ ਜਾਂਦੇ ਹਨ। ਕਹਾਣੀ ਦੇ ਕੇਂਦਰੀ ਪਾਤਰ ਬਸੀ ਦੀ ਮੌਤ ਸਮੇਂ ਸਾਹਮਣੇ ਆਉਂਦਾ ਹੈ। ਕਿੰਨਰਾਂ ਦੀ ਦਿਸਣ ਵਾਲੀ ਆਮ ਜੀਵਨ ਸ਼ੈਲੀ ਦੇ ਉਲਟ ਇਕ ਦਫ਼ਤਰ ਵਿਚ ਕੰਮ ਕਰਦਾ ਹੈ। ਦਫ਼ਤਰ ਵਿਚ ਕਿਸੇ ਨੂੰ ਉਸ ਦੀ ਵਾਸਤਵਿਕਤਾ ਦਾ ਕੋਈ ਗਿਆਨ ਨਹੀਂ ਹੈ। ਬਸੀ ਹੋਰ ਕਿੰਨਰਾਂ ਦੇ ਮੁਕਾਬਲੇ ਇਕ ਆਮ ਮਰਦ ਦੀ ਤਰ੍ਹਾਂ ਦਫ਼ਤਰੀ ਜ਼ਿੰਮੇਵਾਰੀਆਂ ਨੂੰ ਨਿਭਾਉਂਦਾ ਹੈ। ਉਸ ਦੇ ਸੁਭਾਅ ਤੋਂ ਉਸ ਦੀ ਅੰਦਰਲੀ ਪ੍ਰਵਿਰਤੀ ਦਾ ਗਿਆਨ ਹੁੰਦਾ ਹੈ। ਰਮਾਕਾਂਤ ਵੱਲੋਂ ਬਸੀ ਦੇ ਘਰ ਜਾਣ ਤੇ ਹੀ ਸਾਰਾ ਭੇਤ ਬਾਹਰ ਆਉਂਦਾ ਹੈ ਕਿ ਬਸੀ ਇਕ ਕਿੰਨਰ ਸੀ। ਜਦੋਂ ਉਸ ਨੇ ਬਸੀ ਦੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਇਕ ਮਰਦਨੁਮਾ ਔਰਤ ਨੇ ਖੋਲਿਆਂ। ਜਦ ਰਮਾਕਾਂਤ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਤਾਂ ਉਸ ਨੇ ਦੱਸਿਆਂ ਕਿ ਬਸੀ ਅਕਸਰ ਤੇਰਾ ਜ਼ਿਕਰ ਕਰਦਾ ਹੁੰਦਾ ਸੀ। ਉਸ ਨੇ ਆਪਣੀ ਚੁੱਪ ਕਰ ਗਈ। ਚੁੱਪ ਨੂੰ ਤੋੜਦਿਆਂ ਫਿਰ ਉਸ ਨੇ ਕਿਹਾ ਕਿ-

> ਸਾਡੀ ਬਰਾਦਰੀ ਵਿੱਚ ਜਦੋਂ ਕੋਈ ਜੂਨ ਛੱਡਦਾ, ਅਸੀਂ ਲੋਕਾਂ ਨੂੰ ਦੱਸਦੇ ਨਹੀਂ, ਸਗੋਂ ਅੱਧੀ ਰਾਤ ਨੂੰ ਲੁਕਾ ਕੇ ਲੈ ਜਾਂਦੇ ਹਾਂ, ਮਤੇ ਕੋਈ ਗਰਭਵਤੀ ਔਰਤ ਦੇਖ ਨਾ ਲਵੇ ਤੇ ਸਾਡੇ ਵਰਗੀ ਔਲਾਦ ਪੈਦਾ ਨਾ ਕਰ ਦੇਵੇ ਮਰਦ ਤੇ ਨਾ ਔਰਤ।(111)

ਇਸ ਤਰ੍ਹਾਂ ਕਹਾਣੀ ਵਿਚੋਂ ਬਸੀ ਦੀ ਮੌਤ ਰਾਹੀਂ ਉਸ ਦਾ ਸੱਚ ਸਾਹਮਣੇ ਆਉਂਦਾ ਹੈ। ਰਾਮ ਸਰੂਪ ਰਿਖੀ ਦੇ ਨਾਵਲ ' ਮੈਂ ਸ਼ਿਖੰਡੀ ਨਹੀਂ' ਵਿਚ ਚੰਦਕੁਰ ਮਹੰਤ ਦੀ ਮੌਤ ਸਮੇਂ ਕੇਸ਼ਵ ਗੁਰੂ ਦਾ ਵੀ ਇਹੀ ਫੁਰਮਾਨ ਹੈ ਕਿ-

> ਇੱਥੇ ਇਸ ਮੌਕੇ ਕਿਸੇ ਮਰਦ ਜਾਂ ਔਰਤ ਦੀ ਹਾਜ਼ਰੀ ਸਹਿਣ ਨਹੀਂ ਕੀਤੀ ਜਾ ਸਕਦੀ। ਜੋ ਮਾਪੇ ਕਿੰਨਰਾਂ ਨੂੰ ਜਨਮ ਸਮੇਂ ਧਿਰਕਾਰ ਕੇ ਕੂੜੇ ਤੇ ਸੁੱਟ ਦਿੰਦੇ ਐ ਉਨ੍ਹਾਂ ਨੂੰ ਕਿਸੇ ਕਿੰਨਰ ਦਾ ਜਨਾਜ਼ਾ ਵੇਖਦਿਆਂ ਸ਼ਰਮ ਆਉਣੀ ਚਾਹੀਦੀ ਐਂ। ਸਾਡੇ ਕਿੰਨਰਾਂ ਦੇ ਸਮਾਜ ਵਿਚ ਤੁਹਾਡੀ ਕੋਈ ਥਾਂ ਨਹੀਂ ਕਿਉਂਕਿ ਤੁਹਾਡੇ ਸਮਾਜ ਵਿਚ ਸਾਡੀ ਕੋਈ ਥਾਂ ਨਹੀਂ। ਸਮਾਜ ਨੇ ਕਦੋਂ ਸਾਨੂੰ ਆਪਣਾ ਸਮਝਿਆ ? ਹੈ ਕੋਈ ਅਜਿਹਾ ਜਿਸ ਨੇ ਕਦੇ ਹਾੜ੍ਹੀ-ਸਾਉਣੀ ਖਾਣ ਪਹਿਨਣ ਲਈ

ਕੁੱਝ ਦਿੱਤਾ ਹੋਵੇ। ਕਦੇ ਕਿਸੇ ਪੰਚ ਸਰਪੰਚ ਨੇ ਸਾਡੇ ਹੱਕ ਵਿਚ ਕੋਈ ਚਾਹੀਦੀ ਉਠਾਈ ਹੈ ? ਜੇ ਹੈ ਤਾਂ ਦੱਸੋ ਜੇ ਨਹੀਂ ਤਾਂ ਫਿਰ ਤੁਹਾਨੂੰ ਸਾਡੇ ਦੁੱਖ-ਸੁੱਖ ਵਿਚ ਦਾਖਲ ਦੇਣ ਦਾ ਕੋਈ ਅਧਿਕਾਰ ਨਹੀਂ। ਚਲੇ ਜਾਉ ਇੱਥੋਂ।(185)

ਸਮਾਜ ਵਿਚ ਆਮ ਧਾਰਨਾ ਬਣੀ ਹੋਈ ਹੈ ਕਿ ਕਦੇ ਕਿਸੇ ਨੇ ਹੀਜੜੇ ਦਾ ਜਨਾਜ਼ਾ ਨਹੀਂ ਦੇਖਿਆ। ਹਰਬੰਸ ਸਿੰਘ ਧੀਮਾਨ ਦੀ ਪੁਸਤਕ 'ਹਮਜਿਨਸ' ਵਿਚ ਹੀਜੜਾ ਆਬਦਾ ਨਾਲ ਕੀਤੀ ਗਈ ਇੰਟਰਵਿਊ ਵਿਚ ਉਸ ਨੇ ਖ਼ੁਲਾਸਾ ਕੀਤਾ ਹੈ ਕਿ-

ਅਜਿਹਾ ਨਹੀਂ ਹੈ। ਖਦੜੇ ਫ਼ਕੀਰਾਂ ਦੇ ਵੀ ਜਨਾਜ਼ੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਵੀ ਆਮ ਕਬਰਸਤਾਨਾਂ ਵਿਚ ਦਫ਼ਨਾਇਆ ਜਾਂਦਾ ਹੈ। ਤਰੀਕਾਕਾਰ ਉਹੀ ਹੁੰਦਾ ਹੈ ਜਿਸ ਤਰ੍ਹਾਂ ਆਮ ਲੋਕਾਂ ਦੇ ਫ਼ੌਤ ਹੋਣ ਦੇ ਬਾਅਦ ਉਨ੍ਹਾਂ ਨੂੰ ਦਫ਼ਨਾਇਆ ਜਾਂਦਾ ਹੈ। ਉਨ੍ਹਾਂ ਦੀ ਜਨਾਜ਼ੇ ਦੀ ਨਮਾਜ਼ ਹੁੰਦੀ ਹੈ। ਉਨ੍ਹਾਂ ਦੀ ਮਿਸਾਲ ਮੇਰੇ ਸਾਹਮਣੇ ਹੈ, ਮੇਰੇ ਗੁਰੂ ਦਾ ਗੁਰੂ ਬਾਲੀ ਫ਼ਕੀਰ ਜਦੋਂ ਫ਼ੌਤ ਹੋਇਆ ਤਾਂ ਉਹਨਾ ਨੂੰ ਆਪਣੇ ਭਰਾ ਅਤੇ ਭੈਣਾਂ ਨੇ ਫੈਮਲੀ ਹੈਦਰਾਬਾਦ ਵਿਚ ਦਫ਼ਨ ਕੀਤਾ ਅਤੇ ਉਨ੍ਹਾਂ ਦਾ ਵੱਡਾ ਜਨਾਜ਼ਾ ਹੋਇਆ। (107)

ਇਸ ਤਰ੍ਹਾਂ ਉਪਰੋਕਤ ਵਿਚਾਰ ਅਤੇ ਗਲਪੀ ਨਾਵਲੀ ਬਿਰਤਾਂਤ ਵਿਚ ਮਿਲੇ ਵੇਰਵੇ ਸਪਸ਼ਟ ਨਹੀਂ ਹਨ। ਨਾਵਲ ਦਾ ਪਾਤਰ ਮੌਜੂਦ ਲੋਕਾਂ ਨੂੰ ਸ਼ਾਮਲ ਕਰਨ ਤੋਂ ਨਾਂਹ ਕਰ ਰਿਹਾ ਹੈ ਅਤੇ ਇੰਟਰਵਿਊ ਦੌਰਾਨ ਖ਼ੁਲਾਸਾ ਹੋਇਆ ਕਿੰਨਰਾਂ ਦੇ ਜਨਾਜ਼ੇ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਹੁੰਦੀ ਹੈ। ਵਧਾਈ ਮੰਗਣ ਤੋਂ ਸਵਾਏ ਕਿੰਨਰਾਂ ਦੀ ਸਭਿਅਕ ਸਮਾਜ ਨਾਲ ਕੋਈ ਸਾਂਝ ਨਹੀਂ ਜੁੜਦੀ। ਸੋ ਨਾਵਲਕਾਰ ਕੇਸ਼ਵ ਦੇ ਪਾਤਰ ਰਾਹੀਂ ਇਹ ਸਵਾਲ ਸਮਾਜ ਅੱਗੇ ਉਠਾਉਣਾ ਚਾਹੁੰਦਾ ਹੈ। ਇਸ ਲਈ ਸਮਾਜ ਦੇ ਲੋਕਾਂ ਨੂੰ ਉਹ ਆਪਣੇ ਦੁੱਖ ਵਿਚ ਵੀ ਸ਼ਾਮਲ ਨਹੀਂ ਕਰਨਾ ਚਾਹੁੰਦੇ। ਸਮਾਜ ਦੀ ਮੁੱਖ ਧਾਰਾ ਤੋਂ ਵਿੱਥ ਤੇ ਵਿਚਰਨ ਵਾਲੇ ਕਿੰਨਰ ਸਮਾਜ ਨਾਲ ਸਭਿਅਕ ਸਮਾਜ ਗੈਰ-ਸਮਾਜਿਕ ਅਤੇ ਅਣਮਨੁੱਖੀ ਵਿਵਹਾਰ ਕਰਦਾ ਹੈ ਅਤੇ ਸਮਾਜਿਕ ਸ਼ੋਸ਼ਣ ਕਰਦਾ ਹੈ। ਡਾ.ਰਵਿੰਦਰ ਰਵੀ ਕੁਮਾਰ ਦੇ ਅਨੁਸਾਰ-

> ਹਾਸ਼ੀਆ ਗਤ ਸ਼੍ਰੇਣੀਆਂ ਨੂੰ ਸਰੀਰਕ ਅਤੇ ਆਰਥਿਕ ਮੁੱਸ਼ਕਤ ਦੇ ਸੰਦਰਭ 'ਚ ਕੀਤੇ ਸ਼ੋਸ਼ਣ ਦੇ ਪਰਿਪੇਖ ਵਿਚ ਪਹਿਚਾਣਿਆ ਜਾਂਦਾ ਹੈ ।('ਔਰਤ ਤੇ ਦਲਿਤ ਹਾਸ਼ੀਆ ਗਤ ਪ੍ਰਵਚਨ: ਨਵ ਇਤਿਹਸਾਵਾਦੀ'14 )

ਕਿਸੇ ਕਿੰਨਰ ਦੀ ਮੌਤ ਤੇ ਰੋਣਾ ਕਿੰਨਰ ਸਮਾਜ ਦੇ ਦਸਤੂਰ ਦੇ ਉਲਟ ਮੰਨਿਆ ਜਾਂਦਾ ਹੈ। ਕਿੰਨਰ ਸਮਾਜ ਇਸ ਬਾਰੇ ਸੋਚਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਮਰਨ ਵਾਲੇ ਦੀ ਰੂਹ ਭਟਕ ਜਾਂਦੀ ਹੈ। ਰਾਮ ਸਰੂਪ ਰਿਖੀ ਦੇ ਨਾਵਲ 'ਮੈਂ ਸ਼ਿਖੰਡੀ ਨਹੀਂ' ਦੀ ਕਿੰਨਰ ਪਾਤਰ ਚੰਦ ਕੁਰ ਦੇ ਸਸਕਾਰ ਤੋਂ ਪਹਿਲਾਂ ਸਾਰੇ ਕਿੰਨਰਾਂ ਨੇ ਉਸ ਦੇ ਸਿਰ ਵਿਚ ਛਿੱਤਰ ਮਾਰੇ। ਨਾਵਲ ਵਿਚ ਇਸ ਤਰ੍ਹਾਂ ਬਿਆਨ ਹੈ ਕਿ-

> ਇਹ ਸੁਣ ਫੜੱਕ-ਫੜੱਕ ਛਿੱਤਰ ਉਸੇ ਦੇ ਸਿਰ ਵਿਚ ਵੱਜਣ ਲੱਗੇ। ਛਿੱਤਰ ਦੇ ਖੜਾਕ ਨੇ ਮੱਖਣ ਦੀ ਲਿਵ ਤੋੜ ਦਿੱਤੀ। ਦੋ ਕਿੰਨਰ ਲਾਸ਼ ਨੂੰ ਪੈਰਾਂ ਤੋਂ ਫੜ ਘਸੀਟਦੇ –ਘਸੀਟਦੇ ਕਬਰਾਂ ਵੱਲ ਵਧਣ ਲੱਗੇ। ਬਾਕੀ ਕਿੰਨਰ ਉਸ ਦੇ ਸਿਰ ਵਿਚ ਛਿੱਤਰ ਮਾਰ ਦਾਦਾ ਗੁਰੂ ਕੇਸ਼ਵ ਦੇ ਵਾਕ ਬੋਲਦੇ ਚੱਲ ਪਏ। ---ਰੋਣਾ ਸਾਡੇ ਸਮਾਜ ਦੇ ਦਸਤੂਰਾਂ ਦੇ ਉਲਟ ਐਂ। ਸਾਨੂੰ ਰੋਣਾ ਵਿਵਰਜਿਤ ਐ ਕਿਉਂਕਿ ਇਸ ਤਰ੍ਹਾਂ ਚੰਦਕੁਰ ਦੀ ਰੂਹ ਭਟਕ ਜਾਵੇਗੀ ।(186-87)

ਇਸੇ ਤਰ੍ਹਾਂ ਹਰਪਿੰਦਰ ਰਾਣਾ ਦੇ ਨਾਵਲ ' ਕੀ ਜਾਣਾ ਮੈਂ ਕੌਣ ' ਵਿਚ ਵੀ ਮੁਰਦੇ ਦੇ ਛਿੱਤਰ ਮਾਰਨ ਦੀ ਘਟਨਾ ਨੂੰ ਬਿਆਨ ਕੀਤਾ ਗਿਆ ਹੈ ਜਿਵੇਂ ਕਿ-

> ਜਦੋਂ ਇਹ ਮਰਦੇ ਆ ਨਾ , ਇਨ੍ਹਾਂ ਨੂੰ ਛਿੱਤਰ ਮਾਰਦੇ ਹੋਏ ਘੜੀਸ ਕੇ ਲੈ ਜਾਂਦੇ ਐ।
>
> ਜਾਹ ਓਏ ਭਗਤਿਆ ! ਤੂੰ ਨਾ ਕਦੇ ਸਿੱਧੀ ਗੱਲ ਕੀਤੀ ? ਤੂੰ ਵੇਖਿਆ ਈ ਛਿੱਤਰ ਮਾਰਦਿਆਂ ਤੇ ਘੜੀਸਦਿਆਂ ਨੂੰ ! ਜਦੋਂ ਕਿੰਦਰੀ ਮਹੰਤ ਦਾ ਗੁਰੂ ਮਰਿਆ , ਕਿਸੇ ਨੂੰ ਪਤਾ ਈ ਨੀਂ ਲੱਗਣ ਦਿੱਤਾ ਬਈ ਕਦੋਂ ਮਰਿਆ ਤੇ ਕਦੋਂ ਫੂਕਿਆ ! ਜਦੋਂ ਸੱਤਵੇਂ ਦਿਨ ' ਘੜਾ ' ਕੀਤਾ ਇਨ੍ਹਾਂ ਨੇ ਉਹਦਾ , ਤੇ ਸਾਰੀ ਬਰਾਦਰੀ ਇਕੱਠੀ ਹੋਈ ਤਾਂ ਕਿਤੇ ਜਾ ਕੇ ਪਤਾ ਲੱਗਿਆ ਬਈ ਡੇਰੇ ਆਲਾ ਮਹੰਤ ਮਰ ਗਿਆ ।(33)

ਸਮਾਜ ਵਿਚ ਆਮ ਧਾਰਨਾ ਬਣੀ ਹੋਈ ਹੈ ਕਿ ਕਿਸੇ ਨੇ ਇਸ ਸਮਾਜ ਦੀ ਮੁਰਦਾ ਲਾਸ਼ ਨੂੰ ਨਹੀਂ ਦੇਖਿਆ। ਇਸ ਸੰਬੰਧੀ ਹਰਬੰਸ ਸਿੰਘ ਦੀ ਧੀਮਾਨ ਦੀ ਪੁਸਤਕ 'ਹਮਜਿਨਸ' ਵਿਚ ਯਾਸ਼ਮੀਨ ਸ਼ਮੀਨ ਹੀਜੜੇ ਨੇ ਆਪਣੀ ਇੰਟਰਵਿਊ ਵਿਚ ਇਸ ਗੱਲ ਦਾ ਵਰਣਨ ਕੀਤਾ ਹੈ ਕਿ ਸਮਾਜ ਦੇ ਆਮ ਲੋਕ ਹੀ ਸਾਡੇ ਜਨਾਜ਼ੇ ਵਿਚ ਜਾਂਦੇ ਹਨ –

> ਨਹੀਂ ਅਸੀਂ ਸ਼ਿਰਕਤ ਨਹੀਂ ਕਰਦੇ , ਸਾਡਾ (ਘਰ ਦੇ ਦਰਵਾਜ਼ੇ ਵੱਲ ਇਸ਼ਾਰਾ ਕਰਦਿਆਂ ਹੋਇਆ ) ਏਥੋਂ ਤੱਕ ਹੀ ਸਾਥ ਹੈ। ਅਸੀਂ ਇਸੇ ਸ਼ਹਿਰ ਵਿਚ ਬੈਠੇ ਹਾਂ ਅਸੀਂ ਵੀ ਤਾਂ ਕਿਸੇ ਨਾਲ ਬਣਾ ਕੇ ਰੱਖੀ ਹੋਵੇਗੀ ਕਿ ਨਹੀਂ , ਅਸੀਂ ਉਨ੍ਹਾਂ ਦੇ ਮਰਨੇ ਵਿਚ ਜਾਈਏ ਇਹੋ ਤਾਂ ਜੀਨ ਵਿਚ ਜਾਈਏ , ਸੁਖ ਵਿਚ ਜਾਈਏ , ਦੁੱਖ ਵਿਚ ਉਨ੍ਹਾਂ ਕੋਲ ਜਾਈਏ ਇਹੋ ਤਾਂ ਨਾਜ਼ੁਕ ਮੌਕੇ ਹੈ ਸਾਡੀ ਜ਼ਿੰਦਗੀ ਦਾ ਸਭ ਤੋਂ। ਹੁਣ ਅਸੀਂ ਉਨ੍ਹਾਂ ਦੇ ਮਰਨ-ਜੀਨ ਵਿਚ ਸਾਥ ਨਹੀਂ ਦੇਵਾਂਗੇ ਤਾਂ ਕੌਣ ਸਾਡੇ ਲਈ ਆਏਗਾ। ਪਹਿਲਾਂ ਅਸੀਂ ਆਪਣੀ ਇਸ ਚੀਜ਼ ਨੂੰ ਸਮਝਦੇ ਹਾਂ ਅਤੇ ਗ਼ੌਰ ਕਰਦੇ ਹਾਂ ਕਿ ਕੱਲ੍ਹ ਅਸੀਂ ਵੀ ਮਰਨਾ ਹੈ। ਸਾਡੇ ਫ਼ਕੀਰਾਂ ਨਾਲ ਲੜਾਈ ਝਗੜੇ ਹੁੰਦੇ ਹਨ। ਉਨ੍ਹਾਂ ਨੂੰ ਏਹੀ ਕਹਿੰਦੇ ਹਾਂ , ਭਈ ਤੁਸੀਂ ਸਾਨੂੰ ਮੋਢਿਆਂ ਤੇ ਚੁੱਕ ਕੇ ਨਹੀਂ ਲੈ ਜਾਓਗੇ , ਲੈ ਜਾਣਗੇ ਤਾਂ ਉਹੀ ਮੁਹੱਲੇ ਵਾਲੇ। ਆਉਣਗੇ ਤਾਂ ਆਓ ਨਹੀਂ ਤਾਂ ਆਪਣੇ ਘਰ ਖ਼ੁਸ਼ ਰਹੋ।( *77*)

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਗਲਪੀ ਸਾਹਿਤ ਵਿਚ ਪੇਸ਼ ਵੇਰਵੇ ਵਿਅਕਤ ਕਰਦੇ ਹਨ ਕਿ ਇਸ ਸਮਾਜ ਦੀ ਮੁੱਖ ਧਾਰਾ ਸਮਾਜ ਨਾਲ ਕੋਈ ਸਾਂਝ ਨਹੀਂ ਹੈ। ਜਨਮ ਤੋਂ ਇਸ ਵਰਗ ਨੂੰ ਵੱਖ ਕਰਕੇ ਮੁੱਖ ਧਾਰਾ ਸਮਾਜ ਆਪਣਾ ਕੰਮ ਖ਼ਤਮ ਕਰ ਲੈਂਦਾ ਹੈ। ਆਖ਼ਰ ਇਸ ਵਰਗ ਵਿਚ ਵੀ ਮਾਨਵੀ ਭਾਵਨਾਵਾਂ ਮੌਜੂਦ ਹਨ। ਜਿਸ ਥਾਂ ਉੱਤੇ ਇਹ ਵਰਗ ਵਾਸ ਕਰਦਾ ਹੈ, ਉਨ੍ਹਾਂ ਨਾਲ ਇਸ ਦੀ ਸਾਂਝ ਬਣੀ ਹੁੰਦੀ ਹੈ। ਇਸ ਲਈ ਆਸ-ਪਾਸ ਦੇ ਲੋਕ ਸ਼ਾਮਲ ਹੁੰਦੇ ਹਨ। ਕਿੰਨਰ ਸਮਾਜ ਵਿਚ ਜਦੋਂ ਕੋਈ ਮਰ ਜਾਂਦਾ ਹੈ ਤਾਂ ਉਸ ਸਮੇਂ ਰੋਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਚਲੋ ਇਸ ਨਰਕ ਭਰੀ ਜ਼ਿੰਦਗੀ ਤੋਂ ਛੁਟਕਾਰਾ ਹੋ ਗਿਆ। ਜੁਗਨੂੰ ਦੀ ਗੁਰੂ ਮਾਂ ਦੀ ਮੌਤ ਸਮੇਂ ਦੇਖਿਆ ਜਾ ਸਕਦਾ ਹੈ ਕਿ-

ਜੁਗਨੂੰ ਦੀ ਗੁਰੂ ਮਾਂ ਦੀ ਜਦੋਂ ਮੌਤ ਹੋਈ ਤਾਂ ਗਮ ਵਿਚ ਜੁਗਨੂੰ ਦੀਆਂ ਅੱਖਾਂ ਭਰ ਆਈਆਂ ਤਾਂ ਮਮਤਾ ਨੇ ਰੋਕਦੇ ਹੋਏ ਕਿਹਾ ਕਿ –

> ਨਾ ਨਾ ਭੈਣੇ ! ਰੋ ਨਾ ਹਾਲੇ । ਲੰਘ ਜਾਣ ਦੇ ਰੂਹ ਨੂੰ ਸੁੱਕੇ ਸੁੱਕੇ । ਮਤੇ ਸਾਡੇ ਹੰਝੂ ਕਿਤੇ ਇਹਦੇ ਰਾਹ ਦਾ ਦਰਿਆ ਬਣ ਜਾਣ ।(159)

ਇਸੇ ਤਰ੍ਹਾਂ ਦੇ ਵੇਰਵੇ ਹਰਕੀਰਤ ਕੌਰ ਚਹਿਲ ਦੇ ਨਾਵਲ ' ਆਦਮ-ਗ੍ਰਹਿਣ ' ਵਿਚ ਮਹੰਤ ਬੁਲਬੁਲ ਦੀ ਮੌਤ ਸਮੇਂ ਇਹ ਦੇਖ ਸਕਦੇ ਹਾਂ ਕਿ –

> ਮੀਰਾਂ ਨੇ ਵਾਲ ਖੋਲ੍ਹ ਕੇ ਚਿੱਟੇ ਕੱਪੜੇ ਪਾ ਲਏ, ਜਿਸ ਤਰ੍ਹਾਂ ਕਿਸੇ ਸੁਹਾਗਣ ਦਾ ਸਿਰ ਦਾ ਸਾਈਂ ਮੁੱਕਿਆ ਹੋਵੇ । ਬੁਲਬੁਲ ਦੀ ਦੇਹ ਚਾਰੇ ਧਰਮ ਅਸਥਾਨਾਂ ਤੋਂ ਲਿਆਂਦੇ ਜਲ ਨਾਲ ਨੁਹਾਇਆ ਗਿਆ । ਕਫ਼ਨ ਦੇ ਰੂਪ ਵਿਚ ਸੁੰਦਰ ਬਸਤਰ ਪਹਿਨਾਏ ਗਏ । ਉਸ ਦੀ ਅਰਥੀ ਦੇ ਪਿੱਛੇ ਬੈਂਡ ਵਾਜੇ ਦੀ ਧੁੰਨ ਵੱਜ ਰਹੀ ਸੀ । ਸ਼ਹਿਰ ਦੇ ਨਾਮੀ ਲੋਕ ਮਈਅਤ ਵਿਚ ਹਾਜ਼ਰ ਹੋਏ । ਇੱਤਰ ਫਲੇਲਾਂ ਦਾ ਛਿੜਕਾਅ ਚਾਰੇ ਪਾਸੇ ਹੋ ਰਿਹਾ ਸੀ । ਜਿਵੇਂ ਕਿਸੇ ਦੇਵਤੇ ਦੀ ਵਿਦਾਇਗੀ ਹੋ ਰਹੀ ਹੋਵੇ । ਸੁੱਚੀ ਮਿੱਟੀ ਨੂੰ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਅਲਵਿਦਾ ਕਹੀ ਜਾ ਰਹੀ ਸੀ । ਗੁਲਾਬ ਅਤੇ ਗੇਂਦੇ ਦੇ ਫੁੱਲਾਂ ਦੀਆਂ ਪੱਤੀਆਂ ਮ੍ਰਿਤਕ ਦੇਹ ਤੇ ਬਰਸਾਈਆਂ ਜਾ ਰਹੀਆਂ ਸਨ ।(76 )

ਸਮਾਜ ਵਿਚ ਇਹ ਵੀ ਰਹੱਸ ਬਣਿਆ ਹੋਇਆ ਹੈ ਕਿ ਕਿੰਨਰਾਂ ਦੀ ਮੌਤ ਉਪਰੰਤ ਇਨ੍ਹਾਂ ਨੂੰ ਦਫ਼ਨਾਇਆ ਜਾਂਦਾ ਹੈ ਜਾਂ ਅਗਨੀ ਦਿੱਤੀ ਜਾਂਦੀ ਹੈ । ਅਰੁੰਧਤੀ ਰਾਏ ਦੇ ਨਾਵਲ ‘ਦਰਬਾਰਿ-ਖੁਸ਼ੀਆਂ ਬੇਪਨਾਹ’ ਵਿਚ ਪਤਾ ਚੱਲਦਾ ਹੈ ਕਿ ਮਰਨ ਉਪਰੰਤ ਕਿੰਨਰਾਂ ਨੂੰ ਦਫ਼ਨਾਇਆਂ ਜਾਂਦਾ ਹੈ । ਇਸ ਸਵਾਲ ਸੰਬੰਧੀ ਕਾਫ਼ੀ ਰਹੱਸ ਬਣਿਆ ਹੋਇਆ ਸੀ, ਜਿਸ ਦਾ ਸਪਸ਼ਟੀਕਰਨ ਨਾਵਲੀ ਬਿਰਤਾਂਤ ਵਿਚੋਂ ਮਿਲਦਾ ਹੈ ਕਿ-

> ਜਦੋਂ ਉਸਤਾਦ ਕੁਲਸੂਮ ਬੀ ਰਾਤ ਨੂੰ ਸੁੱਤੀ ਰਹਿ ਗਈ ਤਾਂ ਉਸ ਨੂੰ ਪੂਰੀ ਸ਼ਾਨੋ-ਸ਼ੌਕਤ ਨਾਲ ਮਹਿਰੌਲੀ ਵਿਚ ਹੀਜੜਿਆਂ ਦੀ ਖ਼ਾਨਗਾਹ ਵਿਚ ਦਫ਼ਨਾਇਆ ਗਿਆ । ਬੌਂਬੇ ਸਿਲਕ ਨੂੰ


ਅੰਜੁਮ ਦੇ ਕਬਰਸਤਾਨ ਵਿਚ ਦਫ਼ਨਾਇਆ ਗਿਆ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਦਿੱਲੀ ਦੇ ਹੀਜੜਿਆਂ ਨੂੰ ਦਫ਼ਨਾਇਆ ਗਿਆ। (86)

ਕਿੰਨਰਾਂ ਦੀ ਖਵਾਹਗਾਹ ਦਿੱਲੀ ਵਿਖੇ ਮਹਿਰੋਲੀ ਇਲਾਕੇ ਵਿਚ ਪੈਂਦੀ ਹੈ। ਇਸ ਨੂੰ ਹਿਜੜਿਆਂ ਦੀ ਕਬਰਸਤਾਨ ਕਿਹਾ ਜਾਂਦਾ ਹੈ। ਇਹ ਕਬਰਸਤਾਨ 800 ਸਾਲ ਪਹਿਲਾ ਹਿਜੜਿਆਂ ਦੇ ਇਤਿਹਾਸ ਨੂੰ ਪੇਸ਼ ਕਰਦੀ ਹੈ। ਇੱਥੇ ਕਿੰਨਰਾਂ ਦੀਆਂ 50ਕੁ ਕਬਰਾਂ ਬਣੀਆਂ ਹੋਈਆਂ ਹਨ। ਕਿਹਾ ਜਾਂਦਾ ਹੈ ਕਿ ਸੂਫ਼ੀ ਸੰਤ ਕੁਤਬ ਸਾਹਿਬ ਭਾਵ ਖ਼ਵਾਜਾ ਬਖ਼ਤਿਆਰ ਕਾਕੀ ਨੇ ਇਹ ਥਾਂ ਕਿੰਨਰਾਂ ਨੂੰ ਦਿੱਤੀ ਸੀ। ਕਿੰਨਰਾਂ ਦੀ ਗੁਰੂ ਸਤੋ ਮਾਈ ਨੇ ਇਸ ਦਾ ਨਿਰਮਾਣ ਕਰਵਾਇਆ। ਇਸ ਥਾਂ ਉੱਪਰ ਉਸ ਦੀ ਵੀ ਕਬਰ ਬਣੀ ਹੋਈ ਹੈ। ਇਸ ਨੂੰ ਹਿਜੜਿਆਂ ਦੀ ਮਸਜਿਦ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅਨੇਕਾਂ ਰਾਜਾਂ ਦੇ ਕਿੰਨਰ ਆਉਂਦੇ ਹਨ , ਜੋ ਮੁਜਾਰ ਉੱਤੇ ਫੁੱਲ ਚੜ੍ਹਾਉਂਦੇ ਅਤੇ ਪ੍ਰਸ਼ਾਦ ਵੰਡਦੇ ਹਨ। ਮੋਹਰਮ ਦੇ ਮੌਕੇ ਹਲੀਮ ਬਣਾ ਕੇ ਵਰਤਾਇਆ ਜਾਂਦਾ ਹੈ। ਬੁੱਧਵਾਰ ਨੂੰ ਅਗਰਬੱਤੀ ਲਗਾਈ ਜਾਂਦੀ ਹੈ। ਪਾਕਿਸਤਾਨ ਵਿਚ ਵੀ ਅਜਿਹੀ ਖਵਾਹਗਾਹ ਦਾ ਜ਼ਿਕਰ ਮਿਲਦਾ ਹੈ। ਵਸਤੂ ਕਲਾ ਦੇ ਨਿਰਮਾਣ ਤੋਂ ਇਸ ਦਾ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਥਾਂ ਮੁਗ਼ਲ ਕਾਲ ਵਿਚ ਬਣੀ ਹੋਵੇਗੀ। ਜਿਸ ਦਾ ਜ਼ਿਕਰ ਨਾਵਲੀ ਬਿਰਤਾਂਤ ਵਿਚੋਂ ਮਿਲਦਾ ਹੈ। ਜਦੋਂ ਕੁਲਸੂਮ ਬੀ ਆਪਣੇ ਇਸ ਘਰ , ਸ਼ਹਿਰ ਦੇ ਇਤਿਹਾਸ ਨੂੰ ਬਿਆਨ ਕਰਦੀ ਹੈ ਕਿ-

ਜਦੋਂ ਸ਼ਹਿਨਸ਼ਾਹ ਸ਼ਾਹ ਜਹਾਨ ਨੇ ਲਾਲ ਕਿਲ੍ਹਾ ਅਤੇ ਜਾਮਾ ਮਸਜਿਦ ਬਣੇ ਤਾਂ ਉਸੇ ਵੇਲੇ ਚਾਰਦੀਵਾਰੀ ਅੰਦਰਲਾ ਸ਼ਹਿਰ ਤਾਮੀਰ ਹੋਇਆ, ਉਨ੍ਹਾਂ ਨੇ ਉਸੇ ਵੇਲੇ ਸਾਡੀ ਇਹ ਛੋਟੀ ਜਿਹੀ ਹਵੇਲੀ ਵੀ ਬਣਾਈ ਸਾਡੇ ਲਈ। ਇਸ ਸਦਾ ਯਾਦ ਰੱਖਣਾ ਕਿ ਅਸੀਂ ਕਿਸੇ ਐਰੀ-ਗੈਰੀ ਥਾਂ ਦੇ ਹੀਜੜੇ ਨਹੀਂ। ਅਸੀਂ ਸ਼ਾਹਜਹਾਨਾਬਾਦ ਦੇ ਹੀਜੜੇ ਹਾਂ। ਸਾਡੇ ਹੁਕਮਰਾਨ ਸਾਡੇ ਉੱਤੇ ਯਕੀਨ ਕਰਦੇ ਸਨ ਅਤੇ ਉਨ੍ਹਾਂ ਨੇ ਆਪਣੀਆਂ ਬੀਵੀਆਂ ਅਤੇ ਮਾਵਾਂ ਦੀ ਸੇਵਾ-ਸੰਭਾਲ ਸਾਡੇ ਜ਼ਿੰਮੇ ਲਗਾਈ ਸੀ। ਕਦੇ ਅਸੀਂ ਉਨ੍ਹਾਂ ਦੇ ਘਰਾਂ ਵਿਚ ਆਜ਼ਾਦੀ ਨਾਲ ਵਿਚਰਦੇ ਸਾਂ ਜੋ ਲਾਲ ਕਿਲ੍ਹੇ ਦਾ ਜ਼ਨਾਨਾ ਸੀ। ਹੁਣ ਉਹ ਸਭ ਤੁਰ ਗਏ ਹਨ , ਉਹ ਤਾਕਤਵਰ ਮਹਾਰਾਜੇ ਅਤੇ ਉਨ੍ਹਾਂ ਦੀਆਂ ਰਾਣੀਆਂ। ਅਸੀਂ ਹਾਲੇ ਇਸੇ ਥਾਂ ਹਾਂ (50)

ਉਪਰੋਕਤ ਵਿਚਾਰ ਕਿੰਨਰਾਂ ਦੀ ਇਤਿਹਾਸਕ ਮਾਨਤਾ ਨੂੰ ਦਰਸਾਉਂਦੇ ਹਨ। ਕਿਸ ਤਰ੍ਹਾਂ ਮੁਗ਼ਲ ਕਾਲ ਵਿਚ ਇਨ੍ਹਾਂ ਨੂੰ ਰਾਣੀਆਂ ਦੀ ਰਖਵਾਲੀ ਲਈ ਰੱਖਿਆ ਜਾਂਦਾ ਸੀ। ਖੇਤਰੀ ਸਰਵੇਖਣ ਦੌਰਾਨ ਕਿੰਨਰ ਸਮਾਜ ਦੇ ਧਾਰਮਿਕ ਪ੍ਰਸੰਗ ਵਿਚ 80 ਕਿੰਨਰਾਂ ਨੂੰ ਮਿਲ ਕੇ ਵੱਖ-ਵੱਖ ਸਵਾਲਾਂ ਦੇ ਜੁਆਬ ਲਏ ਗਏ। ਜਿਸ ਦਾ ਵਿਵਰਣ ਰੇਖਾ ਚਿੱਤਰ 6 ਵਿਚ ਦਿੱਤਾ ਗਿਆ ਹੈ।

**ਚਿੱਤਰ :6**




## ਕਿੰਨਰ ਸਮਾਜ ਦੇ ਧਾਰਮਿਕ ਸਰੋਕਾਰ ਸੰਬੰਧੀ ਅੰਕੜੇ

## ਵਿਵਹਾਰਕ ਅਧਿਐਨ

ਸਮਾਜ ਵਿਚ ਪ੍ਰਚਲਿਤ ਹੋਰ ਧਰਮਾਂ ਦੀ ਤਰ੍ਹਾਂ ਕਿੰਨਰ ਸਮਾਜ ਦਾ ਵੀ ਆਪਣਾ ਧਰਮ ਹੈ। ਇਸ ਸਮਾਜ ਵਿਚ ਹਿੰਦੂ ਦੇਵੀ-ਦੇਵਤਿਆਂ ਦੀ ਥਾਂ ਮੁਸਲਿਮ ਪੀਰਾਂ-ਫ਼ਕੀਰਾਂ ਨੂੰ ਜ਼ਿਆਦਾ ਮਾਨਤਾ ਦਿੱਤੀ ਜਾਂਦੀ ਹੈ। ਉੱਤਰ-ਭਾਰਤੀ ਅਤੇ ਦੱਖਣੀ ਭਾਰਤ ਵਿਚ ਇਨ੍ਹਾਂ ਦੇ ਵੱਖਰੇ-ਵੱਖਰੇ ਪੂਜਾ ਸਥਾਨ ਅਤੇ ਪੀਰ-ਫ਼ਕੀਰ ਹਨ। ਭਾਰਤ ਵਿਚ ਗੁਜਰਾਤ ਵਿਚ 'ਬਹੁਚਰਾ ਮਾਤਾ' ਨੂੰ ਸਾਰੇ ਕਿੰਨਰ ਮੰਨਦੇ ਹਨ। ਜਿਸ ਦਾ ਜ਼ਿਕਰ ਗਲਪ ਦੇ ਵਿਚ ਵੱਖ-ਵੱਖ ਕਹਾਣੀਕਾਰਾਂ ਅਤੇ ਨਾਵਲਕਾਰਾਂ ਨੇ ਕੀਤਾ ਹੈ। ਹਰ ਡੇਰੇ ਵਿਚ 'ਬਹੁਤਾ ਮਾਤਾ' ਦੀ ਤਸਵੀਰ ਲੱਗੀ ਹੁੰਦੀ ਹੈ। ਇਸ ਸਮਾਜ ਵਿਚ ਕੋਈ ਵੀ ਕੰਮ ਕਰਨ ਤੋਂ ਪਹਿਲਾ ਵਿਸ਼ੇਸ਼ ਰੂਪ ਵਿਚ ਇਸ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਮੁਰਗ਼ੇ ਵਾਲੀ ਮਾਈ ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਇਨ੍ਹਾਂ ਦੇ ਆਪਣੇ ਪੂਜਾ ਸਥਾਨ ਹਨ। ਪੰਜਾਬ ਵਿਚ ਇੰਦਰਗੜ੍ਹ ਝੜੀ (ਮੋਗਾ) ਵਿਖੇ ਹਾੜ੍ਹ ਵਿਚ ਵਿਸ਼ੇਸ਼ ਮੇਲਾ ਲੱਗਦਾ ਹੈ। ਇਸ ਵਰਗ ਦੇ ਲੋਕ ਆਪਣੀਆਂ ਸੁੱਖਾਂ ਧਾਰਨ ਲਈ ਇਸ ਸਥਾਨ ਤੇ ਬੜੀ ਸ਼ਰਧਾ ਨਾਲ ਪੁੱਜਦੇ ਹਨ। ਇਸ ਮਾਈ ਨੂੰ ਖ਼ਵਾਜਾ ਪੀਰ, ਗਿਆਰ੍ਹਵੀਂ ਵਾਲੀ ਸਰਕਾਰ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਹੋਰ ਥਾਵਾਂ ਦਾ ਵੀ ਜ਼ਿਕਰ ਮਿਲਦਾ ਹੈ, ਜਿਵੇਂ ਫਿਲੌਰ ਵਿਚ ਮਈਆ ਸਰਕਾਰ, ਬਾਬਾ ਲਾਡੀ ਸ਼ਾਹ ਤੇ ਗੁਲਾਬ ਸ਼ਾਹ ਨਕੋਦਰ ਵਿਚ 23-24 ਅਗਸਤ ਨੂੰ ਭਾਰੀ ਮੇਲਾ ਲੱਗਦਾ ਹੈ। ਜਮਾਲਪੁਰ ਰਾਹੀ ਮੋ ਸਰਕਾਰ(ਲੁਧਿਆਣਾ), ਮਢਾਲੀ ਵਾਲੀ ਸਰਕਾਰ ਹੁਸ਼ਿਆਰ ਦੇ ਨੇੜੇ ਆਦਿ। ਇਨ੍ਹਾਂ ਸਾਰੀਆਂ ਥਾਵਾਂ ਤੇ ਹਰ ਸਾਲ ਬਾਅਦ ਮੇਲਾ ਲੱਗਦਾ ਹੈ। ਇਹ ਮੇਲੇ ਤਿੱਥਾਂ ਦੇ ਹਿਸਾਬ ਨਾਲ ਲੱਗਦੇ ਹਨ। ਇਸ ਤੋਂ ਬਿਨਾਂ ਪੰਜਾਬ ਤੋਂ ਬਾਹਰ ਵੀ ਇਨ੍ਹਾਂ ਦੇ ਪੂਜਾ ਸਥਾਨ ਹਨ, ਜਿਵੇਂ ਗਓਸਪਾਕ ਕਲੈਅਰਸਰੀਫ ਸਰਕਾਰ ਹਰਿਦੁਆਰ ਦੇ ਕੋਲ਼, ਹਜ਼ਰਤ ਤੇ ਨਿਜ਼ਾਮੋਦੀਨ ਦਿੱਲੀ ਵਿਚ, ਹਾਜੀ ਅਲੀ ਪੀਰਾਂ ਫ਼ਕੀਰਾਂ ਦੀ ਦਰਗਾਹ ਬੰਬੇ ਵਿਚ ਅਤੇ ਰਾਜਸਥਾਨ ਵਿਚ ਅਜਮੇਰ ਵਿਖੇ ਦਰਗਾਹ ਵਿਸ਼ੇਸ਼ ਤੌਰ ਤੇ ਉੱਲੇਖ ਯੋਗ ਹਨ। ਸਾਉਦੀ ਅਰਬ ਵਿਚ ਜਿਸ ਤਰ੍ਹਾਂ ਮੱਕਾ-ਮਦੀਨਾ ਨੂੰ ਵੱਡੀ ਹੱਜ ਮੰਨਿਆ ਜਾਂਦਾ ਹੈ। ਬਾਕੀ ਧਰਮਾਂ ਦੀ ਤਰ੍ਹਾਂ ਜਿਵੇਂ ਹਿੰਦੂ ਗੰਗਾ ਨਹਾਉਣ ਨੂੰ ਪਵਿੱਤਰ ਮੰਨਦੇ ਹਨ। ਸਿੱਖ ਧਰਮ ਵਿਚ ਪੰਜ ਤਖ਼ਤਾਂ ਉੱਤੇ ਇਸ਼ਨਾਨ ਕਰਨਾ ਪਵਿੱਤਰ ਮੰਨਿਆ ਜਾਂਦਾ ਹੈ। ਉਸੇ ਤਰ੍ਹਾਂ ਕਿੰਨਰ ਸਮਾਜ ਵਿਚ ਵੀ ਮਿੰਨੀ ਜਾਂ ਛੋਟੀ ਹੱਜ ਕੀਤੀ ਜਾਂਦੀ ਹੈ। ਅਜਮੇਰ ਸ਼ਰੀਫ਼

ਦੀ ਦਰਗਾਹ ਤੋਂ ਇਹ ਯਾਤਰਾ ਸ਼ੁਰੂ ਕਰਕੇ ਹਜ਼ਰਤ ਨਿਜ਼ਾਮੋਦੀਨ ਦਿੱਲੀ ਤੋਂ ਹੁੰਦੀ ਹੋਈ ਹਾਜੀ ਅਲੀ ਬੰਬੇ ਦੀ ਦਰਗਾਹ ਉੱਤੇ ਇੱਕੋ ਸਮੇਂ ਯਾਤਰਾ ਕਰਨ ਨੂੰ ਇਸ ਸਮਾਜ ਵਿਚ ਮਿੰਨੀ ਹੱਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਯਾਤਰਾ ਇਕ ਵਾਰ ਸ਼ੁਰੂ ਕਰਨ ਤੇ ਵਿਚੋਂ ਘਰ ਨਹੀਂ ਆਇਆ ਜਾਂਦਾ ਭਾਵ ਇੱਕੋ ਸਮੇਂ ਹੀ ਕੀਤੀ ਜਾਂਦੀ ਹੈ। ਇਲਾਕੇ ਦੇ ਹਿਸਾਬ ਨਾਲ ਧਾਰਮਿਕ ਰਸਮਾਂ ਵਿਚ ਅੰਤਰ ਮਿਲਦਾ ਹੈ। ਪੰਜਾਬ ਅਤੇ ਹਰਿਆਣਾ ਦੇ ਡੇਰੇ ਵਿਚਲੇ ਕਿੰਨਰਾਂ ਦੇ ਰੀਤੀ-ਰਿਵਾਜਾਂ ਵਿਚ ਅੰਤਰ ਵੇਖਿਆ ਜਾ ਸਕਦਾ ਹੈ। ਡੇਰੇ ਵਿਚ ਆਉਣ ਉੱਤੇ ਹਰ ਕਿੰਨਰ ਦਾ ਧਰਮ ਤਬਦੀਲ ਹੁੰਦਾ ਹੈ। ਡੇਰੇ ਦੀ ਆਪਣੀ ਸੱਤਾ ਅਤੇ ਆਪਣੇ ਨਿਯਮ ਹਨ। ਇਹ ਨੇਮਾਂ ਨੂੰ ਡੇਰੇ ਵਿਚਲਾ ਹਰ ਕਿੰਨਰ ਨਿਭਾਉਂਦਾ ਹੈ।

## ਅੰਤਰ-ਸੰਬੰਧਿਤ

ਸਾਹਿਤਕ ਪੱਖ ਤੇ ਵਿਵਹਾਰਕ ਪੱਖ ਤੋਂ ਜੇਕਰ ਕਿੰਨਰ ਸਮਾਜ ਦੇ ਵੱਖ-ਵੱਖ ਤੱਥਾਂ ਨੂੰ ਵਾਚੀਏ ਤਾਂ ਕਾਫ਼ੀ ਸਮਾਨਤਾ ਨਜ਼ਰ ਆਉਂਦੀ ਹੈ। ਕਿੰਨਰ ਸਮਾਜ ਵਿਚ ਬਹੁ ਚਰਾ ਮਾਤਾ ਦੀ ਪੂਜਾ ਕੀਤੀ ਜਾਂਦੀ ਹੈ , ਜਿਸ ਨੂੰ ਮੁਰਗ਼ੇ ਵਾਲੀ ਮਾਈ ਵੀ ਕਿਹਾ ਜਾਂਦਾ ਹੈ। ਇਸ ਮਾਈ ਨਾਲ ਸੰਬੰਧਿਤ ਬਹੁਤ ਸਾਰੀਆਂ ਲੋਕ ਕਥਾਵਾਂ ਸਮਾਜ ਵਿਚ ਬਣੀਆਂ ਹੋਈਆ ਹਨ। ਮੁਰਗ਼ਾ ਹੀ ਇਸ ਮਾਈ ਦਾ ਪ੍ਰਤੀਕ ਕਿਉਂ ਬਣਿਆ। ਹਿੰਦੂਆਂ ਨੇ ਆਪਣੇ ਦੇਵੀ-ਦੇਵਤੇ ਬਣਾ ਲਏ ਅਤੇ ਮੁਸਲਮਾਨਾਂ ਦੇ ਆਪਣੇ ਪੀਰ-ਫ਼ਕੀਰ ਹਨ। ਕਿੰਨਰ ਸਮਾਜ ਵਿਚ ਹਰ ਧਰਮ ਦੇ ਲੋਕ ਮਿਲ-ਜੁੱਲ ਕੇ ਰਹਿੰਦੇ ਹਨ। ਬਹੁਚਰਾ ਮਾਤਾ ਦੀ ਤਸਵੀਰ ਮੁਰਗ਼ੇ ਦੇ ਉਪਰ ਬਣੀ ਹੋਈ ਹੈ। ਮੁਰਗ਼ਾ ਚੇਤਨਤਾ ਦਾ ਪ੍ਰਤੀਕ ਹੈ , ਉਹ ਜਾਗਰਿਤ ਕਰਦਾ ਹੈ। ਕਿੰਨਰ ਸਮਾਜ ਦੇ ਬਾਸ਼ਿੰਦੇ ਜ਼ਿਆਦਾਤਰ ਮੁਸਲਮਾਨ ਧਰਮ ਨੂੰ ਮੰਨਦੇ ਹਨ। ਇਨ੍ਹਾਂ ਦੇ ਡੇਰਿਆਂ ਵਿਚ ਵੀ ਇਸ ਧਰਮ ਦੇ ਪੀਰਾਂ-ਫ਼ਕੀਰਾਂ ਦੀ ਮਾਨਤਾ ਵਧੇਰੇ ਰੂਪ ਵਿਚ ਹੁੰਦੀ ਹੈ। ਮੌਤ ਸਮੇ ਵੀ ਜਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ, ਉਹ ਮੁਸਲਮਾਨ ਧਰਮ ਅਨੁਸਾਰ ਹੀ ਨਿਭਾਈਆ ਜਾਂਦੀਆ ਹਨ। ਚੇਲਾ ਬਣਨ ਸਮੇਂ ਵੀ ਬਹੁ ਚਰਾ ਮਾਤਾ ਦੀ ਤਸਵੀਰ ਗੁਰੂ ਵੱਲੋਂ ਭੇਂਟ ਕੀਤੀ ਜਾਂਦੀ ਹੈ। ਹਰ ਅਧਿਐਨ ਅਧਾਰਿਤ ਸਾਹਿਤਕਾਰ ਨੇ ਵੀ ਇਸ ਵਰਗ ਦੀ ਬਹੁ ਚਰਾ ਮਾਤਾ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿਚ ਕੀਤਾ ਹੈ। ਬਹੁ ਚਰਾ ਮਾਤਾ ਤੋਂ ਬਿਨਾਂ ਹੋਰ ਕਿਸੇ ਵੀ ਪੀਰ-ਫ਼ਕੀਰ ਦਾ ਜ਼ਿਕਰ ਕਿਸੇ ਸਾਹਿਤਕਾਰ ਨੇ ਨਹੀਂ ਕੀਤਾ। ਹਰਪਿੰਦਰ ਰਾਣਾ ਦੇ ਨਾਵਲ 'ਕੀ ਜਾਣਾ ਮੈਂ ਕੌਣ?'

ਵਿਚ ਮੋਗਾ ਵਿਖੇ ਇੰਦਗੜ੍ਹ ਝੜੀ ਦਾ ਜ਼ਿਕਰ ਆਉਂਦਾ ਹੈ। ਇਸ ਤੋਂ ਬਿਨਾਂ ਹੋਰ ਕਿਸੇ ਵੀ ਸਾਹਿਤਕਾਰ ਨੇ ਕੋਈ ਵੀ ਵਿਸ਼ਲੇਸ਼ਣ ਇਸ ਪੱਖ ਤੋਂ ਨਹੀਂ ਕੀਤਾ ਹੈ। ਧਰਮ ਸਾਰੇ ਵਰਗਾ ਨੂੰ ਸਮਾਨਤਾ ਦੀ ਦ੍ਰਿਸ਼ਟੀ ਨਾਲ ਦੇਖਣ ਦਾ ਬਲ ਸਾਨੂੰ ਸਿਖਾਉਂਦਾ ਹੈ। ਗੁਰੂ ਦੁਆਰਾ ਦਿੱਤੀ ਸਿੱਖਿਆ ਸਮਾਨਤਾ ਨੂੰ ਧਾਰਨ ਕਰਨਾ ਸਿਖਾਉਂਦੀ ਹੈ। ਸਿੱਖ ਇਤਿਹਾਸ ਦੀ ਸਮਾਜ ਵਿਚ ਸਾਰੇ ਧਰਮਾਂ ਪ੍ਰਤੀ ਸਮਾਨਤਾ ਦੀ ਦ੍ਰਿਸ਼ਟੀ ਹੈ। ਮੁੱਢ ਤੋਂ ਹੀ ਇਹ ਧਰਮ ਮਨੁੱਖੀ ਹਿੱਤਾਂ ਦੀ ਰਾਖੀ ਕਰਦਾ ਆ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਵਰਨਣ ਕੀਤਾ ਹੈ -

ਮਨ ਤੂੰ ਜੋਤਿ ਸਰੂਪ ਹੈ

ਆਪਣਾ ਮੂਲ ਪਛਾਣ (441)

ਭਾਵ ਮਨੁੱਖ ਦੇ ਮਨ ਨੂੰ ਜੋਤ ਸਰੂਪ ਕਹਿ ਕੇ ਗੁਰੂ ਨੇ ਮਨੁੱਖ ਨੂੰ ਆਪਣਾ ਮੂਲ ਪਛਾਣਨ ਲਈ ਕਿਹਾ ਹੈ। ਮਨੁੱਖ ਮੂਲ ਤੌਰ ਤੇ ਇਕ ਇਕਾਈ ਹੈ ; ਭਾਵ ਸਮੁੱਚੀ ਮਾਨਵਤਾ ਏਕੇ ਦਾ ਸਰੂਪ ਹੈ। ਜੇਕਰ ਅਜਿਹੀ ਸਾਂਝ ਅਪਣਾ ਕੇ ਚੱਲਿਆ ਜਾਵੇ ਤਾਂ ਸਮਾਜ ਵਿਚੋਂ ਜਾਤ-ਪਾਤ, ਰੰਗ-ਨਸਲ, ਮਜਹਬ, ਵੈਰ-ਵਿਰੋਧ, ਕੌਮਾਂ ਦੀਆਂ ਸਰਹੱਦਾਂ ਆਦਿ ਦੇ ਪਰਦੇ ਹਟ ਸਕਦੇ ਹਨ। ਜੇਕਰ ਅਜਿਹੇ ਪਰਦੇ ਹਟ ਜਾਣ ਤਾਂ ਅਸਲੀ ਮਨੁੱਖਤਾ ਦੀ ਪਹਿਚਾਣ ਸ਼ੁਰੂ ਹੁੰਦੀ ਹੈ। ਜਿਸ ਵਿਚ ਦੁਸ਼ਮਣੀ, ਵੈਰ-ਵਿਰੋਧ ਅਤੇ ਆਪਸੀ ਨਫ਼ਰਤ ਆਦਿ ਵਰਗੀ ਕੋਈ ਚੀਜ਼ ਨਹੀ ਰਹਿ ਜਾਂਦੀ। ਸਾਰਾ ਸਮਾਜ ਸਰਵ-ਸਾਂਝੀਵਾਲਤਾ ਦੇ ਸਿਧਾਂਤ ਨੂੰ ਅਪਣਾ ਕੇ ਇਕ ਇਕਾਈ ਬਣ ਜਾਂਦਾ ਹੈ। ਅਜਿਹੇ ਸਮਾਜ ਵਿਚ ਪਰਿਵਾਰਕ ਅਤੇ ਸਮਾਜਿਕ ਰਿਸ਼ਤੇ ਆਪਸੀ ਪ੍ਰੇਮ-ਭਾਵਨਾ ਤੇ ਇਕ-ਦੂਸਰੇ ਪ੍ਰਤੀ ਆਪਣਾ ਸਮਰਪਣ ਵਾਲੇ ਬਣ ਜਾਂਦੇ ਹਨ। ਇਹੀ ਮਨੁੱਖਤਾ ਦੀ ਸੱਚੀ ਪਹਿਚਾਣ ਤੇ ਮਨੁੱਖੀ ਹੋਂਦ ਦੀ ਅਸਲੀਅਤ ਹੈ। ਕਿੰਨਰ ਸਮਾਜ ਆਪਣੀ ਹੋਂਦ ਲਈ ਸੰਘਰਸ਼ ਕਰ ਰਿਹਾ ਹੈ। ਵਿੱਦਿਅਕ ਅਦਾਰਿਆਂ ਵਿਚੋਂ ਅਜਿਹੇ ਖੋਜ ਕਾਰਜਾਂ ਰਾਹੀਂ ਇਸ ਸਮਾਜ ਦੀਆਂ ਭਾਵਨਾਵਾਂ ਨੂੰ ਸਮਾਜ ਵਿਚ ਸਮਾਨਤਾ ਪ੍ਰਵਾਨ ਕਰਾਉਣ ਲਈ ਸਾਰਥਿਕ ਮੰਨਿਆ ਜਾਵੇਗਾ। ਬੁੱਧੀਜੀਵਾਂ ਦੇ ਪ੍ਰਵਚਨਾਂ ਸਦਕਾ ਇਹ ਸਮਾਜ ਵੀ ਮੁਖਧਾਰਾ ਸਮਾਜ ਵਿਚ ਆਪਣੇ-ਆਪ ਨੂੰ ਮਨੁੱਖੀ ਰੂਪ ਵਿਚ ਪੈਦਾ ਹੋ ਕੇ ਮਾਨਵੀ ਹੱਕਾਂ ਨੂੰ ਮਾਣ ਸਕੇਗਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਇਸ ਚਾਂਸਲਰ ਬੀ. ਐੱਸ ਘੁੰਮਣ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ

ਪ੍ਰਕਾਸ਼ ਉਤਸਵ  ਨੂੰ ਸਮਰਪਿਤ 14ਵੇ 'ਗੁਰਮੀਤ ਸੰਗੀਤ ਉਤਸਵ' ਮੌਕੇ ਯੂ ਟਿਊਬ ਉੱਪਰ ਸਾਡਾ ਚੈਨਲ ਤੇ 9 ਨਵੰਬਰ 2017 ਨੂੰ ਆਪਣੇ  ਸੰਬੋਧਨ ਵਿਚ ਕਿਹਾ 'ਦਰਬਾਰ ਸਾਹਿਬ ਅੰਦਰ ਔਰਤ ਦੁਆਰਾ ਕੀਰਤਨ ਕਰਨ ਦੀ ਮੰਗ ਤੇ ਸਹਿਮਤੀ ਦਿੰਦੇ ਹੋਏ ਅਤੇ ਇਕ ਕਦਮ ਅਗਾਂਹ ਬੋਲਦੇ ਹੋਏ ਕਿਹਾ ਕਿ ਇਹ ਅਧਿਕਾਰ ਹਰ ਜੈਂਡਰ ਨੂੰ ਮਿਲਣਾ ਚਾਹੀਦਾ ਹੈ , ਇੱਥੋਂ ਤੱਕ ਕਿ ਥਰਡ-ਜੈਂਡਰ ਵੀ ਇਸ ਅਧਿਕਾਰ ਦਾ ਹੱਕਦਾਰ ਹੈ। ਜਿਸ ਦੇ ਅੰਦਰ ਆਪਣੇ ਗੁਰੂ ਲਈ ਸ਼ਰਧਾ ਹੈ। ਹਰ ਇਕ ਨੂੰ ਬਰਾਬਰ ਦਾ ਅਧਿਕਾਰ ਹੋਣਾ ਚਾਹੀਦਾ ਹੈ। ਧਰਮ ਸਮਾਨਤਾ ਦੀ ਪਰਿਭਾਸ਼ਾ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਨਵੇਂ ਵਿਚਾਰ ਹਮੇਸ਼ਾ ਯੂਨੀਵਰਸਿਟੀਆਂ ਦੇ ਅੰਦਰੋਂ ਹੀ ਨਿਕਲਦੇ ਹਨ ਅਤੇ ਬਾਅਦ ਵਿਚ ਲੋਕ ਅਜਿਹੇ ਵਿਚਾਰਾਂ ਨੂੰ ਅਪਣਾਉਂਦੇ ਹਨ।'ਧਰਮ, ਕੀਰਤਨ, ਗੁਰਬਾਣੀ ਸਾਰਿਆਂ ਲਈ ਬਰਾਬਰ ਹਨ। ਇੱਥੋਂ ਤੱਕ ਕਿ ਥਰਡ-ਜੈਂਡਰ ਨੂੰ ਵੀ ਇਹ ਅਧਿਕਾਰ ਹੋਣਾ ਚਾਹੀਦਾ ਹੈ। ਧਰਮ ਬਰਾਬਰਤਾ ਦਾ ਸੰਦੇਸ਼ ਦਿੰਦਾ ਹੈ। ਇਸ ਵਿਚ ਕੋਈ ਅਮੀਰ-ਗ਼ਰੀਬ, ਉੱਚ-ਨੀਚ ਅਤੇ ਲਿੰਗ-ਪੁਲਿੰਗ ਨਹੀ ਸਾਰੇ ਜੈਂਡਰ ਬਰਾਬਰ ਹਨ। ਧਰਮ ਜੋ ਸਾਨੂੰ ਸਿਖਾਉਂਦਾ ਹੈ, ਅਸੀਂ ਉਸ ਨੂੰ ਲਾਗੂ ਕਰਨ ਬਾਰੇ ਕਹਿ ਰਹੇ ਹਾਂ। ਧਰਮ ਤੋਂ ਸੇਧ ਲੈ ਕੇ ਹੀ ਅਸੀਂ ਇਹ ਪ੍ਰਥਾ ਸ਼ੁਰੂ ਕੀਤੀ ਹੈ। ਯੂਨੀਵਰਸਿਟੀਆਂ ਦਾ ਫ਼ਰਜ਼ ਹੈ, ਨਵੇਂ ਵਿਚਾਰਾਂ ਨੂੰ ਪੈਦਾ ਕਰਨਾ। ਸਮਾਜ ਵਿਚ ਜਦੋਂ  ਵੀ ਕੋਈ ਬਦਲਾਅ ਆਉਂਦਾ ਹੈ ਤਾਂ ਉਹ ਯੂਨੀਵਰਸਿਟੀ ਦੇ ਅਦਾਰਿਆਂ ਰਾਹੀਂ ਹੀ ਬਾਹਰ ਆਉਂਦੇ ਹਨ। ਸ਼ੁਰੂ ਵਿਚ ਬੇਸ਼ੱਕ ਅਜਿਹੇ ਵਿਚਾਰਾਂ ਨੂੰ ਬਹੁਤੀ ਮਾਨਤਾ ਨਹੀਂ ਮਿਲਦੀ ਪਰ ਹੌਲੀ-ਹੌਲੀ ਇਹ ਬਦਲਾਅ ਆਪਣੇ-ਆਪ ਵਿਚ ਇਕ ਲਹਿਰ ਬਣ ਜਾਂਦੀ ਹੈ।

ਸਮਾਜ ਨੂੰ ਉਸਾਰਨ ਵਿਚ ਅਜਿਹੇ ਨਵੇਂ ਵਿਚਾਰ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ੇ ਪਹਿਲਾ ਹੀ ਬਰਾਬਰੀ ਦਾ ਸੁਨੇਹਾ ਦੇ ਰਹੇ ਹਨ। ਬੁੱਧੀਜੀਵਾ ਦੁਆਰਾ ਅਜਿਹੇ ਵਿਚਾਰਾਂ ਤੇ ਚਿੰਤਨ ਕਰਨਾ ਕਿੰਨਰ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਮਾਨਤਾ ਦੇਣਾ ਹੈ। ਹਰ ਵਰਗ ਆਪਣੇ ਧਾਰਮਿਕ ਨੇਮਾਂ ਅਨੁਸਾਰ ਆਪਣਾ ਜੀਵਨ ਵਾਸ ਕਰਦਾ ਹੈ। ਇਸ ਲਈ ਕਿੰਨਰ ਵਰਗ ਵੀ ਆਪਣੇ ਧਰਮ ਤੋਂ ਸੇਧ ਲੈ ਕੇ ਆਪਣਾ ਜੀਵਨ ਵਾਸ ਕਰ ਰਿਹਾ ਹੈ।

# ਨਿਸ਼ਕਰਸ਼

ਹਥਲੇ ਸ਼ੋਧ-ਪ੍ਰਬੰਧ ਦਾ ਮੁੱਖ ਉਦੇਸ਼ ਪੰਜਾਬੀ ਸਾਹਿਤ ਦੀ ਗਲਪ ਵਿਧਾ ਵਿਚ ' ਪੰਜਾਬੀ ਕਿੰਨਰ ਸਮਾਜ ਦੇ ਸਾਹਿਤਕ ਅਤੇ ਵਿਵਹਾਰਕ ਜੀਵਨ ਦਾ ਅਧਿਐਨ' ਪੇਸ਼ ਕਰਨਾ ਹੈ। ਪੰਜਾਬੀ ਗਲਪ ਵਿਚ ਕਿੰਨਰ ਸਮਾਜ ਦੀ ਵੇਦਨਾ ਤੇ ਸੰਵੇਦਨਾ ਨੂੰ ਜ਼ਾਹਿਰ ਕਰਨ ਲਈ ਯਥਾਰਥਕ ਤੇ ਗੁਣਾਤਮਿਕ ਕਾਰਜ ਹੋ ਰਿਹਾ ਹੈ। ਜਿੱਥੇ ਪੰਜਾਬੀ ਸਾਹਿਤ ਵਿਚ ਇਸ ਵਰਗ ਦੀਆਂ ਅੰਦਰੂਨੀ ਤੇ ਬਾਹਰੀ ਪ੍ਰਸਥਿਤੀਆਂ ਨੂੰ ਉਭਾਰਿਆ ਗਿਆ ਹੈ, ਉਥੇ ਪੰਜਾਬੀ ਸਾਹਿਤ ਦੀ ਨਿਵੇਕਲੀ ਵਿਧਾ ਪੰਜਾਬੀ ਗਲਪ ਵਿਚ ਇਸ ਵਰਗ ਦੀਆਂ ਦੁੱਖ-ਤਕਲੀਫ਼ਾਂ ਦੀ ਪੇਸ਼ਕਾਰੀ ਲਈ ਬਣਦੀ ਭੂਮਿਕਾ ਨਿਭਾਈ ਜਾ ਰਹੀ ਹੈ। ਗਲਪਕਾਰਾਂ ਵੱਲੋਂ ਸਾਬਤ ਕਦਮੀ ਅਸਾਵੀਂ ਬਣਤਰ 'ਤੇ ਬੈਠੇ ਲੋਕਾਂ ਨੂੰ ਕੇਂਦਰ ਵਿਚ ਲਿਆਉਣ ਲਈ ਅਜਿਹੇ ਯਤਨ ਕਰਨੇ ਅਜੋਕੇ ਸਮੇਂ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਸਾਹਿਤ ਦੇ ਬਾਕੀ ਰੂਪਾਂ ਵਿਚ ਵੀ ਕਿੰਨਰ ਵਰਗ ਦੀ ਜੀਵਨ ਤ੍ਰਾਸਦੀ ਨੂੰ ਪੇਸ਼ ਕੀਤਾ ਜਾਵੇਗਾ। ਸਮਾਜਿਕ ਪ੍ਰਬੰਧ ਵਿਚ ਕੁਝ ਵਰਗ ਹਾਸ਼ੀਏ ਉੱਤੇ ਧੱਕ ਦਿੱਤੇ ਜਾਂਦੇ ਹਨ। ਇਨ੍ਹਾਂ ਵਰਗਾਂ ਵਿਚੋਂ ਕਿੰਨਰ ਵਰਗ ਸਭ ਤੋਂ ਹੇਠਲੇ ਪੱਧਰ 'ਤੇ ਜੀਵਨ ਵਸਰ ਕਰਨ ਲਈ ਮਜਬੂਰ ਹੈ। ਖੋਜ ਦਾ ਕੇਂਦਰ ਬਿੰਦੂ ਕਿੰਨਰ ਵਰਗ ਦੀ ਸਾਹਿਤਕ ਤੇ ਵਿਵਹਾਰਕ ਜੀਵਨ ਤ੍ਰਾਸਦੀ ਨੂੰ ਪੇਸ਼ ਕਰਨਾ ਹੈ। ਕਿੰਨਰ ਵਰਗ ਕੁਦਰਤ ਦੁਆਰਾ ਦਿੱਤੀ ਸਜ਼ਾ ਅਨੁਸਾਰ ਤਾਂ ਜ਼ਿੰਦਗੀ ਬਿਤਾਉਣ ਤੇ ਜਿਊਣ ਲਈ ਮਜ਼ਬੂਰ ਹੈ ਅਤੇ ਦੂਸਰੇ ਪਾਸੇ ਸਮਾਜਿਕ ਤੇ ਆਰਥਿਕ ਪੱਖ ਤੋਂ ਵੀ ਦੂਜੇ ਵਰਗਾਂ ਨਾਲੋਂ ਪਛੜ ਜਾਂਦਾ ਹੈ। ਇਸ ਦੇ ਪਛੜੇਪਣ ਦਾ ਕਾਰਨ ਜਿੱਥੇ ਸਮਾਜਿਕ ਤੇ ਆਰਥਿਕ ਹੈ, ਉਥੇ ਇਸ ਵਰਗ ਦਾ ਅਲਪ ਗਿਣਤੀ ਵਿਚ ਹੋਣਾ ਵੀ ਹੈ। ਇਹ ਵਰਗ ਮੁੱਖਧਾਰਾ ਦੇ ਸਮਾਜ ਨਾਲ ਰਚਦਾ ਮਿਲਦਾ ਨਹੀਂ ਹੈ ਅਤੇ ਪਦਾਰਥਕ ਪੱਖ ਤੋਂ ਇਨ੍ਹਾਂ ਦੀ ਜੀਵਨ-ਜਾਂਚ ਨੀਵੇਂ ਪੱਧਰ ਦੀ ਹੈ। ਇਸ ਵਰਗ ਨੂੰ ਪਛੜੇ ਹੋਏ ਲੋਕਾਂ ਵਜੋਂ ਕਬੂਲ ਕਰਦੇ ਹਾਂ। ਇਸ ਲਈ ਇਹ ਵਰਗ ਹਾਸ਼ੀਆ ਗਤ ਸ਼੍ਰੇਣੀਆਂ ਵਿਚ ਸ਼ਾਮਲ ਹੋ ਜਾਂਦਾ ਹੈ। ਸੰਸਾਰ ਦੀਆਂ ਸਾਰੀਆਂ ਸਭਿਅਤਾ ਵਿਚ ਇਸ ਵਰਗ ਦੀ ਜੀਵਨ ਸ਼ੈਲੀ ਦੇ ਵਿਭਿੰਨ ਰੂਪ ਵੇਖਣ ਨੂੰ ਮਿਲਦੇ ਹਨ। ਇਹ ਵਰਗ ਦੁਨੀਆ ਦੇ ਹਰ ਖੇਤਰ ਵਿਚ ਵੱਸਦਾ ਹੈ। ਭਾਰਤੀ ਕਿੰਨਰ ਸਮਾਜ ਅਤੇ ਪੰਜਾਬੀ ਕਿੰਨਰ ਸਮਾਜ ਦੀ ਜੀਵਨ ਧਾਰਾ ਵਿਚ ਕਾਫ਼ੀ ਅੰਤਰ ਹੈ। ਇਸ ਸ਼ੋਧ-ਪ੍ਰਬੰਧ ਦਾ ਖੇਤਰ ਪੰਜਾਬੀ ਸਾਹਿਤ ਵਿਚ ਸ਼ੁਮਾਰ ਕਿੰਨਰ ਸਮਾਜ ਦੀ ਜੀਵਨ ਰਹਿਤਲ ਤੇ ਵਿਵਹਾਰਕ ਜੀਵਨ ਨੂੰ ਵੇਖਣ ਤੱਕ ਸੀਮਤ ਹੈ। ਵਿਵਹਾਰਕ ਅਧਿਐਨ ਲਈ ਪੰਜਾਬ ਦੇ ਪੰਜ ਜਿਲ੍ਹਿਆਂ ਲੁਧਿਆਣਾ, ਬਰਨਾਲਾ, ਮਾਨਸਾ, ਬਠਿੰਡਾ ਅਤੇ ਸੰਗਰੂਰ ਦੇ 80 ਕਿੰਨਰਾਂ ਨੂੰ ਮਿਲਕੇ ਹੱਥਗਤ

ਵੇਰਵੇ ਇਕੱਤਰ ਕਰਕੇ ਇਨ੍ਹਾਂ ਦੇ ਜੀਵਨ ਦਾ ਅੰਦਰੂਨੀ ਤੇ ਬਾਹਰੀ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਖੋਜ-ਕਾਰਜ ਰਾਹੀਂ ਇਸ ਵਰਗ ਦੇ ਜਨ-ਸਮੂਹ ਦੇ ਸਮੁੱਚੇ ਜੀਵਨ-ਵਿਹਾਰ ਨਾਲ ਸੰਬੰਧਿਤ ਤੱਥਾਂ ਨੂੰ ਇਕੱਤਰ ਕਰਕੇ ਸਥਾਪਿਤ ਹੋਏ ਸਿੱਟੇ ਇਸ ਪ੍ਰਕਾਰ ਹਨ।

ਕਿੰਨਰ ਵਰਗ ਸੰਬੰਧੀ ਖੋਜ-ਕਾਰਜ ਦਾ ਮੁਲੰਕਣ ਕਰਨ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਕਿੰਨਰ ਵਰਗ ਨੂੰ ਇਤਿਹਾਸਕ ਤੇ ਮਿਥਿਹਾਸਕ ਮਾਨਤਾ ਪ੍ਰਾਪਤ ਹੈ। ਇਸ ਦੇ ਪਿਛੋਕੜ ਨੂੰ ਜਾਣਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਹੋਂਦ ਸਮੇਂ ਤੋਂ ਹੀ ਇਸ ਵਰਗ ਦੀ ਮਾਨਤਾ ਹੈ। ਮਿਥਿਹਾਸ ਵਿਚ ਮਿਲਦੇ ਵੇਰਵੇ ਇਨ੍ਹਾਂ ਦੀ ਹੋਂਦ ਨੂੰ ਦਰਸਾਉਂਦੇ ਹਨ। ਮੁਗ਼ਲਾਂ ਦੇ ਸਮੇਂ ਇਸ ਵਰਗ ਨੂੰ ਵਿਸ਼ੇਸ਼ ਮਾਨਤਾ ਮਿਲੀ। ਕਿੰਨਰਾਂ ਨੂੰ ਰਾਜਨੀਤੀ ਵਿਚ ਨਿਰਦੇਸ਼ਕ, ਸ਼ਾਸਨ ਕਰਤਾ ਅਤੇ ਸੁਰੱਖਿਅਤ ਦੇ ਰੂਪ ਵਿਚ ਰੱਖਿਆ ਜਾਂਦਾ ਸੀ। ਮੁਗ਼ਲ ਬਾਦਸ਼ਾਹਾਂ ਨੂੰ ਕਿੰਨਰਾਂ ਉੱਪਰ ਕਾਫ਼ੀ ਵਿਸ਼ਵਾਸ ਸੀ ਤਾਂ ਇਨ੍ਹਾਂ ਨੂੰ ਇਮਾਨਦਾਰ, ਵਫ਼ਾਦਾਰ ਅਤੇ ਸਮਝਦਾਰ ਦੇ ਰੂਪ ਵਿਚ ਦੇਖਿਆ ਜਾਂਦਾ ਸੀ। ਮੁਗ਼ਲ ਸ਼ਾਸਨ ਕਾਲ ਵਿਚ ਕਿੰਨਰ 'ਹਰਮ' ਦੀਆਂ ਗਤੀਵਿਧੀਆਂ ਉੱਤੇ ਨਿਗਾਹ ਰੱਖਦੇ ਸਨ। ਇਸ ਕਾਲ ਵਿਚ ਮਲਿਕ ਕਫ਼ੂਰ ਦਾ ਜ਼ਿਕਰ ਮਿਲਦਾ ਹੈ। ਗਾਉਣ ਕਲਾ ਅਤੇ ਨ੍ਰਿਤ ਕਲਾਵਾਂ ਵਿਚ ਇਹ ਲੋਕ ਮਾਹਿਰ ਹੁੰਦੇ ਸਨ। ਇਸ ਕਾਲ ਵਿਚ ਬਣੀਆਂ ਪਰੰਪਰਾਵਾਂ ਦਾ ਅੱਜ ਵੀ ਡੇਰਿਆਂ( ਕਿੰਨਰਾਂ ਦੇ ਆਸ਼ਰਮ) ਵਿਚ ਪਾਲਣ ਹੁੰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਸ ਵਰਗ ਨੂੰ ਅੱਜ ਦੇ ਮੁਕਾਬਲੇ ਉਸ ਸਮੇਂ ਦੇ ਸਮਾਜ ਵਿਚ ਵੱਧ ਸਤਿਕਾਰ ਪ੍ਰਾਪਤ ਸੀ। ਬੇਸ਼ੱਕ ਉਸ ਸਮੇਂ ਵੀ ਹਰਮ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਕਰਨ ਲਈ ਸਮਾਜ ਦਾ ਆਪਣਾ ਇਕ ਲਾਲਚ ਛੁਪਿਆ ਹੋਇਆ ਸੀ। ਅਜੋਕੇ ਸਮੇਂ ਨਾਲੋਂ ਇਹ ਵਰਗ ਪੁਰਾਤਨ ਸਮੇਂ ਵਿਚ ਚੰਗਾ ਜੀਵਨ ਬਤੀਤ ਕਰਦਾ ਸੀ। ਇਸ ਤਰ੍ਹਾਂ ਇਸ ਵਰਗ ਦੇ ਲੋਕ ਇਤਿਹਾਸਕ ਤੋਰ ਤੋਂ ਪਛੜੇ ਹੋਏ, ਉਹ ਲੋਕ ਹਨ, ਜੋ ਮਨੁੱਖਤਾ ਦੇ ਇਤਿਹਾਸ ਦੀ ਉੱਨਤੀ ਇਨ੍ਹਾਂ ਦੇ ਜੀਵਨ ਦਾ ਹਿੱਸਾ ਨਹੀਂ ਬਣਦੀ। ਸਮਾਜਿਕ ਤਬਦੀਲੀਆਂ ਦੇ ਸਦਕਾ ਹਰ ਵਰਗ ਵਿਚ ਪਰਿਵਰਤਨ ਦੇਖੇ ਜਾ ਸਕਦੇ ਹਨ ,ਜਿਵੇਂ ਦਲਿਤ ਸਾਹਿਤ ਜਾਂ ਲਿੰਗ ਵਿਤਕਰੇ ਦੇ ਪੱਖ ਤੋਂ ਨਾਰੀ ਸਾਹਿਤ ਵੀ ਹੋਂਦ ਵਿਚ ਆਇਆ। ਅਜੋਕੇ ਦੌਰ ਅੰਦਰ ਉੱਤਰ-ਆਧੁਨਿਕਤਾ ਦੇ ਪਰਿਪੇਖ ਵਿਚ ਵੀ ਇਸ ਵਰਗ ਦੀ ਕੋਈ ਆਵਾਜ਼ ਨਾ ਬਣ ਸਕੀ। ਅਕਾਦਿਮਕ ਖੇਤਰ

ਵਿਚ ਇਸ ਵਰਗ ਦੀ ਸੰਵੇਦਨਾ ਨੂੰ ਸਮਝਣ ਦੇ ਲਈ ਖੋਜ ਕਾਰਜ ਆਰੰਭ ਹੋ ਚੁੱਕੇ ਹਨ, ਤਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਵਰਗ ਵੀ ਸਾਹਿਤ ਤੇ ਸਮਾਜ ਵਿਚ ਆਪਣੀ ਪਹਿਚਾਣ ਕਾਇਮ ਕਰੇਗਾ।

ਪੰਜਾਬੀ ਸਮਾਜ ਸਭਿਆਚਾਰਕ ਜੀਵਨ ਵਿਚ ਇਸ ਵਰਗ ਨੂੰ ਸੰਬੋਧਨ ਕਰਨ ਲਈ ਪੰਜਾਬੀ ਬੋਲੀ/ਭਾਸ਼ਾ ਵਿਚ ਕੋਈ ਸਤਿਕਾਰਤ ਸ਼ਬਦ ਮੌਜੂਦ ਨਹੀਂ ਹੈ। ਸਮਾਜ ਵਿਚ ਜਿਸ ਤਰ੍ਹਾਂ ਦਲਿਤ ਲਈ ਹਰੀਜਨ ਸ਼ਬਦ ਦੀ ਵਰਤੋਂ ਸ਼ੁਰੂ ਹੋਈ, ਇਸੇ ਤਰ੍ਹਾਂ ਇਸ ਵਰਗ ਲਈ ਵੀ ਕੋਈ ਸੰਬੋਧਨੀ ਸ਼ਬਦ ਪੰਜਾਬੀ ਵਿਚ ਹੋਣਾ ਚਾਹੀਦਾ ਹੈ। ਇਸ ਵਰਗ ਦੇ ਜਨਮ ਨਾਲ ਹੀ ਵਿਤਕਰਾ ਸ਼ੁਰੂ ਹੋ ਜਾਂਦਾ ਹੈ। ਸਮਾਜਿਕ ਸਥਿਤੀ ਵਿਚ ਦੇਖਦੇ ਹਾਂ ਕਿ ਕਿੰਨਰ ਦੇ ਪੈਦਾ ਹੋਣ ਨੂੰ ਹੀ ਸਰਾਪ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸਮਾਜ ਵਿਚ ਜਿੱਥੇ ਕਿੰਨਰ ਬੱਚਾ ਇਹ ਸਜ਼ਾ ਭੁਗਤਦਾ ਹੈ, ਉਥੇ ਪਰਿਵਾਰ ਲਈ ਵੀ ਬਦਨਾਮੀ ਵਾਲੀ ਗੱਲ ਮੰਨੀ ਜਾਂਦੀ ਹੈ। ਪਰਿਵਾਰ ਇਸ ਬਦਨਾਮੀ ਦੇ ਡਰ ਤੋਂ ਕਿੰਨਰ ਬੱਚੇ ਨੂੰ ਕਿਸੇ ਵੀ ਡੇਰੇ ਦੇ ਹਵਾਲੇ ਕਰ ਦਿੰਦਾ ਹੈ। ਜਿੱਥੇ ਇਸ ਬੱਚੇ ਲਈ ਤ੍ਰਾਸਦੀ ਵਾਲਾ ਜੀਵਨ ਸ਼ੁਰੂ ਹੋ ਜਾਂਦਾ ਹੈ, ਉੱਥੇ ਸਮਾਜ ਵਿਚ ਆਮ ਤੌਰ 'ਤੇ ਇਨ੍ਹਾਂ ਦੇ ਜਨਮ ਨੂੰ ਗੁਪਤ ਰੱਖਿਆ ਜਾਂਦਾ ਹੈ। ਗੁਪਤ ਰੱਖਣ ਵਿਚ ਦਾਈਆਂ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਜਵਾਨ ਹੋਣ 'ਤੇ ਸਰੀਰਕ ਪਰਿਵਰਤਨ ਸਦਕਾ ਕਿੰਨਰ ਸਮਾਜ ਦੇ ਆਗੂ ਆਪਣੀ ਬਰਾਦਰੀ ਵਿਚ ਇਸ ਵਰਗ ਦੇ ਬੱਚੇ ਨੂੰ ਪ੍ਰਾਪਤ ਕਰਨ ਲਈ ਜ਼ਬਰਦਸਤੀ ਵੀ ਕਰਦੇ ਹਨ। 2014 ਤੋਂ ਪਹਿਲਾ ਕੋਈ ਵੀ ਕਾਨੂੰਨ ਇਨ੍ਹਾਂ ਦੇ ਹੱਕ ਵਿਚ ਨਹੀਂ ਖੜਦਾ ਸੀ। ਸਮਾਜ ਤੋਂ ਡਰਦੇ ਹੋਏ ਮਾਪੇ ਮਜਬੂਰੀ ਬੱਸ ਅਜਿਹੀ ਔਲਾਦ ਨੂੰ ਕਿੰਨਰਾਂ ਦੇ ਹਵਾਲੇ ਕਰ ਦਿੰਦੇ ਸਨ। ਮਾਪਿਆਂ ਤੋਂ ਵੱਖ ਹੋ ਕੇ ਡੇਰੇ ਵਿਚ ਆਉਣ ਤੇ ਇਕ ਵੱਖਰਾ ਸਮਾਜਿਕ ਪ੍ਰਬੰਧ ਮਿਲਦਾ ਹੈ। ਡੇਰੇ ਦੇ ਆਪਣੇ ਨਿਯਮ ਹੁੰਦੇ ਹਨ। ਇਨ੍ਹਾਂ ਨਿਯਮਾਂ ਦੀ ਪਾਲਣਾ ਹਰ ਡੇਰੇਦਾਰ ਕਿੰਨਰ ਨੂੰ ਕਰਨੀ ਪੈਂਦੀ ਹੈ। ਡੇਰੇ ਦੇ ਨਿਯਮਾਂ ਦੀ ਉਲੰਘਣਾ ਕਰਨ ਉਪਰੰਤ ਦੰਡ ਲਗਾਇਆ ਜਾਂਦਾ ਹੈ। ਡੇਰੇ ਵਿਚ ਗੁਰੂ ਤੇ ਚੇਲੇ ਦਾ ਰਿਸ਼ਤਾ ਅਹਿਮ ਮੰਨਿਆ ਜਾਂਦਾ ਹੈ। ਗੁਰੂ ਲਈ ਆਪਣਾ ਚੇਲਾ ਪੁੱਤਰ ਤੇ ਧੀ ਦੇ ਰਿਸ਼ਤੇ ਦੇ ਬਰਾਬਰ ਹੁੰਦਾ ਹੈ। ਗੁਰੂ ਤੋਂ ਬਾਅਦ ਸਾਰੀ ਜਾਇਦਾਦ ਚੇਲੇ ਦੀ ਬਣ ਜਾਂਦੀ ਹੈ। ਆਪਣੇ ਖ਼ੂਨ ਦੇ ਰਿਸ਼ਤਿਆਂ ਨੂੰ ਛੱਡ ਕੇ ਡੇਰੇ ਵਿਚ ਨਵੇਂ ਰਿਸ਼ਤੇ ਹੋਂਦ ਵਿਚ ਆਉਂਦੇ ਹਨ। ਖ਼ੂਨ ਦੇ ਰਿਸ਼ਤਿਆਂ ਵਿਚੋਂ ਮਾਂ ਦਾ ਰਿਸ਼ਤਾ ਸਭ ਤੋਂ ਅਹਿਮ ਮੰਨਿਆ ਜਾਂਦਾ ਹੈ। ਪਰਿਵਾਰ ਛੱਡਣ ਤੋਂ ਬਾਅਦ ਕਿੰਨਰ ਬੱਚਾ ਅਤੇ ਉਸ ਦੀ ਮਾਂ ਬਹੁਤ

ਤਕਲੀਫ ਆਪਣੀ ਜੀਵਨ ਧਾਰਾ ਹੰਢਾਉਣ ਦਰਮਿਆਨ ਸਹਿੰਦੇ ਹਨ। ਪਰਿਵਾਰ ਨਾਲ ਜੇਕਰ ਕੋਈ ਸਾਂਝ ਜੁੜਦੀ ਹੈ ਤਾਂ ਸਿਰਫ਼ ਮਾਂ ਕਰਕੇ ਹੀ ਹੈ। ਪਰਿਵਾਰ ਦੇ ਬਾਕੀ ਮੈਂਬਰ ਅਤੇ ਰਿਸ਼ਤੇਦਾਰ ਕਿੰਨਰ ਬੱਚੇ ਨੂੰ ਬਹੁਤਾ ਚੰਗਾ ਨਹੀਂ ਸਮਝਦੇ। ਮਰਨ ਸਮੇਂ ਵੀ ਇਸ ਵਰਗ ਬਾਰੇ ਅਲੱਗ-ਅਲੱਗ ਤਰ੍ਹਾਂ ਦੀਆਂ ਅਫ਼ਵਾਹਾਂ ਸਮਾਜ ਵਿਚ ਫੈਲੀਆਂ ਹੋਈਆ ਹਨ। ਅਜਿਹੀਆਂ ਅਫ਼ਵਾਹਾਂ ਦਾ ਕਾਰਨ ਕਿੰਨਰ ਸਮਾਜ ਬਾਰੇ ਮਿਲਦੀ ਅਲਪ ਜਾਣਕਾਰੀ ਕਿਹਾ ਜਾ ਸਕਦਾ ਹੈ। ਜਿਉਂਦੇ ਜੀਆਂ ਤਾਂ ਇਹ ਵਰਗ ਤਰਸਪੂਰਨ ਜ਼ਿੰਦਗੀ ਗੁਜ਼ਾਰਦਾ ਹੀ ਹੈ, ਪਰ ਮਰਨ ਤੋਂ ਬਾਅਦ ਵੀ ਸਮਾਜ ਇਨ੍ਹਾਂ ਨੂੰ ਛੇ ਫੁੱਟ ਥਾਂ ਨਹੀਂ ਦਿੰਦਾ। ਇਸ ਵਰਗ ਦਾ ਸੰਘਰਸ਼ ਬਹੁਤੀ ਤਾਕਤ ਨਹੀਂ ਰੱਖਦਾ ਹੈ ਕਿ ਉਹ ਇਕ ਵੱਡੀ ਲਹਿਰ ਦਾ ਰੂਪ ਧਾਰਨ ਕਰ ਲਵੇ। ਲਿੰਗਕ ਅਪਾਹਜਤਾ ਕਰਕੇ ਇਨ੍ਹਾਂ ਨਾਲ ਹੁੰਦਾ ਭੇਦ-ਭਾਵ ਇਨ੍ਹਾਂ ਦੇ ਜੀਵਨ ਨੂੰ ਨਰਕ ਬਣਾ ਦਿੰਦਾ ਹੈ। ਸਰੀਰਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਕਮੀ ਨਹੀਂ ਹੁੰਦੀ। ਇਹ ਵੀ ਦੂਸਰੇ ਮਨੁੱਖਾਂ ਵਾਂਗ ਪੜ੍ਹ-ਲਿਖ ਕੇ ਨੌਕਰੀਆਂ ਮੰਗਣ ਦੇ ਹੱਕਦਾਰ ਹਨ। ਅਜੋਕੇ ਸਮੇਂ ਹਰ ਵਰਗ ਆਪਣੇ ਜੱਦੀ ਕਿੱਤੇ ਨੂੰ ਤਿਲਾਂਜਲੀ ਦੇ ਕੇ ਹੋਰ ਕਾਰਜਾਂ ਵੱਲ ਰੁਚਿਤ ਹੋ ਰਿਹਾ ਹੈ।

ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਵੀਂ ਤਕਨੋਲੋਜੀ ਕਾਰਨ ਇਸ ਸਮਾਜ ਵਿਚ ਵੀ ਤਬਦੀਲੀ ਵੇਖੀ ਜਾ ਸਕਦੀ ਹੈ। ਮੈਂ ਖੋਜ ਦੌਰਾਨ ਇਹ ਸਿੱਟਾ ਕੱਢਿਆ ਹੈ ਕਿ ਇਸ ਸਮਾਜ ਦੇ ਲੋਕ ਵੀ ਪੜ੍ਹ-ਲਿਖ ਕੇ ਨੌਕਰੀਆਂ ਕਰ ਰਹੇ ਹਨ। ਸਦੀਆਂ ਤੋਂ ਸ਼ੋਸ਼ਣ ਭੋਗਦੇ ਇਸ ਵਰਗ ਵਿਚ ਹੁਣ ਜਾਗਰੂਕਤਾ ਆ ਚੁੱਕੀ ਹੈ। ਇਹ ਵਰਗ ਵੀ ਆਪਣਾ ਜੱਦੀ ਕਿੱਤਾ ਛੱਡ ਕੇ ਹੋਰ ਕੰਮ-ਧੰਦਿਆਂ ਵੱਲ ਰੁਚਿਤ ਹੋ ਰਿਹਾ ਹੈ। ਸਮਾਜ ਵਿਚ ਆਪਣੀ ਚੇਤਨਾ ਦੇ ਸਦਕਾ ਬਹੁਤ ਸਾਰੇ ਕਿੰਨਰ ਨੌਕਰੀਆਂ ਉੱਤੇ ਸੇਵਾਵਾਂ ਨਿਭਾ ਰਹੇ ਹਨ। ਬੇਸ਼ੱਕ ਅਜਿਹੇ ਕਿੰਨਰਾਂ ਦੀ ਗਿਣਤੀ ਸਿਰਫ਼ ਉਂਗਲਾਂ 'ਤੇ ਹੀ ਕੀਤੀ ਜਾ ਸਕਦੀ ਹੈ ਪਰੰਤੂ ਬਾਕੀ ਭਾਈਚਾਰਾ ਹੁਣ ਵੀ ਉਸੇ ਤਰ੍ਹਾਂ ਦੀ ਤਰਸਪੂਰਨ ਜ਼ਿੰਦਗੀ ਜਿਊਣ ਲਈ ਮਜਬੂਰ ਹੈ।

ਕਿੰਨਰਾਂ ਬਾਰੇ ਮਿਲਦੇ ਪੰਜਾਬੀ ਗਲਪ ਸਾਹਿਤ ਵਿਚੋਂ ਵਿਸ਼ਲੇਸ਼ਣ ਕਰਨ ਉਪਰੰਤ ਇਹ ਧਾਰਨਾ ਸਪੱਸ਼ਟ ਹੋਈ ਹੈ ਕਿ ਇਸ ਸਮਾਜ ਦੇ ਵੱਖਰੇ ਸਭਿਆਚਾਰ ਤੇ ਰਹੁ-ਰੀਤਾਂ ਬਾਰੇ ਅਲਪ ਜਾਣਕਾਰੀ ਪੰਜਾਬੀ ਗਲਪ ਦਾ ਹਿੱਸਾ ਬਣੀ ਹੈ। ਇਨ੍ਹਾਂ ਦੀ ਜੀਵਨ-ਸ਼ੈਲੀ ਦੇ ਵਿਭਿੰਨ ਰੂਪਾਂ ਦੀ ਜਾਣਕਾਰੀ ਬਾਰੇ ਸੁਣੀਆਂ

ਸੁਣਾਈਆਂ ਧਾਰਨਾਵਾਂ ਹੋਣ ਕਰਕੇ ਲੇਖਕਾਂ ਵੱਲੋਂ ਦਿੱਤੇ ਤੱਥਾਂ ਵਿਚ ਬਹੁਤ ਸੀਮਤ ਜਾਣਕਾਰੀ ਵਿਖਾਈ ਦਿੰਦੀ ਹੈ। ਉਮੀਦ ਕੀਤੀ ਜਾਂਦੀ ਹੈ ਕਿ ਇਸ ਵਰਗ ਵਿਚੋਂ ਹੀ ਕੋਈ ਲੇਖਕ ਪੈਦਾ ਹੋ ਕੇ ਆਪਣੇ ਵਰਗ ਦੇ ਮਨ ਦੀਆਂ ਭਾਵਨਾਵਾਂ ਨੂੰ ਸ਼ੁੱਧ ਰੂਪ ਵਿਚ ਪੇਸ਼ ਕਰਕੇ ਪੰਜਾਬੀ ਸਾਹਿਤ ਦੀ ਅਮੀਰੀ ਵਿਚ ਵਾਧਾ ਕਰ ਸਕੇ। ਬੇਸ਼ੱਕ ਬਹੁਤ ਸਾਰੇ ਕਿੰਨਰ ਆਪਣੀ ਇੰਟਰਵਿਊ ਦੌਰਾਨ ਆਪਣੇ ਜੀਵਨ ਦੇ ਦੁੱਖਾਂ-ਸੁੱਖਾਂ ਨੂੰ ਸਮਾਜ ਨਾਲ ਸਾਂਝੇ ਕਰ ਰਹੇ ਹਨ ਪਰ ਇਸਦੇ ਨਾਲ-ਨਾਲ ਕੁਝ ਲੇਖਕ ਵੀ ਇਸ ਵਰਗ ਦੀ ਜੀਵਨ ਸ਼ੈਲੀ ਨੂੰ ਸਮਝਣ ਲਈ ਇਸ ਨਾਲ ਸੰਵਾਦ ਰਚਾ ਰਹੇ ਹਨ। ਕਿੰਨਰ ਸਮਾਜ ਦੇ ਸਭਿਆਚਾਰਕ ਅਧਿਐਨ ਦੇ ਅੰਤਰਗਤ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਇਸ ਵਰਗ ਦੀਆਂ ਵੱਖਰੀਆਂ ਰੀਤਾਂ-ਰਸਮਾਂ ਹਨ। ਨਾਵਲ 'ਮੈਂ ਸ਼ਿਖੰਡੀ ਨਹੀਂ' ਪੰਜਾਬੀ ਵਿਚ ਪਹਿਲਾ ਨਾਵਲ ਹੈ ਜੋ ਕਿੰਨਰ ਸਮਾਜ ਦੀ ਜੀਵਨ ਸ਼ੈਲੀ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਦਾ ਹੈ। ਮਨੁੱਖੀ ਸਮਾਜ ਦੇ ਇਹ ਧੀਆਂ-ਪੁੱਤਰ ਜਿਨ੍ਹਾਂ ਨੂੰ ਜਨਮ ਦੇਣ ਸਾਰ ਘਰੋਂ ਨਿਕਲਣਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਤ੍ਰਿਸਕਾਰ ਭਰਿਆ ਜੀਵਨ ਬਤੀਤ ਕਰਨਾ ਪੈਂਦਾ ਹੈ। ਨਾਵਲ ਦਾ ਪਾਤਰ ਮੱਖਣ ਜੋ ਇਕ ਕਾਬਲ ਗਾਇਕ ਕਲਾਕਾਰ ਵੀ ਹੈ ,ਜੋ ਅਜਿਹੀਆਂ ਸਥਿਤੀਆਂ ਵਿਚ ਫਸਦਾ ਹੈ ਕਿ ਉਸ ਨੂੰ ਆਪਣਾ ਲਿੰਗ ਕਟਵਾ ਕੇ ਖੁਸਰਾ ਬਣਨਾ ਪੈਂਦਾ ਹੈ। ਸ਼ਿਖੰਡੀ ਮਹਾਂਭਾਰਤ ਦਾ ਖੁਸਰਾ ਪਾਤਰ ਹੈ ਜੋ ਭੀਸ਼ਮ ਪਿਤਾਮਾ ਦਾ 'ਵੱਧ' ਕਰਦਾ ਹੈ। ਇਸ ਤੋਂ ਸਿੱਟਾ ਨਿਕਲਦਾ ਹੈ ਕਿ ਜੇਕਰ ਮਹਾਂਭਾਰਤ ਵਿਚ ਖੁਸਰੇ ਸੈਨਾਪਤੀ ਹੋ ਸਕਦੇ ਹਨ ਤਾਂ ਅੱਜ ਕਿਉਂ ਨਹੀਂ? ਪਰ ਸੱਚ ਇਹ ਹੈ ਕਿ ਸਮੂਹਿਕ ਅਵਚੇਤਨ ਵਿਚ ਬੈਠੀ ਹੀਣ ਭਾਵਨਾ ਇਨ੍ਹਾਂ ਨੂੰ ਮੁੱਖ ਧਾਰਾ ਵਿਚ ਸ਼ਾਮਲ ਨਹੀਂ ਹੋਣ ਦਿੰਦੀ। ਗਲਪ ਵਿਚ ਕਿੰਨਰਾਂ ਦੀ ਜ਼ਿੰਦਗੀ ਦੇ ਦੁਖਾਂਤ ਨੂੰ ਦੋ ਰੂਪਾਂ ਵਿਚ ਪੇਸ਼ ਕੀਤਾ ਗਿਆ। ਇਕ ਤਾਂ ਜਿਹੜੇ ਜਨਮਜਾਤ ਕਿੰਨਰ ਹੁੰਦੇ ਹਨ ਅਤੇ ਦੂਜੇ ਜਿਹੜੇ ਆਪਣੀ ਆਰਥਿਕਤਾ ਕਾਰਨ ਆਪਣਾ ਲਿੰਗ ਕਟਵਾ ਕੇ ਇਸ ਸਮਾਜ ਵਿਚ ਸ਼ਾਮਲ ਹੋ ਜਾਂਦੇ ਹਨ। ਜਨਮ ਜਾਤ ਕਿੰਨਰ, ਜਿਸ ਦੀ ਪ੍ਰਤੀਨਿਧਤਾ ਮੱਘਰ ਅਤੇ ਚੰਦਕੁਰ ਵਰਗੇ ਪਾਤਰ ਕਰਦੇ ਹਨ। ਦੂਸਰੇ ਰੂਪ ਵਿਚ ਉਹ ਪਾਤਰ ਜੋ ਆਪਣੀ ਆਰਥਿਕਤਾ ਕਾਰਨ ਜਾਂ ਧੱਕੇ ਨਾਲ ਇਸ ਸਮਾਜ ਵਿਚ ਸ਼ਾਮਲ ਹੋ ਜਾਂਦੇ ਹਨ , ਜਿਸ ਦੀ ਪ੍ਰਤੀਨਿਧਤਾ ਪੁਸ਼ਪਾ, ਮੱਖਣ ਅਤੇ ਦਾਦਾ ਗੁਰੂ ਕੇਸ਼ਵ ਵਰਗੇ ਪਾਤਰ ਹਨ। ਮੱਘਰ ਕਿੰਨਰ ਕਿਤੇ-ਨ-ਕਿਤੇ ਸਮਾਜ ਦੀ ਕਾਬਜ਼ ਧਿਰ ਦੇ ਵਿਤਕਰੇ ਕਾਰਨ ਆਪਣੇ-ਆਪ ਨੂੰ ਦੋਸ਼ੀ ਮੰਨਦਾ ਹੈ। ਨਾਵਲ

ਦੇ ਅੰਤ ਵਿਚ ਕਮੇਟੀ ਦੀ ਚੋਣ ਜਿੱਤ ਕੇ, ਨਗਰ ਸੁਧਾਰ ਅਤੇ ਲੋਕ ਭਲਾਈ ਦੇ ਕੰਮ ਕਰਕੇ ਆਪਣੇ ਮਨੁੱਖ ਹੋਣ ਦਾ ਸਬੂਤ ਦਿੰਦਾ ਹੈ ।

ਕਿੰਨਰ ਸਮਾਜ ਨੂੰ ਸੱਤ ਘਰਾਣਿਆਂ ਵੰਡਿਆਂ ਜਾਂਦਾ ਹੈ । ਇਕ ਕਿੰਨਰ ਸਮਾਜ ਦੇ ਵਿਚ ਰਹਿਣ ਵਾਲੇ ਕਿੰਨਰਾਂ ਦੇ ਸੱਤ ਗੋਤ ਹੁੰਦੇ ਹਨ । ਇਸ ਨੂੰ ਘਰ ਅਤੇ ਘਰਾਣਾ ਆਦਿ ਨਾਵਾਂ ਨਾਲ ਵੀ ਸੰਬੋਧਨ ਕੀਤਾ ਜਾਂਦਾ ਹੈ । ' ਇਹ ਸੱਤ ਘਰਾਣੇ ਹਨ ਜਿਵੇਂ ਭੈਂਦੀਬਜ਼ਾਰਵਾਲਾ, ਬੁਲਕਵਾਲਾ, ਲਲਨਵਾਲਾ, ਲਖਨਊ ਵਾਲਾ, ਪੂੰਨੇ ਵਾਲਾ, ਦਿੱਲੀ ਵਾਲਾ ਤੇ ਹੈਦਰ ਇਬਰਾਹਈਮ ਵਾਲਾ ਆਦਿ । ਇਹ ਘਰਾਣੇ ਸਾਰੇ ਭਾਰਤ ਦੇ ਹਨ । ਪੰਜਾਬ ਵਿਚ ਇਨ੍ਹਾਂ ਦੇ ਆਪਣੇ ਘਰਾਣੇ ਹਨ ਪਰ ਗਿਣਤੀ ਇਨ੍ਹਾਂ ਦੀ ਵੀ ਸੱਤ ਹੀ ਹੈ ਜਿਵੇਂ ਸਾਜਨੀਏ , ਰਾਈਕੇ, ਮਤਰਾਣੇ, ਟੱਪਕਈਏ, ਮੋਨੇ, ਸਰਹੰਦੀਏ ਤੇ ਲਸ਼ਕਰੀਏ ਆਦਿ । ਜਿਸ ਤਰ੍ਹਾਂ ਪਰਿਵਾਰ ਵਿਚ ਪੀੜ੍ਹੀਆਂ ਹੁੰਦੀਆਂ ਹਨ , ਉਸੇ ਤਰ੍ਹਾਂ ਸਮੁੱਚਾ ਕਿੰਨਰ ਸਮਾਜ ਇਨ੍ਹਾਂ ਘਰਾਣਿਆਂ ਵਿਚ ਵੰਡ ਕੇ ਆਪਣਾ ਪਰਿਵਾਰ ਬਣਾ ਕੇ ਜ਼ਿੰਦਗੀ ਵਸਰ ਕਰਦਾ ਹੈ । ਸਮੁੱਚੇ ਭਾਰਤੀ ਕਿੰਨਰ ਸਮਾਜ ਵਿਚ ਰਾਜਾਂ ਅਨੁਸਾਰ ਆਪਣੇ ਰੀਤੀ-ਰਿਵਾਜ ਹਨ । ਜਿਸ ਤਰ੍ਹਾਂ ਹਰਿਆਣਾ ਵਿਚਲਾ ਕਿੰਨਰ ਸਮਾਜ ਵਧਾਈ ਮੰਗਣ ਵੇਲੇ ਹਿੰਦੀ ਵਿਚ ਆਪਣਾ ਨਾਚ ਗਾਣਾ ਪੇਸ਼ ਕਰੇਗਾ ਅਤੇ ਪੰਜਾਬ ਵਿਚਲਾ ਕਿੰਨਰ ਸਮਾਜ ਪੰਜਾਬੀ ਵਿਚ ਆਪਣਾ ਨਾਚ-ਗਾਣਾ ਪੇਸ਼ ਕਰੇਗਾ । ਕਿੰਨਰ ਸਮਾਜ ਦੇ ਵੱਖ-ਵੱਖ ਵਕਤਿਆਂ ਵੱਲੋਂ ਬੋਲੀ ਗਈ ਭਾਸ਼ਾ ਨੂੰ ਵਾਚਦੇ ਹਾਂ ਤਾਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਸ ਵਰਗ ਦੀ ਗੁਪਤ ਭਾਸ਼ਾ ਹੁੰਦੀ ਹੈ । ਇਹ ਜਨ-ਸਮੂਹ ਆਪਣੀ ਭਾਸ਼ਾ ਨੂੰ ਦੱਸਣ ਲਈ ਛੇਤੀ ਕਿਤੇ ਤਿਆਰ ਨਹੀਂ ਹੁੰਦਾ ਹੈ । ਨਾਵਲ ' ਕੀ ਜਾਣਾ ਮੈ ਕੌਣ '? ਵਿਚ ਹੀ ਇਸ ਭਾਸ਼ਾ ਦੇ ਨਮੂਨੇ ਨੂੰ ਦੇਖਿਆ ਜਾ ਸਕਦਾ ਹੈ । ਇਨ੍ਹਾਂ ਦੀ ਭਾਸ਼ਾ ਵਿਚੋਂ ਹਰ ਤਰ੍ਹਾਂ ਦੀ ਭਾਵਨਾ ਦੀ ਪੇਸ਼ਕਾਰੀ ਹੁੰਦੀ ਹੈ । ਸਮਾਜ ਵਿਚ ਆਮ ਧਾਰਨਾ ਬਣੀ ਹੋਈ ਹੈ ਕਿ ਇਹ ਵਰਗ ਵਿਅੰਗ ਭਰਪੂਰ, ਗਾਲ਼ੀ-ਗਲੋਚ, ਭੱਦੀ ਤੇ ਰੁੱਖੀ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ । ਸਮਾਜ ਵੱਲੋਂ ਬਣਾਈ ਗਈ ਧਾਰਨਾ ਨੂੰ ਜਦੋਂ ਪੰਜਾਬੀ ਗਲਪ ਵਿਚ ਇਕ ਵਕਤੇ ਦੇ ਰੂਪ ਵਿਚ ਕਿੰਨਰ ਵਰਗ ਵੱਲੋਂ ਵਰਤੀ ਗਈ ਸ਼ਬਦਾਵਲੀ ਨੂੰ ਵਾਚਦੇ ਹਾਂ ਤਾਂ ਇਹ ਧਾਰਨਾ ਟੁੱਟਦੀ ਜਾਪਦੀ ਹੈ । ਪੰਜਾਬ ਗਲਪ ਵਿਚ ਕਿੰਨਰ ਭਾਸ਼ਾ ਵਿਚ ਪਿਆਰ-ਸਤਿਕਾਰ , ਆਦਰ, ਹਮਦਰਦੀ, ਸਨੇਹ, ਖ਼ੁਸ਼ੀ-ਗਮੀ , ਉਦਾਸੀ ,ਦਲੇਰੀ ਤੇ ਸਮਾਜਿਕ ਸਮਝ ਆਦਿ ਭਾਵਾਂ ਦੀ

ਪੇਸ਼ਕਾਰੀ ਹੁੰਦੀ ਹੈ। ਸਮਾਜਿਕ ਸਥਿਤੀ ਤੇ ਪਦਵੀ ਅਨੁਸਾਰ ਇਨ੍ਹਾਂ ਦੀ ਭਾਸ਼ਾ ਵਿਚ ਤਬਦੀਲੀ ਆ ਜਾਂਦੀ ਹੈ।

ਕਿੰਨਰ ਸਮਾਜ ਦੇ ਆਰਥਿਕ ਸਰੋਕਾਰ ਦੇ ਸਾਹਿਤਕ ਅਤੇ ਵਿਵਹਾਰਕ ਪੱਖ ਦੇ ਵਿਸ਼ਲੇਸ਼ਣ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਸਮਾਜ ਕਿੰਨਰਾਂ ਨੂੰ ਵਧਾਈ ਮੰਗਣ ਦਾ ਹੀ ਕੰਮ ਸੌਂਪਦਾ ਹੈ। ਵਧਾਈ ਮੰਗ ਕੇ ਹੀ ਇਹ ਆਪਣਾ ਪੇਟ ਭਰਦੇ ਹਨ। ਵਿਸ਼ਵੀਕਰਨ ਕਾਰਨ ਇਹ ਲੋਕ ਆਪਣੇ ਜੱਦੀ-ਪੁਸ਼ਤੀ ਕਿੱਤੇ ਛੱਡ ਕੇ ਹੋਰ ਧੰਦਿਆਂ ਵੱਲ ਜਾ ਰਹੇ ਹਨ। ਨਾਵਲ 'ਕੀ ਜਾਣਾ ਮੈਂ ਕੌਣ?' ਵਿਚ ਜੁਗਨੂੰ ਮਹੰਤ ਆਪਣਾ ਜੱਦੀ ਪੁਸ਼ਤੀ ਕਿੱਤਾ ਵਧਾਈ ਛੱਡ ਕੇ ਆਪਣੇ ਭਾਈਚਾਰੇ ਲਈ ਟੈਕਸਟਾਈਲ ਮਿੱਲ ਖੋਲ੍ਹਦੀ ਹੈ। ਭਵਿੱਖ ਵਿਚ ਆਪਣੇ ਵਰਗ ਲਈ ਚਾਨਣ-ਮੁਨਾਰਾ ਬਣਦੀ ਹੈ। ਪਰਿਵਾਰਾਂ ਦੇ ਸੀਮਤ ਆਕਾਰ ਨੇ ਕਿੰਨਰ ਵਰਗ ਦੀ ਕਮਾਈ ਨੂੰ ਢਾਹ ਲਾਈ ਹੈ। ਨਵੀਆਂ ਟੈਕਨਾਲੋਜੀ ਕਾਰਨ ਮਨੁੱਖਾਂ ਦੀਆਂ ਲੋੜਾਂ ਵੀ ਬਦਲੀਆਂ ਹਨ। ਇਸ ਲਈ ਕਿੰਨਰ ਵਰਗ ਵੀ ਆਪਣੇ ਪੇਸ਼ੇ ਨੂੰ ਛੱਡ ਕੇ ਹੋਰ ਕੰਮ-ਧੰਦਾ ਕਰਨਾ ਚਾਹੁੰਦਾ ਹੈ। ਸਰੀਰਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਕਮੀ ਨਹੀਂ ਹੁੰਦੀ। ਇਹ ਵੀ ਆਮ ਮਨੁੱਖਾਂ ਦੀ ਤਰ੍ਹਾਂ ਹੀ ਕੰਮ ਕਰ ਸਕਦੇ ਹਨ। ਬਹੁਤ ਸਾਰੇ ਕਿੰਨਰ ਵਧਾਈ ਵਰਗੇ ਧੰਦਿਆਂ ਨੂੰ ਛੱਡ ਕੇ ਨੌਕਰੀ ਪੇਸ਼ਾ ਕਰਨ ਲੱਗੇ ਹਨ। ਇਸ ਸਮਾਜ ਦੇ ਆਗੂਆਂ ਦਾ ਕਹਿਣਾ ਹੈ ਕਿ ਜੈਂਡਰ ਕਾਰਨ ਨੌਕਰੀ ਪ੍ਰਾਪਤ ਕਰਨ ਲਈ ਸਮਾਜ ਵਿਚ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰਮਾਤਮਾ ਨੇ ਸਾਨੂੰ ਪੰਜ ਗਿਆਨ ਇੰਦਰੀਆਂ ਦਿੱਤੀਆਂ ਹਨ। ਉਨ੍ਹਾਂ ਨੂੰ ਵਰਤ ਕੇ ਹੀ ਅਸੀਂ ਆਮ ਮਨੁੱਖਾਂ ਦੀ ਤਰ੍ਹਾਂ ਕੰਮ ਕਰ ਸਕਦੇ ਹਾਂ। ਆਮ ਮਨੁੱਖ ਵੀ ਉਨ੍ਹਾਂ ਹੀ ਗਿਆਨ ਇੰਦਰੀਆਂ ਦੀ ਵਰਤੋਂ ਕਰਦਾ ਹੈ, ਫਿਰ ਅਸੀਂ ਪਿੱਛੇ ਕਿਉ ਹਾਂ ?ਸਮਾਜ ਵਿਚ ਬਹੁਤ ਸਾਰੇ ਕਿੰਨਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਾਡੇ ਵਿਚ ਵੀ ਕਾਬਲੀਅਤ ਹੈ। ਜਿਨ੍ਹਾਂ ਵਿਚੋਂ ਲੁਧਿਆਣਾ ਤੋਂ ਮਹੰਤ ਮੋਹਨੀ ਲੋਕ ਅਦਾਲਤ ਦੀ ਪਹਿਲੀ ਕਾਰਜਕਾਰੀ ਅਧਿਕਾਰੀ ਬਣੀ ਹੈ। ਧਨੰਜੇ ਚੌਹਾਨ ਪੰਜਾਬ ਯੂਨੀਵਰਸਿਟੀ ਦੀ ਪਹਿਲੀ ਟਾਂਸਜੈਂਡਰ ਵਿਦਿਆਰਥਣ ਬਣੀ। ਵਧਾਈ ਮੰਗਣ ਲਈ ਇਨ੍ਹਾਂ ਵਿਚ ਆਪਸੀ ਇਲਾਕੇ ਦੀ ਵੰਡ ਕੀਤੀ ਹੁੰਦੀ ਹੈ। ਪੈਸਿਆਂ ਦੀ ਖ਼ਾਤਰ ਮਾਦਾ ਕਿੰਨਰਾਂ ਨੂੰ ਇਕ ਡੇਰੇ ਤੋਂ ਦੂਜੇ ਡੇਰੇ ਵਿਚ ਵੇਚਿਆ ਜਾਂਦਾ ਹੈ।

ਡੇਰੇ ਦੀ ਆਪਣੀ ਸੱਤਾ ਹੈ। ਇਸ ਦੇ ਆਪਣੇ ਨਿਯਮ ਹਨ। ਨਿਯਮਾਂ ਦੀ ਉਲੰਘਣ ਕਰਨ ਅਨੁਸਾਰ ਦੰਡ ਵੀ ਲਾਇਆ ਜਾਂਦਾ ਹੈ।

ਕਿੰਨਰ ਸਮਾਜ ਦੇ ਰਾਜਨੀਤਕ ਸਰੋਕਾਰ ਨੂੰ ਜਾਣਨ ਤੋਂ ਬਾਅਦ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਹ ਵਰਗ ਰਾਜਨੀਤਿਕ ਅਧਿਕਾਰਾਂ ਤੋਂ ਵਾਂਝਾ ਹੈ। ਬੇਸ਼ੱਕ ਕਿੰਨਰਾਂ ਨੇ 2019 ਦੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਆਪਣੇ ਪਹਿਚਾਣ ਪੱਤਰ ਦੇ ਆਧਾਰ ਉੱਤੇ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਹੈ। ਖੇਤਰੀ ਕਾਰਜ ਦੌਰਾਨ ਇਹ ਤੱਥ ਸਾਹਮਣੇ ਆਏ ਕਿ ਡੇਰੇਦਾਰ ਕਿੰਨਰਾਂ ਦੀਆਂ ਵੋਟਾਂ ਹੀ ਨਹੀਂ ਬਣੀਆਂ ਹੋਈਆਂ ਹਨ। ਇਨ੍ਹਾਂ ਦੇ ਸਥਾਈ ਪਤੇ ਨਾ ਹੋਣ ਕਾਰਨ ਵੋਟ ਬਣਾਉਣ ਵਿਚ ਮੁਸ਼ਕਿਲ ਆਉਂਦੀ ਹੈ। ਕੋਈ ਵੀ ਰਾਜਨੀਤਿਕ ਅਧਿਕਾਰੀ ਇਨ੍ਹਾਂ ਦੇ ਡੇਰਿਆਂ ਤੱਕ ਪਹੁੰਚ ਨਹੀਂ ਕਰਦਾ ਹੈ। ਸਾਹਿਤਕ ਪੱਖ ਤੋਂ ਨਾਵਲ ' ਮੈਂ ਸਿਖੰਡੀ ਨਹੀਂ ' ਵਿਚ ਮੱਘਰ ਮਹੰਤ ਵੱਲੋਂ ਕਮੇਟੀ ਦੀ ਚੋਣ ਜਿੱਤ ਕੇ ਬੁਰਜ ਕਸਬੇ ਦੀ ਕਾਇਆ ਬਦਲ ਦੇਣਾ ਸੰਕੇਤ ਕਰਦਾ ਹੈ ਕਿ ਇਹ ਵਰਗ ਵੀ ਰਾਜਨੀਤੀ ਵਿਚ ਪ੍ਰਵੇਸ਼ ਕਰਕੇ ਆਪਣੀਆਂ ਸੇਵਾਵਾਂ ਬਗੈਰ ਕਿਸੇ ਲਾਲਚ ਤੋਂ ਦੇਣ ਲਈ ਤਿਆਰ ਹੈ। ਮਾਨਸਿਕ ਪੱਖ ਤੋਂ ਇਨ੍ਹਾਂ ਵਿਚ ਕੋਈ ਵੀ ਵਿਕਾਰ ਨਹੀਂ ਹੁੰਦਾ। ਇਸ ਲਈ ਇਹ ਵੀ ਆਮ ਮਨੁੱਖ ਦੀ ਤਰ੍ਹਾਂ ਰਾਜਨੀਤੀ ਵਿਚ ਆਪਣਾ ਯੋਗਦਾਨ ਪਾ ਸਕਦੇ ਹਨ। 'ਸੰਤਾਪ ' ਨਾਵਲ ਵੀ ਕਾਨੂੰਨੀ ਲੜਾਈ ਨੂੰ ਪੇਸ਼ ਕਰਦਾ ਹੈ। ਜਦੋਂ ਸੰਵਿਧਾਨ ਇਨ੍ਹਾਂ ਦੇ ਜਿਊਣ ਦਾ ਹੱਕ ਦਿੰਦਾ ਹੈ ਤਾਂ ਸਮਾਜ ਵਿਚ ਆਪਣੀ ਪਹਿਚਾਣ ਨੂੰ ਪ੍ਰਾਪਤ ਕਰਨ ਲਈ ਸਮਾਜ ਅਤੇ ਆਪਣੀ ਬਰਾਦਰੀ ਦੇ ਆਗੂਆਂ ਨਾਲ ਟੱਕਰ ਲੈਣੀ ਪੈਂਦੀ ਹੈ। ਇਸ ਨਾਵਲ ਦੀ ਨਾਇਕਾ ਨੀਰੂ ਵੀ ਆਪਣੀ ਹੋਂਦ ਨੂੰ ਪਾਉਣ ਦੀ ਖ਼ਾਤਰ ਪਰਿਵਾਰ ਸਮੇਤ ਸਮਾਜ ਅਤੇ ਕਿੰਨਰ ਸਮਾਜ ਦੋਹਾਂ ਨਾਲ ਸੰਘਰਸ਼ ਕਰਦੀ ਹੈ। ਨਾਵਲ ' ਕੀ ਜਾਣਾ ਮੈਂ ਕੌਣ? ' ਵਿਚ ਪਰਾਇਡ ਵਾਕ ਦਾ ਸੰਕੇਤ ਆਉਣਾ ਕਿ ਇਹ ਵਰਗ ਵੀ ਆਪਣੀ ਹੋਂਦ ਨੂੰ ਸਮਾਜ ਵਿਚ ਦਰਸਾ ਰਿਹਾ ਹੈ। ਨਾਵਲ 'ਆਦਮ-ਗ੍ਰਹਿਣ' ਵਿਚ ਮਾਦਾ ਕਿੰਨਰ ਅੰਜੂ ਆਪ ਪੜ੍ਹ-ਲਿਖ ਕੇ ਆਪਣੇ ਭਾਈਚਾਰੇ ਨੂੰ ਜਾਗਰਿਤ ਕਰਨ ਲਈ ਚੇਤੰਨ ਕਰਦੀ ਨਜ਼ਰ ਆਉਂਦੀ ਹੈ। ਇਸੇ ਨਾਵਲ ਦੀ ਮਾਦਾ ਕਿੰਨਰ ਮੀਰਾ ਵੀ ਆਪਣੇ ਕਿੰਨਰ ਬੱਚੇ ਨੂੰ ਪੜ੍ਹਾ-ਲਿਖਾ ਕੇ ਪੁਰਾਤਨ ਪਰੰਪਰਾ ਨੱਚਣ-ਗਾਉਣ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਕੀ ਜਾਣਾ ਮੈਂ ਕੌਣ? ਦੀ ਪਾਤਰ ਵੀ ਐਨ.ਜੀ.ਓ ਬਣਾ ਕੇ ਆਪਣੇ ਵਰਗ ਦੇ ਹਿੱਤਾਂ ਲਈ

ਸੰਘਰਸ਼ ਕਰ ਰਹੀ ਹੈ। ਚੰਡੀਗੜ੍ਹ ਵਿਚ 2014 ਵਿਚ ਪਰਾਇਡ ਵਾਕ ਸ਼ੁਰੂ ਕੀਤੀ ਗਈ ਅਤੇ 2020 ਵਿਚ ਇਹ ਵਾਕ 8ਵੀਂ ਵਾਰ ਸ਼ੁਰੂ ਹੋਈ । ਇਸ ਪਰਾਇਡ ਵਾਕ ਵਿਚ ਸਮੁੱਚੀ ਐਲ.ਜੀ..ਬੀ.ਟੀ ਦੇ ਲੋਕ ਸ਼ਾਮਲ ਹੋਏ। ਚੰਡੀਗੜ੍ਹ ਵਿਚ ਪਰਾਇਡ ਵਾਕ ਨਾਲ ਸਿਰਫ਼ ਪੜ੍ਹੇ –ਲਿਖੇ ਕਿੰਨਰ ਹੀ ਜੁੜੇ ਹੋਏ ਹਨ ਬਾਕੀ ਕਿੰਨਰ ਤਾਂ ਇਸ ਪੱਖ ਤੋਂ ਅਣਜਾਣ ਹਨ । ਇਸ ਭਾਈਚਾਰੇ ਦੇ ਲੋਕ ਵੀ ਰਾਜਨੀਤੀ ਵਿਚ ਪ੍ਰਵੇਸ਼ ਕਰ ਰਹੇ ਹਨ । ਇਨ੍ਹਾਂ ਆਗੂਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਹੈ । ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਹਰ ਵਰਗ ਦੀਆਂ ਜਥੇਬੰਦੀਆਂ ਬਣੀਆਂ ਹੋਈਆਂ ਹਨ । ਜਿਸ ਰਾਹੀਂ ਉਹ ਆਪਣੇ ਭਾਈਚਾਰੇ ਦੀਆਂ ਮੰਗਾਂ ਨੂੰ ਸਰਕਾਰ ਸਾਹਮਣੇ ਰੱਖਦੇ ਹਨ । ਉਸ ਦੇ ਮੁਕਾਬਲੇ ਕਿੰਨਰ ਭਾਈਚਾਰੇ ਦੀ ਅਜਿਹੀ ਕੋਈ ਜਥੇਬੰਦੀ ਨਹੀਂ ਹੈ, ਜਿਸ ਰਾਹੀਂ ਇਹ ਆਪਣੇ ਹੱਕਾਂ ਨੂੰ ਮੰਗ ਸਕਣ। ਸਮੁੱਚੇ ਕਿੰਨਰ ਭਾਈਚਾਰੇ ਨੂੰ ਜਾਗਰਿਤ ਹੋਣਾ ਪਵੇਗਾ ਤਾਂ ਹੀ ਇਹ ਵਰਗ ਸੰਵਿਧਾਨ ਦੁਆਰਾ ਦਿੱਤੀ ਮਾਨਤਾ ਦਾ ਹੱਕਦਾਰ ਬਣ ਸਕਦਾ ਹੈ।

ਧਾਰਮਿਕ ਅਧਿਐਨ ਤੋਂ ਕਿੰਨਰ ਨੰਦੀ ਮਾਈ ਦੀ ਪੂਜਾ ਕਰਦੇ ਹਨ । ਹਰ ਡੇਰੇ ਵਿਚ ਪੂਜਾ ਸਥਾਨ ਤੇ ਨੰਦੀ ਮਾਈ ਦੀ ਤਸਵੀਰ ਲੱਗੀ ਮਿਲੇਗੀ । ਇਸੇ ਮਾਤਾ ਨੂੰ ਬਹੁਚਰਾ ਮਾਤਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਬਹੁਚਰਾ ਮਾਤਾ ਦਾ ਸਥਾਨ ਗੁਜਰਾਤ ਵਿਚ ਬਣਿਆ ਹੋਇਆ ਹੈ। ਸਮਾਜ ਵਿਚ ਜਦੋਂ ਨੀਵੀਂਆਂ ਜਾਤਾਂ ਨੂੰ ਪੂਜਾ ਸਥਾਨਾਂ ਤੋਂ ਰੋਕਿਆ ਗਿਆ ਤਾਂ ਇਨ੍ਹਾਂ ਨੇ ਆਪਣੇ ਪੂਜਾ ਸਥਾਨ ਅਤੇ ਦੇਵੀ-ਦੇਵਤੇ ਬਣਾ ਲਏ । ਜਿਸ ਤਰ੍ਹਾਂ ਨੀਵੀਂਆਂ ਜਾਤਾਂ ਨੇ ਕੀਤਾ । ਇਨ੍ਹਾਂ ਨੇ ਆਪਣੀ ਆਸਥਾ ਨੂੰ ਕਾਇਮ ਰੱਖਦੇ ਹੋਏ ਕਬੀਰ , ਰਵਿਦਾਸ ਆਦਿ ਨੂੰ ਆਪਣਾ ਗੁਰੂ ਮੰਨਿਆ। ਇਸੇ ਤਰ੍ਹਾਂ ਕਿੰਨਰ ਸਮਾਜ ਵੀ ਸਭਿਅਕ ਸਮਾਜ ਤੋਂ ਅਲੱਗ ਹੋ ਕੇ ਆਪਣੇ ਦੇਵੀ-ਦੇਵਤੇ ਆਪਣੀ ਆਸਥਾ ਅਨੁਸਾਰ ਬਣਾ ਲੈਂਦਾ ਹੈ। ਸਮਾਜ ਵਿਚ ਤੀਸਰਾ ਜੈਂਡਰ ਇਕ ਵਿਸ਼ੇਸ਼ ਤਰ੍ਹਾਂ ਦੀਆਂ ਸਿਆਸੀ, ਸਮਾਜਿਕ , ਪਦਾਰਥਿਕ , ਆਰਥਿਕ , ਸਭਿਆਚਾਰਕ ਅਤੇ ਮਨੋਵਿਗਿਆਨਕ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਿਹਾ ਹੈ। ਮਨੁੱਖੀ ਸਮਾਜ ਨੇ ਇਸ ਵਿਸ਼ੇਸ਼ ਤਰ੍ਹਾਂ ਦੇ ਜੈਂਡਰ ਨੂੰ ਇਕ ਵਿਆਪਕ ਪਲੇਟਫ਼ਾਰਮ ਨਹੀਂ ਦਿੱਤਾ, ਜਿੱਥੇ ਉਹ ਆਪਣੇ ਵਿਚਾਰ ਪ੍ਰਗਟ ਕਰ ਸਕੇ। ਇਸ ਲਈ ਇਸ ਵਰਗ ਦੇ ਦਿਮਾਗ਼ ਵਿਚ ਵਿਚਾਰ ਪੈਦਾ ਹੁੰਦੇ ਰਹੇ ਅਤੇ ਉਹ ਇਸੇ ਦਾਇਰੇ ਅੰਦਰ ਹੀ ਦਮ ਤੋੜ ਜਾਂਦੇ ਰਹੇ। ਆਪਣੀ ਜ਼ਿੰਦਗੀ ਲਈ ਜੱਦੋ-ਜਹਿਦ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ, ਸਮਾਜ ਦੀ ਮਾਨਸਿਕਤਾ ਕਾਰਨ

ਆਪਣੀਆਂ ਖੂਬੀਆਂ ਨੂੰ ਨਾ ਉਘਾੜ ਸਕਣਾ, ਲੋਕਾਂ ਦੀ ਟਿੱਚਰਾਂ, ਲੋਕਾਂ ਦਾ ਸਾਥ ਨਾ ਮਿਲਣਾ, ਸਰਕਾਰਾਂ ਦੀ ਅਣਦੇਖੀ, ਸਮਾਜ ਵੱਲੋਂ ਅਣਗੌਲਿਆ ਕਰਨਾ, ਮਹੰਤਾਂ ਦਾ ਡੇਰਾ, ਅੰਗਿਆਰਿਆਂ ਤੇ ਨੱਚਣ ਵਾਲੀ ਜ਼ਿੰਦਗੀ ਅਤੇ ਸਮਾਜਿਕ ਗਤੀਵਿਧੀਆਂ ਵਿਚ ਥਰਡ-ਜੈਂਡਰ ਦੀ ਸ਼ਮੂਲੀਅਤ ਨਾ ਹੋਣਾ ਆਦਿ। ਇਨ੍ਹਾਂ ਦੇ ਸੰਘਰਸ਼ ਨੂੰ ਤ੍ਰਿਵੈਣੀ ਸੰਘਰਸ਼ ਕਿਹਾ ਜਾਂਦਾ ਹੈ ਕਿ ਇਕ ਤਾਂ ਆਪਣੀ ਹੋਂਦ ਨਾਲ ਦੂਜਾ ਸਮਾਜ ਨਾਲ ਅਤੇ ਤੀਸਰਾ ਡੇਰੇ ਦੀ ਸੱਤਾ ਨਾਲ ਸੰਘਰਸ਼ ਕਰਦੇ ਹਨ। ਇਸਦੇ ਨਾਲ-ਨਾਲ ਸਮਾਜ ਹੁਣ ਤੀਜੇ ਲਿੰਗ ਪ੍ਰਤੀ ਕੁਝ ਚੇਤੰਨ ਹੋਇਆ ਹੈ।

ਉਪਰੋਕਤ ਵਿਚਾਰ-ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਕਿੰਨਰ ਵਰਗ ਪੰਜਾਬ ਸਮੇਤ ਪੂਰੀ ਦੁਨੀਆ ਵਿਚ ਵੱਸਣ ਵਾਲਾ ਹਾਸ਼ੀਏ ਉੱਤੇ ਧੱਕਿਆ ਹੋਇਆ ਵਰਗ ਹੈ। ਇਹ ਵਰਗ ਆਪਣੇ ਵੱਖਰੇ ਸਮਾਜਿਕ ਪ੍ਰਬੰਧ ਅਤੇ ਪਰੰਪਰਕ ਸਭਿਆਚਾਰਕ ਪੈਟਰਨ ਕਰਕੇ ਵੱਖਰੀ ਹੋਂਦ ਅਤੇ ਪਛਾਣ ਸਥਾਪਿਤ ਕਰੀ ਬੈਠਾ ਹੈ। ਅਜੋਕੇ ਬਦਲ ਰਹੇ ਸੰਸਾਰ ਅੰਦਰ ਇਸ ਵਰਗ ਦੇ ਜੀਵਨ ਵਿਹਾਰ ਵਿਚ ਬਹੁਤ ਸਾਰੇ ਪਰਿਵਰਤਨ ਵਾਪਰ ਰਹੇ ਹਨ। ਇਨ੍ਹਾਂ ਪਰਿਵਰਤਨਾਂ ਸਦਕਾ ਇਸ ਵਰਗ ਦੇ ਆਗੂ ਵੀ ਆਪਣੇ ਭਾਈਚਾਰੇ ਨੂੰ ਜਾਗਰੂਕ ਕਰਕੇ 2014 ਵਿਚ ਥਰਡ-ਜੈਂਡਰ ਵਜੋਂ ਆਪਣੀ ਪਹਿਚਾਣ ਸਥਾਪਿਤ ਕਰ ਸਕੇ। ਭਵਿੱਖ ਵਿਚ ਆਸ ਕੀਤੀ ਜਾ ਸਕਦੀ ਹੈ ਕਿ ਇਹ ਸਮਾਜ ਵੀ ਆਪਣੇ ਮਾਨਵੀ ਹੱਕਾਂ ਨੂੰ ਮਾਣ ਸਕੇ।

## ਮੋਹਨੀ ਮਹੰਤ ਨਾਲ ਮੁਲਾਕਾਤ

1.ਸਭ ਤੋਂ ਪਹਿਲਾਂ ਤੁਸੀਂ ਆਪਣੇ ਪਰਿਵਾਰ ਬਾਰੇ ਜਾਣਕਾਰੀ ਦਿਓ?

ਮੈਂ ਰਾਜਸਥਾਨ ਦੇ ਸ਼ਹਿਰ ਜੂਝਣ ਦੇ ਪਿੰਡ ਧਨੂਰੀ  ਦੀ ਰਹਿਣ ਵਾਲੀ ਹਾਂ । ਵੈਸੇ ਤਾਂ ਸਾਡਾ ਕਿੰਨਰਾਂ ਦਾ ਅਸਲ ਪਰਿਵਾਰ ਉਹ ਸ਼ਹਿਰ ਜਾਂ ਪਿੰਡ ਹੁੰਦਾ ਹੈ, ਜਿੱਥੇ ਸਾਡਾ ਡੇਰਾ ਹੁੰਦਾ ਹੈ । ਜਿੱਥੇ ਅਸੀਂ ਲੋਕ ਮੰਗ-ਖਾ ਕੇ ਅਤੇ ਲੋਕਾਂ ਦੇ ਘਰਾਂ ਵਿਚ ਜਾ ਕੇ ਵਧਾਈਆਂ ਮੰਗਦੇ ਹਾਂ । ਪਰ ਤੁਹਾਡੇ ਵੱਲੋਂ ਕੀਤੇ ਪ੍ਰਸ਼ਨ ਦੇ ਉੱਤਰ ਵਿਚ ਮੈਂ ਦੱਸ ਰਹੀ ਹਾਂ ਕਿ ਮੇਰੇ ਪਰਿਵਾਰ ਵਿਚ ਮੇਰੇ ਮੰਮੀ-ਡੈਡੀ, ਤਿੰਨ ਭਰਾ ਤੇ ਇਕ ਛੋਟੀ ਭੈਣ ਹੈ । ਮੈਂ ਸਭ ਤੋਂ ਵੱਡੀ ਹਾਂ । ਸਾਰੇ ਭੈਣ-ਭਾਈ  ਸ਼ਾਦੀ-ਸ਼ੁਦਾ ਤੇ ਬੱਚਿਆਂ ਵਾਲੇ ਹਨ । ਮੇਰੇ ਤਿੰਨੋਂ ਭਰਾ ਗੌਰਮਿੰਟ ਵਿਚ ਸਰਕਾਰੀ ਮੁਲਾਜ਼ਮ ਹਨ । ਇਕ ਭਰਾ ਸਰਕਾਰੀ ਟੀਚਰ ਹੈ, ਇਕ ਐਗਰੀਕਲਚਰ ਵਿਚ ਕੰਮ ਕਰਦਾ ਹੈ ਤੇ ਇਕ ਸਿਕੋ ਕੰਪਨੀ ਵਿਚ ਹੈ । ਸਾਰੇ ਭੈਣ-ਭਾਈ ਆਪੋ-ਆਪਣੇ ਪਰਿਵਾਰਾਂ ਵਿਚ ਸੈੱਟ ਹਨ ।

2.ਤੁਹਾਡਾ ਜਨਮ ਕਦੋ ਹੋਇਆ?

ਮੇਰਾ ਜਨਮ 15 ਦਸੰਬਰ 1965 ਵਿਚ ਹੋਇਆ ਹੈ ।

3.ਆਪਣੀ ਵਿੱਦਿਅਕ ਯੋਗਤਾ ਬਾਰੇ ਜਾਣਕਾਰੀ ਦਿਓ?

ਮੈਂ ਸੱਤਵੀਂ ਤੱਕ ਰੈਗੂਲਰ ਪੜ੍ਹਾਈ ਕੀਤੀ ਹੈ । 10ਵੀਂ ਮੈ ਪ੍ਰਾਈਵੇਟ ਅਜਮੇਰ ਬੋਰਡ ਮਾਧਿਅਮ ਮਿਥ ਸਿੱਖਿਆ ਬੋਰਡ ਅਜਮੇਰ ਤੋਂ ਕੀਤੀ ਹੈ । ਬੀ.ਏ ਤੇ ਐੱਮ .ਏ ਪਬਲਿਕ ਐਡਮਨਿਸਟ੍ਰੇਸ਼ਨ ਦੀ ਮੈਂ ਮਹਾਰਾਜ ਸਿੰਘ ਗੰਗਾ ਯੂਨੀਵਰਸਿਟੀ ਬੀਕਾਨੇਰ ਤੋਂ ਕੀਤੀ ਹੈ । ਇਸ ਤੋਂ ਬਿਨਾਂ ਮੈ ਐਮ .ਐੱਸ. ਡਬਲਿਊ (MSW) ਮਾਸਟਰ ਆਫ਼ ਸੋਸ਼ਲ ਵਰਕਰ ਵਨਈਕਾ ਯੂਨੀਵਰਸਿਟੀ ਤਾਮਿਲਨਾਡੂ ਤੋਂ ਕੀਤੀ ਹੈ । ਹੁਣ ਮੈਂ ਦਿੱਲੀ ਯੂਨੀਵਰਸਿਟੀ ਰਾਹੀਂ ਪੀਐੱਚਡੀ ਦੀ ਡਿਗਰੀ ਬਾਰੇ ਸੋਚ ਰਹੀਂ ਹਾਂ ।

4.ਤੁਹਾਨੂੰ ਕਦੋਂ ਪਤਾ ਲੱਗਿਆ ਕਿ ਤੁਸੀਂ ਕਿੰਨਰ ਹੋ?

ਤੁਹਾਡਾ ਇਹ ਸਵਾਲ ਵਧੀਆ ਹੈ ਕਿ ਮੈਨੂੰ ਕਦੋਂ ਪਤਾ ਲੱਗਿਆ ਕਿ ਮੈਂ ਕਿੰਨਰ ਹਾਂ। ਉਸ ਸਮੇਂ ਮੇਰੀ ਉਮਰ 13 ਸਾਲ ਦੀ ਸੀ। ਬਚਪਨ ਦਾ ਤਾਂ ਪਤਾ ਹੀ ਨਾ ਲੱਗਿਆ ਕਿ ਕਦੋਂ ਲੰਘ ਗਿਆ। ਜਦੋਂ ਮੈਂ ਸਕੂਲ ਵਿਚ ਦਾਖਲਾ ਲਿਆ ਤਾਂ ਮੈਂ ਬੜੀ ਦੁਚਿੱਤੀ ਦੇ ਵਿਚ ਰਹਿਣਾ ਕਿ ਮੈਂ ਕੁੜੀਆਂ ਦੇ ਨਾਲ ਬੈਠਾ ਜਾਂ ਮੁੰਡਿਆਂ ਦੇ ਨਾਲ ਬੈਠਾ। ਮੈਂ 6ਵੀਂ ਜਮਾਤ ਪਾਸ ਕਰਕੇ ਅਜੇ ਸੱਤਵੀਂ ਜਮਾਤ ਵਿਚ ਦਾਖਲਾ ਲੈ ਲਿਆ ਸੀ ਤਾਂ ਇਕ ਦਿਨ ਮੈਂ ਸਕੂਲੋਂ ਪੜ੍ਹ ਕੇ ਘਰ ਆਈ ਤਾਂ ਸਾਡੇ ਘਰ ਵਿਚ ਕਿੰਨਰ ਆਏ ਹੋਏ ਸੀ। ਓਦੋਂ ਹੀ ਮੈਨੂੰ ਅਹਿਸਾਸ ਹੋਇਆ ਕਿ ਮੈਂ ਦੂਜੇ ਬੱਚਿਆ ਤੋਂ ਅਲੱਗ ਹਾਂ। ਉਸ ਸਮੇਂ ਕੋਈ ਕਾਨੂੰਨ ਬਣਿਆ ਨਹੀਂ ਹੋਇਆ ਸੀ। ਕਿੰਨਰ ਸਮਾਜ ਅਜਿਹੇ ਬੱਚੇ ਨੂੰ ਆਪਣੇ ਸਮਾਜ ਵਿਚ ਲੈ ਜਾਣ ਲਈ ਪਰਿਵਾਰ ਉੱਤੇ ਹਾਵੀ ਹੋ ਜਾਂਦੇ ਸਨ। ਮੈਨੂੰ ਲੈ ਜਾਣ ਵਾਸਤੇ ਕਿੰਨਰ ਮੇਰੇ ਪਰਿਵਾਰ ਨਾਲ ਬਹਿਸ ਕਰਦੇ ਹਨ ਕਿ ਇਹ ਬੱਚਾ ਸਾਡੀ ਬਰਾਦਰੀ ਵਿਚੋਂ ਹੈ, ਇਹ ਸਾਡੀ ਹੀ ਅਮਾਨਤ ਹੈ, ਤੁਸੀਂ ਇਸ ਬੱਚੇ ਨੂੰ ਸਾਨੂੰ ਸੌਂਪ ਦੇਵੋ। ਪਰਿਵਾਰ ਇਸ ਲਈ ਸਹਿਮਤ ਨਹੀਂ ਸੀ। ਕਿੰਨਰਾਂ ਦੇ ਵਾਰ-ਵਾਰ ਆਉਣ ਉੱਤੇ , ਸਾਡੇ ਆਂਢ-ਗੁਆਂਢ ਅਤੇ ਪਿੰਡ ਦੇ ਸਰਪੰਚ ਨੇ ਵੀ ਦਬਾਅ ਪਾਇਆ ਕਿ ਤੁਸੀਂ ਇਸ ਬੱਚੇ ਨੂੰ ਕਿੰਨਰਾਂ ਨੂੰ ਸੌਂਪ ਦੇਵੋ। ਇਸ ਬੱਚੇ ਦਾ ਭਵਿੱਖ ਉਨ੍ਹਾਂ ਕੋਲ ਹੀ ਸੁਰੱਖਿਅਤ ਹੈ। ਪਰਿਵਾਰ ਵਿਚ ਰੱਖਣ ਤੇ ਤੁਹਾਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਸੋ ਸਮਾਜਿਕ ਦਬਾਓ ਹੇਠ ਮੇਰੇ ਮਾਪਿਆਂ ਨੂੰ ਸਹਿਮਤ ਕਰ ਲਿਆ ਗਿਆ। ਉਹ ਚੌਥੀ ਵਾਰ ਫਿਰ ਆਏ ਤੇ ਮੈਨੂੰ ਲੈ ਗਏ। ਇਸ ਦਰਦ ਕਹਾਣੀ ਨੂੰ ਸ਼ਬਦਾਂ ਵਿਚ ਬਿਆਨ ਬਹੁਤ ਔਖਾ ਹੈ। ਮੈਂ ਜਦੋਂ ਵੀ ਉਹ ਸੀਨ ਯਾਦ ਕਰਦੀ ਹਾਂ ਤਾਂ ਅੱਖਾਂ ਵਿਚੋਂ ਬੇਸ਼ੁਮਾਰ ਹੰਝੂ ਵਗ ਤੁਰਦੇ ਹਨ। ਪਰਿਵਾਰ ਤੇ ਬੱਚੇ ਲਈ ਇਹ ਸਮਾਂ ਬਹੁਤ ਭਿਆਨਕ ਹੁੰਦਾ ਹੈ। ਪਰਿਵਾਰ ਵੀ ਆਪਣੇ ਜਿਗਰ ਦੇ ਟੁਕੜੇ ਨੂੰ ਕਿਵੇਂ ਪਾਸੇ ਕਰ ਦੇਣ ? ਮੇਰੇ ਪਰਿਵਾਰ ਨੇ ਕਿੰਨਰਾਂ ਨੂੰ ਕਹਿ ਦਿੱਤਾ ਸੀ ਕਿ ਠੀਕ ਹੈ, ਤੁਸੀਂ ਲੈ ਜਾਵੋ ਪਰ ਇਸ ਨੂੰ ਸਾਡੇ ਇਲਾਕੇ ਵਿਚ ਨੱਚਣ-ਗਾਉਣ ਲਈ ਨਾ ਭੇਜਿਆ ਜਾਵੇ। ਮੇਰੇ ਪਰਿਵਾਰ ਨੇ ਸਬਰ ਕਰ ਲਿਆ ਸੀ। ਅੱਖਾਂ ਤੋਂ ਦੂਰ ਰਹਿ ਕੇ ਹੀ ਪਰਿਵਾਰ ਨੂੰ ਭੁਲਾਇਆ ਜਾ ਸਕਦਾ ਹੈ। ਇਸ ਲਈ ਮੈਨੂੰ ਰਾਜਸਥਾਨ ਤੋਂ ਦੂਰ ਪੰਜਾਬ ਲੁਧਿਆਣਾ ਵਿਚ ਭੇਜ ਦਿੱਤਾ ਗਿਆ ਸੀ।

5.ਤੁਸੀਂ ਆਪਣੇ ਲਈ ਕਿਸ ਸ਼ਬਦ ਦੀ ਵਰਤੋਂ ਨੂੰ ਚੰਗਾ ਸਮਝਦੇ ਹੋ ਕਿੰਨਰ, ਹੀਜੜਾ ਜਾਂ ਖੁਸਰਾ?

ਮੈਂ ਆਪਣੇ ਲਈ ਮਹੰਤ ਸ਼ਬਦ ਦਾ ਪ੍ਰਯੋਗ ਕਰਨਾ ਚੰਗਾ ਸਮਝਦੀ ਹਾਂ। ਉੱਪਰੋਕਤ ਸ਼ਬਦ ਕਿੰਨਰ ਜਾਂ ਹੀਜੜਾ ਜਾਂ ਫਿਰ ਖੁਸਰਾ ਸ਼ਬਦ ਸਨਮਾਨ ਯੋਗ ਨਹੀਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਕਰਨਾ ਕਿੰਨਰਾਂ ਦੇ ਲਈ ਠੀਕ ਨਹੀਂ ਹੈ। ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਦੀ ਇੱਜ਼ਤ ਹੋਵੇ ਤੇ ਉਸ ਨੂੰ ਮਾਣ ਸਨਮਾਨ ਦੇ ਨਾਲ ਬੁਲਾਇਆ ਜਾਵੇ। ਇਨ੍ਹਾਂ ਸ਼ਬਦਾਂ ਤੋਂ ਬਿਨਾਂ ਵੀ ਸ਼ਬਦ ਹਨ ਜੋ ਕਿੰਨਰਾਂ ਦੇ ਲਈ ਵਰਤੇ ਜਾ ਸਕਦੇ ਹਨ ਜਿਵੇਂ ਗੁਰੂ ਜੀ, ਬਾਬਾ ਜੀ ਅਤੇ ਮਾਈ ਜੀ ਆਦਿ। ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਕੇ ਅਸੀਂ ਕਿੰਨਰ ਸਮਾਜ ਦੇ ਲੋਕਾਂ ਦਾ ਸਤਿਕਾਰ ਵਧਾ ਸਕਦੇ ਹਾਂ।

6.ਕਿੰਨਰ ਦੀ ਪਰਿਭਾਸ਼ਾ ਕੀ ਹੈ?

ਕਿੰਨਰ ਕੁਦਰਤੀ ਰੂਪ ਵਿਚ ਜਨਮ ਲੈਂਦਾ ਹੈ, ਮਾਂ ਦੀ ਕੁੱਖ ਵਿਚੋਂ। ਉਸ ਦਾ ਸਰੀਰ ਮਰਦ ਵਾਲਾ ਅਤੇ ਨਾ ਔਰਤ ਵਾਲਾ ਹੁੰਦਾ ਹੈ। ਸਰੀਰਕ ਪੱਖੋਂ ਮਰਦ ਵਾਂਗ ਦਿਸਦਾ ਹੈ ਪਰ ਭਾਵਨਾਵਾਂ ਔਰਤਾਂ ਵਾਲੀਆਂ ਹੁੰਦੀਆਂ ਹਨ। ਉਸ ਤੇ ਔਰਤ ਪਨ ਭਾਰੂ ਹੁੰਦਾ ਹੈ। ਉਸ ਨੂੰ ਔਰਤ ਦੀ ਤਰ੍ਹਾਂ ਕੱਪੜੇ ਪਾਉਣਾ, ਕੰਮ-ਧੰਦੇ ਕਰਨਾ ਕਰਨਾ ਚੰਗਾ ਲੱਗਦਾ ਹੈ। ਡੇਰੇ ਵਿਚ ਆਉਣ ਤੇ ਜਦੋਂ ਉਹ ਚੇਲਾ ਬਣ ਜਾਂਦਾ ਤਾਂ ਨਿਰਵਾਣ ਪ੍ਰਾਪਤ ਕਰ ਲੈਂਦਾ ਹੈ। ਜੋ ਨਿਰਵਾਣ ਪ੍ਰਾਪਤ ਨਹੀਂ ਕਰਦਾ ਉਸ ਨੂੰ 'ਅਕਬਾ' ਕਿਹਾ ਜਾਂਦਾ ਹੈ। ਪੰਜਾਬ ਵਿਚ ਨਿਰਵਾਣ ਨੂੰ ਸ਼ਿਵਰਨਾ ਕਹਿੰਦੇ ਹਨ। ਉਸ ਤੋਂ ਬਾਅਦ ਬਰੈੱਸਟ ਨੂੰ ਵਧਾਉਣ ਅਤੇ ਮੂੰਹ ਤੇ ਲੇਜ਼ਰ ਕਰਵਾ ਕੇ ਔਰਤ ਦੀ ਤਰ੍ਹਾਂ ਦਿਸਣਾ ਚਾਹੁੰਦੇ ਹਨ।

7.ਇੱਕ ਕਿੰਨਰ ਨੂੰ ਪਰਿਵਾਰ ਛੱਡਣਾ ਪੈਂਦਾ ਹੈ ਕਿਉਂ?

ਇੱਕ ਕਿੰਨਰ ਨੂੰ ਪਰਿਵਾਰ ਛੱਡਣਾ ਹੀ ਪੈਂਦਾ ਹੈ। ਪਰ ਹੁਣ ਦੇ ਐਕਟ ਅਨੁਸਾਰ ਕਿੰਨਰ ਪਰਿਵਾਰ ਨਹੀਂ ਛੱਡ ਸਕਦਾ। ਪਹਿਲਾ ਸਾਡੇ ਸਮਾਜ ਦੇ ਲੋਕ ਆਪਣੀ ਬਰਾਦਰੀ ਦੇ ਬੱਚੇ ਨੂੰ ਰਹਿਣ ਨਹੀਂ ਦਿੰਦੇ ਸਨ। ਸਮੇਂ ਦੇ ਬਦਲਣ ਨਾਲ ਸਮਾਜ ਵਿਚ ਵੀ ਤਬਦੀਲੀ ਦੇਖੀ ਜਾ ਸਕਦੀ ਹੈ। ਜੇਕਰ ਕੋਈ ਮਾਂ-ਬਾਪ ਕਿੰਨਰ ਬੱਚੇ ਨੂੰ ਪੜ੍ਹਾ-ਲਿਖਾ ਕੇ ਆਪਣੇ ਨਾਲ ਰੱਖਣਾ ਚਾਹੁੰਦਾ ਹੈ ਤਾਂ ਉਹ ਰੱਖ ਸਕਦਾ ਹੈ। ਕਿਸੇ ਨਾਲ ਕੋਈ ਧੱਕਾ ਨਹੀਂ ਕੀਤਾ

ਜਾ ਸਕਦਾ ।ਅਸਲ ਵਿਚ ਹੁਣ ਤੱਕ ਅਜਿਹਾ ਹੋਇਆ ਨਹੀਂ ਕਿ ਕਿਸੇ ਕਿੰਨਰ ਬੱਚੇ ਨੂੰ ਮਾਂ-ਬਾਪ ਨੇ ਆਪਣੇ ਨਾਲ ਰੱਖਿਆ ਹੋਵੇ ।ਆਖ਼ਰ ਕਾਰ ਇੱਕ ਕਿੰਨਰ ਨੂੰ ਡੇਰੇ ਦੀ ਸ਼ਰਨ ਲੈਣੀ ਹੀ ਪੈਂਦੀ ਹੈ ।

8.ਕਿੰਨਰਾਂ ਬਾਰੇ ਜੋ ਬਿੱਲ ਲੋਕ ਸਭਾ ਵਿਚ ਪੇਸ਼ ਹੋਇਆ ਹੈ, ਉਸ ਬਾਰੇ ਤੁਹਾਡੇ ਕੀ ਵਿਚਾਰ ਹਨ?

ਅਸੀਂ ਕਿੰਨਰ ਇਸ ਬਿੱਲ ਨਾਲ ਸਹਿਮਤ ਨਹੀਂ ਹਾਂ ਇਸ ਦੇ ਵਿਰੋਧ ਵਿਚ ਅਸੀਂ 30ਜਨਵਰੀ 2019 ਨੂੰ ਚੰਡੀਗੜ੍ਹ ਦੇ ਵਿਚ ਧਰਨਾ ਦੇ ਰਹੇ ਹਾਂ । ਇਸ ਬਿੱਲ ਵਿਚ ਬਹੁਤ ਖ਼ਾਮੀਆਂ ਹਨ, ਜਿਵੇਂ ਕਿੰਨਰ ਦੀ ਪਹਿਚਾਣ ਕੋਈ ਬੋਰਡ ਤੈਅ ਕਰੇਗਾ । ਕੋਈ ਕਿੰਨਰ ਹੈ ਤਾਂ ਉਸ ਨੂੰ ਪਹਿਚਾਣ ਦੀ ਕੀ ਲੋੜ ਹੈ? ਇਸ ਵਿਚ ਕਿਸੇ ਲਿਖਤੀ ਸਰਟੀਫਿਕੇਟ ਦੀ ਕੀ ਲੋੜ ਹੈ? ਬੱਚਾ ਗੋਦ ਲੈਣ ਦਾ ਕੁਝ ਕਲੀਅਰ ਨਹੀਂ ਹੈ ।

9.ਤੁਸੀਂ ਪਰਿਵਾਰ ਖ਼ੁਦ ਛੱਡਿਆ ਜਾਂ ਮਜਬੂਰ ਕੀਤਾ?

ਮੈਂ ਆਪਣਾ ਪਰਿਵਾਰ ਖ਼ੁਦ ਨਹੀਂ ਛੱਡਿਆ ਸੀ, ਸਗੋਂ ਮੈਨੂੰ ਤੇ ਮੇਰੇ ਪਰਿਵਾਰ ਨੂੰ ਇਹ ਸਭ ਕਰਨ ਲਈ ਮਜਬੂਰ ਕੀਤਾ ਗਿਆ । ਸਮਾਜਿਕ ਦਬਾਅ ਕਾਰਨ ਮੈਨੂੰ ਮੇਰਾ ਪਰਿਵਾਰ ਛੱਡਣਾ ਪਿਆ ਸੀ । ਉਸ ਸਮੇਂ ਕੋਈ ਵੀ ਕਾਨੂੰਨ ਸਾਡੇ ਹੱਕ ਵਿਚ ਨਹੀਂ ਬਣਿਆ ਸੀ । ਜਿਸ ਦੀ ਮਦਦ ਨਾਲ ਅਸੀਂ ਸੁਰੱਖਿਅਤ ਰਹਿ ਸਕਦੇ ।

10.ਤੁਹਾਡੇ ਪ੍ਰਤੀ ਤੁਹਾਡੇ ਰਿਸ਼ਤੇਦਾਰਾਂ ਦਾ ਵਿਵਹਾਰ ਕਿਹੋ ਜਿਹਾ ਹੈ?

ਪਰਿਵਾਰ ਦਾ ਵਿਵਹਾਰ ਮੇਰੇ ਪ੍ਰਤੀ ਠੀਕ ਹੈ । ਮੇਰੇ ਰਿਸ਼ਤੇਦਾਰਾਂ ਦਾ ਵਿਵਹਾਰ ਕੋਈ ਬਹੁਤਾ ਵਧੀਆ ਨਹੀਂ ਹੈ । ਇਸ ਵਿਵਹਾਰ ਨੂੰ ਮੈਂ ਨਕਾਰਾਤਮਿਕ ਰੂਪ ਵਿਚ ਹੀ ਲੈ ਸਕਦੀ ਹਾਂ ।

11.ਤੁਹਾਡੀਆਂ ਕੀ ਰੁਚੀਆਂ ਹਨ?

ਮੈਂ ਸਮਾਜ ਭਲਾਈ ਦੇ ਕੰਮ ਕਰਨਾ ਚਾਹੁੰਦੀ ਹਾਂ । ਇੱਕ ਸੋਸ਼ਲ ਵਰਕਰ ਦੇ ਰੂਪ ਵਿਚ ਆਪਣਾ ਜੀਵਨ ਬਤੀਤ ਕਰਨਾ ਚਾਹੁੰਦੀ ਹਾਂ । ਆਪਣੇ ਸਮਾਜ ਦੇ ਲੋਕਾਂ ਨੂੰ ਜਾਗਰੂਕ ਕਰਨਾ ਕਿ ਉਨ੍ਹਾਂ ਦੇ ਕੀ ਅਧਿਕਾਰ ਹਨ । ਇਸ ਤੋਂ ਬਿਨਾਂ ਡਾਂਸ ਕਰਨਾ ਤੇ ਗੀਤ ਸੁਣਨਾ ਹੈ ।

12.ਕਿੰਨਰ ਸਮਾਜ ਵਿਚ ਗੁਰੂ ਦਾ ਕੀ ਮਹੱਤਵ ਹੈ?

ਸਾਡੇ ਸਮਾਜ ਵਿਚ ਗੁਰੂ ਦਾ ਬਹੁਤ ਮਹੱਤਵ ਹੈ । ਗੁਰੂ ਦਾ ਦਰਜਾ ਸਾਡੇ ਸਮਾਜ ਵਿਚ ਮਾਂ-ਪਿਓ ਦੇ ਬਰਾਬਰ ਹੁੰਦਾ ਹੈ । ਜਿਸ ਤਰ੍ਹਾਂ ਮਾਂ-ਬਾਪ ਆਪਣੇ ਬੱਚਿਆ ਨੂੰ ਗ਼ਲਤ ਕੰਮ ਤੋਂ ਵਰਜਦੇ ਹਨ, ਉਸੇ ਤਰ੍ਹਾਂ ਗੁਰੂ ਵੀ ਸਾਡੇ ਚੰਗੇ ਬੁਰੇ ਦਾ ਧਿਆਨ ਰੱਖਦੇ ਹਨ ।ਅਸੀਂ ਸਾਡੇ ਸਮਾਜ ਵਿਚ ਗੁਰੂ ਦੇ ਬਰਾਬਰ ਨਹੀਂ ਬੈਠ ਸਕਦੇ ।ਜਦੋਂ ਵੀ ਗੁਰੂ ਨੂੰ ਮਿਲਣਾ ਹੈ ਤਾਂ ਉਸ ਦੇ ਪੈਰੀਂ ਪੈਣਾ ਤੇ ਉਸ ਦਾ ਸਤਿਕਾਰ ਕਰਨਾ ਹੁੰਦਾ ਹੈ ।

13.ਸਮਾਜ ਦੇ ਦੂਜੇ ਲੋਕ ਤੁਹਾਡੇ ਨਾਲ ਕਿਹੋ-ਜਿਹਾ ਵਿਵਹਾਰ ਕਰਦੇ ਹਨ?

ਸਮਾਜ ਦੇ ਲੋਕ ਸਾਡੇ ਨਾਲ ਦੋਵੇਂ ਤਰ੍ਹਾਂ ਦਾ ਹੀ ਹਾਂ-ਪੱਖੀ ਤੇ ਨਾਂ-ਪੱਖੀ ਵਿਵਹਾਰ ਕਰਦੇ ਹਨ । ਹਰ ਸਮਾਜ ਵਿਚ ਚੰਗੇ ਜਾਂ ਮਾੜੇ ਲੋਕ ਸ਼ਾਮਲ ਹੁੰਦੇ ਹਨ । ਸਮਾਜ ਦੇ ਹੀ ਲੋਕ ਹਨ, ਕੋਈ ਕਹਿੰਦਾ ਹੈ ਕਿ ਸਵੇਰ ਵੇਲੇ ਕਿੰਨਰਾਂ ਨੂੰ ਮੱਥੇ ਨਹੀਂ ਲਾਈਦਾ ਅਤੇ ਉਸ ਹੀ ਸਮਾਜ ਵਿਚੋਂ ਕੋਈ ਸਾਨੂੰ ਬੁਲਾ ਕੇ ਖਾਣਾ ਖੁਆਉਂਦਾ ਹੈ ਤੇ ਸਾਡਾ ਅਸ਼ੀਰਵਾਦ ਲੈਂਦੇ ਹਨ । ਸਾਨੂੰ ਘਰੇ ਬੁਲਾ ਕੇ ਸਤਿਕਾਰ ਦਿੰਦੇ ਹਨ ।

14.ਆਪਣੀ ਭਾਸ਼ਾ ਬਾਰੇ ਜਾਣਕਾਰੀ ਦਿਓ?

ਹਾਂ ਸਾਡੇ ਸਮਾਜ ਦੀ ਆਪਣੀ ਭਾਸ਼ਾ ਹੁੰਦੀ ਹੈ ਜੋ ਕਿ ਫ਼ਾਰਸੀ ਵਿਚੋਂ ਆਈ ਹੈ । ਇਸ ਭਾਸ਼ਾ ਦੀ ਵਰਤੋਂ ਅਸੀਂ ਸਮਾਜ ਵਿਚ ਵਿਚਰਦੇ ਸਮੇਂ ਪਰਦੇ ਲਈ ਹੀ ਕਰਦੇ ਹਾਂ । ਜਦੋਂ ਵੀ ਕਿੰਨਰ ਆਪਸ ਵਿਚ ਗੱਲ ਕਰਦੇ ਹਨ ਤਾਂ ਇਸ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ ।

15.ਕੀ ਕਿੰਨਰ ਸਮਾਜ ਘਰਾਇਆਂ ਵਿਚ ਵੰਡਿਆਂ ਹੁੰਦਾ ਹੈ, ਵਿਸਥਾਰ ਨਾਲ ਦੱਸੋ?

ਹਾਂ ਜੀ ਕਿੰਨਰ ਸਮਾਜ ਘਰਾਇਆਂ ਵਿਚ ਵੰਡਿਆਂ ਹੁੰਦਾ ਹੈ । ਹਰ ਕਿੰਨਰ ਸਮਾਜ ਵਿਚ ਸੱਤ ਘਰਾਣੇ ਹੁੰਦੇ ਹਨ । ਭਾਰਤੀ ਤੇ ਪੰਜਾਬ ਦੇ ਘਰਾਇਆਂ ਵਿਚ ਬੋਲੀ ਦੇ ਕਾਰਨ ਨਾਵਾਂ ਦੀ ਤਬਦੀਲ ਦੇਖੀ ਜਾ ਸਕਦੀ ਹੈ । ਪੰਜਾਬ ਦੇ ਘਰਾਣੇ ਹਨ ਜਿਵੇਂ- ਸਾਜਨੀਏ, ਰਾਈਕੇ, ਮਤਰਾਣੇ, ਟੱਪਕਈਏ, ਮੋਨੇ ਸਰਹੰਦੀਏ ਤੇ ਲਸ਼ਕਰੀਏ ਆਦਿ ।

16.ਇਕ ਘਰਾਣਾ ਕਿਵੇਂ ਹੋਂਦ ਵਿਚ ਆਉਂਦਾ ਹੈ?

ਜਿਸ ਤਰ੍ਹਾਂ ਸਭਿਅਕ ਸਮਾਜ ਵਿਚ ਇਕ ਖ਼ਾਨਦਾਨ ਹੁੰਦਾ । ਇਕ ਪੀੜੀ ਕਿਵੇਂ ਹੋਂਦ ਵਿਚ ਆਉਂਦੀ ਹੈ, ਉਸੇ ਤਰ੍ਹਾਂ ਹੀ ਕਿੰਨਰ ਸਮਾਜ ਵਿਚ ਇਕ ਘਰਾਣਾ ਹੋਂਦ ਵਿਚ ਆਉਂਦਾ ਹੈ । ਇਕ ਪੀੜ੍ਹੀ ਵਿਚ ਉਸ ਦਾ ਪਿਓ ਅੱਗੇ ਦਾਦਾ, ਪੜਦਾਦਾ ਸ਼ਾਮਲ ਹੁੰਦਾ ਹੈ । ਉਸੇ ਤਰ੍ਹਾਂ ਹੀ ਕਿੰਨਰ ਸਮਾਜ ਵਿਚ ਇਕ ਘਰਾਣਾ ਹੁੰਦਾ ਹੈ । ਹਰ ਘਰਾਣੇ ਦੇ ਆਪਣੇ ਰਸਮ-ਰਿਵਾਜ ਹੁੰਦੇ ਹਨ । ਇਲਾਕੇ ਦੇ ਅਨੁਸਾਰ ਰੀਤਾਂ-ਰਸਮਾਂ ਵਿਚ ਪਰਿਵਰਤਨ ਦੇਖੇ ਜਾ ਸਕਦੇ ਹਨ ।

17 ਤੁਹਾਡੇ ਸਮਾਜ ਦੇ ਸੁਧਾਰ ਲਈ ਪੰਜਾਬ ਵਿਚ ਕਿਹੜੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ?

ਮੈਂ ਪੰਜਾਬ ਵਿਚ ਲੁਧਿਆਣਾ ਵਿਖੇ ਚੱਲ ਰਹੀ ਮਨਸਾ ਫਾਊਂਡੇਸ਼ਨ ਨੂੰ ਚਲਾ ਰਹੀ ਹਾਂ । ਇਸ ਵਿਚ ਮੈਂ ਪੂਰੀ ਐਲ. ਜੀ .ਬੀ.ਟੀ ਕਮਨਿਊਟੀ ਨੂੰ ਧਿਆਨ ਵਿਚ ਰੱਖ ਕੇ ਕੰਮ ਕਰਦੀ ਹਾਂ । ਇਹ ਮੇਰਾ ਐਨ.ਜੀ.ਓ ਨਹੀਂ ਹੈ, ਸਗੋਂ ਸੀ. ਵੀ.ਓ ਹੈ । ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਦੇ ਸਹਿਯੋਗ ਨਾਲ ਟਾਰਗੈਟ ਇੰਟਰਵੈਸ਼ਨ ਪ੍ਰੋਗਰਾਮ (TIP) ਨੂੰ ਚਲਾਇਆ ਜਾ ਰਿਹਾ ਹੈ ।ਹਰ ਰਾਜ ਦੀਆਂ ਆਪਣੀਆਂ ਸੁਸਾਇਟੀ ਹਨ, ਜਿਵੇਂ ਰਾਜਸਥਾਨ ਦੀ ਆਪਣੀ ਅਤੇ ਪੰਜਾਬ ਦੀ ਆਪਣੀ ਹੈ । ਮੇਰਾ ਦਫ਼ਤਰ ਅੰਮ੍ਰਿਤਸਰ ਵਿਚ ਹੈ ਜਿੱਥੇ ਮੈਂ ਐਲ.ਜੀ.ਬੀ.ਟੀ ਦੇ 400 ਲੋਕਾਂ ਨੂੰ ਐੱਚ.ਆਈ. ਵੀ ਏਡਜ਼ ਸੰਬੰਧੀ ਜਾਗਰੂਕ ਕਰਦੀ ਹਾਂ । ਐਲ.ਜੀ.ਬੀ.ਟੀ ਵਿਚੋਂ ਦਸ ਹੋਰ ਲੋਕ ਮੇਰਾ ਸਹਿਯੋਗ ਦੇ ਰਹੇ ਹਨ । ਇਸ ਸੰਸਥਾ ਦੇ ਹੇਠ ਲਿਖੇ ਉਦੇਸ਼ ਹਨ ਜਿਵੇਂ-

**ਸਮਾਜਿਕ ਸਹਾਇਤਾ**- ਇਸ ਪ੍ਰੋਗਰਾਮ ਤਹਿਤ ਮੈਂ ਆਪਣੇ ਵਰਗ ਦੇ ਲੋਕਾਂ ਨੂੰ ਅਧਾਰ ਕਾਰਡ, ਪੈਨ. ਕਾਰਡ. ਵੋਟਰ ਕਾਰਡ, ਵੋਟ ਬਣਾਉਣ ਆਦਿ ਭਾਵ ਆਪਣੀ ਆਈ. ਡੀ .ਲਈ ਜੋ ਪ੍ਰਮਾਣ ਪੱਤਰ ਚਾਹੀਦੇ ਹਨ, ਉਨ੍ਹਾਂ ਸੰਬੰਧੀ ਜਾਗਰੂਕ ਕਰਦੀ ਹਾਂ ।

2 **ਸਿਹਤ ਸੰਬੰਧੀ**-ਸਿਹਤ ਸੰਬੰਧੀ ਸਾਡੇ ਵਰਗ ਦੀਆਂ ਜੋ ਸਮੱਸਿਆਵਾਂ ਹਨ ਜਿਵੇ ਵਿਸ਼ੇਸ਼ ਤੌਰ ਤੇ ਐੱਚ. ਆਈ.ਵੀ, ਏਡਜ਼, ਮਲੇਰੀਆਂ, ਡੇਂਗੂ ਆਦਿ । ਐੱਚ. ਆਈ. ਦਾ ਅਨੁਪਾਤ ਆਮ ਲੋਕਾਂ ਨਾਲੋਂ ਸਾਡੇ ਵਰਗ ਵਿਚ 20% ਜ਼ਿਆਦਾ ਹੁੰਦਾ ਹੈ, ਕਿਉਂਕਿ ਸਾਡੇ ਵਰਗ ਦੇ ਲੋਕ ਸਰੀਰਕ ਸੁਰੱਖਿਆ ਨੂੰ ਧਿਆਨ

ਵਿਚ ਰੱਖਦੇ ਹੋਏ ਕੁਝ ਵੀ ਨਹੀਂ ਵਰਤਦੇ। ਸ਼ਰਮ ਦੇ ਮਾਰੇ ਖ਼ਰੀਦਦੇ ਨਹੀਂ, ਇਨ੍ਹਾਂ ਦੇ ਪਾਰਟਨਰ ਵੀ ਬਦਲਦੇ ਰਹਿੰਦੇ ਹਨ। ਇਸ ਤੋਂ ਬਿਨਾਂ ਜਿਵੇਂ ਹੁਣ ਕਰੋਨਾ ਵਾਇਰਸ ਚੱਲ ਰਿਹਾ ਉਸ ਸੰਬੰਧੀ ਵੀ ਜਾਗਰੂਕ ਕਰਦੀ ਹਾਂ।

3. **ਭੇਦਭਾਵ (DISCRIMINATION)-** ਸਮਾਜ ਵਿਚ ਸਾਡੇ ਵਰਗ ਨਾਲ ਬਹੁਤ ਭੇਦਭਾਵ ਹੁੰਦਾ ਹੈ। ਕਈ ਸਮਾਜ ਵਿਚ ਨਸ਼ਾ ਕਰਦੇ ਹਨ ਅਤੇ ਕਈ ਸੈਕਸ ਵਰਕਰ ਹਨ। ਇਸ ਸੰਬੰਧੀ ਇਨ੍ਹਾਂ ਦੇ ਕੀ ਅਧਿਕਾਰ ਹਨ। ਕਿਸ ਤਰ੍ਹਾਂ ਇਹ ਕਾਨੂੰਨੀ ਸਹਾਇਤਾ ਲੈ ਸਕਦੇ ਹਨ। ਜਿਵੇਂ ਧਾਰਾ 377 ਦਾ ਖ਼ਤਮ ਹੋ ਜਾਣਾ ਆਦਿ।

4. **ਕਲੰਕ (STIGMA)** ਆਪਣੇ ਆਪ ਨੂੰ ਛੁਪਾ ਕੇ ਰੱਖਣਾ। ਮੈਂ ਕਿੰਨਰ ਹਾਂ ਤਾਂ ਕਿਵੇਂ ਛੁਪ ਕੇ ਰਹਿ ਸਕਦੀ ਹਾਂ। ਕਿੰਨਰ ਸਮਾਜ ਦੇ ਹੱਕਾਂ ਪ੍ਰਤੀ ਜਾਗਰੂਕ ਕਰਨਾ। ਸ਼ਰਮ ਮਹਿਸੂਸ ਕਰਨਾ ਕਿ ਮੈਂ ਕਿੰਨਰ ਹਾਂ। ਇਸ ਤਰ੍ਹਾਂ ਦੇ ਭਾਵਾਂ ਨੂੰ ਦੂਰ ਕਰਨ ਲਈ ਪ੍ਰੇਰਿਤ ਕਰਦੀ ਹਾਂ।

18. ਪੰਜਾਬ ਵਿਚ ਉਸ ਤੋਂ ਬਿਨਾਂ ਕਿਹੜੀਆਂ ਸੰਸਥਾਵਾਂ ਹਨ, ਜੋ ਕਿੰਨਰ ਵਰਗ ਲਈ ਕੰਮ ਕਰ ਰਹੀਆਂ ਹਨ?

ਪੰਜਾਬ ਵਿਚ ਸਿਰਫ਼ ਕਿੰਨਰਾਂ ਲਈ ਮਨਸਾ ਫਾਊਂਡੇਸ਼ਨ ਹੀ ਚੱਲ ਰਹੀ ਹੈ। ਇਸ ਤੋਂ ਬਿਨਾਂ ਹੋਰ ਕੋਈ ਸੰਸਥਾ ਪੰਜਾਬ ਵਿਚ ਨਹੀਂ ਚੱਲ ਰਹੀ। ਭਾਰਤ ਵਿਚ ਹਮਸਫ਼ਰ ਅਤੇ ਖ਼ੁਸ਼ੀ ਨਗਰ ਵਿਚ ਏਕਤਾ ਸੇਵਾ ਸੰਸਥਾਨ ਆਦਿ ਸੰਸਥਾਵਾਂ ਚੱਲ ਰਹੀਆਂ ਹਨ।

19. ਤੁਹਾਨੂੰ ਲੋਕ ਅਦਾਲਤ ਦੀ ਕਾਰਜਕਾਰੀ ਅਧਿਕਾਰੀ ਲਗਾਇਆ ਗਿਆ ਹੈ, ਕਿਸ ਤਰ੍ਹਾਂ?

6ਜੂਨ 2018 ਵਿਚ ਸੰਸਥਾ ਹਮਸਫ਼ਰ ਬੰਬੇ ਦੇ ਸਹਿਯੋਗ ਨਾਲ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਥਰਡ-ਜੈਂਡਰ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਕੀਤਾ ਸੀ। ਇਸ ਪ੍ਰੋਗਰਾਮ ਵਿਚ ਵਕੀਲ, ਜੱਜ, ਪੁਲੀਸ ਅਤੇ ਸੈਸ਼ਨ ਜੱਜ ਦੇ ਅਧਿਕਾਰੀ ਸ਼ਾਮਲ ਹੋਏ ਸਨ। ਪ੍ਰੋਗਰਾਮ ਦੌਰਾਨ ਉਹ ਮੇਰੀ ਸਕਿੱਲ, ਪੜ੍ਹਾਈ ਅਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਏ। ਉਸ ਸਮੇਂ ਮੈਂ ਵਧਾਈਆਂ ਲੈਣ ਜਾਂਦੀ ਸੀ ਤਾਂ ਮੇਰੀ

ਯੋਗਤਾ ਦੇਖ ਕੇ ਉਨ੍ਹਾਂ ਨੇ ਮੈਨੂੰ ਲੋਕ ਅਦਾਲਤ ਦੇ ਪੈਨਲ ਵਿਚ ਸ਼ਾਮਲ ਕਰ ਲਿਆ । ਮੈਨੂੰ ਬਹੁਤ ਚੰਗਾ ਲੱਗਿਆ ਅਤੇ ਖ਼ੁਸ਼ੀ ਹੋਈ । ਮੇਰੀ ਦਾਦੀ ਗੁਰੂ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਈ ਸੀ ।

20.ਲੋਕਾਂ ਨੂੰ ਮਿਲ ਕੇ ਕਿਸ ਤਰ੍ਹਾਂ ਲੱਗਦਾ ਹੈ?

ਸਮਾਜ ਵਿਚ ਲੋਕਾਂ ਨੂੰ ਮਿਲ ਕੇ ਬਹੁਤ ਚੰਗਾ ਲੱਗਦਾ ਹੈ । ਸਮਾਜ ਦੇ ਲੋਕ ਬਹੁਤ ਸਤਿਕਾਰ ਦਿੰਦੇ ਹਨ । ਇਸ ਸਤਿਕਾਰ ਨੂੰ ਪ੍ਰਾਪਤ ਕਰਨ ਲਈ ਤੁਹਾਡੇ ਅੰਦਰ ਵੀ ਯੋਗਤਾ ਹੋਣੀ ਚਾਹੀਦੀ ਹੈ । ਮੈਂ ਆਪਣੀ ਲਿਆਕਤ ਕਾਰਨ ਹੀ ਸਮਾਜ ਦੇ ਲੋਕਾਂ ਨਾਲ ਵਿਚਰਦੀ ਹਾਂ । ਕਦੇ ਕਿਸੇ ਵੀ ਗ਼ਲਤ ਵਿਵਹਾਰ ਦੀ ਕੋਈ ਸ਼ਿਕਾਇਤ ਨਹੀਂ ਆਈ ।

21.ਵਧਾਈ ਮੰਗਣ ਜਾਂਦੇ ਹੋ?

ਨਹੀਂ ਹੁਣ ਮੈਂ ਵਧਾਈ ਮੰਗਣ ਨਹੀਂ ਜਾਂਦੀ । ਜਦੋਂ ਡੇਰੇ ਵਿਚ ਰਹਿੰਦੀ ਸੀ ਤਾਂ ਹੀ ਵਧਾਈ ਮੰਗਦੀ ਸੀ । ਸਾਨੂੰ ਪਰਮਾਤਮਾ ਨੇ ਤੰਦਰੁਸਤ ਸਰੀਰ ਦਿੱਤਾ । ਇਸ ਤਰ੍ਹਾਂ ਪੜ੍ਹ-ਲਿਖ ਕੇ ਮੰਗ ਕੇ ਖਾਣਾ ਚੰਗਾ ਨਹੀਂ ਲੱਗਦਾ । ਆਪਣੇ ਹੱਥਾਂ ਨਾਲ ਕਮਾਈ ਕਰਨੀ ਚਾਹੀਦੀ ਹੈ । ਜਦੋਂ ਦੀ ਮੈ ਏਧਰ ਆਈ ਹਾਂ ਤਾਂ ਵਧਾਈ ਮੰਗਣੀ ਛੱਡ ਦਿੱਤੀ ਸੀ ।

22.ਡੇਰੇ ਵਿਚ ਤੁਸੀਂ ਕਿੰਨੇ ਸਾਲ ਰਹੇ?

ਮੈਂ ਡੇਰੇ ਵਿਚ 27 ਸਾਲ ਰਹੀਂ ਹਾਂ ।

23.ਰੋਜ਼ਾਨਾ ਡੇਰੇ ਦੀਆਂ ਗਤੀਵਿਧੀਆਂ ਬਾਰੇ ਦੱਸੋ?

ਸਵੇਰੇ ਜਲਦੀ ਉੱਠ ਕੇ ਮੈਂ ਡੇਰੇ ਦਾ ਸਾਰਾ ਕੰਮ-ਧੰਦਾ ਕਰਦੀ ਹਾਂ । ਅਸੀਂ ਆਪਣੇ ਪਸ਼ੂ ਰੱਖੇ ਹੋਏ ਹਨ । ਘਰ ਦਾ ਕੰਮ ਮੁਕਾ ਕੇ ਮੈਂ ਵਧਾਈ ਲੈਣ ਜਾਂਦੀ ਹਾਂ । ਡੇਰੇ ਵਿਚ ਗੁਰੂ ਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ । ਡੇਰੇ ਵਿਚ ਕੋਈ ਵੀ ਕਿੰਨਰ ਆਪਣੀ ਮਰਜ਼ੀ ਨਹੀਂ ਚਲਾ ਸਕਦਾ । ਗੁਰੂ ਦਾ ਹੁਕਮ ਹੀ ਚੱਲਦਾ ਹੈ । ਆਪਣੇ ਕੰਮ ਨਾਲ ਸੰਬੰਧਿਤ ਲੋਕਾਂ ਨਾਲ ਮੀਟਿੰਗਾਂ ਵੀ ਅਟੈਂਡ ਕਰਦੀ ਹਾਂ ।

24.ਡੇਰਿਆਂ ਵਿਚ ਜੋ ਛੋਟੇ ਕਿੰਨਰ ਬੱਚੇ ਹੁੰਦੇ ਹਨ, ਕੀ ਉਨ੍ਹਾਂ ਦੀ ਪੜਾਈ ਬਾਰੇ ਡੇਰੇ ਵਿਚ ਕੋਈ ਪ੍ਰਬੰਧ ਹੁੰਦਾ ਹੈ?

ਡੇਰੇ ਵਿਚ ਕਿੰਨਰ ਬੱਚਿਆਂ ਦੀ ਪੜਾਈ ਦਾ ਕੋਈ ਵੀ ਪ੍ਰਬੰਧ ਨਹੀਂ ਹੁੰਦਾ। ਅਸਲ ਵਿਚ ਡੇਰੇ ਵਾਲੇ ਤਾਂ ਚਾਹੁੰਦੇ ਹੀ ਨਹੀਂ ਕਿ ਕਿੰਨਰ ਬੱਚੇ ਪੜ੍ਹਨ। ਡੇਰੇ ਵਿਚ ਉਨ੍ਹਾਂ ਨੂੰ ਤਾੜੀ ਵਜਾਉਣੀ, ਨੱਚਣਾ-ਗਾਉਣਾ ਸਿਖਾਇਆ ਜਾਂਦਾ ਹੈ। ਉਸ ਤੋਂ ਬਿਨਾਂ ਡੇਰੇ ਦੇ ਰੋਜ਼ਾਨਾ ਕੰਮ-ਧੰਦੇ ਕਰੋ। ਜੇਕਰ ਕੋਈ ਡੇਰੇ ਵਾਲਾ ਕਿੰਨਰ ਆਪ ਪੜ੍ਹਨਾ ਚਾਹੁੰਦਾ ਹੈ ਤਾਂ ਉਸ ਦੇ ਰਾਹ ਵਿਚ ਬਹੁਤ ਰੁਕਾਵਟਾਂ ਪਾਈਆਂ ਜਾਂਦੀਆਂ।

25.ਕਿੰਨਰ ਬੱਚਿਆਂ ਨੂੰ ਸਿੱਖਿਆਂ ਪ੍ਰਾਪਤ ਕਰਨ ਵਿਚ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ?

ਕਿੰਨਰ ਬੱਚਿਆਂ ਨੂੰ ਸਿੱਖਿਆਂ ਪ੍ਰਾਪਤ ਕਰਨ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲਾ ਤਾਂ ਕੋਈ ਡੇਰਾ ਸਿੱਖਿਆ ਪ੍ਰਾਪਤ ਹੀ ਨਹੀਂ ਕਰਨ ਦਿੰਦਾ। ਜੇਕਰ ਕੋਈ ਪ੍ਰਾਈਵੇਟ ਪੜਾਈ ਕਰਦਾ ਹੈ ਤਾਂ ਡੇਰੇ ਵਿਚੋਂ ਛੁੱਟੀ ਨਹੀਂ ਦਿੰਦੇ। ਮੈਂ ਵੀ ਆਪਣੀ ਪੜ੍ਹਾਈ ਬੜੀ ਮੁਸ਼ਕਿਲ ਨਾਲ ਹੀ ਕੀਤੀ ਸੀ। ਬੀ.ਏ ਤਿੰਨ ਸਾਲ ਵਿਚ ਹੋ ਜਾਂਦੀ ਹੈ ਪਰ ਮੈਂ ਚਾਰ ਸਾਲਾਂ ਵਿਚ ਕੀਤੀ।

26. ਪਰਿਵਾਰ ਨਾਲੋਂ ਵੱਖ ਹੋਣ ਤੇ ਬਾਅਦ ਵਿਚ ਮੇਲ-ਮਿਲਾਪ ਰੱਖਦੇ ਹੋ?

ਬੱਚਾ ਤਾਂ ਚਾਹੁੰਦਾ ਹੀ ਹੈ ਕਿ ਉਹ ਆਪਣੇ ਪਰਿਵਾਰ ਨਾਲ ਮਿਲੇ। ਡੇਰੇ ਵਿਚ ਪਰਿਵਾਰ ਨੂੰ ਨਹੀਂ ਮਿਲਿਆ ਜਾ ਸਕਦਾ। ਚੋਰੀਓਂ ਹੀ ਮਿਲਦੇ ਹਾਂ। ਬੱਚੇ ਨੂੰ ਤਾਂ ਪਰਿਵਾਰ ਨਾਲੋਂ ਤੋੜ ਹੀ ਲਿਆ ਜਾਂਦਾ ਹੈ। ਜੇਕਰ ਕਿੰਨਰ ਬੱਚਾ ਪਰਿਵਾਰ ਨਾਲ ਇਸ ਤਰ੍ਹਾਂ ਹੀ ਮਿਲਦਾ ਰਿਹਾ ਤਾਂ ਡੇਰੇ ਵਿਚ ਰਹਿਣਾ ਮੁਸ਼ਕਿਲ ਹੈ।

27. ਪਰਿਵਾਰ ਵਿਚ ਰਹਿ ਕੇ ਜ਼ਿੰਦਗੀ ਬਿਤਾਉਣਾ ਚਾਹੁੰਦੇ ਹੋ?

ਪਰਿਵਾਰ ਵਿਚ ਮੋਹ ਉਦੋਂ ਤੱਕ ਹੀ ਰਹਿੰਦਾ ਹੈ, ਜਦੋਂ ਤੁਸੀਂ ਪਰਿਵਾਰ ਵਿਚ ਹੋ। ਪਰਿਵਾਰ ਛੱਡਣ ਤੋਂ ਬਾਅਦ ਇਹ ਮੋਹ ਲਗਾਤਾਰ ਘਟਦਾ ਜਾਂਦਾ ਹੈ। ਪਰਿਵਾਰ ਵਿਚ ਸਾਂਝ ਹੀ ਮਾਂ-ਬਾਪ ਨਾਲ ਹੁੰਦੀ ਹੈ। ਭੈਣ-ਭਰਾਵਾਂ ਦੀ ਆਪਣੀ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ। ਪਰਿਵਾਰਕ ਦੂਰੀਆਂ ਦੇ ਫ਼ਾਸਲੇ ਕਾਰਨ ਮਿਲੇ ਦਰਦਾਂ ਦੇ

ਜ਼ਖ਼ਮਾਂ ਨੂੰ ਭਰਨਾ ਬਹੁਤ ਔਖਾ ਹੈ। ਡੇਰੇ ਵਿਚ ਆਉਣ ਤੋਂ ਬਾਅਦ ਇਕ ਅਲੱਗ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ। ਮੁੜ ਪਰਿਵਾਰ ਵਿਚ ਜਾ ਕੇ ਰਹਿਣਾ ਬਹੁਤ ਔਖਾ ਹੈ। ਸਮਾਜ ਪਹਿਲਾ ਪਰਿਵਾਰ ਛੁਡਾ ਦਿੰਦਾ ਹੈ ਫਿਰ ਮੁੜ ਕਿਵੇਂ ਜੁੜਿਆ ਜਾ ਸਕਦਾ ਹੈ ?

28 ਤੁਹਾਡੇ ਗੁਰੂ ਦਾ ਕੀ ਨਾਮ ਹੈ?

ਮੇਰੀ ਗੁਰੂ ਦਾ ਨਾਂ ਮਹੰਤ ਮੇਹਸ਼ੋ ਹੈ। ਮੇਰੀ ਦਾਦੀ ਗੁਰੂ ਵੀ ਹੈ।

29.ਡੇਰਾ ਛੱਡਣ ਤੋਂ ਬਾਅਦ ਗੁਰੂ ਨਾਲ ਸੰਬੰਧ ਰਹਿੰਦਾ ਹੈ?

ਡੇਰਾ ਛੱਡਣ ਤੋਂ ਬਾਅਦ ਆਮ ਤੌਰ ਉੱਤੇ ਗੁਰੂ ਨਾਲ ਸੰਬੰਧ ਨਹੀਂ ਰਹਿੰਦਾ। ਇਹ ਜ਼ਿਆਦਾ ਤਰ ਸਾਡੇ ਸੰਬੰਧਾਂ ਉੱਪਰ ਨਿਰਭਰ ਕਰਦਾ ਹੈ। ਜਿੱਥੋਂ ਤੱਕ ਮੇਰੇ ਸੰਬੰਧਾਂ ਦੀ ਗੱਲ ਹੈ। ਮੇਰੀ ਗੁਰੂ ਹੁਣ ਵੀ ਮੈਨੂੰ ਫ਼ੋਨ ਕਰ ਲੈਂਦੀ ਹੈ। ਡੇਰਾ ਛੱਡਣ ਤੋਂ ਬਾਅਦ ਮੈਨੂੰ ਮੇਰੀ ਦਾਦੀ ਗੁਰੂ ਨੇ ਕਹਿ ਦਿੱਤਾ ਸੀ ਕਿ ਤੂੰ ਤਾਂ ਇਸ ਤਰ੍ਹਾਂ ਵੱਡੇ ਲੋਕਾਂ ਨਾਲ ਬੈਠਦੀ ਹੈ। ਅਸੀਂ ਤੈਨੂੰ ਡੇਰੇ ਵਿਚ ਨਹੀਂ ਰੱਖ ਸਕਦੇ ਅਤੇ ਨਾ ਹੀ ਤੂੰ ਟੋਲੀ ਵਧਾਈ ਮੰਗਣ ਜਾ ਸਕਦੀ ਹੈ। ਇਸ ਨਾਲ ਮੈਂ ਸਹਿਮਤ ਸੀ। ਅਸਲ ਵਿਚ ਮੇਰਾ ਡੇਰਾ ਛੱਡਣ ਦਾ ਕਾਰਨ ਹੀ ਡੇਰੇ ਤੋਂ ਬਾਹਰ ਦੀਆਂ ਗਤੀਵਿਧੀਆਂ ਵਿਚ ਭਾਗ ਲੈਣਾ ਸੀ , ਜੋ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ ਸੀ

30.ਕੀ ਗੁਰੂ ਦਾ ਉਪਦੇਸ਼ ਹੀ ਸਭ ਤੋਂ ਉੱਪਰ ਹੁੰਦਾ ਹੈ?

ਡੇਰੇ ਵਿਚ ਗੁਰੂ ਦਾ ਉਪਦੇਸ਼ ਹੀ ਸਭ ਕੁਝ ਹੁੰਦਾ ਹੈ। ਇਸ ਦੀ ਕੋਈ ਵੀ ਚੇਲਾ ਉਲੰਘਣਾ ਨਹੀਂ ਕਰ ਸਕਦਾ। ਡੇਰੇ ਵਿਚ ਗੁਰੂ ਦੇ ਅਨੁਸਾਰ ਹੀ ਰਹਿਣਾ ਪੈਂਦਾ ਹੈ।

31.ਗੁਰੂ ਚੇਲੇ ਦੀ ਪਰੰਪਰਾ ਬਾਰੇ ਵੀ ਦੱਸੋ?

ਡੇਰੇ ਵਿਚ ਜਦੋਂ ਚੇਲਾ ਕੀਤਾ ਜਾਂਦਾ ਹੈ ਤਾਂ ਉਸ ਨੂੰ ਤਿਆਰ ਕਰਕੇ ਬੈਠਇਆ ਜਾਂਦਾ ਹੈ। ਗੁਰੂ ਆਪਣੇ ਨਾਂ ਦੀ ਚੁੰਨੀ ਦਿੰਦਾ ਹੈ। ਇਸ ਮੌਕੇ ਸੱਦੀ ਹੋਈ ਕਿੰਨਰ ਬਰਾਦਰੀ ਸ਼ਗਨ ਦਿੰਦੀ ਹੈ। ਗੁਰੂ ਵੀ ਚੇਲੇ ਉੱਪਰ ਦੀ ਸ਼ਗਨ ਵਾਰ ਕੇ ਦਿੰਦਾ ਹੈ। ਜਿਸ ਨੂੰ ਕਿੰਨਰ ਸਮਾਜ ਵਿਚ 'ਰੀਤ' ਕਿਹਾ ਜਾਂਦਾ ਹੈ।

32.ਸਮਾਜ ਵਿਚ ਆਮ ਧਾਰਨਾ ਬਣੀ ਹੋਈ ਕਿ ਲਾਸ਼ ਨੂੰ ਛਿੱਤਰ ਮਾਰਦੇ ਹੋ, ਇਸ ਵਿਚ ਕਿੰਨੀ ਕੁ ਸਚਾਈ ਹੈ?

ਇਸ ਵਿਚ ਹੁਣ ਕੋਈ ਸਚਾਈ ਨਹੀਂ ਹੈ। ਇਹ ਪਹਿਲਾ ਦੀਆਂ ਗੱਲਾਂ ਹਨ। ਇਹ ਸਮਾਜ ਨੇ ਐਵੇਂ ਹੀ ਅਫ਼ਵਾਹਾਂ ਉਡਾਈਆਂ ਹੋਈਆ ਹਨ। ਪੁਰਾਣੀਆਂ ਰੀਤਾਂ ਹਨ ਜੋ ਹੁਣ ਹੌਲੀ-ਹੌਲੀ ਖ਼ਤਮ ਹੋ ਰਹੀਆਂ ਹਨ।

33 .ਅੰਤਿਮ ਸਸਕਾਰ ਹੁੰਦਾ ਹੈ ਜਾਂ ਦਫ਼ਨਾਇਆ ਜਾਂਦਾ ਹੈ। ਇਸ ਦਾ ਸਮਾਂ ਕੀ ਹੈ?

ਪੂਰੇ ਭਾਰਤ ਵਿਚ ਕਿੰਨਰਾਂ ਲਈ ਕੋਈ ਵੀ ਸ਼ਮਸ਼ਾਨ ਘਾਟ ਨਹੀਂ ਹੈ। ਹਰ ਧਰਮ ਆਪਣੇ ਅਨੁਸਾਰ ਅੰਤਿਮ ਰਸਮਾਂ ਨੂੰ ਨਿਭਾਉਂਦਾ ਹੈ। ਹਿੰਦੂ, ਈਸਾਈ ਅਤੇ ਮੁਸਲਿਮ ਧਰਮ ਦੀਆਂ ਆਪਣੀਆਂ ਰਸਮਾਂ ਹੁੰਦੀਆਂ ਹਨ। ਕਿੰਨਰ ਸਮਾਜ ਵਿਚ ਅੰਤਿਮ ਰਸਮਾਂ ਨੂੰ ਦਿਨ ਛਿਪਣ ਤੋਂ ਬਾਅਦ ਨਿਭਾਇਆ ਜਾਂਦਾ ਹੈ। ਇਹ ਕਿੰਨਰ ਸਮਾਜ ਦੀ ਪਹਿਲਾ ਤੋਂ ਹੀ ਚੱਲੀ ਆ ਰਹੀ ਰੀਤ ਹੈ। ਜੇ ਅਸੀਂ ਕਿਸੇ ਹੋਰ ਧਰਮ ਦੇ ਸ਼ਮਸ਼ਾਨ ਘਾਟ ਨੂੰ ਵਰਤਦੇ ਹਾਂ ਤਾਂ ਉਸ ਸਮੇਂ ਉੱਥੇ ਤਾਲਾ ਲੱਗਿਆ ਹੁੰਦਾ ਹੈ। ਕੋਈ ਵੀ ਕਰਮਚਾਰੀ ਸਾਨੂੰ ਨਹੀਂ ਸੁਣਦਾ। ਇਸ ਲਈ ਕਿੰਨਰਾਂ ਦੇ ਲਈ ਵੀ ਅਲੱਗ ਸ਼ਮਸ਼ਾਨ ਘਾਟ ਹੋਣਾ ਚਾਹੀਦਾ ਹੈ। ਜਿਉਂਦੇ ਜੀਅ ਤਾਂ ਅਸੀਂ ਸਮਾਜ ਵਿਚ ਭੇਦਭਾਵ ਨੂੰ ਸਹਿੰਦੇ ਹੀ ਹਾਂ ਪਰ ਮਰਨ ਸਮੇਂ ਵੀ ਸਾਡੇ ਨਾਲ ਵਿਤਕਰਾ ਕਰਿਆ ਜਾਂਦਾ ਹੈ। ਕੀ ਸਮਾਜ ਵਿਚ ਸਾਡੇ ਲਈ ਕੋਈ ਥਾਂ ਨਹੀਂ ਹੈ ? ਅਸੀਂ ਆਪਣੇ ਸਮਾਜ ਦੇ ਮੈਂਬਰਾਂ ਦੀਆਂ ਅੰਤਿਮ ਰਸਮਾਂ ਨੂੰ ਪੂਰੇ ਸਤਿਕਾਰ ਨਾਲ ਨਿਭਾ ਸਕੀਆਂ। ਹਰ ਪਿੰਡ, ਸ਼ਹਿਰ ਵਿਚ ਇਹ ਸੁਵਿਧਾ ਮਿਲਣੀ ਚਾਹੀਦੀ ਹੈ। ਅੱਜ ਵੀ ਕੋਈ ਕਿੰਨਰ ਮਰਦਾ ਹੈ ਤਾਂ ਡੇਰੇ ਵਿਚ ਹੀ ਦਫ਼ਨਾ ਦਿੰਦੇ ਹਾਂ। ਆਮ ਤੌਰ ਤੇ ਇਕ ਕਿੰਨਰ ਨੂੰ ਦਫ਼ਨਾਇਆ ਹੀ ਜਾਂਦਾ ਹੈ। ਸਾਡੀ ਭਾਸ਼ਾ ਵਿਚ ਇਸ ਨੂੰ (ਨੌਂ ਮਣ ਮਿੱਟੀ ਥੱਲੇ ਆ) ਦਫ਼ਨਾਉਣਾ ਕਿਹਾ ਜਾਂਦਾ ਹੈ।

34 .ਆਮ ਲੋਕ ਅੰਤਿਮ ਸਸਕਾਰ ਵੇਲੇ ਸ਼ਾਮਲ ਹੁੰਦੇ ਹਨ?

ਨਹੀਂ ਸਮਾਜ ਦੇ ਆਮ ਲੋਕ ਅੰਤਿਮ ਰਸਮਾਂ ਵਿਚ ਸ਼ਾਮਲ ਨਹੀਂ ਹੁੰਦੇ। ਹਾਂ ਕਈ ਵਾਰ ਜਿਸ ਵਿਅਕਤੀ ਦਾ ਕਿੰਨਰ ਸਮਾਜ ਨਾਲ ਵਰਤ-ਵਿਹਾਰ ਹੈ, ਉਹ ਬੇਸ਼ੱਕ ਆ ਜਾਵੇ। ਸਾਡੇ ਆਪਣੇ ਸਮਾਜ ਵਿਚੋਂ ਵੀ ਬਜ਼ੁਰਗ ਹੀ ਜਾਂਦੇ ਹਨ ਭਾਵ ਹਰ ਕਿੰਨਰ ਨਹੀਂ ਜਾਂਦਾ।

35 ਤੁਹਾਡੇ ਸਮਾਜ ਨੂੰ ਸਰਕਾਰ ਵੱਲੋਂ ਕੋਈ ਸਹਾਇਤਾ ਮਿਲਦੀ ਹੈ?

ਸਰਕਾਰ ਵੱਲੋਂ ਕਿੰਨਰ ਸਮਾਜ ਲਈ ਕੋਈ ਵੀ ਸਹਾਇਤਾ ਨਹੀਂ ਦਿੱਤੀ ਜਾਂਦੀ। ਜਿਸ ਤਰ੍ਹਾਂ ਸਮਾਜ ਵਿਚ ਹੋਰ ਵਰਗ ਵੀ ਹਨ ਜੋ ਹਾਸ਼ੀਏ ਉੱਤੇ ਧੱਕੇ ਹੋਏ ਹਨ ਜਿਵੇਂ ਦਲਿਤ ਜਾਂ ਔਰਤਾਂ ਲਈ ਵਿਸ਼ੇਸ਼ ਛੋਟਾਂ ਹਨ ਬੇਟੀ ਪੜਾਓ ਬੇਟੀ ਬਚਾਓ ਦੇ ਨਾਅਰੇ ਲਗਾਏ ਜਾਂਦੇ ਹਨ। ਉਸੇ ਤਰ੍ਹਾਂ ਕਿੰਨਰਾਂ ਲਈ ਕੁਝ ਵੀ ਨਹੀਂ ਹੈ। ਸਮਾਜ ਵਿਚ ਹੋਰ ਵਿਅਕਤੀਆਂ ਨੂੰ ਜਿਵੇਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਕਿਸਾਨ ਖ਼ੁਦਕੁਸ਼ੀ ਕਰ ਰਿਹਾ ਹੈ, ਉਸ ਲਈ ਵਿਸ਼ੇਸ਼ ਛੋਟਾਂ ਦਿੱਤੀਆਂ ਜਾਂ ਰਹੀਆਂ ਹਨ। ਕਿੰਨਰ ਸਮਾਜ ਲਈ ਅਜਿਹਾ ਕੁਝ ਵੀ ਨਹੀਂ ਹੈ। ਬੁਢਾਪਾ ਤਾਂ ਸਾਡੇ ਉੱਤੇ ਵੀ ਆਉਂਦਾ ਹੈ। ਜ਼ਬਾਨੀ ਵਿਚ ਤਾਂ ਨੱਚ-ਗਾਂ ਕੇ ਟੋਲੀ ਵਧਾਈ ਮੰਗ ਲੈਂਦੇ ਹਾਂ। ਬੁਢਾਪੇ ਵਿਚ ਤਾਂ ਸਰੀਰ ਵੀ ਜਵਾਬ ਦੇ ਜਾਂਦਾ ਹੈ। ਸਰਕਾਰਾਂ ਨੂੰ ਮਾਨਵੀ ਹੱਕਾਂ ਨੂੰ ਧਿਆਨ ਵਿਚ ਰੱਖਦੇ ਹੋਏ ਕੁਝ ਸੋਚਣਾ ਚਾਹੀਦਾ ਹੈ। ਪੱਕੇ ਮਕਾਨ ਵੀ ਸਾਡੇ ਕੋਲ ਨਹੀਂ ਹਨ। ਜੇਕਰ ਕੋਈ ਕਿੰਨਰ ਡੇਰੇ ਵਿਚ ਕੱਢ ਦਿੱਤਾ ਜਾਂਦਾ ਹੈ ਤਾਂ ਉਹ ਕਿਧਰ ਜਾਵੇ। ਉਹ ਕੀ ਕੰਮ ਕਰੇ ਤਾਂ ਕਿ ਕਮਾ ਕੇ ਆਪਣੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰ ਸਕੇ। ਭਵਿੱਖ ਵਿਚ ਆਸ ਕੀਤੀ ਜਾ ਸਕਦੀ ਹੈ ਕਿ ਸਰਕਾਰਾਂ ਸਾਨੂੰ ਦੂਜੇ ਵਰਗਾ ਦੀ ਤਰ੍ਹਾਂ ਵਿਸ਼ੇਸ਼ ਛੋਟਾਂ ਦੇਣ। ਕਰੋਨਾ ਦੀ ਮਹਾਂਮਾਰੀ ਦੌਰਾਨ ਮਨਿਸਟਰੀ ਵੱਲੋਂ ਮੈਨੂੰ ਫ਼ੋਨ ਆਇਆ ਕਿ ਕਿੰਨਰਾਂ ਦੇ ਖਾਤੇ ਵਿਚ 3000 ਰੁਪਏ ਪਾ ਰਹੇ ਹਾਂ , ਇਸ ਲਈ ਫਾਰਮ ਆਨਲਾਈਨ ਕੀਤਾ ਜਾਵੇ। ਇਸ ਗੱਲ ਲਈ ਵੀ ਕਿੰਨਰ ਵਿਸ਼ਵਾਸ ਕਰਨ ਲਈ ਤਿਆਰ ਨਾ ਹੋਏ ਤਾਂ ਮੈਂ ਖ਼ੁਦ ਦੱਸਿਆ ਕਿ ਮੇਰੇ ਪੈਸੇ ਆ ਗਏ ਫਿਰ ਕਿਤੇ ਜਾ ਕੇ ਫਾਰਮ ਭਰਨ ਲਈ ਤਿਆਰ ਹੋਏ।

36.ਕਿੰਨਰ ਸਮਾਜ ਆਪਣੇ ਅਧਿਕਾਰਾਂ ਪ੍ਰਤੀ ਕਿੰਨਾ ਕੁ ਸੁਚੇਤ ਹੈ?

ਕਿੰਨਰ ਸਮਾਜ ਆਪਣੇ ਅਧਿਕਾਰਾਂ ਪ੍ਰਤੀ ਬਿਲਕੁਲ ਵੀ ਸੁਚੇਤ ਨਹੀਂ ਹੈ। ਜੋ ਕਿੰਨਰ ਪੜ੍ਹੇ-ਲਿਖੇ ਹਨ, ਉਹ ਆਪਣੇ ਅਧਿਕਾਰਾਂ ਤੋਂ ਜਾਣੂ ਹਨ। ਡੇਰੇ ਦੇ ਕਿੰਨਰ ਤਾਂ ਬਿਲਕੁਲ ਅਨਪੜ੍ਹ ਹੁੰਦੇ ਹਨ। ਉਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਕੋਈ ਗਿਆਨ ਨਹੀਂ ਹੁੰਦਾ। ਉਹ ਸਿਰਫ਼ ਵਧਾਈ ਮੰਗਣ ਤੱਕ ਹੀ ਸੀਮਤ ਹਨ। ਜਦੋਂ ਮਾਂ-ਬਾਪ ਨੂੰ ਹੀ ਪਤਾ ਨਹੀਂ ਤਾਂ ਉਹ ਆਪਣੇ ਬੱਚਿਆਂ ਨੂੰ ਕੀ ਸਿਖਾ ਸਕਦੇ ਹਨ?

37.ਤੁਹਾਡੇ ਸਮਾਜ ਬਾਰੇ ਜੋ ਵੀ ਖੋਜ-ਕਾਰਜ ਹੋ ਰਹੇ ਹਨ। ਕੀ ਇਸ ਨਾਲ ਕੋਈ ਬਦਲਾਅ ਆਏਗਾ?

ਬਿਲਕੁਲ ਆਉਣਾ ਚਾਹੀਦਾ ਹੈ। ਇਸ ਨਾਲ ਕਿੰਨਰਾਂ ਦੀ ਜੀਵਨ-ਸ਼ੈਲੀ ਦੇ ਵਿਭਿੰਨ ਰੂਪ ਸਾਹਮਣੇ ਆਉਣਗੇ। ਇਸ ਤੋਂ ਪਹਿਲਾ ਕਿੰਨਰ ਸਮਾਜ ਇਕ ਬੰਦ ਸਮਾਜ ਸੀ। ਸਭਿਅਕ ਸਮਾਜ ਇਸ ਨਾਲ ਕੋਈ ਵਰਤ-ਵਿਹਾਰ ਨਹੀਂ ਸੀ। ਕਿੰਨਰ ਸਿਰਫ਼ ਵਧਾਈ ਮੰਗਣ ਤੱਕ ਸੀਮਤ ਸਨ। ਮੇਕਅਪ ਕੀਤੇ ਚਿਹਰੇ ਦੇ ਪਿੱਛੇ ਇਕ ਦਰਦ ਲੁਕਿਆ ਹੁੰਦਾ ਹੈ ਜੋ ਇਨ੍ਹਾਂ ਖੋਜ-ਕਾਰਜਾਂ ਰਾਹੀਂ ਸਾਹਮਣੇ ਆਏਗਾ।

38.ਖੋਜਾਰਥੀ ਨੂੰ ਤੁਹਾਡੇ ਸਮਾਜ ਦੇ ਲੋਕ ਸਹੀ ਜਾਣਕਾਰੀ ਦਿੰਦੇ ਹਨ?

ਹਰ ਵਿਅਕਤੀ ਦੀ ਆਪਣੀ-ਆਪਣੀ ਸੋਚ ਹੁੰਦੀ ਹੈ। ਇਸ ਬਾਰੇ ਮੈਂ ਜ਼ਿਆਦਾ ਕੁਝ ਨਹੀਂ ਕਹਿ ਸਕਦੀ। ਇਸ ਦਾ ਇਕ ਕਾਰਨ ਤਾਂ ਹੈ ਕਿ ਕਿੰਨਰ ਸਮਾਜ ਸਿੱਖਿਆ ਤੋਂ ਵਾਂਝਾ ਹੁੰਦਾ। ਸਭਿਅਕ ਸਮਾਜ ਨਾਲੋਂ ਪੂਰੀ ਤਰ੍ਹਾਂ ਟੁੱਟਿਆ ਹੁੰਦਾ ਹੈ। ਪੜ੍ਹੇ-ਲਿਖੇ ਤਾਂ ਸਹੀ ਗੱਲਬਾਤ ਕਰਨ ਲਈ ਤਿਆਰ ਹੋ ਜਾਂਦੇ ਹਨ। ਡੇਰਿਆਂ ਵਾਲੇ ਕਿੰਨਰ ਛੇਤੀ ਕਿਤੇ ਗੱਲਬਾਤ ਦੱਸਣ ਲਈ ਸਹਿਮਤ ਨਹੀਂ ਹੁੰਦੇ। ਇਹ ਮੇਰਾ ਆਪਣਾ ਅਨੁਭਵ ਹੈ ਕਿਉਂਕਿ ਮੈਂ ਵੀ ਡੇਰਿਆਂ ਵਿਚ ਬਹੁਤ ਸਮਾਂ ਰਹੀਂ ਹਾਂ

39.ਥਰਡ-ਜੈਂਡਰ ਦੀ ਮਾਨਤਾ ਮਿਲਣ ਤੋਂ ਬਾਅਦ ਸਮਾਜਿਕ ਪ੍ਰਸਥਿਤੀਆਂ ਵਿਚ ਕਿੰਨਾ ਕੁ ਪਰਿਵਰਤਨ ਆਇਆ ਹੈ?

ਥਰਡ-ਜੈਂਡਰ ਦੀ ਮਾਨਤਾ ਮਿਲਣ ਤੋਂ ਬਾਅਦ ਜੋ ਪਰਿਵਰਤਨ ਆਉਣਾ ਚਾਹੀਦਾ ਸੀ , ਉਹ ਤਾਂ ਨਹੀਂ ਆਇਆ। ਕਾਨੂੰਨੀ ਹੱਕ ਤਾਂ ਮਿਲ ਗਿਆ ਪਰ ਸਮਾਜਿਕ ਮਾਨਤਾ ਲੈਣ ਲਈ ਕਾਫ਼ੀ ਸੰਘਰਸ਼ ਕਰਨ ਦੀ

ਲੋੜ ਹੈ। ਮਾਨਤਾ ਮਿਲਣ ਤੋਂ ਬਾਅਦ ਕਿੰਨਰ ਸਮਾਜ ਦੇ ਲੋਕ ਤਕਰੀਬਨ ਹਰ ਰਾਜ ਵਿਚੋਂ ਬਾਹਰ ਨਿਕਲ ਕੇ ਕਿੰਨਰਾਂ ਦੇ ਹੱਕਾਂ ਲਈ ਲੜ ਰਹੇ ਹਨ ਜਿਵੇਂ ਪੰਜਾਬ ਵਿਚੋਂ ਮੈਂ , ਧੰਨਜੇ, ਬਿਹਾਰ ਵਿਚੋਂ ਵਿੱਦਿਆ , ਰਾਜਸਥਾਨ ਵਿਚੋਂ ਪੂਜਾ , ਗੁਜਰਾਤ ਵਿਚੋਂ ਅੰਨੁਗ ਆਦਿ। ਹਰ ਰਾਜ ਵਿਚੋਂ ਹੀ ਦੋ-ਚਾਰ ਆਗੂ ਮਿਲ ਜਾਣਗੇ ਜੋ ਆਪਣੇ ਸਮਾਜ ਦੇ ਹਿੱਤਾਂ ਲਈ ਭਾਈਚਾਰੇ ਨੂੰ ਜਾਗਰੂਕ ਕਰਨ ਲਈ ਅੱਗੇ ਲੱਗੇ ਹੋਏ ਹਨ। ਅਸਲ ਵਿਚ ਡੇਰੇ ਦੇ ਬਹੁਤ ਕਿੰਨਰਾਂ ਨੂੰ ਤਾਂ ਪਤਾ ਹੀ ਨਹੀਂ ਕਿ ਸਾਨੂੰ ਥਰਡ-ਜੈਡਰ ਦੇ ਰੂਪ ਵਿਚ ਮਾਨਤਾ ਮਿਲ ਚੁੱਕੀ ਹੈ। ਇਸ ਲਈ ਸਾਨੂੰ ਜਾਗਰੂਕ ਕਰਨ ਦੀ ਲੋੜ ਹੈ ਤਕਰੀਬਨ ਹਰ ਡੇਰੇ ਵਿਚ ਇਹ ਆਵਾਜ਼ ਪਹੁੰਚਣੀ ਚਾਹੀਦੀ ਹੈ।

40.ਅਸਲੀ ਤੇ ਨਕਲੀ ਕਿੰਨਰ ਵਿਚ ਕੀ ਫ਼ਰਕ ਹੈ?

ਅਸਲੀ ਅਤੇ ਨਕਲੀ ਦਾ ਫ਼ਰਕ ਨਿਰਵਾਣ ਅਤੇ ਅਕਬਾ ਦਾ ਹੀ ਹੁੰਦਾ ਹੈ। ਜਿਸ ਨੇ ਨਿਰਵਾਣ ਪ੍ਰਾਪਤ ਕਰ ਲਿਆ, ਉਹ ਅਸਲੀ ਕਿੰਨਰ ਨਹੀਂ ਹੈ। ਇਸ ਨਾਲ ਅਸੀਂ ਕੁਦਰਤ ਦੀ ਦਿੱਤੀ ਦਾਤ ਨੂੰ ਨਸ਼ਟ ਕਰ ਦਿੰਦੇ ਹਾਂ ਜੋ ਕਿ ਗ਼ਲਤ ਹੈ। ਇਹ ਰੁਝਾਨ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਕਿੰਨਰਾਂ ਦੇ ਅਕਸ ਨੂੰ ਠੇਸ ਲੱਗੇਗੀ। ਦੋਨੋਂ ਕਿੰਨਰ ਹੀ ਹੁੰਦੇ ਹਨ ,ਦੋਨੋਂ ਹੀ ਡੇਰੇ ਵਿਚ ਰਹਿੰਦੇ ਹਨ , ਫ਼ਰਕ ਹੈ ਤਾਂ ਸਿਰਫ਼ ਸਰਜਰੀ ਦਾ ਹੀ ਹੈ। ਉਂਝ ਕੋਈ ਮੇਲ ਫੀਮੇਲ ਨਹੀਂ ਹੁੰਦਾ। ਇਸ ਤਰ੍ਹਾਂ ਹੀ ਬਣਦੇ ਹਨ। ਇਹ ਡੇਰਿਆਂ ਵਿਚ ਪਹਿਲਾ ਵੀ ਕੀਤਾ ਜਾਂਦਾ ਸੀ ਪਰ ਹੁਣ ਡਾਕਟਰ ਕਰ ਦਿੰਦੇ ਹਨ। ਡੇਰਿਆਂ ਵਿਚ ਕਰਨ ਵੇਲੇ ਸਰੀਰ ਨੂੰ ਤਕਲੀਫ਼ ਵਧੇਰੇ ਆਉਂਦੀ ਸੀ, ਇਸ ਲਈ ਛੇਤੀ ਕਿਤੇ ਕੋਈ ਨਿਰਵਾਣ ਕਰਵਾਉਣ ਲਈ ਰਾਜ਼ੀ ਨਹੀਂ ਹੁੰਦਾ ਸੀ।

41.ਬੱਸਾਂ-ਗੱਡੀਆਂ ਵਿਚ ਜੋ ਮੰਗਦੇ ਹਨ ਜਾਂ ਲੋਕਾਂ ਨਾਲ ਧੱਕਾ ਕਰਦੇ ਹਨ? ਕੀ ਅਜਿਹਾ ਕਰਨਾ ਸਹੀ ਹੈ?

ਕਿਸੇ ਨਾਲ ਵੀ ਧੱਕਾ ਕਰਨਾ ਸਹੀ ਨਹੀਂ ਹੈ। ਮੈਂ ਇਸ ਦੇ ਹੱਕ ਵਿਚ ਨਹੀਂ। ਪਰਮਾਤਮਾ ਨੇ ਸਾਨੂੰ ਸਹੀ ਹੱਥ-ਪੈਰ ਦਿੱਤੇ ਹਨ। ਜੇ ਸਮਾਜ ਕੰਮ ਦੇ ਮੌਕੇ ਨਹੀਂ ਦਿੰਦਾ ਤਾਂ ਅਸੀਂ ਆਪਣਾ ਬਿਜ਼ਨਸ ਵੀ ਕਰ ਸਕਦੇ ਹਾਂ। ਹੋਰ ਨਹੀਂ ਤਾਂ ਕਿਤੇ ਚਾਹ ਦਾ ਢਾਬਾ ਹੀ ਖੋਲ ਲਵੋ। ਸਾਨੂੰ ਕੋਈ ਨੌਕਰੀ ਨਹੀਂ ਦਿੰਦਾ, ਕੋਈ ਘਰਾਂ ਵਿਚ ਕੰਮ ਨਹੀਂ ਕਰਵਾਉਂਦਾ। ਅਸੀਂ ਕੋਈ ਖ਼ੁਦ ਦਾ ਬਿਜ਼ਨਸ ਤਾਂ ਚਲਾ ਹੀ ਸਕਦੇ ਹਾਂ। ਵਧਾਈ ਮੰਗਣਾ ਸਾਡਾ

ਹੱਕ ਹੈ। ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਗੁਜ਼ਾਰਾ ਵੀ ਤਾਂ ਨਹੀਂ ਹੁੰਦਾ। ਇਸ ਤਰ੍ਹਾਂ ਧੱਕੇ ਖਾਣ ਨਾਲੋਂ ਕੋਈ ਕੰਮ-ਧੰਦਾ ਸ਼ੁਰੂ ਕਰ ਲੈਣਾ ਚਾਹੀਦਾ ਹੈ।

42.ਆਪਣੇ ਸਮਾਜ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਵਿਚ ਤੁਹਾਡਾ ਕੀ ਯੋਗਦਾਨ ਹੈ?

ਜਿਸ ਤਰ੍ਹਾਂ ਮੈਂ ਮਨਸਾ ਫਾਊਂਡੇਸ਼ਨ ਚਲਾ ਰਹੀ ਹਾਂ। ਇਸ ਸੰਸਥਾ ਰਾਹੀਂ ਮੈਂ ਆਪਣੇ ਸਮਾਜ ਦੇ ਲੋਕਾਂ ਨੂੰ ਸਮਾਜਿਕ, ਆਰਥਿਕ, ਕਾਨੂੰਨੀ ਅਤੇ ਸਿਹਤ ਸੰਬੰਧੀ ਸਾਰੇ ਪੱਖਾਂ ਤੋਂ ਜਾਗਰੂਕ ਕਰਦੀ ਹਾਂ।ਇਸ ਤੋਂ ਬਿਨਾਂ ਪੜ੍ਹੀ-ਲਿਖੀ ਹੋਣ ਦੇ ਨਾਤੇ ਕਿੰਨਰ ਸਮਾਜ ਨੂੰ ਸੇਧ ਦੇਣ ਵਿਚ ਕਦੇ ਵੀ ਪਿੱਛੇ ਨਹੀਂ ਹਟਦੀ। ਇਕ ਮਨੁੱਖ ਦੇ ਤੌਰ ਉੱਤੇ ਜੋ ਯੋਗਦਾਨ ਪਾ ਸਕਦੀ ਹਾਂ ਮੈਂ ਪੂਰੇ ਤਨ-ਮਨ ਨਾਲ ਪਾ ਰਹੀਂ ਹਾਂ।

43. ਤੁਹਾਡੇ ਸਮਾਜ ਤੱਕ ਕੋਈ ਰਾਜਨੀਤਿਕ ਅਧਿਕਾਰੀ ਪਹੁੰਚ ਕਰਦਾ ਹੈ?

ਸਾਡੇ ਕਿੰਨਰ ਸਮਾਜ ਦੇ ਡੇਰਿਆਂ ਤੱਕ ਕੋਈ ਵੀ ਰਾਜਨੀਤਿਕ ਅਧਿਕਾਰੀ ਨਹੀਂ ਪਹੁੰਚਦਾ ਕਿਉਂਕਿ ਸਾਡੇ ਲੋਕਾਂ ਦੀ ਵੋਟ ਤਾਂ ਬਣੀ ਨਹੀਂ ਹੁੰਦੀ ਫਿਰ ਉਨ੍ਹਾਂ ਨੇ ਸਾਡੇ ਤੱਕ ਪਹੁੰਚ ਕੇ ਕੀ ਕਰਨਾ ਹੈ? ਰਾਜਨੀਤਿਕ ਅਧਿਕਾਰੀਆਂ ਨੂੰ ਤਾਂ ਵੋਟ ਤੱਕ ਹੀ ਮਤਲਬ ਹੁੰਦਾ ਹੈ। ਇਸ ਲਈ ਅਸੀਂ ਰਾਜਨੀਤਿਕ ਅਧਿਕਾਰਾਂ ਤੋਂ ਵਾਂਝੇ ਰਹਿ ਜਾਂਦੇ ਹਾਂ। ਇਸ ਵੋਟ ਕਾਰਨ ਹੀ ਅਸੀਂ ਸਮਾਜ ਦੇ ਬਾਕੀ ਮਨੁੱਖਾਂ ਵਾਂਗ ਆਪਣੇ ਹੱਕਾਂ ਨੂੰ ਮੰਗ ਨਹੀਂ ਸਕਦੇ। ਹੱਕਾਂ ਨੂੰ ਮੰਗਣ ਲਈ ਵੋਟ ਦਾ ਬਣਿਆ ਹੋਣਾ ਬਹੁਤ ਪ੍ਰਭਾਵਿਤ ਕਰਦਾ ਹੈ। ਭਵਿੱਖ ਵਿਚ ਸੰਭਾਵਨਾ ਬਣ ਸਕਦੀ ਹੈ ਕਿ ਕਿੰਨਰ ਸਮਾਜ ਦੇ ਡੇਰਿਆਂ ਤੱਕ ਰਾਜਨੀਤਿਕ ਅਧਿਕਾਰੀ ਪਹੁੰਚ ਕਰ ਸਕਣ। ਕਿੰਨਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਵੋਟ ਜ਼ਰੂਰ ਬਣਾਉਣ।

44.ਪਰਿਵਾਰ ਵਿਚ ਤੁਹਾਡਾ ਹੋਰ ਨਾਮ ਹੁੰਦਾ ਹੈ ਪਰ ਡੇਰੇ ਵਿਚ ਆ ਕੇ ਨਾਮ ਦੀ ਤਬਦੀਲੀ ਕੀਤੀ ਜਾਂਦੀ ਕਿਊ?

ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਪਿਛਲੀ ਪਹਿਚਾਣ ਨੂੰ ਖ਼ਤਮ ਕੀਤਾ ਜਾ ਸਕੇ। ਡੇਰੇ ਵਿਚ ਆ ਕੇ ਇਕ ਨਵੀਂ ਜ਼ਿੰਦਗੀ ਸ਼ੁਰੂ ਹੋ ਜਾਂਦੀ। ਨਵੀਂ ਪਹਿਚਾਣ ਲਈ ਨਵਾਂ ਹੀ ਨਾਮ ਦਿੱਤਾ ਜਾਂਦਾ ਹੈ। ਮੇਰਾ ਪਰਿਵਾਰ ਦਾ ਨਾਮ ਮੋਹਨ ਸੀ ਹੁਣ ਮੈਨੂੰ ਸਾਰੇ ਮੋਹਨੀ ਮਹੰਤ ਹੀ ਕਹਿੰਦੇ ਹਨ।

45 ਤੁਹਾਡੇ ਨਾਮ ਨਾਮ ਮਹੰਤ ਕਿਉਂ ਲਾਇਆ ਜਾਂਦਾ ਹੈ?

ਮਹੰਤ ਸ਼ਬਦ ਫ਼ਕੀਰਾਂ ਲਈ ਵਰਤਿਆ ਜਾਂਦਾ ਹੈ। ਸਮਾਜ ਵਿਚ ਸਾਨੂੰ ਫ਼ਕੀਰ ਸਮਝ ਕੇ ਪੂਜਾ ਕੀਤੀ ਜਾਂਦੀ ਹੈ ਜਾਂ ਅਸ਼ੀਰਵਾਦ ਲਿਆ ਜਾਂਦਾ ਹੈ। ਇਸ ਨਾਲ ਸਾਡੇ ਸਤਿਕਾਰ ਵਿਚ ਵਾਧਾ ਹੁੰਦਾ ਹੈ। ਅੱਜ ਕਿੰਨਰ ਇਸ ਫ਼ਕੀਰੀ ਨੂੰ ਖ਼ਤਮ ਕਰਨ ਉੱਤੇ ਤੁਲੇ ਹੋਏ ਹਨ। ਕਿੰਨਰਾਂ ਵਿਚ ਲਾਲਚ ਬਹੁਤ ਵਧ ਗਿਆ ਹੈ। ਲਾਲਚ ਕਾਰਨ ਹੀ ਕਿੰਨਰ ਆਪਣੀ ਪਹਿਚਾਣ ਨੂੰ ਖ਼ਤਮ ਕਰ ਰਹੇ ਹਨ।

46. 'ਗਿਰੀਆਂ' ਕਿਸ ਨੂੰ ਕਿਹਾ ਜਾਂਦਾ ਹੈ?

ਗਿਰੀਆਂ ਕਿੰਨਰਾਂ ਦਾ ਮੇਲ ਪਾਰਟਨਰ ਹੁੰਦਾ ਹੈ। ਇਹ ਪਤੀ-ਪਤਨੀ ਦੀ ਤਰ੍ਹਾਂ ਰਹਿੰਦੇ ਹਨ। ਹਿੰਦੀ ਵਿਚ ਇਸ ਨੂੰ ਪੰਥੀ ਕਿਹਾ ਜਾਂਦਾ ਹੈ। ਇਨ੍ਹਾਂ ਵਿਚਲੇ ਸੰਬੰਧਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦੀ।

47.ਆਪਣੇ ਇਤਿਹਾਸ ਬਾਰੇ ਦੱਸੋ?

ਕਿੰਨਰਾਂ ਦੀ ਇਤਿਹਾਸਕ ਤੌਰ ਤੇ ਮਾਨਤਾ ਹੈ। ਸਦੀਆਂ ਤੋਂ ਰਮਾਇਣ ਮਹਾਂਭਾਰਤ ਵਿਚ ਕਿੰਨਰਾਂ ਦਾ ਜ਼ਿਕਰ ਮਿਲਦਾ ਹੈ। ਮੁਗ਼ਲ ਸ਼ਾਸਨ ਕਾਲ ਵਿਚ ਰਾਣੀਆਂ ਦੀ ਰਾਖੀ ਲਈ ਰੱਖਿਆ ਜਾਂਦਾ ਸੀ। ਸ਼ਿਵਜੀ ਨੂੰ ਅਰਧਨਾਰੀਵਰ, ਅਰਜਨ ਨੇ ਇੱਕ ਸਾਲ ਤੱਕ ਕਿੰਨਰ ਦਾ ਰੂਪ ਧਾਰਿਆ, ਕ੍ਰਿਸ਼ਨ ਨੇ ਰਾਧਾ ਦੇ ਕੱਪੜੇ ਪਾ ਕੇ ਕਿੰਨਰ ਰੂਪ ਧਾਰਨ ਕੀਤਾ, ਵਿਸ਼ਨੂੰ ਭਗਵਾਨ ਵੀ ਕਿੰਨਰ ਰੂਪ ਵਿਚ ਰਹੇ। ਰਮਾਇਣ ਵਿਚ ਰਾਮਚੰਦਰ ਜੀ ਨੇ ਸਾਨੂੰ ਆਸ਼ੀਰਵਾਦ ਦੇਣ ਦਾ ਵਰਦਾਨ ਬਖ਼ਸ਼ਿਆਂ।

48. ਕੀ ਕਿੰਨਰਾਂ ਨੂੰ ਬੱਚਾ ਗੋਦ ਲੈਣ ਦਾ ਅਧਿਕਾਰ ਹੈ?

ਨਹੀਂ ਕਿੰਨਰਾਂ ਨੂੰ ਬੱਚਾ ਗੋਦ ਲੈਣ ਦਾ ਅਧਿਕਾਰ ਨਹੀਂ ਹੈ। ਅਨਾਲਸਾ ਜੱਜਮੈਂਟ ਵਿਚ ਲਿਖਿਆ ਹੋਇਆ ਕਿ ਅਸੀਂ ਬੱਚਾ ਗੋਦ ਨਹੀਂ ਲੈ ਸਕਦੇ। ਉਂਜ ਡੇਰਿਆਂ ਵਿਚ ਬਹੁਤ ਸਾਰੇ ਕਿੰਨਰ ਬੱਚਾ ਗੋਦ ਲੈ ਲੈਂਦੇ ਹਨ। ਕਈ ਵਾਰ ਕੋਈ ਆਰਥਿਕ ਥੁੜਾਂ ਦੇ ਕਾਰਨ ਵੀ ਬੱਚੇ ਸਾਨੂੰ ਦੇਹ ਜਾਂਦੇ ਹਨ।

49.ਕਿੰਨਰਾਂ ਵਿਚ ਵੀ ਸ਼੍ਰੇਣੀ ਵੰਡ ਹੁੰਦੀ ਹੈ?

ਹਾਂ ਜੀ ਕਿੰਨਰਾਂ ਵਿਚ ਸ਼੍ਰੇਣੀ ਵੰਡ ਹੁੰਦੀ ਹੈ। ਜਿਹੜੇ ਘਰਾਣੇ ਬਣੇ ਹੋਏ ਹਨ। ਉਨ੍ਹਾਂ ਵਿਚ ਹੀ ਆਪਸੀ ਉੱਚਾ ਨੀਵਾਂ ਸਮਝਿਆ ਜਾਂਦਾ ਹੈ, ਜਿਸ ਤਰ੍ਹਾਂ ਮੇਰਾ ਘਰਾਣਾ ਸਰੰਹਦੀਏ ਸਭ ਤੋਂ ਉੱਚਾ ਘਰਾਣਾ ਹੈ। ਇਹ ਮੇਰੀ ਗੁਰੂ ਦੱਸਦੀ ਹੁੰਦੀ ਸੀ। ਉਂਝ ਦੂਜਿਆਂ ਬਾਰੇ ਮੈਨੂੰ ਕੋਈ ਬਹੁਤਾ ਨਹੀਂ ਪਤਾ ਹੈ।

50. ਥਰਡ-ਜੈਂਡਰ ਦੀ ਮਾਨਤਾ ਮਿਲੀ ਹੋਈ ਹੈ। ਇਸ ਤੋਂ ਡੇਰੇ ਵਾਲੇ ਕਿੰਨਰ ਕਿੰਨੇ ਕੁ ਵਾਕਫ਼ ਹਨ?

ਇਹ ਪੜ੍ਹੇ-ਲਿਖੇ ਕਿੰਨਰਾਂ ਨੂੰ ਹੀ ਜ਼ਿਆਦਾ ਗਿਆਨ ਹੈ। ਡੇਰਿਆਂ ਵਾਲਿਆਂ ਨੂੰ ਕੋਈ ਬਹੁਤਾ ਮਤਲਬ ਨਹੀਂ ਹੈ। ਉਨ੍ਹਾਂ ਨੂੰ ਤਾਂ ਵਧਾਈ ਮੰਗਣ ਤੇ ਨੱਚਣ-ਗਾਉਣ ਦੇ ਬਾਰੇ ਹੀ ਪਤਾ ਹੈ। ਇਸ ਪੱਖੋਂ ਜਾਗਰੂਕ ਕਰਨ ਦੀ ਲੋੜ ਹੈ। ਸਿੱਖਿਆ ਤੋਂ ਵਾਂਝੇ ਹੋਣ ਕਾਰਨ ਉਹ ਆਪਣੇ ਅਧਿਕਾਰਾਂ ਬਾਰੇ ਵਧੇਰੇ ਸੁਚੇਤ ਨਹੀਂ ਹਨ। ਸਾਡਾ ਭਾਈਚਾਰਾ ਇਸ ਕੰਮ ਵਿਚ ਲੱਗਿਆ ਹੋਇਆ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਜਾਗਰੂਕਤਾ ਲਹਿਰ ਜ਼ੋਰ ਫੜ ਸਕੇ।

51.ਕਿੰਨਰ ਸਮਾਜ ਦੇ ਲੋਕ ਐਨਾ ਹਾਰ-ਸ਼ਿੰਗਾਰ ਕਿਉਂ ਕਰਦੇ ਹਨ?

ਸਾਨੂੰ ਕਿਹੜਾ ਹੋਰ ਕੋਈ ਕੰਮ ਹੈ। ਨੱਚਣ-ਗਾਉਣ ਤੱਕ ਸਾਡਾ ਭਾਈਚਾਰਾ ਸੀਮਤ ਹੈ। ਅਸੀਂ ਵੀ ਇਨਸਾਨ ਹਾਂ, ਸਾਡੀਆਂ ਵੀ ਭਾਵਨਾਵਾਂ ਹਨ ਕਿਤੇ ਤਾਂ ਇਨ੍ਹਾਂ ਦੀ ਤ੍ਰਿਪਤੀ ਹੋਣੀ ਹੀ ਚਾਹੀਦੀ ਹੈ। ਉਂਜ ਹੋਰ ਕੋਈ ਬਹੁਤਾ ਕਾਰਨ ਇਸ ਪਿੱਛੇ ਛੁਪਿਆ ਨਹੀਂ ਹੈ।

52. ਤੁਹਾਨੂੰ ਕਦੇ ਮੌਕਾ ਮਿਲਿਆ ਕਿਸੇ ਕਿੰਨਰ ਬੱਚੇ ਨੂੰ ਡੇਰੇ ਵਿਚ ਲੈ ਕੇ ਆਉਣ ਦਾ?

ਹਾਂ ਜੀ ਡੇਢ-ਦੋ ਸਾਲ ਦੀ ਕੁੜੀ ਸੀ ਜੋ ਹੁਣ ਡੇਰੇ ਵਿਚ ਰਹਿ ਰਹੀ ਹੈ। ਉਸ ਨੂੰ ਮੈਂ ਹੀ ਲੈ ਕੇ ਆਈ ਸੀ। ਉਸ ਦੇ ਮਾਂ-ਬਾਪ ਨੇ ਫ਼ੋਨ ਕੀਤਾ ਸੀ। ਸਰੀਰਕ ਪੱਖੋਂ ਥੋੜ੍ਹੀ ਖ਼ਰਾਬੀ ਸੀ। ਜਿਸ ਦਾ ਅਸੀਂ ਇਲਾਜ ਵੀ ਕਰਵਾ ਰਹੇ ਹਾਂ। ਵੈਸੇ ਬੱਚਾ ਲੈਣ ਵੇਲੇ ਕਦੇ ਮੈਂ ਧੱਕਾ ਨਹੀਂ ਕੀਤਾ। ਅਸਲ ਵਿਚ ਮਾਪੇ ਆਪ ਹੀ ਇਸ ਤਰ੍ਹਾਂ ਦੇ ਬੱਚੇ ਨੂੰ ਸੌਂਪ ਦਿੰਦੇ ਹਨ।

53.ਡੇਰਿਆਂ ਵਿਚ ਜੋ ਹੁਣ ਬਾਗ਼ੀ ਸੁਰ ਪੈਦਾ ਹੋ ਰਹੀਂ ਹੈ? ਇਸ ਦਾ ਕੀ ਕਾਰਨ ਹੈ?

ਗੁਰੂ ਤੇ ਚੇਲੇ ਦਾ ਰਿਸ਼ਤਾ ਪਹਿਲਾ ਬਹੁਤ ਮਜ਼ਬੂਤ ਹੁੰਦਾ ਸੀ। ਇਸ ਰਿਸ਼ਤੇ ਵਿਚ ਅਪਣੱਤ ਦੀ ਭਾਵਨਾ ਹੁੰਦੀ ਸੀ ਬੇਸ਼ੱਕ ਖ਼ੂਨ ਦੀ ਕੋਈ ਸਾਂਝ ਨਹੀਂ ਹੁੰਦੀ ਤਾਂ ਵੀ ਗੁਰੂ ਆਪਣੇ ਚੇਲੇ ਨੂੰ ਸਭ ਕੁਝ ਦਿੰਦਾ ਸੀ। ਲਾਲਚ ਵਧਣ ਕਾਰਨ ਹੁਣ ਇਸ ਸਾਂਝ ਦੀਆਂ ਤੰਦਾਂ ਤਿੜਕ ਰਹੀਆਂ ਹਨ। ਗੁਰੂ ਦੀ ਤਾਨਾਸ਼ਾਹੀ ਬਹੁਤ ਹੈ। ਹਰ ਕੋਈ ਇਸ ਤਾਨਾਸ਼ਾਹੀ ਨੂੰ ਝੱਲ ਨਹੀਂ ਸਕਦਾ। ਪਰਿਵਾਰ ਛੱਡਣ ਤੋਂ ਬਾਅਦ ਮਾਪੇ ਖੁੱਸੇ, ਪਿੰਡ-ਸ਼ਹਿਰ ਖੁੱਸੇ, ਸੰਗੀ-ਸਾਥੀ ਖੁੱਸੇ, ਪਹਿਚਾਣ ਖੁੱਸੀ ਇੱਥੋਂ ਤੱਕ ਕਿ ਕੋਈ ਆਪਣੀ ਪਹਿਚਾਣ ਨਹੀਂ ਰਹਿੰਦੀ। ਡੇਰੇ ਦੇ ਕਾਇਦੇ-ਕਾਨੂੰਨ ਹਨ , ਇਨ੍ਹਾਂ ਦੀ ਪਾਲਣਾ ਕਰਨੀ ਪੈਂਦੀ ਹੈ। ਰੋਟੀ ਦਾ ਮਸਲਾ ਹੈ। ਸਮਾਜ ਕਿਹੜਾ ਸਾਨੂੰ ਕਿਤੇ ਢੋਈ ਦਿੰਦਾ ਹੈ। ਆਖ਼ਰ ਜੱਦੋ-ਜਹਿਦ ਚੱਲਦੀ ਰਹਿੰਦੀ। ਪੜ੍ਹੇ-ਲਿਖੇ ਤਾਂ ਹੁਣ ਆਪਣੀ ਚੇਤਨਾ ਸਦਕਾ ਚੇਤਨ ਹੋ ਰਹੇ ਹਨ। ਆਪਣੀ ਚੇਤਨਾ ਸਦਕਾ ਉਹ ਬਾਹਰ ਨਿਕਲਣਾ ਚਾਹੁੰਦੇ ਹਨ। ਅੱਜ 21ਵੀਂ ਸਦੀ ਦੇ ਪ੍ਰਵੇਸ਼ ਵਿਚ ਕਿੰਨਰ ਭਾਈਚਾਰਾ ਵੀ ਜਾਗਰਿਤ ਹੋਇਆ ਹੈ। ਟੈਕਨਾਲੋਜੀ ਸਦਕਾ ਵਧੇਰੇ ਸੁਚੇਤ ਹੋ ਗਏ।

54.ਤਾੜੀ ਵਜਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ?

ਹਾਂ ਜੀ ਤਾੜੀ ਵਜਾਉਣੀ ਸਿਖਾਈ ਜਾਂਦੀ ਹੈ। ਇਹ ਸਭ ਕੁਝ ਡੇਰੇ ਵਿਚ ਆ ਕੇ ਸ਼ੁਰੂ ਹੋ ਜਾਂਦਾ ਹੈ। ਡੇਰਿਆਂ ਵਿਚ ਕਿਹੜਾ ਕੋਈ ਪੜ੍ਹਾਈ ਦੀ ਵਿਵਸਥਾ ਹੈ ਕਿ ਬੱਚੇ ਪੜ੍ਹਾਈ ਕਰਨ। ਤਾੜੀ ਹੀ ਉਨ੍ਹਾਂ ਦੀ ਆਵਾਜ਼ ਹੈ। ਤਾੜੀ ਕਈ ਕਿਸਮ ਦੀ ਮਾਰੀ ਜਾਂਦੀ ਹੈ। ਇਕ ਤਾਂ ਜਦੋਂ ਵਧਾਈ ਲੈਣ ਜਾਂਦੇ ਹਾਂ ਤਾਂ ਇਹ ਸ਼ਗਨ ਦੀ ਤਾੜੀ ਹੁੰਦੀ ਹੈ। ਵਧਾਈ ਵਾਲੀ ਤਾੜੀ ਟੇਢੇ ਹੱਥ ਨਾਲ ਮਾਰੀ ਜਾਂਦੀ ਹੈ। ਦੂਜੀ ਤਾੜੀ ਅਸੀਂ ਉਸ ਸਮੇਂ ਮਾਰਦੇ ਹਾਂ ਜਦੋਂ ਕੋਈ ਲੜਾਈ-ਝਗੜਾ (ਫੱਕੜ)ਹੋ ਜਾਵੇ। ਇਸ ਤਾੜੀ ਨੂੰ ਸਿੱਧੇ ਹੱਥਾਂ ਨਾਲ ਮਾਰਿਆ ਜਾਂਦਾ ਹੈ। ਵੈਸੇ ਤਾੜੀ ਕੁਦਰਤ ਦੀ ਦਾਤ ਹੀ ਹੈ ਜੋ , ਹਰ ਕਿੰਨਰ ਨੂੰ ਮਿਲੀ ਹੁੰਦੀ ਹੈ। ਉਂਝ ਗੁਰੂ ਇਸ ਦੀ ਸਾਨੂੰ ਸਿਖਲਾਈ ਵੀ ਦਿੰਦੀ ਹੈ।

55.ਕਿਸ ਮਾਤਾ ਦੀ ਪੂਜਾ ਕਰਦੇ ਹੋ?

ਕਿੰਨਰਾਂ ਦੀ ਮਾਈ ਬਹੁਚਰਾ ਮਾਤਾ, ਜਿਸ ਨੂੰ ਨੰਦੀ ਮਾਈ ਵੀ ਕਿਹਾ ਜਾਂਦਾ ਹੈ। ਇਸ ਦਾ ਸਥਾਨ ਗੁਜਰਾਤ ਵਿਚ ਹੈ। ਕਿਹਾ ਜਾਂਦਾ ਹੈ ਕਿ ਨੰਦੀ ਮਾਈ ਮੇਲ ਕਿੰਨਰ ਹੀ ਸੀ , ਜਿਸ ਨੂੰ ਅਕਬਾ ਕਿੰਨਰ ਕਿਹਾ ਜਾਂਦਾ ਹੈ। ਇਸ ਜਾ ਜਨਮ ਰਾਜੇ ਦੇ ਘਰ ਹੋਇਆ। ਇਹ ਦੇ ਹਾਵ-ਭਾਵ ਔਰਤਾਂ ਵਾਲੇ ਸਨ। ਰਾਜੇ ਦੇ ਘਰ ਪੈਦਾ ਹੋਣ ਕਰਕੇ ਇਹ ਰਾਜਕੁਮਾਰ ਕੁੜੀਆਂ ਵਰਗਾ ਸੀ। ਇਕ ਵਾਰ ਰਾਜੇ ਨੇ ਹੁਕਮ ਦਿੱਤਾ ਕਿ ਰਾਜਕੁਮਾਰ ਸੈਨਾ ਦੀ ਅਗਵਾਈ ਕਰੇਗਾ। ਇਸ ਗੱਲ ਨੂੰ ਲੈ ਕੇ ਸੈਨਾਪਤੀਆਂ ਨੇ ਬਗ਼ਾਵਤ ਕਰ ਦਿੱਤੀ ਕਿ ਇਹ ਸਾਡੀ ਕੀ ਅਗਵਾਈ ਕਰੇਗਾ ? ਕੁੜੀਆਂ ਦੀ ਤਰ੍ਹਾਂ ਲੱਗਦਾ ਹੈ। ਸੈਨਾਪਤੀਆਂ ਨੇ ਇੱਛਾ ਜ਼ਾਹਿਰ ਕੀਤੀ ਕਿ ਅਸੀਂ ਦੇਖਣਾ ਚਾਹੁੰਦੇ ਹਾਂ। ਉਸ ਸਮੇਂ ਪਰਮਾਤਮਾ ਨੇ ਬਖ਼ਸ਼ ਕੀਤੀ ਕਿ ਸਰਕੰਡੇ ਦੇ ਪੱਤੇ ਨਾਲ ਗੰਢ ਮਾਰ ਕੇ ਖਿੱਚਿਆ ਤਾਂ ਉਸ ਦਾ ਆਪਣਾ ਅੰਦਰਲਾ ਅੰਗ ਝੜ ਗਿਆ। ਇਸ ਲਈ ਕਿੰਨਰ ਸਮਾਜ ਵਿਚ ਨੰਦੀ ਮਾਈ ਦੀ ਪੂਜਾ ਕੀਤੀ ਜਾਂਦੀ ਹੈ। ਵੈਸੇ ਸਾਰੀਆਂ ਮਾਤਾ ਸ਼ੇਰ ਦੀ ਸਵਾਰੀ ਕਰਦੀਆਂ ਹਨ ਪਰ ਨੰਦੀ ਮਾਈ ਮੁਰਗ਼ੇ ਦੀ ਸਵਾਰੀ ਕਰਦੀ ਹੈ। ਨੰਦੀ ਮਾਈ ਦਾ ਸੰਦੇਸ਼ ਹੈ ਕਿ ਜੋ ਮੇਰੇ ਵੰਸ਼ ਵਿਚ ਪੈਦਾ ਹੋਵੇਗਾ ਨਾ ਮੁਰਗ਼ਾ ਖਾਏਗਾ ਅਤੇ ਨਾ ਹੀ ਮਾਰੇਗਾ। ਹਰ ਕਿੰਨਰ ਹਰ ਮੰਗਲ ਵਾਰ ਨੂੰ ਕੜਾਹੀ ਕਰਦੇ ਹਨ। ਇਹ ਪ੍ਰਸ਼ਾਦ ਸਿਰਫ਼ ਕਿੰਨਰ ਹੀ ਖਾ ਸਕਦੇ ਹਨ। ਕਿੰਨਰਾਂ ਤੋਂ ਬਿਨਾਂ ਕੋਈ ਵੀ ਮੇਲ ਜਾਂ ਫੀਮੇਲ ਨੂੰ ਇਹ ਪ੍ਰਸ਼ਾਦ ਨਹੀਂ ਦਿੱਤਾ ਜਾਂਦਾ। ਕਿੰਨਰ ਸਮਾਜ ਦੇ ਲੋਕ ਮੁਰਗ਼ਾ ਨਹੀਂ ਖਾਂਦੇ।

56.ਡੇਰੇ ਵਿਚ ਨਿਯਮ ਤੋੜਨ ਤੇ ਗੁਰੂ ਵੱਲੋਂ ਸਜ਼ਾ ਵੀ ਦਿੱਤੀ ਜਾਂਦੀ ਹੈ?

ਹਾਂ ਜੀ ਗੁਰੂ ਦੀ ਬਹੁਤ ਤਾਨਾਸ਼ਾਹੀ ਚੱਲਦੀ ਹੈ। ਮੈਂ ਆਪਣੀ ਕਹਾਣੀ ਹੀ ਦੱਸਦੀ ਹਾਂ। ਮੈਂ ਹਰ ਰੋਜ਼ ਤਿੰਨ ਵਜੇ ਉੱਠਦੀ, ਪਸ਼ੂ ਸੰਭਾਲਦੀ , ਦੁੱਧ ਕੱਢਦੀ ਅਤੇ ਨੌ ਵਜੇ ਤੋਂ ਲੈ ਪੰਜ ਵਜੇ ਤੱਕ ਵਧਾਈ ਮੰਗਣ ਚਲੀ ਜਾਂਦੀ। ਆ ਕੇ ਫਿਰ ਸਾਰਾ ਕੰਮ ਸ਼ੁਰੂ ਹੋ ਜਾਂਦਾ। ਗੁਰੂ ਦੀ ਆਗਿਆ ਤੋਂ ਬਿਨਾਂ ਡੇਰੇ ਦੇ ਬਾਹਰ ਨਹੀਂ ਜਾ ਸਕਦੇ। ਕੋਈ ਸਾਨੂੰ ਮਿਲ ਨਹੀਂ ਸਕਦਾ। ਮੈਂ ਇਕ ਵਾਰ ਕਿਤੇ ਬਾਹਰ ਚਲੀ ਗਈ ਸੀ ਗੁਰੂ ਦੀ ਅਗਿਆ ਤੋਂ ਬਿਨਾਂ ਤਾਂ ਮੇਰੀ ਦਾਦੀ ਗੁਰੂ ਮੇਰੇ ਖੁਰਚਣਾ ਮਾਰਨ ਆਈ ਤਾਂ ਮੈਂ ਹੱਥ ਫੜ ਲਿਆ ਸੀ। ਮੈਂ ਕਹਿ ਦਿੱਤਾ ਸੀ ਕਿ ਕੋਈ ਸੁੱਤੇ ਨੂੰ ਰੋਟੀ ਨਹੀਂ ਦਿੰਦਾ। ਸਾਰਾ ਦਿਨ ਆਗਿਆ ਵਿਚ ਰਹਿਣਾ ਬਹੁਤ ਔਖਾ ਹੈ।

57. ਡੇਰੇ ਦਾ ਆਉਣ ਵਾਲੇ ਸਮੇਂ ਵਿਚ ਭਵਿੱਖ ਕੀ ਹੋ ਸਕਦਾ ਹੈ?

ਡੇਰੇ ਵਿਚ ਤਾਨਾਸ਼ਾਹੀ ਨਹੀਂ ਹੋਣੀ ਚਾਹੀਦੀ । ਜੋ ਪਰੰਪਰਾ ਚੱਲੀ ਆ ਰਹੀ ਹੈ, ਉਸ ਨੂੰ ਮਾਨਤਾ ਮਿਲਣੀ ਚਾਹੀਦੀ ਹੈ । ਜੇਕਰ ਕੋਈ ਪੜ੍ਹ-ਲਿਖ ਕੇ ਨੌਕਰੀ ਕਰਨਾ ਚਾਹੁੰਦਾ ਹੈ ਤਾਂ ਇਸ ਉੱਪਰ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ । ਗੌਰਮਿੰਟ ਨੂੰ ਵੀ ਚਾਹੀਦਾ ਹੈ ਕਿ ਜਦੋਂ ਤੱਕ ਬੱਚਾ 15-16 ਸਾਲਾਂ ਦਾ ਨਾ ਹੋ ਜਾਵੇ ਤਾਂ ਮਾਪੇ ਰੱਖ ਸਕਦੇ ਹਨ । ਜੇ ਕਿਤੇ ਧੱਕਾ ਹੁੰਦਾ ਹੈ ਤਾਂ ਕਾਨੂੰਨੀ ਸਹਾਇਤਾ ਮਿਲਣੀ ਚਾਹੀਦੀ ਹੈ ।

58. ਸਮਾਜ ਲਈ ਤੁਹਾਡਾ ਕੀ ਸੰਦੇਸ਼ ਹੈ?

ਡੇਰਾ ਹੀ ਅਜਿਹਾ ਕੇਂਦਰ ਹੈ, ਜੋ ਕਿੰਨਰ ਬੱਚਿਆ ਨੂੰ ਆਸਰਾ ਦਿੰਦਾ ਹੈ । ਸਮਾਜ ਤੋਂ ਬੇਦਖ਼ਲ ਕੀਤੇ ਮਨੁੱਖ ਇਸ ਡੇਰੇ ਵਿਚ ਆਪਣੀ ਹੋਂਦ ਨੂੰ ਬਚਾਉਣ ਲਈ ਯਤਨ ਕਰਦੇ ਹਨ । ਡੇਰੇ ਵਿਚ ਪੜ੍ਹਾਈ ਦੀ ਵਿਵਸਥਾ ਹੋਣੀ ਚਾਹੀਦੀ ਹੈ । ਨਵੇਂ ਕਿੰਨਰਾਂ ਦੀ ਜੀਵਨ-ਸ਼ੈਲੀ ਨੂੰ ਬਦਲਣਾ ਪਵੇਗਾ । ਸਮਾਜ ਦੇ ਨਾਲ ਚੱਲਣ ਲਈ ਕਿੰਨਰਾਂ ਨੂੰ ਵੀ ਆਪਣੀ ਪਰੰਪਰਾ ਅਤੇ ਵਿਚਾਰਾਂ ਨੂੰ ਬਦਲਣਾ ਚਾਹੀਦਾ ਹੈ । ਡੇਰੇ ਵਿਚਲੇ ਵੱਡੇ ਬਜ਼ੁਰਗ ਕਿੰਨਰਾਂ ਨੂੰ ਚਾਹੀਦਾ ਹੈ ਕਿ ਕਿੰਨਰ ਬੱਚਿਆ ਨੂੰ ਡੇਰੇ ਵਿਚ ਪੜ੍ਹਾਉਣ ਦੀ ਵਿਵਸਥਾ ਸਮਾਜ ਅਤੇ ਸਰਕਾਰ ਦੇ ਸਹਿਯੋਗ ਨਾਲ ਕਰਨ । ਵਧਾਈ ਦੀ ਪਰੰਪਰਾ ਨੂੰ ਨਾਲ-ਨਾਲ ਚਲਾਇਆ ਜਾ ਸਕਦਾ ਹੈ । ਉਹ ਸਮਾਜ ਹੀ ਤਰੱਕੀ ਦੇ ਰਾਹ ਉੱਤੇ ਤੁਰਦਾ ਹੈ ਜੋ ਪੁਰਾਣੀਆਂ ਪਰੰਪਰਾਵਾਂ ਜੀਵਨ ਨੂੰ ਚੰਗੀ ਸੇਧ ਦੇਣ ਵਾਲੀਆਂ ਹਨ , ਉਨ੍ਹਾਂ ਨੂੰ ਨਾਲ ਲੈ ਲੈਂਦਾ ਹੈ ,ਜੋ ਜੀਵਨ ਦੀ ਅਗਵਾਈ ਨਹੀਂ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਤਿਆਗ ਕਰਨ ਵਿਚ ਹੀ ਕਿਸੇ ਸਮਾਜ ਦੇ ਉੱਜਵਲ ਭਵਿੱਖ ਲਈ ਸਾਰਥਿਕ ਹੋ ਸਕਦਾ ਹੈ । ਸਮਾਜ ਦੇ ਲੋਕ ਵੀ ਕਿੰਨਰਾਂ ਨਾਲ ਚੰਗਾ ਵਰਤ-ਵਿਹਾਰ ਕਰਨ । ਆਖ਼ਰ ਅਸੀਂ ਵੀ ਇਨਸਾਨ ਹਾਂ । ਅਸੀਂ ਵੀ ਮਨੁੱਖੀ ਜਾਮੇ ਵਿਚ ਹੀ ਜਨਮ ਲਿਆ ਹੈ ।

# ਨਾਵਲਕਾਰ ਹਰਪਿੰਦਰ ਰਾਣਾ ਨਾਲ ਇੰਟਰਵਿਊ

1.ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ?

ਮੈਂ ਆਪਣੇ ਨਾਨਕੇ ਘਰ ਪਿੰਡ ਸਹਿਣਾ ਵਿਚ 29ਅਕਤੂਬਰ 1974 ਨੂੰ ਜਨਮ ਲਿਆ। ਮੇਰੇ ਮਾਤਾ ਸ਼੍ਰੀਮਤੀ ਅਮਰਜੀਤ ਕੌਰ ਅਤੇ ਪਿਤਾ ਸ੍ਰ. ਸਾਧੂ ਸਿੰਘ ਜੀ ਹਨ। ਮੇਰੇ ਤੋਂ ਛੋਟੇ ਮੇਰੇ ਦੋ ਭਰਾ ਲਖਬੀਰ ਸਿੰਘ ਅਤੇ ਗੁਰਬੀਰ ਸਿੰਘ ਹਨ। ਇਹ ਦੋਵੇਂ ਵਿਆਹੇ ਹੋਏ ਹਨ ਅਤੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਦਵਿੰਦਰ ਕੌਰ ਅਤੇ ਰਜਨੀਸ਼ ਮੇਰੀਆਂ ਭਾਬੀਆਂ ਹਨ। ਮੇਰੇ ਵਿਹੜੇ ਦੀਆਂ ਰੌਣਕਾਂ ਏਕਨੂਰ ਸਿੰਘ, ਜਸਮੀਤ ਕੌਰ, ਰਵਨੀਤ ਕੌਰ ਅਤੇ ਪ੍ਰਨੀਤ ਕੌਰ ਹਨ। ਸਾਡਾ ਜੱਦੀ ਕਿੱਤਾ ਦਰਜ਼ੀ ਸੀ। ਮੇਰਾ ਪਰਿਵਾਰ ਇਕ ਮੱਧਵਰਗੀ ਪਰਿਵਾਰ ਵਿਚੋਂ ਸੀ।

2.ਆਪਣੀਆਂ ਸਾਹਿਤਕ ਰੁਚੀਆਂ ਬਾਰੇ ਦੱਸੋ?

ਮੈਨੂੰ ਪੜ੍ਹਨ ਦੀ ਪ੍ਰੇਰਨਾ ਆਪਣੇ ਅਧਿਆਪਕਾਂ ਤੋਂ ਮਿਲੀ। ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਮੈਂ ਸਾਹਿਤ ਨਾਲ ਜੁੜ ਸਕੀ ਹਾਂ। ਪੰਜਾਬੀ ਦੇ ਲਗਭਗ ਮੈਂ ਸਾਰੇ ਲੇਖਕਾਂ ਨੂੰ ਹੀ ਪੜ੍ਹਿਆ ਹੈ। ਨਾਨਕ ਸਿੰਘ , ਜਸਵੰਤ ਕੰਵਲ , ਕੁਲਵੰਤ ਵਿਰਕ , ਗੁਰਬਖ਼ਸ਼ ਸਿੰਘ ਪ੍ਰੀਤਲੜੀ , ਰਾਮ ਸਰੂਪ ਅਣਖੀ , ਸੰਤ ਸਿੰਘ ਸੇਖੋਂ , ਗੁਰਦਿਆਲ ਸਿੰਘ ਬਚਿੰਤ ਕੌਰ , ਅਜੀਤ ਕੌਰ , ਅੰਮ੍ਰਿਤਾ ਪ੍ਰੀਤਮ ਆਦਿ। ਵਿਦੇਸ਼ੀ ਲੇਖਕਾਂ ਵਿਚ ਤਾਲ ਸਤਾਏ , ਮੈਕਸਿਮ ਗੋਰਕੀ , ਅੰਗਰੇਜ਼ੀ ਲੇਖਕਾਂ ਵਿਚ ਅੰਰਧੁਤੀ ਰਾਏ ਆਦਿ।

3. ਹਾਸ਼ੀਆ ਤੇ ਧੱਕੇ ਹੋਏ ਲੋਕਾਂ ਦੀ ਦਾਸਤਾਨ ਨੂੰ ਸਮਝਣ ਲਈ ਕਿਥੋਂ ਪ੍ਰੇਰਨਾ ਮਿਲੀ?

ਮੇਰੀ ਖ਼ੁਦ ਦੀ ਜ਼ਿੰਦਗੀ ਵੀ ਹਾਸ਼ੀਏ ਤੇ ਧੱਕੀ ਹੋਈ ਸੀ। ਮੇਰਾ ਬਚਪਨ ਦੂਜਿਆਂ ਬੱਚਿਆਂ ਤੋਂ ਅਲੱਗ ਹੀ ਬੀਤਿਆ। ਸਰੀਰਕ ਹਾਲਤ ਕਾਰਨ ਮੈਂ ਬਹੁਤ ਅਲੱਗ ਰਹੀਂ। ਇਸ ਇਕੱਲੇਪਨ ਕਾਰਨ ਮੇਰੀ ਸੋਚ ਵੀ ਇਕ ਵੱਖਰੀ ਤਰ੍ਹਾਂ ਦੀ ਬਣ ਗਈ। ਮੈਂ ਸੋਚਦੀ ਸੀ ਕਿ ਹਾਸ਼ੀਏ ਤੇ ਧੱਕੇ ਹੋਏ ਲੋਕ ਵੀ ਵਧੀਆ ਹੁੰਦੇ ਹਨ। ਵੱਡੀ ਹੋਣ ਤੇ ਪਤਾ ਲੱਗਿਆ ਕਿ ਹਾਸ਼ੀਆ ਤੇ ਧੱਕੇ ਹੋਏ ਲੋਕਾਂ ਦੀ ਜ਼ਿੰਦਗੀ ਵਿਚ ਬਹੁਤ ਮੁਸ਼ਕਲਾਂ ਹੁੰਦੀਆਂ ਹਨ। ਬਚਪਨ ਦੀਆਂ ਕੁਝ ਯਾਦਾਂ ਕਾਰਨ ਖੁਸਰਿਆਂ ਬਾਰੇ ਜਾਣਕਾਰੀ ਲੈਣੀ ਸ਼ੁਰੂ ਕੀਤੀ। ਮੇਰਾ ਨਾਵਲ 'ਸ਼ਾਹਰਗ ਦੇ ਰਿਸ਼ਤੇ 'ਸਪਾਈਨਲ ਕੋਡ ਦੇ ਮਰੀਜ਼ਾਂ ਦੇ ਦੁੱਖਾਂ-ਦਰਦਾਂ ਨੂੰ ਪੇਸ਼ ਕਰਦਾ ਹੈ। ਮੈਨੂੰ ਆਪਣੇ ਜੀਵਨ ਤਜਰਬਿਆਂ ਤੋਂ ਹੀ ਪ੍ਰੇਰਨਾ ਮਿਲੀ ਹੈ।

4. ਅੱਜ ਦੇ ਲੇਖਕ ਹਾਸ਼ੀਏ ਤੇ ਧੱਕੇ ਹੋਏ ਲੋਕਾਂ ਬਾਰੇ ਲਿਖਣਾ ਨਹੀਂ ਚਾਹੁੰਦੇ ਕਿਉਂ?

ਬਹੁਤ ਸਾਰੇ ਲੇਖਕ ਜਿਹੜੇ ਹਾਸ਼ੀਆ ਤੇ ਧੱਕੇ ਹੋਏ ਵਰਗ ਬਾਰੇ ਲਿਖ ਰਹੇ ਹਨ। ਉਹ ਬਹੁਤ ਸੀਮਤ ਹਨ। ਇਹ ਵਰਗ ਜੋ ਕਦੇ ਸਾਡੇ ਰੂਬਰੂ ਨਹੀਂ ਹੁੰਦੇ, ਉਨ੍ਹਾਂ ਬਾਰੇ ਲਿਖਣਾ ਬਹੁਤ ਔਖਾ ਹੈ। ਉਨ੍ਹਾਂ ਵਿਚ ਵਿਚਰ ਕੇ ਹੀ ਅਸੀਂ ਉਨ੍ਹਾਂ ਬਾਰੇ ਕੁਝ ਜਾਣ ਸਕਦੇ ਹਾਂ। ਇਹ ਕਾਰਜ ਇਕ ਖੋਜ ਕਾਰਜ ਵਾਂਗ ਹੀ ਸਾਰੀ ਜਾਣਕਾਰੀ

ਇਕੱਠੀ ਕਰਨ ਸਮਾਨ ਹੁੰਦਾ ਹੈ। ਇਸ ਵਿਚ ਕਾਲਪਨਿਕ ਗੱਲਾਂ ਕਿਸੇ ਕੰਮ ਨਹੀਂ ਹੁੰਦੀਆਂ। ਇਸ ਕਾਰਜ ਲਈ ਵਿਸ਼ਾਲ ਅਨੁਭਵ ਦੀ ਲੋੜ ਹੁੰਦੀ ਹੈ। ਇਹ ਵਿਸ਼ਾਲ ਅਨੁਭਵ ਇਨ੍ਹਾਂ ਵਿਚ ਵਿਚਰ ਕੇ ਹੀ ਇਕੱਠਾ ਕੀਤਾ ਜਾ ਸਕਦਾ ਹੈ।

5.ਕਿੰਨਰਾਂ ਬਾਰੇ ਲਿਖਣ ਦੀ ਪ੍ਰੇਰਨਾ ਕਿੱਥੋਂ ਮਿਲੀ?

ਕਿੰਨਰਾਂ ਬਾਰੇ ਲਿਖਣ ਦੀ ਪ੍ਰੇਰਨਾ ਬਚਪਨ ਦੀ ਜਗਿਆਸਾ ਨੂੰ ਸ਼ਾਂਤ ਕਰਨ ਵਿਚੋਂ ਪੈਦਾ ਹੋਈ। ਬਚਪਨ ਵਿਚ ਜਦੋਂ ਕਿੰਨਰ ਕਿਸੇ ਗਲੀ-ਗੁਆਂਢ ਵਿਚ ਆਉਂਦੇ ਤਾਂ ਇਨ੍ਹਾਂ ਦੇ ਪੈਰਾਂ ਵਿਚ ਪਾਏ ਘੁੰਗਰੂਆਂ ਦਾ ਖੜਾਕ ਮੈਨੂੰ ਖਿੱਚਦਾ ਹੁੰਦਾ ਸੀ। ਵੱਡੀ ਹੋਣ ਤੇ ਗਲੀ ਵਿਚੋਂ ਇਕ ਆਦਮੀ ਜਿਸ ਦੇ ਕੱਪੜੇ ਜਨਾਨਾ ਹੁੰਦੇ ਸਨ। ਉਸ ਦੇ ਉੱਪਰ ਲਾਲ ਰੰਗ ਦੀ ਬੈਂਬਰ ਦੀ ਮੁਕੇਸ਼ ਵਾਲੀ ਚੁੰਨੀ ਹੁੰਦੀ ਸੀ। ਮੈਂ ਸੋਚਦੀ ਕਿ ਆਦਮੀ ਹੋ ਕੇ ਜ਼ਨਾਨੀਆਂ ਵਾਲੇ ਕੱਪੜੇ ਕਿਉਂ ਪਾਉਂਦਾ। ਇਸੇ ਤਰ੍ਹਾਂ ਹੀ ਇਕ ਟ੍ਰਾਂਸਜੈਂਡਰ ਮੇਰਾ ਵਿਦਿਆਰਥੀ ਬਣਿਆ। ਉਸ ਬਖ਼ਤ ਮੈਂ ਉਸੀ ਦੀ ਕੋਈ ਮਦਦ ਨਾ ਕਰ ਸਕੀ ਪਰ ਉਸ ਬਾਰੇ ਮੈਂ ਬਹੁਤ ਲੇਟ ਸਮਝਿਆ। ਇਨ੍ਹਾਂ ਸਾਰੀਆਂ ਗੱਲਾਂ ਦੀ ਖੋਜ ਹੀ ਮੈਨੂੰ ਇਸ ਵਿਸ਼ੇ ਪ੍ਰਤੀ ਖਿੱਚ ਲਿਆਈ।

6. 'ਕੀ ਜਾਣਾ ਮੈਂ ਕੌਣ' ਹੀ ਸਿਰਲੇਖ ਕਿਉਂ ਰੱਖਿਆ?

ਉਕਤ ਲਾਈਨ ਬੁੱਲੇ ਸ਼ਾਹ ਦੀ ਰਚਨਾ ਵਿਚੋਂ ਲਈ ਗਈ ਹੈ। ਇਸ ਦਾ ਅਰਥ ਖ਼ੁਦ ਨੂੰ ਪੜਚੋਲਣਾ ਹੈ। ਅਸੀਂ ਖ਼ੁਦ ਨਹੀਂ ਜਾਣਦੇ ਕਿ ਅਸੀਂ ਕੀ ਹਾਂ? ਜਦੋਂ ਕਿੰਨਰ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦੀ ਪਹਿਚਾਣ ਕਰਵਾਈ ਜਾਂਦੀ ਹੈ। ਉਸ ਦੀ ਸਰੀਰਕ ਬਣਤਰ ਤੋਂ ਪਤਾ ਲੱਗਦਾ ਹੈ ਕਿ ਉਹ ਔਰਤ ਹੈ ,ਮਰਦ ਹੈ ਜਾਂ ਫਿਰ ਕਿੰਨਰ। ਤੀਸਰੇ ਵਰਗ ਦੇ ਲੋਕ ਸਾਰੀ ਉਮਰ ਇਹੀ ਸੋਚਦੇ ਰਹਿੰਦੇ ਹਨ ਕਿ ਅਸੀਂ ਵੀ ਦੂਸਰੇ ਮਨੁੱਖਾਂ ਦੀ ਤਰ੍ਹਾਂ ਉਹੀ ਹੱਡ ,ਪੈਰ , ਉਹੀ ਲਹੂ ਤੇ ਦਿਲ ਦੇ ਬਣੇ ਹੋਏ ਹਾਂ ਅਤੇ ਸਾਡੇ ਦੁੱਖ-ਤਕਲੀਫ਼ ਵੀ ਦੂਸਰੇ ਮਨੁੱਖਾਂ ਦੀ ਤਰ੍ਹਾਂ ਹੀ ਹਨ ਤਾਂ ਮੈਂ ਕੌਣ ਹਾਂ ? ਇਸੇ ਵਿੰਡਬਨਾ ਵਿਚੋਂ ਹੀ ਇਹ ਨਾਮ ਨਿਕਲਿਆ ਹੈ।

7. 'ਕੀ ਜਾਣਾ ਮੈਂ ਕੌਣ' ਲਿਖਦੇ ਸਮੇਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ?

ਜ਼ਮੀਨੀ ਪੱਧਰ ਦਾ ਤਜਰਬਾ ਲੈਣ ਲਈ ਡੇਰਿਆਂ ਤੇ ਜਾਣਾ ਪੈਦਾ ਸੀ। ਸਮਾਂ ਫਿਟ ਨਹੀਂ ਬੈਠਦਾ ਸੀ। ਕਿੰਨਰ ਸਮਾਜ ਦੇ ਕਰਿੰਦੇ ਰੋਜ਼ੀ-ਰੋਟੀ ਦੀ ਭਾਲ ਆਪਣੇ ਕੰਮ-ਧੰਦਿਆਂ ਵਿਚ ਗਏ ਹੋਣੇ। ਇਸ ਵਰਗ ਨਾਲ ਸਮਾਂ ਤੈਅ ਕਰਨਾ ਬੜਾ ਮੁਸ਼ਕਿਲ ਸੀ। ਸਭ ਤੋਂ ਵੱਡੀ ਮੁਸ਼ਕਿਲ ਇਸ ਵਰਗ ਨੂੰ ਮਿਲਣ ਦੀ ਸੀ। ਇਹ ਵਰਗ ਜਦੋਂ ਗੱਲਬਾਤ ਕਰਦੇ ਤਾਂ ਛੇਤੀ ਕਿਤੇ ਕੁਝ ਵੀ ਦੱਸਣ ਲਈ ਤਿਆਰ ਨਹੀਂ ਹੁੰਦਾ ਸੀ। ਵਿਸ਼ਵਾਸ ਦਿਵਾਉਣਾ ਕਿ ਅਸੀਂ ਤੁਹਾਡੀਆਂ ਸਮੱਸਿਆਵਾਂ ਜਾਣਨਾ ਚਾਹੁੰਦੇ ਹਾਂ। ਤੁਹਾਡੇ ਬਾਰੇ ਕੁਝ ਵੀ ਗ਼ਲਤ ਨਹੀਂ ਲਿਖਾਂਗੀ। ਉਸ ਤੋਂ ਬਾਅਦ ਹੀ ਗੱਲ ਕਰਨ ਲਈ ਤਿਆਰ ਹੁੰਦੇ। ਇਹ ਸਮਾਜ ਘਰਾਣਿਆਂ ਵਿਚ ਵੰਡਿਆਂ ਹੁੰਦਾ ਹੈ। ਹਰ ਘਰਾਣੇ ਦੇ ਆਪਣੇ ਰਸਮ-ਰਿਵਾਜ ਹਨ। ਇਲਾਕੇ ਦੀ ਖ਼ਾਤਰ ਇਨ੍ਹਾਂ ਵਿਚ ਆਪਸੀ ਲੜਾਈ-ਝਗੜਾ ਵੀ ਹੋ ਜਾਂਦਾ ਹੈ। ਕਈ ਗੱਲਾਂ ਆਪਸ ਵਿਚ ਸਹੀ ਨਹੀਂ ਬੈਠਦੀਆਂ ਸਨ। ਮਨ ਵਿਚ ਬੜੀ ਦੁਬਿਧਾ ਹੋਈ ਕਿ ਸਹੀ ਜਾਣਕਾਰੀ ਕਿਹੜੀ ਹੈ।

8. 'ਕੀ ਜਾਣਾ ਮੈਂ ਕੌਣ 'ਲਿਖਣ ਦਾ ਅਨੁਭਵ ਕਿਸ ਤਰ੍ਹਾਂ ਦਾ ਰਿਹਾ?

ਅਨੁਭਵ ਬਹੁਤ ਵਧੀਆ ਰਿਹਾ। ਮੇਰੇ ਬਚਪਨ ਦੀ ਜਗਿਆਸਾ ਸੀ। ਸਮਾਜ ਦੇ ਅਣਗੌਲੇ ਵਰਗ ਨੂੰ ਸਮਝਣ ਦਾ ਮੌਕਾ ਮਿਲਿਆ। ਕਿੰਨਰ ਵਰਗ ਨਾਲ ਗੱਲ ਕਰਨ ਵੇਲੇ ਮੈਂ ਇਨ੍ਹਾਂ ਨੂੰ ਮਾਂ, ਭੈਣ, ਮਾਈ ਜਾਂ ਬਾਬਾ ਜੀ ਕਹਿਣਾ ਤਾਂ ਇਨ੍ਹਾਂ ਨੂੰ ਬੜਾ ਚੰਗਾ ਲੱਗਣਾ। ਮੈਂ ਇਨ੍ਹਾਂ ਨਾਲ ਰਿਸ਼ਤੇ ਹੀ ਬਣਾ ਲਏ ਸਨ।

9.ਜੁਗਨੂੰ ਮਹੰਤ ਦਾ ਕਿਰਦਾਰ ਤੁਹਾਡੇ ਮਨ ਵਿਚ ਕਿਵੇਂ ਆਇਆ?

ਜੁਗਨੂੰ ਮਹੰਤ ਇਕ ਕਿਰਦਾਰ ਦਾ ਰੂਪ ਨਹੀਂ ਹੈ। ਬਹੁਤ ਸਾਰੇ ਕਿਰਦਾਰਾਂ ਵਿਚੋਂ ਨਿਚੋੜ ਕੇ ਇਸ ਨੂੰ ਪੇਸ਼ ਕੀਤਾ ਹੈ। ਜੁਗਨੂੰ ਪ੍ਰਤੀਕ ਹੈ , ਜੋ ਹਨੇਰਿਆਂ ਵਿਚ ਵੀ ਚਮਕਦਾ ਹੈ। ਇਸ ਨੂੰ ਸੰਕੇਤਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਗਹਿਰੇ ਹਨੇਰਿਆਂ ਵਿਚ ਵੀ ਰੌਸ਼ਨੀ ਦਿੰਦਾ ਹੈ। ਜੁਗਨੂੰ ਦੀ ਰੌਸ਼ਨੀ ਬੇਸ਼ੱਕ ਬੜੀ ਬਰੀਕ ਜਿਹੀ ਹੁੰਦੀ ਹੈ ਪਰ ਉਹ ਸਾਰਿਆਂ ਨੂੰ ਰਸਤਾ ਦਿਖਾ ਦੇਣ ਦੀ ਸ਼ਕਤੀ ਰੱਖਦੀ ਹੈ। ਇਸ ਨੂੰ ਚਿੰਨ੍ਹਾਤਮਕ ਤੌਰ ਤੇ ਚਿਤਰਿਆ। ਅੱਜ  ਜੋ ਕਿੰਨਰ ਵਰਗ ਦੇ ਕੁਝ ਕੁ ਮੈਂਬਰ ਆਪਣੇ ਹੱਕਾਂ ਲਈ ਲੜ ਰਹੇ ਹਨ ਦੀ ਪ੍ਰਤੀਨਿਧਤਾ ਕਰਦਾ ਹੈ। ਨਾਵਲ ਵਿਚ ਜੁਗਨੂੰ ਦਾ ਰੋਲ ਵੀ ਇਸੇ ਤਰ੍ਹਾਂ ਦੀ ਪੇਸ਼ਕਾਰੀ ਕਰਦਾ ਹੈ। ਨਾਵਲ ਵਿਚ ਜੋ ਉਹ ਕਰਦਾ  ਜਾਂ ਸੋਚਦਾ  ਹੈ ,ਉਹ ਇਸ ਵਰਗ ਦੀ  ਸੋਚ ਨੂੰ ਰੌਸ਼ਨੀ ਦਿਖਾਉਂਦਾ ਹੈ।

10.ਕੀ ਜਾਣਾ ਮੈਂ ਕੌਣ? ਲਿਖਣ ਤੋਂ ਬਾਅਦ ਤੁਹਾਡੀ ਸੋਚ ਵਿਚ ਕੀ ਪਰਿਵਰਤਨ ਆਇਆ?

ਮੇਰੀ ਜ਼ਿੰਦਗੀ ਵਿਚ ਬਹੁਤ ਬਦਲਾਅ ਆਏ। ਇਨ੍ਹਾਂ ਦੇ ਦਰਦ ਨੂੰ ਦੇਖ ਕੇ ਜ਼ਿੰਦਗੀ ਦੇ ਦਰਦ ਸਹਿਣੇ ਸਿੱਖੇ। ਸਹਿਣਸ਼ਕਤੀ ਪੈਦਾ ਹੋਈ। ਮੇਰਾ ਅਨੁਭਵ ਵਿਸ਼ਾਲ ਹੋਇਆ। ਜੇ ਤੁਹਾਡੇ ਕੋਲ ਸਾਧਨ ਸੀਮਤ ਹੋਣ ਤਾਂ ਤੁਸੀਂ ਆਪਣੇ-ਆਪ ਨੂੰ ਖ਼ੁਸ਼ ਕਿਵੇਂ ਰੱਖ ਸਕਦੇ ਹੋ ? ਖ਼ੁਸ਼ ਰਹਿਣ ਵਾਸਤੇ ਸੰਗੀਤ ਵੀ ਜੇ ਸੁਣਨਾ ਹੈ ਤਾਂ ਉਹ ਜ਼ਰੂਰੀ ਨਹੀਂ ਕਿ ਬਹੁਤ ਉੱਚੇ ਕਲਾਸੀਕਲ ਮਿਊਜਕ ਦਾ ਹੋਵੇ। ਉਹ ਸੰਗੀਤ ਘੁੰਗਰੂਆਂ ਤੇ ਤਾੜੀ ਦਾ ਵੀ ਹੋ ਸਕਦਾ ਹੈ। ਇਸ ਵਰਗ ਤੋਂ ਹੀ ਜਣਿਆ ਕਿ ਘੱਟ ਸਾਧਨਾਂ ਨਾਲ ਵੀ ਅਸੀਂ ਆਪਣੀ ਜ਼ਿੰਦਗੀ ਦਾ ਨਿਰਬਾਹ ਕਿਵੇਂ ਕਰ ਸਕਦੇ ਹਾਂ।

11. 'ਕੀ ਜਾਣਾ ਮੈਂ ਕੌਣ?' ਲਿਖਣ ਤੋਂ ਬਾਅਦ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਦੀ ਕੀ ਪ੍ਰਤੀ ਕਿਰਿਆ ਰਹੀਂ?

ਇਸ ਸਵਾਲ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ। ਪਹਿਲਾ ਦੋਸਤਾਂ ਨੇ ਵਿਰੋਧ ਕੀਤਾ ਕਿ ਤੂੰ ਇਹ ਕਿਹੜਾ ਵਿਸ਼ਾ ਲੈ ਲਿਆ ਹੈ। ਪਰਿਵਾਰ ਵਿਚੋਂ ਮੰਮੀ ਨੇ ਉਤਸ਼ਾਹਿਤ ਕੀਤਾ। ਭਰਾਵਾਂ ਨੇ ਡੇਰਿਆਂ ਵਿਚ ਜਾਣ ਤੱਕ ਸਹਾਇਤਾ ਕੀਤੀ। ਦੋਸਤ ਵਿਜੈ ਮਠਾਵਾਂ ਹਰ ਡੇਰੇ ਵਿਚ ਮੇਰੇ ਨਾਲ ਗਏ। ਦਹਿਸ਼ਤ ਫੈਲਾਈ ਗਈ ਕਿ ਇਸ ਹਾਲਤ ਵਿਚ ਹੋ ਕੇ ਡੇਰਿਆਂ ਤੱਕ ਪਹੁੰਚ ਕਰਨੀ ਬਹੁਤ ਔਖੀ ਹੋਵੇਗੀ। ਜਿਹੜੇ ਦੋਸਤ ਪਹਿਲਾ ਮਨਾ ਕਰਦੇ, ਉਹ ਬਾਅਦ ਵਿਚ ਨੇੜੇ ਆਏ। ਦੋਸਤਾਂ ਦੇ ਵਿਚਾਰ ਸਨ ਕਿ ਅਸੀਂ ਸੋਚ ਵੀ ਨਹੀਂ ਸਕਦੇ ਕਿ ਇਸ ਹਾਲਤ ਵਿਚ ਹੋ ਕੇ ਇਸ ਅਣਗੌਲੇ ਵਿਸ਼ੇ ਬਾਰੇ ਲਿਖਣ ਦਾ ਯਤਨ ਕੀਤਾ। ਨਾਵਲ ਪੜ੍ਹਨ

ਤੋਂ ਦੋਸਤਾਂ ਦੀ ਸੋਚ ਵਿਚ ਇਸ ਵਰਗ ਪ੍ਰਤੀ ਪਰਿਵਰਤਨ ਆਇਆ। ਪਰਿਵਾਰ ਵਾਲੇ ਖ਼ੁਸ਼ ਸਨ। ਭਰਾਵਾਂ-ਭਾਬੀਆਂ ਨੇ ਨਾਵਲ ਨੂੰ ਪੜ੍ਹਿਆ। ਮੰਮੀ ਅਨਪੜ੍ਹ ਹੋਣ ਕਾਰਨ ਨਾਵਲ ਪੜ੍ਹ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਪੜ੍ਹ ਕੇ ਸੁਣਾਇਆ ਗਿਆ।

12.ਕਿੰਨਰਾਂ ਦੇ ਲਈ ਸਮਾਜਿਕ ਦ੍ਰਿਸ਼ਟੀਕੋਣ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਤੁਸੀਂ ਹੋਰ ਕੀ ਕਰਨਾ ਚਾਹੁੰਦੇ ਹੋ ਇਸ ਸਮਾਜ ਲਈ?

ਸਮਾਜਿਕ ਦ੍ਰਿਸ਼ਟੀਕੋਣ ਵਧੀਆ ਹੋਣਾ ਚਾਹੀਦਾ ਹੈ ਜੋ ਵਧੀਆ ਨਹੀਂ ਹੈ। ਇਸ ਵਰਗ ਦੇ ਲੋਕ ਵੀ ਉਹੀ ਗੁਣ ਸੂਤਰਾਂ ਤੇ ਹੱਡ ਮਾਸ ਦੇ ਪੁਤਲੇ ਹੁੰਦੇ ਹਨ ਜੋ ਆਮ ਇਨਸਾਨ ਹੁੰਦਾ ਹੈ। ਇਸ ਵਰਗ ਪ੍ਰਤੀ ਸਮਾਜ ਗ਼ਲਤ ਨਜ਼ਰੀਆ ਅਪਣਾ ਲੈਂਦਾ ਹੈ। ਸਮਾਜ ਅਪਣਾਉਣ ਬਾਰੇ ਤਾਂ ਸੋਚਦਾ ਹੀ ਨਹੀਂ ਕਿ ਇਹ ਵੀ ਸਾਡੇ ਵਰਗੇ ਇਨਸਾਨ ਹਨ। ਸਮਾਜ ਨੂੰ ਆਪਣੀ ਸੋਚ ਬਦਲਣੀ ਪਵੇਗੀ। ਇਹ ਵੀ ਕੁਦਰਤ ਦੀਆ ਦਾਤਾਂ ਹਨ। ਇਸ ਵਰਗ ਲਈ ਦ੍ਰਿਸ਼ਟੀਕੋਣ ਸੁਹਿਰਦਤਾ ਵਾਲਾ ਹੋਣਾ ਚਾਹੀਦਾ ਹੈ।

13.ਤੁਹਾਡੇ ਮਨ ਵਿਚ ਕਦੇ ਇਸ ਤਰ੍ਹਾਂ ਵਿਚਾਰ ਆਇਆ ਹੈ ਕਿ ਕੋਈ ਸਰਕਾਰੀ ਜਾਂ ਗੈਰ-ਸਰਕਾਰੀ ਯੋਜਨਾ ਸ਼ੁਰੂ ਹੋਣੀ ਚਾਹੀਦੀ ਹੈ?

ਬਿਲਕੁਲ ਸ਼ੁਰੂ ਹੋਣੀ ਚਾਹੀਦੀ ਹੈ। ਇਸ ਵਰਗ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸਮਾਨ ਦਿਵਾਉਣ ਦੀ ਖ਼ਾਤਰ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾਵਾਂ ਨੂੰ ਅੱਗੇ ਆਉਣਾ ਪਵੇਗਾ। ਤਾੜੀ ਕਦੇ ਵੀ ਇਕ ਹੱਥ ਨਾਲ ਨਹੀਂ ਵੱਜਦੀ। ਦੁਵੱਲੇ ਯਤਨ ਕਰਨੇ ਪੈਣਗੇ। ਇਸ ਪਾਸੇ ਸਭਿਅਕ ਕਹਾਉਣ ਵਾਲੇ ਸਮਾਜ ਦੇ ਮਨੁੱਖ ਹਨ ਅਤੇ ਦੂਜੇ ਪਾਸੇ ਸਮਾਜਿਕ ਸੰਸਥਾਵਾਂ ਇਸ ਵਿਚ ਆਪਣਾ ਰੋਲ ਨਿਭਾ ਸਕਦੀਆਂ ਹਨ। ਕਿੰਨਰ ਸਮਾਜ ਵੀ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦੀ ਖ਼ਾਤਰ ਅੱਗੇ ਆਵੇਗਾ। ਸਮਾਜਿਕ ਸੰਸਥਾਵਾਂ ਦੇ ਯਤਨ ਫਿਰ ਹੀ ਸਫਲ ਹੋਣਗੇ ਜੇ ਇਹ ਵਰਗ ਅੱਗੇ ਹੋ ਕੇ ਚੱਲੇਗਾ।

14.ਪੰਜਾਬੀ ਵਿਚ ਕਿੰਨਰਾਂ ਬਾਰੇ ਲਿਖੇ ਸਾਹਿਤ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ ਕੀ ਕਾਰਨ ਹੈ?

ਸਮਾਜ ਦਾ ਇਹ ਇਕ ਅਣਗੌਲਿਆ ਵਰਗ ਹੈ। ਇਹ ਵਰਗ ਦੇ ਦੁੱਖਾਂ-ਸੁੱਖਾਂ ਨੂੰ ਸਮਝਣ ਦੇ ਲਈ ਇਨ੍ਹਾਂ ਨਾਲ ਸਾਡਾ ਵਾਹ-ਵਾਸਤਾ ਹੋਣਾ ਚਾਹੀਦਾ ਹੈ। ਸਮਾਜ ਨੇ ਇਸ ਨੂੰ ਇਕ ਅਲੱਗ ਸਮਾਜ ਵਿਚ ਧੱਕਿਆ ਹੋਇਆ ਹੈ। ਇਸ ਵਰਗ ਨੂੰ ਸਮਝਣ ਦੇ ਲਈ ਡੇਰਿਆਂ ਤੱਕ ਪਹੁੰਚ ਕਰਨੀ ਪੈਂਦੀ ਹੈ। ਮੇਰੇ ਖ਼ਿਆਲ ਵਿਚ ਇਹ ਬਹੁਤ ਮੁਸ਼ਕਿਲ ਕਾਰਜ ਹੈ। ਇਸ ਨੂੰ ਕਰਨ ਲਈ ਹਰ ਕੋਈ ਤਿਆਰ ਨਹੀਂ ਹੁੰਦਾ। ਵਿਸ਼ਾਲ ਅਨੁਭਵ ਤੋਂ ਲਿਖਣਾ ਸੰਭਵ ਨਹੀਂ ਹੈ। ਇਹ ਅਨੁਭਵ ਤਾਂ ਇਨ੍ਹਾਂ ਨਾਲ ਵਿਚਰ ਕੇ ਹੀ ਇਕੱਠਾ ਕੀਤਾ ਜਾ ਸਕਦਾ ਹੈ। ਪੰਜਾਬੀ ਵਿਚ ਤਾਂ ਕੀ ਹਿੰਦੀ ਸਾਹਿਤ ਵਿਚ ਵੀ ਇਸ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ।

15.ਨਾਵਲ ਦੇ ਪ੍ਰਕਾਸ਼ਿਤ ਹੋਣ ਤੋਂ ਬਾਅਦ ਸਾਹਿਤਕ ਖੇਤਰ ਵਿਚ ਕੋਈ ਚਰਚਾ ਸ਼ੁਰੂ ਹੋਈ ਜਾਂ ਜੋ ਪਰਿਵਰਤਨ ਤੁਸੀਂ ਮਹਿਸੂਸ ਕੀਤਾ?

ਸਭ ਤੋਂ ਪਹਿਲਾ ਸਾਹਿਤ ਸਭਾ ਚੰਡੀਗੜ੍ਹ ਨੇ ਇਸ ਨਾਵਲ ਤੇ ਗੋਸ਼ਟੀ ਕਰਵਾਈ। ਇਸ ਗੋਸ਼ਟੀ ਵਿਚ ਸਾਹਿਤ ਨਾਲ ਚੇਟਕ ਰੱਖਣ ਵਾਲੇ ਚਿੰਤਕਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਉਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਮਿਤੀ 24 ਅਕੂਤਬਰ 2019 ਨੂੰ ਪੁਸਤਕ ਮੇਲੇ ਦੌਰਾਨ ' ਲਿੰਗਕ ਪਹਿਚਾਣ ਦਾ ਮਸਲਾ ਸਹਿਣਸ਼ੀਲਤਾ ਤੇ ਅਸਹਿਣਸ਼ੀਲਤਾ 'ਦੇ ਵਿਸ਼ੇ ਤੇ ਚਰਚਾ ਕੀਤੀ ਗਈ। ਜਿਸ ਵਿਚ ਮੈਨੂੰ ਵਿਸ਼ੇਸ਼ ਤੋਰ ਤੇ ਸੱਦਾ ਦਿੱਤਾ ਗਿਆ। ਆਪਣੇ ਵਿਚਾਰ ਸਾਂਝੇ ਕਰਦੇ ਦੱਸਿਆ ਕਿ ਇਸ ਵਰਗ ਨੂੰ ਬੇਸ਼ੱਕ ਤੀਜੇ ਜੈਂਡਰ ਵਜੋਂ ਮਾਨਤਾ ਮਿਲ ਚੁੱਕੀ ਹੈ ਪਰ ਸਮਾਜ ਕਿਉਂ ਇਕ ਜਿਉਂਦੇ ਜਾਗਦੇ ਮਨੁੱਖ ਨੂੰ ਖ਼ਾਰਜ ਕਰ ਰਿਹਾ ? ਯੂਨੀਵਰਸਿਟੀ ਪੱਧਰ ਤੇ ਇਸ ਤਰ੍ਹਾਂ ਦੀ ਚਰਚਾ ਹੋਣੀ ਹੀ ਇਸ ਨਾਵਲ ਦੀ ਪ੍ਰਾਪਤੀ ਹੈ। ਮੀਡੀਆ ਰਾਹੀਂ ਵੀ ਜਾਗਰਿਤ ਕੀਤਾ ਜਾ ਰਿਹਾ ਹੈ। ਵੱਖ-ਵੱਖ ਅਖ਼ਬਾਰਾਂ ਵਿਚ ਇਸ ਨਾਵਲ ਦੇ ਰਿਵਿਊ ਆ ਰਹੇ ਹਨ। ਮੈਗਜ਼ੀਨ 'ਹੁਣ' ਵਿਚ ਮਨਮੋਹਨ ਵੱਲੋਂ 'ਕੀ ਜਾਣਾ ਮੈਂ ਕੌਣ ?: ਕਾਮੁਕਤਾ ਤੇ ਲਿੰਗਕਤਾ ਦੀ ਪਛਾਣ ਦਾ ਪ੍ਰਵਚਨ ' ਸਿਰਲੇਖ ਹੇਠ ਲਿਖਣਾ ਸਾਹਿਤਕ ਚਰਚਾ ਵਿਚ ਸ਼ਾਮਿਲ ਹੈ।

16. ਇਸ ਨਾਵਲ ਨੂੰ ਹੋਂਦ ਵਿਚ ਲਿਆਉਣ ਲਈ ਕਿੰਨਰ ਵਰਗ ਵੱਲੋਂ ਤੁਹਾਨੂੰ ਕੀ ਸਹਿਯੋਗ ਮਿਲਿਆ?

ਨਾਵਲ ਨੂੰ ਲਿਖਣ ਲਈ ਮੈਨੂੰ ਡੇਰਿਆਂ ਤੱਕ ਪਹੁੰਚ ਕਰਨੀ ਪਈ। ਇਸ ਨਾਵਲ ਵਿਚ ਜੋ ਵੀ ਇਸ ਵਰਗ ਬਾਰੇ ਪੇਸ਼ ਕੀਤਾ ਗਿਆ ਹੈ। ਉਹ ਸਾਰੀ ਜਾਣਕਾਰੀ ਹੀ ਕਿੰਨਰ ਵਰਗ ਵੱਲੋਂ ਮਿਲਿਆ ਹੋਇਆ ਸਹਿਯੋਗ ਹੈ। ਇਸ ਵਰਗ ਦੇ ਸਹਿਯੋਗ ਤੋਂ ਬਿਨਾਂ ਲਿਖਣਾ ਸੰਭਵ ਨਹੀਂ ਸੀ।

# ਪੁਸਤਕ ਸੂਚੀ

ਉੱਪਲ, ਦਲੀਪ ਸਿੰਘ (ਅਨੁ.). *ਰਾਜਨੀਤੀ.* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2008.

ਅਜ਼ਾਦ, ਨਿਰਮਲ ਸਿੰਘ (ਸੰਪਾ.).*ਪੰਜਾਬ ਦੀ ਆਰਥਿਕਤਾ.* ਪੰਜਾਬੀ ਯੂਨੀਵਰਸਿਟੀ, 1983.

ਅਤਰ ਸਿੰਘ.*ਸਮਦਰਸ਼ਨ.* ਲਾਹੌਰ ਬੁੱਕ ਸ਼ਾਪ, 1982.

ਅਮਰ ਤਰਸੇਮ.*ਪੰਜਾਬੀ ਨਾਵਲ ਸ੍ਰੇਣੀ ਸ਼ਾਸਤਰੀ ਪਰਿਪੇਖ.* ਰਵੀ ਸਾਹਿਤ ਪ੍ਰਕਾਸ਼ਨ, 2006.

ਅਮਰਜੀਤ ਕੌਰ (ਡਾ.).*ਸਭਿਆਚਾਰ ਪਤ੍ਰਿਕਾ.* ਪੰਜਾਬੀ ਯੂਨੀਵਰਸਿਟੀ, ਅੰਕ -7, ਜਨਵਰੀ 2009.

ਅਮੋਲ, ਐਸ.ਐਸ. *ਭਾਰਤੀ ਸਮਾਜਿਕ ਸੰਸਥਾਵਾਂ.* ਪੰਜਾਬੀ ਯੂਨੀਵਰਸਿਟੀ, ਮਿਤੀਹੀਣ.

ਅਰਸੀ, ਗੁਰਚਰਨ ਸਿੰਘ (ਅਨੁ). *ਨਾਵਲ ਦੀ ਸੰਰਚਨਾ.* ਨੈਸ਼ਨਲ ਬੁੱਕ ਸ਼ਾਪ, 1992.

ਅਰਸੀ, ਗੁਰਚਰਨ ਸਿੰਘ (ਡਾ.).*ਸਮੀਖਿਆ ਦ੍ਰਿਸ਼ਟੀਆਂ.* ਪੰਜਾਬੀ ਸਾਹਿਤ ਅਕਾਦਮੀ, 1989.

ਏਂਗਲਜ਼.*ਟੱਬਰ ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ* .ਪੰਜਾਬ ਬੁੱਕ ਸੈਂਟਰ, 2010.

ਸੰਧੂ, ਸਤਿਨਾਮ ਸਿੰਘ. (ਸੰਪਾ.).*ਪੰਜਾਬੀ ਗਲਪ ਸਿਰਜਣਾ ਅਤੇ ਸਮੀਖਿਆ* .ਮਦਾਨ ਪਬਲਿਸ਼ਰਜ਼, 2000.

ਸੰਧੂ, ਵਰਿਆਮ ਸਿੰਘ. *ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ.* ਲਾਹੌਰ ਬੁੱਕ ਸ਼ਾਪ, 1979.

ਸੰਧੂ, ਸਤਿਨਾਮ ਸਿੰਘ, ਸੰਪਾਦਕ. *ਪੰਜਾਬੀ ਗਲਪ ਸਿਰਜਣਾ ਅਤੇ ਸਮੀਖਿਆ.* ਮਦਾਨ ਪਬਲਿਸ਼ਰਜ਼, 2000.

ਸਰਬਜੋਤ ਸਿੰਘ.*ਵਿਸ਼ਵੀਕਰਨ, ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ.* ਲੋਕਗੀਤ ਪ੍ਰਕਾਸ਼ਨ, 2005

ਸ਼ਰਮਾ, ਜੀ, ਐਲ. *ਗਲਪ ਯਥਾਰਥ ਪ੍ਰਯੋਜਨ ਤੇ ਪ੍ਰਵਿਰਤੀਆਂ.* ਏਕਤਾ ਪ੍ਰਕਾਸ਼ਨ, 1960.

ਸਵਿੰਦਰਜੀਤ ਕੌਰ.*ਸਮਾਜ ਵਿਗਿਆਨ ਦੇ ਮੂਲ ਸੰਕਲਪ.* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2012.

ਸਿੰਗਲ, ਧਰਮ ਪਾਲ (ਡਾ.). *ਸੁਜਾਨ ਸਿੰਘ-ਇਕ ਅਧਿਐਨ*. ਲਾਹੌਰ ਬੁੱਕ ਸ਼ਾਪ, 1962.

ਸਿਰਸਾ, ਸੁਖਦੇਵ (ਡਾ.).*ਪੇਂਡੂ ਸਮਾਜ ਅਤੇ ਪੇਂਡੂ ਵਿਕਾਸ.* ਪਬਲੀਕੇਸ਼ਨਜ ਬਿਊਰੋ ਪੰਜਾਬੀ ਯੂਨੀਵਰਸਿਟੀ, 2010.

ਸੁਖਵਿੰਦਰ ਸਿੰਘ (ਡਾ.).*ਪੰਜਾਬੀ ਨਾਵਲ ਰਿਸ਼ਤਿਆਂ ਦੀ ਪਰਿਭਾਸ਼ਾ.* ਚੇਤਨਾ ਪ੍ਰਕਾਸ਼ਨ, 2015.

ਸੁਰਜੀਤ ਸਿੰਘ.*ਪੰਜਾਬੀ ਨਾਵਲ ਦ੍ਰਿਸ਼ ਅਤੇ ਦ੍ਰਿਸ਼ਟੀ.* ਚੇਤਨਾ ਪ੍ਰਕਾਸ਼ਨ, 2012

ਸੇਖੋਂ, ਅਮਰਜੋਤ. *ਪੰਜਾਬੀ ਨਾਵਲ ਦਾ ਇਤਿਹਾਸ.* ਲਾਹੌਰ ਬੁੱਕ ਸ਼ਾਪ, 1972.

ਸੇਖੋਂ, ਸੰਤ ਸਿੰਘ. *ਸਾਹਿਤਆਰਥ,* ਲਾਹੌਰ ਬੁੱਕ ਸ਼ਾਪ, 1970.

--- *ਪੰਜਾਬੀ ਗਲਪ ਵਿਚ ਆਧਨਿਕਤਾ.* ਭਾਸ਼ਾ ਵਿਭਾਗ ਪੰਜਾਬ, 1971-72.

ਹਰਸਿਮਰਨ ਸਿਘ (ਡਾ.). *ਬਿਰਤਾਂਤਕ ਗਲਪ ਪ੍ਰਬੰਧ.* ਨਾਨਕ ਸਿੰਘ ਪੁਸਤਕਮਾਲਾ, 1993.

ਹਰਭਜਨ ਸਿੰਘ (ਡਾ.).*ਕਿਸ਼ਨ ਸਿੰਘ ਸਾਹਿਤ ਅਧਿਐਨ.* ਗੁਰੂ ਨਾਨਕ ਦੇਵ ਯੂਨੀਵਰਸਿਟੀ, 1987.

ਹਰਿੰਦਰ ਸਿੰਘ, *ਅਵਤਾਰ ਸਿੰਘ ਬਿਲਿੰਗ ਦੇ ਨਾਵਲ:ਸਮਾਜ –ਸਭਿਆਚਾਰ ਪਰਿਪੇਖ.* ਸੰਗਮ ਪਬਲੀਕੇਸ਼ਨਜ਼, 2016.

ਹਰਿਭਜਨ ਸਿੰਘ (ਡਾ.).*ਅਧਿਐਨ ਅਤੇ ਅਧਿਆਪਨ.* ਆਰਸ਼ੀ ਪਬਲਿਸ਼ਰਜ਼, 1990

---*ਸਾਹਿਤ ਸ਼ਾਸਤਰ,* ਨਵਚੇਤਨ ਪਬਲਿਸ਼ਰ, 1973.

ਕੰਵਰ, ਤਰਲੋਕ ਸਿੰਘ. *ਸਾਹਿਤ ਅਧਿਐਨ ਬਦਲਦੇ ਪਰਿਪੇਖ*. ਲੋਕਾਇਤ ਪ੍ਰਕਾਸ਼ਨ, 1988.

ਕਾਂਗ, ਜਸਪਾਲ ਕੌਰ. *ਗਲਪ ਚੇਤਨਾ.* ਨਾਨਕ ਸਿੰਘ ਪੁਸਤਕਮਾਲਾ, 1980.

ਕਾਂਗ,ਕੁਲਬੀਰ ਸਿੰਘ ਅਤੇ ਬ੍ਰਮ ਜਗਦੀਸ਼ ਸ਼ਿੰਘ.*ਸਾਹਿਤ ,ਸਭਿਆਚਾਰ ਤੇ ਪੰਜਾਬ.*ਲੋਕ ਸਾਹਿਤ ਪ੍ਰਕਾਸ਼ਨ ,1987.

ਕਿਸ਼ਨ ਸਿੰਘ (ਪ੍ਰੋ). ਲੋਕਾਇਤ ਪ੍ਰਕਾਸ਼ਨ, 1986.

ਕਿਸ਼ਨ ਸਿੰਘ. *ਸਾਹਿਤ ਦੇ ਸੋਮੇ.* ਰਘਬੀਰ ਰਚਨਾ ਪ੍ਰਕਾਸ਼ਨ, 1974.

ਕੇਸਰ, ਜਸਵੀਰ (ਡਾ.).ਸੰਪਾਦਕ. *ਖੋਜ ਚਿੰਤਨ.* ਲੋਕਗੀਤ ਪ੍ਰਕਾਸ਼ਨ, 2006.

ਕੌਸ਼ਲ, ਸੁਨੀਤਾ (ਡਾ.).*ਪੰਜਾਬੀ ਚੇਤਨਾ ਤੋਂ ਗਲਪ ਸ਼ਾਸ਼ਤਰ* .ਨਾਨਕ ਸਿੰਘ ਪੁਸਤਕਮਾਲਾ, 1996.

ਖਾਹਰਾ, ਸੁਖਦੇਵ ਸਿੰਘ (ਡਾ.).*ਪੰਜਾਬੀ ਨਾਵਲ ਵਿਚ ਸਾਂਸਕ੍ਰਿਤਿਕ ਚੇਤਨਾ.*ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1988.

ਗਰੇਵਾਲ, ਅਮਰਜੀਤ.*ਪੰਜਾਬੀ ਸਭਿਆਚਾਰ ਦਾ ਭਵਿੱਖ.* ਸਹਿਤਕਲਾ ਪ੍ਰਕਾਸ਼ਨ, 1989.

ਗਰੇਵਾਲ, ਅਮਰਜੀਤ, *ਪੰਜਾਬੀ ਸਭਿਆਚਾਰ ਦਾ ਭਵਿੱਖ.* ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ, 1989.

ਗਾਸੋ, ਓਮ ਪ੍ਰਕਾਸ਼.*ਪੰਜਾਬੀ ਸਭਿਆਚਾਰ.* ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਮਿਤੀਹੀਣ.

ਗਿਆਨੀ, ਗੁਰਦਿੱਤ ਸਿੰਘ. *ਮੇਰਾ ਪਿੰਡ.* ਸਾਹਿਤ ਪ੍ਰਕਾਸ਼ਨ, 1961.

ਗਿੱਲ, ਸਿਮਰਜੀਤ (ਡਾ.).*ਨਾਰੀ ਦਾ ਹਾਸ਼ੀਆਗਤ ਅਸਿੱਤਤਵ.*ਲੋਕਗੀਤ ਪ੍ਰਕਾਸ਼ਨ, 2014.

ਗੁਰਦਿਆਲ ਸਿੰਘ (ਡਾ.).*ਪੰਜਾਬੀ ਨਾਵਲ ਵਿਚ ਦ੍ਰਿਸ਼ਟੀ ਬਿੰਦੂ.* ਨਾਨਕ ਸਿੰਘ ਪੁਸਤਕ ਮਾਲਾ, 1999.

ਗੁਰਭਗਤ ਸਿੰਘ. *ਉਤਰਆਧੁਨਿਕਵਾਦ.* ਮਦਾਨ ਪਬਲੀਕੇਸ਼ਨਜ਼, ਮਿਤੀਹੀਣ.

ਘੁੰਮਣ, ਬਿਕਰਮ ਸਿੰਘ.*ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ.* ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਡ, 1987.

ਚੰਦੀ, *ਗੁਰਦੇਵ ਸਿੰਘ.ਗਲਪ ਪ੍ਰਵਚਨ,* ਰਿਸ਼ਮ ਪ੍ਰਕਾਸ਼ਨ, 2001.

ਜਸਵਿੰਦਰ ਸਿੰਘ (ਡਾ,).*ਪੰਜਾਬੀ ਸਭਿਆਚਾਰ:ਪ੍ਰਮਾਣ ਤੇ ਪ੍ਰਤੀਮਾਨ.* ਸਾਹਿਤ ਕੇਂਦਰ, 1986.

ਬ੍ਰਹਮ, ਜਗਦੀਸ਼ ਸਿੰਘ. *ਸਭਿਆਚਾਰਕ ਮਾਨਵ ਵਿਗਿਆਨ.* ਵਾਰਿਸਸ਼ਾਹ ਫਾਊਡੇਸ਼ਨ, 1990.

ਜਗਬੀਰ ਸਿੰਘ (ਡਾ,). *ਪੰਜਾਬੀ ਗਲਪ ਸੰਸਾਰ.* ਆਰਸੀ ਪਬਲਿਸ਼ਰਜ, 1997.

ਜਗਬੀਰ ਸਿੰਘ (ਡਾ.).*ਬਿਰਤਾਂਤਕ ਗਲਪ ਸਿਧਾਂਤ ਤੇ ਸਮੀਖਿਆ.* ਆਰਸੀ ਪਬਲਿਸ਼ਰਜ਼, 1992.

ਜੱਗੀ, ਰਤਨ ਸਿੰਘ (ਸੰਪਾ.). *ਸਾਹਿਤ ਅਧਿਐਨ ਵਿਧੀਆਂ.* ਪਬਲੀਕੇਸ਼ਨ ਬਿਊਰੋ, 1988.

ਜੋਸ਼ੀ, ਜੀਤ ਸਿੰਘ.*ਪੰਜਾਬੀ ਕਹਾਣੀ ਬਦਲਦੇ ਪਰਿਪੇਖ* .ਵਾਰਿਸ਼ ਸ਼ਾਹ ਫਾਊਡੇਸ਼ਨ, 1997.

ਟੈਰੀ, ਈਗਲਟਨ.*ਮਾਰਕਸਵਾਦੀ ਸਾਹਿਤਕ ਆਲੋਚਨਾ.* ਲੋਕਾਇਤ ਪ੍ਰਕਾਸ਼ਨ, 1985.

ਢੀਂਡਸਾ, ਮਾਨ ਸਿੰਘ (ਡਾ.).*ਪੰਜਾਬੀ ਨਾਵਲ ਪ੍ਰੰਪਰਾ ਤੇ ਪ੍ਰਵਾਹ.* ਸ਼ਿਵ ਪ੍ਰਕਾਸ਼ਨ, 2003.

ਢੀਂਡਸਾ, ਜਸਵਿੰਦਰ ਸਿੰਘ ਅਤੇ ਮਾਨ ਸਿੰਘ (ਡਾ.).*ਪੰਜਾਬੀ ਸਾਹਿਤ ਦਾ ਇਤਿਹਾਸ.* ਪੰਜਾਬੀ ਯੂਨੀਵਰਸਿਟੀ, 1998.

ਤਸਨੀਮ, ਨਰਿੰਜਨ.*ਪੰਜਾਬ ਨਾਵਲ ਦਾ ਆਲੋਚਨਾਤਮਲ ਅਧਿਐਨ.* ਲੋਕ ਸਾਹਿਤ ਪ੍ਰਕਾਸ਼ਨ, 1973.

ਥਿੰਦ, ਕਰਨੈਲ ਸਿੰਘ ਅਤੇ ਗੁਰਬਖਸ਼ ਸਿੰਘ ਫ਼ਰੈਂਕ.ਸੰਪਾਦਕ. *ਸਭਿਆਚਾਰ ਦਰਪਣ.* ਗੁਰੂ ਨਾਨਕ ਦੇਵ ਯੂਨੀਵਰਸਿਟੀ, ਮਿਤੀਹੀਣ.

ਦਵੇਸ਼ਵਰ, ਸੁਰਿੰਦਰ ਕੁਮਾਰ (ਡਾ.). *ਸਮਾਜ ਸੱਤਾ ਤੇ ਸਮਕਾਲੀ ਨਾਵਲ.* ਲੋਕਗੀਤ ਪ੍ਰਕਾਸ਼ਨ, 2006.

ਦੁਸਾਂਝ, ਸੁਰਿੰਦਰ ਸਿੰਘ (ਡਾ.).*ਪੰਜਾਬੀ ਨਾਵਲ ਦੇ ਲੱਛਣ ਤੇ ਝੁਕਾਅ* .ਲੋਕਗੀਤ ਪ੍ਰਕਾਸ਼ਨ, 2010.

ਧਨਵੰਤ ਕੌਰ (ਡਾ.).*ਪੰਜਾਬੀ ਗਲਪ ਵਿਚ ਆਧੁਨਿਕ ਸੰਵੇਦਨਾ (1947-80)*.ਭਾਸ਼ਾ ਵਿਭਾਗ ਪੰਜਾਬ, 1989.

ਧਨਵੰਤ ਕੌਰ.(.ਡਾ)ਪੰਜਾਬੀ ਗਲਪ ਵਿਚ ਆਧਨਿਕ ਸੰਵੇਦਨਾ.(80-1947)ਭਾਸ਼ਾ ਵਿਭਾਗ ਪੰਜਾਬ.1989,

ਧਾਲੀਵਾਲ, ਬਲਦੇਵ ਸਿੰਘ, ਸੰਪਾਦਕ, *ਆਹਟ (ਸਾਲ2015 ਦੀਆਂ ਬੇਹਤਰੀਨ ਪੰਜਾਬੀ ਕਹਾਣੀਆਂ),*ਗ੍ਰੇਸ਼ੀਅਸ ਬੁੱਕਸ, ,2016.

ਨਸਰਾਲੀ, ਬਲਜਿੰਦਰ (ਡਾ.).*ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਦਾ ਸਭਿਆਚਾਰ-ਸ਼ਾਸਤਰ.* ਟਵੰਟੀ ਫਾਸਟ ਸ਼ੈਚਰੀ ਪਬਲੀਕੇਸ਼ਨਜ਼, 2006.

ਪਾਂਡੇ, ਮੈਨੇਜਰ. *ਸਾਹਿਤ ਔਰ ਸਮਾਜਸ਼ਾਸ਼ਤਰੀ ਦ੍ਰਿਸ਼ਟੀ.*ਆਧਾਰ ਪ੍ਰਕਾਸ਼ਨ, 2016.

ਪਿਆਰਾ ਸਿੰਘ (ਪ੍ਰੋ.). *ਪੰਜਾਬੀ ਗਲਪ ਸਿਧਾਂਤ.* ਇਤਿਹਾਸ ਤੇ ਪ੍ਰਵਿਰਤੀਆਂ, ਨਿਊ ਬੁੱਕ ਕੰਪਨੀ, 1989.

ਫ਼ਰੈਕ, ਗੁਰਬਖਸ਼ ਸਿੰਘ.*ਸਭਿਆਚਾਰ. ਮੁੱਢਲੈ ਜਾਣ-ਪਛਾਣ.* ਦੀ ਪੰਜਾਬੀ ਰਾਈਟਰਜ਼ ਕੋਆਪ੍ਰੇਟਿਵ ਸੋਸਾਇਟੀ ਲਿਮਟਿਡ, 1984.

ਫੁੱਲ, ਗੁਰਦਿਆਲ ਸਿੰਘ (ਡਾ.).*ਪੰਜਾਬੀ ਸਭਿਆਚਾਰ* .ਇਕ ਦ੍ਰਿਸ਼ਟੀਕੋਣ, ਪੰਜਾਬੀ ਯੂਨੀਵਰਸਿਟੀ, 1987.

ਬੰਗਾ, ਹਰਪ੍ਰੀਤ ਕੌਰ. *ਸਬਾਲਟਰਨ ਗੁਰਦਿਆਲ ਸਿੰਘ ਦੇ ਨਾਵਲਾਂ ਦੀ* ਪਰਿਕਰਮਾ.ਸੰਗਮ ਪਬਲੀਕੇਸ਼ਨਜ਼, 2015.

ਬੱਦਨ, ਬਲਦੇਵ ਸਿੰਘ (ਡਾ.), *ਨੈਸ਼ਨਲ ਪੰਜਾਬੀ ਕੋਸ਼.*ਨੈਸ਼ਨਲ ਬੁੱਕ ਸ਼ਾਪ, 2017.

ਬਰਾੜ, ਸੁਰਜੀਤ ਸਿੰਘ(.ਡਾ) .ਪੰਜਾਬੀ ਨਾਵਲ : ਸਮਾਜ ਸ਼ਾਸਤਰੀ ਪਰਿਪੇਖ.ਚੇਤਨਾ ਪ੍ਰਕਾਸ਼ਨ,2005.

ਬਰਾੜ---*ਪੰਜਾਬੀ ਨਾਵਲ ਵਸਤੂ ਯਥਾਰਥ ਅਤੇ ਜੁਗਤਾਂ.* ਚੇਤਨਾ ਪ੍ਰਕਾਸ਼ਨ, 2012

ਬਲਵਿੰਦਰ ਕੌਰ.*ਪੰਜਾਬੀ ਨਾਵਲ ਦਾ ਸਮਾਜ ਸ਼ਾਸ਼ਤਰੀ ਅਧਿਐਨ.*ਵਾਰਿਸ਼ ਸ਼ਾਹ ਫਾਊਡੇਸ਼ਨ, 2000.

ਭੱਟੀ, ਸੁਰਜੀਤ ਸਿੰਘ (ਡਾ.).*ਚਿੰਤਨ ਚੇਤਨਾ.*ਲੋਕਗੀਤ ਪ੍ਰਕਾਸ਼ਨ, 1988.

ਭਾਟੀਆ, ਹਰਿਭਜਨ ਸਿੰਘ (ਡਾ.).*ਪੰਜਾਬੀ ਗਲਪ.*ਵਾਰਿਸ਼ ਸ਼ਾਹ ਫਾਊਡੇਸ਼ਨ, 2005.

ਮਹਿੰਦਰ ਧੀਂਗੜਾ (ਡਾ.).*ਪੰਜਾਬੀ –ਹਿੰਦੀ ਕਹਾਣੀ ਤੁਲਾਨਾਤਮਕ ਅਧਿਐਨ.* ਪੁਸ਼ਪ ਪ੍ਰਕਾਸ਼ਨ, 1977.

ਮਨਿੰਦਰ ਕੌਰ.*ਅਜੀਤ ਕੌਰ ਦੀ ਗਲਪ ਚੇਨਤਾ.*ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ, 1990.

ਮਾਰਕਸ ਏਂਗਲਜ਼ .*ਸਾਹਿਤ ਅਤੇ ਕਲਾ .*ਪ੍ਰਗਤੀ ਪ੍ਰਕਾਸ਼ਨ, ਸੋਵੀਅਤ ਯੂਨੀਅਨ, 1980.

ਰਜਨੀਸ਼ ਬਹਾਦਰ ਸਿੰਘ (ਡਾ.), ਪੰਜਾਬੀ ਨਾਵਲ ਦਾ ਭਵਿੱਖ: ਚੁਣੌਤੀਆਂ ਤੇ ਸੰਭਾਵਨਾਵਾਂ, ਚੇਤਨਾ ਪ੍ਰਕਾਸ਼ਨ,

ਰਾਹੁਲ ਸਾਂਕ੍ਰਿਤਯਾਯਨ.*ਵੋਲਵਾ ਤੋਂ ਗੰਗਾ.*ਗੁਰਦੇਵ ਫਾਊਂਡੇਸ਼ਨ, 2013.

ਰਾਜਿੰਦਰ ਪਾਲ ਸਿੰਘ (ਡਾ.).*ਉਤਰ-ਆਧੁਨਿਕਤਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,2002.

ਰਾਣਾ, ਹਰਪਿੰਦਰ. *ਕੀ ਜਾਣਾ ਮੈਂ ਕੌਣ.* ਡਰੀਮਜ਼ ਪਬਲੀਕੇਸ਼ਨਜ਼, 2019.

ਰਾਣਾ, ਜਸਵੀਰ.ਸੰਪਾਦਕ.*ਕਿੰਨਰਾਂ ਦਾ ਵੀ ਦਿਲ ਹੁੰਦਾ ਹੈ,* ਕੈਲੀਵਰ ਪਬਲੀਕੇਸ਼ਨਜ਼, 2016.

ਰਾਮ ਜੇਠਮਲਾਨੀ. *ਰਾਸ਼ਟਰਵਾਦ ਤੇ ਰਾਜਨੀਤੀ.* ਚੇਤਨਾ ਪ੍ਰਕਾਸ਼ਨ, 2014.

ਰਿਖੀ, ਰਾਮ ਸਰੂਪ.*ਮੈਂ ਸ਼ਿਖੰਡੀ ਨਹੀਂ.* ਲੋਕਗੀਤ ਪ੍ਰਕਾਸ਼ਨ, 2010.

ਵਿਨੋਦ, ਟੀ. ਆਰ. (ਡਾ.). *ਆਉ ਨਾਵਲ ਪੜ੍ਹੀਏ* .ਚੇਤਨਾ ਪ੍ਰਕਾਸ਼ਨ, 1999

---*ਸੰਸਕ੍ਰਿਤੀ ਪੰਜਾਬੀ ਸੰਸਕ੍ਰਿਤੀ.* ਲੋਕ ਗੀਤ ਪ੍ਰਕਾਸ਼ਨ, 1990.

---*ਪੰਜ ਨਾਵਲ ਇਕ ਮੁਲਾਂਕਣ.* ਰਵੀ ਸਾਹਿਤ ਪ੍ਰਕਾਸ਼ਨ, 1982.

ਵੇਦੀ, ਸੋਹਿੰਦਰ ਸਿੰਘ ਵਣਜਾਰਾ.*ਪੰਜਾਬ ਦੀ ਲੋਕਧਾਰਾ.* ਨੈਸ਼ਨਲ ਬੁੱਕ ਟਰੱਸਟ, 1973.

ਹਿੰਦੀ ਪੁਸਤਕਾਂ

अहमद, एम, फीरोज़ (डा.).थर्ड जेंडर:कथा आलोचना (वाडःमय) पत्रिका. जुलाई- दिसम्बर 2017.

आरिफ महात, एस.वाय.होनगेकर(सं0). 21वीं शती का हिन्दी साहित्य नव वमर्श.ए.बी. एस. पब्लिकेशन ,2018.

वजेन्द्र प्रताप संह और र व कुमार गौंड(डा.).भारतीय साहित्य एवम समाज में तृतीय लंगी वमर्श. अमन प्रकाशन ,2016.

वैष्णव पी.वी.थर्ड जेंडर वमर्श. अनुसंधान पब्लिशर्ज़ एण्ड डस्ट्रीब्यूटर्स, 2018.

त्रिपाठी,लक्ष्मी नारायण. मैं हिजडा मैं लक्ष्मी. वाणी प्रकाशन, 2015.

अकरम हुसैन और मनीष कुमार गुप्ता(सं0).थर्ड जेंडर : कथा की हकीकत.अनुसंधान पब्लिशर्ज़ एण्ड डस्ट्रीब्यूटर्स ,2018.

इकरार अहमद (डा.)(सं). कन्नर वमर्श साहित्य के आइने में. वाडःमय बुक्स, 2017.

खान, सं॰ एम॰ फीरोज़.हम भी इन्सान है.वाडःमय बुक्स, 2018.

खान, एम· फरोज़ (डा.)(सं).थर्ड जेंडर और साहित्य. वकास प्रकाशन, 2018.

चत्रा मुदगल- नाला सोपारा। सामयिक प्रकाशन, 2017.

दीपांकर, आशीष कुमार. भारतीय समाज में कन्नरों का यथार्थ.अनुसंधान पब्लिशर्ज़ एण्ड डस्ट्रीब्यूटर्स, 2018.

बारू मदन नाईक (अनुवाद-सुनीता परांजपे) मैं क्यों नहीं? राजकमल, 2018.

महेन्द्र भीष्म. कन्नर कथा. सामयिक प्रकाशन, 2011.

मानोबी बंद्योपाध्याय .पुरुष तन में फंसा मेरा स्त्री मन .राजपाल,2018.

वाङःमय खण्ड दोःअनुदित कहानिया हिजड़ों पर केन्द्रित अंक, अप्रैल -जून -2017 सं॰ एम॰ फीरोज़

वजेन्द्र प्रताप संह और र व कुमार गौंड (डा.)(सं). कथा और कन्नर. अमन प्रकाशन, 2018.

वजेन्द्र प्रताप संह(डा.). हिन्दी उपन्यासों के आइने में थर्ड जेंडर.अमन प्रकाशन,2017.

एम.फीरोज़ खान(डा.)सं0.थर्ड जेंडर:हिन्दी कहानियाँ.अनुसंधान पब्लिशर्ज़ एण्ड डस्ट्रीब्यूटर्स ,2018.

शगुफ्ता नियाज़ (डा.)(सं).थर्ड जेंडर के संघर्ष का यथार्थ ( चत्रा मुदगल कृत नाला सोपारा के संदर्भ में). वकास प्रकाशन, 2018.

सं0 रम णका गुप्ता.द लत चेतना :सोच.नवलेखन प्रकाशन,1998.

**English books**

Swingewood, Alan.*The Novel and Revolution.*The Macmillan Press Ltd., 1975.

Hutton, J.H.*Cast in India.*Oxford University, 1969.

A.Revathi.*Truth  About Me:The Hijra Life Story.*Penguin Books, 2010.

Gayatri Reddy.*With Respect to Sex: Negotiating Hijra Identy In South India.*Yoda Press, 2008.

K.S.Sharma, *Hijra: The Laballed Deviants.*Gian publishing, 1989.

Tripathi, Laxminarayan. *Me Hijra Me Laxmi,* Oxford University Press, 2015.

Vidya, *I am Vidya:A Transgender's Journey.*Rupa Publication India,2013

## ਖੋਜ-ਪੱਤ੍ਰਿਕਾਵਾਂ ਅਤੇ ਅਖ਼ਬਾਰ


ਨੂਰ, ਸਤਿੰਦਰ ਸਿੰਘ. ਸਮਦਰਸ਼ੀ. ਨਵਾਂ ਪੰਜਾਬੀ ਨਾਵਲ ਵਿਸ਼ੇਸ਼ –ਅੰਕ (85) ਅਪ੍ਰੈਲ-ਮਈ, 2005.

ਦੁਸਾਂਝ, ਸੁਸੀਲ.*ਹੁਣ.* ਅੰਕ-15, ਮਈ-ਅਗਸਤ-ਸਤੰਬਰ, 2007.

ਦੁਸਾਂਝ, ਸੁਸੀਲ.*ਹੁਣ.* ਅੰਕ-44, ਜਨਵਰੀ-ਅਪ੍ਰੈਲ, 2020.

ਜਿੰਦਰ. *ਸ਼ਬਦ (ਕਿੰਨਰ ਵਿਸ਼ੇਸ਼ ਅੰਕ),* ਜੁਲਾਈ-ਸਤੰਬਰ, 2017.

ਪੰਜਾਬੀ ਜਾਗਰਣ. ਜਲੰਧਰ, 4 ਅਗਸਤ 2016

ਰੋਜ਼ਾਨਾ ਅਜੀਤ. 16 ਜੁਲਾਈ 2018

ਪੰਜਾਬੀ ਟ੍ਰਿਬਿਊਨ.21 ਜੂਨ, 2015

ਪੰਜਾਬੀ ਟ੍ਰਿਬਿਊਨ 2.ਜਨਵਰੀ2019,10

ਪੰਜਾਬੀ ਟ੍ਰਿਬਿਊਨ. 10 ਸਤੰਬਰ 2018

ਪੰਜਾਬੀ ਟ੍ਰਿਬਿਊਨ 21 ਮਾਰਚ , 2019.

ਪੰਜਾਬੀ ਟ੍ਰਿਬਿਊਨ 6 ਜਨਵਰੀ 2019

ਪੰਜਾਬੀ ਟ੍ਰਿਬਿਊਨ 29 ਦਸੰਬਰ 2018

ਰੋਜ਼ਾਨਾ ਪੰਜਾਬੀ ਟ੍ਰਿਬਿਊਨ 19 ਫਰਵਰੀ 2018

ਪੰਜਾਬੀ ਜਾਗਰਣ28 ਨਵੰਬਰ 2018

ਹਿੰਦੀ ਭਾਸਕਰ 7 ਸੰਤਬਰ 2018

ਪੰਜਾਬੀ ਜਾਗਰਣ 11 ਸਤੰਬਰ 2018

ਪੰਜਾਬੀ ਜਾਗਰਣ 3 ਜਨਵਰੀ 2019

ਪੰਜਾਬੀ ਜਾਗਰਣ 26 ਸਤੰਬਰ 2018

## ਖੋਜ-ਪ੍ਰਬੰਧ


ਬਿੱਕਰਜੀਤ ਸਿੰਘ.ਪੰਜਾਬੀ ਨਾਵਲ ਵਿਚ ਹਾਸ਼ੀਆਗਤ ਸ਼੍ਰੇਣੀਆਂ ਦਾ ਬਿਰਤਾਂਤਕ ਅਧਿਐਨ, 2018.ਗੁਰੂ ਕਾਸ਼ੀ ਯੂਨੀਵਰਸਿਟੀ, ਪੀਐਚ.ਡੀ.ਖੋਜ-ਪ੍ਰਬੰਧ.

ਵੀਰਪਾਲ ਕੌਰ.ਪੰਜਾਬੀ ਨਾਵਲ ਵਿਚ ਮਲਵਈ ਸੱਭਿਆਚਾਰ:ਤੁਲਾਨਾਤਮਕ ਪਰਿਪੇਖ.2008.ਕੁਰੂਕਸ਼ੇਤਰਾ ਯੂਨੀਵਰਸਿਟੀ. ਪੀਐਚ.ਡੀ. ਖੋਜ-ਪ੍ਰਬੰਧ.


### ਸੰਦਰਭ ਕੋਸ਼


ਗਿੱਲ, ਰਛਪਾਲ ਸਿੰਘ, ਪੰਜਾਬੀ ਵਿਸ਼ਵ ਕੋਸ਼ (ਜਿਲਦ ਦੂਜੀ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

ਨਾਭਾ, ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਨੈਸ਼ਨਲ ਬੁੱਕ ਸ਼ਾਪ, ਪੰਜਵੀ ਵਾਰ, 1997.

ਪ੍ਰੀਤਮ ਸਿੰਘ (ਡਾ.), ਪੰਜਾਬੀ ਲੇਖਕ ਕੋਸ਼, ਯੂਨੀਸਟਾਰ ਬੁੱਕਸ, 2003.

**ਨਿੱਜੀ ਵੇਰਵਾ**

| | | |
|---|---|---|
| ਨਾਮ | | |
| ਉਮਰ | | |
| ਜਨਮ ਸਥਾਨ | | |
| ਰਿਹਾਇਸ਼  ਦਾ ਪਤਾ(ਆਪਣਾ ਜਾਂ ਕਿਰਾਏ ਤੇ) | | |
| ਕਿੱਤਾ | | |
| ਸਲਾਨਾ ਆਮਦਨ | | |
| ਪਰਿਵਾਰਕ ਪਿਛੋਕੜ<br>ਕੁੱਲ ਮੈਂਬਰ/ਭੈਣ-ਭਰਾ | | |
| ਕਿੰਨੀ ਉਮਰ ਵਿਚ ਪਰਿਵਾਰ ਤੋਂ ਵੱਖ ਹੋਏ। | | |

## ਕਿੰਨਰ ਸਮਾਜ ਦਾ ਸਭਿਆਚਾਰਕ ਪੱਖ

| ਲੜੀ ਨੰ | ਪ੍ਰਸ਼ਨ | ਹਾਂ | ਨਹੀਂ | ਸੁਝਾਅ |
|---|---|---|---|---|
| 1 | ਕੀ ਨਵੇਂ ਕਿੰਨਰ ਨੂੰ ਆਪਣੇ ਸਮਾਜ ਵਿਚ ਸ਼ਾਮਿਲ ਕਰਨ ਤੇ ਵਿਸ਼ੇਸ ਰਵਾਇਤਾਂ ਨਿਭਾਈਆਂ ਜਾਂਦੀਆਂ ਹਨ ? | | | |
| 2 | ਵਿਸ਼ੇਸ ਤਰ੍ਹਾਂ ਦਾ ਹਾਰ ਸ਼ਿੰਗਾਰ ਕਰ ਕੇ ਤੁਹਾਨੂੰ ਕੋਈ ਵੱਖਰੀ ਮਾਨਸਿਕ ਸੰਤੁਸ਼ਟੀ ਮਿਲਦੀ ਹੈ ? | | | |
| 3 | ਕੀ ਤੁਹਾਡੀ ਆਪਸ ਵਿਚ ਗੱਲਾਂ ਕਰਦਿਆਂ ਵੱਖਰੀ ਬੋਲੀ ਵੀ ਹੈ ? | | | |
| 4 | ਕੀ ਤੁਹਾਨੂੰ ਇਹ ਵਰਦਾਨ ਮਿਲਿਆ ਹੈ ਕਿ ਤੁਹਾਡੀਆਂ ਦੁਆਵਾਂ ਜਲਦੀ ਪੂਰੀਆਂ ਹੋ ਜਾਂਦੀਆਂ ਹਨ ? | | | |
| 5 | ਕੀ ਤੁਹਾਨੂੰ ਤਾਲੀ ਵਜਾਉਣ ਦੀ ਵਿਸ਼ੇਸ ਸਿਖਲਾਈ ਦਿੱਤੀ ਜਾਂਦੀ ਹੈ ? | | | |
| 6 | ਕੀ ਆਪਣੀ ਕਮਾਈ ਦਾ ਹਿੱਸਾ ਗੁਰੂ ਨੂੰ ਦੇਣਾ ਪੈਂਦਾ ਹੈ ? | | | |

# ਕਿੰਨਰ ਸਮਾਜ ਦੇ ਸਮਾਜਿਕ ਸਰੋਕਾਰ

| ਲੜੀ ਨੰ | ਪ੍ਰਸ਼ਨ | ਹਾਂ | ਨਹੀਂ | ਸੁਝਾਅ |
|---|---|---|---|---|
| 1 | ਕੀ ਤੁਸੀ ਕਿੰਨਰ ਸਮਾਜ ਵਿਚ ਖੁਸ਼ ਹੋ ? | | | |
| 2 | ਕੀ ਸਮਾਜ ਦੇ ਦੂਜੇ ਲੋਕਾਂ ਨੂੰ ਦੇਖ ਕੇ ਹੀਣ ਭਾਵਨਾ ਮਹਿਸੂਸ ਹੁੰਦੀ ਹੈ ? | | | |
| 3 | ਪਰਿਵਾਰ ਵੱਲੋਂ ਤਹਾਨੂੰ ਅਲੱਗ ਕਰਨਾ ਉਨ੍ਹਾਂ ਦੀ ਕੋਈ ਮਜਬੂਰੀ ਹੈ ? | | | |
| 4 | ਕੀ ਤੁਸੀ ਆਪਣੇ ਪਰਿਵਾਰ ਵਿਚ ਰਹਿ ਕੇ ਜ਼ਿੰਦਗੀ ਬਿਤਾਉਣਾ ਚਾਹੁੰਦੇ ਹੋ ? | | | |
| 5 | ਕੀ ਤੁਹਾਡੇ ਅਨੁਸਾਰ ਕਿੰਨਰ ਬੱਚੇ ਨੂੰ ਜਬਰਦਸਤੀ ਚੁੱਕਣਾ ਨੈਤਿਕ ਹੈ ? | | | |
| 6 | ਕੀ ਤਹਾਨੂੰ ਆਪਣੇ ਪਰਿਵਾਰ ਪ੍ਰਤੀ ਕੋਈ ਗੁੱਸਾ ਜਾਂ ਸ਼ਿਕਾਇਤ ਹੈ ? | | | |
| 7 | ਕੀ ਤੁਸੀ ਪਰਿਵਾਰ ਛੱਡਣ ਤੋਂ ਬਾਅਦ ਪਰਿਵਾਰ ਨਾਲ ਮੇਲ-ਮਿਲਾਪ ਰੱਖਦੇ ਹੋ ? | | | |
| 8 | ਕੀ ਤੁਸੀ ਆਪਣੇ ਪਰਿਵਾਰ ਦੀ ਆਰਥਿਕ ਰੂਪ ਵਿਚ ਮੱਦਦ ਕਰਦੇ ਹੋ ? | | | |
| 9 | ਕੀ ਬਿਮਾਰੀ ਜਾਂ ਹੋਰ ਦੁੱਖ-ਸੁੱਖ ਦੀ ਹਾਲਤ ਵਿਚ ਤੁਹਾਡੇ ਪਰਿਵਾਰ ਦੇ ਮੈਂਬਰ ਤੁਹਾਡੇ ਦੁੱਖ-ਸੁੱਖ ਵਿਚ ਸ਼ਾਮਿਲ ਹੁੰਦੇ ਹਨ ? | | | |
| 10 | ਕੀ ਤੁਹਾਡੇ ਪਰਿਵਾਰ ਦੇ ਰਿਸ਼ਤੇਦਾਰ ਤੁਹਾਡੇ ਨਾਲ ਚੰਗਾ ਵਿਵਹਾਰ ਕਰਦੇ ਹਨ ? | | | |
| 11 | ਕੀ ਤੁਸੀ ਆਪਣੇ ਭੈਣ-ਭਰਾਵਾਂ ਦੀਆਂ ਸ਼ਾਦੀਆਂ ਵਿਚ ਸ਼ਾਮਿਲ ਹੁੰਦੇ ਹੋ ? | | | |
| 12 | ਕੀ ਸਮਾਜ ਨਾਲ ਤੁਹਾਡਾ ਰਿਸ਼ਤਾ ਵਧਾਈ ਲੈਣ ਤੱਕ ਹੀ ਸੀਮਿਤ ਹੈ ? | | | |
| 13 | ਕੀ ਤੁਸੀਂ ਨਿੱਜੀ ਪੂੰਜੀ ਦੇ ਰੂਪ ਵਿਚ ਆਪਣੇ ਬੁਢਾਪੇ ਲਈ ਕੁਝ ਧਨ ਜੋੜਦੇ ਹੋ ? | | | |
| 14 | ਕੀ ਤੁਸੀਂ ਮਰਨ ਉਪਰੰਤ ਕਿੰਨਰ ਦੇ ਪਰਿਵਾਰ ਨੂੰ ਬੁਲਾਉਂਦੇ ਹੋ ? | | | |

## ਕਿੰਨਰ ਸਮਾਜ ਦੇ ਰਾਜਨੀਤਿਕ ਸਰੋਕਾਰ

| ਲੜੀਂ ਨੰ. | ਪ੍ਰਸਨ | ਹਾਂ | ਨਹੀਂ | ਸੁਝਾਅ |
|---|---|---|---|---|
| 1 | ਕੀ ਤੁਸੀ ਆਪਣੀ ਸੰਖਿਆ ਮੁਤਾਬਕ ਰਾਜਨੀਤੀ ਵਿਚ ਹਿੱਸਾ ਲੈਣਾ ਚਾਹੁੰਦੇ ਹੋ ? | | | |
| 2 | ਮਾਣਯੋਗ ਸੁਪਰੀਮ ਕੋਰਟ ਨੇ ਕਿੰਨਰ ਸਮਾਜ ਨੂੰ ਤੀਸਰੇ ਲਿੰਗ ਵਜੋਂ ਮਾਨਤਾ ਦੇ ਕੇ ਤੁਹਾਡੇ ਹਿੱਸੇ ਦੇ ਮਨੁੱਖੀ ਅਧਿਕਾਰ ਸਰੁੱਖਿਅਤ ਕੀਤੇ ਹਨ ਕੀ ਤੁਹਾਨੂੰ ਇਸ ਬਾਰੇ ਗਿਆਨ ਹੈ ? | | | |
| 3 | ਕੀ ਤੁਹਾਡੀ ਵੋਟ ਬਣੀ ਹੋਈ ਹੈ ? | | | |
| 4 | ਕੀ ਤੁਸੀ ਚਾਹੁੰਦੇ ਹੋ ਕਿ ਸਰਕਾਰ ਤੁਹਾਡੀ ਭਲਾਈ ਲਈ ਕੋਈ ਸਕੀਮਾਂ ਲੈ ਕੇ ਆਵੇ ? | | | |
| 5 | **ਕੀ ਤੁਹਾਡੇ ਸਮਾਜ ਵਿਚ ਇਲਾਕਿਆਂ ਦੀ ਵੰਡ ਕੀਤੀ ਜਾਂਦੀ ਹੈ** ? | | | |
| 6 | **ਕੀ ਇਹ ਠੀਕ ਹੈ ਕਿ ਕਿੰਨਰ ਸਮਾਜ ਦਾ ਆਪਸੀ ਝਗੜਾ ਹੋ ਜਾਂਦਾ ਹੈ ਤਾਂ ਅੰਤਿਮ ਫੈਸਲਾ ਗੁਰੂ ਕਰਦਾ ਹੈ** ? | | | |

ਕਿੰਨਰ ਸਮਾਜ ਦੇ ਧਾਰਮਿਕ ਅਕੀਦੇ

| ਲੜੀ ਨੰ. | ਪ੍ਰਸ਼ਨ | ਹਾਂ | ਨਹੀਂ | ਸੁਝਾਅ |
|---|---|---|---|---|
| 1 | ਕੀ ਕਿੰਨਰ ਸਮਾਜ ਦਾ ਕੋਈ ਵਿਸ਼ੇਸ ਧਰਮ ਹੈ ? | | | |
| 2 | ਕੀ ਕਿੰਨਰ ਸਮਾਜ ਵਿਚ ਗੁਰੂ ਚੇਲੇ ਦੀ ਪਰੰਪਰਾ ਧਰਮ ਤੇ ਅਧਾਰਿਤ ਹੈ ? | | | |
| 3 | ਕੀ ਇਹ ਸੱਚ ਹੈ ਕਿ ਕਿੰਨਰ ਦੇ ਮਰ ਜਾਣ ਤੇ ਅੰਤਿਮ ਸੰਸਕਾਰ ਰਾਤ ਵੇਲੇ ਹੀ ਹੁੰਦਾ ਹੈ ? | | | |
| 4 | ਕੀ ਇਹ ਵੀ ਸੱਚ ਹੈ ਕਿ ਕਿੰਨਰ ਦੇ ਮਰ ਜਾਣ ਤੇ ਉਸਦੀ ਅੰਤਿਮ ਵਿਦਾਈ ਜੁੱਤੇ ਮਾਰਨ ਦੀ ਰਸਮ ਨਾਲ ਕੀਤੀ ਜਾਂਦੀ ਹੈ ? | | | |
| 5 | ਮੁਰਦੇ ਨੂੰ ਦਫਨਾਉਂਦੇ ਹੋ ਜਾਂ ਅਗਨੀ ਦਿੰਦੇ ਹੋ । | | | |
| 6 | ਕੀ ਤੁਹਾਡਾ ਗੁਰੂ ਤੁਹਾਡੇ ਨਾਲ ਕੋਈ ਵਧੀਕੀ ਵੀ ਕਰਦਾ ਹੈ ? | | | |
| 7 | ਕੀ ਕਿੰਨਰ ਸਮਾਜ ਵਿਚ ਸ਼ਾਮਲ ਹੋਣ ਤੇ ਤੁਹਾਡਾ ਧਰਮ ਤਬਦੀਲ ਹੁੰਦਾ ਹੈ? | | | |